ਤੱਤਸਾਰ ਗ੍ਰੰਥ

ਸ੍ਰੀ ਬੀਰ ਮ੍ਰਿਗੇਸ਼ ਗੁਰ ਬਿਲਾਸ ਦੇ ਆਧਾਰ ਤੇ

ਅਰਥਾਤ-ਪੰਚ ਪ੍ਰਵਾਨ ਰਾਜ ਰਿਸ਼ੀ-ਸੰਤ ਸਿਪਾਹੀ ਖਾਲਸਾ ਜੀ ਦੇ ਸਮਾਜਕ, ਧਾਰਮਿਕ ਅਤੇ ਰਾਜਨੀਤਕ ਸਮਾਚਾਰ

੧੯੮੭

ਲੇਖਕ ਤੇ ਪ੍ਰਕਾਸ਼ਕ

ਗਿਆਨੀ ਈਸ਼ਰ ਸਿੰਘ ਨਾਰਾ

੧੧/੩੨੮੭, ਦਿੱਲੀ ਗੇਟ, ਬਾਜ਼ਾਰ
ਨਵੀਂ ਦਿੱਲੀ-੧੧੦੦੦੨

ਪਹਿਲੀ ਵੇਰ

ਭੈਟਾ ੬੦-੦੦

Scanned with CamScanner

ਸਾਰੇ ਹੱਕ ਰਾਖਵੇਂ ਹਨ

ਅਰੰਭਕ ਜਾਣਕਾਰੀ ਕਿ ਢੰਡੋਰਾ

ਇਸ ਤਤਸਾਰ ਗ੍ਰੰਥ ਵਿਚ ਜਿਨ੍ਹਾਂ ਪੰਚ ਪਰਵਾਨ ਖਾਲਸਾ ਜੀ ਦੇ ਅਣ-ਗੌਲੇ ਸਮਾਚਾਰ ਹਨ–ਉਨ੍ਹਾਂ ਦੇ ਸ਼ੁਭ ਨਾਮ

ਅਰਥਾਤ : ੧) ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ ਵਾਲੇ

੨) ਸੰਤ ਬਾਬਾ ਭਾਗ ਸਿੰਘ ਕੁਰੀ (ਜ਼ਿਲਾ ਰਾਵਲਪਿੰਡੀ ਵਾਲੇ)

੩) ਸੰਤ ਬਾਬਾ ਬੀਰ ਸਿੰਘ ਨੂਰੰਗਾਬਾਦੀ ਤਰਨ ਤਾਰਨ ਨੇੜੇ ਦੇ

੪) ਸ੍ਰੀ ਸੰਤ ਖੁਦਾ ਸਿੰਘ ਜੀ ਅਤੇ

੫) ਸੰਤ ਭਾਈ ਮਹਾਰਾਜ ਸਿੰਘ ਜੀ ਦੇ ਇਤਿਹਾਸਕ ਸਮਾਚਾਰ

ਭਾਵ : ਸਿੱਖ ਰਾਜ ਦੇ ਖਾਤਮੇ ਤੀਕ ਦੇ ਸਮਾਜਕ-ਧਾਰਮਕ–ਰਾਜਨੀਤਕ ਸਮਾਚਾਰ ਅਤੇ ਡੋਗਰਾ ਗੱਤੀ ਦੀਆਂ ਭੜਕਾਈਆਂ ਸਿੱਖ ਫੋਜਾਂ ਵਲੋਂ ਸਿੱਖ ਸੰਤ ਬਾਬਿਆਂ, ਸਿਖ ਸੰਤ ਸਿਪਾਹੀਆਂ ਤੇ ਨਿਹੱਥੇ ਸਿੱਖ ਸਰਦਾਰਾ ਉਤੇ ਵਰਤਾਏ ਜ਼ੁਲਮੀ ਕਹਿਰਾਂ ਦਾ ਸ਼ਿਕਾਰ ਹੋਏ ਜਾਂ ਭੀਜੇ ਘਲੂਘਾਰੇ ਦੇ ਅਣਗੌਲੇ ਤੇ ਲਗਭਗ ੧੫੦ ਸਾਲ ਤੋਂ ਉਹਲੇ ਪਏ ਦਿਲ ਕੰਬਾਊ ਤੇ ਅੱਖੀ ਡਿਠੇ ਸ਼ਹੀਦੀ ਸਮਾਚਾਰ ਵਿਸਥਾਰ ਨਾਲ ਇਸ ਤਤਸਾਰ ਗ੍ਰੰਥ ਵਿਚ ਪੜ੍ਹੀਏ।

GURMAT PRINTING PRESS
2337, Sangtarashan Chowk,
Pahar Ganj, NEW DELHI-110055.
Tel. : 527174

(ਲੇਖਕ)

ਇਕ ਪ੍ਰਸ਼ਨ ਤੇ ਉਸ ਦਾ ਉਤਰ

ਇਥੇ ਇਕ ਪ੍ਰਸ਼ਨ ਹੋ ਸਕਦਾ ਹੈ ਕਿ ਇਤਨਾ ਜਰੂਰੀ ਤੇ ਅਦੁੱਤੀ ਇਤਿਹਾਸਕ ਗ੍ਰੰਥ "ਬੀਰ ਮ੍ਰਿਗੇਸ਼ ਗੁਰ ਬਿਲਾਸ" ਜੋ ਲਗਭਗ ੧੪੦ ਸਾਲ ਪਹਿਲੇ ਵੈ ਪੰਥਕ ਸਮਾਚਾਰਾਂ ਦਾ ਸੰਗ੍ਰਹਿ ਹੈ, ਅਜ ਤੀਕ (ਬੀਤ ਰਹੀ ਵੀਹਵੀਂ ਸਦੀ ਦੇ) ਲੇਖਕਾਂ ਅਤੇ ਪੁਰਚਾਕਾਂ ਵਿਦਵਾਨਾਂ ਤੋਂ ਕਿਉਂ ਉਹਲੇ ਰਿਹਾ ? ਜਦੋਂ ਕਿ ਸਾਧਾਰਨ ਗੁਰਸਿੱਖਾਂ ਦੀਆਂ ਸਾਖੀਆਂ ਨੂੰ ਅਖਬਾਰਾਂ ਤੇ ਟਟੈਕਟਾਂ ਰਾਹੀਂ ਪ੍ਰਚਾਰਨ ਵਿਚ ਵਖਰਸਮਝਦੇ ਹਾਂ, ਤਾਂ ਐਸੀਆਂ ਮਹਾਨ ਹਸਤੀਆਂ ਨੂੰ ਕਿਉਂ ਨਾ ਇਤਨਾ ਪ੍ਰਚਾਰਿਆ ਤੇ ਸਤਿਕਾਰਿਆ ਗਿਆ ? ਕੀ ਕਾਰਨ ?

ਉਤਰ ਇਹ ਹੈ ਕਿ–ਕਿ ਉਕਤ ਮਹਾਨ ਹਸਤੀਆਂ (ਸਿੱਖ ਰਾਜ ਸਮੇਂ ਦੀਆਂ) ਜੋ ੧੦੦ ਸਾਲ ਤੋਂ ਚਲੀ ਸਿੰਘ ਸਭਾ ਲਹਿਰ ਤੋਂ ਪਹਿਲੇ ਹੋ ਬੀਤੀਆਂ ਹਨ, ਉਸ ਸਮੇਂ ਦੇ ਲੋਕੀਂ ਅਪਨੇ ਅੰਮ੍ਰਿਤ ਦਾਤੇ ਅਤੇ ਨਾਮ ਮੰਤਰ ਦਾਤੇ ਗੁਰੂ ਅੰਸਾ ਦੇ ਬਾਬਿਆਂ ਅਤੇ ਸਾਧੂ ਸੰਤਾਂ ਗੁਰਮੁਖਾਂ ਉਤੇ ਪੂਰੀ ਸ਼ਰਧਾ ਭਾਵਨਾ ਰਖਦੇ ਤੇ ਉਹਨਾਂ ਨੂੰ ਸਤਿਕਾਰ ਵਜੋਂ "ਗੁਰੂ ਸ਼ਬਦ" ਦੇ ਵਿਸ਼ੇਸ਼ਣ ਨਾਲ ਬੁਲਾਉਦੇ ਸਨ। ਜੈਸਾ ਕਿ 'ਬੀਰ ਮ੍ਰਿਗੇਸ਼ ਗੁਰੂ ਬਿਲਾਸ' ਵਿਚ–ਬਾਬਾ ਸਾਹਿਬ ਸਿੰਘ ਬੇਦੀ ਜੀ ਨੂੰ–ਗੁਰੂ ਬਾਬਾ ਸਾਹਿਬ ਸਿੰਘ ਜੀ ਅਤੇ ਸੰਤ ਬਾਬਾ ਬੀਰ ਸਿੰਘ ਜੀ ਨੂੰ–ਗੁਰੂ ਬੀਰ ਸਿੰਘ ਜੀ ਵਿਸ਼ੇਸ਼ਣ ਨਾਲ ਹੀ ਬਹੁਤ ਯਾਦ ਕੀਤਾ ਤੇ ਸਤਿਕਾਰ ਵਜੋਂ ਲਿਖਿਆ ਪਿਆ ਹੈ, ਪਰ ਇਹ ਗੁਰੂ ਸ਼ਬਦ ਦਾ ਵਿਸ਼ੇਸ਼ਣ ਜੋ ਇਨ੍ਹਾਂ ਦੇ ਨਾਮ ਨਾਲ ਸਬੰਧਤ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਰਾਬਰੀ ਦਾ ਲਖਾਇਕ ਨਹੀਂ ਸੀ ਸਗੋਂ ਗੁਰੂ ਵਾਕਾਂ ਅਨੁਸਾਰ ਉਹਨਾਂ ਵਿਅਕਤੀਆਂ ਦੇ ਆਦਰ ਵਜੋਂ ਸੀ। ਜੈਸਾ ਕਿ–

ਗੁਰੂ ਸਿੱਖ ਸਿੱਖ ਗੁਰੂ ਹੈ ਏਕੋ ਗੁਰ ਉਪਦੇਸ਼ ਚਲਾਏ (੪੪੪)

ਫਿਰ– ਜਿ ਸਤਿਗੁਰੂ ਸੇਵੇ ਆਪਣਾ ਤਿਸ ਨੂੰ ਪੂਜੇ ਸਭ ਕੋਇ (੫੧੧)

ਫੇਰ–ਜਨ ਨਾਨਕ ਪੂਜ ਮੰਗੈ ਤਿਸ ਗੁਰਸਿਖ ਕੀ ਜੋ ਆਪ ਜਪੈਅਵਰਾ ਨਾਮ ਜਪਾਵੈ।

ਇਸ ਉਕਤ ਭਾਵਨਾਂ ਨਾਲ ਉਹਨਾਂ ਦੇ ਸ਼ਰਧਾਲੂ ਲੋਕੀ–ਉਹਨਾਂ ਨੂੰ ਗੁਰੂ ਰੂਪ ਮੰਨਦੇ ਅਤੇ ਸਤਿਕਾਰਦੇ ਹੁੰਦੇ ਸਨ। ਪਰ ਸਿੰਘ ਸਭਾ ਲਹਿਰ ਦੇ ਬਾਨੀਆਂ ਨੇ ਜਿਥੇ ਕੁਰਮਤ ਪ੍ਰਚਾਰਨ ਵਿਚ ਹੋਰ ਕਈ ਸੁਨਿਹਰੀ ਯਤਨ ਕੀਤੇ ਹਨ ਉਥੇ ਉਕਤ ਬਾਬਿਆਂ ਦੇ ਨਾਮ ਨਾਲ ਜੁੜਿਆ 'ਗੁਰੂ' ਸ਼ਬਦ ਦਾ ਵਿਸ਼ੇਸ਼ਣ ਉਹਨਾਂ ਨੂੰ ਸੁਖਾਇਆ ਨਹੀਂ, ਤੇ ਉਕਤ ਗ੍ਰੰਥ "ਬੀਰ ਮ੍ਰਿਗੇਸ਼ ਗੁਰੂ ਬਿਲਾਸ" ਨੂੰ ਪਸੰਦ ਨ ਕੀਤਾ, ਜਿਸ ਦੇ ਵਿਚ ਅੱਖੀ ਡਿੱਠੇ ਤੇ ਡਿਠਿਆਂ ਤੋਂ ਸੁਣੇ ਹਾਲ ਲਿਖੇ ਸਨ। ਜੋ ਬੇਦੀ ਬਾਬਿਆਂ ਜਾਂ ਸਰਦਾਲੂ ਸੰਤਾਂ ਪਾਸ ਹੀ ਰਿਹਾ ਤੇ ਆਮ ਸੰਗਤਾਂ ਪ੍ਰਤੀ ਪ੍ਰਚਾਰ ਨਾ ਹੋਇਆ–ਕਿ ਗੁਰੂ ਡੰਮ ਨੂੰ ਪੁਗਦਾਂਦਾ ਤੇ ਪ੍ਰਚਾਰਦਾ ਗ੍ਰੰਥ ਹੈ ਹਾਲਾਂਕਿ ਡਾਕਟਰ ਭਾਈ ਵੀਰ ਸਿੰਘ ਜੀ ਨੇ ਵੀ ਅਪਨੇ ਨਾਮ ਅੰਮ੍ਰਿਤ ਦਾਤੇ ਮਹਾਂ ਪੁਰਖ ਨੂੰ ਜੋ ਗੁਰੂ ਸ਼ਬਦ ਵਿਸ਼ੇਸ਼ਣ ਨਾਲ ਨਹੀਂ ਤਾਂ ਆਦਰ ਵਜੋਂ 'ਦਾਤਾ ਜੀ' ਵਿਸ਼ੇਸ਼ਣ ਨਾਲ ਸਤਿਕਾਰਿਆ ਅਤੇ ਲਿਖਿਆ ਹੈ ਜੋ ਅੱਤ੍ਰੈਵ ਭਾਵਨਾ ਇਕੋ ਹੈ ਸਿਰਫ ਸ਼ਬਦਾਂ ਦੀ ਅਦਲਾ ਬਦਲੀ ਕੀਤੀ ਹੈ।

Scanned with CamScanner

ਇਸ ਪੁਸਤਕ (ਤਤਸਾਰ ਗ੍ਰੰਥ) ਦੇ ਪਾਠਕਾਂ ਨੂੰ ਇਏ ਇਹ ਵੀ ਦਸਨਾ ਜਰੂਰੀ ਹੈ ਕਿ ੧੧ਵੀਂ ਪੀੜ੍ਹੀ ਗੁਰੂ ਨਾਨਕ ਅੰਸ ਬੰਸ ਦੇ ਬੋਦੀ ਬਾਬਾ ਸਾਹਿਬ ਸਿੰਘ ਜੀ ਨੂੰ ਤਾਂ ਇਹ ਗੁਰੂ ਸ਼ਬਦ ਦਾ ਵਿਸ਼ੇਸ਼ਣ, ਵਿਸ਼ਸੇ ਵਿਚ ਮਿਲਿਆ ਹੋਇਆ ਸੀ ਤੇ ਪ੍ਰਸਿਧ ਇਤਿਹਾਸਕ ਸਾਖੀ ਇਉਂ ਹੈ :

ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤ ਸਮਾਏ ਬਾਦ ੧੩ਵੀਂ ਦੇ ਸਮਾਗਮ ਵੇਲੇ ਜਿਥੇ ਹਜ਼ਾਰਾਂ ਗੁਰੂ ਨਾਨਕ ਦੇ ਸ਼ਰਧਾਲੂ ਆਏ ਸਨ ਗੁਰੂ ਅੰਗਦ ਸਾਹਿਬ ਵੀ ਆਏ, ਤੇ ਮਾਤਾ ਲੂਖਣੀ ਜੀ ਪੁਤੀ ਨਕਦੀ ਅਤੇ ਪੁਣਾਕਾ ਭੇਟ ਕੀਤਾ ਸੀ। ਨਾਲ ਸ੍ਰੀ ਬਾਬਾ ਸ੍ਰੀ ਚੰਦ ਸਾਹਿਬ ਤੇ ਲਖਮੀ ਦੰਦ ਪੁਤੀ ਵੀ ਦਸਤਾਰਾਂ ਭੇਟ ਕੀਤੀਆਂ ਸਨ,ਪਰ ਬਾਬਾ ਸ੍ਰੀ ਚੰਦ ਨੇ ਕਦੀ ਦਸਤਾਰ ਸਜਾਈ ਨਹੀਂ ਸੀ ਤਦ ਆਦਰ ਵਜੋਂ ਗੁਰੂ ਅੰਗਦ ਜੀ ਵਲੋਂ ਭੇਟਾ ਕੀਤੀ ਦਸਤਾਰ ਪਹਿਲੇ ਅਪਨੇ ਸੀਸ ਪੁਰ ਧਰੀ ਫਿਰ ਸ੍ਰੀ ਲਖਮੀ ਚੰਦ ਜੀ ਦੇ ਸੀਸ ਪੁਰ ਰਖ ਕੇ ਤੁਰਮਾਇਆ ਕਿ ਅੱਜ ਤੋ ਸ੍ਰੀ ਕਰਤਾਰ ਪੁਰ ਧਰਮਸਾਲਾ ਦੀ ਗੱਦੀ ਦੇ ਗੱਦੀਦਾਰ ਸ੍ਰੀ ਲਖਮੀ ਚੰਦ ਨੂੰ ਥਾਪਿਆ ਜਾਂਦਾ ਹੈ ਜੋ ਸਮੂਹ ਗੁਰੂ ਨਾਨਕ ਨਾਮ ਲੇਵਾ ਨੂੰ ਪ੍ਰਵਾਨ ਹੋਇਆ।

ਇਸ ਪ੍ਰਵਾਨਗੀ ਵਿਚ ਸਭ ਤੋਂ ਪਹਿਲੇ ਗੁਰੂ ਅੰਗਦ ਸਾਹਿਬ ਅਤੇ ਸਮੂਹ ਸਿੱਖ ਸੰਗਤ ਨੇ ਨਿਮਸਕਾਰਾਂ ਕੀਤੀਆਂ ਸਨ, ਤੇ ਸਬੂਤ ਵਜੋਂ ਇਹ ਜਿਕਰ ਇਕ ਬਹੁਤ ਪੁਰਾਤਨ ਲਿਖਤੀ ਗ੍ਰੰਥ ਸ੍ਰੀ ਚੰਦ ਪ੍ਰਕਾਸ਼ ਵਿਚ ਅੰਕਿਤ ਹੈ, ਫਿਰ ਸੂਰਜ ਪ੍ਰਕਾਸ਼ ਆਦਿਕ ਸਿੱਖ ਇਤਿਹਾਸਾਂ ਵਿਚ ਲਿਖਿਆ ਮਿਲਦਾ ਹੈ ਕਿ ਗੁਰੂ ਅੰਗਦ ਸਾਹਿਬ ਤੋਂ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਪ੍ਰਯੰਤ ਸਾਰੇ ਸ਼ਤਿਗੁਰਾਂ ਨੇ ਗੁਰੂ ਨਾਨਕ ਅੰਸ ਬੰਸ ਦੀ ਇਸ ਘਰੋਗੀ ਗੱਦੀ ਦਾ ਆਦਰ ਕੀਤਾ ਅਤੇ ੫੦੦) ਰੁਪੈ ਨਕਦੀ ਤੋਂ ਵਖਰੇ ਪੁਸਾਕਾ ਅਤੇ ਘੋੜਾ ਭੇਟਾ ਕਰਦੇ ਰਹੇ, ਤੇ ਇਹ ਵੀ ਸਹੀ-ਸਹੀ, ਹੈ ਕਿ ਏਂਦੀ ਬੰਸ ਦੀ ਇਸ ਘਰੋਲੂ ਤੇ ਸਤਿਕਾਰਤ ਗੱਦੀ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਦੀ ਬਰਾਬਰੀ ਨਹੀਂ ਕੀਤੀ। ਇਹ ਵੀ ਇਤਿਹਾਸਕ ਸਚ੍ਚ ਹੈ ਕਿ ਗੁਰੂ ਨਾਨਕ ਅੰਸ ਬਾਬਾ ਕਲਾਧਾਰੀ ਜੀ ਨੇ ਆਪਣੇ ਸਭ ਤੋਂ ਵੱਡੇ ਸਪੁਤ੍ਰ ਬਾਬਾ ਅਜੀਤ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਕਰ ਕਮਲਾਂ ਤੋਂ ਅੰਮ੍ਰਿਤ ਛਕਵਾਇਆ ਤੇ ਫਿਰ ਇਹਨਾਂ ਦੇ ਸਾਹਿਬਜ਼ਾਦੇ ੧੧ਵੀਂ ਪੀੜ੍ਹੀ ਦੇ ਬਾਬਾ ਸਾਹਿਬ ਸ਼ਿੰਘ ਦੇਵੀ ਜੀ ਨੇ ਸ੍ਰੀ ਤਖਤ ਕੇਸਗੜ੍ਹ ਸਾਹਿਬ (ਅਨੰਦਪੁਰ) ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜ ਪਿਆਰਿਆਂ ਤੋਂ ਖੰਡੇ ਦਾ ਅੰਮ੍ਰਿਤ ਪਾਨ ਕੀਤਾ ਤੇ ਫੇਰ ਲੱਖਾਂ ਨੂੰ ਅੰਮ੍ਰਿਤ ਛਕਾਇਆਆ ਸੀ। ਜਿਸ ਤੇ ਇਹ ਘਰਾਣਾ ਹੁਣ ਤੀਕ ਉਸੇ ਪੁਰਾਤਨ ਮਰਿਆਦਾ ਨੁਤਾਬਕ ਗੁਰਮਤ ਦਾ ਧਾਰਣੀ ਤੇ ਪ੍ਰਚਾਰਕ ਬਣਿਆ ਆ ਰਿਹਾ ਹੈ।

ਉਕਤ 'ਬੀਰ ਮ੍ਰਿਗੇਸ਼ ਗੁਰ ਬਿਲਾਸ' ਦੇ ਉਹਲੇ ਰਹਿਣ ਦਾ ਇਕ ਹੋਰ ਵੀ ਕਾਰਨ ਹੈ। ਜਿਸ ਵਿਚ ਬਾਬਾ ਬੀਰ ਸਿੰਘ ਵਲੋਂ ਬ੍ਰਹਮ ਗਿਆਨ ਅਵਸਥਾ ਵਿਚ ਉਚਾਰਨ ਕੀਤੇ ਕੁਝ ਅੈਸੇ ਸ਼ਬਦ ਵੀ ਹਨ ਜੋ ਪੜ੍ਹੇ ਨਾਲ ਸਾਧਾਰਨ ਬੁਧੀ ਦੇ ਪਾਠਕਾਂ ਨੂੰ ਸੰਸੇ ਵਿਚ ਪਾ ਸਕਦੇ ਹਨ। ਅਸਾਂ ਵਲੋਂ ਇਹਨਾ ਦਾ ਉਤਰ ਪੁਸਤਕ ਦੇ ਅਖੀਰ ਵਿਚ ਦਿਤਾ ਜਾਵੇਗਾ ਜਿਸ ਵੇਲੇ ਕਿ ਸੁਹਿਰਦ ਪਾਠਕ ਉਹਨਾਂ ਦੇ ਸੰਸੇ ਉਪਜਾਉ ਢਾਕ ਪੜ੍ਹ ਚੁਕੇ ਹੋਣਗੇ ਤੋ ਸਾਡੇ ਵਲੋਂ ਦਿਤੇ ਉਤਰ ਨੂੰ ਸਮਝਣ ਦੇ ਯੋਗ ਹੋ ਜਾਣਗੇ ਇਹੋ ਜਿਹੇ ਕਾਰਨ ਸਨ ਜਿੰਨਾਂ ਕਰਕੇ ਇਹ ਬਹੁਮੁਲਾ ਇਤਿਹਾਸਕ ਗ੍ਰੰਥ ਉਹਲੇ ਰਿਹਾ ਹੈ, ਜੋ ਅਸੀਂ ਹੁਣ ਤਤਸਾਰ ਗ੍ਰੰਥ ਰੂਪ ਵਿਚ ਸੰਖੇਪ ਲਿਖਤ ਵਿਚ ਪੰਥ ਕੀਤਾ ਪਰ ਅਸਲੀਅਤ ਨੂੰ ਉਹਲੇ ਨਹੀਂ ਰਖਿਆ ਗਿਆ।

ਲੇਖਕ :– ਗਿਆਨੀ ਈਸ਼ਰ ਸਿੰਘ ਨਾਰਾ

ਤਤਕਰਾ

	ਪੰਨਾ		ਪੰਨਾ
ਤਤਸਾਰ ਗ੍ਰੰਥ ਭੂਮਿਕਾ	੧	ਬਾਲਕ ਲੀਲਾ	੪੮
ਗੁਰ ਮਰਿਯਾਦ ਦਾ ਪਾਲਣ	੪	ਫੌਜ ਦੀ ਨੌਕਰੀ	੪੯
ਨਿਰਮਲਾ ਸੰਤ ਸੰਪ੍ਰਦਾਇ ਦਾ ਅਰੰਭਕ ਨਿਰਣਾ	੭	ਡਾਕੂਆਂ ਹੱਥੋਂ ਜਖਮੀ ਹੋਏ	੫੦
ਬਾਬਾ ਸਾਹਿਬ ਸਿੰਘ ਬੇਦੀ ਜੀ ਦਾ ਜਨਮ ਕਾਰਣ	੧੩	ਮਹਾਰਾਜਾ ਰਣਜੀਤ ਸਿੰਘ ਦੀ ਕਸ਼ਮੀਰ ਪਰ ਚੜ੍ਹਾਈ	੫੧
ਬਾਬਾ ਸਾਹਿਬ ਸਿੰਘ ਜੀ ਦੀ ਜਨਮ ਕੁੰਡਲੀ	੧੬	ਫੇਰ ਮੁਲਤਾਨ ਪਰ ਚੜ੍ਹਾਈ	੫੨
ਗਿਆਰਵਾਂ ਸਥਾਨ ਸੂਰਜ ਦਾ ਫਲਾਦੇਸ਼	੧੭	ਸਿਪਾਹੀ ਬੀਰ ਸਿੰਘ ਪਲੈਣ ਵਿਚ	੫੩
ਵਿਦਿਆ ਪ੍ਰਾਪਤੀ	੧੮	ਸੰਤ ਭਾਗ ਸਿੰਘ ਦੇ ਪਹਿਲੀ ਵੇਰ ਦਰਸਨ	੫੬
ਬਾਬਾ ਅਜੀਤ ਸਿੰਘ ਦਾ ਕਲਕਤੇ ਜਾ ਕੇ ਅੰਤਮ ਚਲਾਣਾ	੧੮	ਸ੍ਰੀ ਅੰਮ੍ਰਿਤਸਰ ਦਾ ਦਰਸ਼ਨ ਹਲਵਾਈ ਦਾ	
ਕਸ਼ਮੀਰ ਤੋਂ ਵਾਪਸ ਹੋ ਕੇ ਤਪੱਸਿਆ ਕਰਨੀ	੧੯	ਕੱਹਰ ਹਟਾਣਾ	੫੭
ਬਾਬਾ ਜੀ ਉਪ੍ਰਮਚਿੱਤ ਨਿਕਲ ਤੁਰੇ	੨੦	ਪਹਿਲੀ ਵੇਰ ਮਿਲਾਪ	੫੮
ਨਿਹੰਗ ਸਿੰਘਾਂ ਦੇ ਬੁਢੇ ਦਲ ਦਾ ਮੇਲ	੨੧	ਬਾਬਾ ਬੀਰ ਸਿੰਘ ਨੂੰ ਘਰ ਭੇਜਿਆ	੬੧
ਬਾਬਾ ਸਾਹਿਬ ਸਿੰਘ ਜੀ ਊਨਾ ਆਏ	੨੩	ਸੰਤ ਭਾਗ ਸਿੰਘ ਦਾ ਰੋਜ਼ਾਨਾ ਨਿਤਨੇਮ	੬੩
ਕੀ ਗੁਰੂ ਨਾਨਕ ਵਿਸ਼ਨੂੰ ਅਵਤਾਰ ਸਨ	੨੫	ਭਾਈ ਬੀਰ ਸਿੰਘ ਉਨੇ ਵਿਚ	੬੪
ਇਕ ਹੋਰ ਪ੍ਰਸ਼ਨ	੩੦	ਬਾਬਾ ਖੁਦਾ ਸਿੰਘ ਦਾ ਜਨਮ	੬੬
ਮਲੋਰ ਕੋਟਲੇ ਉਤੇ ਚੜ੍ਹਾਈ	੩੧	ਕੁਰੜੀ ਵਿਚ ਡਾਕੂ ਆਏ	੬੮
ਸਿਖ ਸਰਦਾਰਾਂ ਤੇ ਰਾਜਿਆਂ ਦੀ ਕਾਨਵਰੰਸ ਬੁਲਾਈ	੩੫	ਬਾਬਾ ਬੀਰ ਸਿੰਘ ਦੁਬਾਰਾ ਆਏ	੬੯
ਸ: ਰਣਜੀਤ ਸਿੰਘ ਨੂੰ ਮਹਾਂਰਾਜਗੀ ਦਾ ਵਰਦਾਨ	੩੭	ਅਧਾ ਸਿਰ ਦਰਦ ਹੋਣਾ	੭੧
ਸੰਤ ਭਾਈ ਭਾਗ ਸਿੰਘ ਦੀ ਬੈਸਾਵਲੀ	੩੮	ਗਿਆਨ ਉਪਦੇਸ਼ ਸਰਵਣ ਦੀ ਖਾਹਸ਼	੭੨
ਉਨੇ ਵਿਚ ਬਾਬਾ ਸਾਹਿਬ ਸਿੰਘ ਦੇ ਦਰਸਨ	੪੨	ਬਾਬਾ ਬੀਰ ਸਿੰਘ ਨੌਰੰਗਾਬਾਦ	੭੩
ਬ੍ਰਹਮ ਗਿਆਨੀ ਕੀ ਗਤ ਬ੍ਰਹਮ ਗਿਆਨੀ ਜਾਨੈ	੪੪	ਸ੍ਰੀ ਜਸਵੰਤ ਸਿੰਘ (ਖੁਦਾ ਸਿੰਘ) ਪਠੋਹਾਰ ਵਿਚ	੭੫
ਉਨੇ ਤੋਂ ਸੰਤ ਭਾਈ ਭਾਗ ਸਿੰਘ ਪਹਾੜ ਵਲ	੪੫	ਕਾਬਲ ਵਿਚ ਪ੍ਰਵੇਸ਼	੭੬
ਨ ਝੂਠ ਬੋਲਦੇ ਨ ਸੱਚ ਹੁੰਦਾ	੪੬	ਸ੍ਰੀ ਖੁਦਾ ਸਿੰਘ ਵਾਪਸ ਪੰਜਾਬ	੮੧
ਸੰਤ ਬੀਰ ਸਿੰਘ ਦਾ ਪਿਛੋਕੜ-ਜਨਮ ਤੇ ਜੀਵਨ ਕਥਾ ਸਮਾਚਾਰ	੪੭	ਰਾਖਸ਼ ਰੂਪ ਹੋਏ ਸਿੱਖ ਦਾ ਉਧਾਰ ਕੀਤਾ	੮੩
		ਭਾਈ ਹਰਾ ਸਿੰਘ (ਉਪ ਨਾਮ ਕਬੀਰ) ਦੀ ਪ੍ਰੀਖਿਆ	੮੩

Scanned with CamScanner

	ਪੰਨਾ
ਬ੍ਰਹਮਚਾਰੀ ਦੀ ਮੂਰਛਾ ਹਟਾਈ	੮੪
ਸਦਾ ਸੁਹਾਗਣ ਰੂਪ ਵਿਚ	੮੫
ਸੰਤ ਖੁਦਾ ਸਿੰਘ ਦੀ ਮਾਤਾ ਅਤੇ ਧਰਮ ਪਤਨੀ ਬਾਬਾ ਜੀ ਪਾਸ	੮੫
ਮਾਤਾ ਸੁਖਾ ਦੇਵੀ ਤੇ ਪਤਨੀ	੮੬
ਬਾਬਾ ਸਾਹਿਬ ਸਿੰਘ ਦੇ ਦਰਸਨ ਨੂੰ ਉਨੈ ਸਾਹਿਬ ਗਏ	੮੮
ਮੁਲਤਾਨ ਵਿਚ ਨਿਵਾਸ	੮੯
ਸੰਤ ਬੀਰ ਸਿੰਘ ਨੌਰੰਗਬਾਦੀਏ	੯੦
ਉਦਾਸੀ ਸੰਤ ਮੰਡਲੀ ਦੀ ਦੀਖਯਾ	੯੩
ਸੰਤ ਬੀਰ ਸਿੰਘ ਸੰਤ ਭਾਗ ਸ਼ਿੰਘ ਪਾਸ	੯੬
ਅਪਨੇ ਅੰਤ ਸਮੇਂ ਦਾ ਭਵਿਖਤ	੯੭
ਕੁਰੀ ਜਾ ਕੇ ਸੰਤ ਭਾਗ ਸਿੰਘ ਦੇ ਦਰਸ਼ਨ	੯੭
ਭਵਿਖਤ ਬਾਣੀ ਕੀਤੀ ਸੱਚ ਹੋਈ	੯੮
ਮਹਾਰਾਜਾ ਰਣਜੀਤ ਸਿੰਘ ਸੰਤ ਪੁਰੇ	੯੯
ਸੰਤ ਜਸਵੰਤ ਤੋਂ ਖੁਦਾ ਸਿੰਘ ਤੇ ਨਿਹਾਲ ਸਿੰਘ ਤੋਂ ਮਹਾਂਰਾਜ ਸਿੰਘ ਕਿਵੇਂ ਬਣੇ	੧੦੧
ਸੰਤ ਬਾਬਾ ਬੀਰ ਸਿੰਘ ਦੀ ਪ੍ਰਭਤਾ ਪ੍ਰਤਾਪ- ਤੇ ਸੇਵਕਾਂ ਨੂੰ ਸੇਵਾ ਦੀ ਵੰਡ	੧੦੪
ਬਾਬਾ ਬੀਰ ਸਿੰਘ ਦੇ ਹਜੂਰੀ ਸੇਵਕਾਂ ਦੇ ਨਾਮ	੧੦੬
ਭਵਿਖਤ ਬਚਨ ਸਚੇ ਹੋਏ	੧੦੬
ਬੀਰ ਮ੍ਰਿਗੇਸ਼ ਗੁੰਥ ਸਛਾ ੯੬੨ ਤੋਂ ਅੱਗੇ ਦੇ ਸਮਾਚਾਰ	੧੧੦
ਪ੍ਰਭਤਾ ਨਿਮ੍ਰਤਾ ਦੇ ਪੁੰਜ ਬਾਬਾ ਜੀ ਦੀ ਪ੍ਰੀਖਿਆ	੧੧੨
ਉਤਾਰਧੇ ਸਛਾ ੯੪੩ ਤੋਂ ਸ਼ੁਰੂ ੜ ਸਕੰਧ ਧਿਆਏ,	੧੧੨
ਸੰਤ ਠਾਕਰ ਦਿਆਲ ਸਿੰਘ ਦਰਸ਼ਨ ਨੂੰ ਆਏ	੧੧੬
ਕੁਝ ਹੋਰ ਸੰਤਾਂ ਵਲੋਂ ਪ੍ਰੀਖਿਆ	੧੧੮
ਕੁਝ ਪੁਛਾਂ ਸੰਗਤਾਂ ਵੱਲੋਂ ਪ੍ਰਸ਼ਨ	੧੧੯
ਅੰਤਵਾਦਿਕ ਸਹਾਇਤਾ ਤੇ ਇਕ ਹੋਰ ਪ੍ਰੀਖਿਆ	੧੨੦
ਦਸੌਂਧਾ ਸਿੰਘ ਨੈ ਅਪਰਾਧ ਬਖਸਵਾਇਆ	੧੨੧
ਅਕਾਲਗੜ੍ਹ ਵਸਣਾ ਤੇ ਸੰਤ ਭਾਗ ਸਿੰਘ ਦੇ ਦਰਸਨ ਨੂੰ ਕੁਰੀ ਜਾਣਾ	੧੨੩

	ਪੰਨਾ
ਬਿਸ਼ਨ ਚੌਰ (ਜ਼ਿਲਾ ਜੇਹਲ) ਤੋਂ ਅਗਲਾ ਮੁਕਾਮ	੧੨੬
ਕੁਰੀ ਦੇ ਦੀਦਾਰ ਸਿੰਘ ਨੂੰ ਕਰਨੀ ਦਾ ਫਲ	੧੨੭
ਸਰਦਾਰ ਜਵਾਹਰ ਦੇ ਪੁਤਰ ਹੋਣਾ ਤੇ ਢਾਈ ਸਾਲ ਦਾ ਹੋ ਕੈ ਮਰ ਜਾਣਾ	੧੨੯
ਇਕ ਮੁਸਲਮਾਨ ਤੋਂ ਅਪਣੀ ਸੁਖਣਾ ਮੰਗੀ	੧੩੦
ਇਕ ਮੁਸਲਮਾਨੀ ਨੂੰ ਪੁਤਰ ਦੀ ਬਖਸ਼ਸ਼	੧੩੧
ਭਾਈ ਜਵਾਲਾ ਸਿੰਘ ਰਾਗੀ	੧੩੨
ਸੁਲਤਾਨ ਪੁਰ ਬਾਬੇ ਦੀ ਬੇਰ ਤੋਂ ਮਲਸੀਹਾ ਵਿਚ ਢਾਂ ਬੁਟਰਾਂ ਦੇ ਮਹੰਤ ਦੀ ਸ਼ਰਧਾ	੧੩੫
ਭਵਿਖਤ ਵਾਕ ਉਚਾਰਨ ਕੀਤੇ	੧੪੧
ਪਿੰਡ ਮਦ੍ਹੀ ਦੀ ਮਹਾਨਤਾ	੧੪੨
ਸ੍ਰੀ ਨਨਕਾਣੇ ਸਾਹਿਬ ਦੀ ਯਾਤਰਾ	੧੪੨
ਵਿਰਕਾਂ ਕੇ ਕਾਲੋਂ ਕੇ ਗ੍ਰਾਮ ਵਿਚ	੧੪੨
ਮਹਾਰਾਜਾ ਰਣਜੀਤ ਸਿੰਘ ਆਏ	੧੪੪
ਕਰੜੇ ਭਵਿਖਤ ਬਚਨ ਉਚਾਰੇ	੧੪੫
ਬਾਬਾ ਬੀਰ ਸਿੰਘ ਦੀ ਮਹਾਨਤਾ	੧੪੭
ਬਾਬਾ ਸਾਹਿਬ ਵਲੋਂ ਘੜਿਆਲਾ ਦੀ ਬਖਸ਼ਿਸ਼	੧੪੮
ਬਾਵਿਆਂ ਦੇ ਸੰਗਤ ਪੁਰੇ ਨਿਵਾਸ	੧੪੯
ਬੜੇ ਬੂੜੇ ਡੱਲੇ ਦੀ ਫਿਰ ਛਲਾਲ ਵਾਲੇ	੧੫੦
ਚੁਹੜ ਕਾਣੇ ਵਿਚ ਜਾਣਾ	੧੫੧
ਮਲਸੀਹਾ ਵਿਚ ਨਿਵਾਸ	੧੫੨
ਸੰਤ ਭਾਗ ਸਿੰਘ ਦੇ ਪਹਿਲੀ ਵੇਰ ਦਰਸ਼ਨ ਦੀ ਵਾਰਤਾ	੧੫੨
ਬਾਬਾ ਸਾਹਿਬ ਸਿੰਘ ਬੇਦੀ ਜੀ ਦੀ ਅਨੋਖੀ ਮੰਗ	੧੫੫
ਕਰੜੀ ਪ੍ਰੀਖਿਆ ਦਾ ਅਰੰਭ	੧੫੬
ਦਮਦਮੇ ਦੀ ਸੱਦਾ ਤੇ ਪ੍ਰੀਖਿਆ	
ਸੰਤ ਬੀਰ ਸਿੰਘ ਨੂੰ ਵਰਦਾਨ ਤੇ ਮਲੇਛ ਬੁਧੀ ਖਾਲਸੇ ਨੂੰ ਸਰਾਪ	੧੫੮
ਦੀਰਘ ਦਰਸੀ ਬਾਬਾ ਸਾਹਿਬ ਦੇ ਹੋਰ ਉਚਾਰੇ ਵਿਸ਼ੇਸ਼ ਬਚਨ	੧੬੦
ਸੰਤ ਭਾਂਗ ਸਿੰਘ ਬਾਬਾ ਸਾਹਿਬ ਸਿੰਘ ਜੀ ਦੇ ਦੁਰਸ਼ਨਨੂੰ	੧੬੨

	ਪੰਨਾ
ਭਵਿਖਤ ਬਚਨ ਉਚਾਰੇ ਸਨ	੧੬੪
ਨੂਰਪੁਰੇ ਤੋਂ ਊਨੈ ਵਿਚ ਆਏ	੧੬੪
ਅਸਚਰਜ ਕੌਤਕ ਵਰਤਿਆ	੧੬੬
ਨੂਰੰਗਾਬਾਦ ਮੈਂ ਪਹਿਲੇ ਪਹਿਲ ਸੰਤ ਪੁਰੇ ਡੇਰੇ ਦੀ ਥਿਰਥਾ	੧੬੭
ਊਨੈ ਸਾਹਿਬ ਤੋਂ ਬਖਸ਼ਸ਼ ਪਾ ਕੇ ਆਏ	੧੬੮
ਮਹਾਰਾਜਾ ਰਣਜੀਤ ਸਿੰਘ ਊਨੈ ਆਏ	੧੬੯
ਤਵਾਰੀਖੀ ਸਮਾਚਾਰ	੧੭੦
ਕੁਝ ਸਿੱਖਾਂ ਨੈ ਪੁਛਿਆ	੧੭੧
ਸੰਤ ਪੁਰੇ ਵਿਚ ਬਾਬੇ ਜੀ ਦਾ ਦਮਦਮਾ	੧੭੨
ਬਾਬਾ ਸਾਹਿਬ ਸਿੰਘ ਦਾ ਚਲਾਣਾ	੧੭੪
ਕੁਝ ਸਿਖਿਆ ਅਤੇ ਅੰਤਮ ਅਸੀਸਾਂ	੧੭੫
ਕੁਝ ਹੋਰ ਪਿਛੇ ਦੇ ਸਮਾਚਾਰ	੧੭੭
ਮਰਦਾਰ ਜਵਾਹਰ ਸਿੰਘ ਦਰਸ਼ਨ ਨੂੰ ਆਏ	੧੭੮
ਸੰਤ ਭਾਗ ਸਿੰਘ ਦੀ ਬਰਸੀ ਦੇ ਸਮਚਾਰ	੧੭੯
ਗੁੰਥ ਬੀਰ ਮ੍ਰਿਗੇਸ਼ ਗੁਰ ਬਿਲਾਸ ਸਛਾ ੧੧੫੭ ਤੋਂ ਅਗੇ ਦੇ ਸ਼ੁਰੂ ਸਮਾਚਾਰ	੧੮੬

	ਪੰਨਾ
ਮਹਾਨ ਤਿਆਗ ਦੀ ਮੂਰਤ	੧੮੬
ਅਲਾਕੇ ਵਿਚ ਅੰਮ੍ਰਿਤ ਪ੍ਰਚਾਰ ਦੌਰਾ	੧੯੮
ਰਾਜਾ ਸਾਂਸੀ ਦੇ ਸਰਦਾਰਾਂ ਦੀ ਬੰਸਾਵਲੀ	੧੯੯
ਬਾਬਾ ਬੀਰ ਸਿੰਘ ਮਲਸੀਹਾ (ਜ਼ਿਲਾ ਜਲੰਧਰ ਵਿਚ) ਇਸ ਵੰਲੇ ਸਿਖ ਰਾਜ ਲਾਹੌਰ ਦਰਬਾਰ ਵਿਚ ਦਾ ਵਰਤਾਰਾ	੧੯੦
ਰਾਣੀ ਚੰਦ ਕੌਰ ਦੀ ਜੰਮੂ ਵਿਚ ਮੌਤ	੧੯੨
ਰਾਜਾ ਹੀਰਾ ਸਿੰਘ ਡੋਗਰੇ ਵਲੋਂ ਸੰਤ ਬੀਰ ਸਿੰਘ ਪਰ ਵੰਜ਼ਗਸੀ	੧੯੪
ਤੀਜਾ ਘਲੂ ਘਾਰਾ ਜੋ ਸਿੱਖ ਫੌਜਾਂ ਵਲੋਂ ਸਿਖਾਂ ਉਤੇ ਹੀ ਕਹਿਰ ਵਰਤਿਆ	੧੯੭
ਸੰਤ ਕਰਤਾਰ ਸਿੰਘ ਜੀ ਤੋਂ ਮਿਲੀ ਇਕ ਪੌਥੀ ਦਾ ਉਤਾਰਾ	੧੯੭
ਸਰਦਾਰ ਅਤਰ ਸਿੰਘ ਸੰਧਾਵਾਲੀਆ ਮਾਰਿਆ ਗਿਆ	੨੧੩
ਕੁਝ ਅੱਖਰ ਲੇਖਕ ਵਲੋਂ	੨੨੪
ਗੁਰੂ ਨਾਨਕ ਸਾਹਿਬ ਦੀ ਅਗੇਤਰੀ ਬੇਦੀ ਵੰਸ ਦੀ ੧੧ਵੀਂ ਪੀੜ੍ਹੀ	੨੩੩

Scanned with CamScanner

ਸਮਰਪਣ

ਸਚ ਦੇ ਖੋਜੀ, ਸਿਖ ਇਤਿਹਾਸ ਦੇ ਜਾਣਕਾਰ ਤੇ ਸਚੇ-ਸੁਚੇ ਪ੍ਰੇਮੀ, ਗੁਰਬਾਨੀ ਤੇ ਕੀਰਤਨ ਰਸੀਏ, ਨਾਮ ਸਿਮਰਨ 'ਚ ਸਦਾ ਰੰਗੇ ਰਤੇ-ਪ੍ਰਸੰਨ ਮੁਖ ਤੇ ਹਰਮਨ ਪਿਅਰੇ ਜੋ ਆਪਣੀ ਸੰਤ ਮੰ ਪ੍ਰਦਾਏ ਦੇ ਪ੍ਰਮੁਖਾਂ ਸ੍ਰੀ ਬਾਬਾ ਸਾਹਿਬ ਸਿੰਘ ਬੇਦੀ ਤੇ ਵਰੋਸਾਏ ਸੰਤ ਬਾਬਾ ਬੀਰ ਸਿੰਘ ਅਤੇ ਸੰਤ ਭਾਈ ਮਹਾਰਾਜ ਸਿੰਘ ਤੀਕ ਦੇ ਜੀਵਨ ਇਤਿਹਾਸ ਨੂੰ ਸੁਰਜੀਤ ਰਖਣ ਤੇ ਵੇਖਣ ਦੇ ਸਦਾ ਖਾਹਸ਼ਮੰਦ ਸਨ ਸਚਖੰਡ ਵਾਸੀ–ਸੰਤ ਈਸ਼ਰ ਸਿੰਘ ਰਾੜਾ ਸਾਹਿਬ ਵਾਲਿਆਂ ਦੀ ਸਦੀਵੀ ਅਮਰ ਆਤਮਾਂ ਦੇ ਇਹ ਤਤਸਾਰ ਗ੍ਰੰਥ ਸਮਰਪਤ ਕਰਨ ਵਿਚ ਲੇਖਕ ਨੂੰ ਮਾਨਸਿਕ ਪ੍ਰਸੰਨਤਾਂ ਪਰਾਪਤ ਹੋ ਰਹੀ ਹੈ।

ਲੇਖਕ : ਗਿਆਨੀ ਈਸ਼ਰ ਸਿੰਘ 'ਨਾਰਾ'
੧੧/੩੨੯ ਦਿਲੀ ਗੇਟ, ਨਵੀਂ ਦਿੱਲੀ

ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ (ਊਨਾਂ ਸਾਹਿਬ)

ਆਤਮ ਰਸ ਜਿਨ ਜਾਨਿਆ ਹਰਿ ਰਸ ਸਹਿਜੇ ਮਾਣੁ ॥
ਨਾਨਕ ਧਨਿ ਧਨਿ ਧਨਿ ਜਨ ਆਏ ਤੇ ਪ੍ਰਵਾਣੁ ॥



ਏਹ ਫੋਟੋ ਹਾਰਡਿੰਗ ਲਾਇਬਰੇਰੀ ਦੇਹਲੀ ਵਿਚੋਂ ਪ੍ਰਾਪਤ ਕੀਤੀ

ਸ੍ਰੀ ਗੁਰੂ ਨਾਨਕ ਦੇਵ ਦੀ ਉਤਮ ਬੇਦੀ ਬੰਸ
ਤਿਸ ਵਿਚ ਬਾਬਾ ਸਾਹਿਬ ਸਿੰਘ ਪ੍ਰਗਟੇ ਵਾਂਗੂੰ ਹੰਸ
ਸੰਤ ਸਾਧ ਸਿਖ ਸੰਗਤਾਂ ਰਾਜੇ ਅਰ ਸਰਦਾਰ
ਚਰਨ ਜਿਨਾਂ ਦੇ ਚੁੰਮਦੇ ਜਾਂਦੇ ਸਨ ਬਲਿਹਾਰ

Scanned with CamScanner

ਸ੍ਰੀਮਨ ੧੦੮ ਸੰਤ ਭਾਈ ਬੀਰ ਸਿੰਘ ਜੀ ਨੌਰੰਗਾਬਾਦੀ

ਜਿਨ੍ਹਾਂ ਨੂੰ ਸ੍ਰੀ ਹਜ਼ੂਰ ਬਾਬਾ ਸੋਹਿਬੰ ਸਿੰਘ ਜੀ ਬੇਦੀ ਤੋਂ ਅੰਤਮ ਬਖਸ਼ਸ਼ਾਂ ਪ੍ਰਾਪਤਿ ਹੋਈਆਂ



ਨੋਟ : ਇਹ ਫੋਟੋ ਪਿੰਡ ਨੱਟਾ ਟਿਬਾ (ਜ਼ਿਲਾ ਕਪੂਰਥਲਾ) ਦੇ ਦਮਦਮੇ ਵਿਚੋਂ ਧੰਨਵਾਦ ਸਹਿਤ ਉਤਾਰੀ ਹੈ-ਜਿਸਦੇ ਹੇਠਾਂ ਇਹ ਸ਼ਬਦ ਅੰਕਤ ਹਨ ।

"ਸਿੰਘ ਸਾਹਿਬ ਗੁਰੂ ਵੀਰ ਸਿੰਘ ਜੀ ਜਿਨ੍ਹਾਂ ਨੇ ਸ੍ਰੀ ਕਲਗੀਧਰ ਦਸਮ ਪਿਤਾ ਜੀ ਦੇ ਅਵਤਾਰ ਬੇਦੀ ਬੰਸ ਅਵਿਤੰਸ ਗੁਰੂ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਪਾਸੋਂ ਬਖਸ਼ਸ਼ ਪਾ ਕੇ ਮਾਝਾ ਨਿਵਾਜਿਆ ਅਤੇ ਅਗੇ ਔਨਰੇਬਲ ਬਾਬਾ ਖੇਮ ਸਿੰਘ ਬੇਦੀ ਕੇ.ਸੀ.ਆਈ. ਨੂੰ ਬਖਸ਼ਸ਼ ਦਿਤੀ। ਇਨ੍ਹਾਂ ਦਾ ਸਥਾਨ ਸਿੰਘ ਪੁਰੇ (ਨੌਰੰਗਾਬਾਦ) ਤਰਨ ਤਾਰਨ ਜੀ ਪਾਸ ਮਾਝੇ ਨੂੰ ਨਿਹਾਲ ਕਰ ਰਿਹਾ ਹੈ। ਬੁਰਛੇ ਗਰਦੀ ਵਿਚ ਮਠਿਯਾਂ ਵਾਲੇ ਇਨ੍ਹਾਂ ਦੀ ਦੇਹ ਦਾ ਭਾਣਾ ਵਰਤਿਆ ੨੭ ਵਸਾਖ (ਨਾਨਕ ਸ਼ਾਹੀ) ਸੰਮਤ ੩੭੫, ਜਿਸ ਕਰ ਕੇ ਗੁਰੂ ਮਾਰੀਆਂ ਫੌਜਾਂ ਦਾ ਨਾਮ ਪਇਆ।

ੴ ਸਤਿਗੁਰ ਪ੍ਰਸਾਦਿ ॥

ਤੱਤਸਾਰ–ਗ੍ਰੰਥ

ਸ੍ਰੀ ਬੀਰ ਮ੍ਰਿਗੇਸ਼ ਗੁਰ ਬਿਲਾਸ

ਭੂਮਿਕਾ

ਉਕਤ ਗ੍ਰੰਥ ਸ੍ਰੀ ਬੀਰ ਮ੍ਰਿਗੇਸ਼ (ਗੁਰ ਬਿਲਾਸ) ਬਹੁਤ ਵਡੇ ਅਕਾਰ ਦਾ—ਅਤੇ ੧੯੦੦ ਤੋਂ ਵਧੀਕ ਸਫੇ ਦਾ ਹੈ । ਇਹ ਬਹੁਤ ਪੁਰਾਣਾ ਗ੍ਰੰਥ, ਕਰੀਬਨ ੯੯ ਸਾਲ ਪਹਿਲੇ ਦਾ ਮੋਟੇ ਟਾਈਪ ਵਿਚ (ਪੁਰਾਤਨ ਜਨਮ ਸਾਖੀਆਂ ਵਾਙੂੰ) ਛਪਿਆ ਸੀ ਜੋ ਕਿ ਪਾਕਿਸਤਾਨ ਬਣੇ ਤੋਂ ਪਹਿਲੇ—ਬੇਦੀ ਬੰਸ ਘਰਾਣਿਆਂ ਵਿਚ ਜਾਂ ਸੰਤਾਂ ਮਹੰਤਾਂ ਡੇਰੇਦਾਰਾਂ ਦੇ ਗੁਰਦਵਾਰਿਆਂ ਵਿਚ ਸੀ। ਦਾਸ ਲੇਖਕ ਨੇ ਇਹ ਗ੍ਰੰਥ ਪਹਿਲੀ ਵੇਰ ਆਪਣੇ 'ਨਾਰ-' ਪਿੰਡ ਦੇ ਇਕ ਗੁਰਸਿਖ ਘਰਾਣੇ ਵਿਚ ਦੇਖਿਆ ਤੇ ਥੋੜਾ ਪੜ੍ਹਿਆ ਵੀ ਸੀ, ਪਰ ਉਮਰ ਛੋਟੀ ਤਕਰੀਬਨ ੨੫-੨੪ ਸਾਲਾਂ ਦੀ ਅਤੇ ਐਸੇ ਗ੍ਰੰਥ ਦੇ ਤਤਸਾਰ ਨੂੰ ਸਮਝਣ ਦੀ ਅਜੇ ਬੁਧੀ ਵੀ ਨਹੀਂ ਸੀ ਅਤੇ ਨਾ ਹੀ ਪਤਾ ਸੀ ਕਿ ਲਿਖਾਰੀ ਬਣਨਾ ਹੈ ਜੋ ਜਿਤਨਾ ਕੁਝ ਸਮਝ ਪੈਂਦੀ ਲਿਖਦਾ ਜ਼ਾਂਦਾ ।

ਇਸ ਬੀਰ ਮ੍ਰਿਗੇਸ਼ ਗੁਰ ਬਿਲਾਸ ਦਾ ਲੇਖਕ ਇਕ ਮਹਾਨ ਵਿਦਵਾਨ ਸਿਖ (ਪੰਡਤ ਸੰਤ ਸ਼ੇਰ ਸਿੰਘ) ਸੀ । ਜੋ ਸੰਸਕ੍ਰਿਤ ਵਿਚ ਲਿਖੇ ਵੇਦਾਂ ਪੁਰਾਣਾਂ ਤੇ ਗੀਤਾ ਦਾ ਆਲਮ ਸੀ । ਇਸ ਬੀਰ ਮ੍ਰਿਗੇਸ਼ ਗੁਰ ਬਿਲਾਸ ਨੂੰ ਉਸ ਨੇ ਬਹੁਤਾ ਵਾਰਤਕ ਅਤੇ ਕਈ ਥਾਂਏ ਬ੍ਰਿਜ ਭਾਖਾ ਜਾਂ ਪੁਰਾਤਨ ਸੰਤ ਭਾਖਾ ਦੀ ਕਵਿਤਾ ਵਿਚ ਵੀ ਬਰਧਾ ਦਾ ਪ੍ਰਗਟਾਓ ਕੀਤਾ ਹੈ । ਪਰ ਇਸ ਦੀ ਵਾਰਤਕ ਲਿਖਤ ਵੀ ਬਹੁਤ ਪੁਰਾਣੇ ਢੰਗ ਦੀ ਹੈ, ਉਸ ਜ਼ਮਾਨੇ ਵਿਚ ਲਿਖਾਰੀ ਇਸੇ ਰੀਤ ਦਾ ਲਿਖੁਦੇ ਸੁਨ ਜੋ ਅਜ ਕਲ ਦੇ ਸਾਧਾਰਨ ਪਾਠਕਾਂ ਪਾਸੋਂ ਇਸ "ਬੀਰ ਮ੍ਰਿਗੇਸ਼ ਗ੍ਰੰਥ" ਦਾ ਸ਼ੁਧ ਪਾਠ ਕਰਨਾ ਅਥਵਾ ਅਰਥ ਭਾਵ ਸਮਝਨਾ ਅਸੰਭਵ ਸੀ । ਇਸ ਵਾਸਤੇ ਕਿ ਸ਼ੁਧਤ ਲਿਖਾਰੀ ਨੇ ਗੁਰਬਾਣੀ ਆਸ਼ੇ ਨੂੰ ਸਪਸ਼ਟ ਕਰਨ ਵਾਸਤੇ ਪ੍ਰੋੜਤਾ ਵਿਚ ਉਸ ਨੇ ਵੇਦ ਸਿੰਮ੍ਰਤੀਆਂ ਅਤੇ ਗੀਤਾ ਦੇ ਸ਼ਲੋਕਾਂ ਦੇ ਬਹੁਤ ਹਵਾਲੇ ਦਿਤੇ ਹਨ । ਫਿਰ ਅਰਥ ਭਾਵ ਵੀ ਦਸਿਆ ਹੈ ਤਦੋਂ ਵੀ ਗੁਰਬਾਣੀ ਦੇ ਚੰਗੇ ਗਿਆਨੀ ਅਤੇ ਸਿਖ ਇਤਿਹਾਸ ਦੇ ਜਾਣਕਾਰ ਤੋਂ ਬਿਨਾਂ ਇਸ ਗ੍ਰੰਥ ਦੇ ਗੂੜ ਭਾਵ ਨੂੰ ਸਮਝਨਾ ਬਹੁਤ ਕਠਨ ਸੀ । ਜਿਸ ਕਰਕੇ ਇਹ ਗ੍ਰੰਥ ਬਹੁਤਾ ਪ੍ਰਚਲਤ ਨਹੀਂ ਹੋਇਆ ਸੀ । ਹਾਲਾਂ ਕਿ ਨਿਰਮਲੇ ਸੰਤ ਗਿਆਨੀ ਗਿਆਨ ਸਿੰਘ ਜੀ ਨੇ ਇਸੇ ਹੀ ਗ੍ਰੰਥ ਦੇ ਅਧਾਰ ਤੇ "ਪੰਥ ਪ੍ਰਕਾਸ਼ ਤੇ ਰਾਜ ਖਾਲਸਾ" ਆਦਿਕ ਪੁਸਤਕਾਂ ਲਿਖੀਆਂ ਪਰ ਧਾਰਮਕ ਰਹਿਸਯ ਛੱਡ ਦਿਤਾ ਨੇ।

Scanned with CamScanner

ਇਸ ਬੀਰ ਮ੍ਰਿਗੇਂਦ੍ਰ ਗ੍ਰੰਥ ਵਿਚ ਪੰਡਤ ਸ਼ੇਰ ਸ੍ਰਿੰਘ ਲੇਖਕ ਨੇ ਸਿਖ ਪੰਥ ਦੀਆਂ ਅਤੇ (ਸਿਖ ਰਾਜ ਵੇਲੇ ਦੀਆਂ) ਚਾਰ ਪੰਜ ਮਹਾਨ ਹਸਤੀਆਂ ਦਾ ਜੀਵਨ ਦਰਸਾਇਆ ਹੈ । ਉਹ ਮਹਾਨ ਹਸਤੀਆਂ– ਬਾਬਾ ਸਾਹਿਬ ਸਿੰਘ ਜੀ ਬੇਦੀ ਪੂਨਾਂ ਸਾਹਿਬ ਵਾਲੇ, ਸੰਤ ਬਾਬਾ ਸ੍ਰੀ ਭਾਗ ਸਿੰਘ (ਕੁਰੀ ਰਾਵਲ ਪਿੰਡੀ) ਸੰਤ ਬਾਬਾ ਬੀਰ ਸਿੰਘ ਨੌਰੰਗਾਬਾਦੀਏ ਤੇ ਇਹਨਾਂ ਦੇ ਸ਼ਿਸ਼ ਬਾਬਾ ਖੁਦਾ ਸਿੰਘ ਤੇ ਮਹਾਰਾਜ ਸ੍ਰਿੰਘ ਜੀ ਦੇ ਧਾਰਮਿਕ ਅਤੇ ਰਾਜਨੀਤਕ ਜੀਵਨ ਤੋਂ ਵਖਰੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਹਿਤੈਸ਼ੀਆਂ– ਸ੍ਰੰਧਾਵਾਲੀਏ ਸਰਦਾਰ ਅਮੀਰ ਸ੍ਰਿੰਘ ਤੇ ਇਹਨਾਂ ਦੇ ਸਪੁਤਰਾਂ ਸਰਦਾਰ ਲਹਿਣਾ ਸ੍ਰਿੰਘ ਸਰਦਾਰ ਅਤਰ ਸ੍ਰਿੰਘ ਜੀ, ਅਤੇ ਸਿਖ ਰਾਜ ਦੇ ਦੋਖੀਆਂ (ਡੋਗਰੇ ਭਰਾਵਾਂ) ਦਾ ਅਖੀਂ ਡਿਠਾ ਤੇ ਕੁਝ ਕੰਨੀ ਸੁਨਿਆ ਹਾਲ ਬਹੁਤ ਵਿਸਥਾਰ ਨਾਲ ਲਿਖ ਦਸਿਆ ਹੈ ।

ਮੈਨੂੰ ਇਸ ਵੇਲੇ ਕੋਈ ਐਸੇ ਢੁਕਵੇਂ ਸ਼ਬਦ ਨਹੀਂ ਫੁਰਦੇ ਕਿ ਇਸ ਗ੍ਰੰਥ (ਬੀਰ ਮ੍ਰਿਗੇਂਦ੍ਰ) ਦੀ ਤਾਰੀਫ ਵਿਚ ਵਧ ਤੋਂ ਵਧ ਕੁਝ ਲਿਖਿਆ ਜਾਵੇ । ਇਸ ਵਾਸਤੇ ਹੁਣ ਸਿਰਫ ਇਸ ਪਵਿਤਰ ਅਤੇ ਅਦੁਤੀ ਗ੍ਰੰਥ (ਗੁਰ ਬਿਲਾਸ ਸ੍ਰੀ ਬੀਰ ਮ੍ਰਿਗੇਂਦ੍ਰ) ਅਗੇ ਸਿਰ ਝੁਕਾ ਨਮਸ਼ਕਾਰ ਕਰਕੇ ਇਸ ਦਾ ''ਤਤਸਾਰ'' ਲੇਣ ਨੂੰ ਲਿਖਣਾ ਚਾਹਿਆ ਹੈ ਕਿ ਇਸ ਜ਼ਮਾਨੇ ਦੇ ਪਾਠਕਾਂ ਤਾਈਂ ਵੀ ਸਿਖ ਰਾਜ ਵੇਲੇ ਦੇ ਕੁਝ ਧਾਰਮਿਕ ਅਤੇ ਰਾਜਨੀਤੀ ਸਮਾਚਾਰਾਂ ਦਾ ਸਹੀ ਸਹੀ ਗਿਆਨ ਹੋ ਜਾਏ ।

ਉਕਤ ਬੀਰ ਮ੍ਰਿਗੇਂਦ੍ਰ ਗ੍ਰੰਥ ਵਿਚ ਜਿਹਨਾਂ ਪੰਜ ਮਹਾਨ ਵਿਅਕਤੀਆਂ ਦਾ ਧਾਰਮਿਕ ਤੇ ਰਾਜਨੀਤਕ ਜੀਵਨ ਦਰਸਾਇਆ ਹੈ ਉਸ ਵਿਚ ਕਰਤਾ (ਪੰਡਤ ਸ਼ੇਰ ਸ੍ਰਿੰਘ) ਨੇ ਸ੍ਰੀ ਬਾਬਾ ਸਾਹਿਬ ਸ੍ਰਿੰਘ ਜੀ ਬੇਦੀ ਪ੍ਰਤੀ ਆਪਣੀ ਅਥਾਹ ਸ਼ਰਧਾ ਪ੍ਰੀਤੀ ਦਾ ਪ੍ਰਗਟਾਵਾ ਕੀਤਾ ਹੈ । ਫਿਰ ਗੁਰੂ ਸ਼ਬਦ ਦੇ ਵਿਸ਼ੇਸ਼ਣ ਨਾਲ ਹੀ ਗੁਰੂ ਬਾਬਾ ਸਾਹਿਬ ਸ੍ਰਿੰਘ ਅਤੇ ਗੁਰੂ ਬੀਰ ਸ੍ਰਿੰਘ ਜੀ ਆਦਿਕ ਲਿਖ ਦਰਸਾਇਆ ਹੈ । ਜੈਸਾ ਕਿ ਉਸ ਪੁਰਾਤਨ ਜ਼ਮਾਨੇ ਵਿਚ ਵਿਦਿਆ ਦਾਤੇ, ਨਾਮ ਅੰਮ੍ਰਿਤ ਦਾਤੇ ਕਿਸੇ ਵੀ ਗੁਰਮੁਖ ਸੰਤ ਮਹੰਤ ਜਾਂ ਗੁਰੂ ਘਰਾਂ ਨੂੰ ਉਨ੍ਹਾਂ ਦੇ ਚਰਨ ਸੇਵਕਾਂ ਵਲੋਂ ''ਗੁਰੂ ਵਿਸ਼ਿਸ਼ਟਾਂ'' ਨਾਲ ਹੀ ਯਾਦ ਕੀਤਾ ਜਾਂਦਾ ਸੀ ਤੇ ਅਜੇ ਤੀਕ ਸੰਤ ਸਾਧੂ ਸੰਪ੍ਰਦਾਵਾਂ ਵਿਚ ''ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਾਂ ਸਿਰ ਗੁਰੂ (ਦਸਾਂ ਪਾਤਸ਼ਾਹੀਆਂ ਦੀ ਆਤਮ ਜੋਤ) ਅਤੇ ਨਾਮ ਅੰਮ੍ਰਿਤ ਦਾਤੇ ਨੂੰ (ਜਾਹਰੀ ਨ ਸਹੀ) ਮਨ ਕਰਕੇ ਗੁਰੂ ਸਮਝਦੇ ਤੇ ਸਤਿਕਾਰਦੇ ਹਨ। ਐਸਾ ਇਸ ਵਾਸਤੇ ਕਿ ਗੁਰੂ ਮਹਾਰਾਜ ਦਾ ਆਪਣਾ ਵੀ ਸ੍ਰੀ ਮੁਖਵਾਕ ਹੈ।

''ਗੁਰੂ ਸਿਖੁ ਸਿਖ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਈ ॥
ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣ ਸੁਭਾਈ ॥ (ਪੰਨਾ ੪੪੪)

ਵੇਰ ਗੁਰੂ ਗੋਬਿੰਦ ਸ੍ਰਿੰਘ ਜੀ ਨੇ ਇਥੋਂ ਤੀਕ ਫੁਰਮਾਇਆ ਹੈ ਕਿ ''ਖਾਲਸਾ ਮੇਰੋ ਰੂਪ ਹੈ ਖਾਸ, ਖਾਲਸਾ ਮੈ ਹਉ ਕਰੌ ਨਿਵਾਸ'' ਖਾਲਸਾ ਮੇਰੋ ਸਜਨ ਸੂਰਾ ॥ ਖਾਲਸਾ ਮੇਰੋ ਸਤਿਗੁਰ ਪੂਰਾ ॥

ਵੇਰ–ਆਤਮ ਰਸ ਜੋ ਜਾਨ ਵੀ ਸੋ ਹੈ ਖਾਲਸਾ ਦੇਵ ॥
ਪ੍ਰਭ ਮੈ ਸੋ ਮੈ, ਤਾਸ ਮੈ ਫੇਂਚਕ ਨਾਹੀ ਭੇਵ ॥
ਯਾਂ ਮੈਂ ਫੇਂਚ ਨਾ ਮਿਥਿਆ ਭਾਖੀ ॥
ਪਾਰਬ੍ਰਹਮ ਗੁਰੂ ਨਾਨਕ ਸਾਖੀ ॥ (ਸਰਬਲੋਹ)

ਉਕਤ ਬੀਰ ਮ੍ਰਿਗੇਂਦ੍ਰ ਗ੍ਰੰਥ ਦਾ ਲੇਖਕ (ਪੰਡਤ ਸ਼ੇਰ ਸ੍ਰਿੰਘ) ਆਪਣੇ ਸਮੇਂ ਦਾ ਬਹੁਤ ਪ੍ਰਸਿਧ ਵਿਦਵਾਨ ਸੀ ਉਹ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਦਸਮੇਸ਼ ਜੀ ਦੀ ਬਾਣੀ ਦਾ ਗਿਆਨੀ ਸੀ ਤੇ ਉਸ ਨੇ ਗੁਰੂ ਆਸ਼ੇ ਅਨੁਕੂਲ ਹੀ ਆਪਣੀ ਬੁਧੀ ਦੀ ਕਸਵੱਟੀ ਉਤੇ ਪਰਖ ਕੇ ਉਕਤ ਮਹਾਨ ਵਿਅਕਤੀਆਂ ਨੂੰ ਆਤਮ ਰਸੀਆ ਖਾਲਸਾ ਜਾਣਿਆ ਤੇ ਗੁਰੂ ਸ਼ਬਦ ਨਾਲ ਸਤਿਕਾਰਦੇ ਹੋਇਆਂ ਲਿਖਿਆ ਹੈ ਕਿ[1] ਬਾਬਾ ਸਾਹਿਬ ਸਿੰਘ ਜੀ ਨੇ ਆਪਣੇ ਸਮੇਂ ਦੇ ਲੱਖਾਂ ਹਿੰਦੂ ਸਹਿਜਧਾਰੀਆਂ ਨੂੰ ਅੰਮ੍ਰਿਤ ਛਕਾਇਆ ਤੇ ਸ੍ਰਿੰਘ ਸਜਾਇਆ ਸੀ, ਫਿਰ ਐਸੇ ਹੀ ਸਿਖ ਰਾਜ ਦੀ ਕਾਇਮੀ ਵਾਸਤੇ (ਸਰਦਾਰ) ਰਣਜੀਤ ਸ੍ਰਿੰਘ ਨੂੰ ਪੰਜਾਬ ਦਾ ਬਾਦਸ਼ਾਹ ਹੋਣ ਦਾ ਵਰਦਾਨ ਸੁਣਾਇਆ ਸੀ। ਫਿਰ ਸਮਾਂ ਆਏ ਪਰ ਲਾਹੌਰ ਦੇ ਸ਼ਾਹੀ ਤਖਤ ਪਰ ਬਿਠਾ ਕੇ ਮਹਾਰਾਜਗੀ ਦਾ ਤਿਲਕ ਲਗਾ ਕੇ ਸਰਦਾਰ ਦੀ ਥਾਂਓਂ ਉਸ ਦੇ ਬਾਦਸ਼ਾਹ ਹੋਣ ਦਾ ਐਲਾਨ ਫੁਰਮਾਇਆ ਸੀ ਕਿ ਅਜ ਤੋਂ ਸਿਖ ਰਾਜ ਦਾ ਸਰਪ੍ਰਸਤ–ਪੰਜਾਬ ਦਾ ਬਾਦਸ਼ਾਹ ਇਹੋ ਮਹਾਰਾਜਾ ਰਣਜੀਤ ਸ੍ਰਿੰਘ ਮੰਨਿਆ ਜਾਏ ।

ਐਸੇ ਹੀ ਫਿਰ ਮਹਾਰਾਜਾ ਰਣਜੀਤ ਸ੍ਰਿੰਘ ਤਾਈਂ ਵੀ ਬਾਬਾ ਸਾਹਿਬ ਸ੍ਰਿੰਘ ਜੀ ਦੀ ਧਾਰਮਿਕ ਤੇ ਰਾਜਨੀਤਕ ਮਹਾਨਤਾ ਦਾ ਹੋਕਾ ਅਹਿਸਾਸ ਰਿਹਾ ਤੇ ਜਦ ਕਦੀ ਵੀ ਕਿਸੇ ਮੁਹਿੰਮ ਪਰ ਜਾਣ ਵੇਲੇ ਬੇਨਤੀ ਪੱਤਰ ਭੇਜ ਕੇ ਬਾਬਾ ਜੀ ਨੂੰ ਯਾਦ ਕੀਤਾ ਸੀ ''ਦੇ ਜਹਾਨ ਵਾਲੀ ਬਾਬਾ ਸਾਹਿਬ ਸ੍ਰਿੰਘ ਜੀ'' ਐਸਾ ਲਿਖ ਕੇ ਸੰਤਿਕਾਰਦਾ ਰਿਹਾ ਸੀ ਅਤੇ ਫਿਰ ਇਸੇ ਤਰ੍ਹਾਂ ਜਦੋਂ ਬਾਬਾ ਸਾਹਿਬ ਸ੍ਰਿੰਘ ਜੀ ਬੇਦੀ ਵੀ ਕੋਈ ਹੁਕਮਨਾਮਾ ਮਹਾਰਾਜਾ ਸਾਹਿਬ ਨੂੰ ਲਿਖ ਕੇ ਭੇਜਦੇ ਸੀ ਤਾਂ ਉਸ ਪਰ ਉਸ ਪ੍ਰਤੀ ''ਖਾਦਮਾਨੇ ਖਾਦਮ'' (ਮੈਰੇ ਸੇਵਕਾਂ ਦਾ ਸੇਵਕ) ਲਿਖ ਭੇਜਦੇ ਸਨ । ਇਹ ਤਵਾਰੀਖੀ ਜ਼ਿਕਰ ਹੈ ਤੇ ਪੰਥ ਦੇ ਮਹਾਨ ਲਿਖਾਰੀ ਭਾਕਟਰ ਗੰਡਾ ਸ੍ਰਿੰਘ ਦੇ ਹਵਾਲੇ ਨਾਲ ਲਿਖਿਆ ਹੈ। ਇਸੇ ਵਾਸਤੇ ਹੀ ਕਿ ਉਹ ਉਸ ਜ਼ਮਾਨੇ ਦੇ ਮਹਾਨ ਵਿਅਕਤੀ ਸਨ ਤੇ ਬਾਬਾ ਸਾਹਿਬ ਸ੍ਰਿੰਘ ਵੇਦੀ ਜੀ ਨੂੰ ਗੁਰੂ ਵਿਸ਼ੇਸ਼ਣ ਨਾਲ ਹੀ ਲੋਕੀ ਯਾਦ ਕਰਦੇ ਸਨ । ਸੁਘੜ ਲਿਖਾਰੀ ਪੰਡਤ ਸ਼ੇਰ ਸ੍ਰਿੰਘ ਨੇ ਵੀ ਬੀਰ ਮ੍ਰਿਗੇਂਦ੍ਰ ਵਿਚ ਐਸਾ ਹੀ ਲਿਖਿਆ ਹੈ।

ਪਰ ਇਹ ਗ੍ਰੰਥ ਹੁਣ ਦੁਰਲੱਭ ਹੈ ਤੇ ਸਿਰਫ ਦੋ ਤਿੰਨ ਥਾਵਾਂ ਤੋਂ[2] ਬਿਨਾਂ ਕਿਤੇ ਦੇਖਣ ਵਿਚ ਨਹੀਂ ਆਇਆ ਹੈ ਜਿਹਨਾਂ ਵਿਚੋਂ ਇਕ ਤਾਂ ਸ੍ਰੀ ਹਜ਼ੂਰ ਸ੍ਰੀ ਬਾਬਾ ਸੁਦਿੰਦਰ ਸ੍ਰਿੰਘ ਜੀ ਬੇਦੀ (ਮਾਡਲ ਟਾਊਨ ਜਲੰਧਰ ਕੋਠੀ ਨੰਬਰ 621) ਪਾਸ ਤੇ ਦੂਜਾ ਬਾਬਾ ਮਹਤਾਬ ਸ੍ਰਿੰਘ ਜੀ ਉਨਾ ਸਾਹਿਬ ਪਾਸ ਅਤੇ ਤੀਜਾ ਸੰਤ ਕਰਤਾਰ ਸ੍ਰਿੰਘ ਜੀ ਠੱਟਾ ਜੋ ਇਸ ਵੇਲੇ ਸ੍ਰੀ ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਸੇਵਾ ਕਰਾਂਦੇ ਰਹੇ ਹਨ ਅਤੇ ਹੁਣ ਗੋਇੰਦਵਾਲ ਸਾਹਿਬ ਦੀ ਸੇਵਾ ਕਰਾਂਦੇ ਹਨ–ਉਨ੍ਹਾਂ ਪਾਸ ਹੈ । ਹੋ ਸਕਦਾ ਹੈ ਕਿਸੇ ਪੁਰਾਤਨ ਸੰਤ ਡੇਰੇ ਵਿਚ ਵੀ ਕੋਈ ਇਕ ਅੱਧ ਗ੍ਰੰਥ ਆਦਿ ਹੋਰ ਹੋਵੇ ਪਰ ਵੇਖਣ ਵਿਚ ਨਹੀਂ ਆਇਆ । ਇਸ ਵੇਲੇ (ਲੇਖਕ) ਪਾਸ ਜੋ ਹੈ ਉਸ ਵਿਚਾਲੇ ਦੇ ਕੁਝ ਸਫੇ ਅਤੇ ਅਖੀਰ ਦੇ ਬਹੁਤ ਸਾਰੇ ਸਫੇ ਫਟੇ ਹੋਏ ਹਨ ਤੇ ੧੧੦੦ ਸਫੇ ਠੀਕ ਹੈ ਜਿਸ ਤੇ ਦੂਜੀ ਥਾਵਾਂ ਤੋਂ[3] ਦੇਖਕੇ ਇਹ ''ਤਤਸਾਰ'' ਗ੍ਰੰਥ ਪੂਰਾ ਲਿਖਿਆ ਗਿਆ ਹੈ ।

–ਲੇਖਕ

Scanned with CamScanner

ਪ੍ਰਥਾਇ ਭੁਲਮਾਇਆ ਸੀ–ਹੇ ਅਰਜਨ ! ''ਜਦੋਂ ਜਦੋਂ ਧਰਮ ਦਾ ਗਿਰਾਉ ਹੁੰਦਾ ਹੈ। ਅਧਰਮ ਦਾ
ਉਠਾਂਦਾ ਹੈ ਤਾਂ ਜੁਗਾਂ ਜੁਗਾਂ ਅੰਦਰ ਤਦੋਂ ਤਦੋਂ ਹੀ ਸੰਤਾਂ (ਸੰਤ ਪੁਰਸ਼ਾਂ) ਧਰਮੀਆਂ ਦੀ ਰਖਿਆ
ਦੁਸ਼ਟਾਂ ਦਾ ਦਮਨ ਅਤੇ ਧਰਮ ਦੀ ਸਥਾਪਨਾ ਲਈ ਮੈਂ ਆਪਣੇ ਆਪ ਨੂੰ (ਕਿਸੇ ਵੀ ਰੂਪ
ਪ੍ਰਗਟਾਂਦਾ ਹਾਂ।

ਉਕਤ ਉਦਾਹਰਣਾਂ ਅਤੇ ਵੇਦ ਸ਼ਾਸਤਰਾਂ ਦੇ ਹਵਾਲਿਆਂ ਤੋਂ ਸਾਬਤ ਹੈ ਕਿ ਸ੍ਰੀ ਕ੍ਰਿਸ਼ਨ ਜੀ
ਬਾਅਦ ਗੁਰੂ ਨਾਨਕ ਅਤੇ ਦਸਮੇ ਜਾਮੇ (ਗੁਰੂ ਗੋਬਿੰਦ ਸਿੰਘ) ਤੀਕ ਐਸਾ ਕੋਈ ਪੂਰੱਖ ਅਤੇ ਇਤਿਹਾਸ
ਸਬੂਤ ਹੋਰ ਨਹੀਂ ਹੈ ਕਿ ਜਿਸ ਨੇ ਧਰਮ ਰਖਿਆ ਦੀ ਖਾਤਰ ਸਤਿਗੁਰਾਂ ਜਿਤਨੀ ਕੁਰਬਾਨੀ
ਜ਼ੁਲਮੀ ਰਾਜ ਦੇ ਮੋਟਣ ਵਾਸਤੇ ਸਰਬੰਸ ਤੀਕ ਵਾਰਿਆ ਹੋਵੇ । ਇਕੋ ਗੁਰੂ ਗੋਬਿੰਦ ਸਿੰਘ ਸਾਹਿਬ
ਮਿਸਾਲ ਹੀ ਮਿਲਦੀ ਹੈ ਕਿ ਜਿਹਨਾਂ ਨੇ ਧਰਮ ਸਥਾਪਨਾ ਵਾਸਤੇ ਖਾਲਸਾ ਪੰਥ ਸਾਜਿਆ ਅਤੇ ਸ
ਸਰਬੰਸ ਵਾਰਿਆ ਹੈ।

ਉਕਤ ਬੀਰ ਮ੍ਰਿਗੇਸ਼ ਗੁਰ ਬਿਲਾਸ ਵਿਚ ਦੋਰ ਕਈ ਹਵਾਲਿਆਂ ਨਾਲ ਵਿਦਵਾਨ ਲੇਖ
(ਬੋਰ ਸਿੰਘ ਜੀ) ਨੇ ਮੰਗਲਾ ਚਰਨ ਵਿਚ ਦਸੋਂ ਗੁਰ ਅਵਤਾਰਾਂ ਦੇ ਗੁਣ ਵਿਸ਼ੇਸ਼ਣਾਂ ਨੂੰ ਬੜੇ ਸੁਦੰਰ
ਨਾਲ ਪ੍ਰਗਟਾਇਆ ਹੈ । ਉਹ ਦੱਹ ਧਾਰੀ ਗੁਰੂ ਦਾ ਆਸਤਕ ਹੋਇਆਂ ਵੀ ਗੁਰੂ ਗ੍ਰੰਥ ਸਾਹਿਬ
ਗੁਰੂ ਖਾਲਸਾ ਪੰਥ ਦੀ ਉਸਤਤ ਵੀ ਬਹੁਤ ਸੁੰਦਰ ਸ਼ਬਦਾਂ ਨਾਲ ਕਰਦਾ ਤੇ ਸ਼ਰਧਾ ਭਾਵਨਾ
ਸਬੂਤ ਦਿੰਦਾ ਹੈ।

ਗੁਰੂ ਨਾਨਕ ਜੀ ਬਾਬਤ ਲੇਖਕ ਦੇ ਵਿਚਾਰ ਉਤੇ ਲਿਖੇ ਹਨ ਕਿ ਉਹ ਉਹਨਾਂ ਨੂੰ ਵਿਸ਼ਨੂੰ ਜੀ
ਪੂਰਨ ਅਵਤਾਰ ਮੰਨਦਾ ਹੈ । ਬਾਕੀ ਦੇ ਹੋਰ ਗੁਰੂ ਸਾਹਿਬਾਨਾਂ (ਨੌਵੀਂ ਪਾਤਸ਼ਾਹੀ ਤੀਕ) ਦੇ ਸਬੰਧ
ਭਰਪੂਰ ਸ਼ਲਾਘਾ ਭਰੇ ਸ਼ਬਦ ਲਿਖੇ ਹਨ । ਉਪੰਤ ਗੁਰੂ ਗੋਬਿੰਦ ਸਿੰਘ ਜੀ ਬਾਬਤ ਤਾਂ ਉਹਨਾਂ ਦੇ ਨਾਮ
ਗੁਣਾਂ ਦੀ ਵਿਆਕਰਣ ਰੀਤੀ ਨਾਲ ਸ਼ਲਾਘਾ ਦੀ ਵਿਆਖਿਆ ਕਰਦੇ ਹੋਏ ਹੱਦ ਮੁਕਾਈ ਹੈ । ਮੰਗਲਾ
ਵਿਚ ਦੋ ਸਲੋਕ ਨਮੂਨਾ ਇਹ ਹੈ–

ਗੋਬਿੰਦ ਹਰਿ ਨਾਥਾਯ ਨਮਾਮਿ ਮਨਸਾ ਸਦਾ–
ਵੈਦਕ ਧਰਮ ਪਾਲਾਯ ਨਾਸ਼ਾਯ ਕੁਲ ਦੁਸ਼ਕਤਾ ॥ ੧੫ ॥

ਤੁਰਕ ਰਾਜ ਵਿਨਾਸ਼ਾਯ ਸਾਧੂਨਾ ਮਵਤਾਯਜ ॥
ਧਰਮ ਸੰਸਿਥਤਿ ਕਰਤੈ ਗੋ ਬ੍ਰਾਹਮਣ ਹਿਤਾਯਜ ॥ ੧੬ ॥

ਭਾਵ–ਗੁਰੂ ਗੋਬਿੰਦ ਸਿੰਘ ਜੋ (ਸਰਬ ਅਨਾਓਂ ਕਾ ਹਿਤ ਰਖਏ) ਨਾਥ (ਮ੍ਰਾਮੀ) ਹਨ ਉਹਨਾਂ
ਪ੍ਰਤੀ ਮੇਰੀ ਮਨ ਕਰਕੇ ਸਦਾ ਨਮਸਕਾਰ ਹੈ। ਉਹ ਵੈਦਕ ਧਰਮ ਦੇ ਪਾਲਕ ਤੇ ਦੁਸ਼ਟ ਕੁਕਰਮੀ ਲੋਕਾਂ
ਨਾਸ਼ਕ ਸਨ। ਉਹ ਤੁਰਕ ਰਾਜ (ਮੁਗਲ ਹਕੂਮਤ) ਦੇ ਨਾਸ਼ ਕਰਨੇ ਵਾਲੇ ਅਤੇ ਸਰੇਸ਼ਟਾਚਾਰੀ ਸਾਧੂ
ਮਹਾਤਮਾ ਦੇ ਸਹਾਇਕ ਅਤੇ ਧਰਮ ਦੀ ਸਥਾਪਨਾ ਕਰਨ ਵਾਲੇ ਸਨ ਉਹਨਾਂ ਜੋ (ਜਗਤ ਗਰੂ
ਬ੍ਰਾਹਮਣ ਜਿਹੜੇ ਸਰਬ ਵਿਆਪੀ ਬ੍ਰਹਮ ਦੇ ਗਿਆਨੀ ਸਨ–(ਸੋ ਬ੍ਰਾਹਮਣ ਜੋ ਬਿੰਦੇ ਬ੍ਰਹਮ) ਉਹਨਾਂ
ਰਖਿਯਕ ਸਨ।

ਗੁਰ ਬਿਲਾਸ (ਬੀਰ ਮ੍ਰਿਗੇਸ਼) ਦੇ ਲੇਖਕ ਪੰਡਤ ਸ਼ੋਰ ਸਿੰਘ ਜੀ ਦੇ ਵਿਚਾਰ ਵਿਚ ਗੁਰੂ ਗੋਬਿੰਦ
ਵਾਸਤੇ ਇਹੋ ਸ਼ੁਭ ਕਰਮ ਸੀ । ਜਿਸ ਬਾਬਤ ਉਹਨਾਂ ਨੇ ਕਲਿਆਨਕਾਰੀ ਸ੍ਰੀ ਅਕਾਲ ਪੁਰਖ ਪਾਸੋਂ
ਵਰਦਾਨ ਦੀ ਮੰਗ ਕੀਤੀ ਸੀ–''ਦੇਹ ਸ਼ਿਵਾ ਬਰ ਮੋਹੇ ਇਹੈ ਸ਼ੁਭ ਕਰਮਨ ਤੇ ਕਬਹੂੰ ਨਾ ਟਰੂੰ'' ਤੇ ਇਸੇ
ਸ਼ੁਭ ਕਰਮ (ਗਊ ਗਰੀਬ ਦੀ ਰਖਿਆ, ਦੁਸ਼ਟ ਰਾਜ ਦਾ ਨਾਸ਼ ਤੇ ਧਰਮ ਸਥਾਪਤੀ) ਵਾਸਤੇ ਖਾਲਸਾ
ਪੰਥ ਦੀ ਸਾਜਨਾ ਕੀਤੀ ਹੈ।

ਨਿਰਮਲਾ ਸੰਤ ਸੰਪ੍ਰਦਾਇ ਦਾ ਅਰੰਭਿਕ ਨਿਰਨਾ

ਅਗੇ ਲੇਖਕ ਲਿਖਦਾ–ਜਿਸ ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂ ਧਰਮ ਦੀ ਰਖਿਆ ਹਿਤ ਖਾਲਸਾ
ਕ ਰਚਿਆ ਹੈ ਐਸੇ ਸਤਿਗੁਰੂ ਜੀ ਸਾਹਿਬ ਕੇ ਚਰਨ ਕੰਵਲੋਂ ਪਰ ਮੇਰੀ ਨਮਸਕਾਰ ਹੈ। ਐਸੀ ਨਮਸਕਾਰ
ਤੋਂ ਮਗਰੋਂ ਉਹ ਇਕ ਹੋਰ ਵਿਅਕਤੀ ਸ੍ਰੀ ਸੋਭਾ ਸਿੰਘ ਜੋ (ਅਤਿ ਗੁਰੂ ਕੇ ਪ੍ਰੇਮੀ ਪਿਆਰੇ ਬ੍ਰਾਹਮਨ
ਵਿਅਕਤੀ ਹਨ ਕਿ ਜਦੋਂ ਗੁਰੂ ਦਸਮੇਸ਼ ਜੀ ਨੇ ਸਦਾ ਵਾਸਤੇ ਸ੍ਰੀ ਅਨੰਦਪੁਰ ਦਾ ਤਿਆਗ ਕਰਕੇ ਚਮਕੌਰ
ਦੇ) ਸੰਤ ਸਰੂਪ ਸਨ, ਇਹਨਾਂ ਨੂੰ ਨਮਸਕਾਰਦੇ ਹਨ । ਇਹ ਸੰਤ ਸਰੂਪ ਸ੍ਰੀ ਸੋਭਾ ਸਿੰਘ ਉਹ
ਗੁਰੂ ਦੇ ਘਰ ਨੂੰ ਚਲੇ ਪਾਏ ਸਨ ਤਾਂ ਜੋਸ ''ਗੁਰਬਖਸ਼ ਜੀ'' ਉਦਾਸੀ ਜੀ ਸੰਤ ਨੂੰ ਸ੍ਰੀ ਸੀਸ ਗੰਜ ਦੀ ਸੇਵਾ
ਭਾਲ ਲੋਂਪ ਕੇ ਚਲੇ ਸਨ, ਸ੍ਰੀ ਸੋਭਾ ਸਿੰਘ ਜੀ ਨੂੰ ਤਖਤ ਸ੍ਰੀ ਕੇਸਗੜ੍ਹ ਜੀ ਦੀ ਸੇਵਾ ਸੰਭਾਲ ਵਾਸਤੇ ਛੱਡ ਕੇ
ਗਏ ਸਨ। ਇਹ ਇਸ ਵੇਲੇ ਚੜ੍ਹਦੀ ਜਵਾਨੀ ਦੇ ਸਨ ਪਰ ਬਹੁਤ ਵੱਡੀ ਉਮਰ ਹੋਇ ਵੇਲੇ ਤੀਕ ਇਸ ਸੇਵਾ
ਨੂੰ ਨਿਭਾਂਦੇ ਸਮੇਂ ਦੀਆਂ ਔਕੜਾਂ ਸਹਿ ਕੇ ਵੀ ਇਹਨਾਂ ਨੇ ਸੰਭਾਲੇ ਰਖਿਆ ਸੀ।

ਸ੍ਰੀ ਸੋਭਾ ਸਿੰਘ ਜੀ ਨੇ ਗੁਰੂ ਦਸਮੇਸ਼ ਜੀ ਦੇ ਕਰ ਕੰਵਲਾਂ ਤੋਂ ਅੰਮ੍ਰਿਤ ਛਕਿਆ ਸੀ, ਇਹ
ਤਿਮ ਰਸੀਏ ਗੁਰ ਕੇ ਸੰਤ ਸਨ । ਇਹਨਾਂ ਤੋਂ ਹੀ ਅਗੇ ਸਤਿਗੁਰੂ ਜੀ ਦੀ ਸੰਤ ਸੰਪ੍ਰਦਾ ਰੂਪ (ਨਾਦੀ
ਨਾਂ) ਦਾ ਆਰੰਭ ਹੋਇਆ ਹੈ ਜਿਸ ਕਰਕੇ ਹੀ ਸ੍ਰੀ ਸੋਭਾ ਸਿੰਘ ਜੀ ਦੇ ਚਰਨ ਕੰਵਲੋਂ ਪਰ ਪੰਡਤ ਸ਼ੋਰ
ਸਿੰਘ ਨੇ ਨਮਸਕਾਰ ਕੀਤੀ ਹੈ।

ਉਕਤ ਸ੍ਰੀ ਸੋਭਾ ਸਿੰਘ ਜੀ ਬਹੁਤ ਵਡੀ ਉਮਰ ਦੇ ਸਨ । ਗੁਰੂ ਗੋਬਿੰਦ ਸਿੰਘ ਸਾਹਿਬ ਦੇ
ਨ ਸਾਲ ਬਾਅਦ ਸੰਮਤ ੧੮੧੩ ਵਿਚ ਬਾਬਾ ਸਾਹਿਬ ਸਿੰਘ ਬੇਦੀ ਜੀ ਦਾ ਜਨਮ ਹੋਇਆ ਸੀ। ਫਿਰ
੭ ਸਾਲ ਪਿਛੋਂ ਸੰਮਤ ੧੮੩੦-੩੧ ਵਿਚ ਸ੍ਰੀ ਅਨੰਦਪੁਰ ਜਾ ਕੇ ਬਾਬਾ ਸਾਹਿਬ ਸਿੰਘ ਜੀ ਨੇ
ਥਾਂ ਪਾਸੋਂ ਹੀ ਅੰਮ੍ਰਿਤ ਪਾਨ ਕੀਤਾ ਸੀ ਤਦੋਂ ਸ੍ਰੀ ਤਖਤ ਸਾਹਿਬ ''ਕੇਸਗੜ੍ਹ'' ਦੇ ਪੰਜ ਪਿਆਰਿਆਂ
ਇਹ ਪ੍ਰਮੁਖ ਸਹੇਦਾਰ ਸਨ ।

ਸਮਾਂ ਪਾ ਕੇ ਬਾਬਾ ਸਾਹਿਬ ਸਿੰਘ ਬੇਦੀ ਜੀ ਤੋਂ ਸ਼ੰਤ ਬਾਬਾ ਭਾਗ ਸਿੰਘ ਜੀ ਨੇ ਅੰਮ੍ਰਿਤ ਪਾਨ
ਨ ਤੇ ਉਦਾਸੀ ਬਾਣਾ ਪਹਿਲੇ ਦਾ ਤਿਆਗ ਕਰ ਦਿਤਾ ਸੀ । ਇਹ ਜ਼ਿਕਰ ਰਾਜਾ ਜੋਰੀ ਪੁਸਤਕ ਵਿਚ
ਪੰਡਿਤ ਤੇ ਸ਼ਹਿਜੋਗ ਦੇ ਜਾਣਕਾਰ ਅਭਿਆਸੀ ਅਤੇ ਆਤਮ ਰਸੀਏ ਜਪ ਤਪ ਤੇਜ ਦੇ ਪੁੰਜ ਸਨ। ਪੰਡਿਤ
ਸਿੰਘ ਨੇ ਇਹਨਾਂ ਵਿਚ ਉਹ ਸਾਰੇ ਵਸਫ ਦਸੇ ਹਨ, ਜੋ ਪੂਰਨ ਸੰਤਾਂ ਮਹਾਂ ਪੁਰਖਾਂ ਦੇ ਗੁਰੂ ਗ੍ਰੰਥ ਜੀ

Scanned with CamScanner

ਵਿਚ ਗੁਰੂ ਅਰਜਨ ਦੇਵ ਜੀ ਨੇ ਫੁਰਮਾਏ ਹਨ ਕਿ ਦਰਸ਼ਨ ਮਾਤਰ ਨਾਲ ਹੀ ਅਭਿਲਾਖੀਆਂ ਨੂੰ ਨਿਹਾਲ ਕਰਦੇ ਸਨ।

ਸਾਧ ਕੈ ਸੰਗ ਨਹੀ ਕਿਛੁ ਘਾਲ ॥ ਦਰਸਨ ਭੇਟਤ ਹੋਤ ਨਿਹਾਲ ॥

ਐਸੇ ਸੰਤ ਭਾਗ ਸਿੰਘ ਜੀ ! ਜੋ ਗੁਰੂ ਥਾਥਾ ਸਾਹਿਬ ਸਿੰਘ ਜੀ ਤੋਂ ਨਾਮ ਅੰਮ੍ਰਿਤ ਦੀ ਦਾਤ ਨਾਲ ਵਰੋਸਾਏ ਸਿਖ ਸਨ ਉਹਨਾਂ ਪ੍ਰਤੀ ਵੀ ਨਮਸਕਾਰ ਕਰਦੇ ਦੇ ਸਹਾਇਤਾ ਚਾਹੁੰਦੇ ਹਨ। ਫਿਰ ਇਹਨਾਂ ਦੇ ਚਰਨ ਸੇਵਕ ਸੰਤ ਬੀਰ ਸਿੰਘ ਜੀ (ਨੌਰੰਗਾਬਾਦੀਏ) ਪ੍ਰਥਾਇ ਵੀ ਨਮਸਕਾਰ ਕਰਦੇ ਅਤੇ ਇਹਨਾਂ ਨੂੰ "ਸੂਰਬੀਰ ਬਚਨ ਕੇ ਬਲੀ" ਪ੍ਰਗਟ ਕਰਦੇ ਹਨ ਕਿ ਜਿਹਨਾਂ ਨੇ ਆਪਣੇ ਪਵਿਤਰ ਕੀਮਤੀ ਅਤੇ ਸੂਰਬੀਰ ਸਰੀਰ ਦੇ ਟੁਕੜੇ ਟੁਕੜੇ ਕਰਵਾ ਲਏ ਸਨ ਪਰ ਆਪਣੀ ਪੰਨਾਹ ਵਿਚ ਲੀਤੇ ਸਰਦਾਰ ਅਤਰ ਸਿੰਘ ਜੀ ਸੈਧਾ ਵਾਲ਼ੀਏ ਨੂੰ ਜੀਂਦੇ ਜੀ ਰਾਜਾ ਹੀਰਾ ਸਿੰਘ ਡੋਗਰੇ ਦੇ ਹੱਥਾਂ ਵਿਚ ਨਹੀਂ ਫੜਾਇਆ ਸੀ। ਵਿਦਵਾਨ ਲੇਖਕ ਪੰਡਤ ਸ਼ੋਰ ਸਿੰਘ ਨੇ ਇਸ ਜ਼ਿਕਰ ਨੂੰ "ਗੁਰ ਬਿਲਾਸ" ਵਿਚ ਇਉਂ ਲਿਖਿਆ–

"ਨਾਥੰ ਬੀਰ ਹਰਿ ਨੌਮਿ ਵੇਦਾਂਤਾ ਚਾਰਯ ਰੂਪ ਧ੍ਰਿਕ ॥
ਸਰਣਾਪਿਤ ਚਾ ਵਨਾਯਸ਼ੂ ਤਨੂੰ ਤਨੁ ਭ੍ਰਿਤੰ ॥ ੨੦ ॥

ਭਾਵ–ਮੇਰੇ ਪ੍ਰਾਣ ਨਾਥ ਸ੍ਰੀਮਾਂ ਵਿਬਟ ਦੇਵ ਸਰਬ ਕੀ ਯਾਚਨਾ ਕਾਮਨਾ (ਸ੍ਰੀ ਗੁਰੂ ਅਮਰਦਾਸ ਜੀ ਵਤ) ਪੂਰਣ ਕਰਣੇ ਹਾਰੇ, ਸਰਬ ਇੰਦ੍ਰੀਯਗਣ ਸਤਰੂਆਂ ਕੋ ਜੀਤਨ ਹਾਰੇ, ਬਾਲ ਬ੍ਰਹਮਚਾਰੀ ਉਰਧਰੇਤ : ਯੋਗੀ ਰਾਜ, ਆਸਰੀ ਸੰਪਤੀ ਕੋ ਮ੍ਰਿਗਵਤ ਨਾਸ਼ ਕਰਨੇ ਹਾਰੇ ਸ਼ਿਖ ਰੂਪ–ਪੁਤੰਗਯਾ ਪਾਲਨ ਵਾਲ਼ਯੋਂ ਮੈਂ–ਰਾਜਾ ਹਰੀ ਚੰਦ, ਰਾਜਾ ਦਸਰਥ, ਰਾਜਾ ਭਿਵੀ, "ਰਾਜਾ, ਸ੍ਰੀ ਰਾਮ ਚੰਦਰ" ਵਤ ਹੈਂ। ਪਰਮ ਸੂਰਬੀਰ ਤੇਜਸ੍ਵੀ, ਸਤਯ ਵਾਕਯ ਬ੍ਰਹਮ ਵਿਦਿਆ ਕੋ ਆਚਾਰਯ ਰੂਪ, ਜਿਹਨੋਂ ਨੇ ਆਪਣੇ ਸਰੀਰ ਕੋ ਟੁਕੜੇ ਟੁਕੜੇ ਕਰਾਏ ਭਾਰੇ। ਪ੍ਰਭੂ ਸ਼ਤਰੂਆਂ ਕੇ ਹਾਥ ਆਪਣੀ ਸਰਨਾਗਤ ਆਏ (ਸ: ਅਤਰ ਸਿੰਘ ਜੀ) ਨਹੀਂ ਦੀਏ। ਐਸੇ ਜੋ ਸ੍ਰੀ ਗੁਰੂ ਬੀਰ ਸਿੰਘ ਜੀ ਹੈਂ ਤਿਨ ਕੇ ਪਾਕ ਪਦਮੋਂ ਕੇ ਚਰਣੋਂ ਪਰ ਸਿਰ ਧਰ ਕਰ ਨਮਸਕਾਰ ਕਰਤਾ ਹੂੰ।

ਐਸੇ ਹੀ ਸੰਤ ਪੰਡਤ ਸ਼ੋਰ ਸਿੰਘ ਨੇ ਹੁਣ ਆਪਣੇ ਨਾਮ ਅੰਮ੍ਰਿਤ ਦਾਤੇ ਸੰਤ ਬਾਬਾ ਖੁਦਾ ਸਿੰਘ ਜੀ ਦੀ ਥੜੈ ਸ਼ੁੰਦਰ ਸ਼ਬਦਾਂ ਨਾਲ ਸੰਸਕ੍ਰਿਤ ਵਿਚ ਲਿਖੇ ਇਕ ਸਲੋਕ ਰਾਹੀਂ ਅਰਾਧਨਾ ਕੀਤੀ ਹੈ ਜੋ ਇਹ ਹੈ–

"ਤੁਰਕ ਤਰਕਾਦੀ ਜੋਤਾਰੰ ਖੁਦਾ ਸਿੰਘੰ ਤਿਨਾਮਕੰ"
ਬ੍ਰਹਮ ਰੂਪੰ ਸਦਾ ਵੰਦੇ ਸਵੈ ਗੁਰੰ ਪਰਮੇਸ਼ੂਰੰ ॥

ਭਾਵ–(ਮੇਰੇ ਨਾਮ ਮੰਤ੍ਰ ਦਾਤੇ) ਸ੍ਰੀ ਗੁਰੂ ਖੁਦਾ ਸਿੰਘ ਸਾਖਿਆਤ ਬ੍ਰਹਮ ਰੂਪ, ਵੈਦਾਂਤ ਕੀ ਸ਼ੁਧ ਸੰਪ੍ਰਦਾਇ ਕੋ ਪ੍ਰਵਿਰਤਕ, ਤੁਰਕੋਂ ਕੀ ਤਰਕੋਂ ਕੋ ਜੀਤਨੇ ਵਾਲੇ, ਸਰਬ ਸ਼ੁਭ ਲਛਨੋਂ ਕੇ ਸ੍ਰੰਪੰਨ ਹੈ–ਫਿਰ ਇੰਦਰੇ ਜਿਤ ਅਤੇ ਗਿਆਨ ਮੂਰਤ ਪ੍ਰੰਨ ਮੁਖ, ਸਦਾ ਹੀ ਆਪਣੇ ਸਵੈ ਸਰੂਪ ਸਰਬ ਵਿਆਪੀ ਕੇ ਧਿਆਨ ਮੈਂ ਬਿਰਾਜਮਾਨ ਰਹਿਣ ਵਾਲੇ ਹਨ, ਉਹਨਾਂ ਦੇ ਚਰਨ ਕੰਵਲਾਂ ਪਰ ਵੀ ਨਮਸਕਾਰ ਹੈ ਕਿ ਉਹ ਵੀ ਮੇਰੀ ਇਸ ਗਰੰਥ ਦੀ ਸੰਪੂਰਨਤਾ ਤੀਕ ਆਤਮਕ ਸਹਾਇਤਾ ਤੇ ਬੁਧੀ ਨੂੰ ਪ੍ਰਕਾਸ਼ ਕਰਦੇ ਰਹਿਣ।

ਸੰਤ ਬੀਰ ਸਿੰਘ ਨੇ ਇਸ ਸ਼ਬਦ (ਸ੍ਰੀ ਮੁਖਵਾਕ) ਦਵਾਰਾ ਵੀ ਗੁਰੂ ਉਸਤਤ ਕੀਤੀ।

ਰੋਂਡ ਮਹਲਾ ੫

ਗੁਰੂ ਗੁਰੂ ਗੁਰ ਕਰਿ ਮਨ ਮੋਰ ॥ ਗੁਰੂ ਬਿਨਾ ਮੈ ਨਾਹੀ ਹੋਰ ॥
ਗੁਰ ਕੀ ਟੇਕ ਰਹੁ ਦਿਨ ਰਾਤ ॥ ਜਾਕੀ ਕੋਇ ਨ ਮੇਟੈ ਦਾਤਿ ॥
ਗੁਰ ਪਰਮੇਸਰੁ ਏਕੋ ਜਾਣ ॥ ਜੋ ਤਿਸ ਭਾਵੈ ਸੋ ਪਰਵਾਣ ॥.....

ਇਸ ਤੋਂ ਹੋਠਾਂ ਇਕ ਹੋਰ ਸ਼ਬਦ ਵੀ ਗੁਰੂ ਉਸਤਤ ਦੇ ਸਬੰਧ ਵਿਚ ਲਿਖਿਆ–

ਰੋਂਡ ਮਹਲਾ ੫

ਗੁਰ ਮੇਰੀ ਪੂਜਾ ਗੁਰ ਗੋਬਿੰਦ ॥ ਗੁਰ ਮੇਰਾ ਪਾਰਬ੍ਰਹਮ ਗੁਰ ਭਗਵੰਤ ॥
ਗੁਰ ਮੇਰਾ ਦਿਉ ਅਲਖ ਅਭੇਉ ॥ ਸਰਬ ਪੂਜ ਚਰਨ ਗੁਰ ਸਿਉ ॥੧॥ਰਹਾਉ॥
ਗੁਰ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥ ਗੁਰ ਗੋਪਾਲ ਪੁਰਖ ਭਗਵਾਨ ॥
ਗੁਰ ਕੀ ਸਰਣਿ ਰਹਉ ਕਰ ਜੋਰਿ ॥ ਗੁਰੂ ਬਿਨਾਂ ਮੈ ਨਾਹੀ ਹੋਰੁ ॥੨॥
ਗੁਰ ਬੋਹਿਥ ਤਾਰੇ ਭਵ ਪਾਰ ॥ ਗੁਰ ਸੇਵਾ ਜਮ ਤੇ ਛੁਟਕਾਰਿ ॥
ਅੰਧਕਾਰ ਮੈ ਗੁਰ ਮੰਤ੍ਰੁ ਉਜਾਰਾ ॥ ਗੁਰ ਕੈ ਸੰਗਿ ਲਗੈ ਨਿਸਤਾਰਾ ॥੩॥
ਗੁਰ ਪੂਰਾ ਪਾਈਐ ਵਡਭਾਗੀ ॥ ਗੁਰ ਕੀ ਸੇਵਾ ਦੂਖ ਨ ਲਾਗੀ ॥
ਗੁਰ ਕਾ ਸਬਦ ਨ ਮੇਟੈ ਕੋਇ ॥ ਗੁਰ ਨਾਨਕ ਨਾਨਕ ਹਰਿ ਸੋਇ ॥੪॥

ਉਕਤ ਗੁਰੂ ਸ਼ਬਦਾਂ ਰਾਹੀਂ ਗੁਰੂ ਉਸਤਤ ਕੀਤੇ ਉਪ੍ਰੰਤ ਸੰਤ ਸ਼ੋਰ ਸਿੰਘ ਜੀ ਨੇ ਪੁਰਾਤਨ ਲੇਖਕਾਂ ਦੀ ਰੀਤੀ ਦਾ ਪਾਲਨ ਕਰਦੇ ਹੋਇਆਂ ਸ੍ਰੀ ਵਾਕ ਬਾਣੀ ਸੁਰਸ੍ਰਤੀ ਤੇ ਗਣੇਸ਼ ਜੀ ਦਾ ਸੰਸਕ੍ਰਿਤੀ ਸਲੋਕ ਰਾਹੀਂ ਐਸਾ ਅਰਾਧਨ ਕੀਤਾ।

ਸਾਰਦਾ ਗਣ ਨਾਥੰ ਚ ਨਤ੍ਵਾ ਸੁ ਬੁਧਿਵੰ ਪ੍ਰਭੂੰ ॥
ਮਾਯਾ ਦ੍ਰੀ ਹਰਿ ਨਾਮ ਨੇ ਕਥਾ ਸੰਗਮੁ ਕ੍ਰੀਯਤੇ ॥੨੨॥

ਭਾਵ–ਸ੍ਰੀ ਸਾਰਦਾ ਸਰਸ੍ਵਤੀ ਅਤੇ ਸ਼ਰੇਸ਼ਟ ਬੁਧੀ ਦਾਇਕ ਗਣੇਸ਼ ਜੀ ਤਾਈਂ ਆਦਰ ਸਹਿਤ ਨਮਠਕਾਰ ਕਰਦਾ ਹੋਇਆ–ਮੈਂ (ਸ਼ੋਰ ਸਿੰਘ) ਤਿਨ ਗੁਰੂਉਂ ਸ੍ਰੀ ਬਾਬਾ ਸਾਹਿਬ ਸਿੰਘ ਬੇਦੀ, ਬਾਬਾ ਭਾਗ ਸਿੰਘ ਤੇ ਸੰਤ ਬਾਬਾ ਬੀਰ ਸਿੰਘ ਜੀ ਦੀ ਕਥਾ ਦਾ ਸੰਗ੍ਰਹਿ ਇਸ ਬੀਰ ਮ੍ਰਿਗੇਸ਼ ਗਰੰਥ (ਗੁਰ ਬਿਲਾਸ) ਵਿਚ ਹੁਣ ਲਿਖਣਾ ਸ਼ੁਰੂ ਕੀਤਾ ਹੈ। ਉਮੀਦ ਹੈ ਇਸ ਦੀ ਸਮਾਪਤੀ ਤੀਕ ਸਹਾਇਕ ਹੁੰਦੇ ਰਹਿਣਗੇ।

ਸੰਤ ਪੰਡਤ ਸ਼ੋਰ ਸਿੰਘ ਜੀ ਨੇ ਸ੍ਰੀ ਅਕਾਲ ਪੁਰਖ ਦਾ ਮੰਗਲਾ ਚਰਨ ਮੂਲ ਮੰਤਰ ਰਾਹੀਂ ਤੇ ਦਸ ਗੁਰੂ ਸਾਹਿਬਾਨ–ਗੁਰੂ ਖਾਲਸਾ ਤੋਂ ਉਪ੍ਰੰਤ ਆਪਣੀ ਸੰਪ੍ਰਦਾਇ ਦੇ ਸੰਤਾਲਕਾਂ ਦੀ ਅਰਾਧਨਾ ਮਗਰੋਂ ਇਸ ਉਕਤ ਗਰੰਥ (ਬੀਰ ਮ੍ਰਿਗੇਸ਼) ਨੂੰ ਸ਼ੁਰੂ ਕੀਤਾ ਸੀ। ਹੁਣ ਉਹ ਇਸ ਗਰੰਥ ਦੇ ਆਰੰਭ ਵਿਚ ਸਭ ਤੋਂ

Scanned with CamScanner

ਪਹਿਲੇ ਸ੍ਰੀ ਬਾਬਾ ਸਾਹਿਬ ਸਿੰਘ ਸਾਹਿਬ ਬੇਦੀ ਜੀ ਦਾ ਜੀਵਨ ਸਮਾਚਾਰ ਲਿਖਦੇ ਹਨ। ਉਹਨਾਂ ਇਹ ਵੀ ਦਸਿਆ ਹੈ ਕਿ ਇਸ ਗਰੰਥ ਦੇ ਲਿਖਣ ਦੀ ਪ੍ਰੇਰਨਾ ਇਹਨਾਂ ਨੂੰ ਸਮਕਾਲੀ ਸ੍ਰੀ ਹੀਰਾ ਸਿੰਘ ਜੀ ਅਤੇ ਭਾਈ ਪ੍ਰੇਮ ਸਿੰਘ ਨਾਮੀ ਮਹਾਂ ਪੁਰਖਾਂ ਨੇ ਕੀਤੀ ਫਿਰ ਹੋਰ ਕਈ ਸਜਣਾਂ ਦੀ ਪ੍ਰੇਰਨਾਂ ਤੇ ਆਗਿਆ ਦਾ ਪਾਲਨ ਕਰਦੇ ਹੋਇਆਂ–ਵਾਰਤਕ ਰੂਪ ਦਾ ਲਿਖਿਆ ਹੈ। ਇਤਨਾ ਕੁਝ ਦੱਸ ਕੇ ਸੁਘੜ ਸੈਂਤ ਪੰਡਤ ਸ਼ੇਰ ਸਿੰਘ ਨੇ ਸਭ ਤੋਂ ਅਖੀਰ–ਸ੍ਰੀ ਗੁਰੂ ਗਰੰਥ ਸਾਹਿਬ ਦੀ ਉਸਤਤੀ ਵਿਚ ਐਸਾ ਲਿਖਿਆ ਹੈ।

ਗੁਰੂ ਗ੍ਰੰਥੰ ਸਦਾ ਨੌਮਿ ਸਰਬੋਖਾਂ ਗੁਰੂਜਾਂ ਸ੍ਰਯੰ ॥
ਗਿਆਨਾਂ ਵਤਾਰ ਰੂਪੰਹਿ ਤਾਰਕੰ ਵਿਘ੍ਨ ਮਾਤਤਾ : ੨੭

ਭਾਵ-ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਸਦਾ ਹੀ ਤੇ ਹਰ ਸਮੇਂ ਮੈਂ ਨਮਸਕਾਰ ਕਰਦਾ ਹਾਂ। ਇਸ ਵਾਸਤੇ ਕਿ ਸ੍ਰੀ ਗੁਰੂ ਕ੍ਰਿਤ (ਗੁਰੂ) ਗਰੰਥ ਬਾਹਿਬ ਸਾਰੇ ਸਤਿਗੁਰੂਆਂ ਦਾ ਸਰੂਪ ਹਨ। ਫੇਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਫੁਰਮਾਇਆ ਹੈ–

ਗੁਰੂ ਗਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ ॥
ਜਾਂ ਕਾ ਹਿਰਦਾ ਸ਼ੁਧ ਹੈ ਖੋਜ ਸ਼ਬਦ ਮੈ ਲੇਹ ॥

ਇਥੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਪ੍ਰੇਮ ਪਿਆਰ ਵਿਚ ਭਿਜੇ ਹੋਇਆਂ ਸੈਂਤ (ਪੰਡਤ) ਸ਼ੇਰ ਸਿੰਘ ਜੀ ਨੇ ਆਪਣੇ ਢੰਗ ਦੀ ਲਿਖਤ ਵਿਚ ਜੋ ਸ਼ਬਦ ਲਿਖੇ ਹਨ–ਥੋੜਾ ਨਮੂਨਾ ਇਹ ਹੈ–

"ਕੈਸੇ ਹੋਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਜੋ ਬ੍ਰਹਮ ਗਿਆਨ ਕਾ ਅਵਤਾਰ "ਏਕ ਪੰਕਸ ਵੇਦ" ਹੈਂਹੀ ਨਿਸ਼ਚੇ ਕਰਕੈ ਸੋ ਕੋਈ ਭੀ ਜੀਵ ਸ਼ਰਧਾ ਭਗਤੀ ਕਰਕੈ ਸਰਬ ਗੁਰੂਉਂ ਕੋ ਅਵਤਾਰ ਜਾਨ ਕੋ ਦਰਸ਼ਨ ਕਰਤੇ ਹੈਂ, ਤਿਨ ਕੋ ਅੰਤਹਿ ਕਰਣ ਸ਼ੁਧੀ ਦਵਾਰਾ ਵ ਗਿਆਨ ਮੋਖ ਦਵਾਰਾ ਤਾਰਕ ਹੈ ਸੈਸਾਰ ਰੂਪੀ ਮਹਾਂ ਭਿਆਨਕ ਸਮੁੰਦਰ ਸੋ ਤਾਰ ਲੇਤੇ ਹੈਂ। ਜਹਾਜ਼ ਰੂਪ ਹੋ ਕੋ ਵ ਸੇਤੂ (ਪੁਲ) ਰੂਪ ਹੋ ਕੋ। ਅਰਥਾਤ ਪ੍ਰਤੀਦਿਨ ਸ਼ਰਧਾ ਭਗਤੀ ਕਰਕੈ ਜੋ ਗੁਰੂ ਗਰੰਥ ਸਾਹਿਬ ਜੀ ਕੋ ਦਰਸ਼ਨ ਕਰਤੇ ਹੈਂ ਤਿਸ ਕੋ ਸੈਸਾਰ ਰੂਪੀ ਸਮੁੰਦਰ ਮੈਂ ਡੂਬਣੇ ਕੋ ਡਰ ਨਹੀਂ ਰਹਿਤੋ। ਸੋ ਨਿਸੰਕ ਪਾਰ ਹੋ ਜਾਤੋ ਹੈ। ਔਰ ਨ ਤਿਸ ਕੋ ਜਮ ਦੂਤ ਆਦਕੋਂ ਕਾ ਡਰ ਰਹਤੋ ਹੈ। ਉਲਟਾ ਜਮਦੂਤ ਤਿਸ ਕੋ ਡਰ ਕਰਕੈ ਪ੍ਰਣਾਮ ਕਰਤੇ ਹੈਂ–ਤਥਾ ਸ੍ਰੀ ਮੁਖ ਵਾਕਯ– "ਨਾਨਕ ਧਰਮ ਐਸੇ ਚਵੈ ਕੀਉਨ ਭਵਨ ਪੁਨੀਤ।"

ਲੇਖਕ ਸ਼ੇਰ ਸਿੰਘ ਜੀ ਨੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਮਹਿਮਾ ਉਪ੍ਰੰਤ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਪੰਥ ਪ੍ਰਥਾਇ ਵੀ ਇਕ ਸੰਸਕ੍ਰਿਤੀ ਸਲੋਕ ਉਸਤਤ ਵਿਚ ਲਿਖ ਕੇ ਪ੍ਰਣਾਮ ਕੀਤੀ ਹੈ ਇਉਂ ਹੈ–

"ਸ੍ਰੀ ਗੋਬਿੰਦ ਹਰੇ : ਪੰਥੰ ਵੈਚ ਪੁਨ : ਪੁਨ :
ਕਾਲ ਰੂਪੰਹਿ ਤੁਰਕਾਣਾਂ ਗੋ ਦ੍ਵਿਜਾਨਾਂਚ ਰਖਯੰ ॥੨੮॥

ਭਾਵ–ਵਿਸ਼ਨ ਰੂਪ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੈ ਉਹਨਾਂ ਦੇ ਖਾਲਸਾ ਪੰਥ ਪ੍ਰਤੀ ਵੀ ਮੈਂ

ਸਦੀਵ ਕਾਲ ਪ੍ਰਣਾਮ ਕਰਦਾ ਹਾਂ ਵਾਰੰ ਵਾਰ। ਸ੍ਰੀ ਗੁਰੂ ਜੀ ਦਾ ਖਾਲਸਾ ਪੰਥ ਸਾਖਿਆਤ ਹੀ ਤੁਰਕ ਕੁਲ ਦਾ ਕਾਲ ਰੂਪ ਹੈ। ਫਿਰ ਸਾਧੂ ਸੈਂਤ ਗਊ ਗਰੀਬ ਬ੍ਰਾਹਮਣ, ਅਤੇ ਵੈਦਕ ਸਨਾਤਨ ਧਰਮ ਦਾ ਰਖਿਯਕ ਹੈ–

ਲੇਖਕ ਪੰਡਤ ਸ਼ੇਰ ਸਿੰਘ ਦੀ ਗੁਰੂ ਗਰੰਥ ਜੀ ਪ੍ਰਤੀ ਭਾਵਨਾ ਅਤੇ ਗੁਰੂ ਜੀ ਦੇ ਖਾਲਸਾ ਪੰਥ ਪ੍ਰਥਾਏ ਪ੍ਰਗਟਾਏ ਵਿਚਾਰ ਬਹੁਤ ਵਿਸ਼ਾਲ ਹਨ। ਉਹ ਲਿਖਦੇ ਹਨ ਕਿ ਭਾਰਤੀ ਹਿੰਦੂ ਲੋਕ ਇਵੇਂ ਤੀਕ ਨਿਰਬਲ ਤੇ ਕਾਇਰ ਭਰਪੋਕ ਹੋ ਚੁਕੇ ਸਨ ਕਿ (ਅਹਿੰਸਾ ਪਰਮੋ ਧਰਮਾਂ–ਆਪਣਾਂਦੇ ਹੋਇਆਂ) ਕਿਸੇ ਦੇ ਹੱਥ ਵਿਚ ਤਲਵਾਰ ਦੇਖਦੇ ਜਾਂ ਤਲਵਾਰ ਨਾਲ ਕਿਸੇ ਦਾ ਖੂਨ ਵਗਦਾ ਦੇਖਦੇ ਤਾਂ ਮੂਰਛਿਤ ਹੋ ਜਾਂਦੇ ਸਨ–ਇਹ ਗੁਰੂ ਦਸਮੇਸ਼ ਜੀ ਦੇ "ਨਾਮ ਮੰਤਰ ਅੰਮ੍ਰਿਤ" ਦੀ ਬਰਕਤ ਅਤੇ ਕਦਰ ਕਰਾਮਾਤ ਹੈ ਕਿ ਕਾਇਰ ਗਿਦੜਾਂ ਜਿਹਾ ਵੀ ਅੰਮ੍ਰਿਤ ਪਾਨ ਕੀਤੇ ਮਰਗੋਂ ਜੁਧ ਮੈਦਾਂ ਵਿਚ ਤਲਵਾਰ ਢੜ ਕੇ ਸ਼ੇਰਾਂ ਵਾਂਗੂੰ ਗਰਜਦੇ ਹੋਇਆਂ–ਤੁਰਕਾਂ ਸੂਰਬੀਰਾਂ ਮੁਗਲਾਂ ਅਤੇ ਪਠਾਨਾਂ ਨੂੰ ਮੂਲੀਆਂ ਗਾਜਰਾਂ ਵਾਂਗੂੰ ਕੱਟ ਵੱਢ ਕੇ ਸੁਟਦੇ ਰਹੇ ਸੀ ਇਸ ਤੋਂ ਵਧ ਕੇ ਗੁਰੂ ਦਸਮੇਸ਼ ਜੀ ਦੀ ਕ੍ਰਿਪਾ ਦ੍ਰਿਸ਼ਟ ਦੇਖੇ ਦਾ ਅਤੇ ਕਲਾ ਬਖਤ ਪ੍ਰਗਟਾਇ ਦਾ ਹੋਰ ਕੀ ਸਬੂਤ ਹੋ ਸਕਦਾ ਹੈ।

ਨੋਟ–ਸ੍ਰੀ ਵੀਰ ਮ੍ਰਿਗੇਸ਼ ਗਰੰਥ ਵਿਚ ਪੰਡਤ ਸ਼ੇਰ ਸਿੰਘ ਨੇ ਸ਼ੁਰੂ ਤੋਂ ਇਵੇਂ ਤੀਕ ਜੋ ਆਰੰਭਿਕ ਮੰਗਲਾ ਚਰਨ ਸੀ, ਸ੍ਰੀ ਨਿਰੰਕਾਰ ਅਤੇ ਸਤਿਗੁਰਾਂ ਦੇ ਸਤਿਕਾਰ ਵਿਚ ਵਿਸਥਾਰ ਨਾਲ ਲਿਖੇ ਹਨ ਅਸੀਂ ਸੈਖੇਪ ਰੂਪ ਪੰਜਾਬੀ ਵਿਚ ਲਿਖ ਦਰਸਾਏ ਹਨ। ਸਿਆਣੇ ਪਾਠਕਾਂ ਨੇ ਅਨੁਭਵ ਕੀਤਾ ਹੋਣਾ ਹੈ ਕਿ ਆਪਣੇ ਇਸ "ਗਰੰਥ ਵੀਰ ਮ੍ਰਿਗੇਸ਼" ਗ੍ਰੰਥ ਵਿਲਾਸ ਦੀ ਸੰਪੂਰਨਤਾ ਅਤੇ ਸਫਲਤਾ ਵਾਸਤੇ ਉਹਨਾਂ ਨੇ ਸ੍ਰੀ ਅਕਾਲ ਪੁਰਖ ਤੋਂ ਲੈਕੇ ਆਦਿ ਸਤਿਗੁਰੂ ਨਾਨਕ ਦੇਵ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਗੁਰੂ ਗਰੰਥ ਸਾਹਿਬ, ਖਾਲਸਾ ਪੰਥ ਤੀਕ, ਫਿਰ ਆਪਣੇ ਪ੍ਰਤੀ ਨਾਮ ਅੰਮ੍ਰਿਤ ਦਾਤੇ, ਸੈਂਤਾਂ ਮਹਾਂਪੁਰਖਾਂ ਦੀ ਉਸਤਤੀ ਰਾਹੀਂ ਕਿਤਨੀਆਂ ਤਰਲੇ ਮਿੰਨਤਾਂ ਕੀਤੀਆਂ ਹਨ ਕਿ ਇਹ ਗਰੰਥ ਨਿਰਵਿਘਨ ਤੋੜ ਚੜ ਜਾਏ।

ਵਿਦਵਾਨ ਲੇਖਕ (ਪੰਡਤ ਸ਼ੇਰ ਸਿੰਘ) ਸਮਝਦੇ ਸਨ ਕਿ ਇਹ ਨਾਵਲ ਕਹਾਣੀ ਨਹੀਂ, ਬਲਕਿ ਸਿਖ ਧਰਮ ਸਿਧਾਂਤਾਂ ਅਤੇ ਸਿਖ ਰਾਜ ਨਾਲ ਸਬੰਧਤ ਇਤਿਹਾਸਕ ਸਮਾਚਾਰਾਂ ਦਾ ਸੈਗ੍ਰਹਿ ਹੈ, ਤੇ ਇਸ ਦੇ ਪਾਠਕਾਂ ਪ੍ਰਤੀ ਪੂਰੀ ਜਾਣਕਾਰੀ ਹੋ ਜਾਇਗੀ ਕਿ ਖਾਲਸਾ ਪੰਥ ਦੇ ਸਾਜਨ ਹਾਰੇ (ਗੁਰੂ ਗੋਬਿੰਦ ਸਿੰਘ ਜੀ) ਨੇ ਖਾਲਸਾ ਸਾਜ ਕੇ ਕਿਹੜੇ ਕਿਹੜੇ ਕੁਜਾਂ ਸੈਪੰਨ ਕੀਤਾ ਤੇ ਉਹਨਾਂ ਪ੍ਰਤੀ "ਖਾਲਸਾ ਮੇਰੋ ਸ਼ਾਜਨ ਸੂਰਾ, ਖਾਲਸਾ ਮੇਰੋ ਸਤਿਗੁਰ ਪੂਰਾ" ਫੁਰਮਾਇਆ ਸੀ। ਫਿਰ ਜਿਸ ਰਹਿਣੀ ਵਿਚ ਰਹਿ ਕੇ ਖਾਲਸਾ ਜੀ ਨੇ ਰਾਜ ਕੀਤਾ ਅਤੇ "ਸਭੇ ਸਾਂਝੀਵਾਲ ਸਦਾਇਨ" ਦਾ ਸਬੂਤ ਦਿਤਾ ਸੀ, ਉਸ ਪਵਿਤਰ (ਰਹਿਤ ਮਰਿਯਾਦਾ) ਰਹਿਣੀ ਦਾ ਤਿਆਗ ਹੋਇ ਨਾਲ ਸਿਖ ਰਾਜ ਦਾ ਜਿਵੇਂ ਪਤਨ ਹੋਇਆ ਸੀ ਉਹ ਅਖੀਂ ਡਿਠੇ ਤੇ ਕੰਨੀਂ ਸੁਣੇ ਹਾਲ ਉਕਤ ਗਰੰਥ "ਵੀਰ ਮ੍ਰਿਗੇਸ਼" ਵਿਚ ਨਿਰਛੈਤਾ ਨਾਲ ਉਹਨਾਂ ਦਰਸਾਏ ਸਨ।

ਇਹ ਕੰਮ ਬਹੁਤ ਮੁਸ਼ਕਲ ਸੀ। ਇਸੇ ਕਾਰਨ ਇਸ ਦੀ ਸਫਲਤਾ ਵਾਸਤੇ ਉਹਨਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਰਤੀ ਰੀਤ ਮਰਿਯਾਦਾ ਅਨੁਸਾਰ ਅਕਾਲ ਪੁਰਖ ਤੇ ਸਾਰੇ ਸਤਿਗੁਰਾਂ ਤੋਂ ਸਹਾਇਤਾ ਦੀ ਮੰਗ ਕੀਤੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੈਸਾ ਮਹਾਂ ਕਾਵ ਕਥਤਾ ਨਾ ਕੋਈ ਇਸ ਜ਼ਮਾਨੇ ਵਿਚ ਹੋਇਆ ਤੇ ਨਾ

Scanned with CamScanner

ਵੇਗਾ। ਉਹਨਾਂ ਨੇ ਸ੍ਰੀ ਦਸਮ ਗਰੰਥ ਅਤੇ "ਸ੍ਰੀ ਸਰਬ ਲੋਹ ਗਰੰਥ" ਦੀ ਰਚਨਾ ਕੀਤੀ। ਉਹ ਸਰਬ ਲੋਹ ਤੇ ਸਰਬ ਕਾਵਿ ਕਲਾ ਰੀਤ ਵਿਚ ਸੰਪੰਨ, ਤੇ ਨਿਪੁੰਨ ਹਨ, ਫਿਰ ਵੀ ਉਹਨਾਂ ਨੇ ਸ੍ਰੀ ਬਚਿਤ੍ਰ ਨਾਟਕ ਗਰੰਥ ਲਿਖਣ ਤੋਂ ਪਹਿਲੇ ਸ੍ਰੀ ਅਕਾਲ ਪੁਰਖ ਤੋਂ ਸਹਾਇਤਾ ਦੀ ਐਸੀ ਮੰਗ ਕੀਤੀ ਸੀ।

ਦੋਹਿਰਾ–ਨਮਸਕਾਰ ਸ੍ਰੀ ਖੜਗ ਕੋ ਕਰੋ ਸੁ ਹਿਤ ਚਿਤ ਲਾਇ ॥
ਪੂਰਨ ਕਰੋ ਗਰੰਥ ਇਹ ਤੁਮ ਮੁਹਿ ਕਰਹੁ ਸਹਾਇ ॥੧॥

ਫਿਰ "ਚੰਡੀ ਚਰਿਤ੍ਰ ਉਕਤ ਬਿਲਾਸ" ਲਿਖਨ ਤੋਂ ਪਹਿਲੇ ਅਕਾਲ ਪੁਰਖ ਦੀ ਉਸਤਤ ਕਰਦੇ ਐਸਾ ਲਿਖਦੇ ਹਨ–

ਦੋਹਿਰਾ–ਕਿਰਪਾ ਸਿੰਧ ਤੁਮਰੀ ਕਿਰਪਾ ਜੋ ਕਛੁ ਮੋ ਪਰਿ ਹੋਇ ॥
ਰਚੋ ਚੰਡਕਾ ਕੀ ਕਥਾ, ਬਾਣੀ ਸੁਭ ਸਭ ਹੋਇ ॥

ਐਸੇ ਹੀ ਸ੍ਰੀ ਰਾਮਾ ਅਵਤਾਰ, (ਰਾਮਾਇਣ ਕਥਾ) ਸਮਾਪਤ ਕੀਤੇ ਮਗਰੋਂ ਦਸਿਆ ਹੈ–

ਦੋਹਿਰਾ–ਨੈਤਰ ਤੁੰਗ ਕੇ ਚਰਨ ਤਰ ਸਤੱਦਵ ਤੀਰ ਤਰੰਗ ॥
ਸ੍ਰੀ ਭਗਵਤ ਪੂਰਨ ਕੀਯੋ ਰਘੁਬਰ ਕਥਾ ਪ੍ਰਸੰਗ ॥
ਸਾਦ ਅਸਾਧ ਜਾਨੋ ਨਹੀ ਬਾਦ ਸੁਬਾਦ ਬਿਬਾਦ ॥
ਗ੍ਰੰਥ ਸਕਲ ਪੂਰਨ ਕੀਓ ਭਗਵਤ ਕ੍ਰਿਪਾ ਪ੍ਰਸਾਦਿ ॥

ਭਾਵ–ਨੈਨਾਂ ਦੇਵੀ ਦੇ ਉਚੇ ਪਰਬਤ ਦੇ ਚਰਨ ਤਰ (ਹੇਠਾਂ) ਸਤਲੁਜ ਨਦੀ ਕਿਨਾਰੇ ਬੈਠ ਕੇ ਸ੍ਰੀ ਭਗਵਤ (ਵਾਹਿਗੁਰੂ) ਦੀ ਕ੍ਰਿਪਾ ਸੇ ਇਸ ਰਘੁਬਰ ਕਥਾ ਪ੍ਰਸੰਗ ਨੂੰ ਪੂਰਨ ਕੀਤਾ ਹੈ–ਇਸ ਦੇ ਸਵਾਦ-ਅਸਵਾਦ ਨੂੰ ਤੇ ਵਾਦ ਵਿਵਾਦ ਅਥਵਾ ਸਰੋਸ਼ਟਤਾਈ ਨੂੰ ਨਹੀਂ ਜਾਣਿਆ, ਇਤਨਾ ਹੀ ਦਸਦਾ ਹਾਂ ਕਿ ਇਸ ਰਘੁਬਰ ਕਥਾ ਦੇ ਗ੍ਰੰਥ (ਰਾਮਾਇਣ) ਨੂੰ ਸ੍ਰੀ ਅਕਾਲ ਜੀ ਦੀ ਕ੍ਰਿਪਾ ਦਾ ਪ੍ਰਸਾਦ ਪਾ ਕੇ ਹੀ ਪੂਰਨ ਕਰ ਸਕਿਆ ਹਾਂ।

ਫੇਰ ਇਤਨਾ ਹੀ ਨਹੀਂ–ਬਲਕਿ ੪੦੪–ਸ੍ਰੀ ਚਰਿਤਰ ਪਖਿਆਨੇ ਸਮਾਪਤ ਕੀਤੇ ਮਗਰੋਂ ਚੋਪਈ ਬੇਨਤੀ ਦੇ ਅਖੀਰ ਵਿਚ ਦਸਿਆ ਕਿ–

"ਕਿਰਪਾ ਕਰੀ ਹਮ ਪਰ ਜਗ ਮਾਤਾ ॥ ਗ੍ਰੰਥ ਕਰਾ ਪੂਰਨ ਸੁਭ ਰਾਤਾ ॥"
ਕਿਲ ਬਿਖ ਸਕਲ ਦੇਹ ਕੋ ਹਰਤਾ ॥ ਦੁਸਟ ਦੋਖੀਅਨ ਕੋ ਛੈ ਕਰਤਾ ॥
ਸ੍ਰੀ ਅਸਤੁਜ ਜਬ ਭਏ ਦਇਆਲਾ ॥ ਪੂਰਨ ਕਰਾ ਗ੍ਰੰਥ ਤਤਕਾਲਾ ॥

ਭਾਵ–ਸ੍ਰੀ ਅਕਾਲ ਪੁਰਖ ਵਿਆਲੂ ਹੋਏ ਤਦ ਗ੍ਰੰਥ ਪੂਰਨ ਕੀਤਾ ਹੈ।

ਐਸੀ ਹੀ ਗੁਰ ਮਰਿਯਾਦਾ ਦਾ ਪੂਰਨ ਪਾਲਣ ਕਰਦੇ ਹੋਇਆਂ "ਕੀਤਾ ਲੋੜੀਐ ਕੰਮ ਸੁ ਹਰ ਪੈ ਆਖੀਐ" ਨੈਸੇ ਗੁਰੂ ਹੁਕਮਾਂ ਅਨੁਸਾਰ–ਵਿਦਵਾਨ ਲੇਖਕ (ਸ਼ੇਰ ਸਿੰਘ ਜੀ) ਨੇ ਅਕਾਲ ਪੁਰਖ ਤੇ ਸਾਰੇ ਸਤਿਗੁਰਾਂ ਪਾਸੋਂ ਸਹਾਇਤਾ ਦੀ ਮੰਗ ਕੀਤੀ ਜੋ ਪ੍ਰਵਾਨ ਹੋਈ ਤੇ ਸਬੂਤ ਵਜੋਂ ੧੯੦੦ ਸਫੇ ਦਾ ਇਤਨਾ ਵੱਡਾ ਗ੍ਰੰਥ (ਸ੍ਰੀ ਬੀਰ ਮ੍ਰਿਗੇਸ਼ ਗੁਰ ਬਿਲਾਸ) ਸਫਲਤਾ ਨਾਲ ਮੁਕਾਇਆ। ਫਿਰ ਸਾਰੇ ਮੰਗਲਾ ਚਰਨਾਂ

ਦੀ ਪੂਰਨ ਸਮਾਪਤੀ ਕੀਤੇ ਮਗਰੋਂ ਉਹ ਦਸਦੇ ਕਿ ਇਸ ਗੁਰ ਬਿਲਾਸ–(ਸ੍ਰੀ ਬੀਰ ਮ੍ਰਿਗੇਸ਼) ਵਿਚ ਜੋ ਜੋ ਕਥਾ ਲਿਖੀ ਹੈ ਉਹ ਉਸ ਸਮੇਂ ਦੀਆਂ ਮਹਾਨ ਵਿਅਕਤੀਆਂ (ਸਮਕਾਲੀ ਸੰਤ ਭਾਈ ਪ੍ਰੇਮ ਸਿੰਘ, ਸ੍ਰੀ ਮਾਨ ਸੰਤ ਭਾਈ ਭਗਵਾਨ ਸਿੰਘ ਜੀ ਅਤੇ ਆਪਣੇ ਪੂਰਤੀ ਨਾਮ ਅੰਮ੍ਰਿਤ ਦਾਤੇ ਗੁਰੂ ਸੰਤ ਖੁਦਾ ਸਿੰਘ) ਜੀ ਦੇ ਸ੍ਰੀ ਮੁਖਾਰਵਿੰਦ ਤੋਂ ਸੁਣੀ ਤੇ ਲਿਖੀ ਹੈ। ਫਿਰ ਸ੍ਰੀ ਹੀਰਾ ਸਿੰਘ ਜੀ ਦੀ ਪ੍ਰੇਰਨਾ ਤੇ ਸਹਾਇਤਾ ਪਾ ਕੇ ਉਸ ਸਮੇਂ ਦੇ (ਧਾਰਮਕ ਤੇ ਰਾਜਨੀਤਕ) ਹਾਲ ਆਪਣੀ ਅਖੀਂ ਵੇਖੇ ਤੇ ਹੋਰ ਕਈ ਸਮਕਾਲੀ ਬਜ਼ੁਰਗਾਂ ਤੋਂ ਸੁਣੇ ਹਾਲ ਵੀ ਇਸ ਗਰੰਥ ਵਿਚ ਲਿਖੇ ਹਨ। ਇਸ ਵਾਸਤੇ ਕਿ ਉਪਕਾਰ ਦਾ ਕੈਮ ਸੀ ਤੇ ਉਕਤ ਸਜਨ ਪੁਰਖਾਂ ਦੀ ਆਗਿਆ ਦਾ ਪਾਲਣ ਕਰਨਾ ਵੀ ਜ਼ਰੂਰੀ ਸੀ। ਦੂਜ ਲੇਖਕ (ਸ਼ੇਰ ਸਿੰਘ ਜੀ) ਨੇ ਪਹਿਲਾਂ ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ ਮਹਾਰਾਜ "ਉਨਾਂ ਸਾਹਿਬ ਵਾਲਿਆਂ" ਦਾ ਜੀਵਨ ਸੰਖੇਪ ਅਤੇ ਸੰਤ ਭਾਗ ਸਿੰਘ ਤੇ ਸੰਤ ਬੀਰ ਸਿੰਘ ਜੀ ਦਾ ਵਿਸਥਾਰ ਨਾਲ ਦਰਸਾਣਾ ਹੈ।

ਸੰਤ ਪੰਡਤ ਸ਼ੇਰ ਸਿੰਘ ਦਸਦੇ ਕਿ ਗੁਰੂ ਬਾਬਾ ਸਾਹਿਬ ਸਿੰਘ ਬੇਦੀ ਦਾ ਜੀਵਨ ਇਸ ਵਾਸਤੇ ਅਸੀਂ ਸੰਖੇਪ ਰੂਪ ਵਿਚ ਦਸਣਾ ਹੈ ਕਿ ਇਸ ਤੋਂ ਪਹਿਲੇ–"ਗੁਰੂ ਸਾਹਿਬ ਸਿੰਘ ਚੰਦੇਵਦ" ਨਾਮ ਦਾ ਮਹਾਂ ਕਾਵਿ ਰੂਪ ਵਿਚ ਲਿਖਿਆ ਅਦਭੁਤ ਗਰੰਥ ਬਾਬਾ ਰੀਡਾ ਸਿੰਘ ਜੀ ਨੇ ਵਿਸਥਾਰ ਵਿਚ ਤਿਆਰ ਕੀਤਾ ਸੀ, ਪਰ ਉਸ ਵਿਚ ਕੁਝ ਜ਼ਰੂਰੀ ਸਾਖੀਆਂ ਜੋ ਉਹਨਾਂ ਸਾਹਮਣੇ ਨਹੀਂ ਆਈਆਂ ਸੀ ਜਾਂ ਸਹਿਜੇ ਲਿਖਣ ਤੋਂ ਰਹਿ ਗਈਆਂ ਸਨ, ਅਸੀਂ ਹੁਣ ਉਹ ਲਿਖਣੀਆਂ ਹਨ ਤੇ ਨਾਲ ਦੇ ਨਾਲ ਅਗੇ ਸਿਖ ਰਾਜ ਦੇ ਸਬੰਧਤ ਰਾਜਸੀ ਸਮਾਚਾਰ ਵੀ ਸੰਤ ਬਾਬਾ ਭਾਗ ਸਿੰਘ, ਸੰਤ ਬਾਬਾ ਬੀਰ ਸਿੰਘ ਅਤੇ ਖੁਦਾ ਸਿੰਘ ਦੇ ਲਿਖਣੇ ਹਨ। ਇਸ ਵਾਸਤੇ ਕਿ ਆਪਣੇ ਸਮੇਂ ਦੇ ਮਹਾਨ ਸਮਰਥਵਾਨ ਆਤਮ ਰਸੀਏ ਸ਼ਹੀਦ ਗਿਆਨੀ ਅਤੇ ਪਰਉਪਕਾਰੀ, ਪੂਰਨ ਸੰਤ ਹੋਏ ਹਨ ਕਿ ਇਹਨਾਂ ਦੀਆਂ ਜੀਵਨ ਕਥਾਵਾਂ ਦੇ ਪ੍ਰਭਾਉ ਨਾਲ ਬਹੁਤਿਆਂ ਦਾ ਉਧਾਰ ਹੋਣਾ ਹੈ।

ਨੋਟ :- ਇਸ "ਤਤਸਾਰ ਗਰੰਥ" ਦੇ ਲੇਖਕ ਵਲੋਂ ਉਕਤ ਭੂਮਿਕਾ ਸਮਾਚਾਰ ਅਸਲ ਗਰੰਥ "ਸ੍ਰੀ ਬੀਰ ਮ੍ਰਿਗੇਸ਼ ਗੁਰ ਬਿਲਾਸ" ਦੇ ਪਹਿਲੇ ੩ ਧਿਆਏ ਅਤੇ ੫੭ ਸਫ਼ੇ ਤਕ ਦਾ ਤਤਸਾਰ (ਨਚੋੜ) ਹੈ। ਅਗੇ ਦੇ ਹੋਰ ਵਿਚਾਰ ਪੜ੍ਹੀਏ।

ਸ੍ਰੀ ਬਾਬਾ ਸਾਹਿਬ ਸਿੰਘ ਬੇਦੀ ਜੀ ਦਾ ਜਨਮ ਕਾਰਣ

ਗੁਰ ਬਿਲਾਸ (ਬੀਰ ਮ੍ਰਿਗੇਸ਼) ਦੇ ਲੇਖਕ ਪੰਡਤ ਸ਼ੇਰ ਸਿੰਘ ਜੀ ਦਸਦੇ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜਦੋਂ ਅਨੰਦਪੁਰ ਨਿਵਾਸ ਰਖਦੇ ਸਨ ਤਾਂ ਉਸੇ ਸਮੇਂ ਸ੍ਰੀ ਬਾਬਾ ਕਲਾਧਾਰੀ ਜੀ (ਜੋ ਗੁਰੂ ਨਾਨਕ ਦੇਵ ਜੀ ਦੀ ਅੱਸ ਵੰਸ ਵਿਚ ੯ਵੀਂ ਥਾਂ ਸਨ) ਉਨ੍ਹੇ ਵਸਦੇ ਸਨ। ਉਹ ਬੜੇ ਕਰਣੀ ਕਰਾਮਾਤ ਵਾਲੇ ਤੇ ਸ਼ਿਕਾਰ ਦੇ ਸ਼ੌਕੀਨ ਵੀ ਸਨ। ਕਈ ਵੇਰੇ ਬਾਬਾ ਕਲਾਧਾਰੀ ਉਨ੍ਹੇ ਤੋਂ ਸ੍ਰੀ ਅਨੰਦਪੁਰ ਆ ਕੇ ਗੁਰੂ ਦਸਮੇਸ਼ ਜੀ ਨਾਲ ਮਿਲਦੇ ਅਤੇ ਕਦੀ ਇਹਨਾਂ ਦੇ ਪ੍ਰੇਮ ਵਸੀ ਹੁੰਦੇ ਹੋਇ ਗੁਰੂ ਸਾਹਿਬ ਵੀ ਉਨ੍ਹੇ ਜਾਇਆ ਕਰਦੇ ਅਤੇ ਮਿਲਵਾਂ ਸ਼ਿਕਾਰ ਖੇਡਦੇ ਹੁੰਦੇ ਸਨ।

ਇਸੇ ਸਬੰਧ ਵਿਚ ਇਕ ਵੇਰ ਗੁਰੂ ਸਾਹਿਬ ਤੇ ਬਾਬਾ ਕਲਾਧਾਰੀ ਜੀ ਸ਼ਿਕਾਰ ਖੇਡਦੇ ਹੋਇਆਂ

Scanned with CamScanner

ਜੰਗਲ ਵਿਚ (ਜੈਤੋਂਹਰਜ ਨੇੜੇ) ਇਕ ਪਲਾਹ ਦੇ ਬ੍ਰਿਛ ਹੇਠ ਦੋਨ ਗਏ ਤੇ ਕਈ ਤਰ੍ਹਾਂ ਦੇ ਬਚਨ ਬਿਲਾਸ ਕਰ ਰਹੇ ਸਨ। ਤਦ ਗੁਰੂ ਸਾਹਿਬ ਦਾ ਪ੍ਰਮੰਨ ਮੁਖ ਦੇਖ ਬਾਬਾ ਕਲਾ ਧਾਰੀ ਜੀ ਨੇ ਯਾਚਨਾ ਕੀਤੀ ਤੇ ਗੁਰੂ ਸਾਹਿਬ ਤੋਂ ਵਰਦਾਨ ਪਾਇਆ ਸੀ। ਜੋ ਸਮਾਂ ਪਾ ਕੇ ਗੁਰੂ ਜੀ ਦੇ ਜੋਤੀ ਸਮਾਏ ਦੇ ੪੯ ਸਾਲ ਮਗਰੋਂ ਬਾਬਾ ਕਲਾਧਾਰੀ ਜੀ ਦੇ ਛੋਟੇ ਸਾਹਿਬਜਾਦੇ (ਬਾਬਾ ਅਜੀਤ ਸਿੰਘ) ਦੇ ਘਰ ਬਾਬਾ ਸਾਹਿਬ ਸਿੰਘ ਜੀ ਦਾ ਜਨਮ ਹੋਇਆ ਸੀ।

ਨੋਟ–ਹੋਰ ਵੀ ਜੋ ਜੋ ਬਚਨ ਬਿਲਾਸ ਇਸ ਮਹਾਨ ਵਿਅਕਤੀ ਬਾਬਤ ਭਵਿਖਤ ਉਚਾਰਨ ਕੀਤੇ ਸਨ, ਸਾਰੇ ਸਚੇ ਸਾਬਤ ਹੋਇ ਤੇ ਜਿਸ ਪਲਾਹ ਹੇਠਾਂ ਓਹਨੇ ਵਾਰਤਾਲਾਪ ਤੇ ਵਰਦਾਨ ਹੋਇਆ ਸੀ, ਉਹ ਥਾਂ ਹੁਣ ਠੀਕ "ਗੁਰਪਲਾਹ" ਨਾਮ ਨਾਲ ਮਸ਼ਹੂਰ ਹੈ, ਗੁਰਦਵਾਰਾ ਹੈ ਜੋ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਅਧੀਨ ਅਤੇ ਲੋਕਲ ਜ਼ਿਲਾ ਗੁਰਦਵਾਰਾਂ ਪ੍ਰਬੰਧਕ ਕਮੇਟੀ (ਹੁਸ਼ਿਆਰ) ਦੇ ਪ੍ਰਬੰਧ ਵਿਚ ਹੈ, ਜਗੀਰ ਵੀ ਹੈ।

ਆਪਣੇ ਗ੍ਰੰਥ ਗੁਰ ਬਿਲਾਸ ਵਿਚ ਪੰਡਤ ਸ਼ੇਰ ਸਿੰਘ ਲਿਖਦੇ ਹਨ ਕਿ ਜਦੋਂ ਤੀਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਰਹੇ ਬਹੁਤਾ ਚਿਰ ਬਾਬਾ ਕਲਾਧਾਰੀ ਵੀ ਉਹਨਾਂ ਪਾਸ ਰਹੇ, ਪਰ ਜਦੋਂ (ਖਾਲਸਾ ਪੰਥ ਸਾਜੇ ਬਾਅਦ) ਪਹਾੜੀ ਰਾਜਿਆਂ ਅਤੇ ਤੁਰਕ ਸੈਨਾਂ ਦੇ ਹਮਲੇ ਸ਼ੁਰੂ ਹੋ ਗਏ ਸੀ ਗੁਰੂ ਸਾਹਿਬ ਨੇ ਬਾਬਾ ਜੀ ਨੂੰ ਉਨੈ ਸਾਹਿਬ ਭੇਜ ਦਿਤਾ ਸੀ। ਉਪ੍ਰੰਤ ਸ੍ਰੀ ਅਨੰਦਪੁਰ ਦਾ ਤਿਆਗ ਅਤੇ ਮਾਲਵੇ ਵਿਚੋਂ ਹੁੰਦਿਆਂ ੧੭੬੫ ਵਿਚ ਬਹਾਦਰ ਸ਼ਾਹ ਨਾਲ ਦਖਣ (ਨਾਂਦੇੜ) ਗੁਦਾਵਰੀ ਕੰਢੇ ਜਾ ਕੇ ਟਿਕੇ ਤੇ ਬਹਾਦਰ ਸ਼ਾਹ ਨੂੰ ਆਪਣੇ ਕੀਤੇ ਇਕਰਾਰਾਂ ਤੋਂ ਜਦੋਂ ਮੁਕਰਦੇ ਦੇਖਿਆ ਸੀ ਤਦ ਮਾਧੋ ਦਾਸ (ਬੈਰਾਗੀ ਸਾਧੂ) ਨੂੰ ਅੰਮ੍ਰਿਤ ਛਕਾ ਕੇ ਬੰਦਾ ਸਿੰਘ ਬਹਾਦਰ ਨਾਮ ਦੀ ਬਖਸ਼ਸ਼ ਨਾਲ ਪੰਜਾਬ ਨੂੰ ਭੇਜਿਆ ਸੀ ਕਿ ਉਹ ਸਾਹਿਬਜ਼ਾਦਿਆਂ ਉਤੇ ਕੀਤੇ ਜ਼ੁਲਮਾਂ ਦਾ ਮੁਗਲ ਸ਼ਾਹੀ ਤੋਂ ਬਦਲਾ ਲਵੇ। ਉਪ੍ਰੰਤ ਕਰੀਬਨ ੧੫ ਵਿਨਾਂ ਬਾਅਦ ਗੁਰੂ ਜੀ ਉਤੇ ਸ਼ਾਹੀ ਸਾਜ਼ਸ਼ ਨਾਲ ਕਟਾਰ ਦਾ ਵਾਰ ਹੋਇਆ ਤੇ ਉਸੇ ਕਾਰਨ ਆਪ ਜੀ ਸਚਖੰਡ ਪਧਾਰ ਗਏ ਸਨ।

ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਵਿਚ ਆ ਕੇ ਜੋ ਕੁਝ ਕਰ ਵਿਖਾਇਆ ਸੀ ਉਹ ਹਾਲ ਸਿਖ ਇਤਿਹਾਸ ਵਿਚ ਸੁਨੈਹਰੀ ਅਖਰਾਂ ਵਾਂਗੂੰ ਲਿਖੇ ਪਏ ਹਨ। ਪਰ ਕੁਦਰਤ ਕਰਤਾਰ ਦੀ ਕਿ ਉਸ ਵੇਲੇ ਵੀ ਸਿਖ ਜਥੇਬੰਦੀ ਮਤਭੇਦ ਕਾਰਨ ਦੋ ਧੜੇ ਬਣ ਗਏ ਸਨ ਤੇ ਤੱਤ ਖਾਲਸਾ ਨਾਮ ਦਾ ਇਕ ਧੜਾ ਵਖ ਹੋ ਗਿਆ ਸੀ। ਜਿਸ ਕਰਕੇ ਬੰਦਾ ਸਿੰਘ ਬਹਾਦਰ ਦੀ ਫੌਜੀ ਤਾਕਤ ਘਟ ਗਈ ਸੀ ਉਹ ਕਈ ਸ੍ਰੋ ਸਿਖ ਸਾਥੀਆਂ ਸਮੇਤ ਫੜਿਆ ਜਿਆ ਤੇ ਦਿਲੀ ਲਿਆਂਦੇ ਜ਼ਾਲਮ ਹਕੂਮਤ ਨੇ ਸਾਥੀਆਂ ਸਮੇਤ ਉਸ ਨੂੰ ਬੜੀ ਬੇਰਹਿਮੀ ਨਾਲ ਕਤਲ ਕਰ ਦਿਤਾ ਸੀ। ਬੰਦਾ ਸਿੰਘ ਬਹਾਦਰ ਦੀ ਕਤਲਗਾਹ ਬਾਂਇ ਦਿਲੀ (ਮਹਿਰੌਲੀ) ਵਿਚ ਯਾਦਗਾਰੀ ਗੁਰਦਵਾਰਾ ਹੈ।

ਬੰਦਾ ਸਿੰਘ ਬਹਾਦਰ ਦੀ ਕਈ ਸੌ ਸਾਥੀਆਂ ਸਮੇਤ ਸ਼ਹੀਦੀ ਉਪ੍ਰੰਤ "ਤੱਤ ਖਾਲਸਾ" ਦੇ ਦਲ ਉਤੇ ਵੀ ਮੁਗਲ ਸ਼ਾਹੀ ਵਲੋਂ ਬੇਅੰਤ ਜ਼ੁਲਮ ਢਾਹੀ ਗਏ ਸੀ। ਦੋ "ਘਲੂਘਾਰੇ" ਨਾਮ ਦੇ ਜੁਧ ਸ਼ੰਗਾਂ ਵਿਚ ਕਰੀਬਨ ੪੦੦੦੦ ਹਜ਼ਾਰ ਤੋਂ ਵਧ ਸਿੰਘ ਮਾਰੇ ਗਏ ਸੀ ਬਚੇ-ਖੁਚੇ ਸਿੰਘ ਜੰਗਲਾਂ ਪਹਾੜਾਂ ਵਿਚ ਜਾ ਛੁਪੇ ਤੇ ਬਾਕੀ ਦੇਸ ਵਾਸੀ ਹਿੰਦੂਆਂ ਸਿਖਾਂ ਪਰ ਜੋ ਅਤਿਆਚਾਰ ਹੁੰਦੇ ਰਹੇ ਸਨ ਉਹ "ਗੁਰ ਬਿਲਾਸ" ਦੇ ਲੇਖਕ ਦੀ ਲੇਖਣੀ ਰਾਹੀਂ ਵਿਸਥਾਰ ਨਾਲ ਦਸਦੇ ਹਾਂ, ਜੋ ਇਹ ਹਨ—ਐ ਉਨ ਦਿਨੀਂ ਸ੍ਰੀਂ ਸਿਖ ਨਾਮ

ਵਾਲੇ ਕੋ ਬੜੀ ਭਾਰੀ ਮੁਸ਼ਕਲਿ ਥੀ। ਸ੍ਰੀ ਦਸਵੇਂ ਪਾਤਸ਼ਾਹ ਕੇ ਪੀਛੇ ਸਿੰਘ ਕੇ ਵਾਸਤੇ ਬੜਾ ਕਸ਼ਟ ਆਇਕੇ ਪ੍ਰਾਪਤ ਹੋਤੇ ਭਏ। ਜਹਾਂ ਤਹਾਂ ਸਿੰਘੋਂ ਕੇ ਪੀਛੇ ਤੁਰਕੇਂ ਕੀ ਸੈਨਾਂ ਲਾਗੀ ਫਿਰੈਂ। ਕਿਸੀ ਗ੍ਰਾਮ ਮੈਂ, ਨ ਨਗਰ ਮੈਂ, ਨਾ ਸ਼ੈਸਰ ਮੈਂ ਪ੍ਰਸਿਧ ਸਿੰਘ ਮਾਤ੍ਰ ਨ ਰਹਤਾ ਪਾਵੈ। ਜੋ ਕਾਹੂੰ ਸੈਗਲੋਂ ਮੈਂ ਭੀ ਪਰਗਟ ਹੋ ਜਾਵੈ ਤਬ ਬਟਤ ਹੀ ਤੁਰਕਾਨੀ ਸੈਨਾਂ ਅਚਾਨਕ ਹੀ ਉਨਕੇ ਊਪਰ ਜਾਏ ਪਰੈ। ਨਗਰੋਂ ਕੇ ਗ੍ਰਾਮੋਂ ਕੋ ਲੋਗ–ਹਿੰਦੂ ਤੁਰਕ ਸਰਬ ਸਿੰਘੋ ਕੇ ਵੈਰੀ ਹੋ ਜਾਤੇ ਭਏ, ਜਹਾਂ ਤਹਾਂ ਤੇ ਸਿੰਘੋਂ ਕੋ ਤੁਰਕੇਂ ਕੋ ਹਾਥ ਪਕੜਾਏ ਦੇਵੈ। ਜਿਸ ਕੇ ਘਰ ਕਾ ਕੋਈ ਮਨੁਖ ਗੁਰੂ ਕਾ ਸਿੰਘ ਹੋ ਜਾਵੈ ਕਿਸ ਕੇ ਘਰ ਕੇ ਸਨਬੰਧੀ ਉਸ ਕੋ ਰੋਇ ਬੈਠੇ। ਕਿਉਂਕਿ ਇਹ ਅਬ ਹਮਾਰੀ ਓਰ ਸੇ ਮਰ ਗਯੋ ਹੈ। ਸਤ ਧਰਮ ਕਾ ਨਾਮ ਭੀ ਨਾ ਲੇਨੇ ਪਾਵੈ। ਤੁਰਕ ਲੋਕ–ਹਿੰਦੂ ਲੋਕੇਂ ਪਰ ਬਡੀ ਬਡੀ ਜ਼ੁਲਮੀਂ ਕਰੈਂ। ਸਿਖੇਂ ਕੇ ਸਿਰ ਮਾਤਰ ਕੇ ੨੫ (ਪਚੀਸ) ਰੁਪੈ ਲਗਾਇ ਦੀਏ ਥੇ। ਜੈਨ ਸਾ ਕੋਈ ਸਿਖ ਕਾ ਸਿਰ ਕਟਕੇ ਲੈ ਆਵੈ ਤਬ ਉਸ ਕੋ ਪਚੀਸ ਰੁਪੈ ਇਨਾਮ ਸਰਕਾਰ ਸੇ ਮਿਲੈ, ਸਿਖੋਂ ਕੋ ਕਲੇਸ਼ ਦੇ ਦੇ ਕੇ ਮਾਰ ਦੇਵੈਂ ਯਾ ਮੁਸਲਮਾਨ ਕਰ ਲੇਵੈਂ। ਜਿਸ ਹਿੰਦੂ ਕੋ ਧਨਾਢ ਦੇਖੈਂ ਉਸੀ ਕੋ ਲੂਟ ਲੇਵੈਂ। ਹਿੰਦੂਆਂ ਕੀਆਂ ਕੰਨਿਯਾਂ ਇਸਤਰੀਆਂ ਜਿਸ ਜਿਸ ਕੋ ਰੂਪਵਾਨ ਦੇਖੈਂ ਤਿਸੀ ਕੋ ਮੁਸਲਮਾਨੀ ਜਬਰਨ ਕਰਕੈ ਆਪਣੇ ਘਰ ਮੈਂ ਪਾਏ ਲੇਤੇ ਥੇ। ਔ ਜਬ ਕੋਈ ਮੁਸਲਮਾਨ ਮਰ ਜਾਵੈ ਤਬ ਉਸ ਦੀ ਕਬਰ ਖੋਦਨੈ ਕੀ ਕਾਰ ਬ੍ਰਾਹਮਣੋਂ ਸੇ ਲੇਵੈਂ, ਜਬ ਕੋਈ ਬਿਗਾਰੀ ਕਾ ਕਾਮ ਪਰੈ ਤਬ ਚਮਾਰੋਂ ਕੇ ਬਦਲੇ ਅਛੇ ਅਛੇ ਖ੍ਵਾਹਮਣੋਂ ਕੋ ਵਿਗਾਰੀ ਪਕੜ ਕੇ, ਸਿਰ ਪੈ ਬੋਝਾ ਦੇ ਕੇ ਅਗੇ ਰਖ ਲੇਵੈਂ। ਨ ਕਾਹੂੰ ਸ੍ਰੇਖ ਬਜਨੈ ਪਾਵੈ, ਨ ਯਗ ਹੋਮ ਹੋਨੈ ਪਾਵੈ। ਨਾ ਕਾਹੂੰ ਜਪ ਪਾਠ ਪੂਜਾ ਸ਼ਬਦ ਕੀਰਤਨ ਹੋਨੈ ਪਾਵੈ। ਵਿਚਾਰੇ ਹਿੰਦੂ ਡੋਹਰਯੋਂ ਮੈਂ ਲੁਕ ਲੁਕ ਕਕਕੇ ਪਾਠ ਪੂਜਾ ਆਦਿਕ ਕੀਆ ਕਰੈਂ। ਇਤਾਦਿਕ ਪਾਪੋਂ ਕਰਕੇ ਧਰਤੀ ਬੜੀ ਭਾਰੀ ਹੋ ਜਾਤੀ ਭਈ, ਡੂਬਨੈ ਕੋ ਜਨਮੂਖ ਹੋਤੀ ਭਈ। ਸਹਾਂ ਪਾਪੋਂ ਕੇ ਭਾਰ ਕੋ ਸਹਿਨ ਸਕਤੀ ਹੂਈ ਧਰਨੀ ਆਪਣੇ ਮਨ ਮੈਂ ਅਕਾਲ ਪੁਰਖ ਕਾ ਧਿਆਨ ਕਰਕੇ ਬੇਨਤੀ ਕਰਤੀ ਭਈ।


ਸ੍ਰੀ ਬੀਰ ਸਿ੍ਰੰਗੇਸ਼ ਦੇ ਲੇਖਕ ਨੇ ਉਸ ਵਕਤ ਦੇ ਬੀਤੇ ਹਾਲ–ਜੋ ਗੁਰੂ ਗੋਬਿੰਦ ਸਿੰਘ ਜੀ ਅਤੇ ਬੰਦਾ ਬਹਾਦਰ ਤੋਂ ਬਾਅਦ ਕਰੀਬਨ ੪੫-੪੬ ਸਾਲ ਤੀਕ ਸਿਖਾਂ ਤੇ ਹਿੰਦੂਆਂ ਉਤੇ ਮੁਗਲ ਸ਼ਾਹੀ ਵਲੋਂ ਜ਼ੁਲਮ ਢਾਹੇ ਗਏ ਸਨ, ਇਹ ਅਤਕਰਨੀ ਵਿਚ ਨਹੀਂ ਦਸੇ ਬਲਕਿ ਕਈ ਹਿੰਦੂ ਸਿਖਾਂ ਦੇ ਲਿਖੇ ਇਤਿਹਾਸਕ ਵਾਕਿਆਤ ਹੀ ਦਰਸਾਏ ਹਨ। ਬਲਕਿ ਕਈ ਮੁਸਲਮਾਨ ਲਿਖਾਰੀਆਂ ਨੇ ਆਪਣੀ ਮੁਗਲ ਸ਼ਾਹੀ ਦੀ ਬਹਾਦਰੀ ਦੇ ਕਾਰਨਾਮਿਆਂ ਦੀ ਸਕਲ ਵਿਚ ਲਿਖੇ ਹਨ ਐਸੀ ਹਾਲਤ ਵਿਚ ਪ੍ਰਿਥਵੀ ਦੀ ਪੁਕਾਰ ਜੋ ਕੀਤੀ ਹੋਈ (ਭ੍ਰਾਵ–ਭਾਰਤ ਭੂਮੀ ਦੀ ਪਰਜਾ ਦੀ ਪੁਕਾਰ ਕੀਤੀ) ਪ੍ਰਮਾਤਮਾ ਸਿਰਜਣਹਾਰ ਨੇ ਸੁਣ ਲੀਤੀ ਤੇ ਹੁਣ ਦੀ ਥਸ ਵਰਤ ਰਹੀ ਜੁਗ ਗਰਦੀ ਅਤੇ ਜ਼ੁਲਮ ਅਨਿਯਾਏ ਨੂੰ ਮੇਟਨ ਵਾਸਤੇ ਆਪਣੀ ਮਹਾਨ ਸ਼ਕਤੀ ਦੀ ਬਖਸ਼ਸ਼ ਨਾਲ ਉਸ ਨੇ ਮਹਾਨ ਵਿਅਕਤੀ ਨੂੰ ਭੇਜਣਾ ਜ਼ਰੂਰੀ ਜਾਣਿਆ ਸੀ। ਜੋ ਗੁਰੂ ਗੋਬਿੰਦ ਸਿੰਘ ਜੀ ਤੋਂ ਪੂਰੇ ੪੮ ਸਾਲ ਤੇ ੫ ਮਹੀਨੈ ਤੋਂ ਵੁਸ ਦਿਨ ਉਤੇ "ਡੋਹਰਾ ਬਾਬਾ ਨਾਨਕ" ਨਗਰ ਵਿਚ ਉਸ ਮਹਾਨ ਵਿਅਕਤੀ ਦਾ ਜਨਮ ਹੋਇਆ ਸੀ, ਜੋ ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ ਨਾਮ ਨਾਲ ਸਿਖ ਸੰਗਤ ਵਿਚ ਪ੍ਰਸਿਧ–ਪੰਜਾਬ ਵਿਚ ਅਤੇ ਸਿਖ ਇਤਿਹਾਸ–ਬਲਸਿ ਪੰਜਾਬ ਦੇ ਇਤਿਹਾਸ ਵਿਚ ਉਹਨਾਂ ਦੇ ਮਹਾਨ ਕੀਤੇ ਕਾਰਨਾਮੇ–ਧਾਰਮਕ ਅਤੇ ਰਾਜਨੀਤਕ" ਦੇਵੇਂ ਤਰ੍ਹਾਂ ਦੇ ਲਿਖੇ ਸਦਾ ਅਟੱਲ ਤੇ ਅਮਰ ਰਹਿਣਗੇ।

ਜਿਸ ਦਾ ਪੂਰਨ ਸੰਗ੍ਰਹਿ ਰੂਪ ਸਮਾਚਾਰ "ਰਾਜਾ ਜੋਗੀ" ਨਾਮ ਦੀ ਪੁਸਤਕ ਵਿਚ ਵਿਸਥਾਰ ਨਾਲ ਦਾਸ ਲੇਖਕ ਨੇ ਲਿਖੇ ਹਨ, ਹੁਣ ਇਥੇ ਵੀ ਸੰਖੇਪ ਮਾਤਰ ਪੜ੍ਹੀਏ।

Scanned with CamScanner

ਸ੍ਰੀ ਹਜੂਰ ਬਾਬਾ ਸਾਹਿਬ ਸਿੰਘ ਬੇਦੀ ਜੀ ਦੀ ਜਨਮ ਕਥਾ

ਪੰਜਾਬ ਦੇ ਸਰਸਬਜ ਤੇ ਸੁਹਾਵਣੇ ਜ਼ਿਲਾ ਗੁਰਦਾਸਪੁਰ ਦੇ "ਏਹਰਾ ਬਾਬਾ ਨਾਨਕ" ਨਗੋਰ ਵਿਚ ਬੇਦੀ ਬਾਬਾ ਅਜੀਤ ਸਿੰਘ ਜੀ ਦੇ ਗ੍ਰਹਿ (ਸ੍ਰੀ ਮਾਤਾ) ਸਨੂਪਾਂ ਦੇਵੀ ਦੀ ਕੁਖ ਤੋਂ ਸੰਮਤ ੧੮੧੩ ਸ਼ੁਕਲਾ ਪੱਖ ਪੰਝਮੀ ਪੁਨਰਵਸ ਨਸੱਤਰ ਵਿਚ ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ ਦਾ ਜਨਮ ਹੋਇਆ। ਸ੍ਰੀ ਨਾਨਕ ਸ਼ਾਹੀ ਸੰਮਤ ੨੮੭ ਅਤੇ ਈਸਵੀ ਸੰਨ ੧੭੫੬ ਦਾ ਚਾਲੂ ਸੀ। ਸਮੇਂ ਦੇ ਰਿਵਾਜ ਮੁਤਾਬਕ ਆਪ ਵੀ ਜਨਮ ਕੁੰਡਲੀ ਤਿਆਰ ਕਰਾਈ ਗਈ ਜਿਸ ਦਾ ਉਤਾਰਾ ਇਹ ਹੈ।



(ਜਨਮ ਕੁੰਡਲੀ ਬਾਬਾ ਸਾਹਿਬ ਸਿੰਘ ਜੀ ਬੇਦੀ)
(ਜੋ ਕਾਂਸ਼ੀ ਦੇ ਪੰਡਤਾ ਪਾਸੋਂ ਸੁਧਵਾਈ ਜਾ ਚੁਕੀ ਹੈ)

ਨੋਟ :–ਉਕਤ ਜਨਮ ਕੁੰਡਲੀ ਨੂੰ ਉਸ ਸਮੇਂ ਦੇ ਮਸ਼ਹੂਰ ਵਿਦਵਾਨ ਵਕੀਲ ਸੰਤ ਸਿੰਘ ਅੰਮ੍ਰਿਤਸਰੀ ਨੇ ਖੁਦ ਤਿਆਰ ਕੀਤਾ ਅਤੇ ਕਾਂਸ਼ੀ ਦੇ ਵਿਦਵਾਨ ਜੋਤਸ਼ੀ ਪੰਡਤਾਂ ਪਾਸੋਂ ਸੁਧਵਾ ਕੇ ਇਸ ਦੇ ਫਲਾ ਦੇਸ਼ ਨੂੰ (ਈਦ੍ਰੇਦਯ ਨਾਮ ਦੇ) ਮਹਾਂ ਕਾਵਿ ਗਰੰਥ ਵਿਚ ਬਾਬਾ ਗੋਜਾ ਸਿੰਘ ਜੀ ਨੇ ਲਿਖਿਆ, ਅਤੇ ਇਹਨਾਂ ਦੀ ਲਿਖਤ ਦਾ ਸਹੀ ਦਸਤਖਤੀ ਉਤਾਰਾ ਇਸ ਆਪਣੇ ਗਰੰਥ ਬੀਰ ਮ੍ਰਿਗੇਸ਼ ਵਿਚ ਪੰਡਤ ਸ਼ੋਰ ਸਿੰਘ ਨੇ ਵਿਸਥਾਰ ਨਾਲ ਲਿਖਿਆ ਹੈ।

ਕੋਈ ਸ਼ਕ ਨਹੀਂ ਕਿ ਉਕਤ ਜਨਮ ਕੁੰਡਲੀ ਦੇ ਗ੍ਰਹਿ ਨਛੱਤਰਾਂ ਦਾ ਫਲ, ਜੋ ਵਿਸਥਾਰ ਨਾਲ ਉਹਨਾਂ ਕਠਨ ਬ੍ਰਿਜ ਭਾਸਾ ਦੀ ਕਵਿਤਾ ਵਿਚ ਵਰਣਨ ਕੀਤਾ ਹੈ ਉਹ ਇਕ ਇਕ ਕਰਕੇ ਸ੍ਰੀ ਬਾਬਾਂ ਜੀ ਦੀ ਬੀਤੀ ਜ਼ਿੰਦਗੀ ਉਤੇ ਸੱਚਾ ਸਾਬਤ ਹੋਇਆ ਦਿਸਦਾ ਹੈ। ਸੰ (ਤਤਸਾਰ ਦਾ ਲੇਖਕ) ਜੋਤਸ਼ ਦਾ ਪੰਡਤ ਨਹੀਂ ਜਿਸ ਤੇ ਉਸ ਫਲਾ ਦੇਸ਼ ਦੀ ਸਾਰੀ ਵਿਆਖਿਆ ਨੂੰ ਛੱਡਦਾ ਹੋਇਆ ਸਿਰਫ "ਗਿਆਰਵੇਂ ਸਥਾਨ ਸੂਰਜ ਹੋਇ ਦਾ ਫਲ ਜੋ ਅਖੀਰ ਵਿਚ ੧੦੮ ਉਤੇ ਬੀਰ ਮ੍ਰਿਗੇਸ਼ ਵਿਚ ਲਿਖਿਆ ਹੈ ਨਮੂਨਾ ਮਾਤਰ ਅਖੀਰ ਦਾ ਫੈਦ ਇਹ ਹੈ–

ਗਿਆਰਹੇ ਸਥਾਨ ਸੂਰਜ ਫਲੰ

ਦੇਸਨ ਦੇਸ ਨਰੇਸ ਭੇਸ ਦਾਸਨ ਸਜਿ ਆਵਹਿ ॥
ਬਿਬਧ ਪ੍ਰਕਾਰ ਅਭੇਂਦ ਰਾਖਿ ਚਰਨਨ ਸਿਰ ਨਾਵਹਿ ॥

ਸ੍ਰਵਣ ਰਚਿਤ ਮਣਿ ਖਚਤਿ ਗਜ ਰਾਜ ਸਾਜ ਅੰਬਾਰੀ ॥
ਤਰਲ ਤੁਰੰਗ ਸੁਰੰਗ ਅੰਗ ਭੂਖਿਤ ਮਿਤ ਭਾਰੀ ॥
ਦਿਨ ਅਰਿ ਵਿਰਾਜ ਯਦਿ ਲਾਭ ਗ੍ਰਹਿ ਨਾਨਾ ਬਿਧ ਲਾਭੰ ਕੁਰੰ ॥
ਭਵ ਰੂਪ ਵੰਤੁ ਮਾਨੀ ਚਤੁਰ ਸ਼ਾਂਤ ਕੰਤ ਧਰਮੰ ਧਰੰ ॥੪੩॥

(ਖਾਸ ਦਸਖਤ ਸੰਤ ਸਿੰਘ ਵਕੀਲ ਸੁਧਾਸਰ ਮੈ–ਕਾਂਸੀ ਮੈਂ ਸੋਧਿਆ)

ਭਾਵ–ਜਿਸ ਪੁਰਖ ਦੇ ਜਨਮ ਸਮੇਂ ਸੂਰਜ ਗਿਆਰਵੇਂ ਸਥਾਨ ਹੋਵੇ ਉਹ ਕੈਸਾ ਹੋਇਆ।

੧. ਕਿ–ਦੇਸ ਦੇਸਾਂ ਦੇ ਨਰੇਸ਼ ਰਾਜੇ, ਸੇਵਕਾਂ (ਦਾਸਾਂ) ਦੇ ਰੂਪ ਵਿਚ ਪੂਜਣ ਨੂੰ ਆਵਣਗੇ।
੨. ਉਹ ਰਾਜੇ ਨਾਨਾ ਪ੍ਰਕਾਰ ਦੀ ਭੇਟਾ ਅਰਪਨ ਕਰਕੇ ਚਰਨਾਂ ਪਰ ਸੀਸ ਨਿਵਾਣਗੇ।
੩. ਉਹਨਾਂ ਪਾਸ ਸ੍ਰਵਣ (ਸੋਨਾਂ) ਤੇ ਮਣੀਆਂ ਖਚਤ-ਅੰਬਾਰੀ ਵਾਲੇ ਸਜੀਲੇ ਸੁੰਦਰ ਹਾਥੀ ਹੋਣਗੇ।
੪. ਉਹ ਬੜੇ ਸੋਹਣੇ ਚੰਚਲ ਚਾਲ ਵਾਲੇ ਕਈ ਰੰਗਾਂ ਦੇ ਘੋੜੇ ਭਾਰੀ ਗਿਣਤੀ ਦੇ ਹੁੰਦਿਆਂ ਸ਼ਬੋਭਿਤ ਹੋਣਗੇ।
੫. (ਜੋਤਸ਼ ਦਸਦਾ) ਅਗਰ ਦਿਨ ਮਣੀ (ਸੂਰਜ ਚਮਕਦਾ) ਜਿਸ ਦੇ ਲਾਭ ਦੇ ਘਰ ਵਿਚ ਹੋਵੈ, ਤਦ ਕਈ ਤਰ੍ਹਾਂ ਦੇ (ਧਨ ਸੰਪਤੀ) ਦੇ ਉਸ ਨੂੰ ਲਾਭ ਪ੍ਰਾਪਤ ਹੋਣਗੇ।
੬. ਸੰਸਾਰ ਵਿਚ ਰੂਪ ਵੰਤ ਸੁੰਦਰਤਾ ਸਹਿਤ ਮਾਨ ਵਡਿਆਈ ਪਾਣ ਵਾਲਾ ਚਤੁਰ (ਬੁਧੀਵਾਨ) ਸ਼ਾਂਤ ਪੁੰਜ ਮਾਨੋਂ ਧੁਰ ਤੋਂ ਧਰਮ ਧਾਰਨੀ ਹੋਇਆ ਹੋਵੇਗਾ।

ਨੋਟ :–ਉਕਤ ਲਿਖਤ ਸ੍ਰੀ ਬੀਰ ਮ੍ਰਿਗੇਸ਼ ਗਰੰਥ ਦੇ ੫੮ ਸਫੇ ਤੋਂ ੧੦੮ ਸਫੇ ਤੀਕ ਦਾ ਤਤਸਾਰ ਹੈ। ਅਤੇ ਸ਼ੁਰੂ ੫ ਅਧਿਆਏ ਤੀਕ ਦਾ ਸਾਰ ਹੈ।

ਵਿਦਿਆ ਪ੍ਰਾਪਤੀ

ਸ੍ਰੀ ਬਾਬਾ ਸਾਹਿਬ ਸਿੰਘ ੬ ਸਾਲਾਂ ਦੇ ਹੋਇ ਵੇਲੇ ਵੇਲੇ ਆਪ ਨੂੰ "ਏਹਰਾ ਬ.ਬਾ ਨਾਨਕ" ਦੀ ਪਾਠਸ਼ਾਲਾ ਵਿਚ ਵਿਦਿਆ ਪ੍ਰਾਪਤੀ ਲਈ ਬਿਠਾਇਆ ਗਿਆ। ਪਿਤਾ ਬਾਬਾ ਅਜੀਤ ਸਿੰਘ ਜੀ ਨੇ ਅਧਿਆਪਕ ਪ੍ਰਤੀ ਨਕਦੀ ਤੇ ਮਿਠਾਈ ਭੇਟ ਕਰਕੇ ਆਪਣੇ ਸਪੁਤਰ (ਸਾਹਿਬ ਸਿੰਘ ਜੀ) ਨੂੰ ਵਿਦਿਆ ਪੜਾਉਣ ਦੀ ਖਾਹਸ਼ ਪ੍ਰਗਟਾਈ ਤੇ ਉਸ ਨੇ ਵੀ ਧੰਨ ਭਾਗ ਸਮਝਦੇ ਹੋਇਆਂ ਪ੍ਰਵਾਨ ਕਰਕੇ ਪੜ੍ਹਾਈ ਸ਼ੁਰੂ ਕਰਾ ਦਿਤੀ ਸੀ।

ਬਾਬਾ ਸਾਹਿਬ ਸਿੰਘ ਜੀ ਦੀ ਨਿਰਮਲ ਆਤਮਾ-ਉਜਲ ਬੁਧੀ ਪਰ ਅਧਿਆਪਕ ਦੇ ਪੜ੍ਹਾਏ ਦਾ ਐਸਾ ਹੀ ਅਸਰ ਹੁੰਦਾ ਜਾਏ ਕਿ ਜਿਵੇਂ ਅਜ ਕਲ ਕੋਈ ਕੁਝ ਬੋਲੇ ਤੇ ਟੇਪ ਰੀਕਾਰਡ ਹੋ ਕੇ ਉਸੇ ਵੇਲੇ ਬੋਲਿਆ ਤੇ ਸੁਣਿਆ ਜਾਂਦਾ ਹੈ।

ਥੋੜੇ ਦਿਨਾਂ ਵਿਚ ਗੁਰਮੁਖੀ ਲਿਖਣਾਂ ਪੜ੍ਹਨਾ ਸਿਖ ਲਿਆ ਤਾਂ ਇਸ ਗਲ ਦੀ ਚਰਚਾ ਓਗੀ ਚਲ ਪਈ ਕਿ ਭਾਈ ਜੀ (ਅਧਿਆਪਕ) ਨੇ ਜਿਤਨਾ ਦਿਲ ਲਾ ਕੇ ਇਸ ਬੇਦੀ ਬਾਬੇ ਨੂੰ ਲਿਖਾਇਆ ਪੜ੍ਹਾਇਆ

Scanned with CamScanner

ਸਮਝਾਇਆ ਹੈ ਦੂਜਿਆਂ ਨੂੰ ਨਹੀਂ ਸਿਖਾਇਆ ਤੇ ਉਹ ਕਈ ਕਈ ਮਹੀਨਿਆਂ ਤੇ ਸਾਲਾਂ ਵਿਚ ਵੀ ਇਤਨਾ ਕੁਝ ਨਹੀਂ ਸਿਖ ਪਾਏ। ਲੋਕਾਂ ਨੇ ਸ਼ਿਕਾਇਤ ਕੀਤੀ ਤੇ ਮਾਸਟਰ ਨੂੰ ਝਾੜਾਂ ਪਾਈਆਂ, ਬਦਨਾਮ ਕੀਤਾ, ਪਰ ਉਹ ਇਹ ਨਾ ਸਮਝ ਸਕੇ ਕਿ ਇਹ ਬਾਲਕ ਧੁਰ ਤੋਂ ਵਰੋਸਾਇਆ ਤੇ ਚੇਤਨਤਾ ਲੈ ਕੇ ਆਇਆ ਹੈ। ਬਾਬਾ ਜੀ ਨੇ ਜਿਤਨਾ ਪੜ੍ਹਿਆ ਸੀ ਇਤਨਾ ਹੀ ਇਸ ਤੋਂ ਪੜ੍ਹਿਆ ਤੇ ਫੇਰ ਆਪ ਜੀ ਨੂੰ ਇਕ ਮੰਤ ਵਿਦਵਾਨ ਪਾਸੋਂ ਗੁਰਦਾਸੀ ਗਿਆਨ ਵਾਸਤੇ ਅਰਥਾਂ ਸਹਿਤ ਗੁਰੂ ਗ੍ਰੰਥ ਸਾਹਿਬ ਪੜ੍ਹਾਉਣਾ ਸ਼ੁਰੂ ਕੀਤਾ, ਜੋ ਸਾਲ ਤੋਂ ਸਾਲ ਵਿਚ ਅਰਥ ਬੋਧ ਹੋ ਜਾਣ ਤੇ ਆਪ ਜੀ ਨਵ ਉਮਰ ਵਿਚ ਹੀ ਕਥਾ ਵਾਚਕ ਹੋ ਗਏ ਸਨ। ਇਸ ਤਰ੍ਹਾਂ ਦੀ ਧਾਰਮਕ-ਸੂਝ ਬੂਝ ਦੇਖ ਕੇ ਉਸ ਅਧਿਆਪਕ ਨੇ ਵੀ ਆਪ ਪਾਸੋਂ ਉਪਦੇਸ਼ ਸੁਣਿਆ ਤੇ ਸਿਖ ਹੋ ਗਿਆ ਸੀ।

ਪਿਤਾ ਬਾਬਾ ਅਜੀਤ ਸਿੰਘ ਦਾ ਕਲਕੱਤੇ ਜਾਣਾ ਤੇ ਉਥੇ ਹੀ ਅੰਤਮ ਚਲਾਣਾ

ਆਪਣੇ ਸਾਹਿਬਜ਼ਾਦੇ ਬਾਬਾ ਸਾਹਿਬ ਸਿੰਘ ਜੀ ਨੂੰ ਉਮਰ ਕਰਕੇ ੧੬ ਸਾਲ ਦਾ ਅਤੇ ਵਿਦਿਆ ਕਰਕੇ ਹਰ ਤਰ੍ਹਾਂ ਸਿਆਣਾ ਜਾਣਿਆ ਤਾਂ ਬਾਬਾ ਅਜੀਤ ਸਿੰਘ ਜੀ ਨੇ ਤੀਰਥਾਂ ਉਤੇ ਜਾਣ ਦਾ ਮਨ ਬਣਾਇਆ ਤੇ ਚਾਲੇ ਪਾ ਦਿਤੇ ਸਨ। ਆਪ ਦੇ ਨਾਲ ਟਹਿਲ ਵਾਸਤੇ ਸਾਥੀ ਇਕ ਗੁਰਦਿਆਲ ਸਿੰਘ ਨਾਮ ਦਾ ਗਭਰੂ ਸੀ। ਰਾਹ ਵਿਚ ਕਈ ਮਹੀਨੇ ਦਾ ਸਫਰ ਤੇ ਗੁਰ ਧਾਮ ਯਾਤਰਾ ਕਰਦੇ ਹੋਇ ਆਪ ਜੀ ਕਲਕੱਤੇ ਜਾਇ ਪਹੁੰਚੇ। ਉਥੇ ਹੁਣ ਦੇ ਵੱਡੇ ਬਜ਼ਾਰ ਤੋਂ ਦੂਰ ਬਾਘਮਾਰੀ ਨਾਮ ਦੀ ਜਗ੍ਹਾ ਸੀ। ਉਥੇ ਗੁਰੂ ਨਾਨਕ ਸਾਹਿਬ ਵੀ ਆਪਣੇ ਫੇਰੇ ਆਏ ਸਨ ਤੇ ਯਾਦਗਾਰੀ ਅਸਥਾਨ ਸੀ। ਫੇਰ ਗੁਰੂ ਤੇਗ ਬਹਾਦਰ ਵੀ ਆਸਾਮ ਤੋਂ ਵਾਪਸ ਮੁੜਦੇ ਆਏ ਤੇ ਉਹਨਾਂ ਵੀ ਇਸ ਅਸਥਾਨ ਦੀ ਯਾਤਰਾ ਕੀਤੀ ਸੀ ਜਿਸ ਕਰਕ ਇਸ ਬਾਘਮਾਰੀ ਅਸਥਾਨ ਪਰ ਦੋ ਗੁਰੂ (ਗੁਰੂ ਨਾਨਕ ਤੇ ਗੁਰੂ ਤੇਗ ਬਹਾਦਰ) ਜੀ ਦੇ ਨਾਮ ਪਰ ਯਾਦਗਾਰੀ ਗੁਰਦਵਾਰਾ ਸੀ।

ਹੁਣ ਬਾਬਾ ਅਜੀਤ ਸਿੰਘ ਜੀ ਜਦੋਂ ਕਲਕੱਤੇ ਆਇ ਸੀ ਇਸੇ ਗੁਰਦੁਆਰੇ ਵਿਚ ਉਹਨਾਂ ਨੇ ਆ ਕੇ ਨਿਵਾਸ ਰਖਿਆ ਸੀ ਪਰ ਕੁਝ ਦਿਨਾਂ ਬਾਅਦ ਹੈਜ਼ੇ ਦੀ ਬੀਮਾਰੀ ਨਾਲ ਇਥੇ ਹੀ ਸੰਮਤ ੧੮੩੦ ਵਿਚ ਅਕਾਲ ਚਲਾਣਾ ਕਰ ਗਏ ਤੇ ਉਥੋਂ ਦੀ ਪ੍ਰੰਮੀ ਸਾਧ ਸ਼ੰਗਤ ਨੇ ਬੇਦੀ ਬਾਬਾ ਜਾਣ ਕੇ ਬੜੇ ਸਤਿਕਾਰ ਨਾਲ ਆਪ ਦਾ ਸਸਕਾਰ ਕੀਤਾ ਤੇ ਗੁਰਦੁਆਰੇ ਦੇ ਥੋੜੀ ਦੂਰ ਪਰ-ਪਿਛਲੇ ਪਾਸੇ-ਸਸਕਾਰ ਵਾਲੀ ਥਾਂ ਸਮਾਧ ਬਣਾ ਦਿਤੀ ਤੇ ਅਦਬ ਸਤਿਕਾਰ ਨਾਲ ਇਥੇ ਵੀ ਧੂਪ ਦੀਪ ਕਰਦੇ ਰਹੇ ਸੀ।

*ਨੋਟ-ਇਹ ਜ਼ਿਕਰ ਅਸੀਂ ਰਾਜਾ ਜੋਗੀ ਪ੍ਰਸ਼ਤਕ ਦੇ ਸਫਾ ੪੫ ਪਰ ਸ਼ੈਖ ਰੂਪ ਵਿਚ ਲਿਖਿਆ ਹੈ। ਜੋ ਪਹਿਲੀ ਐਡੀਸ਼ਨ ੧੯੫੪ ਵਿਚ ਤੇ ਦੂਜੀ ਵੇਰ ਸੰਨ ੧੯੭੯ ਵਿਚ ਛਪੀ ਹੈ।

*ਸਮਾ ਪਾ ਕੇ ਉਸ ਵੱਲੋਂ ਦੇ ਸਿਖ ਚਲਾਣਾ ਕਰ ਗਏ, ਕੁਝ ਪੰਜਾਬ ਨੂੰ ਵਾਪਸ ਆ ਗਏ ਸਨ। ਹੁਣ ਦੋ ਪਰਿਸਥਾਨ ਬਣੇ ਬਾਅਦ ਜੋ ਲੰਕਾ ਉਥੇ ਜਾਏ ਵਸੇ ਸੀ ਉਹਨਾਂ ਨੂੰ ਇਹ ਤਾਂ ਪੂਰਾ ਪਤਾ ਸੀ ਕਿ ਦੋ ਗੁਰੂ ਸਾਹਿਬਾਨ ਦਾ ਯਾਦਗਾਰੀ ਗੁਰਦੁਆਰਾ ਹੈ ਪਰ ਪਿਛੋਂ ਪਾਸੇ ਦੀ ਸਮਾਧ ਦਾ ਕਿਸੇ ਨੂੰ ਗਿਆਨ ਨਹੀਂ ਸੀ ਤੇ ਆਬਾਦੀ ਵਧ ਜਾਣ ਕਰਕੇ ਥਾ ਕੀਤੇ ਸਮਝੀ ਤੇ ਉਥੋਂ ਦੇ ਬੰਗਾਲੀ-ਹਿੰਦੂਆ ਲੰਕਾ ਨੇ ਸਮਾਧ ਨੂੰ ਮੰਦਰ ਦਸ ਕੇ ਕਬਜ਼ਾ ਕਰ ਲਿਆ ਸੀ। ਬਹੁਤ ਝਗੜਾ ਵੀ ਹੋਇਆ। ਪਰ ਅਦਾਲਤ (ਹਾਈ ਕੋਰਟ) ਰਾਹੀਂ ਗੁਰਦੁਆਰਾ ਤੇ ਬਾਕੀ ਦੀ ਜ਼ਮੀਨ ਤੇ ਸਿਖਾਂ ਦਾ ਹੱਕ ਮੰਨਿਆਂ ਤੇ ਸਮਾਧ ਦੁਜਿਆਂ ਨੂੰ ਮਿਲੀ। ਜਿਸ ਪਰ ਉਹਨਾਂ ਮੰਦਰ ਬਣਾ ਲਿਆ। ਇਸ ਵਾਸਤੇ ਕਿ ਨਾ ਬੇਦੀ ਬਾਬਿਆਂ ਤੇ ਨਾ ਸਿਖਾਂ ਹੁਣ ਦਿਆਂ ਨੂੰ ਪਤਾ ਸੀ। ਕਿ ਇਹ ਸਮਾਧ ਹੈ। ਜਿਸ ਤੇ ਸਬੂਤ ਨਾ ਪੇਸ਼ ਨਾ ਕਰ ਸਕੇ।

ਕਸ਼ਮੀਰ ਜਾਣਾ ਤੇ ਮੁੜ ਆ ਕੇ ਘੋਰ ਤਪੱਸਿਆ ਕਰਨੀ

ਜਦੋਂ ਕਲਕੱਤੇ ਤੋਂ ਮੁੜ ਆ ਕੇ ਬਾਬਾ ਜੀ ਦੇ ਸੇਵਕ ਗੁਰਦਿਆਲ ਸਿੰਘ ਨੇ ਬਾਬਾ ਅਜੀਤ ਸਿੰਘ ਜੀ ਦੇ ਚਲਾਣੇ ਦੀ ਖਬਰ ਸੁਨਾਈ ਤਾਂ ਸਾਰੇ ਪ੍ਰਵਾਰ ਵਿਚ ਤੇ ਡੇਹਰਾ ਬਾਬਾ ਨਾਨਕ ਸ਼ਹਿਰ ਵਿਚ ਸੋਗ ਛਾ ਗਿਆ ਸੀ। ਆਪਣੇ ਪੂਜਯ ਪਿਤਾ ਜੀ ਦੀ ਅੰਤਮ ਕਿਰਯਾ ਕਰਮ ਰਸਮ ਵਿਚ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਭੰਡਾਰੇ ਮਗਰੋਂ ਬਹੁਤ ਦਾਨ ਪੁੰਨ ਕੀਤਾ, ਪਰ ਆਪਣਾ ਚਿਤ ਵੀ ਬਹੁਤ ਉਪ੍ਰਾਮ ਹੋ ਗਿਆ ਸੀ। ਇਹ ਵੀ ਸਮਝਦੇ ਸਨ ਕਿ ਗੁਰੂ ਸਿਖੀ ਪ੍ਰਚਾਰ ਦੀ ਜਿੰਮੇਦਾਰੀ ਵੀ ਦਿਹਨਾਂ ਤੇ ਆਣ ਪਈ ਹੈ। ਇਸ ਤੋਂ ਪਹਿਲੋਂ ਕਿ ਪ੍ਰਚਾਰ ਦਾ ਕੰਮ ਆਰੰਭ ਕੀਤਾ ਜਾਏ-ਆਪ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵਾਂਗੂੰ ਨਾਮ ਸਿਮਰਨ ਅਭਿਆਸ ਦੀ ਤਪੱਸਿਆ ਵੀ ਕਰ ਲੈਣੀ ਜ਼ਰੂਰੀ ਸਮਝੀ ਤੇ ਕਈ ਸਾਲ ਤੀਕ ਇਕਾਂਤ ਵਾਸੀ ਰਹਿ ਕੇ ਸਾਧਨਾ ਕੀਤੀ। ਗੁਰ ਬਿਬਾਸ ਦੇ ਕਰਤਾ ਨੇ ੧੨ ਸਾਲ ਐਸੀ ਤਪੱਸਿਆ ਕਰਨੀ ਲਿਖੀ ਹੈ। ਗੁਰੂ ਜਾਣੇ ਜਾਂ ਉਹੀ ਜਾਣਦੇ ਸੀ।

ਇਸ ਤਪੱਸਿਆ ਉਪ੍ਰੰਤ-ਇਕ ਸਿਖ ਨੇ ਪ੍ਰਬਾਦਾ ਤਿਆਰ ਕਰਕੇ ਆਪ ਜੀ ਨੂੰ ਛਕਾਇਆ, ਉਹ ਬਹੁਤ ਸਵਾਦਲਾ ਤੇ ਰਸੀਲਾ ਸੀ। ਛਕੇ ਮਗਰੋਂ ਇੰਰਾਦਾ ਕਰ ਲਿਆ ਕਿ ਐਸੇ ਹੀ ਪ੍ਰਬਾਦੇ ਛਕਾਉਣ ਦਾ ਲੰਗਰ ਜਾਰੀ ਕਰੀਏ ਤਦ ਢੰਗਾ ਹੈ। ਸਬਮੁਚ ਬਾਅਦ ਵਿਚ ਜਦੋਂ ਆਪ ਜੀ ਪ੍ਰਤਾਪ ਦੇ ਵਧਿਆ ਜੀ ਤਾਂ-ਊਨ੍ਹੇ ਸਾਹਿਬ ਵਿਚ ਕਈ ਹਜ਼ਾਰ ਸਿਖ ਸੰਗਤ ਆਪ ਦੇ ਲੰਗਰ ਤੋਂ ਪ੍ਰਬਾਦਾ ਛਕਿਆ ਕਰਦੀ ਸੀ, ਤਵਾਰੀਖੀ ਜ਼ਿਕਰ ਹੈ।

ਤਪੱਸਿਆ ਦੇ ਦਿਨਾਂ ਵਿਚ ਆਪ ਜੀ ਕੋਹਨੂਰ ਪਰਬਤ ਉਤੇ ਟਿਕੇ ਹੋਏ ਸਨ ਤਦ ਉਥੇ ਆਪ ਜੀ ਨੂੰ (ਬਹੀਵ ਮਿਸ਼ਲ ਦੇ) ਸਰਦਾਰ ਨੱਥਾ ਸਿੰਘ ਜਾਏ ਮਿਲੇ ਤੇ ਕਿਹਾ ਕਿ ਆਪ ਜੀ 'ਗੁਰੂ ਨਾਨਕ ਐਸ ਥੈਂ ਅੰਮ੍ਰਿਤ ਛਕੀਏ ਤੇ ਗੁਰੂ ਰੂਪ ਹੋ ਕੇ ਨਾਮ ਅੰਮ੍ਰਿਤ ਦਾ ਖੁਲ੍ਹਾ ਪ੍ਰਚਾਰ ਕਰੀਏ। ਗੁਰਵਾਕ ਹੈ-"ਗੁਰੂ ਸਿਖ ਗੁਰੂ ਹੈ ਏਕੋ ਮਿਲ ਗੁਰ ਉਪਦੇਸ਼ ਚਲਾਏ।"

ਇਸ ਤੋਂ ਪਹਿਲੇ ਤਪੱਸਿਆ ਦੇ ਅਰਸੇ ਵਿਚ ਆਪ ਨੇ ਅਜੇ ਅੰਮ੍ਰਿਤ ਪਾਨ ਨਹੀਂ ਕੀਤਾ ਸੀ *ਤਦ ਸ੍ਰੀ ਅਨੰਦਪੁਰ ਜਾ ਕੇ ਤਖਤ ਕੇਸਗੜ੍ਹ ਦੇ ਪੁਜਾਰੀ (ਮਦੋਵਾਰ ਭਾਈ ਸੰਤਾ ਸਿੰਘ ਜੀ) ਪਾਸ ਅੰਮ੍ਰਿਤ ਛੱਕਣ ਦਾ ਇਰਾਦਾ ਦਸਿਆ। ਉਹਨਾਂ ਕਹਿਆ 'ਸਾਹਿਬ ਜੀ'। ਆਪ ਗੁਰੂ ਨਾਨਕ ਦੇਵ ਦੀ ਐਸ ਥੈਂ ਦੇ ਬੇਦੀ ਸਾਹਿਬਜਾਦੇ ਹੋ! ਜੇਕਰ ਆਪ ਤੋਂ ਵੱਡਾ ਕੋਈ ਹੋਵੇ ਤਾਂ ਛਕਾਵੇ! ਅਸੀਂ ਤਾਂ ਆਪ ਜੀ ਦੇ ਸਿਖ ਹਾਂ।

ਉਤਰ ਵਿਚ ਬਾਬਾ ਜੀ ਨੇ ਕਿਹਾ-ਕਿ ਆਪ ਵੀ ਵੱਡੇ ਹੋ! ਕਿਉਂਕਿ ਇਕ ਤਾਂ ਆਪ ਜੀ ਯਜ਼ੂਰੀਏ ਗੁਰੂ ਸਿਖ ਹੋ। ਦੂਜੇ ਆਪ ਜੀ ਬ੍ਰਾਖਿਆਤ ਸ੍ਰੀ ਦਸਮੇਸ਼ ਜੀ ਤੋਂ ਅੰਮ੍ਰਿਤ ਪਾਨ ਕੀਤਾ ਹੈ। ਫਿਰ ਉਮਰ ਕਰਕੇ ਅਤੇ ਜਾਤੀ ਕਰਕੇ ਵੱਡੇ ਆਪ ਬ੍ਰਾਹਮਨ ਹੋ। ਅਸੀਂ ਛਤ੍ਰੀ ਹਾਂ ਅਤੇ ਛਤ੍ਰੀਆਂ ਕਰਕੇ ਬ੍ਰਾਹਮਨ ਸਦਾ ਪੂਜੇ ਗਏ ਹਨ। ਤਦ ਭਾਈ ਸੋਭਾ ਸਿੰਘ ਜੀ ਨੇ ਪ੍ਰਵਾਨ ਕੀਤਾ। ਸ੍ਰੀ ਬਾਬਾ ਸਾਹਿਬ ਵਲੋਂ ਹੁਣ

*ਭਾਈ ਲਾਭਾ ਰਾਮ, ਸੰਵਾ ਪੰਥੀ ਨੇ ਆਪਣੇ ਗੁਰ ਬਿਲਾਸ/ ਬਿਲਾਸ ਵਿਚ ਲਿਖਿਆ ਕਿ ਅਨੰਦਪੁਰ ਆਏ ਫਸ ਵੇਲੇ ਆਪ ਦੀ ਮਾਤਾ ਸਰੂਪਾ ਦੇਵੀ ਨੇ ਆਪ ਨੂੰ ਅੰਮ੍ਰਿਤ ਛਕ ਲੈਣ ਦੀ ਪ੍ਰੇਰਨਾ ਕੀਤੀ ਸੀ। ਹੰ ਸਕਦਾ ਕਿ ਆਪ ਜੀ ਪਹਿਲੇ ਸਰਦਾਰ ਨੱਥਾ ਸਿੰਘ ਦੀ ਪ੍ਰੇਰਨਾ ਨਾਲ ਅਨੰਦਪੁਰ ਆਏ ਹੋਣ ਤੇ ਇਥੇ ਦੂਜੀ ਵੇਰ ਮਾਤਾ ਜੀ ਨੇ ਪ੍ਰੇਰਨਾ ਕੀਤੀ ਹੋਵੇ ਕਿ ਆਏ ਹੋ ਅੰਮ੍ਰਿਤ ਪਾਨ ਕਰ ਲਵੋ।

Scanned with CamScanner

ਖੁਲ੍ਹੀ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰਾ ਕੇ ਭੋਟ ਕੀਤੀ ਗਈ ਤੇ ਭਾਈ ਸੋਭਾ ਸਿੰਘ ਜੀ ਨੇ ਚਾਰ ਹੋਰ ਤਿਆਰ-ਬਰ-ਤਿਆਰ (ਰਹਿਤਵਾਨ) ਸਿੰਘਾਂ ਨੂੰ ਨਾਲ ਮਿਲਾ ਕੇ ਪੰਜ ਪਿਆਰਿਆਂ ਦੇ ਰੂਪ ਵਿਚ ਬਾਬਾ ਸਾਹਿਬ ਨੂੰ ਅੰਮ੍ਰਿਤ ਛਕਾਇਆ ਤੇ "ਮੂਲ-ਮੰਤ੍ਰ" ਨਿਰਨੈ ਸਹਿਤ ਰਹਿਤ ਮਰਿਯਾਦਾ ਸੁਣਾ ਕੇ—ਐਸੇ ਹੀ ਇਹਨਾਂ ਨੂੰ ਨਾਮ ਮੰਤ੍ਰ ਪ੍ਰਚਾਰਨ ਦੀ ਤਾਕੀਦ ਕੀਤੀ । ਬਾਅਦ ਵਿਚ ਬਾਬਾ ਸਾਹਿਬ ਸਿੰਘ ਵਲੋਂ ਤਖ਼ਤ ਸ੍ਰੀ ਕੇਸਗੜ੍ਹ ਅਤੇ ਗੁਰਦਵਾਰਾ ਸੀਸ ਗੰਜ ਸਾਹਿਬ ਬਹੁਤ ਮਾਇਆ ਅਰਪਤ ਹੋਈ । ਗਰੀਬਾਂ ਪੁਰੀ ਵੀ ਦਾਨ ਦਿਤਾ ਗਿਆ ਸੀ ।

ਪੰਜ ਸਿੰਘ ਇਹ ਸਨ—੧. ਭਾਈ ਸੋਭਾ ਸਿੰਘ, ੨. ਭਾਈ ਦਰਬਾਰਾ ਸਿੰਘ, ੩. ਭਾਈ ਸ਼ਿਤੋਖ ਸਿੰਘ ੪. ਭਾਈ ਈਸ਼ਰ ਸਿੰਘ ਤੇ ਪੰਜਵੇਂ ਭਾਈ ਨੱਥਾ ਸਿੰਘ ਜੀ ਸਨ । ਜਿਹਨਾਂ ਨੇ ਇਸ ਮਹਾਨ ਵਿਅਕਤੀ ਨੂੰ ਅੰਮ੍ਰਿਤ ਛਕਾ ਕੇ ਗੁਰ ਮਰਿਆਦਾ ਦੇ ਪਾਲਣ ਕਰਾਨ ਦਾ ਜੱਸ ਪ੍ਰਾਪਤ ਕੀਤਾ ।

ਨੋਟ :—ਕਈ ਲੇਖਕਾਂ ਨੇ ਪੰਜਵਾਂ ਸਿੰਘ-(ਕੋਈ ਓਧਰਾ ਨਿਹੰਗ ਸਿੰਘ ਰੂਪ ਦਾ) ਅਚਾਨਕ ਆਇਆ ਸੀ—ਲਿਖਿਆ ਤੇ ਫੇਰ ਉਹ ਅੰਮ੍ਰਿਤ ਛਕਾਏ ਮਗਰੋਂ ਗੁੰਮ ਹੋ ਗਿਆ ਦਸਿਆ ਸੀ। ਬਾਅਦ ਵਿਚ ਆਏ ਕਿਸੇ ਇਕ ਦਾ ਸ਼ਾਇਦ ਨਾਮ ਪਤਾ ਮਿਲਿਆ ਹੋਵੇ ਤਾਂ ਪੰਜੇ ਨਾਮ ਫਿਰ ਲਿਖੇ ਗਏ ਦੱਸੇ ਜਾਪਦੇ ਹਨ।

—ਲੇਖਕ

ਨੋਟ :—ਗੁਰ ਬਿਲਾਸ ਦੇ ਲੇਖਕ ਪੰਡਤ ਸ਼ੇਰ ਸਿੰਘ ਨੇ ਇਹ ਵੀ ਕਿਸੇ ਤੋਂ ਸੁਣਿਆ—ਜ਼ਿਕਰ ਲਿਖਿਆ ਹੈ ਕਿ ਭਾਈ ਦਿਆ ਸਿੰਘ ਜੀ (ਸ਼ੇਖਤੀ ਜਾਤ ਦੇ ਖਤ੍ਰੀ) ਨੂੰ ਗੁਰੂ ਗੋਬਿੰਦ ਸਿੰਘ ਜੀ ਜਦੋਂ ਅੰਮ੍ਰਿਤ ਛਕਾਇਆ ਸੀ ਤਾਂ ਫਿਰ ਭਾਈ ਦਿਆਲ ਸਿੰਘ ਜੀ ਨੇ ਭਾਈ ਦਰਬਾਰਾ ਸਿੰਘ ਨੂੰ—ਅਤੇ ਦਰਬਾਰਾ ਸਿੰਘ ਜੀ ਨੇ ਭਾਈ ਈਸ਼ਰ ਸਿੰਘ ਜੀ ਨੂੰ ਸਮੇਂ ਸਮੇਂ ਪਰ ਛਕਾਇਆ ਸੀ। ਫਿਰ ਈਸ਼ਰ ਸਿੰਘ ਜੀ ਤੋਂ ਭਾਈ ਸੋਭਾ ਸਿੰਘ ਜੀ ਨੇ ਛਕਿਆ ਸੀ ਤੇ ਇਸ ਵੇਲੇ ਬਾਬਾ ਜੀ ਨੂੰ ਭਾਈ ਈਸ਼ਰ ਸਿੰਘ ਜੀ ਨੇ ਆਪਣੇ ਹੱਥੀਂ ਅੰਮ੍ਰਿਤ ਛਕਾਇਆ ਅਤੇ ਭਾਈ ਸੋਭਾ ਸਿੰਘ ਜੀ ਨੇ ਮੂਲ ਮੰਤ੍ਰ ਗੁਰ ਮੰਤ੍ਰ ਉਪਦੇਸ਼ ਤੇ ਰਹਿਤ ਮਰਿਆਦਾ ਦਾ ਨਿਰਨਾ ਸੁਣਾਇਆ ਸੀ। ਇਹ ਲਿਖਤ ਵਧੇਰੇ ਵਿਸ਼ਵਾਸ਼ ਬੰਧਾਣ ਵਾਲੀ ਹੈ।

ਐਸੇ ਹੀ ਫਿਰ ਸਮਾਂ ਪਾ ਕੇ ਬਾਬਾ ਸਾਹਿਬ ਸਿੰਘ ਜੀ ਨੇ ਸੰਤ ਬਾਬਾ ਭਾਗ ਸਿੰਘ ਨੂੰ ਅੰਮ੍ਰਿਤ ਛਕਾਇਆ ਤੇ ਸੰਤ ਭਾਗ ਸਿੰਘ ਨੇ ਸੰਤ ਬੀਰ ਸਿੰਘ ਜੀ (ਨੌਰੰਗਾਬਾਦੀਏ) ਨੂੰ ਤੇ ਫਿਰ ਅਗੇ ਸੰਤ ਬੀਰ ਸਿੰਘ ਜੀ ਨੇ ਸੰਤ ਦੁਦਾ ਸਿੰਘ ਜੀ ਨੂੰ ਅੰਮ੍ਰਿਤ ਛਕਾਇਆ ਸੀ। ਜਿਹਨਾਂ ਪਾਸੋਂ ਫਿਰ ਪੰਡਤ ਸ਼ੇਰ ਸਿੰਘ ਕਿਰਤਾਰਥ ਹੋਏ ਸਨ। ਇਹ ਜ਼ਿਕਰ ਅਗੇ ਫੇਰ ਆਪਣੀ ਥਾਂ ਵਿਸਥਾਰ ਨਾਲ ਦਸਿਆ ਜਾਏਗਾ। ਉਕਤ ਨਿਰਣਾ (ਅੰਮ੍ਰਿਤ ਪ੍ਰਚਾਰ ਦਾ) ਗਰੰਥ ਬੀਰ ਮ੍ਰਿਗੇਸ਼ ਸਵਾ ੧੩੩ ਤੋਂ ੧੩੪ ਤੀਕ ਅਤੇ ਅਗੇ ੯੯ ਧਿਆਏ ਵਿਚੋਂ ਖੋਜੀ ਦੀ ਲੁਟਮਾਰ ੧੩੬ ਸਵਾ ਤੀਕ ਦਾ ਤੱਤਸਾਰ ਹੈ।

ਬਾਬਾ ਜੀ ਉਪ੍ਰਾਮ ਚਿਤ ਹੋ ਕੇ ਨਿਕਲ ਤੁਰੇ

ਤਖਤ ਸ੍ਰੀ ਕੇਸ ਗੜ੍ਹ ਤੋਂ ਅੰਮ੍ਰਿਤ ਪਾਨ ਕੀਤੇ ਮਗਰੋਂ ਬਾਬਾ ਸਾਹਿਬ ਸਿੰਘ ਦੀ ਸ਼ਿਰਤੀ ਬਹੁਤ ਉਪ੍ਰਾਮ ਹੋ ਚੁਕੀ ਸੀ। ਆਪ ਘੋੜੇ ਉਤੇ ਸਵਾਰ ਹੋ ਕੇ ਚੁਪ ਚੁਪੀਤੇ ਘਰ ਤੋਂ ਨਿਕਲ ਤੁਰੇ। ਵਿਚਦੇ ਹੋਇਆਂ ਕਿਤੇ ਟਿਕ ਜਾਣ ਤਾਂ ਘੋੜੇ ਨੂੰ ਪਹਿਲੇ ਪੱਠਾ ਖੁਵਾਏ ਮਗਰੋਂ ਕਿਸੇ ਪ੍ਰੇਮੀ ਵਲੋਂ ਪ੍ਰਸ਼ਾਦਾ ਲਿਆਂਦਾ ਛਕਦੇ, ਵਰਨਾਂ ਕਈ ਦਿਨ ਢਾਕੇ ਹੀ ਰਹਿੰਦੇ ਤੇ ਅੰਤਰ ਆਤਮੇ ਸਿੰਮ੍ਰਨ ਕਰਦੇ ਹੁੰਦੇ। ਇਸੇ ਤਰ੍ਹਾਂ ਦੀ

ਉਪ੍ਰਾਮਤਾ ਵਿਚ ਹੁੰਦਿਆਂ ਆਪ ਜੀ ਇਕ ਦਿਨ ਭਾਈ ਨੱਥਾ ਸਿੰਘ, ਜੀ ਦੇ ਪਿੰਡ ਆਏ ਟਿਕੇ। ਉਹ ਗੁਰਮੁਖ ਸੁਭਾਉ ਦੇ ਸਨ। ਆਪਣੇ ਸੁਭਾਉ ਅਨੁਸਾਰ ਬਾਬਾ ਜੀ ਨੂੰ ਪਿਆਰ ਸਤਿਕਾਰ ਨਾਲ ਘਰ ਲਿਜਾ ਕੇ ਸੇਵਾ ਸੰਭਾਲ ਮਗਰੋਂ ਪ੍ਰਸ਼ਾਦ ਛਕਾਇਆ । ਉਸ ਦਾ ਇਹ ਅਤਿ ਪ੍ਰੇਮ ਦੇਖ ਕੇ ਬਾਬਾ ਜੀ ਨੇ ਫੁਰਮਾਇਆ ਸ: ਭਾਈ ਨੱਥਾ ਸਿੰਘ ਜੋ ਮਨ ਮਰਜ਼ੀ ਹੋਵੇ ਉਹ ਵਰ ਮੰਗ ਲੈ । ਤੈਨੈ ਸੇਵਾ ਕਰਕੇ ਬਹੁਤ ਰੀਝਾਇਆ ਹੈ ।

ਸ੍ਰੀ ਬਾਬਾ ਜੀ ਦੇ ਐਸੇ ਪ੍ਰੇਮ ਨਿਤਾ ਭਰੇ ਬਚਨ ਸੁਣ ਕੇ ਸ: ਨੱਥਾ ਸਿੰਘ ਨੇ ਬੇਨਤੀ ਕੀਤੀ ਪਾਤਸ਼ਾਹ ! ਆਪ ਗੁਰੂ ਨਾਨਕ ਦੀ ਅੰਸ ਪੁੰਸ ਹੋ ! ਜੇ ਪ੍ਰਸੰਨ ਹੋ ਤਾਂ ਇਹੋ ਵਰਦਾਨ ਬਖਸ਼ੀਏ ਕਿ ਮੇਰੇ ਘਰ ਸ਼ੁਭ ਸੰਤਾਨ (ਲੱਢਾ) ਪੈਦਾ ਹੋਵੇ । ਇਹੋ ਖੁਤ ਹੈ ਹੋਰ ਸਭ ਕੁਝ ਹੈ। ਤਦ ਬਾਬਾ ਜੀ ਨੇ ਫੁਰਮਾਇਆ—ਹੇ ਭਾਈ ਨੱਥਾ ਸਿੰਘ ! ਆਸ ਪੂਰੀ ਹੋਇਗੀ ! ਤੇਰੇ ਘਰ ਸ਼ੁਭ ਸੰਤਾਨ (ਸਰਬ ਗੁਣਾਂ ਸੰਪੰਨ) ਪੈਦਾ ਹੋਇਗੀ। ਐਸੀ ਸੰਤਾਨ ਕਿ ਆਸ੍ਰਮੀ ਸੰਪ੍ਰਦਾ (ਪੰਜ ਵਿਕਾਰ) ਜਿਤਣੇ ਵਾਲੀ ਤੇ ਦੈਵੀ ਸੰਪ੍ਰਦਾ (ਸ਼ੁਭ ਆਚਰਨ) ਪ੍ਰਚਾਰਨ ਵਾਲੀ—ਤੱਤ ਵੇਤਾ ਬ੍ਰਹਮ ਗਿਆਨੀ—ਰਿਧੀ ਸਿਧੀ ਦਾ ਮਾਲਕ ਜੀਵਨ ਮੁਕਤ ਮੋਰਾ ਸਿਖ ਹੋ ਪ੍ਰਗਟਾਏਗਾ। ਐਸਾ ਵਰਦਾਨ ਸੁਣ ਕੇ ਸਰਦਾਰ ਨੱਥਾ ਸ਼ਿੰਘ ਜੀ ਬਹੁਤ ਪ੍ਰਸੰਨ ਹੋਏ ਤੇ ਬਾਬਾ ਸਾਹਿਬ ਘੋੜੇ ਪਰ ਸਵਾਰ ਹੋ ਕੇ ਰਮਤੇ ਬਣੇ ।

ਨੋਟ :—ਸਮਾਂ ਪਾ ਕੇ ਇਸੇ ਸਰਦਾਰ ਨੱਥਾ ਸਿੰਘ ਜੀ ਦੇ ਘਰ ਹੋਣਹਾਰ ਸਪੁਤਰ ਪੈਦਾ ਹੋਇਆ ਸੀ ਖੁਸ਼ੀ ਵਿਚ ਬਹੁਤ ਪੁੰਨ ਦਾਨ ਕੀਤਾ ਜੋ ਬਾਅਦ ਵਿਚ ਸ੍ਰੀ ਬਾਬਾ ਸਾਹਿਬ ਸਿੰਘ ਜੀ ਤੋਂ ਵਰੋਸਾਏ ਸੰਤ ਬੀਰ ਸਿੰਘ ਜੀ ਤੋਂ ਅੰਮ੍ਰਿਤ ਪਾਨ ਕਰਕੇ ਤੇ ਬਾਬਾ ਖੁਦਾ ਸਿੰਘ ਨਾਮ ਨਾਲ ਪ੍ਰਸਿਧ ਹੋਏ। ਸਿਖ ਰਾਜ ਵੇਲੇ ਇਤਿਹਾਸਕ ਵਿਅਕਤੀ ਰੂਪ ਖਾਲਸਾ ਪੰਥ ਵਿਚ ਕਿਵੇਂ ਪ੍ਰਸਿਧ ਹੋਇ ਸੰਨ ? ਵਿਸਥਾਰ ਨਾਲ ਅਗੇ ਦਸਿਆ ਜਾਏਗਾ ਕਿ ਕਿਵੇਂ ਇੰਨਾ ਪ੍ਰਥਾਇ ਸ੍ਰੀ ਬਾਬਾ ਜੀ ਦੇ ਸਾਰੇ ਵਰਦਾਨ ਦਿਤੇ ਗਏ ਸੱਚੇ ਸਾਬਤ ਹੋਇ ਸਨ ।

ਨਿਹੰਗ ਸਿੰਘਾਂ ਦੇ ਬੁਢੇ ਦਲ ਦਾ ਮਿਲਾਪ

ਭਾਈ ਨੱਥਾ ਸਿੰਘ ਨੂੰ ਵਰਦਾਨ ਦੀ ਬਖਸ਼ਿਸ਼ ਕਰਕੇ ਜਦੋਂ ਬਾਬਾ ਜੀ ਚਲਣ ਲਗੇ ਤਾਂ ਨੱਥਾ ਸਿੰਘ ਉਤੇ ਮਾਨੋ ਮਾਪ ਦੀ ਬਖਸ਼ਿਸ਼ ਦਾ ਅਸਰ ਜਾਦੂ ਵਾਂਗੂੰ ਹੋਇਆ । ਉਹ ਆਪ ਵੀ ਬਾਬਾ ਜੀ ਦੇ ਨਾਲ ਹੀ ਸੇਵਾ ਵਿਚ ਚਲ ਪਿਆ ਤੇ ਚਲਦੇ ਚਲਦੇ ਕੁਝ ਦਿਨਾਂ ਬਾਅਦ ਦੋਹਾਂ ਦਾ ਟੁਦਾ ਦਲ ਦੇ ਨਿਹੰਗ ਸਿੰਘਾਂ ਦੇ ਜਥੇ ਨਾਲ ਮੇਲ ਹੋ ਗਿਆ । ਪ੍ਰਸਪਰ ਦੁਤਰਫੀ ਪਿਆਰ ਦਾ ਪ੍ਰਗਟਾਵਾ ਹੋਇਆ ਤੇ ਨਾਲੇ ਮਿਲ ਤੁਰੇ ।

ਇਹਨਾਂ ਦਿਨਾਂ ਵਿਚ ਨਿਤ ਹੀ ਕਿਤੇ ਨਾ ਕਿਤੇ ਤੁਰਕਾਂ (ਮੁਗਲ ਫੌਜਾਂ) ਨਾਲ ਜੁਧ ਮਚਿਆ ਰਹਿੰਦਾ ਸੀ। ਤਦੋਂ ਨਿਹੰਗ ਸਿੰਘਾਂ ਦੇ ਜਥੇ ਨੇ ਤੁਰਕ ਸੈਨਾਂ ਨੂੰ ਨਸਾ ਕੇ ਜਦੋਂ "ਖੈਦੋਸੀ ਸ਼ਹਿਰ" ਨੂੰ ਲੁਟਿਆ ਸੀ ਤਾਂ ਇਕ ਸ੍ਰੀ ਬਾਬਾ ਸਾਹਿਬ ਸਿੰਘ ਜੀ, ਇਕ ਭਾਈ ਨੱਥਾ ਸਿੰਘ ਤੇ ਹੋਰ ੧੧ ਸਿੰਘਾਂ ਨੇ ਉਹਨਾਂ ਦਾ ਸਾਥ ਨਾ ਦਿਤਾ। ਉਸ ਲੁਟ ਵੇਲੇ ਇਹ (੧੩ ਗਿਣਤੀ ਦੇ) ਸਾਰੇ ਸ਼ਹਿਰ ਤੋਂ ਬਾਹਰ ਘੋੜਿਆਂ ਪਰ ਸਵਾਰ ਖਲੋਤੇ ਰਹੇ ਸੀ। ਸੰਤੋਖ ਰਖਿਆ ਤੇ ਮਨ ਨਹੀਂ ਭੁਲਾਇਆ ਸੀ, ਪਰ ਲੁਟ ਮਾਰ ਕਰਨ ਵਾਲਿਆਂ ਨੇ ਚੁਪੈ ਪੈਸੇ ਤੇ ਸੋਨੇ ਨੂੰ ਹੱਥ ਨਹੀਂ ਪਾਇਆ—ਹੀਰੇ ਪੰਨੇ ਤੇ ਕੀਮਤੀ ਹੋਰ ਨਗ ਲੁਟ ਲੁਟ ਕੇ ਥੈਲੇ ਭਰ ਲਏ ਸੀ।

Scanned with CamScanner

ਗੁਰ ਬਿਲਾਸ ਦੇ ਲਿਖਾਰੀ ਨੇ ਸੁਣੀ ਗਲਬਾਤ ਨੂੰ ਐਸਾ ਹੀ ਲਿਖਿਆ ਕਿ ਇਸ ਬੁਢੇ ਦਲ ਦੇ ਸਾਰੇ ਸਿੰਘ ਬੜੇ ਲੰਮੇ ਕੱਦ, ਸੁੰਦਰ ਜਵਾਨ ਤੇ ਖੁਲੇ ਲੰਮੇ ਦਾਹੜਿਆਂ ਵਾਲੇ ਇਕੋ ਜਿਹੇ ਸਨ, ਪਰ ਭੋਲਾਪਨ ਤੇ ਸਾਦਗੀ ਵਿਚ ਵੀ ਹੋਰ ਕੋਈ ਐਸਾ ਨਹੀਂ ਭਿਠਾ ਨਾ ਸੁਣਿਆ ਸੀ। ਕਿ ਲੁਟ ਮਾਰ ਕਰਨ ਪਿਛੋਂ ਹਲਵਾਈਆਂ ਦੀ ਦੁਕਾਨ ਪਰ ਜਾ ਕੇ ਕਹਿਆ—ਕਿ ਇਹਨਾਂ ਮੋਤੀਆਂ ਬਦਲੇ ਸਾਨੂੰ ਮੋਤੀ ਚੂਰ ਲੱਡੂ ਦੇ ਦਿਉ। ਤਦ ਹਲਵਾਈਆਂ ਨੇ ਇਹਨਾਂ ਦੇ ਭੋਲੇਪਨ ਨੂੰ ਪਰਖਿਆ ਤੇ ਆਖਿਆ—ਮੋਤੀ ਥੋੜੇ ਹਨ। ਲੱਡੂ ਬਹੁਤੇ ਹੀ ਮਿਲਨਗੇ। ਫਿਰ ਐਸਾ ਹੋਇਆ ਕਿ ਦੋ ਤੋਲੇ ਸੁਚੇ ਮੋਤੀ ਹੀਰੇ ਲੈ ਕੇ ਕਿਸੇ ਨੇ ਦੋ ਤੋਲੇ ਲੱਡੂ ਦਿਤੇ, ਕਿਸੇ ਨੇ ਦੋ ਤੋਲੇ ਮੋਤੀਆਂ ਬਦਲੇ ੧ ਤੋਲਾ ਲੱਡੂ ਦੇ ਕੇ ਸਿੰਘਾਂ 'ਸਰਦਾਰਾਂ' ਨੂੰ ਖੁਸ਼ ਕੀਤਾ।

ਬਾਅਦ ਵਿਚ ਬਾਬਾ ਸਾਹਿਬ ਸਿੰਘ ਜੀ ਨੇ ਬਾਕੀ ਦੇ ੧੨ ਸਿੰਘਾਂ ਤੋਂ ਪੁਛ ਕੀਤੀ-ਤੁਸੀਂ ਕਿਉਂ ਨਹੀਂ ਲੁਟਣ ਵਿਚ ਸ਼ਾਮਲ ਹੋਇ ਤਦ ਉਹਨਾਂ ਨੇ ਆਖਿਆ—ਸ੍ਵਾਮੀ ਜੀਉ ! ਅਸੀਂ ਆਪ ਨੂੰ ਲੁਟਿਆ ਹੈ, ਜੋ ਸਾਰੇ ਜੀਆ ਜੰਤ (ਚਰਾਂਚਰ) ਦੇ ਸਾਖੀ ਹੈ। ਇਸ ਅਨਰਥ ਦੇ ਧਨ ਨੂੰ ਲੁਟ ਕੇ ਪਰਮ ਦੁਖ (ਆਤਮਕ ਦੀ ਬੁਧਤਾ) ਨੂੰ ਜੋ ਆਪ ਦੀ ਸੰਗਤ ਤੋਂ ਪ੍ਰਾਪਤ ਕੀਤੀ ਹੈ—ਮਲੀਨ ਕਰਨਾ ਨਹੀਂ ਚਾਹੁੰਦੇ।

ਪੰਡਤ ਸ਼ੇਰ ਸਿੰਘ ਦਸਦੇ ਕਿ ਉਕਤ ੧੨ ਸੈਤੋਖੀਆਂ ਵਿਚ (ਸੰਤ ਖੁਦਾ ਸਿੰਘ ਦੇ ਪਿਤਾ) ਸਰਦਾਰ ਨੱਥਾ ਸਿੰਘ ਅਤੇ ਨਾਨਾ ਜੀ ਵੀ ਸ਼ਾਮਲ ਸਨ। ਬਾਬਾ ਜੀ ਇਹਨਾਂ ਪਰ ਬਹੁਤ ਖੁਸ਼ ਹੋਇ ਤੇ ਫੁਰਮਾਇਆ—"ਹੇ ਖਾਲਸਾ ਜੀ ! ਜਿਹਨਾਂ ਵਿਚਾਰੇ ਲੋਕਾਂ ਨੇ ਬੜੇ ਯਤਨ ਕਰਕੇ ਧਨ ਮਾਲ ਇਕੱਠਾ ਕੀਤਾ ਸੀ ਉਹਨਾਂ ਦਾ ਗਲਾ ਕੱਟ ਕੇ ਜ਼ੁਲਮ ਕਰਕੇ ਲੁਟਿਆ ਧਨ ਪਦਾਰਥ ਅਸੀਂ ਵਰਤਾਂਗੇ ਤਾਂ ਕੈਸੇ ਸੁਖੀ ਹੋਵਾਂਗੇ ? ਗੁਰੂ ਸਾਹਿਬ ਦਾ ਪ੍ਰਤੱਖ ਫੁਰਮਾਣ ਹੈ।

ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ ॥
ਗੁਰ ਪੀਰ ਹਾਮਾ ਤਾਂ ਭਰੇ ਜਾ ਮੁਰਦਾਰ ਨਾ ਖਾਇ ॥ (੧੪੧)

ਬਾਬਾ ਜੀ ਫੇਰ ਚਿਹਾ—ਇਹ ਸਾਰੇ ਤਾਂ ਲੁਟ ਮਾਰ ਵਿਚ ਲੱਗਾ ਹਣੇ ਸਨ। ਜੋ ਕਰ ਚੁਕੇ ਵੀ ਹੁਣਕ ਸੈਨਾਂ (ਜਿਸ ਨੂੰ ਨਸਾਇਆ ਹੈ) ਆ ਕੇ ਪੈ ਜਾਂਦੀ ਤਾਂ ਲੁਟ ਮਾਰ ਕਰਦੇ, ਰੁਝੇ ਪਏ ਸਾਰਿਆਂ ਨੂੰ ਕਤਲ ਕਰ ਦਿੰਦੇ। ਇਸ ਵਾਸਤੇ ਵੀ ਸਾਡਾ ਬਾਹਰ ਖਲੋਤੇ ਰਹਿਣਾ ਠੀਕ ਸੀ ਕਿ ਐਸੀ ਹਾਲਤ ਵਿਚ ਉਹਨਾਂ ਭਾਈਂ ਅਸੀਂ ਬਾਹਰ ਹੀ ਰੋਕ ਸਕਦੇ ਸੀ, ਵਰਨਾਂ ਜਿਤੀ ਬਾਜ਼ੀ ਹਾਰ ਜਾਂਦੇ। ਸ੍ਰੀ ਬਾਬਾ ਜੀ ਤੋਂ ਐਸੀ ਵਿਚਾਰ ਸੁਣ ਕੇ ਸਾਰਿਆਂ ਨੇ ਨਿਸਕਪਟ ਹੋ ਕੇ ਨਮਸਕਾਰ ਕੀਤੀ ਤੇ ਇਵੇਂ ਹੀ ਬਾਬਾ ਜੀ ਨੇ ਬੁਢਾ ਦਲ ਦੇ ਸਿੰਘਾਂ ਦੀ ਐਸੀ ਬਿਰਤੀ (ਲੁਟ ਮਾਰ ਦੀ) ਦੇਖੀ ਤਾਂ ਉਕਤ ਸਰਦਾਰ ਨੱਥਾ ਸਿੰਘ ਆਦਿਕ ਥੋੜੇ ਸਾਥੀਆਂ ਸਮੇਤ ਸਾਥ ਛੋੜ ਦਿਤਾ ਤੇ (ਉਨੈ ਸਾਹਿਬ) ਆਪਣੇ ਨਿਵਾਸ ਅਸਥਾਨ ਪਰ ਚਲੇ ਆਏ ਸਨ।

ਨੋਟ :-ਗੁਰ ਬਿਲਾਸ ਦੇ ਲੇਖਕ ਪੰਡਤ ਸ਼ੇਰ ਸਿੰਘ ਨੇ ਦਸਿਆ ਹੈ—ਕਿ ਫੈਦੇਸੀ ਸ਼ੈਹਰ (ਉਤਰ ਪ੍ਰਦੇਸ਼) ਦੀ ਇਸ ਲੁਟ ਮਾਰ ਦਾ ਜ਼ਿਕਰ ਵਿਸਥਾਰ ਨਾਲ ਭਾਈ ਰਤਨ ਸਿੰਘ ਭੰਗੂ ਪੰਥ ਪ੍ਰਕਾਸ਼ ਵਿਚੋਂ ਦੇਖਿਆ ਜਾ ਸਕਦਾ ਹੈ। ਫੇਰ ਇਹ ਵੀ ਦਸਿਆ—ਕਿ ਜਿਸ ਵੇਲੇ ਸਿਖ ਫੌਜਾਂ ਨੇ ਲਾਹੌਰ ਸ਼ਹਿਰ ਫਤਹਿ ਕਰ ਲਿਆ ਸੀ ਉਸ ਵੇਲੇ ਬਾਬਾ ਸਾਹਿਬ ਸਿੰਘ ਉਨੈ ਵਿਚ ਫਸੇ ਸਨ ਤੇ ਬਹੁਤ ਪੁਰਾਮ ਵੱਧ ਚੁਕਿਆ ਸੀ।

ਬਾਬਾ ਸਾਹਿਬ ਸਿੰਘ ਜੀ ਉਨਾਂ ਸਾਹਿਬ ਵਿਚ

ਗੁਰੂ ਨਾਨਕ ਸਾਹਿਬ ਦੀ ਸਾਰੀ ਅੱਸ ਬੰਸ ਪਹਿਲੇ ਭੋਹਰਾ ਬਾਬਾ ਨਾਨਕ ਵਿਚ ਨਿਵਾਸ ਰਖਦੀ ਸੀ। ਗੁਰੂ ਨਾਨਕ ਕਰਤਾਰਪੁਰ ਵਿਚ ਜੋਤੀ ਜੋਤ ਸਮਾਏ ਸਨ। ਮਗਰੋਂ ਹਿੰਦੂਆਂ ਤੇ ਮੁਸਲਮਾਨ ਯਾਦਗਾਰਾਂ ਬਣਾਈਆਂ ਜਿ ਥੇ ਹਿੰਦੂਆਂ ਨੇ ਦੇਹੁਰਾ ਰੂਪ (ਸਮਾਧ) ਬਣਾਈ ਤੇ ਮੁਸਲਮਾਨਾਂ ਨੇ ਯਾਦਗਾਰੀ (ਮਜ਼ਾਰ) ਖਾਨਗਾਹ ਰਚੀ ਸੀ ਉਹ ਥੋੜੇ ਅਰਸੇ ਬਾਅਦ ਦਰਿਆਏ ਰਾਵੀ ਦੀ ਬਾਹਰ ਨੇ ਦੋਵੇਂ ਥਾਵਾਂ ਰੁੜ੍ਹ ਗਈਆਂ ਸਨ। ਤਦ ਬਾਬਾ ਸ੍ਰੀ ਚੰਦ ਜੀ ਨੈ (ਜੋ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਾਹਿਬਜ਼ਾਦੇ ਸਨ) ਹਿੰਦੂਆਂ ਵਲੋਂ ਬਣਾਈ ਸਮਾਧ ਵਾਲੀ ਥਾਂ ਤੋਂ ਦਰਿਆਏ ਰਾਵੀ ਦੇ ਬਰੋਤੇ ਵਿਚੋਂ ਗੁਰੂ ਪਿਤਾ ਦੀ ਬਿਭੂਤੀ ਵਾਲੀ ਗਾਗਰ ਲੱਭ ਕੇ ਦਰਿਆਏ ਦੀ ਧਾਮੋਬਾ ਦੀ ਬਾੜ੍ਹ ਮਾਰ ਤੋਂ ਬਚਾ ਕੇ ਉਚਾਰ ਦੇ ਪਾਸੇ ਪਧੱਰ ਕੇ ਪਿੰਡ ਦੀ ਜ਼ਮੀਨ ਵਿਚ ਲਿਆ ਧਰੀ ਅਤੇ ਦੇਹੁਰਾ ਬਣਾ ਦਿਤਾ ਸੀ। ਉਸ ਦਿਨ ਤੋਂ ਉਥੇ ਦੇ ਸਾਰੇ ਨਗਰ ਦਾ ਨਾਮ ਹੀ ਭੋਹਰਾ ਬਾਬਾ ਨਾਨਕ ਮਸ਼ਹੂਰ ਹੋਇਆ ਤੇ ਗੁਰੂ ਨਾਨਕ ਦੀ ਅੱਸ ਬੰਸ ਦੇ ਬੰਦੀ ਬਾਬੇ ਅਤੇ ਹੋਰ ਨੱਛੋਕੀ ਰਿਸ਼ਤੇਦਾਰ ਵੀ ਕੁਝ ਕਰਤਾਰਪੁਰ ਧਰਮਸਾਲ ਵਿਚ ਢਹਿਆਏ ਦੇ ਪਾਰ ਤੇ ਬਹੁਤੇ ਹੋਰ ਬਾਬਾ ਨਾਨਕ ਵਿਚ ਹੀ ਆ ਕੇ ਵੱਸੇ ਸਨ। ਇਸੇ ਕਰਕੇ ਇਥੇ ਹੀ ਵਸਦੇ ਬਾਬਾ ਕਲਾਧਾਰੀ ਦੇ ਸਪੁਤਰ ਬਾਬਾ ਅਜੀਤ ਸਿੰਘ ਜੀ ਦੇ ਘਰ ਬਾਬਾ ਸਾਹਿਬ ਸਿੰਘ ਜੀ ਦਾ ਜਨਮ ਸੰਮਤ ੧੮੧੩ ਵਿਚ ਹੋਇਆ ਸੀ।

ਇਕ ਵਾਰ ਇਵੇਂ ਦੀ ਬੇਦੀ ਬਰਾਦਰੀ (ਗੁਰੂ ਨਾਨਕ ਦੀ ਅੱਸ ਬੰਸ ਦਿਆਂ) ਨੈ ਆਪੋ ਵਿਚ ਇਲਾਕੇ ਦੀਆਂ ਵੰਡਾਂ ਕੀਤੀਆਂ ਕਿ ਪ੍ਰਚਾਰ ਵਾਸਤੇ ਹਰ ਇਕ ਬਾਬਾ ਆਪਣੇ ਆਪਣੇ ਹੀ ਇਲਾਕੇ ਵਿਚ ਜਾਇ ਤੇ ਕਾਰ ਭੇਟ ਆਪਣੇ ਹੀ ਪ੍ਰੇਮੀਆਂ ਸਿਖਾਂ ਪਾਸੋਂ ਵਸੂਲ ਕੀਤਾ ਕਰੇ। ਇਸ ਵੰਡ ਅਨੁਸਾਰ ਉਨੈ ਦਾ ਇਲਾਕਾ ਬਾਬਾ ਕਲਾਧਾਰੀ ਦੇ ਹਿਸੇ ਆਇਆ ਸੀ ਤੇ ਇਹਨਾਂ ਦੇ ਨਿਵਾਸ ਸਮੇਂ ਹੀ ਉਧਰ ਨੇੜੇ ਸ੍ਰੀ ਅਨੰਦਪੁਰ ਵਿਚ ਗੁਰੂ ਗੋਬਿੰਦ ਸਿੰਘ ਜੀ ਬਿਰਾਜਮਾਨ ਸਨ ਤੇ ਦੋਵੇਂ ਆਪੋ ਵਿਚ ਗੂੜਾ ਪਿਆਰ ਰਖਦੇ ਤੇ ਮਿਲਿਆ ਕਰਦੇ ਸ਼ਿਕਾਰ ਵੀ ਖੇਡਿਆ ਕਰਦੇ ਸਨ।

ਇਹ ਜ਼ਿਕਰ ਪਿਛੇ ਪਾਠਕਾਂ ਨੇ ਪੜ੍ਹਿਆ ਹੈ-ਤੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਬਾਬਾ ਸ੍ਰੀ ਕਲਾਧਾਰੀ ਪੁਚਾਏ ਦਿਤਾ ਵਰ ਹੀ ਸੁਫਲ ਹੋਇਆ ਸੀ ਕਿ ਬਾਬਾ ਸਾਹਿਬ ਸਿੰਘ ਜੀ ਦਾ ਜਨਮ ਹੋਇਆ ਸੀ। ਉਹ ਸਾਰੇ ਹਾਲ (ਜਨਮ ਤੋਂ ਸੰਪੂਰਨ ਜ਼ਿੰਦਗੀ ਤੀਕ) ਉਕਤ ਗੁਰ ਬਿਲਾਸਾਂ ਵਿਚ ਵਿਸਥਾਰ ਨਾਲ ਅਤੇ ਸਿਖ ਰਾਜ ਵੇਲੇ ਦੀ ਤਵਾਰੀਖ ਨਾਲ ਵੀ ਸਬੰਧਤ ਹਨ। ਉਹ ਸਾਰੇ ਸਮਾਚਾਰ (ਮਿਲੇ ਜੁਲੇ) ਧਾਰਮਕ ਤੇ ਰਾਜਨੀਤਕ ਰੂਪ ਦੇ ਤੱਤਸਾਰ ਦੇ ਲੇਖਕ (ਗਿਆਨੀ ਈਸ਼ਰ ਸਿੰਘ ਨਾਰਾ) ਨੈ ਰਾਜਾ ਜੋਗੀ ਨਾਮ ਦੀ ਪੁਸਤਕ ਵਿਚ ਵਿਸਥਾਰ ਨਾਲ ਲਿਖੇ ਹਨ। ਇਸ ਵਾਸਤੇ ਇਥੇ ਤੱਤਸਾਰ ਗਰੰਥ ਵਿਚ ਉਹਨਾਂ ਦਾ ਵਿਸਥਾਰ ਨਹੀਂ ਕਰਨਾ ਹੈ।

ਜਵਾਨੀ ਵੇਲੇ ਸ੍ਰੀ ਬਾਬਾ ਸਾਹਿਬ ਸਿੰਘ ਜੀ ਆਪਣੇ ਜਪ ਤਪ ਬਲ ਅਤੇ ਰਾਜਨੀਤਕ ਸੂਝ ਬੂਝ ਕਰਕੇ ਰਾਜ ਦਰਬਾਰਾਂ ਵਿਚ ਚਹੁਤ ਪ੍ਰਸਿਧ ਹੋ ਚੁਕੇ ਸਨ ਤਾਂ ਆਪ ਜੀ ਨੈ ਭੀ ਆਪਣਾ ਨਿਵਾਸ ਅਸਥਾਨ ਪੱਕੇ ਤੌਰ ਪਰ ਉਨੈ ਵਿਚ ਬਣਾ ਲਿਆ ਸੀ ਤੇ ਕਿਤੇ ਵੀ ਜਾ ਕੇ ਮੁੜ ਉਨੈ ਆ ਕੇ ਟਿਕਿਆ ਕਰਦੇ ਸਨ। ਆਪ ਜੀ ਦੀ ਦਿਨ ਦੂਣੀ ਤੇ ਰਾਤ ਚੌਗੁਣੀ ਕੀਰਤੀ ਫੈਲ ਚੁਕੀ ਸੀ। ਤੇ ਸਿਖ ਪੰਥ ਵਿਚ ਉਚ ਵਿਅਕਤੀ ਮੰਨੇ ਜਾਂਦੇ ਸਨ।

ਇਸੇ ਕਰਕੇ ਸਰਦਾਰ ਮਹਾਂ ਸਿੰਘ-ਸ਼ੁਕਰ ਚੱਕੀਆ ਮਿਸਲ ਦੇ ਸਰਦਾਰ ਦੀ ਮ੍ਰਿਤੂ ਬਾਅਦ ਉਹਨਾਂ

Scanned with CamScanner

ਗੁਲਾਇਆ ਤੇ ਜਦੋਂ ਲਾਹੌਰ ਕਿਲੇ ਵਿਚ ਮਹਾਰਾਜਗੀ ਦਾ ਤਿਲਕ ਹੋਣਾ ਸੀ ਤਦ ਵੀ ਬਾਬਾ ਸਾਹਿਬ ਸਿੰਘ ਜੀ ਹੱਥੀਂ ਤਿਲਕ ਕਰਾਇਆ ਗਿਆ ਸੀ।* ਭਾਵ ਇਹ ਕਿ-ਇਸ ਵੇਲੇ ਬਾਬਾ ਸਾਹਿਬ ਜੀ ੩੫-੩੬ ਸਾਲਾਂ ਦੇ ਹੋ ਸਨ–ਸਮੂਹ ਖਾਲਸਾ ਪੰਥ ਵਿਚ ਪ੍ਰਮੁਖ ਵਿਦਵਾਨ, ਪ੍ਰਮੁਖ ਰਾਜਨੀਤਕ ਅਤੇ ਗੁਰੂ ਯਥ (ਵਿਯੋਗ) ਨਾਲ ਮੰਨੇ ਤੇ ਸਤਿਕਾਰਦੇ ਜਾਂਦੇ ਸਨ। ਆਪ ਦੀ ਸੇਵਾ ਵਿਚ ਕਈ ਹਜ਼ਾਰ ਤਿਆਰ-ਬਰ-ਤਿਆਰ ਸੂਰਬੀਰ ਅਤੇ ਸੈਂਕੜੇ ਧਾਰਮਕ ਵਿਚਾਰਾਂ ਵਾਲੇ ਸਾਧੂ ਸੰਤ ਵੀ ਹਾਜਰ ਰਹਿੰਦੇ ਸਨ। ਖਰਚੇ ਦਾ ਵੀ ਕੋਈ ਅੰਤ ਹਿਸਾਬ ਨਹੀਂ ਸੀ ਤੇ ਆਮਦਨ ਭੇਟ ਵੀ ਰੋਜ਼ਾਨਾ ਬੇਸ਼ੁਮਾਰ ਚੜਾਵਾ ਚੜਦਾ ਸੀ।

ਇਸ ਵੇਲੇ ਬਾਬਾ ਸਾਹਿਬ ਸਿੰਘ ਜੀ ਸਿਰਫ ਮਹਾਰਾਜਾ ਰਣਜੀਤ ਸਿੰਘ (ਲਾਹੌਰ ਦਰਬਾਰ) ਦੇ ਹੀ ਰਾਜ ਗੁਰੂ ਨਹੀਂ ਬਲਕਿ ਪੰਜਾਬ ਦੇ ਪ੍ਰਮੁਖ ਸਾਰੇ ਸਰਦਾਰ ਤੇ ਮੋਣ ਦਵਾਬੀਏ ਅਤੇ ਕਈ ਪਹਾੜੀਏ ਰਾਜੇ ਵੀ ਆਪ ਦੇ ਬਰਧਾਲੂ ਸੇਵਕ ਬਣ ਚੁਕੇ ਤੇ ਨਕਦੀ-ਬਸਤ੍ਰ-ਹਾਥੀ ਘੋੜੇ ਤੇ ਜਰੀਗਾਂ ਭੇਟ ਕਰਦੇ ਹੋਇਆਂ ਆਪਣੇ ਆਪ ਨੂੰ ਵਡਭਾਗੀ ਸਮਝਦੇ ਸਨ। ਤਿਵੇਂ ਹੀ ਬਾਬਾ ਸਾਹਿਬ ਵੀ ਹਰ ਕਿਸੇ ਰਾਜੇ ਮਹਾਰਾਜੇ ਸਰਦਾਰ ਦੀ ਯੋਗਤਾ ਅਨੁਸਾਰ ਉਹਨਾਂ ਦਾ ਆਦਰ ਕਰਾਂਦੇ ਤੇ ਗੁਰੂ ਘਰ ਦੀ ਰੀਤ ਮੁਤਾਬਿਕ ਸਿਰੋਪਾਉ ਦੀ ਬਖਸ਼ਿਸ਼ ਨਾਲ ਵਿਦਾ ਕਰਦੇ ਹੁੰਦੇ ਸਨ।

ਐਸੀ ਹਾਲਤ ਵਿਚ ਉਨਾਂ ਸਾਹਿਬ (ਸ੍ਰੀ ਬਾਬਾ ਜੀ ਦੀ) ਰਾਜਧਾਨੀ ਦੇ ਰੂਪ ਵਿਚ ਪ੍ਰਸਿਧ ਹੋ ਚੁਕਾ ਸੀ ਤੇ ਹਜ਼ਾਰਾਂ ਦੀ ਗਿਣਤੀ ਵਿਚ ਆਪ ਦੀ ਸੂਰਬੀਰ ਸੈਨਾ ਅਤੇ ਸਿਖ ਸੰਗਤਾਂ ਵਾਸਤੇ ਰਿਹਾਇਸ਼ ਅਤੇ ਲੰਗਰ ਦਾ ਇੰਤਜ਼ਾਮ ਵੀ ਮੁਕੰਮਲ ਸੀ। ਇਥੋਂ ਤੀਕ ਕਿ ਦਿਨ ਰਾਤ ਚਾਲੂ ਰਹਿੰਦਾ ਸੀ। ਲੰਗਰ ਵਰਤੇ ਸਮੇਂ ਤੋਂ ਬਾਅਦ ਵਿਚ ਬੇਵਕਤ ਕੋਈ ਆਇ ਤਾਂ ਤਿੰਨ ਪਾਉ ਪੱਕੇ ਆਟੇ ਦੇ ਦੋ ਪ੍ਰਸ਼ਾਦਿਆਂ ਉਤੇ ਪਾਉ ਭਰ ਕਾਲੇ ਮਾਂਹ ਤੇ ਛੋਲਿਆਂ ਦੀ ਦਾਲ ਪਾ ਕੇ ਦਿਤੀ ਜਾਂਦੀ ਸੀ।

ਉਸ ਵੇਲੇ ਦੇ ਇਤਨੇ ਵਡੇ ਲੰਗਰ ਵਿਚ ਹੱਥਾਂ ਨਾਲ ਆਟਾ ਗੁੰਨ੍ਹ ਕੇ ਫੁਲਕੇ ਤਿਆਰ ਕਰਨ ਨਾਲ ਪੂਰੀ ਨਹੀਂ ਪੈਂਦੀ ਸੀ-ਜੂਠੇ ਦੇ ਜੁਥੱਚਿਆਂ ਵਿਚ ਇਸ਼ਨਾਨ ਕੀਤੇ ਸਿੰਘ-ਪੈਰਾਂ ਨਾਲ ਆਟਾ ਗੁੰਨਦੇ ਸਨ, ਤੇ ਬੋਲਣੇ ਨਾਲ ਬੋਲ ਬੋਲ ਕੇ ਮੋਟੇ ਪ੍ਰਸ਼ਾਦੇ ਲੋਹਾ, ਉਤੇ ਪਕਾ ਕੇ ਵਰਤਾਇਆ ਕਰਦੇ ਸਨ। ਐਸਾ ਇਕ ਜੁਥੱਚਾ ਉਨੇ ਸਾਹਿਬ (ਬਾਬਾ ਕਲਾਧਾਰੀ ਦਰਬਾਰ ਨੇੜੇ) ਹੁਣ ਤੀਕ ਨਮੂਨਾ ਮੌਜੂਦ ਹੈ।

ਪੰਡਤ ਸ਼ੇਰ ਸਿੰਘ ਨੇ ਇਹ ਵੀ ਦਸਿਆ ਕਿ ਜੁਥੱਚਿਆਂ ਵਿਚ ਪੈਰ ਨਾਲ ਆਟਾ ਗੁੰਨਦੇ ਹੋਇਆਂ ਜਿਵੇਂ ਮਿਣੀ ਤੇ ਜੂਨੇ ਦੀ ਘਾਣ ਨੂੰ ਕਹੀਆਂ (ਕਸੀਆਂ) ਤੇ ਬੋਲਚਿਆਂ ਨਾਲ ਉਲਥਿਆ ਪਲਥਿਆਂ ਜਾਂਦਾ ਹੈ ਤਿਵੇਂ ਆਟੇ ਨੂੰ ਜੁਥੱਚਿਆਂ ਵਿਚ ਵੀ ਕਹੀਆਂ ਤੇ ਬੋਲਚਿਆਂ ਨਾਲ ਉਲਥਿਆ ਜਾਂਦਾ ਤੇ ਪੈਰਾਂ ਨਾਲ ਗੁੰਨਦੇ ਇਕਸਾਰ ਕਰਦੇ ਹੁੰਦੇ ਸਨ। ਇਸ ਤੋਂ ਵਖਰੇ ਕਈ ਹਜ਼ਾਰ ਫੌਜੀ ਜਵਾਨਾਂ ਨੂੰ ਸੁਕੀ ਰਸਦ ਮਿਲਦੀ ਹੁੰਦੀ ਸੀ।

ਵਿਦਵਾਨ ਲੇਖਕ ਨੇ ਗੁਰ ਬਿਲਾਸ ਵਿਚ ਸਫਾ ੧੩੬ ਪਰ ਲਿਖਿਆ ਕਿ ਸ੍ਰੀ ਬਾਬਾ ਸਾਹਿਬ ਸਿੰਘ ਜੀ ਦੇ-ਉਸ ਵੇਲੇ ਦੇ ਚੜ੍ਹਦੀ ਕਲਾ ਦੇ ਨਜ਼ਾਰੇ, ਦੁਪਹਿਰ ਦੇ ਸੂਰਜ ਵਾਂਗੂੰ ਭੇਜ ਪ੍ਰਤਾਪ ਦੀ ਪ੍ਰਸਿਧੀ ਪੰਜਾਬ ਦੇ ਰਾਜਿਆਂ, ਮਹਾਰਾਜਿਆ ਵਲੋਂ ਰਾਜਸੀ ਸਤਿਕਾਰ ਦੀ ਪ੍ਰਾਪਤੀ ਅਤੇ ਖਾਲਸਾ ਪੰਥ ਦੇ ਧਾਰਮਕ ਸ਼ਰੋਮਣੀ ਵਿਦਵਾਨਾਂ-(ਹੋਰ ਤਾਰੀਖੀ ਹਰੀ ਮੰਦਰ ਸਾਹਿਬ ਦੇ) ਗਿਆਨੀ ਗੁਰਮੁਖ ਸਿੰਘ ਤੇ ਭਾਈ ਸੰਤ ਸਿੰਘ

*ਲਿਪਕ ਜ਼ਿਯਨ ਨੇ ਵਿਚ ਲਿਖਿਆ।

ਸਿੰਘ ਜੀ ਜੋਸਿਆਂ ਅਤੇ ਸੰਤ ਸੰਪ੍ਰਦਾਵਾਂ (ਉਦਾਸੀ, ਨਿਰਮਲੇ ਤੇ ਸੇਵਾ ਪੰਥੀਆਂ) ਦੇ ਪ੍ਰਮੁਖਾਂ ਵਲੋਂ ਜੋ ਮਾਨ ਸਤਿਕਾਰ ਪ੍ਰਾਪਤ ਸੀ ਉਹ ਦਾ ਵਿਸਥਾਰ ਨਹੀਂ ਦਸਿਆ ਗਿਆ ਕਿਉਂਕਿ ਇਸ ਗੁਰਬਿਲਾਸ ਤੋਂ ਪਹਿਲੇ ਸੋਢੀ ਬਾਬਾ ਰੰਗਤ ਸਿੰਘ ਨੇ ਚੌਦ੍ਹੇਯ ਨਾਮ ਗ੍ਰੰਥ (ਮਹਾਂ ਕਾਵ) ਅਤੇ ਦੂਜਾ ਭਾਈ ਸੋਭਾ ਰਾਮ ਕ੍ਰਿਤ ਤੇ ਤੀਜਾ ਗੁਰੂ ਜੱਸ ਹੁਲਾਸ ਕਾਵ ਰੂਪ ਭਾਈ ਲਾਲਾ ਰਾਮ ਸੇਵਾ ਪੰਥੀ ਨੇ ਲਿਖਿਆ ਹੈ। ਇਸ ਵਾਸਤੇ ਇਸ ਗੁਰ ਬਿਲਾਸ ਵਿਚ ਥੋੜਾ ਹੀ ਨਮੂਨਾ ਦਸਿਆ ਹੈ ਜਿਸ ਤੇ ਪਾਠਕਾਂ ਨੂੰ ਪਤਾ ਲਗ ਜਾਏ ਕਿ ਬਾਬਾ ਸਾਹਿਬ ਸਿੰਘ ਜੀ ਵੇਲੇ ਉਨਾ ਸਾਹਿਬ ਕਿਤਨਾ ਪ੍ਰਸਿੱਧ ਨਗਰ ਸੀ?

❀❀

ਭਾਗ ਦੂਜਾ

ਪਿਛੇ ਲਿਖੀ ਕਥਾ ਵਿਚ ੧ ਤੋਂ ਪੰਜ ਧਿਆਏ ਤੀਕ ਦਾ ਤਤ ਸਾਰ (ਨਚੋੜ) ਪਾਠਕਾਂ ਨੇ ਪੜਿਆ ਹੈ ਜਿਸ ਵਿਚ ਸ੍ਰੀ ਅਕਾਲ ਪੁਰਖ ਤੇ ਦਸੋਂ ਪਾਤਸ਼ਾਹੀਆਂ ਉਪ੍ਰੰਤ-ਗਿਆਰਵੀਂ ਪਾਤਸ਼ਾਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਫਿਰ ਆਪਣੇ ਨਾਮ ਅੰਮ੍ਰਿਤ ਦਾਤੇ ਸੰਤਾਂ ਦੀ ਅਰਾਧਨਾਂ (ਉਸਤਤੀ) ਕਰਕੇ ਪੰਡਤ ਸ਼ੇਰ ਸਿੰਘ ਜੀ ਨੇ ਸ੍ਰੀ ਬਾਬਾ ਸਾਹਿਬ ਸਿੰਘ ਜੀ ਦਾ ਜਨਮ ਕਾਰਨ ਬੜੇ ਵਿਸਥਾਰ ਨਾਲ ਦਸਿਆ ਹੈ। ਅਗੇ ਉਹ ਸ੍ਰੀ ਬਾਬਾ ਜੀ ਦੀ ਜੀਵਨ ਕਥਾ ਦਾ ਆਰੰਭ ਕਰਨ ਤੋਂ ਪਹਿਲੇ ੬ਵੇਂ ਅਧਿਆਏ ਵਿਚ ਦੁਬਾਰਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਉਸਤਤੀ ਵਿਚ ਲਿਖਦੇ ਕਿ-'ਸਰਗੁਨ ਤੇ ਨਿਰਗੁਨ'-ਦੋਹਾਂ ਰੂਪਾਂ ਵਿਚ ਵਰਤਨ ਵਾਲਾ ਜੋ ਸਾਰੇ ਸੰਸਾਰ ਦਾ ਕਰਤਾ ਤੇ ਆਸਰਾਰੂਪ ਮੂੱਧ ਬ੍ਰਹਮ ਹੈ ਉਹਾ ਹੀ ਗੁਰੂ ਨਾਨਕ ਅਵਤਾਰ ਹੋ ਕੇ ਪ੍ਰਗਟਾਇਆ ਹੈ-ਉਹ ਐਸਾ ਦਸਦੇ-

ਦੋਹਿਰਾ-'ਸਰਗੁਨ ਨਿਰਗੁਨ ਰੂਪ ਪ੍ਰਭ ਸਰਬ ਵਿਸ੍ਵ ਆਧਾਰ
ਮੂੱਧ ਬ੍ਰਹਮ ਜਿਸ ਆਪ ਹੀ ਗੁਰੂ ਨਾਨਕ ਅਵਤਾਰ ॥

ਜਿਨਾਂ ਨੇ ਵੇਦ ਸਾਸ਼ਤ੍ਰਾਂ ਦੇ ਗੰਭੀਰ ਤੇ ਅਗਾਧ ਅਰਥ ਬੋਧ ਨੂੰ ਕਲਜੁਗੀ ਜੀਵਾਂ ਵਾਸਤੇ ਸਮਝਨਾ ਤੇ ਪ੍ਰਚਾਰਨਾਂ ਮੁਸ਼ਕਿਲ ਜਾਣਦੇ ਹੋਇਆਂ ਵੇਦਾਂਤ ਦੇ ਤੱਤ ਸਾਰ ਵਿਚਾਰਾਂ ਨੂੰ ਸੁਖੈਨ ਭਾਸ਼ਾ ਵਿਚ ਗੁਰਬਾਣੀ ਰਾਹੀਂ ਪ੍ਰਗਟਾਇਆ ਹੈ ਕੈਸੇ?' ਜਿਵੇਂ ਮਹਾਂ ਡੂੰਘੇ ਗੰਭੀਰ ਤੇ ਅਗਾਧ ਸਮੁੰਦਰ ਨੂੰ ਮੱਥਕੇ ਦੇਵਤਿਆਂ ਨੇ ੧੪ ਰਤਨ ਪ੍ਰਾਪਤਿ ਕੀਤੇ ਸਨ। ਤਿਵੇਂ ਹੀ ਵੇਦ ਸਾਸਤ੍ਰਾਂ ਦੇ ਤੱਤ ਸਾਰ ਨੂੰ ਪ੍ਰਗਟਾਇਆ ਹੈ। ਜਿਸ ਨੂੰ ਸੁਣਨ, ਮਨਿਨ ਕਰਦੇ ਮੂੱਧ ਆਚਰਨ ਬਣਾਂਦੇ ਸਿਖ, ਸੁਖੈਨ ਹੀ ਸੰਸਾਰ ਸਾਗਰ ਨੂੰ ਤਰ ਸਕਦੇ ਹਨ ਗੁਰਬਾਣੀ ਐਸਾ ਹੀ ਵੇਦ ਬਾਸਤ੍ਰਾਂ ਦਾ ਤੱਤਸਾਰ ਹੈ।

ਕੀ ਗੁਰੂ ਨਾਨਕ ਵਿਸ਼ਨੂੰ ਅਵਤਾਰ ਸਨ

ਗੁਰਬਿਲਾਸ ਦੇ ਲੇਖਕ (ਪੰਡਤ ਸ਼ੇਰ ਸਿੰਘ ਜੀ) ਨੇ ਭਵਿਖਤ ਪੁਰਾਣ ਦੇ ਆਧਾਰ ਤੇ ਪਿਛੇ ਗੁਰੂ

Scanned with CamScanner

ਨਾਨਕ ਦੇਵ ਨੂੰ ਵਿਸ਼ਨੂੰ ਅਵਤਾਰ ਮੰਨਿਆ ਹੈ ਪਰ ਉਸ ਵੇਲੇ ਦੇ ਕਈ ਸ੍ਰੋਤਿਆਂ ਦੇ ਕੀਤੇ ਪ੍ਰਸ਼ਨਾਂ ਦੇ ਉੱਤਰ ਉੱਤਰ ਵੀ ਦਿਤੇ ਹਨ। ਪ੍ਰਸ਼ਨ ਇਹ ਸੀ ਕਿ ਪੁਰਾਣਿਕ ਲਿਖਤਾਂ ਅਨੁਸਾਰ 'ਸ੍ਰੀ ਵਿਸ਼ਨ ਅਵਤਾਰ ਸਿਰਫ਼ ੨੪ ਮੰਨੇ ਗਏ ਹਨ–ਜੈਸਾ ਕਿ–'ਪੈਸਾ ਅਵਤਾਰ, ਪ੍ਰਿਸਨੀ ਗਰਭ, ਬਾਵਨ ਮੱਛ ਕੱਛ ਨਰ ਸਿੰਘ, ਨਾਰਾਇਣ; ਸ੍ਰੀ ਰਾਮ; ਲਛਮਣ; ਪਰਸਰਾਮ, ਸ੍ਰੀ ਕ੍ਰਿਸ਼ਨ; ਭੱਦੂ, ਅਰਜਨ-ਕਲਕੀ ਆਦਿਕ।' ਇਸ ਵਾਸਤੇ ਗੁਰੂ ਨਾਨਕ ਦੇਵ ਜੀ ਵਿਸ਼ਨੂੰ ਅਵਤਾਰ ਮੰਨਿਨ ਕਰਨਾ ਤੋਂ ਲਿਖਨਾ ਅਯੋਗ ਹੈ, ਠੀਕ ਨਹੀਂ ਕਿ ਵਿਆਸ ਕ੍ਰਿਤ ਪੁਰਾਣੋਂ ਅਨਕੂਲ ਨਹੀਂ ਹੈ।

ਅਗੇ ਉਤਰ ਵਿਚ ਦਸਿਆ ਕਿ ਇਹ ਬਿਆਸ ਕ੍ਰਿਤ ਪੁਰਾਨੋਂ ਸੋ ਵਿਰੁਧ ਨਹੀਂ ਹੈ। ਇਸ ਵਾਸਤੇ ਕਿ ਸ੍ਰੀ ਕ੍ਰਿਸ਼ਨ ਭਗਵਾਨ ਵਿਸ਼ਨੋ ਅਵਤਾਰ ਹੀ ਮੰਨੇ ਜਾਂਦੇ ਹਨ ਤੇ ਉਨਾਂ ਨੇ ਗੀਤਾ ਜੀ ਦੇ ਉਚਾਰਨ ਵੇਲੇ ਸ੍ਰੀ ਅਰਜਨ ਪ੍ਰਥਾਏ ਐਸਾ ਫੁਰਮਾਇਆ ਸੀ ਕਿ–ਹੇ ਅਰਜਨ ! ਜਦੋਂ ਜਦੋਂ ਵੀ ਧਰਮ ਵਿਖੇ ਜੀਵਾਂ ਦੀ ਗਿਲਾਨੀ ਹੁੰਦੀ ਹੈ, ਅਧਰਮ ਵਧ ਜਾਂਦਾ ਹੈ, ਧਰਤੀ ਪਾਪਾਂ ਦੇ ਭਾਰ ਨੂੰ ਸਹਿਨ ਨਹੀਂ ਕਰ ਸਕਦੀ। ਸਾਧੂ ਸੈਤ; ਗਰੀਬਾਂ ਤੇ ਬ੍ਰਾਹਮਣ ਜੋ ਮੇਰੇ ਪਿਆਰੇ ਹਨ-ਦੁਖੀ ਹੋ ਜਾਂਦੇ ਹਨ–ਤਦ ਉਨ੍ਹਾਂ ਦੀ ਸਹੈਤਾ, ਧਰਮ ਦੀ ਰਖਿਆ ਤੇ ਦੁਸ਼ਟਾਂ ਪਾਪੀਆਂ ਦੇ ਨਾਸ਼ ਵਾਸਤੇ ਮੈਂ' ਜੁਗਾਂ ਜੁਗਾਂ ਵਿਚ ਅਵਤਾਰ ਧਾਰਨ ਕਰਦਾ ਹਾਂ। ਭਾਵ ਮਨੁੱਖ ਰੂਪ ਵਿਚ ਪ੍ਰਗਟਾਂਦਾ ਹਾਂ। ਉਕਤ ਵਾਕ ਵਿਚ ਕਿਸੇ ਗਿਣਤੀ ਮਿੰਨਤੀ ਅਨੁਸਾਰ ਆਵਣਾਂ ਸਿੱਧ ਨਹੀਂ' ਹੁੰਦਾ, ਬਲਕਿ ਜਦੋਂ ਜਦੋਂ ਵੀ ਧਰਮ ਦੀ ਗਿਲਾਨੀ ਤੋਂ ਪਾਪ ਅਪ੍ਰਾਧ ਵਧ ਜਾਂਦੇ ਹਨ ਤਦ ਤਦ ਆਵਣਾ ਦਸਿਆ ਹੈ। ਸੋ ਗੁਰੂ ਨਾਨਕ ਦੇਵ ਦੇ ਆਵਣ ਤੋਂ ਪਹਿਲੇ ਕੀ ਕੀ ਪਾਪ ਅਪ੍ਰਾਧ ਵਧ ਚੁਕੇ ਸਨ ਤੇ ਮੁਗਲ ਰਾਜ ਵੇਲੇ ਜੋ ਜੋ ਆਤਿਅਚਾਰ ਹਿੰਦੂ ਸਿਖਾਂ ਉਤੇ ਵਰਤਾਏ ਗਏ ਸਨ, ਐਸੇ ਪਾਪਾਂ ਦੇ ਮਿਟਾਉਣ ਨੂੰ ਧਰਮ ਸਥਾਪਨਾ ਵਾਸਤੇ ਵੀ ਗੁਰੂ ਨਾਨਕ ਰੂਪ ਦਾ ਦਸਵੇਂ, ਰੂਪ ਜੋਤ ਵਿਚ ਪ੍ਰਗਟਾਉਣਾ ਜ਼ਰੂਰੀ ਸੀ।

ਗੁਰ ਬਿਲਾਸ ਕਰਤਾ ਨੇ ਗੁਰ ਗ੍ਰੰਥ ਸਾਹਿਬ ਦੇ ਹਵਾਲੇ ਨਾਲ ਵੀ ਦਸਿਆ ਹੈ ਕਿ ਗੁਰੂ ਨਾਨਕ ਜੋਤ ਹੀ [ਸ੍ਰ ਸਰਬ ਵਿਸ਼ ਦਾ ਅਧਾਰ ਸ੍ਰੱਧ ਬ੍ਰਹਮ ਹੈ] ਸਤਿਜੁਗ ਵਿਚ ਫੇਰ ਤ੍ਰੇਤਾ ਜੁਗ ਤੇ ਦਵਾਪਰ ਜੁਗ ਵਿਚ ਪ੍ਰਗਟਾਈ ਤੇ ਹੁਣ ਕਲਜੁਗ ਵਿਚ ਪ੍ਰਗਟਾਈ ਸੀ। ਹੁਣ ਕਲ ਬ੍ਰਤ ਵਿਚ ਗੁਰੂ ਨਾਨਕ ਰੂਪ ਤੇ ਪਿਛੋਂ ਦੇ ਸਤਿਗੁਰਾਂ ਦੇ ਰੂਪ ਵਿਚ ਵਰਤੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਭੱਟਾਂ ਦੇ ਸ੍ਵੈਯਾਂ ਵਿਚ ਐਸਾ ਵਾਕ ਹੈ :–

'ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥
ਤ੍ਰੈਤੇ ਤੈ ਮਾਣਿਓ ਰਾਮ ਰਘਵੈਸੁ ਕਹਾਇਓ ॥
ਦੁਆਪਰ ਕ੍ਰਿਸ਼ਨ ਮੁਰਾਰਿ ਕੈਸ ਕਿਰਤਾਰਥ ਕੀਓ ॥
ਉਗਰ ਸੈਣ ਕਉ ਰਾਜ ਅਭੈ ਭਗਤਹ ਜਨ ਦੀਓ ॥
ਕਲਿਜੁਗ ਪ੍ਰਮਾਤੁ ਨਾਨਕ ਗੁਰੂ ਅੰਗਦੁ ਅਮਰੁ ਕਹਾਇਓ ॥
ਸ੍ਰੀ ਗੁਰ ਰਾਜ ਅਬਿਚਲ ਅਟੱਲ ਆਦਿ ਪੁਰਖਿ ਫੁਰਮਾਇਓ ॥ (ਪੰਨਾ ੧੩੯੦)

'ਗੁਰ ਬਿਲਾਸ' ਦੇ ਲੇਖਕ ਤੋਂ ਐਸਾ ਸੁਣਕੇ ਪ੍ਰਸ਼ਨ ਕਰਤਾ ਨੇ ਇਹ ਪ੍ਰਸ਼ਨ ਕੀਤਾ, ਕਿ ਆਪ ਹੀ ਤੁਸੀਂ ਗੁਰੂ ਨਾਨਕ ਦੇਵ ਜੀ ਨੂੰ ਸ੍ਰੱਧ ਬ੍ਰਾਹਮ ਸਰੂਪ-ਸਰਬ ਵਿਆਪੀ ਦਾ ਅਵਤਾਰ ਵੀ ਦਸਦੇ ਹੋ ਅਤੇ ਨਾਲ ਹੀ ਵਿਸ਼ਨੋਂ ਅਵਤਾਰ ਵੀ ਸਿੱਧ ਕਰਦੇ ਹੋ–ਇਹ ਅਨੁਚਿਤ ਹੈ ਕਿਉਂ' ਕੇ ਸ੍ਰੱਧ ਬ੍ਰਹਮ ਸਰਬ ਵਿਆਪੀ ਨੂੰ ਤਾਂ ਆਪਨੀ ਇਛਾ ਅਨੁਸਾਰ [ਵਿਸ਼ਨੂੰ ਫੁਹਮਾਂ ਤੇ ਸ਼ਿਵਜੀ] ਤ੍ਰਿਨਾਂ ਦੇਵਤਿਆਂ ਨੂੰ ਆਪਣੀ ਸ਼ਕਤੀ ਨਾਲ

[ਇਕਾ ਮਾਈ ਜੁਗਤਿ ਵਿਆਈ ਤਿਨ ਚੇਲੇ ਪ੍ਰਵਾਨ] ਪੈਦਾ ਕੀਤਾ ਹੈ। ਉਹ ਇਨ੍ਹਾਂ ਨੂੰ ਆਪਣੇ ਹੁਕਮ ਅੰਦਰ ਚਲਾ ਰਿਹਾ ਹੈ, ਇਨ੍ਹਾਂ ਵਿਚੋਂ' ਇਕ ਸੰਸਾਰੀ, ਇਕ ਭੰਡਾਰੀ ਇਕ ਲਾਏ ਦੀਵਾਣ ਵਾਲਾ ਬਣਾਇਆ ਹੈ, ਫਿਰ ਗੁਰੂ ਨਾਨਕ ਦੇਵ ਨੂੰ ਸ੍ਰੱਧ ਬ੍ਰਹਮ ਦਾ ਅਵਤਾਰ ਮੰਨਿਆ ਜਾਏ। ਕਿਉਂਕੇ ਉਕਤ ਸ੍ਰੈਯਾ ਭੱਟਾਂ ਵਲੋਂ ਉਚਾਰਤ ਹੈ–

ਉਤਰ–ਉਕਤ ਸਵੈਯਾ ਜਦੋਂ ਭੱਟਾਂ ਵਲੋਂ ਉਚਾਰਤ ਹੈ ਪਰ ਗੁਰੂ ਅਰਜਨ ਦੇਵ ਨੇ ਪ੍ਰਵਾਨ ਕਰਕੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਾਇਆ ਹੈ, ਕਿਉਂ'ਕਿ ਮਹਾਂ ਤੱਤ ਵੇਤਾ ਸ੍ਰੱਧ ਬ੍ਰਹਮ ਦੇ ਗਿਆਨੀ ਕਵਿ ਰਾਜ ਕਵੀ 'ਭੱਲ੍ਹ ਭਟ' ਜੀ ਸ੍ਰੀ ਗੁਰੂ ਨਾਨਕ ਦੇਵ ਨੂੰ ਸ੍ਰਬਗਯ ਸਰਬ ਸ਼ਕਤੀਮਾਨ [ਸ੍ਰੱਧ ਬ੍ਰਹਮ] ਮਹਾਨ ਈਸ਼ਵਰ ਸਰਬ ਆਤਮ ਰੂਪ ਅਨੁਭਵ ਕਰਕੇ ਹੀ ਉਚਾਰਨ ਕੀਤਾ ਸੀ। ਜੋ ਸਾਨੂੰ ਪ੍ਰਵਾਨ ਹੀ ਕਰਨਾ ਹੈ। ਤਦ ਵੀ ਗੁਰੂ ਨਾਨਕ ਸਾਹਿਬ ਦਾ ਸ੍ਰੀ ਮੁਖ ਵਾਕ ਹੀ ਪ੍ਰਤੱਖ ਪ੍ਰਵਾਨ ਹੈ ਉਹ ਐਸਾ ਫਰਮਾਂਦੇ ਹਨ–

'ਤੱਤ ਨਿਰੰਜਨ ਜੋਤਿ ਸਬਾਈ ਸੋਹੰ ਭੇਦ ਨ ਕੋਈ ਜੀਓ ॥
ਅਪਰੰਪਰ ਪਾਰ ਬ੍ਰਾਹਮ ਪ੍ਰਮੇਸ਼ਵਰ ਨਾਨਕ ਗੁਰ ਮਿਲਿਆ ਸੋਈ ਜੀਉ ॥ [੫੯੯]

ਭਾਵ-ਤੱਤ ਸਰੂਪ ਨਿਰੰਜਨੀ ਜੋਤ [ਸਰਬ ਵਿਆਪੀ] ਸ੍ਰੱਧ ਬ੍ਰਹਮ ਤੇ ਮੇਰੇ ਵਿਚ ਕੋਈ ਭੇਦ ਨਹੀਂ ਹੈ ਉਹ ਤੇ ਮੈਂ ਇਕਮਿਕ ਹਾਂ।ਉਹੀ ਪਾਰ ਬ੍ਰਹਮ ਪ੍ਰਮੇਸ਼ਵਰ ਮੇਰਾ ਗੁਰੂ ਹੈ–

ਨੋਟ-ਇਹ ਵਾਕ ਸਿੱਧ ਮੰਡਲੀ ਵਲੋਂ ਪ੍ਰਸ਼ਨ ਦੇ ਉਤਰ ਵਿਚ ਗੁਰੂ ਜੀ ਨੇ ਫਰਮਾਇਆ ਸੀ।

੧–ਫੇਰ ਪ੍ਰਸ਼ਨ ਹੋਇਆ ਕਿ ਵਿਸ਼ਨੂੰ ਭਗਵਾਨ ਦੇ ਐਸਾ ਅਵਤਾਰ ਬਾਬਤ ਤਾਂ ਗੁਰੂ ਅਮਰ ਦਾਸ ਜੀ ਨੇ ਗਉੜੀ ਕੀ ਵਾਰ ਪਉੜੀ ੧੯ ਮੈਂ' ਐਸਾ ਫਰਮਾਇਆ ਹੈ...

'ਅੰਸਾ ਅਉਤਾਰੁ ਉਪਾਇਉਨ ਭਾਉ ਦੂਜਾ ਕੀਆ ॥
ਜਿਉ ਰਾਜੇ ਰਾਜ ਕਮਾਂਵਦੇ ਦੁਖ ਸੁਖ ਭਿੜੀਆ ॥
ਈਸਰੁ ਬ੍ਰਹਮਾ ਸੇਵਦੇ ਅੰਤ ਤਿਨੀ ਨ ਲਹੀਆ ॥
ਨਿਰਭਉ ਨਿਰੰਕਾਰੁ ਅਲੱਖੁ ਹੈ ਗੁਰਮੁਖ ਪ੍ਰਗਟੀਆ ॥
ਤਿਥੈ ਸੋਗੁ ਵਿਜੋਗ ਨ ਵਿਆਪੀ ਅਸਥਿਰੁ ਜਗਿ ਥੀਆ ॥ (੫੧੬)

ਭਾਵ-ਉਕਤ ਅੰਸਾ ਅਵਤਾਰਾਂ ਨੇ ਦਵੈਤ ਭਾਵ ਵਿਚ ਰਾਜਿਆਂ ਵਾਂਗੂੰ ਰਾਜ ਕਮਾਇਆ ਹੈ। ਲੜਾਈਆਂ ਵੀ ਜੁਝੇਵਿਆਂ ਕਰਕੇ ਦੁਖ ਸੁਖ ਵੀ ਸਹਾਰਿਆ ਹੈ ਓਹ ਈਸ਼ਰ [ਸ਼ਿਵਜੀ] ਤੇ ਬ੍ਰਹਮਾਂ ਆਦਿਕ ਨੂੰ ਸੇਵਦੇ' [ਧਿਆਂਵਦੇ] ਰਹੇ ਸੀ ਤੱਤ ਨਿਰੰਜਨ ਜੋਤ ਸਬਾਈ ਵਰਤਦੇ ਮਾਲਕ ਦਾ ਅੰਤ ਉਨ੍ਹਾਂ ਵੀ ਨਹੀਂ ਪਾਇਆ ਸੀ। ਪਰ ਨਿਰਭਉ ਨਿਰਵੈਰ ਅਲੱਖ ਅਕਾਲ [ਵਾਹਿਗੁਰੂ ਜੀ] ਨੂੰ ਸਚੇ ਗੁਰਮੁਖ [ਗੁਰੂ ਨਾਨਕ ਦੇਵ] ਨੇ ਹੀ ਗੁਰੂ ਚੇਲੇ ਦੀ ਸੰਪੂਦਾ ਚਲਾਕੇ ਪ੍ਰਗਟਾਇਆ ਹੈ ਤੇ ਗੁਰ ਸਿਖ ਆਤਮਾ ਨੂੰ [ਸ਼ੁਭ ਗਿਆਨ ਭਰਪੂਰ ਉਪਦੇਸ਼ਾਂ ਨਾਲ] ਦੁਖ ਸੁਖ ਤੇ ਸੋਗ ਵਿਜੋਗ ਤੋਂ ਰਹਿਤ ਕਰਕੇ ਅਸਥਿਰ ਅਮਰ ਕੀਤਾ ਹੈ। ਇਹ ਐਸਾ ਜਾਣੀਏਂ' ਕਿ ਜਿਵੇਂ' ਗੰਗਾ ਆਦਿਕ ਨਦੀਆਂ ਦਾ ਪ੍ਰਵਾਹ ਸਾਰੇ ਛੋਟੇ ਮੋਟਿਆਂ ਨਾਲਿਆਂ ਨੂੰ ਨਾਲ ਮਿਲਾਂਦਾ ਪਵਿਤ੍ਰ ਕਰਦਾ ਹੋਇਆ ਸਮੁੰਦ੍ਰ ਵਿਚ ਜਾਇ ਮਿਲਾਂਦਾ ਤਿਵੇਂ' ਗੁਰਬਾਣੀ ਉਪਦੇਸ਼ ਪ੍ਰੇਮਭਰ ਨਾਲ ਜੋ ਮਿਲਣਗੇ [ਸ੍ਰਵਨ ਤੇ ਫਿਰ ਮੈਨਨ ਕਰਨਗੇ] ਉਹ ਅਵੱਸ਼ ਹੀ ਆਤਮਾ ਕਰਕੇ ਪ੍ਰਮਾਤਮਾ ਨੂੰ ਮਿਲਣਗੇ

Scanned with CamScanner

ਐਸਾ ਉਪਦੇਸ਼ ਹੋਰ ਕਿਸੇ ਅੰਸਾ ਅਵਤਾਰ ਨੈ ਨਹੀਂ ਕੀਤਾ ਹੈ। ਗੁਰੂ ਅਮਰਦਾਸ ਦਾ ਫਰਮਾਨ ਹੈ—

'ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ ॥
ਮਹਾਂ ਦੇਵ ਗਿਆਨੀ ਵਰਤੈ ਘਰਿ ਆਪਣੇ ਤਾਮਸ ਬਹੁਤ ਅਹੰਕਾਰਾ ॥ ੨ ॥
ਕ੍ਰਿਸ਼ਨ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ ॥
ਗੁਰਮੁਖਿ ਗਿਆਨ ਰਤੇ ਜੁਗ ਅੰਤਰਿ ਚੂਕੈ ਮੋਹ ਗੁਬਾਰਾ ॥੩॥
ਸਤਿਗੁਰ ਸੇਵਾ ਤੇ ਨਿਸਤਾਰਾ ਗੁਰਮੁਖ ਤਰੈ ਸੰਸਾਰਾ ॥
ਸਾਚੈ ਨਾਇ ਰਤੇ ਬੈਰਾਗੀ ਪਾਇਨਿ ਮੋਖੁ ਦੁਆਰਾ ॥੪॥[੫੯੯]

ਭਾਵ—ਬ੍ਰਹਮਾਂ ਨੈ ਚਾਰੋਂ ਵੇਦ ਰੂਪ ਬਾਣੀ ਪ੍ਰਗਟਾਈ ਹੈ, ਤਦ ਸੀ ਇਸ ਵੇਦ ਬਾਣੀ ਵਿਚ ਰਜੋ ਗੁਣ ਦੀ ਪ੍ਰਧਾਨਤਾ ਹੈ। ਕਿਉਂਕਿ ਇਸ ਮੈਂ—'ਧਨ ਪਦਾਰਥ, ਪਸ਼ੂ-ਪੁਤ੍ਰ ਇਸਤ੍ਰੀ ਸੁੰਦਰ ਨੌਤ੍ਰਾਂ ਵਾਲੀ ਵਾਸਤੇ ਲਾਲਚ ਵਸ ਯੱਗ ਕਰਨੇ ਕਹੇ ਹਨ ਤੇ ਮਾਇਆ ਦੇ ਮੋਹ ਪਸਾਰੇ ਦਾ ਨਿਰਨਾ ਹੈ। ਫਿਰ ਮਹਾਂ ਦੇਵ ਸ਼ਿਵ ਗਿਆਨੀ ਮੰਨੇ ਜਾਂਦੇ, ਪਰ ਆਪਣੇ ਘਰ [ਹਿਰਦੇ ਵਿਚ] ਬਹੁਤ ਤਾਮਸ [ਕ੍ਰੋਧ ਦੀ ਤਪਸ] ਤੇ ਆਪਣੀ ਪ੍ਰਭੁਤਾ ਦਾ ਅਹੰਕਾਰ ਹੀ ਭਰਿਆ ਪਿਆ ਹੈ। * ਫਿਰ ਕ੍ਰਿਸ਼ਨ ਭਗਵਾਨ ਵੀ ਜੁਗਾਂ ਜਗਾਂ ਵਿਚ ਧਰਮ ਰਖਿਆ ਲਈ ਅਵਤਾਰ ਧਾਰਦੇ ਰਹੇ, ਅਤੇ ਜੁਧ ਨੰਗ ਕਰਕੇ ਅਧਰਮੀਆਂ ਰਾਜਿਆਂ ਨੂੰ ਮਾਰਦੇ ਖਪਾਉਂਦੇ ਰੁਝੇਵਿਆਂ ਕਾਰਨ ਉਹ ਗੁਰੂ ਨਾਨਕ ਦੇਵ ਵਾਂਗੂੰ ਗੁਰ ਚੇਲੇ ਦੀ ਸੰਪ੍ਰਦਾ ਨਹੀਂ ਚਲਾ ਸਕੇ।

ਹਾਂ ਉਨ੍ਹਾਂ ਨੈ ਗੀਤਾ ਗਿਆਨ ਉਪਦੇਸ਼ ਸੁਣਾ ਕੇ ਅਰਜਨ ਪਾਂਡਵ ਨੂੰ ਤੇ ਉਥੋ ਨੂੰ ਜਰੂਰ ਤੱਤਵੇਤਾ ਗਿਆਨੀ ਬਨਾਇਆ ਸੀ। ਅਤੇ ਸ੍ਰੀ ਰਾਮ ਚੰਦ੍ਰ ਜੀ ਨੈ ਆਪਣੇ ਭਰਾਤਾ ਲਛਮਣ ਜੀ ਤੇ ਹਨੂੰਮਾਨ ਜੀ ਨੂੰ ਹੀ ਬ੍ਰਹਮ ਵਿਦਿਆ ਦਾ ਉਪਦੇਸ਼ ਸੁਣਾਇਆ ਸੀ, ਪਰ ਉਕਤ ਦੋਹਾਂ ਅੰਸਾਂ ਅਵਤਾਰਾਂ ਨੈ ਐਸੀ ਕੋਈ ਸੰਪ੍ਰਦਾਏ ਨਹੀਂ ਚਲਾਈ ਜੈਸੀ ਕਿ ਸ੍ਰੀ ਗੁਰੂ ਨਾਨਕ ਦੇਵ ਨੈ ਗੁਰਸਿਖੀ ਸੰਪ੍ਰਦਾਇ ਦੀ ਮਰਿਯਾਦਾ ਚਲਾਏ ਕਰ ਆਪਣੇ ਸਿਖੋਂ ਪ੍ਰਚਾਇ ਬ੍ਰਹਮ ਗਿਆਨ ਭਰਪੂਰ [ਗੁਰਬਾਣੀ ਰਾਹੀਂ] ਉਪਦੇਸ਼ ਸੁਣਾ ਕੇ ਸ਼ਕਤ ਸੰਪੰਨ ਕੀਤਾ ਤੇ ਅਪਣਾ ਹੀ ਸ੍ਵੈ ਸਰੂਪ ਜੋਤ ਆਤਮਕ ਬਲ ਬਖਸ਼ਕੇ ਨਿਜੀ ਥਾਇ ਗੁਰੂ ਅੰਗਦ ਜੀ ਨੂੰ ਬਿਠਾਇਆ ਸੀ। ਤਾਂਤੇ ਸਾਨੂੰ ਮੰਨਣਾ ਪਏਗਾ ਕਿ ਬ੍ਰਹਮ ਵਿਦਿਆ ਸਹਿਤ ਗਿਆਨ ਉਪਦੇਸ਼ ਤੇ ਨਾਮ ਮੰਤ੍ਰ ਪ੍ਰਚਾਰਨ ਵਾਸਤੇ ਐਸੀ ਰੀਤ ਤੇ ਸਿਖੀ ਸੰਪ੍ਰਦਾ ਹੋਰ ਕਿਸੇ ਨੈ ਨਹੀਂ ਚਲਾਈ। ਇਸ ਗਲ ਦੀ ਪੁਸ਼ਟੀ ਅਧਿਆਤਮ ਰਾਮਾਇਣ ਤੇ ਰਾਮ ਗੀਤਾ ਅਤੇ ਰਾਮ ਹਿਰਦੇ ਪ੍ਰਸੰਗ ਤੋਂ ਹੁੰਦੀ ਹੈ ਕਿ ਉਨ੍ਹਾਂ ਨੈ ਲਛਮਣ ਤੇ ਹਨੂੰਮਾਨ ਨੂੰ ਉਪਦੇਸ਼ ਹੀ ਸੁਣਾਇਆ ਹੈ, ਆਪਣੇ ਜਿਹਾ ਉਨ੍ਹਾਂ ਨੂੰ ਨਹੀਂ ਬਣਾਇਆ ਸੀ। ਨ ਕੋਈ ਸੰਪ੍ਰਦਾ ਚਲਾਈ ਹੈ।

ਉਤਰ—ਇਹ ਠੀਕ ਹੈ ਕਿ ਉਨ੍ਹਾਂ ਦੇ ਆਪਣੇ ਵਲੋਂ ਕੋਈ ਸੰਪ੍ਰਦਾ ਨਹੀਂ ਚਲਾਈ ਗਈ, ਪਰ ਸ੍ਰੀ ਰਾਮ ਚੰਦ੍ਰ ਜੀ ਤਪਸ੍ਵੀਆਂ ਦਾ ਰੂਪ ਧਾਰ ਕੇ ਬਨਬਾਸ ਗਏ ਸਨ, ਉਨ੍ਹਾਂ ਦੇ ਇਸ ਰੂਪ ਨੂੰ ਧਾਰਨ ਕਰਦੇ ਉਨ੍ਹਾਂ ਦੇ ਪ੍ਰੇਮੀ ਸਾਧੂ ਵੀ ਬੈਰਾਗੀ ਸੰਪ੍ਰਦਾ ਆਪ ਦੀ ਮੰਨਦੇ ਹਨ, ਅਤੇ ਸ੍ਰੀ ਕ੍ਰਿਸ਼ਨ ਜੀ ਦੀ ਸੰਪ੍ਰਦਾ 'ਸ੍ਰੀ ਵੈਸ਼ਨਵ

×ਵਾਕ ਹੈ-ਪਾਂਡੇ ਰੁਮਰਾ ਰਾਮ ਚੰਦ ਸੋ ਭੀ ਆਵਤ ਦੇਖਿਆ ਥਾ। ਰਾਵਣ ਸੰਤੀਸਰ ਬਰ ਹੋਈ ਘਰ ਕੀ ਜੋਇ ਗਵਾਈ ਥੀ ॥ ([

×ਪਾਂਡੇ ਰੁਮਾਰਾ ਮਹਾਂਦੇਵ ਧਉਲੇ ਬਲਦ ਪਰ ਚੜਿਆ ਆਵਤ ਦੇਖਿਆ ਥਾ ॥
ਮੋਦੀ ਕੇ ਘਰ ਖੁਾਨਾਂ ਪਾਕਿਆ ਫਾਕਾਂ ਲੁਰਕਾ ਮਾਰਿਆ ਥਾ ( ]

ਬਲਭਾਚਾਰਜ' ਮੰਨੀ ਹੈ—ਪਰ ਉਹ ਵਿਸ਼ੇਸ਼ ਕਰਕੇ ਮੂਰਤੀ ਪੂਜਕ ਸੰਪ੍ਰਦਾਇ ਹੈ, ਉਹ ਬ੍ਰਹਮ ਵਿਦਿਆ ਦੀ ਪ੍ਰਚਾਰਕ ਸੰਪ੍ਰਦਾਏ ਨਹੀਂ।

ਐਸੇ ਹੀ ਸ਼ਿਵਜੀ [ਮਹਾਂ ਦੇਵ] ਦਾ ਕਪਾਲੀ ਮੱਤ ਹੈ, ਤੇ ਅਘੋਰ ਮੰਤ੍ਰ ਹੈ। ਇਸ ਮੱਤ ਵਿਚ ਵਿਸ਼ਵਾਂਸ ਰਖਣ ਵਾਲੇ ਮਹਾਂ ਅੰਧ ਅਗਿਆਨੀ [ਅਵਿਦਿਆ] ਵਿਚ ਫਸੇ ਰਹਿੰਦੇ ਹਨ। ਉਹ ਭੱਖ-ਅਭੱਖ ਦੇ ਵਿਚਾਰ ਤੋਂ ਖਾਲੀ ਹਨ। ਉਹ ਚੱਤ ਤੇ ਮੁਰਦੇ ਵੀ ਖਾ ਲੈਂਦੇ ਬਾਕੀ ਜਾਨਵਰਾਂ ਦੇ ਮਾਸ ਦੀ ਕੋਈ ਨਿਖੇਧੀ ਨਹੀਂ ਮੰਨਦੇ। ਸ਼ਰਾਬਾਂ ਪੀਂਦੇ, ਅਹੰਕਾਰ ਦੇ ਪੁੰਜ, ਸ਼ਮਸ਼ਾਨਾਂ ਵਿਚ ਵਸਨਾ ਪਸੰਦ ਕਰਦੇ, ਉਨ੍ਹਾਂ ਬਾਬਤ ਗੁਰੂ ਗੋਬਿੰਦ ਸਿੰਘ ਜੀ ਦੇ ਇਹ ਵਿਚਾਰ ਹਨ—

ਸੋਰਠਾ—ਰੁਦ੍ਰ ਭਗਤ ਜਗ ਮਾਹਿ ਸੁਖ ਕੋ ਦਿਵਸ ਸਦਾ ਭਰਹ ॥
ਮਰਹ ਫਿਰ ਆਵੈਜਾਹਿ ਫਲ ਕਿਛ ਲਹਿ ਨ ਮੁਕਤਿ ਕੋ ॥ [ ]

ਇਸ ਵਾਸਤੇ ਐਸੇ ਕਪਾਲੀ ਮੱਤ ਮੈਂ ਮੁਕਿਤ ਪ੍ਰਾਪਤੀ ਅਸੰਭਵ ਹੈ। ਉਹ ਜੀਂਦੇ ਹੀ ਪ੍ਰੇਤ ਹਨ। ਬ੍ਰਹਮ ਵਿਦਿਆ ਦੇ ਅਭਿਲਾਖੀ ਤਾਂ ਐਸੀ ਸੰਪ੍ਰਦਾਏ ਨੂੰ ਦੇਖਣਾ ਵੀ ਪਸੰਦ ਨਹੀਂ ਕਰਦੇ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਬ੍ਰਹਮ ਵਿਦਿਆ ਦਾ [ਅਧਿਆਤਮਕ ਗਿਆਨ] ਉਪਦੇਸ਼ ਇਹ ਸਭ ਤੋਂ ਪਹਿਲੇ ਛੱਤ੍ਰੀ ਵੰਸ਼ ਵਿਚ ਪੈਦਾ ਹੋਇਆ ਅੰਸਾ ਅਵਤਾਰਾਂ ਨੂੰ ਪ੍ਰਾਪਤ ਹੋਇਆ। ਜੈਸਾ ਕਿ ਗੀਤਾ ਜੀ ਦੇ ਚੌਥੇ ਅਧਿਆਇ ਦੇ ਪਹਿਲੇ ਸਲੋਕ ਵਿਚ ਅਰਜਨ ਪ੍ਰਥਾਇ ਸ੍ਰੀ ਕ੍ਰਿਸ਼ਨ ਭਗਵਾਨ ਨੈ ਇਹ ਦਸਿਆ ਹੈ।

—'ਹੇ ਅਰਜਨ ! ਇਸ ਅਬਨਾਸ਼ੀਯੋਗ [ਸਹਿਜਯੋਗ ਅਥਵਾ ਬ੍ਰਹਮ ਵਿਦਿਆ] ਉਪਦੇਸ਼ ਨੂੰ ਕਲਪ ਦੇ ਆਦਿ [ਭਾਵ ਆਦਿ ਕਾਲ ਵਿਚ ਮੈ ਨੇ] ਸੂਰਜ ਦੇ ਪੁਤ੍ਰੀ ਕਹਿਆ ਸੀ। ਫਿਰ ਸੂਰਜ ਨੈ ਆਪਣੇ ਪੁਤਰ ਮਨੂੰ ਪੁਤ੍ਰੀ ਅਤੇ ਮਨੂੰ ਜੀ ਨੈ ਆਪਣੇ ਪੁਤਰ ਇਖਵਾਕੂ ਰਾਜੇ ਪੁਤ੍ਰੀ ਸੁਣਾਇਆ ਸੀ।

ਦੂਜੇ ਸਲੋਕ ਵਿਚ ਫੇਰ ਦਸਿਆ ਕਿ ਇਸ ਤਰਾਂ ਨਾਲ ਪ੍ਰੰਪਰਾ ਤੋਂ ਚਲਿਆ ਇਸ ਕੋ (ਸਹਿਜ ਯੋਗ ਅਧਿਆਤਮ ਗਿਆਨ ਤਥਾ ਬ੍ਰਹਮ ਵਿਦਿਆ ਗਿਆਨ ਕੋ) ਰਾਜ ਰਿਸ਼ੀਆਂ ਨੈ ਜਾਣਿਆ। ਪਰ ਇਹ ਦਸਣਾ ਵੀ ਜ਼ਰੂਰੀ ਹੈ ਕਿ ਇਸ ਬ੍ਰਹਮ ਵਿਦਿਆ ਦਾ ਗਿਆਨ ਉਪਦੇਸ਼ ਬਹੁਤ ਕਾਲ (ਹਜਾਰਾਂ ਸਾਲ ਤੀਕ) ਇਸ ਪ੍ਰਿਥਵੀ ਪਰ ਤੋਂ ਅਲੋਪ ਹੋ ਗਿਆ ਸੀ।

ਫੇਰ ਤੀਜੇ ਸ਼ਲੋਕ ਵਿਚ ਦਸਿਆ ਹੇ ਅਰਜਨ ! ਇਹ ਪੁਰਾਤਨ ਸਨਾਤਨਯੋਗ [ਬ੍ਰਹਮ ਵਿਦਿਆ ਉਪਦੇਸ਼ ਇਸ ਵੇਲੇ ਮੈਂ ਨੈ ਤੇਰੇ ਪ੍ਰਥਾਇ ਵਰਨਣ ਕੀਤਾ ਹੈ, ਕਿਉਂਕਿ ਤੂੰ ਮੇਰਾ ਪ੍ਰਿਯਾ ਭਗਤ ਅਤੇ ਪਿਆਰਾ ਸਖਾ [ਮਿਤਰ] ਵੀ ਹੈ। ਇਹ ਫੇਰ ਸਮਝ ਲੈ, ਕਿ ਇਹ ਉਪਦੇਸ਼ ਬਹੁਤ ਉਤਮ ਤੇ ਰਹਸਿਯ ਭਰਪੂਰ ਅਤੀ ਭੇਦ ਭਰਿਆ ਵਿਸ਼ਾ ਹੈ।

ਇਸ ਵਿਚਾਰ ਦੇ ਸੁਣਣੇ ਮਗਰੋਂ ਹੀ ਅਰਜਨ ਨੈ ਪ੍ਰਸ਼ਨ ਕੀਤਾ ਸੀ ਕਿ ਆਪ ਤਾਂ ਇਸ ਜਨਮ ਵਿਚ ਅਜ ਮੈਨੂੰ ਐਸਾ ਉਪਦੇਸ਼ ਸੁਣਾਇਆ ਹੈ। ਸੂਰਜ ਤੇ ਮਨੂੰ ਅਤੇ ਇਖਵਾਕੂ ਤਾਂ ਪਹਿਲੇ ਹੋ ਬੀਤੇ ਹਨ। ਤਾਂ ਕ੍ਰਿਸ਼ਨ ਭਗਵਾਨ ਨੈ ਦਸਿਆ ਸੀ। ਹੇ ਅਰਜਨ ! ਮੇਰੇ ਤੇਰੇ ਅਨੇਕ ਜਨਮ ਹੋ ਬੀਤੇ ਹਨ। ਤੂੰ ਜੀਵ ਕੋਟੀ ਵਿਚ ਪਿਛਲੇ ਬੀਤੇ ਜਨਮਾਂ ਨੂੰ ਨਹੀਂ ਜਾਣਦਾ ਪਰ ਮੈਂ ਈਸ਼ਵਰ ਕੋਟੀ ਅੰਸਾ ਅਵਤਾਰ ਹੁੰਦਿਆਂ ਹੋਇਆਂ ਸਭ

Scanned with CamScanner

ਬੁਧ ਜਾਣਦੇ ਹੋਇਆਂ ਹੀ ਤੈਨੂੰ ਸੁਣਾਇਆ ਹੈ।*

ਨੋਟ—ਸ੍ਰੀ ਗੀਤਾ ਜੀ ਵਿਚ ਕ੍ਰਿਸ਼ਨ ਭਗਵਾਨ ਜੀ ਦੇ ਕਥਨ ਅਨੁਸਾਰ ਇਹ ਸਾਬਤ ਹੈ ਕਿ ਉਕਤ ਬ੍ਰਹਮ ਵਿਦਿਆ ਦਾ ਗਿਆਨ ਉਪਦੇਸ਼ ਸਭ ਤੋਂ ਪਹਿਲੇ ਛੱਤ੍ਰੀ ਵੰਸ ਵਿਚ ਪ੍ਰਗਟ ਹੋਏ ਅੰਸਾਂ ਅਵਤਾਰਾਂ ਨੂੰ ਪ੍ਰਾਪਤ ਸੀ। ਉਨ੍ਹਾਂ ਤੋਂ ਅਗੇ ਚਲਿਆ। ਜੋ ਸਮੇਂ ਸਮੇਂ ਰਾਜ ਪਲਟਿਆਂ ਦੇ ਕਾਰਨ ਸੰਸਕ੍ਰਿਤ [ਕਠਨਭਾਖਾ] ਨੂੰ ਸਮਝਨ ਤੇ ਪ੍ਰਚਾਰਨ ਵਾਲੇ ਮਾਰੇ ਗਏ ਸਨ। ਜਿਸ ਕਰਕੇ ਇਹ ਮਹਾਨ ਗਿਆਨਉਪਦੇਸ਼ ਲੁਪਤ ਹੋਇਆ ਪਿਆ ਸੀ, ਜਿਸ ਨੂੰ ਸਮੇਂ ਅਨੁਸਾਰ ਦੁਖੈਨ ਭਾਖਾ ਵਿਚ ਗੁਰਬਾਣੀ ਉਚਾਰਨ ਰਾਹੀਂ ਛਤੱਰੀ ਵੰਸ ਦੇ ਅੰਸਾ ਅਵਤਾਰ ਸ੍ਰੀ ਗੁਰੂ ਨਾਨਕ ਸਾਹਿਬ ਨੇ ਮੁਡ ਪ੍ਰਗਟ ਕਰਕੇ ਸੁਰਜੀਤ ਰਖਣ ਵਾਸਤੇ ੧੦ ਜਾਮਿਆਂ ਵਿਚ ਜੋਤ ਰੂਪ ਵਰਤ ਕੇ ਪ੍ਰਚਾਰਿਆ ਸੀ। ਬਲਕਿ ਸ੍ਰੀ ਗੁਰੂ ਗ੍ਰੰਥ ਰੂਪ ਵਿਚ ਸੁਰਿਖਤ ਕੀਤਾ ਅਤੇ ਦਸਵੇਂ ਜਾਮੇਂ ਵਿਚ ਪੁਰਤਾਨ ਸਨਾਤਨ ਭੁਲਦੀਆਂ ਜਾ ਰਹੀਆਂ ਚੋਬੀਸ ਅਵਤਾਰਾਂ ਦੀਆਂ ਕਥਾ ਕਹਾਣੀਆਂ ਤਾਂਈ ਵੀ ਨਵੇਂ ਰੂਪ ਤੇ ਸੁਖੈਨ ਭ੍ਰਿਜ ਭਾਖਾ ਵਿਚ ਲਿਖ ਲਿਖਾ ਕੇ ਅਮਰ ਕਰ ਦਿਤਾ ਹੈ। ਜਿਨ੍ਹਾਂ ਤੋਂ ਲਾਭ ਉਹੀ ਲੈ ਸਕਦੇ ਹਨ ਜੋ ਪ੍ਰੇਮ ਨਾਲ ਪੜ੍ਹਦੇ, ਅਤੇ ਆਪਣੇ ਪੁਰਾਤਨ ਪੁਰਵੱਜਾਂ ਦੇ ਕਰਤੱਵ ਅਨੁਸਾਰ ਆਪਣੇ ਜੀਵਨ ਨੂੰ ਬਨਾਣਾਂ ਚਾਹੁੰਦੇ ਹਨ।

ਇਕ ਹੋਰ ਪ੍ਰਸ਼ਨ

ਕੀ ਗੁਰੂ ਨਾਨਕ ਵਿਸ਼ਨੂੰ ਅਵਤਾਰ ਸਨ? ਇਸ ਪ੍ਰਸ਼ਨ ਦੇ ਉੱਤਰ ਵਿਚ ਗੁਰ ਬਿਲਾਸ ਦੇ ਕਰਤਾ ਜੀ ਪੰਡਤ ਸ਼ੇਰ ਸਿੰਘ ਨੇ ਬੜੇ ਵਿਸਥਾਰ ਨਾਲ ਸ੍ਰੀ ਕ੍ਰਿਸ਼ਨ ਭਗਵਾਨ ਨੂੰ ਵਿਸ਼ਨੂੰ ਜੀ ਦਾ ਅੰਸਾ ਅਵਤਾਰ ਹੀ ਦਸਿਆ ਤਾਂ ਪ੍ਰਸ਼ਨ ਕਰਤਾ ਨੇ ਗੁਰਬਾਣੀ ਅਨੁਸਾਰ ਇਕ ਹੋਰ ਇਹ ਪ੍ਰਸ਼ਨ ਕੀਤਾ ਕਿ ਗੁਰੂ ਗ੍ਰੰਥ ਜੀ ਦੇ ਵਿਚ ਤਾਂ ਸ੍ਰੀ ਗੁਰੂ ਜੀ ਨੇ ਐਸਾ ਫਰਮਾਇਆ ਹੈ—

'ਸਰਪਨੀ ਤੇ ਊਪਰ ਨਹੀ ਬਲੀਆ ।। ਜਿਨ ਬ੍ਰਹਮਾ ਬਿਸ਼ਨ ਮਹਾਂ ਦਿਉ ਛਲਿਆ ।।
ਫੇਰ–'ਇਨ ਮਾਇਆ ਜਗ ਮੋਹਿਆ ਬ੍ਰਹਮਾ ਬਿਸ਼ਨ ਮਹੇਸ' ( )

ਤਥਾ ਸ੍ਰੀ ਦਸਮੇਸ਼ ਵਾਕ–'ਬ੍ਰਹਮ ਮਹੇਸ੍ਵਰ ਵਿਸ਼ਨ ਸਹੀ ਪਤਿ ਅੰਤ ਫਸੇ ਜਮ ਫਾਸ ਪਰੈਂਗੇ
ਜੇ ਨਰ ਸ੍ਰੀ ਪਤਿ ਕੇ ਪਰਸ ਹੈਂ ਪਗ ਤੇ ਨਰ ਫੇਰ ਨ ਦੇਹ ਧਰੈਂਗੇ ।। ( )

ਫੇਰ ਕਿਹਾ—ਜਿਤੇ ਰਾਮ ਹੁਏ ।। ਤਿਤੇ ਅੰਤ ਮੂਏ ।।
ਜਿਤੇ ਕ੍ਰਿਸ਼ਨ ਹੂੰ ਹੈ ।। ਸਭੈ ਅੰਤ ਛੈ ਹੈਂ ।।

ਇਨ੍ਹਾਂ ਸ੍ਰੀ ਮੁਖ ਵਾਕਾਂ ਤੋਂ ਤਾਂ ਇਹ ਸਾਬਤ ਹੈ ਕਿ–ਪ੍ਰਮਾਤਮਾ ਦੀ ਪ੍ਰਬਲ ਮਾਇਆ ਨੇ ਸਮੇਂ ਸਮੇਂ ਪਰ ਬ੍ਰਹਮਾਂ, ਵਿਸ਼ਨੂੰ ਅਤੇ ਸ਼ਿਵਜੀ ਤਾਂਈ ਵੀ ਛਲਿਆ ਸੀ (ਕਈ ਪੁਰਾਣਕ ਸਾਖੀਆਂ ਐਸੀਆਂ ਪ੍ਰਸਿਧ ਹਨ) ਫਿਰ ਇਹ ਸਾਰੇ ਹੀ ਸਮਾਂ ਆਏ, ਪਰ ਕਾਲ ਵੱਸ ਹੋਏ ਤੇ ਕ੍ਰਿਸ਼ਨ ਅਵਤਾਰ ਜੁਗਾਂ ਜੁਗਾਂ ਵਿਚ ਕਈ

*ਗੁਰੂ ਗੋਬਿੰਦ ਸਿੰਘ ਸਾਹਿਬ ਵੀ ਗੁਰੂ ਨਾਨਕ ਦੀ ਦਸਵੀਂ ਜੋਤ ਅੰਸਾ ਅਵਤਾਰ ਸਨ ਉਨ੍ਹਾਂ ਵੀ ਸ੍ਰੀ ਗ੍ਰੰਥ ਨਾਨਕ ਦੇ 14ਵੇਂ ਧਿਆਏ ਵਿਚ ਦਰਸ਼ਿਆ, ਕਿ ਮੈਂਰੇ ਕਈ ਜਨਮ ਹੋ ਬੀਤੇ, ਸਭ ਤੋਂ ਪਹਿਲਾਂ ਸਤਿਜੁਗ ਦਾ ਸੀ।

ਰੂਪਾਂ ਅੰਦਰ ਪ੍ਰਗਟ ਹੋ ਕੇ ਵੀ ਕਾਲ ਵਸ ਹੋਏ ਤੇ ਕ੍ਰਿਸ਼ਨ ਅਵਤਾਰ ਜੁਗਾਂ ਜੁਗਾਂ ਵਿਚ ਕਈ ਰੂਪਾਂ ਅੰਦਰ ਪ੍ਰਗਟ ਹੋ ਕੇ ਵੀ ਕਾਲ ਵਸ ਹੁੰਦੇ ਰਹਿਨਤਾਂ, ਫਿਰ ਵਿਸ਼ਨੂੰ ਅਵਤਾਰ ਹੋਣ ਵਿਚ ਕਈ ਵਡਾਈ ਹੈ? ਤਾਂ ਉਤਰ ਵਿਚ ਗ੍ਰੰਥ ਕਰਤਾ ਨੇ ਦਸਿਆ ਕਿ ਮੁੱਧ ਬ੍ਰਹਮ, ਵਿਆਪੀ ਕਰਤਾ ਪੁਰਖ ਹੀ ਸਦਾ ਸੱਚ, ਅਮਰ ਤੇ ਅਟੱਲ ਹੈ। ਜਿਵੇਂ ਉਸ ਨੇ ਆਪਣੇ ਇਕੋ ਕੁਵਾਕ ਬੱਚਨ ਨਾਲ 'ਨਿਰੰਕਾਰ ਹੁੰਦਿਆਂ ਵੀ ਸਾਕਾਰ ਸੰਸਾਰ ਦੀ ਰਚਨਾ ਕੀਤੀ ਹੈ। ਉਸੇ ਦੀ ਇੱਛਾ ਅਨੁਸਾਰ ਸੰਸਾਰ ਦੇ ਸਰੀਰ ਧਾਰੀਆਂ ਵੀ ਸਾਕਾਰ ਸੰਸਾਰ ਦੀ ਰਚਨਾ ਦੇਵਤੇ ਥਾਪੇ ਤੇ ਇਨ੍ਹਾਂ ਤੋਂ ਰਜੇ, ਤਮੋ, ਸਤੋ ਗੁਣਾਂ ਸੰਪੰਨ ਸ੍ਰੀ ਅੰਸਾ ਅਵਤਾਰ ਵੀ ਸਰੀਰ ਧਾਰੀ ਹੋ ਕੇ ਸਜਤ ਜੀਵਾਂ ਦੀ ਰਾਖੀ ਤੇ ਰਹਿਨਮਾਈ ਕਰਦੇ ਰਹੇ। ਜ਼ਰੂਰੀ ਸੀ, ਤੇ ਉਹ ਸ੍ਰੀਰ ਧਾਰੀ ਵੀ ਸਾਰੇ ਹੀ ਸਮੇਂ ਸਮੇਂ ਅਨੁਸਾਰ ਚਲੇ ਗਏ ਸਨ। ਗੁਰੂ ਵਾਕ ਹੈ 'ਰਾਮ ਗਇਓ ਰਾਵਨ ਗਇਓ ਜਾਂ ਕੋ ਬਹੁ ਪ੍ਰਵਾਰ ।।'

ਜੋ ਜਿਵੇਂ ਵਿਸ਼ਨੂੰ ਭਗਵਾਨ ਵਿਚ ਵੀ ਸੁਧ ਬ੍ਰਹਮ ਸਰਬ ਵਿਆਪੀ ਦੀ ਜੋਤੀ ਅੰਸ਼ ਹੁੰਦੇ ਹੋਇਆਂ ਵੀ ਸਰੀਰਕ (ਕ੍ਰਿਸ਼ਨ) ਰੂਪ ਵਿਚ ਅੰਸਾ ਅਵਤਾਰ ਹੋ ਕੇ ਚਲੇ ਗਏ ਸਨ, ਪਰ ਆਤਮਾ ਕਰਕੇ ਸਦੀਵੀ ਅਮਰ ਹਨ ਤਿਵੇਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਸਾਹਿਬ ਵੀ ਸੁੱਧ ਬ੍ਰਹਮ ਸਰਬ ਵਿਆਪੀ ਵਿਸ਼ਨੂੰ ਭਗਵਾਨ ਦੀ ਜੋਤ ਅੰਸ ਅਵਤਾਰ ਮੰਨੇ ਗਏ ਤੇਸੈਸਾਰੀ ਜੀਵਾਂ ਪ੍ਰਤੀ ਸ਼ੁਭ ਗਿਆਨ ਉਪਦੇਸ਼ ਸੁਣਾ ਕੇ ਉਹ ਵੀ ਨਹੀਂ ਰਹੇ। ਪਰ ਪਵਿਤਰ ਆਤਮਾ ਤੋਂ ਉਤਪੰਨ ਹੋਈ ਗੁਰਬਾਣੀ ਰਾਹੀਂ ਬ੍ਰਹਮ ਵਿਦਿਆ ਦੇ ਸੁਖੈਨ ਗਿਆਨ ਉਪਦੇਸ਼ ਅਤੇ ਸੁਧ, ਸਨਾਤਨ ਸੰਸਕ੍ਰਿਤੀ ਨੂੰ ਜੀਵਤ ਰਖਣ ਵਾਸਤੇ ਗੁਰ ਸਿਖੀ ਦੀ ਸੰਪੂਰਦਾਇ ਚਲਾਏ ਕੇ ਸਦਾ ਵਾਸਤੇ, ਉਹ ਆਤਮਾ ਕਰਕੇ ਅਮਰ, ਅਤੇ 'ਨਾਨਕ ਨਾਮ ਕਰਕੇ ਵੀ ਸਦਾ ਜੀਵਤ ਹਨ। ਇਸ ਵਿੱਚ ਕੋਈ ਭੀ ਸੰਸਾ ਨਹੀਂ।

ਨੋਟ–ਉਹ ਜੋ ਕੁਝ ਵੀ ਸਨ ਆਪੇ ਜਾਣਦੇ ਸਨ। 'ਏਵਡ ਊਚਾ ਹੋਵੈ ਕੋਇ ਤਿਸ ਊਚੇ ਕੋ ਜਾਣੈ ਸੋਇ ।।

ਇਸ ਵਾਸਤੇ ਪੁਰਾਣਕ ਗ੍ਰੰਥਾਂ (ਭਵਿਖਤ ਪੁਰਾਣ ਆਦਿਕ ਜਿੰਨਾ ਵਿਚ ਗੁਰੂ ਨਾਨਕ ਦੇ ਅਵਤਾਰ ਧਾਰਨ ਦੀ ਪੇਸ਼ੀਨ ਗੋਈ ਲਿਖਾ ਹੈ) ਦੇ ਆਧਾਰ ਤੇ ਹੀ ਪੰਡਤ ਸ਼ੇਰ ਸਿੰਘ ਜੀ ਨੇ ਉਕਤ ਚਰਚਾ ਨੂੰ ਪ੍ਰਸ਼ਨ ਉਤਰ ਦੇ ਰੂਪ ਵਿਸਥਾਰ ਨਾਲ ਲਿਖਿਆ। ਜਿਸਨੂੰ ਸੰਖੇਪ ਰੂਪ ਅਸੀਂ ਇਸ ਪੁਸਤਕ ਵਿਚ ਵੀ ਲਿਖਣਾ ਜ਼ਰੂਰੀ ਜਾਣਿਆ, ਜੋ ਗ੍ਰੰਥ ਖੀਰ ਮ੍ਰਿਗੇਸ਼ ਦੇ ਧਿਆਏ ਪੰਜਵਾਂ-ਛੇਵਾਂ ਦੇ ੧੨੦ ਸਫੇ ਤੀਕ ਦਾ ਤੱਤਸਾਰ ਹੈ। ਅਗੇ ਲਿਖੇ ਗਏ ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਹੋਰ ਥੋੜੇ ਸੰਖੇਪ ਜੀਵਨ ਸਮਾਚਾਰ ਪੜ੍ਹੀਏ!

ਮਲੇਰ ਕੋਟਲੇ ਉਤੇ ਚੜ੍ਹਾਈ ਤੇ ਲੜਾਈ ਦਾ ਕਾਰਨ

ਸਿਖ ਰਾਜ ਤੋਂ ਪਹਿਲੇ ਪੰਜਾਬ ਵਿਚ ਮਲੇਰ ਕੋਟਲਾ ਇਕ ਛੋਟੀ ਜਿਹੀ ਇਸਲਾਮੀ ਸਟੇਟ ਸੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਇਸ ਦਾ ਮਾਲਕ ਸ਼ੇਰ ਖਾਨ (ਹੁਕਮਰਾਨ) ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਹਾੜੀ ਰਾਜਿਆਂ ਤੇ ਮੁਗਲ ਫੌਜਾਂ ਵਲੋਂ "ਰੀਤਾ ਜੀ, ਗਊ" ਅਤੇ ਕੁਰਾਨ ਸ਼ਰੀਫ ਦੀਆਂ ਕਸਮਾਂ (ਟ੍ਰੀਯਾਂ) ਉਤੇ ਭਰੋਸਾ ਕਰਕੇ ਜਦੋਂ ਅਨੰਦਪੁਰ ਦਾ ਕਿਲ੍ਹਾ ਖਾਲੀ ਕੀਤਾ ਤੇ ਮਾਲਵੇ ਵਲ ਨੂੰ ਹੋ ਤੁਰੇ ਸਨ ਤਦ ਪਹਾੜੀ ਰਾਜਿਆਂ ਤੇ ਤੁਰਕ ਦੋਜਾਂ ਨੇ ਆਪਣੀਆਂ ਸੁਰੀਧਾਂ ਤੇ ਕਸਮਾਂ ਤੋੜ ਕੇ ਗੁਰੂ ਜੀ ਪਰ ਪਿਛੇ ਤੋਂ ਹੱਲਾ ਬੋਲ ਦਿਤਾ ਸੀ। ਸਰਸਾ ਕਿਨਾਰੇ ਬਹੁਤ ਜੰਗ ਹੋਇਆ ਸੀ। ਉਸ ਭੇੜ ਵਿਚ ਬਹੁਤ ਸਿਖ ਮਾਰੇ ਗਏ, ਕੁਝ ਸਰਸਾ ਦੇ ਬਰਸਾਤੀ ਝੜਾਉ ਵਿਚ ਰੁੜ੍ਹ ਗਏ ਸੀ। ਇਓਂ ਹੀ ਸਾਰਾ ਪ੍ਰਵਾਰ ਵੀ ਵਿਛੜ ਗਿਆ ਸੀ।

Scanned with CamScanner

ਗੁਰੂ ਜੀ ਖੁਦ ਤੇ ਸਾਹਿਬਜ਼ਾਦੇ (ਮਾਤਾ ਸਾਹਿਬ ਦੇਵਾਂ ਤੇ ਮਾਤਾ ਸੁੰਦਰੀ ਜੀ) ਅਤੇ ੪੧ ਹੋਰ ਸਿੰਘ ਹੀ ਬੱਚ ਕੇ ਕਿਨਾਰੇ ਲੱਗੇ ਸਨ।

ਇਥੋਂ ਸਰਸਾ ਕਿਨਾਰੇ ਤੋਂ ਹੀ–ਗੁਰੂ ਜੀ ਨੇ–ਸ੍ਰੀ ਸਾਹਿਬ ਦੇਵਾਂ ਤੇ ਸੁੰਦਰੀ ਜੀ ਨੂੰ ਭਾਈ ਮਨੀ ਸਿੰਘ ਦੇ ਨਾਲ ਦਿਲੀ ਭੇਜ ਦਿਤਾ ਸੀ ਕਿ ਦਿਲੀ ਵਿਚ ਉਹਨਾਂ ਦੇ ਸਨਬੰਧੀ ਵਸਦੇ ਸਨ । ਤੂੰਜੇ ਪਾਸੇ ੪੦ ਸਿੰਘ ਦੇ ਸਾਹਿਬਜ਼ਾਦੇ (ਬਾਬਾ ਅਜੀਤ ਸਿੰਘ ਤੇ ਜੁਝਾਰ ਸਿੰਘ ਜੀ) ਅਤੇ ਗੁਰੂ ਸਾਹਿਬ ਪਹਿਲਾਂ ਰੋਪੜ ਪੁਜੇ ਤੇ ਇਥੋਂ ਚਮਕੌਰ ਦੀ ਗੜ੍ਹੀ ਵਿਚ ਜਾਂਦੇ ਟਿਕੇ ਸਨ । ਪਰ ਤੀਜੇ ਪਾਸੇ ਦੋ ਛੋਟੇ ਸਾਹਿਬਜ਼ਾਦੇ (ਬਾਬਾ ਜੋਰਾਵਰ ਸਿੰਘ ਤੇ ਫਤਹਿ ਸਿੰਘ ਜੀ) ਦੇ ਨਾਲ ਮਾਤਾ ਗੁਜਰੀ ਸਾਹਿਬ ਤੇ ਮਾਤਾ ਰਾਮ ਕੌਰ (ਗੁਰੂ ਜੀ ਦੀ ਸਾਲੀ) ਸਾਹਿਬ ਇਹ ਸਰਸਾ ਕਿਨਾਰੇ ਤੋਂ ਹੀ ਵਿਛੜ ਕੇ ਕੁਰਾਹੇ ਪੈ ਗਏ ਤੇ ਰੀਗੂ ਬ੍ਰਾਹਮਣ [ਜਿ ਘੋਰੀ ਰਸੋਈਆ ਸੀ] ਇਹਨਾਂ ਚੌਹਾਂ ਨੂੰ ਆਪਣੇ ਖੇੜੀ ਪਿੰਡ ਲੈ ਗਿਆ ਤੇ ਬਾਅਦ ਵਿਚ ਇਸ ਨੇ ਇਹਨਾਂ ਦਾ ਧਨ ਮਾਲ ਤੇ ਜ਼ੇਵਰ ਖੱਚਰ ਲਦੀ ਸੀ ਲੁਟ ਕੇ ਮੁਰੰਡੇ ਥਾਣੇ ਵਿਚ ਖਬਰ ਕਰਾਕੇ ਫੜਾ ਦਿਤੇ ਤੇ ਇਥੋਂ ਦੇ ਥਾਣੇਦਾਰ ਨੇ ਸੂਬਾ ਸਰਹਿੰਦ ਪਾਸ ਪੇਸ਼ ਕਰ ਕੇ ਬੁਰਜ ਵਿਚ ਬੰਦ ਕਰਾ ਦਿਤਾ ਸੀ।

ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਦੀ ਅਤੇ ਮਾਤਾ ਗੁਜਰੀ ਦੀ ਸ਼ਹੀਦੀ ਮਗਰੋਂ ਮਾਤਾ ਰਾਮ ਕੌਰ ਨੂੰ ਨਵਾਬ ਮਲੇਰ ਕੋਟਲਾ (ਸ਼ੇਰ ਖਾਨ) ਨੇ ਕਿਸੇ ਫਰੇਬੀ ਢੰਗ ਨਾਲ ਆਪਣੇ ਕਬਜ਼ੇ ਕਰ ਲਿਆ ਤੇ ਕੋਟਲੇ ਭਿਜਵਾ ਦਿਤਾ ਸੀ । ਇਸ ਨੀਯਤ ਨਾਲ ਕਿ ਜਿਵੇਂ ਕਿਵੇਂ ਮੁਸਲਮਾਨੀ ਦੀਨ ਮਨਾ ਕੇ ਇਸ ਨੂੰ ਬੇਗਮ ਬਣਾ ਲਿਆ ਜਾਵੇਗਾ, ਪਰ ਇਸ ਗੱਲ ਵਿਚ ਉਹ ਸਫਲ ਨਾ ਹੋਇਆ ਤੇ ਮਰਵਾ ਕੇ ਉਥੇ ਕਿਲੇ ਅੰਦਰ ਹੀ ਕਬਰ ਪੁਟਾ ਕੇ ਦਬਾ ਦਿਤਾ ਗਿਆ ਸੀ । ਇਸ ਗੱਲ ਦਾ ਬਾਬਾ ਸਾਹਿਬ ਸਿੰਘ ਜੀ ਨੂੰ ਪਤਾ ਸੀ ।

ਹੁਣ ਬਾਬਾ ਸਾਹਿਬ ਸਿੰਘ ਬੇਦੀ ਜੀ ਆਪਣੇ ਜਮਾਨੇ ਵਿਚ ਜਦੋਂ ਕਿ ਬਹੁਤ ਪ੍ਰਸਿਧ ਹੋ ਚੁਕੇ ਸਨ ਤੇ ਤੁਰਕ ਲੋਕਾਂ ਵਲੋਂ ਜਿਥੇ ਕਿਧਰੇ ਉਹਨਾਂ ਦੀਆਂ ਸਟੇਟਾਂ ਅਤੇ ਜਗੀਰਦਾਰੀਆਂ ਸਨ ਹਿੰਦੂ ਸਿਖਾਂ ਉਤੇ ਜਬਰ ਜ਼ੁਲਮ ਕਰਨੋਂ ਨਹੀਂ ਟਲਦੇ ਸਨ । ਮਲੇਰ ਕੋਟਲਾ ਅਤੇ ਰਾਏ ਕੋਟ ਆਦਿਕ ਇਲਾਕਿਆਂ ਦੇ ਹਿੰਦੂਆਂ ਤੇ ਸਿਖਾਂ ਵਲੋਂ ਕਈ ਸ਼ਿਕਾਇਤਾਂ ਆਉਂਦੀਆਂ ਸਨ ਕਿ ਸਾਡੀਆਂ ਅੱਖਾਂ ਦੇ ਸਾਹਮਣੇ ਗਊਆਂ ਨੂੰ ਮਾਰਦੇ ਕੱਟਦੇ ਤੇ ਮਹਲਿਆਂ ਵਿਚ ਮਾਸ ਵੇਚਦੇ ਚਿੜਾਂਦੇ ਹਨ । ਫਿਰ ਵੱਸ ਲਗਦੇ ਕਮਜ਼ੋਰ ਸਿਖਾਂ ਤੇ ਹਿੰਦੂਆਂ ਨੂੰ ਡਰਾ ਧਮਕਾ ਕੇ ਜ਼ੋਰੀ ਮੁਸਲਮਾਨ ਬਣਾਂਦੇ ਹਨ । ਐਸੀਆਂ ਸ਼ਿਕਾਇਤਾਂ ਤਾਂ ਨਿੱਤ ਸੁਣਦੇ ਸਨ, ਪਰ ਇਹਨਾਂ ਹੀ ਦਿਨਾਂ ਵਿਚ ਦੋ ਪ੍ਰਦੇਸੀ ਬ੍ਰਾਹਮਣ ਭਰਾਤਾ ਕੋਟਲੇ ਵਿਚ ਆਏ ਤੇ ਇਕ ਨੂੰ ਕਿਸੇ ਬਦਮਸਤ ਹੰਕਾਰੇ ਤੁਰਕ ਨੇ ਮਾਰ ਦਿਤਾ ਸੀ ਤੇ ਦੂਜੇ ਨੇ ਆਪਣੇ ਭਰਾਤਾ ਦੇ ਸਸਕਾਰ ਮਗਰੋਂ ਉਠਕੇ ਸਾਹਿਬ ਜਾ ਕੇ ਸ੍ਰੀ ਬਾਬਾ ਸਾਹਿਬ ਪਾਸ ਰੋ ਰੋ ਕੇ ਫਰਿਆਦ ਕੀਤੀ ।

ਇਸ ਨੇ ਦਸਿਆ ਕਿ ਮੇਰੇ ਭਰਾਤਾ ਨੇ ਕੋਟਲੇ ਬਜ਼ਾਰ ਵਿਚ ਇਕ ਸਬਜ਼ੀ [ਸਾਗ ਭਾਜੀ] ਵੇਚਣ ਵਾਲੇ ਨੂੰ ਪੈਸ਼ਗੀ ਪੈਸੇ ਦੇ ਕੇ ਸਬਜ਼ੀ ਲੈਂਦਾ ਪਿਆ ਸੀ ਤੇ ਇਕ ਫੋਜੀ ਤੁਰਕ ਨੇ ਆ ਕੇ ਉਹ ਸਬਜ਼ੀ ਖੁਦ ਲੈ ਲੀਤੀ । ਮੇਰੇ ਭਰਾਤਾ ਨੇ ਦੋ ਤਿੰਨ ਵੇਰ ਕਿਹਾ ਕਿ ਪਹਿਲੇ ਪੈਸੇ ਮੈਨੂੰ ਦਿਤੇ ਹਨ । ਇਹ ਮੇਰੇ ਵਾਸਤੇ ਹੀ ਇਸ ਨੇ ਤਕੜੀ ਉਤੇ ਤੋਲੀ ਹੈ। ਤੂੰ ਪਿਛੋਂ ਆਇਆ ਹੈਂ । ਪਿਛੋਂ ਤੁਲਾ ਲਵੀਂ । ਮੈਨੂੰ ਛੇਤੀ ਜਾਣਾ ਹੈ ਇਹ ਮੇਰੇ ਲਈ ਹੈ । ਮੇਰੇ ਭਰਾਤਾ ਦੇ ਐਸਾ ਕਹਿਣ ਤੇ ਉਸ ਨੇ ਤੋਸ਼ ਵਿਚ ਆ ਕੇ ਆਪਣੀ ਤਲਵਾਰ ਨਾਲ ਉਹਨੂੰ ਕਤਲ ਕਰ ਦਿਤਾ ਤੇ ਨੱਸ ਗਿਆ ਸੀ । ਨਵਾਬ ਕੋਟਲਾ ਪਾਸ ਪੁਕਾਰ ਕੀਤੀ ਪਰ ਉਸ ਨੇ ਵੀ ਚੱਕੇ ਮਰਵਾ ਦੇ ਮੈਨੂੰ ਕਚਹਿਰੀ ਤੋਂ ਬਾਹਰ ਕਢਾ ਦਿਤਾ ਸੀ । ਇਸ ਜ਼ੁਲਮ ਨੂੰ ਨਾ ਸਹਾਰਦਾ ਹੋਇਆ ਆਪ ਪਾਸ ਫਰਿਆਦੀ ਹਾਂ ।

ਸ੍ਰੀ ਬਾਬਾ ਸਾਹਿਬ ਸਿੰਘ ਜੀ ਇਸ ਤੋਂ ਪਹਿਲੇ ਵੀ 'ਸ਼ੇਰ ਖਾਂ' ਦੇ ਪੋਤਰੇ (ਹੁਣ ਦੇ ਨਵਾਬ) ਅਤਾਉਲਾ ਖਾਨ ਦੇ ਜ਼ੁਲਮਾਂ ਬਾਬਤ ਬਹੁਤ ਕੁਝ ਸੁਣ ਚੁਕੇ ਤੇ ਇਹ ਵੀ ਸੋਚਦੇ ਸਨ ਕਿ "ਮਾਤਾ ਰਾਮ ਕੌਰ" ਦੀਆਂ ਅਸਤੀਆਂ ਕਢਵਾ ਕੇ ਸਸਕਾਰ ਕਰਾਣਾ ਜਰੂਰੀ ਹੈ। ਜਿਸਦਾ ਪਿੰਜਰ ਬਹੁਤ ਸਾਲਾਂ ਤੋਂ ਮਲੇਰ ਕੋਟਲੇ ਕਿਲ੍ਹੇ ਅੰਦਰ ਕਬਰ ਵਿਚ ਦਬਿਆ ਪਿਆ ਹੈ।

ਨੋਟ–ਇਸ "ਮਾਤਾ ਰਾਮ ਕੌਰ" ਦਾ ਇਸ ਢੰਗ ਨਾਲ ਫੜੇ ਜਾਣਾ ਧਰਮ ਨ ਭਿਆਗਣਾ, ਤੇ "ਸ਼ੇਰ ਖਾਨ" ਦੀ ਬੇਗਮ ਬਣ ਜਾਨ ਤੋਂ ਇਨਕਾਰੀ ਹੋਣ ਦੇ ਦੋਸ਼ ਵਿਚ ਮਾਰੇ ਜਾਣਾ, ਤੇ ਇਸ ਦੇ ਸਰੀਰ ਨੂੰ ਮਲੇਰ ਕੋਟਲੇ ਦੇ ਕਿਲੇ ਵਿਚ ਦਬਾਏ ਜਾਣ ਦਾ ਇਹ ਜ਼ਿਕਰ ਨ ਮਾਲੂਮ ਸਿਖ ਇਤਿਹਾਸਕਾਰਾਂ ਨੇ ਖੁਹਲ ਕੇ ਕਿਉਂ ਨਹੀਂ ਲਿਖਿਆ ? ਜੋ ਲਿਖਿਆ ਹੈ ਤਾਂ ਸਿਰਫ ਬਾਬਾ ਸਾਹਿਬ ਸਿੰਘ ਜੀ ਬਾਬਤ ਲਿਖੇ ਸ੍ਰੀਗ੍ਰੰਥ ਗੁਰ ਬਿਲਾਸ ਵਿਚ ਲਿਖਿਆ ਹੈ। ਜਾਂ ਗਿਆਨੀ ਗਿਆਨ ਸਿੰਘ ਜੀ ਨੇ ਆਪਣੀ ਉਰਦੂ ਪੁਸਤਕ (ਰਾਜ ਖਾਲਸਾ) ਵਿਚ ਮਾਲੇਰ ਕੋਟਲੇ ਉਤੇ ਇਹ ਚੜ੍ਹਾਈ ਸੈਮਤ ੧੮੩੧ ਬ੍ਰਿਕਮੀ ਵਿਚ ਹੋਈ ਅਤੇ ਥੋੜੇ ਦਿਨ ਜਾਰੀ ਰਹੀ ਸੀ ਲਿਖਿਆ ਹੈ।

ਗੁਰੂ ਬਿਲਾਸਾਂ ਵਿਚ ਮਾਈ ਰਾਮ ਕੌਰ ਦਾ ਜ਼ਿਕਰ ਪੜ ਕੇ ਮੈਨੂੰ ਵੀ ਸ਼ੰਕਾ ਸੀ ਕਿ ਬਾਇਦ ਫਰਗ਼ੀ ਸਾਖੀ ਹੋਵੇ ਕਿ ਚੜਾਈ ਦਾ ਕਾਰਨ ਹੋਣਾ ਚਾਹੀਏ। ਪਰ "ਰਾਜਾ ਜੋਗੀ" ਪੁਸਤਕ ਦੀ ਰੀਸਰਚ ਵੇਲੇ ੧੯੪੭ ਤੋਂ ਪਹਿਲੇ ਜਦੋਂ ਲਾਹੌਰ ਦੀ ਇਕ ਬਹੁਤ ਵਡੀ ਲਾਇਬ੍ਰੇਰੀ (ਬਾਇਦ ਡੀ. ਏ. ਵੀ ਕਾਲਜ ਦੀ ਸੀ) ਵਿਚ ਇਕ "ਗੋਬਾਏ ਪੰਜਾਬ" ਨਾਮ ਦੀ ਛਪੀ ਹੋਈ ਉਰਦੂ ਪੁਸਤਕ ਵਿਚ (ਮੁਸੱਨਫ ਮੁਸਲਮਾਨ ਸੀ) ਪੜਿਆ ਤੇ ਉਥੇ ਐਸਾ ਹੀ ਲਿਖਿਆ ਸੀ ਕਿ ਗੁਰੂ ਗੋਬਿੰਦ ਸਿੰਘ ਦੇ ਖਾਨਦਾਨ ਦੀ ਇਕ ਔਰਤ ਨੂੰ ਮਲੇਰ ਕੋਟਲਾ ਦੇ ਨਵਾਬ (ਸ਼ੇਰ ਮੁਹੰਮਦ ਖਾਨ) ਨੇ ਮਾਰ ਕੇ ਕਿਲੇ ਵਿਚ ਦਬਾਇਆ ਸੀ ਤੇ ਉਸਦੀਆਂ ਅਸਤੀਆਂ ਦੇਣ ਤੋਂ ਇਨਕਾਰੀ ਹੋਣ ਪਰ ਅਤੇ ਗਊਕਸ਼ੀ ਦੇ ਬੰਦ ਕਰਾਉਣ ਨੂੰ ਬਾਬਾ ਸਾਹਿਬ ਸਿੰਘ ਬੇਦੀ ਨੇ ਮਲੇਰ ਕੋਟਲੇ ਪਰ ਚੜਾਈ ਕੀਤੀ ਸੀ। ਇਹ ਲਿਖਤ ਪੜੇ ਨਾਲ ਮੇਰਾ ਸ਼ੰਸਾ ਦੂਰ ਹੋਇਆ, ਤੇ ਇਹ ਜ਼ਿਕਰ ਗੋਬਾਏ ਪੰਜਾਬ ਉਰਦੂ ਸਫਾ ੯੨ ਉਤੇ ਹੈ, ਅਤੇ ਸਰ ਲਿਪਲ ਗ੍ਰਿਫਨ ਦੀ "ਰਾਜਗਾਲੇ ਪੰਜਾਬ" ਉਰਦੂ ਸਫਾ ੯੧ ਦੇ ਹਵਾਲੇ ਨਾਲ "ਰਾਜਾ ਜੋਗੀ" ਪੁਸਤਕ ਵਿਚ ਮੈਨੇ ਲਿਖਿਆ ਸੀ। ਜੋ ਦੋ ਅਡੀਸ਼ਨਾਂ ਵਿਚ ਛਪ ਚੁਕੀ ਤੇ ਪੰਝ ਵਲੂ ਸਤਿਕਾਰੀ ਜਾ ਚੁਕੀ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਤਨੀ ਵਡੀ ਇਤਿਹਾਸਕ ਘਟਨਾ ਨੂੰ ਸਿਖ ਇਤਿਹਾਸਕਾਰਾਂ ਕਿਉਂ ਨਹੀਂ ਲਿਖਿਆ ? ਤਾਂ ਐਸਾ ਹੀ ਸਮਝ ਪੈਂਦਾ ਹੈ ਕਿ ਇਸੇ ਸ਼ੇਰ ਖਾਨ ਨੇ ਗੁਰੂ ਜੀ ਦੇ ਮਾਸੂਮ ਸਾਹਿਬਜ਼ਾਦਿਆਂ ਦੀ ਸਰਹਿੰਦ ਵਿਚ ਸ਼ਹਾਦਤ (ਸ਼ਹੀਦੀ) ਵੇਲੇ ਹਾ ਦਾ ਨਾਹਰਾ ਮਾਰਿਆ ਸੀ ਤੇ ਉਸਦੀ ਇਸ ਹਮਦਰਦੀ ਕਾਰਨ ਉਸਨੂੰ ਇਸ ਦੋਸ਼ ਤੋਂ ਬਚਾਇਆ ਜਾਏ।–ਦੂਜਾ ਇਹ ਕਾਰਨ "ਮਾਈ ਰਾਮ ਕੌਰ", ਮਾਤਾ ਜੀਤੋ ਜੀ ਦੀ ਭੈਣ ਸੀ ਉਹ ਭੈਣ ਦੇ ਭੋਲੇ ਨਾਲ ਹੀ ਆਈ ਸੀ ਗੁਰੂ ਜੀ ਤੋਂ ਅੰਮ੍ਰਿਤ ਛੱਕਿਆ ਤੇ ਪੂਰਨ ਬ੍ਰਹਮਚਾਰੀ ਰਹਿਕੇ ਸੇਵਕਣ ਰੂਪ ਵਿਚ ਭੈਣ ਜੀਤੋ ਜੀ ਤੇ ਮਾਤਾ ਗੁਜਰੀ ਜੀ ਦੀ ਸੇਵਾ ਵਿਚ ਸਮਾਂ ਬਿਤਾਂਦੀ ਰਹੀ । ਸਿਖ ਸੰਗਤ ਇਸ ਤਾਂਈ ਵੀ "ਮਾਤਾ ਜੀ" ਆਖਦੇ ਤੇ ਸਤਕਿਾਰਦੇ ਸਨ।

ਸਿਖ ਇਤਿਹਾਸਕਾਰਾਂ ਨੇ ਬਾਇਦ ਇਸ ਕਰਕੇ ਵੀ ਨ ਲਿਖਿਆ ਹੋਵੇ ਕਿ ਗੁਰੂ ਜੀ ਦੇ ਆਸ਼ੇ ਵਿਰੁਧ ਗੁਰੂ ਜੀ ਵਲੂੰ ਉਨਾਂ ਦੀ ਇਹ ਚੋਥੀ ਸ਼ਾਦੀ ਨ ਸਮਝੀ ਜਾਏ। ਪਰ ਐਸੇ ਲੋਕਾਂ ਨੂੰ ਪਤਾ ਹੋਣਾ

Scanned with CamScanner

ਚਾਹੀਏ ਕਿ ਇਸ ਤਰ੍ਹਾਂ ਦੀ ਭਾਵਨਾ ਹੋਰ ਕਈਆਂ ਦੇਵੀਆਂ ਦੇ ਆਪਣੇ ਆਪਣੇ ਮਨ ਦੀ ਮਨ ਵਿਚ ਹੀ ਰਹੀ ਸੀ। ਜੈਸਾ ਕਿ ਰਾਜਾ ਚੰਬਾ ਦੀ ਰਾਜ ਕੰਵਾਰੀ ਨੇ ਐਸੀ ਹੀ ਭਾਵਨਾ ਧਾਰ ਕੇ "ਰਵਾਲ ਸਰ ਤੀਰਥ" ਪਰ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਸੀਸ ਨਿਵਾਇਆ ਸੀ ਪਰ ਗੁਰੂ ਜੀ ਨੇ ਐਸੀ ਉਸਦੇ ਮਨ ਦੀ ਜਾਣ ਕੇ ਹਥ ਨਾਲ ਨਹੀਂ, ਸਗੂੰ ਤੀਰ ਨਾਲ ਬਾਪੀ ਦੇ ਕੇ ਨਿਰਾਸਤਾ ਵਿਚ ਭੇਜ ਦਿਤਾ ਸੀ ਪਰ ਉਸਨੇ ਇਸ ਭਾਵਨਾ ਵਿਚ ਗੁਰੂ ਮੂਰਤ ਨੂੰ ਦਿਲ ਵਿਚ ਵਸਾਇ ਰਖਿਆ ਤੇ ਸਾਰੀ ਉਮਰ ਪਿਤਾ ਘਰ ਕੰਵਾਰੀ ਰਹਿਕੇ ਗੁਰੂ ਭਾਵਨਾ ਧਾਰੇ ਹੀ ਸਰੀਰ ਤਿਆਗਿਆ ਸੀ। ਐਸੇ ਹੀ ਅਗਰ ਰਾਮ ਕੌਰ ਵੀ ਇਸੇ ਭਾਵਨਾ ਨਾਲ ਗੁਰੂ ਘਰ ਵਿਚ ਰਹੇ ਸੀ, ਤਦ ਵੀ ਗੁਰੂ ਸਾਹਿਬ ਨੇ ਇਹਨਾਂ ਪ੍ਰਤੀ ਛੋਹਿਆ ਵੀ ਨਹੀਂ ਸੀ, ਤੇ ਨ ਕਿਸੇ ਨੇ ਲਿਖਿਆ ਹੈ ਕਿ ਇਹ ਚੋਖੀ ਧਰਮ ਪਤਨੀ ਸੀ।

ਫਿਰ ਇਸ ਭਾਵਨਾ ਬਾਬਤ ਲੋਕਾਂ ਦਾ ਆਪਣਾ ਆਪਣਾ ਖਿਆਲ ਹੀ ਸਮਝਣਾ ਚਾਹੀਏ। ਕਿਉਂਕੇ ਐਸਾ ਕੋਈ ਸਬੂਤ ਨਹੀਂ ਮਿਲਦਾ ਕਿ "ਮਾਤਾ ਰਾਮ ਕੌਰ" ਜੀ ਨੇ ਕਿਸੇ ਪ੍ਰਤੀ ਇਹ ਦਸਿਆ ਹੋਵੇ ਕਿ ਮੈਨੂੰ ਵੀ ਗੁਰੂ ਜੀ ਉਤੇ ਪਤੀ ਭਾਵਨਾ ਧਾਰ ਲਈ ਹੈ। ਇਸ ਵਾਸਤੇ ਹੋਰ ਕੋਈ ਸੰਕਲਪ ਨਹੀਂ ਹੈ। ਪਰ ਆਮ ਲੋਕਾਂ ਦੀ ਤੇ ਸਿਖ ਸੰਗਤ ਦੀ ਐਸੀ ਵਿਚਾਰ ਧਾਰਾ ਵੀ ਬਣ ਜਾਣੀ ਸੰਭੂਵ ਸੀ ਕਿ ਇਹੋ (ਮਾਤਾ ਰਾਮ ਕੌਰ) ਜਿਸ ਦਿਨ ਤੋਂ ਭੋਣ ਜੀਤੇ ਜੀ ਦੇ ਭੋਲੇ ਨਾਲ ਆਏ ਸਨ, ਮੁੜ ਪੇਕੇ ਘਰ ਵਾਪਸ ਨਹੀਂ ਗਏ ਸਨ।

ਮਾਤਾ ਰਾਮ ਕੌਰ ਜੀ ਨੇ ਹੁਣ ਪੂਰਨ ਸੰਤੋਖ ਧਾਰਨੀ ਹੋ ਕੇ ਸੇਵਾ ਸਿਮਰਨ ਹੀ ਆਪਣਾ ਜੀਵਨ ਮਨੋਰਥ ਬਣਾ ਲਿਆ ਸੀ, ਪਰ ਇਨਾਂ ਦੇ ਪੇਕੇ ਘਰ ਵਾਪਸ ਨ ਜਾਣ ਤੋਂ ਕਈ ਲੋਕਾਂ ਨੇ ਸਮਝ ਰਖਿਆ ਸੀ ਕਿ ਜਿਵੇਂ ਰਾਜੇ ਮਹਾਰਾਜਿਆਂ ਵਲੋਂ ਵਿਆਹੇ ਡੋਲਿਆਂ ਨਾਲ ਉਸ ਵੇਲੇ ਕੁਝ ਦਾਸੀਆਂ ਵੀ ਡੋਲੇ ਜਾਣ ਦਾ ਰਿਵਾਜ ਸੀ- ਸ਼ਾਇਦ (ਮਾਤਾ ਰਾਮ ਕੌਰ ਵੀ) ਐਸੇ ਹੀ ਆਏ ਹੋਣਗੇ। ਪਰ ਇਹ ਗਲ ਨਹੀਂ ਸੀ। ਉਹ ਕੋਮਲ ਹਿਰਦਾ ਰਖਦੇ ਅਤੇ ਬਹੁਤ ਸੂਝਵਾਨ ਸਨ। ਉਨਾਂ ਆਉਂਦੇ ਸਾਰ ਹੀ ਗੁਰੂ ਘਰ ਦੀ ਰਹੁ ਰੀਤ ਅਤੇ ਸਿਖ ਸੰਗਤਾਂ ਵਲੋਂ ਗੁਰੂ ਸਾਹਿਬ ਪਰ ਅਥਾਹ ਪ੍ਰੇਮ ਭਾਵਨਾ ਤੋਂ ਪ੍ਰਭਾਵਤ ਹੋ ਜੇ ਨਿਸਕਾਮਤਾ ਨਾਲ ਸੇਵਾ ਸਿਮਰਨ ਕਰਦੇ ਹੋਇਆ ਜੀਵਨ ਬਿਤਾਣਾ ਚਾਹਿਆ ਸੀ। ਜੋ ਅੰਤਮ ਸਵਾਸਾਂ ਤੀਕ ਸਿਖੀ ਸਿਦਕ ਨੂੰ ਨਿਬਾਹਿਆ ਤੇ ਬੇਰ ਮੁਹੰਮਦ ਖਾਨ ਦੇ ਬਾਹੀ ਠਾਣ ਬਾਣ ਅਤੇ ਉਸਦੇ ਨਾਪਾਕ ਇਰਾਦੇ ਪਰ ਲਾਹਨਤਾਂ ਪਾਂਦੇ ਹੋਇਆ ਤੀਰਾਂ ਦਾ ਵਾਰ ਸਹਾਰ ਕੇ ਗੁਰੂ ਮੂਰਤ ਨੂੰ ਮਨ ਵਿਚ ਵਸਾ ਕੇ ਪ੍ਰਾਨ ਤਿਆਗ ਦਿਤੇ ਸਨ।

ਇਸ ਗੁਰੂ ਵਿਲਾਸ (ਗਰੰਥ ਬੀਰ ਮਿ੍ਰਗੇਸ਼) ਦੇ ਲੇਖਕ ਪੰਡਤ ਸ਼ੇਰ ਸਿੰਘ ਜੀ ਨੇ ਤਾਂ ਲੋਕਾਂ ਤੋਂ ਸੁਣਿਆ-ਇਹ ਵੀ ਲਿਖਿਆ ਹੈ ਕਿ ਬਾਹਦ ਵਿਚ ਸ਼ੇਰ ਮੁਹੰਮਦ ਖਾਨ ਨੇ ਜਦੋਂ ਮਾਤਾ ਰਾਮ ਕੌਰ ਦੇ ਸਰੀਰ ਨੂੰ ਕਬਰ ਵਿਚ ਦਬਾ ਦਿਤਾ ਸੀ ਤਾਂ ਮਗਰੋਂ ਉਸਨੂੰ ਬਹੁਤ ਅਫਸੋਸ ਹੋਇਆ ਸੀ ਤੇ ਉਹ ਬਹੁਤ ਚਿਰ ਤੀਕ ਇਸੇ ਅਫਸੋਸ ਵਿਚ ਝੁਰਦਾ ਮੋਇਆ ਸੀ।

ਨਵਾਬ ਸ਼ੇਰ ਮੁਹੰਮਦ ਖਾਨ ਤੋਂ ਬਾਹਦ ਮਲੇਰ ਕੋਟਲਾ ਦੀ ਰਾਜ ਗੱਦੀ ਦਾ ਵਾਰਸ ਉਸਦਾ ਪੁਤਰ ਗੱਦੀ ਤੇ ਬੈਠਾ ਅਤੇ ਹੁਣ ਜਦੋਂ ਕਿ ਬਾਬਾ ਸਾਹਿਬ ਸਿੰਘ ਬੇਦੀ ਜੀ ਦੇ ਤੇਜ ਪ੍ਰਤਾਪ ਦੀ ਧਾਂਕ ਪੈ ਚੁਕੀ ਸੀ, ਤਾਂ ਮਲੇਰ ਕੋਟਲੇ ਦੀ ਗੱਦੀ ਪਰ ਉਸਦਾ (ਸ਼ੇਰ ਖਾਨ ਦਾ) ਪੋਤਰਾ ਅਤਾਉਲਾ ਖਾਨ ਹੁਕਮਰਾਨ ਹੋ ਬੈਠਾ ਸੀ। ਇਹ ਬੜਾ ਜਾਬਰ ਅਤੇ ਸਰੀਰ ਕਰਕੇ ਵੀ ਬਹੁਤ ਬਲਵਾਨ ਸੀ। ਗਉ ਕੱਸ਼ੀ ਦੀ ਇਸਨੇ ਬਹੁਤ ਖੁਲ ਦੇ ਰਖੀ ਸੀ, ਤੇ ਲੋਭ ਲਾਲਚ ਦਿਤੇ ਨਾਲ ਵੀ ਜੇਕਰ ਕੋਈ ਹਿੰਦੂ ਮੁਸਲਮਾਨ ਹੋਣਾ ਨਹੀਂ ਮੰਨੇ ਤਾਂ ਬਰਬਰ

ਵੀ ਦੀਨ ਵਿਚ ਵਾਧਾ ਕਰਨ ਵਿਚ ਸ੍ਰਾਬ ਅਤੇ ਦੀਨ ਮੁਹੰਮਦੀ ਦੀ ਸੇਵਾ ਸਮਝਦਾ ਸੀ, ਤੇ ਇਹ ਸਾਰੀਆਂ ਗਲਾਂ ਬਾਬਾ ਸਾਹਿਬ ਸਿੰਘ ਪਾਸ ਪੁਜਦੀਆਂ ਰਹਿੰਦੀਆਂ ਸਨ, ਪਰ ਹੁਣ ਦੀ ਉਸ ਬ੍ਰਾਹਮਣ ਦੀ ਕੂੱਕ ਪੁਕਾਰ ਭਾਜੀ ਸੀ।

ਬਾਬਾ ਸਾਹਿਬ ਨੇ ਇਸ ਦੀ ਕੂਕ ਪੁਕਾਰ ਸੁਣ ਕੇ ਪਹਿਲੀ ਵੇਰ ਅਤਾਉਲਾ ਖਾਨ ਨੂੰ ਚਿਠੀ ਲਿਖੀ ਕਿ ਉਹ ਮਾਈ ਰਾਮ ਕੌਰ ਦੀਆਂ ਅਸਤੀਆਂ ਕਢਵਾ ਦੇਵੇ। ਗਲ੍ਹ ਕਥੀ ਬੰਦ ਕਰਾਏ ਅਤੇ ਸਿਰਫ ਹਿੰਦੂ ਸਿਖਾਂ ਉਤੇ ਹੀ ਨਹੀਂ ਉਹ ਮੁਸਲਮਾਨ ਪਰਜਾ ਉਤੇ ਵੀ ਜ਼ੁਲਮ ਨ ਕਰੇ। ਇਸ ਚਿਠੀ ਦਾ ਉਤਰ ਅਤਾਉਲਾ ਖਾਨ ਨੇ ਬਹੁਤ ਕੋਝੇ ਸ਼ਬਦਾਂ ਵਿਚ ਦਿਤਾ ਸੀ ਤੇ ਬਾਬਾ ਜੀ ਵਾਸਤੇ ਹੁਣ ਮਲੇਰ ਕੋਟਲੇ ਪਰ ਚੜਾਈ ਕੀਤੇ ਬਿਨਾਂ ਕਾਮਯਾਬੀ ਦੀ ਆਸ ਨਹੀਂ ਸੀ।

ਸਿਖ ਸਰਦਾਰਾਂ ਤੇ ਰਾਜਿਆਂ ਦੀ ਕਾਨਫਰੰਸ ਬੁਲਾਈ

ਸ੍ਰੀ ਬਾਬਾ ਸਾਹਿਬ ਸਿੰਘ ਜੀ ਨੇ ਅਤਾਉਲਾ ਖਾਨ ਦੀ ਚੈਕਾਰ ਭਰੀ ਤੇ ਧਮਕੀ ਭਰੀ ਚਿਠੀ ਨੂੰ ਪੜਿਆ, ਤੇ ਉਹਦੀ ਫੌਜੀ ਤਾਕਤ ਦਾ ਅੰਦਾਜਾ ਵੀ ਲਾ ਲਿਆ ਹੋਇਆ ਸੀ। ਮੁਨਾਸਬ ਜਾਣਿਆ ਕਿ ਇਸ ਕੰਮ ਵਿਚ ਆਪਣੇ ਨਾਲ ਪਿਆਰ ਰਖਦੇ ਕੁਝ ਮਿੱਸਲਾਂ ਦੇ ਸਰਦਾਰਾਂ ਤੇ ਜਗੀਰਦਾਰਾਂ ਨੂੰ ਵੀ ਬਾਅਲ ਕੀਤਾ ਜਾਇ। ਇਸ ਵਿਚਾਰ ਵਿਚ ਆਪ ਜੀ ਨੇ ਹੁਕਮਨਾਮੇ ਭੇਜ ਕੇ ਬਹੁਤ ਸਾਰੇ ਸਿਖ ਸਰਦਾਰਾਂ ਨੂੰ ਊਨੇ ਸ਼ੇਰ ਸਿੰਘ ਨਿਰਮਲਾ, ੨. ਜੀ:ਦ ਵਾਲਾ, ੪. ਥਾਨੇਸਰ ਵਾਲਾ ਸ੍ਰ: ਊਦੇ ਸਿੰਘ, ੫. ਸਰਦਾਰ ਭਾਕ ਸਿੰਘ ਲੁਧਿਆਣੇ ਵਾਲਾ, ੬. ਸ੍ਰ: ਸਾਹਿਬ ਸਿੰਘ ਮਹਾਰਾਜਾ ਪਟਿਆਲਾ, ੭. ਐਬਾਲੇ ਵਾਲਾ, ੮. ਫਿਰੋਜ਼ਪੁਰ ਵਾਲਾ ਸ੍ਰ:, ੯. ਸ਼ਾਮ ਗੜ ਵਾਲਾ, ੧੦. ਮਨੂੰ ਮਾਜਰੇ ਵਾਲਾ ਸਰਦਾਰ ਸ਼ੋਭਾ ਸਿੰਘ ਤੋਂ ਵਖਰੇ ਹੋਰ ਕਈ ਸਨ। ਜਿਨਾਂ ਵਿਚ ਸਰਦਾਰ ਦਰਬਾਰਾ ਸਿੰਘ ਤੇ ਸਰਦਾਰ ਹਰੀ ਸਿੰਘ ਆਦਿਕ ਵੀ ਸ਼ਾਮਿਲ ਹੋਣ ਨੂੰ ਆਏ ਸਨ।

ਸ੍ਰੀ ਹਜੂਰ ਬਾਬਾ ਸਾਹਿਬ ਸਿੰਘ ਜੀ ਨੇ ਸਾਰਿਆਂ ਪ੍ਰਤੀ ਜੀ ਆਇਆ ਆਖਦੇ ਹੋਇਆ ਇਹ ਫੁਰਮਾਇਆ ਕਿ ਇਸ ਵੇਲੇ "ਅੰਗਰੇਜ਼ਾਂ" ਨਾਲ ਜਿਥੇ ਕਿਥੇ ਛੋਟੇ ਮੋਟੇ ਝੰਦ ਵੰਦ ਕਰਕੇ ਮਲੇਰ ਕੋਟਲੇ ਨੂੰ ਛੇੜੀ ਸਹ ਕਰਨਾ ਚਾਹੀਏ ਕਿਉਂਕਿ ਇਕ ਤਾਂ ਤੁਸਾਡੀ ਮਾਤਾ ਰਾਮ ਕੌਰ ਦੀਆਂ ਅਸਤੀਆਂ ਉਹ ਦੇਣ ਤੋਂ ਇਨਕਾਰੀ ਹੈ- ਦੂਜਾ ਖੁਲੇ ਖਜ਼ਾਰ ਗਉਕਥੀ ਕਰਦੇ। ਹਿੰਦੂ ਸਿਖਾਂ ਨੂੰ ਚਿੜਾਂਦੇ ਤੇ ਕਮਜੋਰਾਂ ਨੂੰ ਡਰਾਂਦੇ ਧਮਕਾਂਦੇ ਅਤੇ ਦੀਨ ਵਿਚ ਮਿਲਾ ਲੈਂਦੇ ਹਨ। ਇਨਸਾਫ ਕਰਨਾ ਕਿਤੇ ਰਿਹਾ ਕਿਸੇ ਮਜ਼ਲੂਮ ਦੀ ਫਰਿਆਦ ਨਹੀਂ ਸੁਣਦੇ।

ਸ੍ਰੀ ਬਾਬਾ ਜੀ ਤੋਂ ਐਸਾ ਸੁਣਕੇ ਕਈ ਚੁੱਪ ਰਹੇ, ਜਿਨਾਂ ਵਿਚ ਮਹਾਰਾਜਾ ਜੀਂਦ, ਨਾਭਾ ਤੇ ਪਟਿਆਲਾ ਸਨ। ਜਿਨਾਂ ਦੀ ਚੁੱਪ ਤੋਂ ਇਹ ਅਨੁਮਾਨ ਸੀ ਕਿ ਸਾਥੀ ਹੋਣਗੇ ਤੇ ਬਹੁਤੇ ਇਨਕਾਰੀ ਹੋ ਕੇ ਉਠ ਤੁਰੇ ਸਨ। ਜਿਨਾਂ ਤਾਂਈ ਬਾਬਾ ਜੀ ਨੇ ਬਰਮਿੰਦਾ ਕੀਤਾ ਕਿ ਤੁਸੀਂ ਤਾਂ ਸਾਡੇ ਤੋਂ ਅੰਮ੍ਰਿਤ ਪਾਨ ਕੀਤਾ ਸੀ। ਹੁਣ ਪਿਠ ਦੇ ਕੇ ਕਿਉਂ ਨਸੇ ਜਾਂਦੇ ਹੋ ? ਪਰ ਉਨਾਂ ਨੇ ਐਸਾ ਹੀ ਕੀਤਾ ਤੇ ਚਲੇ ਗਏ ਸਨ। ਜਿਸ ਦਾ ਕਾਰਨ ਇਹ ਪਤਾ ਲਗਾ ਕਿ ਅਤਾਉਲਾ ਖਾਂ ਨੇ ਉਕਤ ਚੋਣਵੇਂ ਸਿਖਾਂ ਸਰਦਾਰਾਂ ਨੂੰ ਪੰਜ ਪੰਜ ਲਖ ਰੁਪਿਆ ਦੇ ਕੇ ਖਰੀਦ ਲਿਆ ਸੀ ਤੇ ਬੇਮੁਖ ਬਣਾਇਆ ਹੈ। ਇਸ ਵੇਲੇ ਬਾਬਾ ਜੀ ਨੇ ਬਹੁਤ ਬੀਰ

Scanned with CamScanner

ਰਸ ਵਿਚ ਭਰੇ ਹੋਇ ਸਨ। ਔਸੀ ਓਮੁਖਾਂ ਪ੍ਰਥਾਏ ਇਹ ਬਚਨ ਫੁਰਮਾਇਆ ਸੀ—

"ਕਰਮ ਸਿੰਘ ਨਿਰਮਲਾ" ਜੁੰਗਾ, ਆਲੇ ਕਹੋਂ ਸੋ (ਪਟਿਆਲੇ ਦੇ) ਪ੍ਰਥਾਏ ਇਉਂ ਕਹਿਆ_ "ਸਾਹਿਬ ਸਿਘ ਕਮਲਾਂ", ਅੰਬਾਲੇ ਵਾਲੀ ਸਦਾਰਨੀ ਲਛਮੀ ਨੂੰ ਕਹਿਆ–

"ਲਛਮੀ ਕੁਲੱਛਮੀ" — ਦੁਆਥੀਏ ਸਰਦਾਰ-ਤਾਰਾ ਸਿੰਘ ਨੂੰ ਕਹਿਆ ਤਾਰਾ ਅਸਤ ਗਿਆ। (ਇਸ ਦਾ ਨਾਮ ਤਾਰਾ ਸਿੰਘ ਗੈਬੀ ਸੀ) ਦੁਵਾਬੇ ਦੇ ਕਕੜ ਜਟ ਸਰਦਾਰਾਂ ਪ੍ਰਤੀ ਕਹਿਆ ਇਹ "ਕਾਕੜੇ ਝੜ ਗਏ" — ਮੈਣ ਦਵਾਬ ਢੰਡੀ ਹੋ ਗਈ।

ਨੋਟ-ਉਕਤ ਜ਼ਿਕਰ "ਗੁਰ ਬਿਲਾਸ ਬੀਰ ਮ੍ਰਿਗੇਸ਼" ਦੇ ਲੇਖਕ ਨੇ ਬਾਬਾ ਊਦੈ ਸਿੰਘ ਦੀ ਜ਼ੁਬਾਨੀ ਸੁਣਿਆ ਹੋਇਆ ਲਿਖਿਆ ਹੈ। ਉਹ ਦਸਦੇ ਕਿ ਮੈਨ ਦਵਾਬੇਏ ਸਰਦਾਰਾਂ ਦੀ ਗਿਣਤੀ ੩੬੦ ਤੀਕ ਸੀ। ਉਨਾਂ ਵਿਚੋਂ ਜਿਨਾਂ ਜਿਨਾਂ ਨੇ ਸ੍ਰੀ ਬਾਬਾ ਜੀ ਪਾਸੋਂ ਮਿੰਨਤਾਂ ਤਰਲੇ ਕਰਕੇ ਭੁਖ ਬਖਸ਼ਵਾ ਲਈ ਸੀ ਉਨਾਂ ਦੀ ਰਾਜਸੀ ਸੱਤਾ ਬਣੀ ਰਹੀ ਸੀ ਪਰ ਜਿਹੜੇ ਪਰਮਾਦੀ (ਬਹੁਤ ਹੰਕਾਰੀ) ਸਨ ਉਹ ਸਾਰੇ ਹੀ ਔਤਰ ਗਏ ਸਨ—ਕੁਝ ਵੀ ਨ ਰਿਹਾ ਸੀ। ਸਮਾਂ ਪਾ ਕੇ ਬਾਬਾ ਜੀ ਦੇ ਸਾਰੇ ਸਰਾਪ ਸਤਿ ਹੋਏ ਸਨ।

ਉਕਤ ਸਾਰੇ ਸਰਦਾਰ ਓਮੁਖ ਹੋ ਕੇ ਚਲੇ ਗਏ ਸਨ, ਤਦ ਬਾਬਾ ਜੀ ਨੇ ਸਰਦਾਰ ਦਰਬਾਰਾ ਸਿੰਘ ਤੇ ਹਰੀ ਸਿੰਘ ਜੀ ਨੂੰ ਕਿਨਾਰੇ ਬੈਠਾ ਦੇਖ ਕੇ ਵੈਹਾਂ ਨੂੰ ਆਪਣੇ ਪਾਸ ਬੁਲਾਇਆ ਤੇ ਔਸ ਫੁਰਮਾਇਆ ਤੁਸੀਂ ਵੀ ਵੈਵੋ ਚਲੋ ਜਾਉ ! ਸਾਨੂੰ ਅਕਾਲ ਪੁਰਖ ਦਾ ਭਰੋਸਾ ਤੇ ਆਸਰਾ ਹੈ। ਹੋਰ ਕਿਸੇ ਦੀ ਲੋੜ ਨਹੀਂ। ਤਦ ਉਨਾਂ ਨੇ ਸਨਿਮਰ ਨਿਮਸਕਾਰ ਕਰਦੇ ਹੋਇਆਂ ਆਖਿਆ-ਆਪ ਗੁਰੂ ਹੋ ਅਸੀਂ ਸਦਾ ਸਿਖ ਹਾਂ। ਇਹ ਸਾਡੇ ਜਦੋ ਦੇ ਪੰਜ ਸੋ ਨਿਹੰਗ ਸਿੰਘ ਹਨ ਇਹ ਵੀ ਆਪ ਦੇ ਹਨ। ਚਾਹੇ ਜਿਥੇ ਵਰਤੋਂ ਇਨਾਂ ਦੇ ਸਮੇਤ ਸਾਡੇ ੫੦੧ ਸੀਸ ਹਾਜ਼ਰ ਹਨ। ਕਦੀ ਬੇਮੁਖ ਨਹੀਂ ਹੋਵਾਂਗੇ। ਇਨਾਂ ਦੋਹਾਂ ਨੇ ਬਾਰ ਬਾਰ ਇਹੋ ਕਿਹਾ ਤਦ ਇਨਾਂ ਪਰ ਅਪਾਰ ਖੁਸ਼ ਹੋ ਕੇ ਫੁਰਮਾਇਆ ਕਿ ਜੋ ਹੋਣਾ ਹੈ ਸੋ ਹੋਣਾ ਹੈ, ਹੰਕਾਰਿਆ ਉਹ ਮਾਰਿਆ ਜਾਇਗਾ, ਪਰ ਤੁਸੀਂ ਅੱਜ ਸਿਖੀ ਦੀ ਲਾਜ ਰਖ ਵਿਖਾਈ ਹੈ। ਲਿਖਿਆ ਹੈ–

ਦੂਜੇ ਦਿਨ ਅੰਮ੍ਰਿਤ ਵੇਲੇ ਦੇ ਨਿਤ ਨਿਯਮ, ਬੋਚ ਇਸ਼ਨਾਨ ਮਗਰੋਂ ਆਪ ਜੀ ਨੇ ਆਪਣੀ ਸਿਖ ਸੰਗਤ ਦੇ ਸਨੱਥ ਬੱਧ ਜਵਾਨਾਂ ਸਮੇਤ ਅਰਦਾਸਾ ਸੋਧ ਕੇ ਚਾਲੇ ਪਾਏ ਤੇ ਕਈ ਥਾਂ ਰਾਹ ਵਿਚ ਮੁਕਾਮ ਕਰਦੇ "ਮਨਸੂਰਾਂ ਪਿੰਡ" ਆਇ ਟਿਕੇ ਇਥੇ ਟਿਕੇ ਹੋਇਆਂ ਆਪ ਦੇ ਦਰਸ਼ਨ ਨੂੰ ਸਮੂਹ ਸੰਗਤਾਂ ਉਮੰਡ ਆਈਆਂ ਸਨ। ਬਹੁਤੇ ਲੋਕਾਂ ਨੇ ਅੰਮ੍ਰਿਤ ਛਕਿਆ ਤੇ ਸਿੰਘ ਸਜੇ। ਇਸ ਪਿੰਡ ਵਿਚ ਦੋ ਘੜਿਆਂ ਦੀ ਚਿਰੋਕੀ ਹੱਦ ਬੰਨੇ ਕਾਰਨ ਲੜਾਈ ਛਿੜੀ ਰਹਿੰਦੀ ਸੀ। ਇਕ ਘੜੇ ਨੇ ਦੂਜੇ ਘੜੇ ਦੇ ਚੁਮਾਰ ਨੂੰ ਮਾਰ ਸੁਟਿਆ ਸੀ। ਉਹ ਦੂਜੇ ਮਾਰਨ ਵਾਲੇ ਘੜੇ ਉਤੇ ਹੱਲਾ ਬੋਲਣ ਵਾਲੇ ਸਨ। ਬਾਬਾ ਜੀ ਨੇ ਸਮਝਾ ਬੁਝਾ ਕੇ ਰਾਜੀ ਨਾਮਾ ਕਰਾਇਆ ਤੇ ਚਿਰੋਕੀ ਉਨ੍ਹਾਂ ਦੀ ਦੁਸ਼ਮਣੀ ਨੂੰ ਮਿਟਾਇਆ। ਨੋਟ-ਮਨਸੂਰਾਂ ਵਿਚ ਜਿਹੜੇ ਬਾਬਾ ਜੀ ਦਾ ਮੁਕਾਮ ਸੀ ਉਥੇ ਬਾਦ ਵਿਚ ਮੁਕਾਮੀ ਸੰਗਤਾਂ ਨੇ ਯਾਦਗਾਰੀ ਦਮਦਮਾ (ਗੁਰਦਵਾਰਾ) ਬਣਾਇਆ ਜੋ ਇਸ ਵੇਲੇ ਬਹੁਤ ਚੜਦੀ ਕਲਾ ਵਿਚ ਹੈ ਜਿਸ ਦੀ ਸੇਵਾ ਬਾਬਾ ਜੀ ਦੀ ਔਸ ਬੰਸ ਸ੍ਰੀ ਬਾਬਾ ਮਦਸੂਦਨ ਸਿੰਘ ਜੀ ਨੇ ਬੜੀ ਬਾਨਦਾਰ ਕਰਾਈ ਹੈ।

ਮਨਸੂਰਾਂ ਤੋਂ ਅਰਦਾਸਾ ਸੋਧ ਕੇ ਅਲੇਰ ਕੋਟਲੇ ਉਤੇ ਚੜਾਈ ਕਰਨ ਤੁਰੇ ਜਾਂਦੇ ਬਾਬਾ ਸਾਹਿਬ ਜਦੋਂ ਕੋਟਲੇ ਸ਼ੇਹਰ ਨੇੜੇ ਪੁਜੇ ਤਾਂ ਬਾਹਰ ਵਾਰ ਇਕ "ਆਤਮਾ ਰਾਮ ਬੈਰਾਗੀ" ਸਾਧੂ ਦਾ ਡੇਰਾ ਸੀ। ਆਪ ਜੀ ਨੇ ਉਹਦੇ ਫਾਟਕ ਸਾਹਮਣੇ ਘੋੜਾ ਖੜਾ ਕੀਤਾ। ਮਹੰਤ ਬਿਰਧ ਸੀ ਪਤਾ ਹੋਇਆ ਕਿ ਬੰਦੀ ਬਾਬਾ

ਸਾਹਿਬ ਸਿੰਘ ਜੀ ਆਏ ਹਨ ਤਾਂ ਆਪ ਦੀ ਉਡੀਕ ਵਿਚ ਚਿਰੋਕੀ ਸੰਭਾਲ ਰਖੀ ਭੇਟਾ ਅਰਪਨ ਕਰਕੇ ਨਿਮਸਕਾਰ ਕੀਤੀ। ਆਖਾਂ ਤੋਂ ਸਰੋਦ ਚਿਰੋ ਭਰਮਣੇ ਉਚੇਰੇ ਕਰਕੇ ਰਸਵੇਂ ਦਰਸ਼ਨ ਕੀਤੇ। ਸ੍ਰੀ ਬਾਬਾ ਜੀ ਦੀ ਅਸ਼ੀਰਵਾਦ ਪਾਣ ਦੀ ਦੇਰ ਸੀ ਕਿ ਪ੍ਰਾਣ ਛੂਟ ਗਏ ਮਾਨੋ ਇਸੇ ਉਡੀਕ ਵਿਚ ਸੀ ਕਿ ਗੁਰੂ ਰੂਪ ਬਾਬਾ ਜੀ ਦੇ ਦਰਸ਼ਨ ਕਰੇ ਤੇ ਪ੍ਰਸੰਤਾ ਵਿਚ ਭਰੇ ਹੋਇਆ ਸੰਸਾਰਕ ਘਾਤਰਾ ਸਫਲ ਕਰਨ ਨੂੰ ਅਬੀਰਵਾਦ ਪਾ ਕੇ ਪ੍ਰਲੋਕ ਗੀਮਨ ਕਰ ਜਾਏ। ਉਸਦੇ ਚੇਲਿਆਂ ਨੇ ਉਸ ਨੂੰ ਸੰਭਾਲਿਆ ਤੇ ਬਾਬਾ ਜੀ ਅਗੇ ਨੂੰ ਤੁਰੇ।

ਉਕਤ ਬੈਰਾਗੀ ਆਤਮਾ ਰਾਮ ਦੇ ਡੇਰੇ ਤੋਂ ਚਲਦੇ ਜਦੋਂ ਸੈਨਾ ਸਮੇਤ ਬਾਬਾ ਜੀ ਸ਼ੇਹਰ ਨੇੜੇ ਪੁਜੇ ਸੀ ਅਤਾਉਲਾ ਖਾਨ ਥੀ ਅਵੈਸਲਾ ਨਹੀਂ ਸੀ। ਪੂਰੀ ਤਿਆਰੀ ਨਾਲ ਤੇ ਵਲੋਰੀ ਨਾਲ ਆਪਣੇ ਭ੍ਰਾਤਾ ਸਮੇਤ ਸ਼ੇਹਰ ਤੋਂ ਬਾਹਰ ਆ ਕੇ ਲੜਿਆ। ਦੁਹਾਂ ਤਰਫਾਂ ਤੋਂ ਤੀਰ ਬਰਛੇ ਤੇ ਤੋਪ ਤਲਵਾਰਾਂ ਦੀ ਲੜਾਈ ਨਾਲ ਸੈਂਕੜੇ ਜਵਾਨ ਮਰੇ। ਇਹ ਲੜਾਈ ਥੋੜ ਦਿਨ ਰਹੀ, ਅਤਾਉਲਾ ਖਾਨ ਆਪਣੇ ਭ੍ਰਾਤਾ ਅਤੇ ੪ ਭਤੀਜਿਆਂ ਸਣੇ ਮਾਰਿਆ ਗਿਆ ਤੇ ਸਿੰਘਾਂ ਨੇ ਧਾਉ ਧਾਈ ਕਰਕੇ ਕਿਲੇ ਅਤੇ ਸ਼ੇਹਰ ਪਰ ਜਦੋਂ ਕਬਜਾ ਕਰ ਲਿਆ ਸੀ ਇਸ ਵੇਲੇ ਸ੍ਰੀ ਬਾਬਾ ਸਾਹਿਬ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਸਿੰਘਾਂ ਨੂੰ ਮਨਾਹੀ ਕੀਤਾ ਕਿ ਕਿਸੇ ਵੀ ਨਗਰ ਵਾਸੀ ਦਾ ਰੁਪਿਆ ਪੈਸਾ, ਸੋਨਾਂ ਮੋਤੀ ਹੀਰਾ ਦੇਖਕੇ ਲਾਲਚ ਵਿਚ ਲਟਣਾ ਨਹੀਂ, ਤੇ ਨ ਕਿਸੇ ਦੀ ਬਹੂ ਬੇਟੀ ਨੂੰ ਛੇੜਨਾ ਹੈ। ਗੁਰੂ ਪ੍ਰਮੇਸ਼ਰ ਦਾ ਧਿਆਨ ਤੇ ਸ਼ੁਕਰ ਕਰਨਾ ਹੈ ਕਿ ਜਿਸਨੇ ਖਾਲਸੇ ਨੂੰ ਜਿਤ ਬਖਸ਼ੀ ਤੇ ਹੰਕਾਰੀ ਨੂੰ ਹਰਾਇਆ ਤੇ ਮਾਰਿਆ ਹੈ। ਜੋ ਕੋਈ ਮਾੜੀ ਇਸ ਆਗਿਆ ਦਾ ਉਲੰਘਣ ਕਰੇਗਾ, ਪਤਾ ਹੋਇ ਪਰ ਉਸਨੂੰ ਸਜ਼ਾ ਦਿਆਂਗੇ ਅਤੇ ਲੁਟਿਆ ਮਾਲ ਵੀ ਵਾਪਸ ਕਰਾ ਦਿਆਂਗੇ। ਇਸ ਹੁਕਮ ਨੂੰ ਸਿਖਾਂ ਨੇ ਪੂਰਾ ਮੰਨਿਆ ਤੇ ਲੁਟ ਨਹੀਂ ਸੀ ਕੀਤੀ।

ਸਰਦਾਰ ਰਣਜੀਤ ਸਿੰਘ ਨੂੰ ਮਹਾਰਾਜਗੀ ਦਾ ਵਰਦਾਨ

ਗ੍ਰੰਥ ਬੀਰ ਮ੍ਰਿਗੇਸ਼ ਦੀ ਸਵਾ ੧੭੧ ਦੀ ਲਿਖਤ ਮੁਤਾਬਤ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਸੰਮਤ ੧੮੪੭ ( ) ਵਿਚ ਸ੍ਰੀ ਨਨਕਾਣਾ ਸਾਹਿਬ ਦੀ ਯਾਤਰਾ ਕਰਕੇ ਵਾਪਸ ਆ ਰਹੇ ਸਨ, ਤਾਂ ਰਾਹ ਵਿਚ ਸਰਦਾਰ ਮਹਾਂ ਸਿੰਘ (ਸ਼ੁਕਰ ਚਕੀਆ ਮਿਸਲ ਦੇ ਜਵੈਦਾਰ) ਦੀ ਮੌਤ ਹੋਈ ਸੁਣ ਕੇ ਮੁਕਾਣ ਵੈਣ ਦੇ ਖਿਆਲ ਨਾਲ ਉਧੋਵਾਲ ਆਏ ਪਤਾ ਹੋਣ ਪਰ ਰਣਜੀਤ ਸਿੰਘ ਤੇ ਉਹਦੀ ਮਾਤਾ ਰਾਜ ਕੌਰ ਨੇ ਆਪਣੇ ਬਹੁਤ ਸਾਰੇ ਅਨੁਸਾਰੀ ਸਰਦਾਰਾਂ ਸਮੇਤ ਸਤਿਕਾਰ ਵਜੋਂ ਅਗਵਾਈ ਕੀਤੀ। ਤੇ ਆਪ ਦਾ ਬਹੁਤ ਖੁਲੀ ਥਾਂ ਡੇਰਾ ਕਰਾਇਆ। ਆਪ ਬਾਬਾ ਜੀ ਦੇ ਨਾਲ ਬਹੁਤ ਸਿਖ ਸੰਗਤ ਅਤੇ ਸਾਧੂ ਸੰਤ ਮਹਾਤਮਾ ਵੀ ਸਨ ਤੇ ਹੋਰ ਵਖਰੇ ਸੈਂਕੜੇ ਸਨਬਧ ਜਵਾਨ ਸਨ। ਤੰਬੂ ਕਨਾਤਾਂ ਤਣ ਕੇ ਸਾਰਿਆਂ ਪ੍ਰਤੀ ਹਰ ਤਰ੍ਹਾਂ ਦੀ ਸੇਵਾ ਸੰਭਾਲ ਕੀਤੀ।

ਤੇਹਰਵੀਂ ਦੇ ਦਿਨ ਮਕਾਨ ਦੇ ਇਸ ਸਮੇਂ ਦੂਜੀਆਂ ਸਿਖ ਮਿਸਲਾਂ ਦੇ ਸਰਦਾਰ ਵੀ ਆਏ ਹੋਏ ਸਨ। ਮਕਾਨ ਦੀ ਰਸਮ ਅਦਾਇਗੀ ਅਤੇ ਰਣਜੀਤ ਸਿੰਘ ਨੂੰ ਦਸਤਾਰਾਂ ਭੇਟ ਉਪਰੰਤ ਜੋਸੇ ਬਾਕੀ ਦੇ ਮਿਸਲਾਂ ਵਾਲੇ ਸਰਦਾਰ ਆਪਣੇ ਠਿਕਾਣਿਆਂ ਪਰ ਗਏ ਸਨ ਬਾਬਾ ਜੀ ਸਾਹਿਬ ਵੀ ਆਪਣੇ ਠਿਕਾਣੇ ਪਰ ਗਏ ਤੇ ਅਰਾਮ ਕੀਤਾ। ਪਰ ਉਧਰ ਦੂਜੇ ਪਾਸੇ ਦੇ ਮਿਸਲਾਂ ਦੇ ਸਰਦਾਰਾਂ ਨੇ ਇਕਠੇ ਹੋ ਕੇ ਸਲਾਹ ਕੀਤੀ ਕਿ ਰਣਜੀਤ ਸਿੰਘ ਵੀ ਚੜਦੀ ਇਸ ਜਵਾਨੀ ਵੇਲੇ ਚੰਗਾ ਹੋਣਹਾਰ ਪ੍ਰਬਲ ਸਰਦਾਰ ਬਣ ਕੇ ਸਾਨੂੰ ਸਾਰਿਆਂ ਨੂੰ ਤੰਗ ਕਰੇਗਾ। ਜਿਵੇਂ ਕਿ ਇਸਦਾ ਪਿਤਾ ਸਰਦਾਰ ਮਹਾਂ ਸਿੰਘ ਦਾ ਸਾਡੇ ਸਾਰਿਆਂ ਪ੍ਰਤੀ ਰਵੈਆ ਸੀ। ਤਾਂ ਤੇ ਹੁਣੇ ਇਸ ਨੂੰ ਮੁਕਾ ਕੇ ਇਸ ਦੀਆਂ ਕੈੜਿਆਲੇ ਝਿੜ ਵਾਰੀ ਉਸਦੇ ਹੀ ਜੜਾਂ ਤੋਂ

Scanned with CamScanner

ਪੁਟ ਦਈਏ। ਇਹ ਸਲਾਹ ਸਭਨਾਂ ਨੂੰ ਪਸੰਦ ਆਈ ਤੇ ਸਵੇਰ ਹੁੰਦੇ ਸਾਰ ਇਸ ਪਰ ਵਾਰ ਕਰਨ ਦੀ ਸਲਾਹ ਪਕੀ ਕਰ ਲਈ ਗਈ। ਪਰ ਇਨਾਂ ਸਾਰਿਆਂ ਦੀ ਐਸੀ ਓਟੀ ਨੀਅਤ ਦੀ ਖਬਰ ਕਿਸੇ ਤਰਸਵਾਨ ਨੇ ਰਣਜੀਤ ਸਿੰਘ ਤੇ ਇਸਦੀ ਮਾਤਾ ਨੂੰ ਦਸ ਦਿਤੀ।

ਇਨਾਂ ਦੋਹਾਂ ਵਾਸਤੇ ਇਸ ਚਿੰਤਾ ਵਿਚ ਭੁਖੇ ਹੋਇਆਂ ਰਾਤ ਗੁਜਾਰਨੀ ਔਖੀ ਸੀ। ਮਸਾਂ ਮਸਾਂ ਰਾਤ ਬੀਤੇ ਅਗਲੀ ਸਵੇਰੇ ਹੀ ਦੋਵੇਂ ਮਾਤਾ ਤੇ ਪੁਤਰ (ਉਦਾਸੀ ਦੀ ਹਾਲਤ ਵਿਚ) ਬਾਬਾ ਜੀ ਪਾਸ ਜਾ ਕੇ ਸਾਰੀ ਵਿਥਿਆ ਸੁਣਾ ਦਿਤੀ। ਤਾਂ ਬਾਬਾ ਜੀ ਨੇ ਧੀਰਜ ਦਿਤਾ। ਆਦਰ ਨਾਲ ਪਾਸ ਬਹਾਇਆ ਹੀ ਸੀ ਕਿ ਉਹ ਦੇਖੀ ਸਰਦਾਰ ਵੀ ਇਕਠੇ ਹੋ ਕੇ ਬਾਬਾ ਜੀ ਪਾਸੇ ਆਏ ਤੇ ਨਿਮਸਕਾਰਾਂ ਕਰਕੇ ਬੈਠਦੇ ਗਏ। ਤਾਂ ਸ੍ਰੀ ਬਾਬਾ ਜੀ ਨੇ "ਜੀ ਆਇਆ" ਇਹਨਾਂ ਨੂੰ ਆਖਿਆ। ਆਦਰ ਕੀਤਾ ਤੇ ਕਿਹਾ ਕਿ ਤੁਸੀਂ ਰਣਜੀਤ ਸਿੰਘ ਨਾਲ ਮੇਲ ਮਿਲਾਪ ਬਣਾਏ ਰਖੋ ਤਾਂ ਤੁਸਾਡਾ ਵੀ ਤੇਜ ਪ੍ਰਤਾਪ ਬਹੁਤ ਵਧੇਗਾ। ਪਰ ਇਨਾਂ ਸਾਰਿਆਂ ਨੇ ਇਕ ਜ਼ੁਬਾਨ ਹੋ ਕੇ ਕਿਹਾ—ਹੋਰ ਤਾਂ ਆਪ ਦਾ ਕਿਹਾ ਅਸੀਂ ਸਭ ਕੁਝ ਮੰਨਣ ਨੂੰ ਤਿਆਰ ਹਾਂ, ਪਰ ਰਣਜੀਤ ਸਿੰਘ ਦੀ ਬਾਂਹ ਸਾਡੇ ਹਥ ਫੜਾ ਦਈਓ। ਅਸੀਂ ਇਸ ਕੈੜਿਆਲੇ ਰੁਖ ਨੂੰ ਹੁਣੇ ਮੁਕਾ ਦੇਣਾ ਚਾਹੁੰਦੇ ਹਾਂ। ਐਸਾ ਸੁਣਦੇ ਸਾਰ ਰਣਜੀਤ ਸਿੰਘ ਬਾਬਾ ਸਾਹਿਬ ਦੇ ਮੰਜੇ ਹੇਠ ਹੋ ਗਿਆ ਸੀ।

ਸ੍ਰੀ ਬਾਬਾ ਜੀ ਨੇ ਇਨਾਂ ਨੂੰ ਬਹੁਤ ਸਮਝਾਇਆ ਕਿ ਐਸਾ ਸੋਚਣਾ ਹੀ ਛਡ ਦੇਵੋ। ਇਸ ਨੂੰ ਤਾਂ ਅਸਾਂ ਪੰਜਾਬ ਦਾ ਬਾਦਸ਼ਾਹ ਬਨਾਣਾ ਤੇ ਸਾਰਿਆਂ ਦਾ ਸਿਰ ਤਾਜ ਬਾਪਨਾ ਹੈ।—ਐਸਾ ਵਾਕ ਕਰਦੇ ਹੋਇਆ ਬਾਬਾ ਜੀ ਨੇ ਬੜੇ ਜ਼ੋਸ਼ ਭਰੇ ਰਵਈਏ ਨਾਲ ਰਣਜੀਤ ਸਿੰਘ ਨੂੰ ਜੂੜੇ ਤੋਂ ਫੜ ਕੇ ਪਲੰਘ ਹੇਠੋਂ ਬਾਹਰ ਕਢਿਆ ਤੇ ਆਪਣੀ ਗਾਤਰੇ ਦੀ ਕਿਰਪਾਨ (ਸ੍ਰੀ ਸਾਹਿਬ) ਉਤਾਰ ਕੇ ਉਹਦੇ ਗਲ ਪਾਈ ਤੇ ਐਸਾ ਵਾਕ ਫੁਰਮਾਇਆ—

"ਜਾਹੁਰੇ·ਰਣਜੀਤ ਸਿੰਘ, ਮੈਂ· ਸਾਰੇ ਗਹਣੇ ਭੰਨ ਕੇ ਇਕ ਹੰਸ ਘੜਾਇਆ"

ਫਿਰ ਆਪਣੇ ਪਾਸ ਬਿਠਾਇਕੇ ਕਿਹਾ ਲੋਹੁਰੇ ਰਣਜੀਤ ਸਿੰਘ ਤੂੰ ਅਜ ਤੋਂ ਰਣਿ ਕੇ ਜੀਤਨੇ ਵਾਲਾ ਨਾਮ ਸਫਲਾਨੇ ਵਾਲਾ ਹੁਆ– ਹਮਾਰੇ ਬਚਨ ਸੇ ਤੂੰ ਆਜ ਸੇ ਹੀ ਰਾਜ ਅਧਿਰਾਜ ਹੁਆ। ਸਾਥ ਲੈ ਤੇਰੇ ਦੇਖੀ ਇਹ ਰਾਜੇ ਜੋ ਤੈਨੂੰ ਮਾਰਨਾ ਚਾਹੁੰਦੇ ਹਨ, ਇਨਾਂ ਦੀਆਂ ਰਾਣੀਆਂ ਤੇ ਇਹ ਵੀ ਤੇਰੀ ਆਗਿਆ ਵਿਚ ਰਹਿਣਗੇ ਤਾਂ ਸੁਖੀ ਰਹਿਣਗੇ ਇਤਨਾ ਬਚਨ ਕਰਕੇ ਆਪ ਜੀ ਚੁਪ ਹੋ ਗਏ।

ਇਨਾਂ ਆਏ ਹੋਏ ਦੇਖੀ ਸਰਦਾਰਾਂ ਨੂੰ ਪਤਾ ਸੀ ਕਿ ਬਾਬਾ ਸਾਹਿਬ ਸਿੰਘ ਜੀ ਉਹੀ ਹਨ ਜਿਨਾਂ ਨੇ ਜਾਬਰ ਅਤਾਉਲਾ ਖਾਨ ਮਲੇਰ ਕੋਟਲੇ ਦੀ ਆਕੜ ਭੰਨ ਦਿਤੀ ਸੀ। ਅਗਰ ਇਸ ਵੇਲੇ ਟੱਰ ਵਧੇਰੇ ਇਹ ਕੁਝ ਕਰਦੇ ਤਾਂ ਬਾਬਾ ਜੀ ਦੇ ਸਾਥੀ ਸੂਰਬੀਰ ਵੀ ਤਿਆਰ ਬਰ ਤਿਆਰ ਸੀ। ਜਿਸ ਤੇ ਉਹ ਖਾਮੋਸ਼ ਹੋ ਕੇ ਚਲੇ ਗਏ, ਤੇ ਬਾਬਾ ਜੀ ਨੇ ਪੂਰਨ ਭਰੋਸਾ ਦੇ ਕੇ ਰਣਜੀਤ ਸਿੰਘ ਅਤੇ ਇਸ ਦੀ ਮਾਤਾ ਨੂੰ ਬ·ਫਿਕਰੀ ਨਾਲ ਰਾਜ ਕਾਜ ਵਾਸਤੇ ਤਾਕੀਦ ਕੀਤੀ।

ਸ੍ਰੀ ਬੀਰ ਮ੍ਰਿਗੇਸ਼ ਦੇਵ ਤਰੂ ਗਰੰਥ ਸਵਾ ੨੩੯ ਦੇ ੧ ਸਰੰਧ-੧੬ ਵਾਂ ਰਿਆਇ ਸੋ

ਸੰਤ ਭਾਈ ਭਾਗ ਸਿੰਘ ਜੀ ਕੀ ਬੰਸਾਵਲੀ

ਨੌਵੀ ਪਾਤਸ਼ਾਹੀ ਗੁਰੂ ਤੇਗ ਬਹਾਦਰ ਦੇ ਪ੍ਰੇਮੀ ਸਿਖ "ਭਾਈ ਨਿਹਾਲੂ" ਨਾਮ ਦੇ "ਨਾਹੰਗ

ਨਗਰ" ਨਿਵਾਸੀ-ਜੋ ਦਰਿਆਏ ਜਨਾਬ - ਜੋ ਦਰਿਆਏ ਜਨਾਬ ਦੇ ਨੇੜੇ ਅਤੇ ਕਾਦਰਾਬਾਦ ਤੋਂ ੧੦ ਕੋਹ ਪੂਰਬ ਵਲ ਰਾਮ ਨਗਰ ਤੋਂ ਪਸਚਮ ਵਲ (ਹੁਣ ਦੇ ਪਾਕਿਸਤਾਨ ਵਿਚ) ਹੈ ਉਥੋਂਹਾਏ ਜਾਤ ਦੇ ਖਤ੍ਰੀ ਸਨ। ਇਨਾਂ ਦੀ ਉਮਰ ਵਡੇਰੀ ਤੀਕ ਕੋਈ ਸੈਤਾਲ ਨਹੀਂ ਸੀ! ਵੈਰਾਗ ਹੋਇਆ ਕਿ ਝੁਠਿਆਂ ਤੋਂ ਅਜਾਈ ਨ ਜਾਈਏ, ਗੁਰੂ ਤੇਗ ਬਹਾਦਰ ਦੀ ਸੇਵਾ ਵਿਚ ਸ੍ਰੀ ਅਨੰਦਪੁਰ ਸਾਹਿਬ ਚਲੇ ਆਇ ਕਿ ਇ ਇਥੋਂ ਜਰੂਰ ਦਾਤ (ਪੁਤਰ) ਵਾਸਤੇ ਅਸੀਸ ਮਿਲੇਗੀ।

ਭਾਈ ਨਿਹਾਲੂ ਜੀ ਦੋਵੇਂ ਵੰਪਤੀ ਨੇ ਇਕ ਰਸ ਬੜੀ ਸ਼ਰਧਾ ਨਾਲ ਗੁਰ ਸਾਹਿਬ ਦੀ ਸੇਵਾ ਵਿਚ ਤਕਰੀਬਨ ਛੀ ਮਹੀਨੇ ਗੁਜ਼ਾਰੇ, ਆਪਣੇ ਮਨ ਦਾ ਸੰਕਲਪ ਨਹੀਂ ਦਸਿਆ ਕਿ ਗੁਰੂ ਜਾਣੀ ਜਾਣ ਹਨ – ਅੰਤਰਜਾਮੀ ਆਪੇ ਕਿਰਪਾ ਕਰਨਗੇ। ਸੋ ਸਭਮੁਖ ਸਮਾਂ ਹੋ ਆਇਆ ਜਦੋਂ ਕਿ ਕਾਬਲ ਕੰਧਾਰ ਦੀ ਬਹੁਤ ਸੰਗਤ ਦਰਸ਼ਨ ਨੂੰ ਅਨੰਦਪੁਰ ਆਈ ਸੀ, ਬੇਅੰਤ ਨਕਦੀ ਬਸਤਰ ਤੇ ਖੁਸ਼ਕ ਮੇਵੇ ਭੇਂਟ ਕੀਤੇ। ਗੁਰੂ ਦੀਆਂ ਖੁਸ਼ੀਆਂ ਦੇ ਪਾਤਰ ਬਣੇ। ਤਦ ਗੁਰੂ ਜੀ ਨੇ ਭਾਈ ਨਿਹਾਲੂ ਜੀ ਨੂੰ ਇਹ ਪ੍ਰਸ਼ਾਦ ਸਾਰੀ ਸੰਗਤ ਨੂੰ ਵਰਤਾਉਣ ਦੀ ਆਗਿਆ ਕੀਤੀ ਤੇ ਇਨਾਂ ਵੀ ਕਮਰ ਕਸਾ ਕਰਕੇ ਬੜੇ ਪਿਆਰ ਸਹਿਤ ਸਮੂਹ ਸੰਗਤ ਨੂੰ ਵਰਤਾਏ ਦਿਤਾ ਸੀ। ਗੁਰੂ ਸਾਹਿਬ ਇਨਾਂ ਦੀ ਚਿਰੋਕੀ ਸੇਵਾ ਅਤੇ ਹੁਣੇ ਦੀ ਸਿਆਣਪ ਸੇਵਾ ਤੇ ਖੁਸ਼ ਹੋਏ ਤੇ ਫੁਰਮਾਇਆ - ਜਾਉ ਭਾਈ ਨਿਹਾਲੂ ਜੀ ਤੁਸੀਂ ਨਿਹਾਲ ਹੋਇ ਹੈ। ਗੁਰੂ ਦਰਬਾਰ ਦੀ ਅਸੀਸ ਦੇ ਪਾਤਰ ਬਣੇ ਹੋ - ਤੁਹਾਡੇ ਘਰ ਪੁਤਰ ਹੋਏਗਾ - ਜੋ ਗੁਰੂ ਮੇਹਰ ਨਾਲ ਪੈਦਾ ਹੋਏ ਵੇਲੇ ਇਸ ਦਾ ਨਾਮ ਵੀ "ਮੇਹਰੂ" ਰਖਨਾ। ਭਾਈ ਨਿਹਾਲੂ ਜੀ ਨੇ ਸੀਸ ਨਿਵਾਇਆ, ਨਿਮਸਕਾਰ ਅਤੇ ਧੰਨਵਾਦ ਕਰਦਾ ਹੋਇਆ ਇਹ ਖੁਸ਼ ਆਪਣੇ ਘਰ ਆਇਆ।

ਅਸੀਸ ਦੇ ਵੇਲੇ ਗੁਰੂ ਸਾਹਿਬ ਨੇ ਆਪਣੇ ਕਰ ਕਮਲਾਂ ਨਾਲ ਇਸਨੂੰ ਬੀ ਇਕ ਫਲ ਦੇ ਕੇ ਫੁਰਮਾਇਆ ਸੀ ਇਹ ਆਪਣੀ ਸੁਪਤਨੀ ਨੂੰ ਖੁਆਏ ਦੇਣਾ – ਗੁਰੂ ਮੇਹਰ ਨਾਲ ਪੈਦਾ ਹੋਇਆ ਸਪੁਤਰ ਵੀ ਵਡੇ ਭਾਗਾਂ ਵਾਲਾ ਤੇ ਪ੍ਰਸਿਧੀ ਪ੍ਰਾਪਤ ਕਰੇਗਾ। ਸੋ ਐਸਾ ਹੀ ਹੋਇਆ ਸੀ। ਨਿਹਾਲੂ ਜੀ ਨੇ ਸਪੁਤਰ ਜਨਮੇ ਵੇਲੇ ਨਾਮ ਮੇਹਰੂ ਹੀ ਰਖਿਆ ਸੀ ਜੋ ਸੁਰਤ ਸੰਭਾਲੇ ਵੇਲੇ ਤੋਂ ਅਸਚਰਜ ਕਰ ਦੇਣ ਵਾਲੀਆਂ ਗਲਾਂ ਕਰਦਾ ਤੇ ਵਡਾ ਹੋ ਕੇ ਬਹੁਤ ਹੀ ਪ੍ਰਸਿਧ ਮਹਾਤਮਾ ਸਾਬਤ ਹੋਇਆ ਸੀ। ਆਪਣੇ ਇਲਾਕੇ ਵਿਚ ਵਿਚ ਲੋਕੀ ਵਿਆਹ ਸ਼ਾਦੀ ਵੇਲੇ ਜਾਂ ਪੁਤਰ ਜਨਮੇ ਵੇਲੇ ਭਾਈ ਮੇਹਰੂ ਦਾ ਨਾਮ ਦਾ ਤੋਵਰ ਅਤੇ ਮਿਠਾ ਮੰਨ ਪਕਾ ਕੇ ਵੰਡਦੇ ਰਹੇ ਅਤੇ ਹਿੰਦੂ ਮੁਸਲਮਾਨ ਜ਼ਿਮੀਂਦਾਰ ਲੋਕੀ ਵੀ ਖੁਲਾਫ਼ਾ ਚੁਕਣ ਵੇਲੇ ਜਦੋਂ ਮੰਨ ਦਾਣਾ ਨੂੰ ਬੇਰੀਆਂ ਵਿਚ ਭਰਦੇ ਤਾਂ ਭਾਈ ਮੇਹਰੂ ਦੇ ਨਾਮ ਦਾ ਟੋਪਾ ਪਹਿਲੇ ਵਖਰਾ ਕਢ ਕੇ ਗਰੀਬਾਂ ਨੂੰ ਵੰਡ ਦਿਆ ਕਰਦੇ ਜਾਂ ਕਿਸੇ ਗੁਰਦਵਾਰੇ ਦੇ ਲੰਗਰ ਵਿਚ ਪੁਚਾਇਆ ਕਰਦੇ ਸਨ। ਭਾਈ ਮੇਹਰੂ ਜੀ ਬਾਬਤ ਇਹ ਬਹੁਤ ਪ੍ਰਸਿਧ ਰਵਾਇਤ ਚਲੀ ਸੀ ਤੇ ਅੰਗਰੇਜ਼ੀ ਰਾਜ ਵੇਲੇ ਵੀ ਐਸਾ ਹੀ ਹੁੰਦਾ ਰਿਹਾ ਸੀ। ਸਗੋਂ ਮੇਹਰੂ ਆਣੇ ਦੀ ਸੈਗਿਆ ਚਲੀ ਆ ਰਹੀ ਮਸ਼ਹੂਰ ਹੈ।

ਉਕਤ ਭਾਈ ਮੇਹਰੂ ਜੀ ਦੇ ਸਮੇਂ ਸਮੇਂ ਅਨੁਸਾਰ ਦੋ ਬੇਟੇ ਹੋਏ। ਵਡਾ ਭਾਈ ਗੁਰਬਖਸ਼ ਸਿੰਘ ਤੇ ਛੋਟਾ ਟੈਹਲ ਸਿੰਘ ਨਾਮ ਦਾ ਸੀ। ਇਹਨਾਂ ਦੋਹਾਂ ਨੇ ਸ੍ਰੀ ਅਨੰਦਪੁਰ ਜਾ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਕਰ ਕੰਵਲਾ ਤੋਂ ਅੰਮ੍ਰਿਤ ਪਾਨ ਕੀਤਾ ਤੇ ਫਿਰ ਐਸੇ ਮੋਹਿਤ ਹੋਏ ਕਿ ਗੁਰੂ ਸੇਵਾ ਵਿਚ ਹੀ ਟਿਕੇ ਰਹੇ। ਸ੍ਰੀ ਅਨੰਦਪੁਰ ਦੀ ਜੰਗ ਵੇਲੇ ਅਤੇ ਮੁਕਤਸਰ ਦੀ ਜੰਗ ਵੇਲੇ ਵੀ ਨਾਲੇ ਰਹੇ ਫਿਰ ਗੁਰੂ ਸਾਹਿਬ ਦੇ ਨਾਲ ਹੀ ਨੰਦੇੜ ਤੀਕ ਗਏ ਸੀ।

ਬਾਬਾ ਬੰਦਾ ਸਿੰਘ ਬਹਾਦਰ ਨੂੰ ਗੁਰੂ ਸਾਹਿਬ ਨੇ ਜਦੋਂ ਪੰਜਾਬ ਭੇਜਿਆ ਇਹਨਾਂ ਦੋਹਾਂ ਨੂੰ ਨਾਲੇ


Scanned with CamScanner

ਭੇਜਿਆ ਸੀ ਕਿ ਵਾਪਸ ਆਪਣੇ ਘਰ ਜਾ ਕੇ ਸ਼ਾਦੀ ਕਰ ਲੈਣੀ। ਤੁਸਾਡੀ ਸੈਤਾਨ ਤੋਂ ਤੱਤ ਵੈਤਾ ਬੜਾ ਸੈਂਤ ਸਰੂਪ ਪੁਤਰ ਪੈਦਾ ਹੋਏਗਾ ਜੋ ਮਾਤਾ ਦੇ ਗਰਭ ਵਿਚੋਂ ਹੀ ਗਿਆਨ ਸਿੰਘ ਮੁਕਤ ਪੈਦਾ ਹੋਏਗਾ।

ਇਨਾਂ ਦੋਹਾਂ ਨੇ ਕਾਦਰਾਬਾਦ ਆ ਕੇ ਸ਼ਾਦੀਆਂ ਕੀਤੀਆਂ ਤੇ ਸੈਤਾਨ ਪੈਦਾ ਹੋਈ। ਭਾਈ ਗੁਰਬਖਸ਼ ਸਿੰਘ ਦੇ ਘਰ ਤਿੰਨ ਬੇਟੇ ਪੈਦਾ ਹੋਏ। ਭਾਈ ਦਇਆ ਸਿੰਘ, ਭਾਈ ਸੁਜਾਨ ਸਿੰਘ ਅਤੇ ਤੀਸਰੇ ਭਾਈ ਹਰਜਸ ਰਾਏ ਸਿੰਘ ਜੀ ਨਾਮ ਦੇ ਤੀਜੇ ਸਨ।

ਅਗੇ ਹਰਜਸ ਰਾਏ ਸਿੰਘ ਜੀ ਦੇ ਦੋ ਸਪੁਤਰ ਹੋਏ - ਵਡੇ ਸ੍ਰੀ ਭਾਗ ਸਿੰਘ ਜੀ ਤੇ ਛੋਟੇ ਸ੍ਰੀ ਮਨਸਾ ਸਿੰਘ ਜੀ ਸਨ। ਜੋ ਆਪਣੇ ਸਮੇਂ ਵਿਚ ਵਡੇ ਤੱਤ ਵੇਤਾ ਗਿਆਨ ਵਾਨ ਸਮਦਰਸੀ ਮਹਾਤਮਾ ਪ੍ਰਸਿਧ ਹੋਏ। ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾਂ ਸਾਹਿਬ ਵਾਲਿਆਂ ਦੇ ਬਹੁਤ ਨਿਕਟ ਵਰਤੀ ਅਤੇ ਪ੍ਰੇਮੀ ਪਿਆਰੇ ਸਨ। ਇਨਾਂ ਮਹਾਂ ਦੋਹਾਂ ਪੁਰਖਾਂ ਦੀਆਂ ਅਸਚਰਜ ਕਰ ਦੇਣ ਵਾਲੀਆਂ ਸਾਖੀਆਂ ਅਸੀਂ "ਰਾਜਾ ਜੋਰੀ" ਪੁਸਤਕ (ਇਤਿਹਾਸ ਬਾਬਾ ਸਾਹਿਬ ਸਿੰਘ ਜੀ) ਵਿਚ ਵਿਸਥਾਰ ਨਾਲ ਲਿਖੀਆਂ ਹਨ। ਇਥੇ ਸੈਂਕੇਚ ਕੀਤਾ ਹੈ ਕਿ ਇਸ ਪੁਸਤਕ ਵਿਚ ਬਾਬਾ ਬੀਰ ਸਿੰਘ ਸਾਹਿਬ ਦੀ ਇਤਿਹਾਸਕ ਕਥਾ ਵਿਸਥਾਰ ਨਾਲ ਲਿਖਣੀ ਹੈ – ਤੇ ਪੁਸਤਕ ਦਾ ਅਕਾਰ ਬਹੁਤ ਨਹੀਂ ਵਧਾਣਾ ਸੀ। ਫਿਰ ਵੀ ਨਾਲੋਂ ਨਾਲ ਕੁਝ ਜਰੂਰੀ ਤੇ ਨਵੀਨ ਸਮਾਚਾਰ ਜੋ ਰਾਜਾ ਜੋਰੀ ਪੁਸਤਕ ਵਿਚ ਨਹੀਂ ਲਿਖੇ ਗਏ ਸੀ ਇਸ ਪੁਸਤਕ ਵਿਚ ਦਸੇ ਜਾਣਗੇ, ਉਤੇ ਜੋ ਵਾਰਤਕ ਰੂਪ ਵਿਚ ਅਸੀਂ ਸੈਂਤ ਭਾਈ ਭਾਗ ਸਿੰਘ ਤੇ ਭਾਈ ਮਨਸਾ ਸਿੰਘ ਜੀ ਦੀ ਬੰਸਾਵਲੀ ਲਿਖੀ ਹੈ ਉਹ ਨਿਰਨਾਂ ਇਉਂ ਹੈ –

ਬੰਸਾਵਲੀ–ਭਾਈ ਨਿਹਾਲੂ ਜੀ



ਸੈਂਤ ਭਾਈ ਭਾਗ ਸਿੰਘ ਜੀ ਦੀ ਜਨਮ ਕਥਾ (ਜੋ ਬੀਰ ਮ੍ਰਿਗੇਂਦ੍ਰ ਗ੍ਰੰਥ ਧਿਆਏ ੨੦ ਸਫਾ ੨੯੨-੯੩ ਪਰ ਲਿਖੀ ਹੈ) ਅਸਚਰਜ ਹੈ। ਆਪ ਜੀ ਦਾ ਜਨਮ ਮਾਤਾ ਦੇ ਗਰਭ ਵਿਚੋਂ ਪੈਦਾ ਭਰ ਹੋਇਆ। ਹੋਰ ਸੰਸਾਦੀਆਂ ਦੇ ਬਚਿਆਂ ਦਾ ਜਨਮ ਸਿਰ ਪਹਿਲੇ ਬਾਹਰ ਹੁੰਦਾ ਤੇ ਫਿਰ ਭਰ ਹੋਇਆ। ਸਸੇਂ ਮਾਤਾ ਨੂੰ ਕੋਈ ਤਕਲੀਫ ਨਹੀਂ ਹੋਈ ਸਗੋਂ ਉਹ ਬਹੁਤ ਹੀ ਆਨਸਕ ਆਨੰਦ ਨੂੰ ਪ੍ਰਾਪਤ ਤੇ ਵਾਹਿਗੁਰੂ ਦੀ ਬਖਸ਼ਸ਼ ਜਾਣੀ।

ਚਾਲੀ ਦਿਨਾਂ ਦੀ ਸੂਛਤਾ ਸੈਭਾਲ ਮਗਰੋਂ ਆਪ ਦੇ ਪਿਤਾ ਹਰਜਸ ਰਾਏ ਸਿੰਘ ਜੀ ਨੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਹਜੂਰੀ ਵਿਚ ਪ੍ਰਬਾਦ ਭੇਂਟ ਕੀਤਾ, ਅਰਦਾਸ ਵਿਚ ਬਚੇ ਦੇ ਨਾਮ ਦੀ ਯਾਚਨਾ ਮਗਰੋਂ ਵਾਕ ਲਿਆ ਤਾਂ ਇਹ ਸ਼ੁਭ ਵਾਕ ਆਇਆ ਸੀ।

"ਭਾਗਿ ਨਤੇ ਹਰਿ ਸੈਂਤ ਤੁਮਾਰੇ ਜਿਨ ਘਰ ਹਰਿ ਨਾਮਾਂ"

ਪ੍ਰਵਾਣ ਗੁਣੇ ਸੋਈ ਇਹ ਆਏ ਸ਼ੁਕਲ ਤਿਨਾਂ ਕੇ ਕਾਮਾਂ (ਪੰਨਾ ੭੪੮)

ਇਸ ਸ਼ੁਭਵਾਕ ਦਵਾਰਾ ਬਾਲਕ ਦਾ ਨਾਮ ਭਾਗ ਸਿੰਘ ਰਖਿਆ ਗਿਆ ਤੇ ਜਿਉਂ ਜਿਉਂ ਆਪ ਸ਼ੁਰਤ ਸੰਭਾਲਦੇ ਗਏ– "ਸਤਿ ਸੈਗੀ ਘਰਾਣਾਂ ਸੀ ਗੁਰੂ ਸਾਖੀਆਂ ਸੁਣ ਸੁਣ ਕੇ ਗੁਰੂ ਸਿਦਕ ਪਿਆਰ ਨਾਲ ਮਨ ਭਰਪੂਰ ਹੁੰਦਾ ਗਿਆ, ਤੇ ਬਚਪਨ ਵਿਚ ਹੀ ਮਨ ਐਸਾ ਕੁਝ ਵੈਰਾਗੀ ਹੋਣ ਲਗ ਪਿਆ ਸੀ ਜਿਵੇਂ ਕਿ ਮਹਾਤਮਾ ਬੁਧ ਨੂੰ ਬਚਪਨ ਵਿਚ ਹੀ ਵੈਰਾਗ ਹੋਇਆ ਤੇ ਘਰ ਦਰ ਅਤੇ ਮਾਤਾ ਪਿਤਾ ਦੇ ਮੋਹ ਪਿਆਰ ਦਾ ਤਿਆਗ ਕਰਕੇ ਕਿਸੇ ਸਤ ਵਸਤੂ (ਆਤਮ ਗਿਆਨ) ਦੀ ਭਾਲ ਵਿਚ ਤੁਰ ਨਿਕਲੇ ਸਨ, ਤਿਵੇਂ ਹੀ ਸੈਂਤ ਭਾਗ ਸਿੰਘ ਜੀ ਬਾਲਪਨ ਤੋਂ ਜ਼ਰਾ ਵਧੇਰੇ ੧੨ ਸਾਲ ਦੀ ਉਮਰ ਦੇ ਹੋਏ ਤਦ ਪਿਤਾ ਮਾਤਾ ਤੋਂ ਆਗਿਆ ਚਾਹੀ ਕਿ ਉਹ ਤੀਰਥ ਯਾਤਰਾ ਨੂੰ ਜਾਣਾ ਚਾਹੁੰਦੇ ਹਨ– ਕਿਉਂਕਿ ਗੁਰੂ ਤੇਗ ਬਹਾਦਰ ਜੀ ਦਾ ਇਹ ਵਾਕ ਸੁਣਦੇ ਰਹੇ ਸੀ – "ਨ ਹਰ ਭਜਿਉ ਨ ਤੀਰਥ ਸੇਵਿਓ ਚੋਟੀ ਕਾਲ ਗਹੀ"–

ਆਪ ਜੀ ਨੂੰ ਇਹ ਪਕਾ ਵਿਸ਼ਵਾਸ ਹੋ ਆਇਆ ਸੀ ਕਿ ਹਰੀ ਦਾ ਭਜਨ ਅਤੇ ਦੂਜੇ ਦਰਜੇ ਦੀ ਤੀਰਥ ਸੇਵਾ (ਯਾਤਰਾ) ਸ਼ੁਭ ਹੁੰਦੀ ਹੈ। ਜਿਥੇ ਕਿ ਕਈ ਮਹਾਤਮਾਂ ਪੁਰਖਾਂ ਦਾ ਮੇਲ ਜੋਲ ਤੇ ਸਤਸੰਗਤ ਨਾਲ ਪਰਮਾਰਥਕ ਲਾਭ ਹੁੰਦਾ ਹੈ, ਇਸ ਵਿਚਾਰ ਵਿਚ ਮਾਤਾ ਪਿਤਾ ਦੀ ਆਗਿਆ ਚਾਹੀ ਤੇ ਉਨ੍ਹਾਂ ਵੀ ਐਸੇ ਸੈਂਤ ਸਰੂਪ ਪੁਤਰ ਦਾ ਹਠ ਦੇਖ ਕੇ ਇਨਕਾਰ ਨਹੀਂ ਕੀਤਾ ਸੀ। ਇਸ ਤਰਾਂ ਨਾਲ ਆਪ ਜੀ ਘਰੋਂ ਤੁਰੇ ਸਨ।

ਰੋਜਾਨਾ ਚਾਰ ਕੋਹ (ਇਕ ਜੋਜਨ) ਪੈਂਡਾ ਚਲਦੇ ਫਿਰ ਕਿਸੇ ਬਨ ਜਾਂ ਗ੍ਰਾਮ ਵਿਚ ਰਾਤ ਬਿਸਰਾਮ ਕਰਿਆ ਕਰਦੇ ਰਹੇ ਸੀ, ਕਈ ਥਾਂ ਕਈ ਔਕੜਾਂ ਪੇਸ਼ ਆ ਜਾਦੀਆਂ, ਜੰਗਲੀ ਜਾਨਵਰ (ਸ਼ੇਰ ਚਿਤਰੇ) ਵੀ ਕਈ ਵੇਰ ਸਨਮੁਖ ਹੋਏ ਪਰ ਆਪ ਦੀਆਂ ਤਪ ਤੇਜ ਭਰੀਆਂ ਅੱਖਾਂ ਨਾਲ ਜਦੋਂ ਅੱਖਾਂ ਮਿਲਦੀਆਂ ਤਾ ਉਹ ਗਰਦਨ ਨਿਵਾ ਕੇ ਰਾਹ ਛਡ ਪਰੇ ਹੋ ਜਾਂਦੇ ਰਹੇ, ਤੇ ਪਿਡਾਂ ਗ੍ਰਾਵਾਂ ਵਿਚ ਵੀ ਲੋਕੀ ਆਪ ਦੀ ਇਸ ਵਿਰਤੀ ਤੇ ਨਵ ਉਮਰ ਦੇ ਸਾਧੂ ਰੂਪ ਤੇ ਮੋਹਤ ਹੁੰਦੇ, ਇਨਾਂ ਦੇ ਸ਼ੁਭ ਵਿਚਾਰ ਸੁਣਦੇ ਲੋਕੀ ਹੈਰਾਨ ਹੁੰਦੇ ਸਨ। ਇਸ ਤਰਾਂ ਦੀ ਕਈ ਸਾਲ ਤੀਕ ਤੀਰਥ ਯਾਤਰਾ ਮਗਰੋਂ ਜਦੋਂ ਵਾਪਸ ਦੇਸ਼ ਨੂੰ ਮੁੜੇ ਤਦ ਆਪ ਜੀ ਸ੍ਰੀ ਅਨੰਦਪੁਰ ਸਾਹਿਬ ਦੀ ਯਾਤਰਾ ਮਗਰੋਂ ਊਨੇ ਸਾਹਿਬ ਆਏ।

Scanned with CamScanner

ਊਨੇ ਵਿਚ ਬਾਬਾ ਸਾਹਿਬ ਸਿੰਘ ਬੇਦੀ ਜੀ ਮਹਾਰਾਜ ਦੇ ਦਰਸ਼ਨ

ਸੰਤ ਭਾਈ ਭਾਗ ਸਿੰਘ ਜੀ ਜਦੋਂ ਕਈ ਸਾਲ ਦੀ ਤੀਰਥ ਯਾਤਰਾ ਮੁਕਾ ਕੇ ਊਨੇ ਵਿਚ ਆਏ ਤਦ ਆਪ ਜੀ ਉਦਾਸੀ ਭੇਖ ਵਿਚ ਸਨ। ਤੋੜ ਲੰਗੋਟੀ ਸਿਰ ਤੇ ਛਰੋਟੀ (ਜੈਸੇ ਅਜ ਕਲ ਕੋਸਾਂ ਦੇ ਸੂਏ ਉਤੇ ਜਵਾਨ ਬਚੇ ਵੀ ਤੁਮਾਲ ਮੈਨੂੰ ਹੁੰਦੇ ਹਨ) ਇਕ ਚਵੱਰਾ, ਹੱਥ ਵਿਚ ਚਿਪੀ (ਡੂੰਬਾ) ਤੇ ਹੋਰ ਸਰੀਰ ਨਗਨ ਹੀ ਸੀ। ਜਦੋਂ ਸ੍ਰੀ ਬਾਬਾ ਸਾਹਿਬ ਸਿੰਘ ਜੀ ਦੇ ਦਰਸ਼ਨ ਕੀਤੇ ਤਾਂ ਦਰਸ਼ਨ ਦੇਖਤ ਹੀ ਸੁਧ ਕੀ ਨ ਸੁਧ ਰਹੀ ਮਤ ਮੈ ਨ ਮਤ ਹੈ (ਭਾਈ ਗੁਰਦਾਸ) ਕੁਝ ਐਸੀ ਐਸੀ ਅਵਸਥਾ ਵਾਪਰ ਗਈ। ਕਿ–

"ਸਾਧ ਕੇ ਸੰਗ ਨਹੀ ਕਿਛ ਘਾਲ ॥ ਦਰਸ਼ਨ ਭੇਟਤ ਹੋਤ ਨਿਹਾਲ"

ਸ੍ਰੀ ਬਾਬਾ ਜੀ ਦੇ ਚਰਨਾਂ ਪਰ ਡੰਡਉਤ ਬੰਦਨਾਂ ਕੀਤੀ। ਮਸਤਕ ਉਨ੍ਹਾਂ ਦੇ ਚਰਨਾਂ ਉਤੇ ਰਖਦੇ ਹੀ ਕੁਝ ਐਸੀ ਮਿਕਨਾਤੀਸੀ ਕਸ਼ਸ਼ ਨਾਲ ਆਪ ਦਾ ਮਨ ਖਿਚਿਆ ਗਿਆ ਤੇ ਨੈਤਰਾਂ ਤੋਂ ਗਰਮ ਗਰਮ ਜਲ (ਅੱਥਰੂਆਂ) ਦੇ ਰੋਪਿਆਂ ਨਾਲ ਬਾਬਾ ਜੀ ਦੇ ਚਰਨ ਭਿਓਂ ਦਿਤੇ। ਉਧਰ ਸ੍ਰੀ ਬਾਬਾ ਜੀ ਨੂੰ ਵੀ ਕੁਝ ਐਸੀ ਅਨੰਦਾਇਕ ਇਹ ਨਿਮਸਕਾਰ ਸੀ ਕਿ ਮਾਨੋ ਸਰੀਰਕ ਪੁਲਕਾਵਲੀ ਨੇ ਆਪ ਜੀ ਦੇ ਮਨ ਨੂੰ ਖਿੜਾ ਦਿਤਾ ਸੀ। ਇਸ ਮਿਲਣੀ ਦੇ ਦ੍ਰਿਸ਼ ਨੂੰ ਕਲਮ ਬੰਦ ਨਹੀਂ ਕੀਤਾ ਜਾ ਸਕਦਾ ਕਿ ਇਛ ਦੇ ਪਵਿਤ੍ਰ ਅਤੇ ਪੁਰੀਆਂ ਹੋਈਆਂ ਰੂਹਾਂ (ਆਤਮਾਵਾਂ) ਦਾ ਸੰਜੋਗ ਸੀ। ਪਰ ਰੂੰਧ ਸ੍ਰੀ ਵੀਰ ਸ੍ਰਿਗੋਬ ਦੀ ਲਿਖਤ ਦੇ ਅਧਾਰ ਤੇ ਹੀ ਕੁਝ ਅੱਖਰਾਂ ਰਾਹੀਂ ਪਾਠਕਾਂ ਨੂੰ ਦਰਸਾਇਆ ਹੈ।

ਸ੍ਰੀ ਬਾਬਾ ਜੀ ਨੇ ਬੜੇ ਪ੍ਰੇਮ ਪਿਆਰ ਵਿਚ ਭਰੇ ਇਸ ਨਵੀਨ ਯਾਤਰੂ ਨੂੰ ਆਪਣੇ ਹਸਤ-ਕੈਵਲਾਂ ਨਾਲ ਉਠਾਇਆ, ਪਲੋਸਿਆ ਤੇ ਪਾਸ ਬਿਠਾ ਕੇ ਸੁਖ ਅਨੰਦ ਦੀ ਪੁਛ ਗਿਛ ਕੀਤੀ। ਇਸ ਤਰਾਂ ਨਾਲ ਸ੍ਰੀ ਬਾਬਾ ਜੀ ਪਾਸ ਰਹਿ ਕੇ ਕੁਝ ਦਿਨ ਭਰਪੂਰ ਦੀਵਾਨ ਵਿਚ ਸ਼ਬਦੋਭਿਤ ਹੋਇਆਂ ਦੇ ਦਰਸ਼ਨ ਦੀਦਾਰ ਅਤੇ ਗੁਰਮਤ ਪ੍ਰਚਾਰ ਸ੍ਰਵਨ ਕੀਤੇ, ਅਤੇ ਪ੍ਰਭਾਵਤ ਹੋਏ ਕਰ ਇਕ ਦਿਨ ਸ੍ਰੀ ਬਾਬਾ ਜੀ ਪਾਸ ਬੇਨਤੀ ਕੀਤੀ- ਮਹਾਰਾਜ ! ਮੈਨੂੰ ਵੀ ਆਪਣੇ ਮੁਖਾਰ ਬਿੰਦ ਤੋਂ ਗੁਰ ਮੰਤ੍ਰ ਉਪਦੇਸ਼ ਦੀ ਬਖਸ਼ਸ਼ ਕਰਕੇ ਸਿਖ ਬਨਾਓ। ਤਦ ਸ੍ਰੀ ਬਾਬਾ ਜੀ ਨੇ ਫੁਰਮਾਇਆ ਕਿ ਜੇ ਕਰ ਤੁਸੀਂ ਸਾਡੇ ਸਿਖ ਹੋਣ ਦੀ ਆਸ਼ਾ ਧਾਰੀ ਹੈ ਤਾਂ ਗੁਰ ਸਿਖਾਂ ਵਾਂਗੂੰ ਗੁਰੂ ਦੀ ਆਗਿਆ ਵਿਚ ਰਹਿਣਾ ਤੇ ਅੰਮ੍ਰਿਤ ਪਾਨ ਕਰਕੇ ਗਾਤਰੇ ਕ੍ਰਿਪਾਨ (ਤਲਵਾਰ) ਤੇ ਕਮਰ ਕਛਿਹਰਾ ਪਹਿਨਣਾ ਤੇ ਇਹ ਪਹਿਲਾ ਭੇਖ ਉਤਾਰਨਾ ਪਏਗਾ- ਤਦ ਐਸਾ ਸੁਣ ਕੇ ਭਾਈ ਭਾਗ ਸਿੰਘ ਨੇ ਜੋ ਉਤਰ ਦਿਤਾ- ਤੇ ਸ੍ਰੀ ਬਾਬਾ ਜੀ ਵਲੋਂ ਜੋ ਉਤਰ ਪ੍ਰਸ਼ਨ ਹੋਇਆ ਸੀ ਉਹ ਸ਼ਾਦਲਾ ਹੈ ਤੇ ਅਸੀਂ ਉਨ੍ਹਾਂ ਅੱਖਰਾਂ ਵਿਚ ਹੀ ਪਾਠਕਾਂ ਪ੍ਰਤੀ ਦਸਣਾ ਹੈ ਜੋ ਬੀਰ ਸ੍ਰਿਗੋਬ ਦੇ ਸਫਾ ੩੧੧ ਪਰ ਅੰਕਤ ਹੈ–

ਸੰਤ ਭਾਈ ਭਾਗ ਸਿੰਘ ਜੀ ਨੇ ਪੁਛਿਆ– ਹੇ ਭਗਵਨ, ਆਪ ਹਮੈਂ ਕੈਸੇ ਅੰਮ੍ਰਿਤ ਛਕਾਉ ਗੇ ! ਪਤਾਸਿਆ ਵਾਰੋ– ਅਥਵਾ ਕਿਸੀ ਔਰ ਪ੍ਰਕਾਰ ਕਾ–

ਉਤਰ ਸ੍ਰੀ ਬਾਬਾ ਜੀ— ਹੇ ਸੰਤ ਜੀ ਅਸਲ ਅੰਮ੍ਰਿਤ ਤੋਂ ਆਗੇ ਹੀ ਆਪਦੇ (ਤੁਹਾਡੇ ਪਾਸ) ਆਤਮ ਗਿਆਨ ਦਾ ਹੈ-- ਅਬ ਤੋਂ ਇਹੀ ਪਤਾਸੇ ਘੋਲ ਕੇ (ਗੁਰਬਾਣੀ ਪਾਠ ਨਾਲ) ਤਿਆਰ ਕਰ ਛਕਾਵਨੈ ਹੈ।...ਤਦ ਭਾਈ ਭਾਗ ਸਿੰਘ ਨੇ ਫੇਰ ਪੁਛਿਆ—

ਹੇ ਭਗਵਾਨ ! ਅੰਮ੍ਰਿਤ ਛਕਣੇ ਸੇ ਔਰ ਕਛਾ ਕ੍ਰਿਪਾਨ ਪਹਿਨਣੇ ਸੇ ਕਿਆ ਜੀਵ ਕੋ ਮੁਕਤਿ ਪਦ ਪ੍ਰਾਪਤ ਹੋ ਸਕਤਾ ਹੈ ? ਇਹ ਵੀ ਤੋ ਬੰਧਨ ਹੈ। ਅਗਰ ਮੇਰਾ ਇਹ ਭੇਖ ਧਾਰਨਾ ਉਚਿਤ ਨਹੀਂ ਬੰਧਨ ਹੀ ਤਦ ਆਪ ਵਲੋਂ ਦਸਿਆ-ਤਲਵਾਰ ਪਹਿਨਣਾ ਔਰ ਕਛਿਹਰਾ ਪਹਿਨਣਾ ਵੀ ਤਾਂ ਇਕ ਤਰ੍ਹਾਂ ਦਾ ਭੇਖ ਹੀ ਹੈ-ਔਰ ਭੇਖ ਤੋਂ ਸਾਰੇ ਹੀ ਮਿਥਿਆ ਹੈ। ਸਦਾ ਅਮਰ ਔਰ ਅਧਿਸਟਾਲ (ਸਦਾ ਸ਼ਤਿ) ਆਤਮ ਦੇਵ ਹੀ ਹੈ-ਹੋਰ ਤਾਂ ਸਰਬ ਪ੍ਰਪੰਚ ਹੀ ਮਿਥਿਆ ਹੈ। ਜਦ ਐਸਾ ਹੈ ਤਦ ਸਵਾਂਗ (ਭੇਖ) ਕੋ ਅਦਲਾ ਬਦਲੀ ਕਰਨ ਨਾਲ ਪਰਮ ਪਦ ਦੀ ਪ੍ਰਾਪਤੀ ਕੈਸੇ ਹੋ ਸਕਤੀ ਹੈ ?

ਉਤਰ ਸ੍ਰੀ ਬਾਬਾ ਜੀ– ਹੇ ਸਿਖ ! ਸੰਤ ਜੀ। ਠੀਕ ਹੈ ਤੁਸਾਂ ਐਸਾ ਹੀ- ਜੈਸਾ ਤੁਸੀਂ ਕਿਹਾ ਹੈ ਤਦ ਵੀ ਵਿਵਹਾਰਕ ਦਸ਼ਾ ਵਿਚ ਸਾਰੇ ਬਨਾਵਟੀ ਸ੍ਰਾਂਗ (ਭੇਖ) ਵੀ ਧਾਰਨ ਕਰਨੇ ਚਾਹੀਏ। ਕਿਉਂਕਿ ਫੇਰੀ ਵੀ ਸ੍ਰਾਂਗ (ਭੇਖ) ਧਾਰਨ ਕਰਕੇ ਹੀ ਸੰਸਾਰ ਵਿਚ ਰਹਿਣਾ ਪਏਗਾ। ਬਿਨਾਂ ਸ੍ਰਾਂਗ ਦੇ ਸੰਸਾਰ ਵਿਚ ਰਹਿਆ ਨਹੀਂ ਜਾ ਸਕਦਾ, ਬ੍ਰਹਮਚਾਰੀ ਕਾ, ਗ੍ਰਹਸਥੀ ਕਾ, ਬਾਨ ਪ੍ਰਸਤੀ ਅਥਵਾ ਸੰਨਿਆਸੀ ਫੋਰਗੀ ਜਾਂ ਉਦਾਸੀਨ (ਭੇਖ) ਧਾਰ ਕਰਕੇ ਹੀ ਰਹਿਣਾ ਪਏਗਾ। ਕਿਉਂਕਿ ਕਿਸੇ ਵੀ ਭੇਖ ਦ, ਦੇ ਬਿਨਾਂ ਨਿਰਬਾਹ ਨਹੀਂ ਹੋ ਸਕਦਾ। ਹੁਣ ਤੁਸੀਂ ਜੋ ਸਿਖ ਹੋਣਾ ਚਾਹਿਆ ਹੈ, ਤਦ ਫਿਰ ਸਿਖ ਸ੍ਰਾਂਗ (ਭੇਖ) ਨੂੰ ਹਮ ਹੈ ਐਸੇ ਹੀ ਆਪ ਕੋ ਬੀ ਰਹਿਣਾ ਚਾਹੀਏ। ਸ੍ਰੀ ਬਾਬਾ ਸਾਹਿਬ ਸਿੰਘ ਸਾਹਿਬ ਦੇ ਐਸੇ ਉਚਿਤ ਪੂਰਨ ਉਤਰ ਨੂੰ ਸੁਣ ਕੇ ਸ੍ਰੀ ਭਾਗ ਸਿੰਘ ਜੀ ਨੇ ਸੀਸ ਨਿਵਾਏ ਪ੍ਰਵਾਨ ਕੀਤਾ ਤਦ ਬਾਬਾ ਜੀ ਨੇ ਬੜੇ ਪ੍ਰੇਮ ਪਿਆਰ ਵਿਚ ਭਰੇ ਹੋਇਆ ਇਨਾਂ ਨੂੰ ਅੰਮ੍ਰਿਤ ਛਕਾਇਆ ਅਤੇ ਕਛਾ ਕੜਾ ਕ੍ਰਿਪਾਨ ਦਾ ਧਾਰਨੀ ਕਰਾ ਕੇ ਗੁਰਮੰਤ੍ਰ ਦੇ ਉਪਦੇਸ਼ ਦਵਾਰਾ ਆਪ ਜੀ ਨੂੰ ਪੂਰਨ ਖਾਲਸਾ ਰੂਪ ਸਿੰਘ ਸਜਾ ਦਿਤਾ ਤੇ ਇਨ੍ਹਾਂ ਦੀ ਪਹਿਲਾ ਭੇਖ ਉਦਾਸੀ ਬਾਣਾ ਕਪੀਨ ਆਦਿਕ ਤਿਆਗ ਕਰ ਸਫੈਦ ਬਸਤਰ ਧਰਿਨ ਕੇ ਸ੍ਰੀ ਬਾਬਾ ਜੀ ਦੀ ਪੂਰਨ ਆਗਿਆ ਦਾ ਪਾਲਨ ਕਰਕੇ ਉਨ੍ਹਾਂ ਦੀ ਪੂਰਨ ਪ੍ਰਸੰਨਤਾ ਦਾ ਪਾਤ੍ਰ ਬਨੇ।

ਸੰਤ ਭਾਗ ਸਿੰਘ ਜੀ ਬਹੁਤ ਚਿਰ ਤੀਕ ਊਨੇ ਵਿਚ ਰਹਿ ਕੇ ਸ੍ਰੀ ਬਾਬਾ ਸਾਹਿਬ ਜੀ ਦੀ ਨਿਤ ਸੰਗਤ ਕਰਦੇ ਅਤੇ ਉਨ੍ਹਾਂ ਦੇ ਪ੍ਰਮਾਰਥ ਵਿਚਾਰਾਂ ਨੂੰ ਬੜੇ ਧਿਆਨ ਨਾਲ ਸੁਣਦੇ ਅਤੇ ਵਿਚਾਰਦੇ ਵੀ ਰਹੇ। ਕਿਉਂਕਿ ਇਕ ਪਾਸੇ ਤਾਂ ਸ੍ਰੀ ਬਾਬਾ ਜੀ ਉਚ ਕੋਟੀ ਦੇ ਮਹਾਨ ਤਤਵੇਤਾ ਬ੍ਰਹਮ ਗਿਆਨੀ ਤੇ ਸੰਤ ਸ੍ਰੋਮਣੀ ਦਿਸਦੇ– ਜਦੋਂ ਕਿ ਉਹ ਸੰਤ ਮਹਾਤਮਾ ਦੀ ਮੰਡਲੀ ਪ੍ਰਥਾਏ ਆਤਮ ਦਰਸ਼ੀ ਟੋਣ ਦੀ ਵਿਚਾਰ ਸੁਣਾਇਆ ਕਰਦੇ, ਅਤੇ ਦੂਜੇ ਪਾਸੇ ਸੂਰਬੀਰ ਯੋਧਿਆਂ ਵਿਚ ਅਤੇ ਰਾਜਵਾੜੇ ਦਵੀਆਂ ਸਰਦਾਰਾਂ ਵਿਚ ਬ੍ਰਹੰਤ ਰਾਜਨੀਤਕ ਵਿਚਾਰਾਂ ਤੇ ਪਰਜਾ ਪਾਲਨ ਲਿਸੇ ਉੱਤਮ ਉਪਦੇਸ਼ਾਂ ਤੇ ਨਿਰਨਿਆਂ ਨੂੰ ਟੁਹਿਆ ਕਰਦੇ ਤਾਂ ਸੰਤ ਭਾਗ ਸਿੰਘ ਹੈਰਾਨ ਵੀ ਹੋਇਆ ਕਰਦੇ ਕਿ ਬਾਬਾ ਜੀ ਧਾਰਮਕ ਅਤੇ ਰਾਜਨੀਤਕ-ਮ.ਥਵਾ 'ਰਾਜ ਤੇ ਜੋਗ' ਦੀ (ਸ੍ਰੀ ਗੁਰੂ ਗੋਬਿੰਦ ਸਿੰਘ ਵਾਂਗੂੰ) ਸੰਮਿਲਤ ਮੂਰਤੀ ਹੀ ਭਾਸਦੇ ਹਨ।

ਸੰਤ ਭਾਗ ਸਿੰਘ ਜੀ ਨੂੰ ਕਈ ਸਾਲ ਦੀ ਤੀਰਥ ਯਾਤਰਾ ਸਮੇਂ ਕਈ ਸੰਤ ਮਹਾਤਮਾ ਅਤੇ ਵਿਦਵਾਨ ਪੰਡਤਾਂ ਦੀ ਸੰਗਤ ਅਤੇ ਉਨ੍ਹਾਂ ਦੇ ਵਿਚਾਰ ਪ੍ਰਚਾਰ ਨੂੰ ਸੁਣਨ ਦਾ ਅਵਸਰ ਮਿਲਦਾ ਰਿਹਾ ਸੀ- ਉਨ੍ਹਾਂ ਨੇ ਸ੍ਰੀ ਕ੍ਰਿਸ਼ਨ ਭਗਵਾਨ ਦੇ ਗੀਤਾ ਗਿਆਨ ਅਤੇ ਪਾਂਡਵਾਂ (ਅਰਜਨ) ਪ੍ਰਥਾਏ ਆਪਣੇ ਰਾਜਸੀ ਪੱਖ ਦੀ ਪ੍ਰਾਪਤੀ ਲਈ ਯੁਧ ਕਰਨ ਅਤੇ ਜੂਝ ਮਰਨ ਦੇ ਉਪਦੇਸ਼ ਵੀ ਸੁਣੇ ਹੋਏ ਸਨ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਚਾਰ "ਦਿਓ ਸਿਵਾ ਬਰ ਮੋਹੇ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ" ਅਥਵਾ ਡਰੂੰ ਕੋ ਪੂਰ ਹੂੰ, ਥਾਮਣ ਕੋ ਨਾਹਿ ਕੈ ਤਪ ਆਵਤ ਹੈ ਜੋ ਕਰੋ, ਇਤਾਦਿਕ ਸੁਣੇ ਹੋਏ ਸਨ, ਤਿਵੇਂ ਹੀ ਸੰਤ

Scanned with CamScanner

ਭਾਗ ਸਿੰਘ ਜੀ ਨੇ ਸ੍ਰੀ ਬਾਬਾ ਸਾਹਿਬ ਸਿੰਘ ਜੀ ਦੇ ਧਾਰਮਕ ਅਤੇ ਰਾਜਨੀਤਕ ਮਿਲਵੇ ਹੁਲਵੇ ਵਿਚਾਰਾਂ ਨੂੰ ਸੁਣ ਸੁਣ ਕੇ ਪੂਰਨ ਵਿਸ਼ਵਾਸ ਨਾਲ ਇਨ੍ਹਾਂ ਨੂੰ ਆਪਣੇ ਸਮੇਂ ਦੀ ਮਹਾਨਤਾ ਭਰੀ ਅਵਤਾਰ ਵਿਅਕਤੀ ਹੀ ਸਮਝ ਕੇ ਆਤਮ ਸਮਰਪਣ ਕਰ ਦਿਤਾ ਸੀ।

ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ

ਸ੍ਰੀ ਬਾਬਾ ਸਾਹਿਬ ਸਿੰਘ ਜਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਾਬਾ ਕਲਾ ਧਾਰੀ ਜੀ ਪ੍ਰਥਾਏ ਬਘੌਰ ਵਰਦਾਨ ਮੁਤਾਬਕ ਧੁਰ ਤੋਂ ਵਰਸਾਏ ਆਏ ਅਤੇ ਅੰਤਰ ਯਾਮਤਾ ਸੰਯੁਕਤ ਸਨ। ਸੰਤ ਭਾਗ ਸਿੰਘ ਨੇ ਉਨ੍ਹੇ ਆਏ ਵੇਲੇ ਅਤੇ ਪਹਿਲੇ ਮਿਲਾਪ ਵੇਲੇ ਹੀ ਦੋਹਾਂ ਸੁਧ ਆਤਮਾਵਾਂ ਨੇ ਇਕ ਦੂਜੇ ਨੂੰ ਸਮਝ ਲਿਆ ਸੀ ਅਤੇ ਬਾਬਾ ਸਾਹਿਬ ਨੇ ਵੀ ਇਨਾਂ ਨੂੰ ਪੂਰਬ ਜਨਮ ਦਾ ਮਹਾਨ ਤਪਸ੍ਵੀ ਅਤੇ ਯੋਗੀਸ਼ਵਰ ਵਿਛੜਿਆ ਇਕ ਮਿਤ੍ਰ ਹੀ ਹੁਣ ਆਣ ਮਿਲਿਆ ਅਨੁਭਵ ਕੀਤਾ ਸੀ, ਤਦੋਂ ਇਨਾਂ ਦੀ ਖਾਹਸ਼ ਮੁਤਾਬਿਕ ਅੰਮ੍ਰਿਤ ਛਕਾ ਕੇ ਆਪਣੇ ਜਿਹਾ ਖਾਲਸਾ ਰੂਪ ਵਿਚ ਸਿੰਘ ਸਜਾ ਦਿਤਾ ਸੀ, ਪਰ ਸੰਤ ਭਾਗ ਸਿੰਘ ਜੀ ਦੀ ਆਤਮਕ ਪਵਿਤ੍ਰਤਾ-ਉਚਤਾ ਅਤੇ ਸਮਦਰਸਤਾ ਦੇ ਸਤਿਕਾਰ ਵਿਚ ਬਾਬਾ ਸਾਹਿਬ ਸਿੰਘ ਇਨਾਂ ਦੀ ਮਹਾਨਤਾ ਨੂੰ ਪ੍ਰਗਟਾਉਣ ਵਿਚ ਸਿਖ ਸੰਗਤ ਸਾਹਮਣੇ ਕੋਈ ਸੰਕੋਚ ਨਹੀਂ ਕਰਦੇ ਸਨ ਤੇ ਭਾਗ ਸਿੰਘ ਵੀ ਮਨ ਨੀਵਾਂ ਤੇ ਮਤ ਉਚੀ ਅਨੁਸਾਰ ਬਚਨ ਕਰ ਦਿਤਾ ਕਰਦੇ ਸਨ।

ਇਕ ਵੇਰ ਦਾ ਜ਼ਿਕਰ ਹੈ ਕਿ ਸ੍ਰੀ ਬਾਬਾ ਜੀ ਨੇ ਇਨਾਂ ਨੂੰ ਕਿਹਾ ਕਿ ਸੰਤ ਜੀ ਆਓ, ਇਕਠੇ ਆਸੋ ਜਾਹਮਣੇ ਬੈਠ ਕੇ ਜਗਰਾਤਾ ਕਰੀਏ ਤਾਂ ਸੰਤ ਜੀ ਨੇ ਕਿਹਾ– ਸਾਹਿਬ ਜੀ ਇਕ ਰਾਤ ਦਾ ਜਗਰਾਤਾ ਕੀ--- ਬਹੁਤ ਰਾਤਾਂ ਬੈਠ ਕੇ ਇਕ ਦੂਜੇ ਦੇ ਨੇਤ੍ਰਾਂ ਨਾਲ ਨੇਤ੍ਰ ਮੇਲ ਰਖੀਏ ਤੇ ਬਿਨਾਂ ਬਸ਼ਬੇ ਦੇ, ਤੇ ਖਾਧੇ ਪੀਤੇ ਦੇ ਜਗਰਾਤੇ ਵਿਚ ਸਿਮਰਨ ਕਰੀਏ। ਬਾਬਾ ਜੀ ਨੇ ਮਨਜ਼ੂਰ ਕੀਤਾ ਅਤੇ ਇਕ ਮਿਥੇ ਸਮੇਂ ਦੇ ਇਕਰਾਰ ਤੀਕ ਦੋਹਾਂ ਮਹਾਨ ਵਿਅਕਤੀਆਂ ਨੇ ਇਕ ਵਖਰੇ ਡੰਞ ਵਿਚ ਬੈਠ ਕੇ ਜਗਰਾਤਾ ਸ਼ੁਰੂ ਕਰ ਦਿਤਾ ਸੀ ਜਦੋਂ ਉਸ ਮਿਥੀ ਮਿਆਦ ਦਾ ਸਮਾਂ ਆਇਆ ਤਾਂ ਸੰਤ ਭਾਗ ਸਿੰਘ ਜੀ ਨੇ ਇਕ ਦਿਨ ਪਹਿਲੇ ਹੀ ਅੱਖ ਝਮਕ ਲਈ ਤੇ ਸਿਰ ਨਿਵਾ ਕੇ ਹਾਰ ਮੰਨ ਲਈ ਸੀ। ਜਦ ਬਾਬਾ ਸਾਹਿਬ ਨੇ ਕਾਰਨ ਪੁਛਿਆ ਤਦ ਆਪ ਨੇ ਕਿਹਾ ਕਿ ਮੈਂ ਆਪ ਦੀ ਬਰਾਬਰੀ ਨਹੀਂ ਕਰ ਸਕਦਾ ਕਿਉਂਕਿ ਗੁਰੂ ਸਾਹਿਬ ਦਾ ਫੁਰਮਾਣ ਹੈ :–

"ਖਸਮੈ ਕਹੈ ਬਰਾਬਰੀ ਫਿਰ ਗੈਰਤ ਅੰਦਰ ਪਾਏ" ਇਸ ਵਾਸਤੇ ਮੈਨੇ ਆਪ ਦੀ ਜਿੱਤ ਅਤੇ ਆਪਣੀ ਹਾਰ ਮੰਨਣ ਨੂੰ ਐਸਾ ਕਰਨਾ ਜਰੂਰੀ ਜਾਣਿਆ ਸੀ– ਇਥੇ ਹੁਣ ਸ੍ਰੀ ਬਾਬਾ ਜੀ ਦੀ ਇਨਾਂ ਪਰਪ੍ਰਸੰਤਾ ਦੀ ਕੀ ਹਦ ਕਹੀ ਜਾਏ ਜੋ ਸੰਤ ਜੀ ਪ੍ਰਥਾਏ ਹੋਈ ਹੋਣੀ ਹੈ।

ਇਕ ਦਿਨ ਸ੍ਰੀ ਬਾਬਾ ਸਾਹਿਬ ਬਹੁਤ ਸਾਰੀ ਸਿਖ ਸੰਗਤ ਸਹਿਤ ਬਾਹਰ ਤੋਂ ਸੈਰ ਕਰਦੇ ਆ ਰਹੇ ਸਨ ਤਾਂ ਸਾਹਮਣੇ ਤੋਂ ਸੰਤ ਭਾਗ ਸਿੰਘ ਜੀ ਆਏ ਮਿਲੇ। ਇਨਾਂ ਸ੍ਰੀ ਬਾਬਾ ਜੀ ਨੂੰ ਨਿਮਸਕਾਰ ਕੀਤੀ ਤਾਂ ਬਾਬਾ ਜੀ ਨੇ ਮੁਸਕਰਾਂਦੇ ਹੋਇਆ ਇਨਾਂ ਪ੍ਰਤੀ ਫੁਰਮਾਇਆ– ਹੇ ਸੰਤ ਭਾਗ ਸਿੰਘ ਜੀ ਅਸੀਂ ਤੁਸਾਡੇ ਟਹਿਲੀਏ ਹਾਂ, ਭਾਵ ਤੁਹਾਡੇ ਦਾਸ ਹਾਂ। ਕਿਉਂਕਿ ਤੁਸੀਂ 'ਸੁਖਦੇਵ' ਭਗਤ ਵਾਂਗੂੰ ਅੰਦਰ ਬਾਹਰ ਤੋਂ ਉਪਾਧੀ ਰਹਿਤ ਹੋ ਅਤੇ ਅਸੀਂ ਬਾਹਰ ਤੋਂ ਉਪਾਧੀ ਸਹਿਤ ਹਾਂ, ਅਥਵਾ ਮਾਇਕੀ ਹਾਂ,

ਪ੍ਰਵਿਰਤੀ ਸਹਿਤ ਹਾਂ, ਇਸ ਲਈ ਅਸੀਂ ਤੁਹਾਡੇ ਦਾਸ ਹਾਂ। ਅਸੀਂ ਤੁਹਾਨੂੰ ਅੰਮ੍ਰਿਤ ਛਕਾ ਕੇ ਸਿਖ ਬਨਾ ਕੇ ਸਪੁਤੇ ਦਿਤੇ ਹਾਂ। ਆਪ ਦੇ ਆਸ਼ੇ ਨੂੰ ਆਤਮਕ ਅਵਸਥਾ ਨੂੰ ਅਗਿਆਨੀ ਜੀਵ ਕਿਆ ਜਾਣੇ ?

ਜਦੋਂ ਐਸੇ ਪ੍ਰੇਮ ਭਰੇ ਬਚਨ ਸ੍ਰੀ ਬਾਬਾ ਜੀ ਦੇ ਸੁਣੇ ਤਦ ਮੁਸਕਰਾਂਦੇ ਹੋਇਆ ਇਨਾਂ ਵੀ ਸ੍ਰੀ ਬਾਬਾ ਜੀ ਦੇ ਨਾਲ ਦੀ ਸਿਖ ਸੰਗਤ ਵਲ ਦੇਖ ਕੇ ਪੁਛਿਆ– ਕਿਉਂ ਭਾਈ ਗੁਰ ਸਿਖੋ ? ਜੇਕਰ ਤੁਹਾਡਾ ਗੁਰੂ ਸਾਡਾ ਟੋਹਲੂਆ (ਦਾਸ) ਹੋਇਆ ਤਾਂ ਤੁਸੀਂ ਸਾਡੇ ਕੀ ਲਗਦੇ ਹੋਏ ? ਐਸਾ ਬਚਨ ਸੁਣ ਕੇ ਸਾਰੇ ਹਸ ਪਏ ਤੇ ਬਾਬਾ ਜੀ ਨੇ ਸਹਿਤ ਸੰਗਤ ਦੇ ਆਪਣੇ ਆਪਣੇ ਆਸਨ ਤੇ ਆ ਕੇ ਅਰਾਮ ਕੀਤਾ।

ਊਨੇ ਤੋਂ ਸੰਤ ਭਾਗ ਸਿੰਘ ਪਹਾੜ ਵਲ

ਸੰਤ ਭਾਗ ਸਿੰਘ ਜੀ ਨੇ ਸ੍ਰੀ ਬਾਬਾ ਸਾਹਿਬ ਸਿੰਘ ਜੀ ਪ੍ਰਤੀ ਜੋ ਨਿਸ਼ਚਾ ਅਤੇ ਪ੍ਰੇਮ ਪ੍ਰਗਟਾਇਆ ਅਤੇ ਸ੍ਰੀ ਬਾਬਾ ਜੀ ਨੇ ਜਿਸ ਦਿੱਬ ਦ੍ਰਿਸ਼ਟੀ ਨਾਲ ਸੰਤ ਭਾਗ ਸਿੰਘ ਜੀ ਨੂੰ ਸਮਝਿਆ ਤੇ ਤੇ ਸਲਾਹਿਆ ਹੈ ਇਹ ਕਥਾ ਪਾਠਕਾਂ ਨੇ ਮੱਖੇਪ ਰੂਪ ਵਿਚ ਪੜੀ ਹੈ, ਅਤੇ ਅਨੁਭਵ ਕੀਤਾ ਹੋਣਾ ਹੈ ਕਿ ਗੁਰੂ ਸਾਹਿਬ ਨੇ ਸ੍ਰੀ ਸੁਖਮਨੀ ਸਾਹਿਬ ਵਿਚ ਠੀਕ ਹੀ ਫੁਰਮਾਇਆ ਹੈ ਕਿ– "ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ"

ਆਪ ਦੋਹਾਂ ਮਹਾਨ ਹਸਤੀਆਂ (ਸੰਤ ਭਾਗ ਸਿੰਘ 'ਬ੍ਰਹਮ ਰਿਖੀ ਸਰੂਪ' ਅਤੇ ਬਾਬਾ ਸਾਹਿਬ ਸਿੰਘ ਜੀ ਰਾਜ ਰਿਖੀ ਸਰੂਪ) ਦੇ ਮੇਲ ਮਿਲਾਪ ਤੇ ਵਾਰਤਾਲਾਪ ਤੋਂ ਊਨੇ ਨਿਵਾਸੀ ਸਾਧ ਸੰਗਤ ਨੇ ਕਈ ਮਹੀਨੇ ਰਜਵਾਂ ਲਾਭ ਉਠਾਇਆ ਸੀ ਪਰ ਇਕ ਦਿਨ ਸੰਤ ਭਾਗ ਸਿੰਘ ਜੀ ਨੇ ਸ੍ਰੀ ਬਾਬਾ ਜੀ ਤੋਂ ਵਿਦਾਇਗੀ ਚਾਹੀ ਕਿ ਅਸੀਂ ਇਥੋਂ ਹੁਣ ਚਲੇ ਜਾਣਾ ਹੈ ਤਦ ਬਾਬਾ ਜੀ ਨੇ ਕੁਝ ਦਿਨ ਹੋਰ ਟਿਕੇ ਰਹਿਣ ਨੂੰ ਆਖਿਆ, ਤਦ ਸੰਤ ਜੀ ਨੇ ਕਿਹਾ ਕਿ ਸਾਡੀ ਪ੍ਰਾਲਭਧ ਹੁਣ ਇਥੋਂ ਮੁਕ ਚੁਕੀ ਹੈ। ਫੇਰ ਚਾਹੇ ਕਈ ਵੇਰ ਆ ਕੇ ਦਰਸ਼ਨ ਕਰਿਆ ਕਰਾਂਗੇ ਪਰ ਹਾਲਾਂ ਪਹਾੜ ਦੀ ਤਰਫ 'ਕੁਰੀ' ਨਾਮ ਦੇ ਇਕ ਪਿੰਡ (ਜੋ ਰਾਵਲ ਪਿੰਡੀ ਤੋਂ ਪੰਜ ਕੋਹਾਂ ਤੇ) ਦੀ ਨਦੀ ਕਿਨਾਰੇ ਜਾ ਕੇ ਟਿਕਣ ਦੀ ਹੈ– ਜਰੂਰੀ ਜਾਣਾ ਹੈ– ਤਦ ਸ੍ਰੀ ਬਾਬਾ ਜੀ ਨੇ ਬੜੇ ਪ੍ਰੇਮ ਸਹਿਤ ਆਪ ਨੂੰ ਵਿਦਾ ਕੀਤਾ ਤੇ ਰਾਹ ਵਿਚ ਕਈ ਥਾਂਈ ਟਿਕਦੇ ਨਾਮ ਜਪਦੇ ਜਪਾਂਦੇ ਲੋਕਾਂ ਨੂੰ ਸਤਿ ਧਰਮ ਦਾ ਉਪਦੇਸ਼ ਸੁਣਾਂਦੇ ਰਹੇ ਤੇ– ਕੁਰੀ ਪਿੰਡ ਵਿਚ ਨਦੀ ਕਿਨਾਰੇ– ਇਕ ਗੁਫਾ ਵਿਚ ਜਾ ਬਿਸਰਾਮ ਕੀਤਾ ਜਿਵੇਂ ਕਿ ਆਪ ਪਹਿਲੇ ਤੋਂ ਜਾਂ ਪੂਰਬ ਜਨਮ ਤੋਂ ਇਸ ਥਾਂ ਦੇ ਵਸਨੀਕ ਤੇ ਜਾਣੂੰਸਨ ਜਾ ਰਹੇ ਸੀ।

ਇਥੇ ਆ ਕੇ ਕਈ ਦਿਨ ਆਪ ਜੀ ਇਕ ਰਸ ਸਮਾਧੀ ਇਸਥਤ ਰਹੇ ਤੇ ਬਿਨਾਂ ਕੁਝ ਖਾਧੇ ਪੀਤੇ ਦੇ ਅੰਤਰ ਆਤਮੇ ਰਬ ਨਾਲ ਜੁੜੇ ਤੇ "ਸਾਚੇ ਨਾਮ ਕੀ ਲਾਗੀ ਭੂਖ" ਇਸ ਭੁਖ ਨੂੰ ਸਿਮਰਨ ਦਵਾਰਾ ਮਿਟਾਂਦੇ ਰਹੇ ਸੀ। ਪਰ ਸਰੀਰਕ ਸਤਾ ਵਾਸਤੇ ਤਾਂ ਥੋੜਾ ਬਹੁਤਾ ਅੰਨ ਦਾ ਸੇਵਨ ਵੀ ਜਰੂਰੀ ਸੀ ਕਈ ਦਿਨਾਂ ਪਿਛੋਂ ਆਪ ਜੀ ਪਿੰਡ ਕੁਰੀ ਵਿਚ ਜਾ ਕੇ ਪਾਉ ਭਰ ਆਟਾ ਮੰਗ ਲਿਆਉਂਦੇ ਅਤੇ ਪੱਥਰ ਉਤੇ ਗੁੰਨ ਕੇ – ਗੋਹਿਆਂ ਦੀ ਅਗਨ ਜਲਾ ਕੇ ਉਤੇ ਭੁਸਰੀ (ਮੋਟੀ ਇਕ ਰੋਟੀ) ਰਖ ਕੇ ਪਕਾ ਲੈਂਦੇ, ਕੁਝ ਖਾਇਆ ਕਰਦੇ ਕੁਝ ਬੰਨ ਕੇ ਰਖ ਲੈਂਦੇ ਤੇ ਫੇਰ ਲੋੜ ਵੇਲੇ ਦੋੜੀ ਸੁਕੀ ਰੋਟੀ ਖਾ ਕੇ ਪਾਣੀ ਪੀਂਦੇ ਅਤੇ ਸਿਮਰਨ ਵਿਚ ਜੁਟ ਜਾਇਆ ਕਰਦੇ ਸਨ। ਇਸ ਰੀਤ ਦੀ ਤਪਸਿਆ ਬਹੁਤ ਅਰਸਾ ਸਾਧੀ

Scanned with CamScanner

ਅਤੇ ਕੁਰੀ ਪਿੰਡ ਤੋਂ ਇਲਾਵਾ ਸਾਰੇ ਇਲਾਕੇ ਵਿਚ ਆਪ ਦੀ ਇਸ ਕਠਨ ਤਪਸਿਆ ਦੀ ਧੂੰਮ ਪੈ ਚੁਕੀ ਤੇ ਸ਼ਰਧਾਲੂ – ਜੋ ਦਰਸ਼ਨ ਅਭਿਲਾਖੀ ਹੁੰਦੇ ਉਹ ਵੀ ਬਹੁਤ ਗਿਣਤੀ ਵਿਚ ਆਣ ਜਾਣ ਲਗੇ ਤੇ ਪ੍ਰਮਾਰਥਕ ਉਪਦੇਸ਼ ਸੁਣਦੇ ਹੋਇਆਂ ਆਪਣੀ ਯਾਤਰਾ ਸਫਲ ਸਮਝਿਆ ਕਰਦੇ ਸਨ।

ਨ ਝੂਠ ਬੋਲਦੇ–ਨ ਸੱਚ ਹੁੰਦਾ

ਸੰਤ ਭਾਗ ਸਿੰਘ ਦੀ ਤਪਸਿਆ ਦੀ ਘਾਲਣਾ ਦੀ ਚਰਚਾ ਬਹੁਤ ਚਲ ਪਈ ਤੇ ਦਰਸ਼ਨ ਅਭਿਲਾਖੀ ਵੀ ਆ ਕੇ ਬਹੁਤ ਦੇਰ ਤੀਕ ਬੈਠੇ ਉਡੀਕਦੇ ਰਹਿੰਦੇ ਕਿ ਸੰਤ ਜੀ ਕਿਹੜੇ ਵੇਲੇ ਗੁਫਾ ਤੋਂ ਬਾਹਰ ਆਉਣਗੇ ਤੇ ਇਹ ਦਰਸ਼ਨ ਕਰਨਗੇ। ਫਿਰ ਦਰਸ਼ਨ ਵੇਲੇ ਕਈ ਲੋਕੀਂ ਪ੍ਰਸ਼ਾਦ ਭੇਂਟ ਕਰਦੇ ਤਾਂ ਸਮੂਹ ਜੁੜੇ ਲੋਕਾਂ ਵਿਚ ਵੰਡਾ ਦਿਤਾ ਕਰਦੇ ਸੀ। ਜੋ ਕੋਈ ਕੁਝ ਪ੍ਰਸ਼ਾਦ ਛਕਣ ਨੂੰ ਕਹੇ ਤਾਂ ਆਖਦੇ ਅਸੀਂ ਪ੍ਰਸ਼ਾਦਿ ਛਕ ਵੀ ਚੁਕੇ ਹਾਂ ਤੇ ਲੋੜ ਵੇਲੇ ਵਾਸਤੇ ਉਸ ਸੁਕੀ ਰੋਟੀ ਵਲ (ਜੋ ਕਪੜੇ ਵਿਚ ਬਧੀ ਤੇ ਟੰਗੀ ਹੁੰਦੀ ਸੀ) ਇਸ਼ਾਰਾ ਕਰਕੇ ਦਸਦੇ ਕਿ ਰਖੀ ਪਈ ਹੈ ਵਧੇਰੇ ਸੰਜਮ ਦੀ ਲੋੜ ਨਹੀਂ।

ਸੰਤ ਜੀ ਨੇ ਠੀਕ ਫਰੀਦ ਸਾਹਿਬ ਵਾਲੀ ਉਸ ਰੀਤੀ ਨੂੰ ਅਪਨਾਏ ਰਖਿਆ ਸੀ ਕਿ ਜਿਵੇਂ ਫਰੀਦ ਜੀ ਨੇ ਕਾਠ ਦੀ ਟੋਟੀ ਕਪੜੇ ਵਿਚ ਬੰਨ ਕੇ ਬਿਨਾਂ ਅੰਨ ਛਕੇ ਤਪਸਿਆ ਕਰਦੇ ਰਹੇ ਸੀ ਤੇ ਜਿਸ ਦੇ ਪੁਛਣ ਪਰ ਦਸਿਆ ਕਰਦੇ ਸਨ :–

"ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣ ਮੇਰੀ ਭੂਖ
ਜਿਨਾਂ ਖਾਧੀਆਂ ਚੋਪੜੀਆਂ ਘਣੇ ਸਹਿਣਗੇ ਦੁਖ"

ਪਰ ਅਕਾਲ ਪੁਰਖ ਨੇ ਸਰੀਰ ਜੋ ਦਿਤਾ ਤੇ ਇਸ ਦੀ ਪਾਲਣਾ ਵਾਸਤੇ - ਕਾਇਮ ਰਖ ਕੇ ਨਾਮ ਜਪਣਾਂ ਤੇ ਪਾਲਣਾ ਕਰਕੇ ਸੇਵਾ ਕਮਾਉਣ ਵਾਸਤੇ ਜੋ ਸਭ ਕੁਝ ਪੈਦਾ ਕਰ ਰਖਿਆ ਹੈ ਇਸ ਨੂੰ ਤਿਆਗ ਕੇ ਸਿਰਫ ਨਿਰਾਹਾਰ ਹੋਣ ਦੀ ਸਾਧਨਾਂ ਹੀ ਪਸੰਦ ਨਹੀਂ ਹੈ, ਫਰੀਦ ਸਾਹਿਬ ਦਾ ਇਹ ਭਰਮ ਦੂਰ ਕਰਨ ਵਾਸਤੇ ਰੱਬ ਨੇ ਇਕ ਚਮਤਕਾਰ ਦਿਖਾਇਆ ਸੀ।

ਫਰੀਦ ਸਾਹਿਬ ਇਕ ਦਿਨ ਜਾਂਦੇ ਜਾਂਦੇ ਕਿਸੇ ਪਿੰਡ ਨੇੜੇ ਤੋਂ ਲੰਘੇ ਸੀ-- ਜਿਥੇ ਕਿ ਬਾਹਰ ਵਾਰ ਮਸਾਣਾਂ ਵਿਚ ਇਕ ਮੁਰਦੇ ਦਾ ਸਸਕਾਰ ਕਰਦੇ ਲੋਕੀਂ ਬਹੁਤ ਇਕਠੇ ਸਨ। ਮੁਰਦਾ ਜਲ ਚੁਕਾ ਸੀ ਪਰ ਉਹਦੀ ਖੋਪਰੀ ਨ ਜਲਦੀ ਤੇ ਨ ਟੁਟਦੀ ਡਿਠੀ, ਸਬੰਧੀ ਨੇ ਕਈ ਵੇਰ ਬਾਂਸ ਦੀ ਲਕੜੀ ਨਾਲ ਠੋਕਰਾਂ ਲਾਈਆਂ ਸਨ, ਕਿਪਾਲ ਕਿਰਿਆ ਕਰਨ ਨੂੰ ਤੋੜਦੇ ਰਹੇ ਪਰ ਉਹ ਨ ਫਟਦੀ ਨ ਜਲਦੀ ਦੇਖੀ ਸੀ, ਫਰੀਦ ਜੀ ਨੇ ਹੈਰਾਨ ਹੋ ਕੇ ਰਬ ਅਗੇ ਬੇਨਤੀ ਕੀਤੀ ਕਿ ਇਹ ਕੀ ਕੌਤਕ ਹੈ ਕਿ ਐਸਾ ਹੋ ਰਿਹਾ ਫਰੀਦ ਜੀ ਨੇ ਹੈਰਾਨ ਹੋ ਕੇ ਰਬ ਅਗੇ ਬੇਨਤੀ ਕੀਤੀ ਕਿ ਇਹ ਕੀ ਕੌਤਕ ਹੈ ਕਿ ਐਸਾ ਹੋ ਰਿਹਾ ਹੈ – ਤਦ ਅਕਾਸ਼ ਬਾਣੀ ਹੋਈ ਕਿ ਇਸ ਨੇ ਇਕ ਝੂਠ ਬੋਲਿਆ ਸੀ ਉਸ ਕਰਕੇ ਇਸ ਨੂੰ ਸਜਾਏ ਮਿਲ ਰਹੀ ਹੈ-- ਤਦ ਫਰੀਦ ਸਾਹਿਬ ਕੰਬ ਉਠੇ ਕਿ ਮੈਨੇ ਕਈ ਵੇਰ ਚੋਜ--ਝੂਠ ਬੋਲ ਬੋਲ ਕੇ ਦਸਿਆ ਕਿ ਟੋਟੀ ਕੁਝ ਖਾ ਲਈ ਤੇ ਕੁਝ ਬਧੀ ਪਈ ਹੈ। ਸੰਤ ਭਾਗ ਸਿੰਘ ਜੀ ਤਾਂਈ ਵੀ ਇਕ ਦਿਨ ਫਰੀਦ ਸਾਹਿਬ ਦੀ ਇਸ ਸੁਣੀ ਅਕਾਸ਼ ਬਾਣੀ ਦੀ ਕਥਾ ਯਾਦ ਆਈ ਤਾਂ ਇਨਾਂ ਵੀ ਫਰੀਦ ਸਾਹਿਬ ਵਾਂਗੂੰ ਅਗੋਂ ਨੂੰ ਐਸਾ ਕਹਿਣਾ ਛਡ ਦਿਤਾ ਤੇ ਤਿਵੇਂ ਉਨਾਂ ਨੇ ਥੋੜਾ ਅੰਨ ਪਾਣੀ ਗ੍ਰਹਿਣ ਕਰਨਾ ਸ਼ੁਰੂ ਕੀਤਾ ਸੀ, ਸੰਤ ਭਾਗ ਸਿੰਘ ਨੇ ਵੀ ਪ੍ਰਸ਼ਾਦਾ ਛਕਣਾ ਸ਼ੁਰੂ ਕਰ ਲਿਆ ਸੀ।

ਸੰਤ ਬੀਰ ਸਿੰਘ ਜੀ ਦਾ ਪਿਛੋਕੜ–ਜਨਮ ਤੇ ਜੀਵਨ ਕਥਾ

ਸ੍ਰੀ ਤਰਨ ਤਾਰਨ ਤੋਂ ਕਰੀਬਨ ੯ ਕੋਹਾਂ ਦੀ ਵਿਥ ਪਰ ਗਗੋ ਬੂਆ ਨਗਰ ਵਿਚ ਚਿਲੋ ਜਾਤ ਗੋਤ ਦੇ ਖਾਨਦਾਨ ਵਿਚ ਬਿਕ੍ਰਮੀ ਸੰਮਤ ੧੯੨੫ ਸੁਕਲਾ ਪੱਖ ਤਿਥੀ ਤੀਜੀ ਮਹੀਨਾ ਸਾਵਣ ਸੀ। ਸਵਾ ਪਹਿਰ ਰਾਤ ਰਹਿੰਦੀ ਆਪ ਜੀ ਦਾ ਜਨਮ ਮਾਤਾ ਸ੍ਰੀ ਧਰਮ ਕੌਰ ਦੀ ਕੁਖ ਤੋਂ ਹੋਇਆ–ਆਪ ਦੇ ਪਿਤਾ ਜੀ ਦਾ ਸ਼ੁਭ ਨਾਮ ਸ੍ਰ: ਸੇਵਾ ਸਿੰਘ ਸੀ – (ਇਹ ਜ਼ਿਕਰ ਗੁੰਝ ਬੀਰ ਮ੍ਰਿਗੇਸ਼ ਦੇ ੧ ਸਕੰਧ ਪੂਰਵਾਰਧੇ ਧਿਆਏ ੩੧ ਵਿਚੋਂ ਲਿਖਿਆ ਹੈ) ਸੰਤ ਬੀਰ ਸਿੰਘ ਜੀ ਦੇ ਜਨਮ ਸਮੇਂ ਪਿੰਡ ਬਰੇਵਾਲੀ ਵੱਡੇ ਨਾਮ ਦੀ ਦਾਈ ਮਾਤਾ ਜੀ ਦੇ ਪਾਸ ਸੀ। ਇਸ ਘਰਾਣੇ ਬਾਬਤ ਸੀਨੇ ਬਸੀਨੇ ਇਹ ਸ਼ੁਭ ਚਲੀ ਆ ਰਹੀ ਸੀ ਕਿ ਸ੍ਰੀ ਗੁਰੂ ਅਰਜਨ ਦੇਵ ਨੇ ਜਦੋਂ ਸ੍ਰੀ ਤਰਨ ਤਾਰਨ ਸ੍ਰੋਵਰ ਦੀ ਸੇਵਾ ਕਰਾਈ ਸੀ ਇਨ੍ਹਾਂ ਦੇ ਵਡੇਰਿਆਂ ਨੇ ਤਨ ਮਨ ਧਨ ਕਰਕੇ ਅਤੁਟ ਸੇਵਾ ਕੀਤੀ ਸੀ ਜਿਸ ਤੇ ਪ੍ਰਸੰਨ ਹੋ ਕੇ ਗੁਰੂ ਮਹਾਰਾਜ ਨੇ ਇਹ ਵਰਦਾਨ ਬਖਸ਼ਿਆ ਸੀ। ਵਿਦਾਇਗੀ ਵੇਲੇ – ਕਿ ਜਾਹ ਭਾਈ ਗੁਰ ਸਿਖਾ ! ਜੈਸੇ ਤੁਸੀਂ ਤਨ ਮਨ ਧਨ ਕਰਕੇ ਨਿਸ਼ਕਾਮ ਸੇਵਾ ਕੀਤੀ ਹੈ–ਤੈਸੇ ਹੀ ਤੁਹਾਡੀ ਕੁਲ ਵਿਚ ਤੱਤਵੇਤਾ, ਬ੍ਰਹਮ ਗਿਆਨੀ-ਮੀਰੀ ਪੀਰੀ ਦਾ ਮਾਲਕ ਬਕਤੀ ਸਪੰਨ ਸਾਡਾ ਸਿਖ ਪੈਦਾ ਹੋਵੇਗਾ। ਜੋ ਪ੍ਰਿਥ੍ਵੀ ਸਮਾਨ ਧੀਰਜ ਵਾਨ ਸਮੰਦ੍ਰ ਪਰਬਤ ਸਮਾਨ ਅਡੋਲ ਤੇ ਅਚੱਲ ਨਿਸਚੇ ਵਾਲਾ ਮਹਾਂ ਪੁਰਖ ਪੈਦਾ ਹੋਏਗਾ।

ਦੂਜੀ ਸਾਖੀ ਇਹ ਵੀ ਪ੍ਰਚਲਤ ਰਹੀ ਕਿ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਸ਼ਿਕਾਰ ਕਰਨੇ ਕਾਰਣ ਇਕ ਵੇਰ ਇਥੇ ਗਗੂ ਬੂਆ ਪਿੰਡ ਨੇੜੇ ਆਏ ਉਤਰੇ ਤਦ ਵੀ ਇਨ੍ਹਾਂ ਦੇ ਵਡੇ ਨੇ ਬਹੁਤ ਸੇਵਾ ਕਰਕੇ ਛੇਵੇਂ ਪਾਤਸ਼ਾਹ ਨੂੰ ਰੀਝਾਇਆ ਸੀ ਤੇ ਉਨ੍ਹਾਂ ਨੇ ਵਰਦਾਨ ਦਿੰਦੇ ਹੋਏ ਫੁਰਮਾਇਆ ਸੀ– ਭਾਈ ਗੁਰਸਿਖਾ ਤੂੰ ਸੇਵਾ ਵਿਚ ਕਸਰ ਨਹੀਂ ਰਖੀ ਸ਼ਾਹੂੰ ਪ੍ਰਸੰਨ ਕੀਤਾ ਹੈ, ਤੇਰੇ ਘਰਾਣੇ ਵਿਚ ਸਮਾਂ ਪਾਏਕੇ ਇਕ ਦੈਵੀ ਸੰਪਦਾ ਸੰਪੰਨ ਰਾਜ ਜੋਗ ਮਾਣਨ ਵਾਲਾ ਬੜਾ ਤੇਜਸ੍ਵੀ ਤੇ ਬ੍ਰਹਮਚਾਰੀ ਜਤੀ ਪੁਰਖ ਪੈਦਾ ਹੋਏਗਾ–"ਜੋ ਆਪ ਤਰੈ ਸਗਲੇ ਕੁਲ ਤਾਰੇ" । ਐਸਾ ਵਰਦਾਨ ਦੇ ਕੇ ਸਾਹਿਬ ਗੁਰ ਹਰਗੋਬਿੰਦ ਸਾਹਿਬ ਆਪਣੇ ਨਗਰ ਸ੍ਰੀ ਅੰਮ੍ਰਿਤਸਰ ਚਲੇ ਗਏ ਸਨ ਤੇ ਉਸ ਸਮੇਂ ਤੋਂ ਹੀ ਆਪ ਜੀ ਦੇ ਵਰਦਾਨ ਦੀ ਇਹ ਸਾਖੀ ਨਗਰ ਵਾਸੀਆਂ ਵਿਚ ਸ੍ਰੋਤ ਚਲਦੀ ਆ ਰਹੀ ਸੀ।

ਸਮਾਂ ਬੀਤਦਾ ਗਿਆ ਜਦੋਂ ਕਿ ਸੰਤ ਬੀਰ ਸਿੰਘ ਜੀ ਦੇ ਮਾਤਾ ਧਰਮ ਕੌਰ ਅਤੇ ਪਿਤਾ ਭਾਈ ਸੇਵਾ ਸਿੰਘ (ਦੈਪਤੀ) ਗ੍ਰਹਸਥੀ ਰੂਪ ਵਿਚ ਆਪਣੇ ਪਿੰਡ ਗਗੂ ਬੂਏ ਵਿਚ ਆਪਣੇ ਪ੍ਰੇਮ ਭਰੇ ਵਰਤਾਰੇ ਨਾਲ ਸਾਰੇ ਸਾਕ ਸਬੰਧੀਆਂ ਵਿਚ ਸਤਿਕਾਰਤ ਸਨ ਤੇ ਇਸੇ ਤਰ੍ਹਾਂ ਕਿਸੇ ਵੀ ਅਥਿਤੀ ਸਾਧੂ ਸੰਤ ਅਭਿਆਗਤ ਨੂੰ ਬੜੀ ਨਿਮਰਤਾ ਸਹਿਤ ਸੇਵਾ ਕਰਨ ਵਿਚ ਪ੍ਰਸਿਧ ਹੋ ਚੁਕੇ ਸਨ ਤਾਂ ਇਕ ਦਿਨ ਇਕ ਸੰਤ ਮਹਾਤਮਾ ਗੁਰ ਸਿਖ ਰੂਪ ਵਿਚ ਆਪ ਦੇ ਘਰ ਆ ਗਏ। ਆਪ ਦੋਹਾਂ ਨੇ ਆਦਰ ਸਹਿਤ ਵਿਠਾਇਆ–ਨਿਮਸਕਾਰ ਕੀਤੀ ਅਤੇ ਪ੍ਰਸ਼ਾਦ ਪਾਣੀ ਛਕਾ ਕੇ ਮਾਨੋ ਸੇਵਾ ਕਰਕੇ ਉਨ੍ਹਾਂ ਦਾ ਮਨ ਮੋਹ ਲਿਆ ਸੀ ਤਦ ਜਾਂਦੀ ਵਾਰੀ ਉਨ੍ਹਾਂ ਨੇ ਅਸੀਸ ਦਿਤੀ ਤੇ ਆਖਿਆ--ਐਹ ਸੇਵਾ ਸਿੰਘਾ--ਜੈਸਾ ਸੁਣਿਆ ਸੀ ਤੈਸਾ ਹੀ ਦੇਖਿਆ ਹੈ-ਤੈਨੈ ਸੇਵਾ ਕਰਕੇ ਸਾਡਾ ਮਨ ਮੋਹ ਲਿਆ ਹੈ ਤੇ ਸੇਵਾ ਕਰਕੇ ਹੀ ਮੇਵਾ ਮਿਲਦਾ ਹੈ--ਤੁਹਾਡੇ ਘਰ ਥੋੜੇ ਸਮੇਂ ਬਾਅਦ ਪੂਰਨ ਸੰਤ ਸਰਬ ਗੁਣਾਂ ਸਪੰਨ ਤ੍ਰਿਕਾਲ ਦਰਸੀ ਮਰਿਯਾਦਾ ਪੁਰਸ਼ੋਤਮ ਅਨੇਕ ਕੁਲਾਂ ਦਾ ਉਧਾਰ ਕਰਨੈ ਵਾਲਾ ਅਵਤਾਰ ਸਮਾਨ -- ਰਾਜ ਜੋਗ ਵਿਚ ਵਰਤਨ ਵਾਲਾ

Scanned with CamScanner

ਸਪੂਤ ਪੈਦਾ ਹੋਏਗਾ। ਉਸ ਕੋ ਬਚਪਨ ਤੋਂ ਹੀ ਹੋਰ ਅਨੇਕ ਬਾਲਕੋਂ ਜੈਸਾ ਜਾਨ ਕੋ ਕਬੀ ਨਰਾਦਰ ਨ ਕਰਨਾ, ਕੜਵਾ ਬਚਨ ਨ ਬੋਲਣਾ ਕਿਉਂਕਿ ਸਮਾਂ ਆਇ ਪਰ ਇਸਦੇ ਉਪਦੇਸ਼ ਸਰਵਨ ਕਰਨੇ ਸ਼ੇ ਅਨੇਕ ਲੋਕਾਂ ਦਾ ਉਧਾਰ ਹੋਏਗਾ-- ਐਸਾ ਵਰਦਾਨ ਦਿੰਦੇ ਹੋਏ ਉਹ ਸੰਤ ਮਹਾਤਮਾ ਚਲੇ ਗਏ ਅਤੇ ਦੋੜੇ ਦਿਨਾਂ ਬਾਦ ਮਾਤਾ ਧਰਮ ਕੌਰ ਜੀ ਨੂੰ ਮਾਲੂਸ ਹੋਇਆ ਕਿ ਆਪ ਦੀ ਕੁਖ ਸਫਲ ਹੋਣ ਵਾਲੀ ਹੈ। ਇਸ ਦਿਨ ਤੋਂ ਦੋਹਾਂ (ਦੰਪਤੀ) ਨੇ ਵਾਹਿਗੁਰੂ ਦੇ ਸਿਮਰਨ ਧਿਆਨ ਅਤੇ ਐਸੇ ਬਾਲਕ ਦੀ ਗਰਭ ਰਖਿਆ ਵਾਸਤੇ ਪੁੰਨ ਦਾਨ ਦਾ ਸ਼ੁਭਾਉ ਬਣਾ ਲਿਆ ਸੀ।

ਹੁਣ ਉਹ ਸਮਾਂ ਆਇਆ ਜਦੋਂ ਕਿ ਸ੍ਰੀ ਬੀਰ ਸਿੰਘ ਜੀ ਦਾ ਬ੍ਰਿਕਮੀ ਸੰਮਤ ੧੯੨੫ ਦੀ ਸਾਵਨ ਸੁਦੀ ਤੀਜ ਨੂੰ ਆਪ ਦਾ ਜਨਮ ਹੋਇਆ ਤਾਂ ਬਰਵਾਲੀ ਦੀ–ਦੇਵੋ ਨਾਮ ਦੀ ਦਾਈ ਪ੍ਰਸੂਤ ਸਮੇਂ ਕੋਲ ਸੀ- ਨੇ ਆ ਕੇ ਸੋਵਾ ਸਿੰਘ ਜੀ ਨੂੰ ਵਧਾਈ ਦਿਤੀ ਤੇ ਦਸਿਆ ਕਿ ਜਜਮਾਨ ਜੀਉ ! ਅਨੇਕਾਂ ਬਾਲਕ ਮੈਰੇ ਹੱਥਾਂ ਵਿਚ (ਕੋਲ ਹੁੰਦਿਆਂ) ਜਨਮਦੇ ਰਹੇ ਉਹ ਸਿਰ ਦੇ ਭਾਰ ਧਰਤੀ ਉਤੇ ਜਨਮੇ ਹਨ ਪਰ ਇਹ ਬਾਲਕ ਚੋਇਆ ਵੀ ਨਹੀਂ ਤੇ ਪੈਰਾਂ ਭਾਰ ਜਮੀਨ ਤੇ ਟਿਕਿਆ ਹੈ- (ਜਨਮਿਆ ਹੈ) ਇਹ ਵੀ ਅਸਚਰਜ ਹੈ ਕਿ ਇਹਦੀ ਮਾਤਾ ਨੂੰ ਕੋਈ ਤਕਲੀਫ ਨਹੀਂ ਹੋਈ ਤੇ ਜਨਮ ਸਮੇਂ ਸਾਰੇ ਅੰਦਰ ਵਿਚ ਜਿਵੇਂ 'ਫੁਲਾਂ' ਦੇ ਢੇਰ ਤੋਂ ਸੁਗੰਧੀ ਆਉਂਦੀ ਹੈ–ਤਿਵੇਂ ਸੁਗੰਧੀ ਹੀ ਪਸਰ ਗਈ ਸੀ। ਐਸਾ ਸੁਣ ਕੇ ਭਾਈ ਸੋਵਾ ਸਿੰਘ ਨੇ ਵਾਹਿਗੁਰੂ ਦੇ ਸ਼ੁਕਰਾਨੇ ਵਿਚ ਸੀਸ ਝੁਕਾਇਆ ਤੇ ਜਾਂਦੀ ਵੇਰ ਦਾਈ ਨੂੰ ਬਹੁਤ ਕੁਝ ਨਕਦੀ ਤੇ ਮਿਠਾਈ ਦੇ ਕੇ ਤੋਰਿਆ। ਫਿਰ ਆਪ ਨੇ ਪ੍ਰੋਹਤ ਨੂੰ ਬੁਲਾ ਕੇ ਜਨਮ ਪਤ੍ਰੀ ਤਿਆਰ ਕਰਾਈ ਤਦ ਉਹ ਗ੍ਰਹਿ ਦੇ ਨਛਤ੍ਰਾਂ ਤੋਂ ਸਾਬਤ ਹੋ ਰਿਹਾ ਸੀ ਜੋ ਉਸ ਸੰਤ ਮਹਾਤਮਾ ਨੇ ਵਰਦਾਨ ਦਿਤਾ ਤੇ ਨਿਰਨਾ ਫੁਰਮਾਇਆ ਸੀ। ੪੦ ਦਿਨਾਂ ਬਾਅਦ ਗੁਰੂ ਗਰੰਥ ਸਾਹਿਬ ਦੀ ਹਜੂਰੀ ਵਿਚ ਕੜਾਹ ਪ੍ਰਸਾਦ ਦੀ ਭੋਂਟ ਤੇ ਅਰਦਾਸ ਮਗਰੋਂ ਗੁਰੂ ਵਾਕ ਦੇ ਅਧਾਰ ਤੇ ਨਾਮ ਬੀਰ ਸਿੰਘ ਰਖਿਆ।

ਬਾਲਕ ਲੀਲਾ

ਇਕ ਸਾਲ ਦੀ ਉਮਰ ਦੇ ਹੋਏ ਤਦ ਆਪ ਦੀ ਕੁਲ ਰੀਤੀ ਅਨੁਸਾਰ ਕੇਸਾਂ ਵਿਚ ਦਹੀਂ ਪਾ ਕੇ ਇਸ਼ਨਾਨ ਕਰਾਇਆ। ਬਹੁਤ ਪੁੰਨ ਦਾਨ ਤੇ ਜਗ ਭੰਡਾਰਾ ਕੀਤਾ। ਇਨਾਂ ਕੋ ਪਿਤਾ ਭਾਈ ਸੋਵਾ ਸਿੰਘ ਸਰਕਾਰੀ ਨੌਕਰੀ ਤੋਂ ਛੁਟੀ ਆਏ ਹੋਏ ਸਨ। ਉਹ ਚਲੇ ਗਏ ਤੇ ਮਾਤਾ ਜੀ ਨੇ ਹਰ ਤਰਾਂ ਨਾਲ ਸੰਭਾਲ ਕੀਤੀ। ਤਿੰਨ ਸਾਲਾਂ ਦੇ ਹੋਏ ਫੇਲੋ ਬਾਲਕਾਂ ਨਾਲ ਖੇਡਨ ਚਲੇ ਜਾਂਦੇ, ਘਰ ਤੋਂ ਜੋ ਫੰਗੀ ਵਸਤੂ ਮਿਲਦੀ ਉਹ ਬਾਹਰ ਬਾਲਕਾਂ ਨਾਲ ਵੰਡ ਖਾਂਦੇ ਅਤੇ ਵਡਿਆਂ ਵਾਂਗੂੰ ਸਤਿਨਾਮ ਵਾਹਿਗੁਰੂ ਮੰਤ੍ਰ ਜਪਾਇਆ ਕਰਦੇ। ਲੋਕੀ ਇਨਾਂ ਦੀ ਬਾਲਕ ਪਨੇ ਦੀ ਇਸ ਰੀਤ ਨੂੰ ਦੇਖ ਦੇਖ ਹੈਰਾਨ ਹੁੰਦੇ ਸਨ। ਇਨਾਂ ਦੀ ਉਮਰ ਜਦੋਂ ੬ ਸਾਲਾਂ ਦੇ ਲਗਭਗ ਹੋਈ ਤੇ ਇਸ ਰੀਤ ਨੂੰ ਦੇਖ ਦੇਖ ਹੈਰਾਨ ਹੁੰਦੇ ਸਨ। ਇਨਾਂ ਦੀ ਉਮਰ ਆਏ ਹੋਏ ਸਨ। ਪੁਤਰ ਬੀਰ ਸਿੰਘ ਦੀ ਸੁੰਦਰਤਾ, ਸਵੱਛਤਾ ਅਤੇ ਬਚਪਨ ਵਿਚ ਹੀ ਧਾਰਮਕ ਰੁਚੀਆਂ ਵਾਲਾ ਅਨੁਭਵ ਕੀਤਾ ਤੇ ਖਾਹਸ਼ ਹੋਈ ਜੋ ਇਨਾਂ ਨੂੰ ਅੰਮ੍ਰਿਤ ਛਕਵਾਇਆ ਜਾਏ। ਤਦ ਉਸ ਸਮੇਂ ਦੇ ਭਜਨੀਕ ਗੁਰਮੁਖ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕਵਾਇਆ ਗਿਆ। ਕੁਝ ਹੋਰ ਵਡੇਰੀ ਉਮਰ ਹੋਇ ਫੇਲੇ ਬਾਕੀ ਦੇ ਦੋ ਬਾਲਕਾਂ ਨਾਲ ਗਹੁਆਂ ਚਰਾਵਨ ਨੂੰ ਬਾਹਰ ਲਿਜਾਇਆ ਕਰਦੇ ਤੇ ਬਾਮਾਂ ਨੂੰ ਘਰ ਆ ਜਾਇਆ ਕਰਦੇ ਸਨ।

ਬਚਿਆਂ ਦੀ ਖਾਹਸ਼ ਹੁੰਦੀ ਹੈ ਤੇ ਉਹ ਕਹਾਣੀਆਂ ਸੁਣਦੇ ਖੁਸ਼ ਹੁੰਦੇ ਹਨ। ਬਾਲਕ ਬੀਰ ਸਿੰਘ ਹੁਣ ਵੰਗੀ ਹੋਸ਼ ਵਾਲੇ ਸਨ। ਮਾਤਾ ਪਿਤਾ ਤੋਂ ਸਤਿਗੁਰਾਂ ਦੀਆਂ ਕਹਾਣੀਆਂ (ਕਥਾਵਾਂ) ਬੜੇ ਪਿਆਰ ਨਾਲ ਸੁਣਿਆ ਕਰਦੇ ਤੇ ਬਾਹਰ ਜੰਗਲ ਬੋਲੇ ਵਿਚ ਗਊਆਂ ਚਰਾਏ ਵੇਲੇ ਸਾਥੀ ਬਾਲਕਾਂ ਨੂੰ ਸੁਣਾਇਆ ਕਰਦੇ ਸਨ ਜਿਸ ਤੇ ਸਾਥੀ ਇਨਾਂ ਨਾਲ ਬਹੁਤ ਪਿਆਰ ਕਰਦੇ ਸਨ। ਇਸ ਵਾਸਤੇ ਵੀ ਕਿ ਇਹਨਾਂ ਨੂੰ ਘਰ ਤੋਂ ਖਾਣ ਵਾਲੀ ਜੋ ਵਸਤੂ ਮਿਲਦੀ ਸੀ ਉਹ ਸਾਰਿਆਂ ਨਾਲ ਵੰਡ ਖਾਇਆ ਕਰਦੇ ਸਨ। ਆਪਣੇ ਪਿਤਾ ਜੀ ਤੋਂ ਸੁਣਿਆ ਇਹ ਵਾਕ ਮਾਨੋ ਬਾਲਕ ਹੁੰਦਿਆਂ ਹੀ ਹਿਰਦੇ ਵਿਚ ਉਕਰਿਆ ਪਿਆ ਸੀ–

"ਫਰੀਦਾ ਮਿਠਾ ਬੋਲਨ ਨਿਵ ਚਲਣ ਹਥੋਂ ਭੀ ਕੁਛ ਦੇਨ॥
ਰਬ ਤਿਨਾਂ ਦੀ ਬੁਕਲੀ ਉਹ ਜੰਗਲ ਕਿਉਂ – ਢੂੰਢੇਨ॥"

ਭਾਈ ਗੁਰਦਾਸ ਵੀ ਐਸਾ ਹੀ ਦਸਦੇ ਹਨ :–

"ਮਿਠਾ ਬੋਲਨ ਨਿਵ ਚਲਨ ਹਥੋਂ ਦੇ ਕੇ ਭਲਾ ਮਨਾਵੇ॥"

(ਵਾਰ ੧੧ - ਪਉੜੀ ੪)

ਸਾਥੀ ਬਾਲਕਾਂ ਨੂੰ ਘਰੋਂ ਲਿਆਂਦੀ ਵਸਤੂ (ਰੋਟੀ, ਪੂੜੀਆਂ ਜਾਂ ਮਿਠਾਈ ਆਦਿਕ) ਵੰਡ ਖਵਾ ਕੇ – ਫਿਰ ਨਾਮ ਜਪਾਇਆ ਕਰਦੇ ਤੇ ਤਕੀਦ ਕਰਦੇ ਕਿ ਸਵੇਰੇ ਪ੍ਰਭਾਤੇ ਉਠ ਕੇ ਇਸ਼ਨਾਨ ਕਰਨ ਵੇਲੇ ਸ੍ਰੀ ਜਪੁਜੀ ਸਾਹਿਬ ਬਾਣੀ ਜਾਂ ਜਾਪ ਸਾਹਿਬ ਦਾ ਪਾਠ ਕੀਤਾ ਕਰੀਏ। ਤਦ ਕਈ ਸਾਥੀ ਬਾਲਕ ਆਖਦੇ ਸਾਨੂੰ ਬਾਣੀ ਯਾਦ ਨਹੀਂ, ਜੇ ਥੋੜੀ ਯਾਦ ਵੀ ਕੀਤੀ ਹੈ, ਤਦ ਪਾਠ ਕਰਦੇ ਭੁਲ ਹੋ ਜਾਂਦੀ ਹੈ, ਅਸ਼ੁਧ ਬਾਣੀ ਪੜੀ ਦਾ ਦੋਸ਼ ਲਗੇਗਾ। ਇਸ ਦੇ ਜਵਾਬ ਵਿਚ ਆਖਦੇ ਕਿ ਪਾਠ ਦੇ ਸ਼ੁਰੂ ਵਿਚ ਅਤੇ ਅਗਰੋਂ ਇਸ ਗੁਰੂ ਮੰਤਰ (ਆਤਮਕ ਮੰਤਰ) ੧ ਓ ਸਤਿਨਾਮ ਸ੍ਰੀ ਵਾਹਿਗੁਰੂ ਮੰਤਰ ਦਾ ਉਚਾਰਨ ਕਰ ਲਿਆ ਜਾਏ ਤਾਂ ਉਸ ਭੁਲ ਭੁਲੇਖੇ ਵਿਚ ਕੀਤੇ ਪਾਠ ਦੀ ਭੁਲ ਬਖਸ਼ੀ ਜਾਂਦੀ ਹੈ ਦਸਦੇ ਕਿ– ੧ ਓ ਸਤਿਨਾਮ ਸ੍ਰੀ ਵਾਹਿਗੁਰੂ ਮੰਤਰ (ਇਸ ਆਤਮਕ ਮੰਤਰ) ਦਾ ਜਾਪ ਵੀ ਜਰੂਰ ਕਰੀਏ।

ਨੋਟ– ਇਹ ਵਿਚਾਰ--ਬੀਰ ਖ੍ਰਿਗੋਸ਼ ਗ੍ਰੰਥ ਦੇ ੧ ਸਕੈਂਧ, ਧਿਆਏ ੩੩ ਸਵਾ ੪੪੦ ਤੋਂ ਲਿਖਿਆ ਹੈ ਜੋ ਬੜੀ ਹੈਰਾਨੀ ਦੀ ਗਲ ਹੈ ਕਿ ਸੀ ਮੂਲ ਮੰਤਰ ਨੂੰ ਵੀ ਸੰਖੇਪ ਰੂਪ ਵਿਚ ੧੦ ਅਖਰਾਂ ਵਿਚ ਸਮੋਇਆ ਦਸਿਆ ਹੈ ਅਤੇ ਇਕ ਐਸੀ ਨਿਰਮਲ ਆਤਮਾ ਪੂਰਬ ਜਨਮ ਦੇ ਤਪਸ੍ਵੀ ਬਾਲਕੋ ਸੰਤ ਨੈ ਦਸਿਆ ਹੈ।

ਫੌਜ ਦੀ ਨੌਕਰੀ

ਸੰਤ ਬੀਰ ਸਿੰਘ ਦੀ ਉਮਰ ੧੬ ਸਾਲ ਦੀ ਹੋਈ ਵੇਲੇ ਇਨਾਂ ਦੇ ਪਿਤਾ ਭਾਈ ਸੋਵਾ ਸਿੰਘ ਅਟਾਰੀ ਵਾਲੇ ਸਰਦਾਰ ਸ਼ਾਮ ਸਿੰਘ ਵਾਲੀ ਫੌਜ ਵਿਚ ਨੌਕਰ ਸਨ, ਤੇ ਰੰਗੇ ਟੁਭਏ ਦੀ ਥਾਂ ਤੇ ਸਨ, ਪਰ ਪਹਿਲੀ ਵੇਰ ਮੁਲਤਾਨ ਦੀ ਲੜਾਈ ਜੋ ਸਿੰਘਾਂ ਦੀ ਤੁਰਕਾਂ ਨਾਲ ਹੋਈ ਸੀ। ਉਸ ਵਿਚ ਸੋਵਾ ਸਿੰਘ ਜੀ ਮਾਰੇ ਗਏ ਸਨ। ਤਦ ਬੀਰ ਸਿੰਘ ਜੀ ਜੋ ਚੜਦੀ ਜਵਾਨੀ ਵਿਚ ਸਨ। ਸਰਦਾਰ ਸ਼ਾਮ ਸਿੰਘ ਜੀ ਪਾਸ ਗਏ ਤੇ ਉਨਾਂ ਨੇ ਇਨਾਂ ਨੂੰ ਪਿਤਾ ਸੋਵਾ ਸਿੰਘ ਦੀ ਥਾਂ ਤੇ ਭਰਤੀ ਕਰ ਲਿਆ ਸੀ। ਇਨਾਂ ਦੀ ਧਾਰਮਕ ਰੁਚੀਆਂ, ਸਾਖੀਆਂ ਨਾਲ ਮੇਲ ਮਿਲਾਪ, ਗੁਰ ਬਾਣੀ ਪਿਆਰ ਤੇ ਫੌਜੀ ਨੌਕਰੀ ਦੇ ਵਿਹਾਰ ਨੂੰ ਥੋੜੇ ਅਰਸੇ ਵਿਚ ਹੀ ਪਰਖ ਕੇ ਸਰਦਾਰ ਸ਼ਾਮ ਸਿੰਘ ਨੇ ਇਨਾਂ ਤਾਂਈ ਪਹਿਰਾ ਮੁਆਫ ਤੇ ਅਸਵਾਰੀ ਵਾਸਤੇ

Scanned with CamScanner

ਘੋੜਾ ਵੀ ਬਖਸ਼ਿਆ ਕਿ ਸਵਾਰੀ ਵਿਚ ਪ੍ਰਪੱਕ ਹੋ ਕੇ ਨੈਜਾ ਬਾਜ਼ੀ ਤੇ ਦੁੜਾਵਾਨ ਕੁਦਾਵਨ ਵਿਚ ਚੁਸ਼ਿਆਰ ਹੋ ਜਾਣ।

ਇਥੇ ਫੌਜ ਵਿਚ ਆਪ ਦਾ ਪਹਿਰ ਰਾਤ ਰਾਤ ਰਹਿੰਦੀ ਇਸ਼ਨਾਨ, ਤੇ ਸਿਮਰਨ-ਧਿਆਨ ਵਿਚ ਸਮਾਂ ਸਫਲ ਕਰਨਾ ਪਹਿਲੇ ਨਾਲੋਂ ਜ਼ਿਆਦਾ ਅਭਿਆਸ ਵਧ ਗਿਆ ਸੀ ਕਿਉਂਕਿ ਫੌਜੀ ਕਵਾਇਦ, ਘੋੜ ਸਵਾਰੀ ਤੋਂ ਵਖਰੇ ਘੋੜੇ ਦੀ ਸੰਭਾਲ ਦੇ ਨਾਲ ਨਾਲ ਮਨ ਕਰਕੇ –"ਅਜਪਾ ਜਾਪ ਨ ਵੀਸਰੈ" ਐਸੀ ਸਹਿਜ ਅਵਸਥਾ ਬਣਦੀ ਜਾ ਰਹੀ ਸੀ ਤੇ ਜੋ ਕੁਝ ਤਨਖਾਹ ਦਾ ਰੁਪਿਆ ਪੈਸਾ ਮਿਲਦਾ, ਅੱਧਾ ਸੰਗੀ ਸਾਥੀਆਂ ਨਾਲ ਮਿਲਕੇ ਸਤਿਸੰਗ ਕੀਤੇ ਵੇਲੇ ਪ੍ਰਸ਼ਾਦ ਰੂਪ ਵਿਚ ਵਸਤੂ ਖਰੀਦ ਕੇ ਵੰਡ ਦਿਤਾ ਕਰਦੇ ਸਨ। ਆਪ ਦੀ ਇਸ ਤਰਾਂ ਦੀ ਉਦਾਰਤਾ ਤੇ ਨਿਸਕਾਮਤਾ ਉਤੇ ਆਪ ਜੀ ਕੈਮਪਨੀ ਦੇ ਨਿਹਛਲ ਫੌਜੀ ਸਾਥੀ ਹੈਰਾਨ ਹੁੰਦੇ ਸਨ ਕਿ ਇਹ ਕੋਈ ਦੇਵਤਾ ਪੁਰਸ਼ ਹੈ ਜਿਸਨੂੰ ਪੈਸਿਆਂ ਨਾਲ ਇੰਤਨਾ ਮੋਹ ਪਿਆਰ ਨਹੀਂ ਹੈ ਜਿਤਨਾ ਸਤਿਸੰਗੀਆਂ ਨਾਲ ਵੰਡ ਛਕਣ ਵਿਚ ਖੁਸ਼ੀ ਮੰਨਦਾ ਹੈ।

ਕੁਝ ਸਾਲ ਨੌਕਰੀ ਕਰਦਿਆਂ ਬੀਤ ਗਏ ਸਨ ਤਾਂ ਦੂਜੇ ਫੌਜੀ ਜਵਾਨਾਂ ਨਾਲ ਛੁਟੀ ਲੈ ਕੇ ਘਰ ਨੂੰ ਆਏ। ਇਥੇ ਆ ਕੇ ਪਿੰਡ ਗਗੋਂ ਬੂਦੇ ਵਿਚ ਡੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਦਾ ਇਤਿਹਾਸਕ ਗੁਰਦਵਾਰਾ ਸੀ। ਇਥੇ ਦੇਵੇਂ ਵੇਲੇ ਸਤਿਸੰਗ ਵਿਚ ਸ਼ਾਮਲ ਹੋ ਕੇ ਕਥਾ ਕੀਰਤਨ ਦਾ ਰਸ ਮਾਣਦੇ ਸਨ। ਜੋ ਕੋਈ ਸਾਧੂ ਅਭਿਆਗਤ ਆਪ ਦੇ ਪਿੰਡ ਇਸ ਗੁਰਦਵਾਰੇ ਵਿਚ ਆਏ ਟਿਕੇ ਤਾਂ ਇਨਾਂ ਦੀ ਜਿਤਨੀ ਸੇਵਾ ਆਪਣੇ ਘਰ ਤੋਂ ਲਿਆਂਦੀ ਵਸਤੂ ਤੋਂ ਵਧ ਲੁਜ਼ੀਦੀ ਹੁੰਦੀ–ਪਿੰਡ ਤੋਂ ਮੰਗ ਲਿਆ ਕੇ ਪੂਰੀ ਲਗਨ ਨਾਲ ਅਤਿਥੀ ਸੇਵਾ ਨਿਭਾਹਿਆ ਕਰਦੇ ਰਹੇ। ਪੈਂਤੂ ਲੋਕ ਵੀ ਦਿਨਾਂ ਦੀ ਇਸ ਉਦਾਰਤਾ ਤੇ ਸੇਵਾ ਭਾਵ ਵਿਚ ਗਿਝੇ ਹੋਇਆ ਤੇ ਕਿਸੇ ਗਲ ਤੋਂ ਇਨਕਾਰ ਨਹੀਂ ਕਰਦੇ ਸਨ ਕਿਉਂਕਿ ਸਤਸੰਗੀਆਂ ਲੋਕਾਂ ਨੇ ਕਈ ਵੇਰ ਇਹ ਵਾਕ ਸੁਣੇ ਹੋਏ ਸਨ :—

"ਕਬੀਰ ਸੁਪਨੈ ਹੂੰ ਬਰੜਾਏ ਕੈ ਜਿਹ ਮੁਖ ਨਿਕਸੈ ਰਾਮ ॥
ਦੇਹੀ ਕਿਸ ਕੀ ਬਾਪਰੀ ਪਵਿਤ੍ਰ ਹੋਇਗੋ ਗ੍ਰਾਮ ॥"

ਸਾਦੇ ਲੋਕੀ ਇਹੋ ਸਮਝਦੇ ਸਨ ਕਿ ਇਹ ਕੋਈ ਪਰਉਪਕਾਰੀ ਆਤਮਾ ਹੈ ਸਿਰਫ ਆਪਣਾ ਹੀ ਨਹੀਂ ਸਰਬਤ ਦਾ ਭਲਾ ਮੰਗਣ ਵਾਲਾ ਗੁਰੂ ਕਾ ਸਿਖ ਹੈ।

ਡਾਕੂਆਂ ਹਥੀਂ ਜ਼ਖਮੀ ਹੋਏ

ਸਿਪਾਹੀ ਬੀਰ ਸਿੰਘ ਅਜੇ ਛੁਟੀ ਕਟਦੇ ਪਿੰਡ ਵਿਚ ਹੀ ਸਨ ਕਿ ਇਕ ਦਿਨ ਬਹੁਤ ਸਾਰੇ ਧਾੜਵੀ ਬੰਦੂਕਾਂ, ਛਵੀਆਂ ਕੁਲਹਾੜੀਆਂ ਤੇ ਬਰਛੀਆਂ ਨਾਲ ਲੈਸ ਹੋਏ ਗਗੂ ਬੂਦੇ ਪਿੰਡ ਨੂੰ ਲੁਟਣ ਵਾਸਤੇ ਆ ਧਮਕੇ। ਨਗਰ ਵਾਸੀਆਂ ਨੇ ਇਕਠੇ ਹੋ ਕੇ ਇਨਾਂ ਦਾ ਮੁਕਾਬਲਾ ਸ਼ੁਰੂ ਕੀਤਾ ਦੁਪਾਸੀ ਬਹੁਤ ਵੱਡੇ ਮਾਰੇ ਗਏ ਸਨ। ਇਸ ਮੁਕਾਬਲੇ ਵੇਲੇ ਭਾਈ ਬੀਰ ਸਿੰਘ ਵੀ ਪੈਂਤੂ ਜਵਾਨਾਂ ਨਾਲ ਮਿਲ ਕੇ ਮੁਕਾਬਲਾ ਕਰਦੇ ਰਹੇ ਤੇ ਇਕ ਡਾਕੂ ਦੇ ਸਿਰ ਪਰ ਉਛਲ ਕੇ ਐਸੀ ਖੜਗ ਚਲਾਈ ਕਿ ਜਿਵੇਂ ਫੋਲ ਨਾਲੋਂ ਲੱਕੂ ਟੁਟ ਜਾਂਦਾ ਹੈ ਡਾਕੂ ਦਾ ਸਿਰ ਗਰਦਨ ਤੋਂ ਵਖ ਹੋ ਕੇ ਜ਼ਮੀਨ ਤੇ ਡਿਗ ਪਿਆ ਤਦ ਇਸ ਡਾਕੂ ਦੇ ਭ੍ਰਾਤਾ ਨੇ ਬਹੁਤ ਕ੍ਰੋਧ ਨਾਲ ਆਪਣੀ ਬਰਛੀ ਸਿਪਾਹੀ ਬੀਰ ਸਿੰਘ ਜੀ ਦੀ ਛਾਤੀ ਵਿਚ ਖੁਭੋ ਦਿਤੀ, ਪਰ ਬੀਰ ਸਿੰਘ ਜੀ ਨੇ ਉਹੀ ਬਰਛੀ ਆਪਣੇ ਹੀ ਹਥ ਨਾਲ ਖਿਚ ਕੇ ਬਾਹਰ ਕਢ ਲਈ ਤੇ ਉਸ ਮਾਰਨ ਵਾਲੇ ਦੀ

ਛਾਤੀ ਵਿਚ ਇਤਨੀ ਜ਼ੋਰ ਦੀ ਖੁਭੋ ਦਿਤੀ ਕਿ ਦੁਪਾਰ ਨਿਕਲ ਗਈ ਤੇ ਉਹ ਵੀ ਉਥੇ ਹੀ ਮੱਰ ਗਿਆ ਸੀ। ਇਸ ਵੇਲੇ ਡਕੈਤੀਆਂ ਨੇ ਜਦੋਂ ਆਪਣੇ ਦੇਵੇਂ ਸਰਦਾਰ ਮਰ ਗਏ ਦੇਖੇ ਤਦ ਬਾਕੀ ਦੇ ਜ਼ਖਮੀਆਂ ਤੇ ਮੋਇਆਂ ਨੂੰ ਇਏ ਹੀ ਛਡ ਕੇ ਨਸ ਗਏ ਸੀ। ਭਾਈ ਬੀਰ ਸਿੰਘ ਜੀ ਨੂੰ ਅਕਾਲ ਪੁਰਖ ਨੇ ਰਖਿਆ ਕੀਤੀ–ਬਲ ਬਖਸ਼ਿਆ ਤੇ ਅਪਨੇ ਜ਼ਖਮ ਨੂੰ ਕਪੜੇ ਨਾਲ ਕਸ ਕੇ ਇਨਾਂ ਨੇ ਆਪੇ ਬੈਠ ਲਿਆ ਸੀ ਤੇ ਦੋੜੇ ਦਿਨਾਂ ਬਾਅਦ ਤੰਦਰੁਸਤ ਹੋ ਕੇ ਫਿਰ ਆਪਣੀ ਨੌਕਰੀ ਤੇ ਜਾ ਹਾਜਰ ਹੋਏ ਸੀ। ਆਪ ਦੀ ਇਸ ਬਹਾਦਰੀ ਤੇ ਦਲੇਰੀ ਦੀ ਧਾਕ ਸਾਰੇ ਇਲਾਕੇ ਵਿਚ ਫੈਲ ਗਈ ਸੀ ਤੇ ਪਲਟਨ ਵਿਚ ਹਾਜਰ ਹੋਣ ਵੇਲੇ ਵੀ ਸਾਥੀਆਂ ਨੂੰ ਸੁਣਾ ਕੇ ਹੈਰਾਨ ਕਰ ਦਿਤਾ ਸੀ।

ਮਹਾਰਾਜਾ ਰਣਜੀਤ ਸਿੰਘ ਦੀ ਕਸ਼ਮੀਰ ਪਰ ਚੜਾਈ

ਸੰਮਤ ੧੮੭੫ ਵਿਚ ਸਰਦਾਰ ਰਣਜੀਤ ਸਿੰਘ ਨੇ ਜਦੋਂ ਕਸ਼ਮੀਰ ਪਰ ਚੜਾਈ ਕੀਤੀ ਸੀ ਉਸ ਪਲਟਨ ਵਿਚ ਸੰਤ ਬੀਰ ਸਿੰਘ ਵੀ ਸ਼ਾਮਲ ਸਨ ਤੇ ਇਸ ਸਾਰੀ ਫੌਜ ਦੀ ਗਿਣਤੀ ੬–੭ ਹਜਾਰ ਦੇ ਕਰੀਬ ਸੀ। ਜੋ ਵਾਹੀ ਦਾਹੀ ਕਰਦੇ ਕੁਝ ਸ਼ੋਰ ਗੜੀ ਤੀਕ ਪੁਜੇ ਸੀ। ਪਿਛੋ ਤੋਂ ਸਰਦਾਰ ਰਣਜੀਤ ਸਿੰਘ ਵੀ ਹੋਰ ਬਹੁਤ ਸਾਰੀ ਸੈਨਾ ਲੈ ਕੇ ਕਸ਼ਮੀਰ ਵਲ ਅਗੇ ਵਧੀ ਸੈਨਾ ਦੀ ਮਦਦ ਵਾਸਤੇ ਚਲ ਪਏ, ਅਤੇ ਕਸ਼ਮੀਰ ਤੋਂ ਕੁਝ ਕੋਹਾਂ ਉਰੇਰੇ ਹੀ ਪੀਰ ਪੰਜਾਲ ਨਾਮੀ ਪਹਾੜ ਦੇ ਹੇਠਾਂ ਛਪ੍ਰਿਆ ਨਾਮੀ ਗ੍ਰਾਮ ਵਿਚ ਮਹਾਰਾਜਾ ਸਾਹਿਬ ਪਹੁੰਚੇ ਤਦ ਰਾਜੌਰੀ ਵਾਲੇ ਅਜਖਾਨ ਅਤੇ ਭਿੰਡਰਾਂ ਵਾਲੇ ਸੁਲਤਾਨ ਖਾਨ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਧੋਖਾ ਦੇ ਮੋੜ ਦਿਤਾ ਕਿ ਅਗੇ ਜਾਣਾ ਆਪ ਵਾਸਤੇ ਠੀਕ ਨਹੀਂ ਹੈ। ਆਪ ਦੀ ਸਾਰੀ ਸੈਨਾ ਜੋ ਅਗੇ ਗਈ ਹੈ ਮਾਰੀ ਗਈ ਹੈ। ਮਹਾਰਾਜਾ ਨੇ ਇਸ ਗਲ ਨੂੰ ਸਚ ਮੰਨ ਕੇ ਪਿਛੇ ਨੂੰ ਪਰਤਣਾ ਸ਼ੁਰੂ ਕੀਤਾ ਪਰ ਉਨ੍ਹਾਂ ਹੀ ਧੋਖੇਬਾਜ਼ਾਂ ਨੇ ਉਧਰ ਕਸ਼ਮੀਰੀ ਹਾਕਮਾਂ ਨੂੰ ਖਬਰ ਕਰਾਈ ਕਿ ਅਸਾਂ ਨੇ ਧੋਖਾ ਦੇ ਕੇ ਮਹਾਰਾਜਾ ਨੂੰ ਪਿਛੇ ਮੋੜ ਦਿਤਾ ਹੈ– ਹੁਣ ਤੁਸੀਂ ਇਧਰ ਸਿਖ ਫੌਜ ਨੂੰ ਘੇਰ ਕੇ ਮਾਰ ਸਕਦੇ ਹੋ। ਐਸਾ ਹੀ ਹੋਇਆ, ਤੇ ਤੁਰਕ ਸੈਨਾ ਨੇ ਹੱਲਾ ਬੋਲ ਕੇ ਸਿਖ ਸੈਨਾ ਨੂੰ ਘੇਰੇ ਵਿਚ ਲੈ ਕੇ ਲੜਾਈ ਸ਼ੁਰੂ ਕਰ ਦਿਤੀ।

ਮਹਾਰਾਜਾ ਰਣਜੀਤ ਸਿੰਘ ਅਜੇ ਪੀਰ ਪੰਜਾਲ ਤੋਂ (ਜਿਸ ਦੀ ਉਚਾਈ ੪ ਕੋਹ ਤੋਂ ਵਧੇਰੇ ਉਚੀ ਹੈ) ਹੇਠਾਂ ਆ ਕੇ ਡੇਰਾ ਹੀ ਜਮਾਇਆ ਸੀ ਤੇ ਉਧਰ ਪਹਿਲੇ ਜਾ ਚੁਕੇ ਸਿਖ ਫੌਜ ਨੂੰ ਪਤਾ ਹੋਇਆ ਕਿ ਮਹਾਰਾਜਾ ਰਣਜੀਤ ਸਿੰਘ ਪਿਛੇ ਨੂੰ ਪਰਤ ਗਏ ਹਨ ਤਦ ਸਾਰਿਆਂ ਦੇ ਹੌਸਲੇ ਟੁਟ ਗਏ ਸੀ ਫਿਰ ਵੀ ਤੀਰ ਗੋਲੀ ਦੀ ਲੜਾਈ ਲੜਦੇ ਹੋਇਆਂ ਪਿਛੇ ਨੂੰ ਪਰਤਦੇ ਰਹੇ ਪਰ ਇਸ ਲੜਾਈ ਵਿਚ ਸਿਪਾਹੀ ਬੀਰ ਸਿੰਘ ਜੀ ਦੇ ਪੱਟ ਵਿਚ ਗੋਲੀ ਵੱਜੀ ਤੇ ਸਖਤ ਜ਼ਖਮੀ ਹੋ ਕੇ ਪਹਾੜ ਦੀ ਦੌਟੀ ਉਤੇ ਬੈਠ ਗਏ। ਨਾਲ ਸਿਪਾਹੀ ਸੇਵਕ ਨੇ ਜਿਸ ਨੇ ਬਿਸਤਰਾ ਉਠਾਇਆ ਹੋਇਆ ਸੀ ਬੇਨਤੀ ਕੀਤੀ ਕਿ ਮੈਂ ਆਪ ਜੀ ਨੂੰ ਡੰਘੇ ਤੇ ਉਠਾਇ ਕੇ ਚਲਦਾ ਰਹਾਂਗਾ– ਇਥੇ ਬੈਠਣਾ ਠੀਕ ਨਹੀਂ ਹੈ, ਤਦ ਆਪ ਨੇ ਕਿਹਾ ਤੁਸੀਂ ਚਲਦੇ ਜਾਉ ਅਸੀਂ ਤੁਹਾਡੇ ਤੋਂ ਪਹਿਲੇ ਹੀ ਅਗਲੇ ਮੁਕਾਮ ਪਰ ਪਹੁੰਚ ਜਾਂਗੇ, ਤਿੰਨ ਵੇਰ ਐਸਾ ਕਿਹਾ– ਤੇ ਸਾਥੀਆਂ ਨੇ ਇਨਾਂ ਨੂੰ ਇਥੇ ਹੀ ਛਡ ਕੇ ਅਗੇ ਨੂੰ ਚਾਲੇ ਪਾ ਦਿਤੇ– ਪਰ ਪੀਰ ਪੰਜਾਲ ਦੇ ਉਤੇ ਇਕ 'ਧਮਕ' ਨਾਮੀ ਬੁਰਜ ਹੈ ਤਿਸ ਬੁਰਜ ਦੇ ਕੋਲ ਜਦੋਂ ਸਾਰੇ ਸਾਥੀ ਅਪੜੇ ਤਦ ਕੀ ਦੇਖਿਆ ਜੋ ਬਾਬਾ ਬੀਰ ਸਿੰਘ ਇਨਾਂ ਤੋਂ ਪਹਿਲੇ ਹੀ ਲੱਤਾਂ ਪਸਾਰ ਕੇ ਬੈਠੇ ਸਨ ਤੇ ਪੱਟ ਵਿਚੋਂ ਖੂਨ ਵਗਦਾ ਪਿਆ ਸੀ, ਸਾਰੇ ਸਾਥੀ ਹੁਣ ਹੈਰਾਨ ਸਨ ਕਿ ਇਹ ਕਿਵੇਂ– ਇਥੇ ਅਪੜੇ ਅਤੇ ਕਿਸ ਸ਼ਕਤੀ ਨੇ ਐਸੀ ਹਾਲਤ ਵਿਚ ਇਨਾਂ ਨੂੰ ਇਥੇ

Scanned with CamScanner

ਪਹੁੰਚਾਇਆ ਹੈ ? ਇਸ ਤਰਾਂ ਨਾਲ ਸਿਖ ਸੈਨਾ ਕਸ਼ਮੀਰ ਤੋਂ ਮੁੜ ਪਰਤ ਕੇ ਲਾਹੌਰ ਪਹੁੰਚੀ ਤੇ ਬਾਬਾ ਬੀਰ ਸਿੰਘ ਵੀ ਲਾਹੌਰ ਵਿਚ ਆਏ ਤੇ ਕੁਝ ਦਿਨਾਂ ਮਗਰੋਂ ਮੁੜ ਤਿਆਰ ਬਰ ਤਿਆਰ (ਤੰਦਰੁਸਤ) ਹੋ ਗਏ ਸਨ।

ਫੇਰ ਮੁਲਤਾਨ ਪਰ ਚੜਾਈ

ਉਪ੍ਰੰਤ ਇਸੇ ਸਾਲ ਸੰਮਤ ੧੮੭੫ ਵਿਚ ਹੀ ਕੁਝ ਮਹੀਨਿਆਂ ਮਗਰੋਂ ਸਰਦਾਰ ਰਣਜੀਤ ਸਿੰਘ ਨੇ ਮੁਲਤਾਨ ਪਰ ਚੜਾਈ ਕੀਤੀ। ਪਹਿਲੀ ਵੇਰ ਦੀ ਮੁਲਤਾਨ ਪਰ ਸਿਖ ਫੌਜ ਵਿਚ (ਬੀਰ ਸਿੰਘ ਦੇ ਪਿਤਾ) ਭਾਈ ਸੇਵਾ ਸਿੰਘ ਸਨਮੁਖ ਲੜਦੇ ਸ਼ਹੀਦ ਹੋਏ ਸਨ, ਤੇ ਹੁਣ ਦੂਜੀ ਵੇਰ ਦੇ ਹਲੇ ਵਿਚ ਸੰਤ ਬੀਰ ਸਿੰਘ ਵੀ ਸ਼ਾਮਲ ਸਨ।

ਉਧਰ ਮੁਲਤਾਨ ਦੇ ਸੂਬੇ ਮੁਜੱਫਰ ਖਾਨ ਨੇ ਵੀ ਪੂਰੀ ਤਿਆਰੀ ਕਰ ਰਖੀ ਸੀ ਅਤੇ ਕਿਲ੍ਹੇ ਦੇ ਅੰਦਰ ਤੋਂ ਬਾਹਰ ਦੀ ਸਿਖ ਫੌਜ ਪਰ ਬੰਦੂਕ ਗੋਲੀ ਤੇ ਤੀਰਾਂ ਦੇ ਵਾਰ ਸ਼ੁਰੂ ਕਰ ਦਿਤੇ ਸਨ, ਬੀਰ ਮ੍ਰਿਗੇਸ਼ ਵੇ ਲੇਖਕ (ਪੰਡਿਤ ਸ਼ੇਰ ਸਿੰਘ) ਐਸਾ ਸੁਣਿਆ ਵੀ ਲਿਖਿਆ ਕਿ ਇਸ ਵੇਲੇ ਮੁਜੱਫਰ ਖਾਨ ਦੀ ਸ਼ੁਭਵਾਨ ਬੇਟੀ ਨੇ ਪਿਤਾ ਨੂੰ ਬਹੁਤ ਸਮਝਾਇਆ ਕਿ ਉਹ ਲੜਾਈ ਕੀਤੇ ਬਗੈਰ ਹੀ ਸਿਖ ਫੌਜ ਦੀ ਤਾਬੇਦਾਰ ਨੂੰ ਮੰਨ ਕੇ ਅਨੁਸਾਰੀ ਹੋਏ ਰਹੋ ਪਰ ਉਹ ਨਹੀਂ ਮੰਨਿਆ ਸੀ ਤੇ ਲੜਾਈ ਛਿੜ ਚਿਤੀ ਸੀ ਐਸੇ ਕਈ ਵਿਨਾਂ ਤੀਕ ਤਾਂ ਤੀਰ ਗੋਲੀ ਦੀ ਲੜਾਈ ਰਹੀ। ਕਿਲੇ ਅੰਦਰ ਤੋਂ ਜਦੋਂ ਤੋਪ ਗੋਲੇ ਵਰ੍ਹਨੇ ਸ਼ੁਰੂ ਹੋਏ ਤਦ ਬਾਹਰ ਤੋਂ ਸਿਖ ਫੌਜ ਨੇ ਭੰਗੀ ਸਰਦਾਰਾਂ ਦੀ ਤੋਪ ਦਾ ਮੂੰਹ ਸਿਧਾ ਕਰ ਤੋਪ ਦਾ ਗੋਲਾ ਛਡਿਆ । (ਜੋ ਲਾਹੌਰ ਤੋਂ ਮੰਗਵਾਈ ਗਈ ਸੀ) ਤੇ ਸ਼ਾਹਜ਼ਾਦਾ ਖੜਗ ਸਿੰਘ ਆਪਣੀ ਫੌਜ ਨਾਲ ਲਿਆਇਆ ਸੀ । (ਇਸ ਤੋਪ ਵਿਚ ਸਵਾ ਮਨ ਦਾ ਵਜਨੀ ਗੋਲਾ ਪੈ ਦਾ ਸੀ) ਇਸ ਤੋਪ ਦੇ ਫੇਰ ਤੋਂ ਛਡਿਆ ਗੋਲਾ ਜਦੋਂ ਕਿਲੇ ਅੰਦਰ ਦੀ ਇਕ ਹਵੇਲੀ ਤੇ ਬੁਰਜ ਨੂੰ ਜਾਏ ਵੱਜਾ ਜੋ ਪੰਜ ਮੰਜ਼ਲੀ ਛੱਤ ਸੀ ਧਮਾਕੇ ਨਾਲ ਉਹ ਬੁਰਜ ਉਡ ਕੇ ਤਿੰਨ ਕੋਹਾਂ ਉਤੇ ਜਾਏ ਡਿਗਾ ਤੇ ਪੰਜ ਮੰਜ਼ਲੀ ਛੱਤ ਸਾਰੇ ਉਤੇ ਦੇ ਕਮਰਿਆਂ ਸਮੇਤ ਗਿਰ ਕੇ ਚਿਕਨਾਂ ਚੂਰ ਹੋ ਗਈ ਤੇ ਸੈਂਕੜੇ ਛੋਟੇ ਵੱਡੇ ਬੰਦੇ ਅੰਦਰ ਦੱਬ ਕੇ ਮਰ ਗਏ ਸਨ।

ਇਸ ਵੇਲੇ ਅੰਦਰ ਤੋਂ ਯਾ ਅਲੀ, ਯਾ ਅਲੀ ਅਤੇ ਬਾਹਰ ਤੋਂ ਸਤਿ ਸ੍ਰੀ ਅਕਾਲ ਦੇ ਜੈਕਾਰੇ ਗੂੰਜ ਰਹੇ ਸਨ। ਸਿਖਾਂ ਨੇ ਦੂਜੀ ਵਾਰ ਫੇਰ ਤੋਪ ਦਾਗੀ ਤਾਂ ਕਿਲੇ ਦੀ ਬਾਹੀ ਉਤੋਂ ਤੋਂ ਟੁਟ ਗਿਰੀ ਤੇ ਢੱਖਾ ਪਾਣ ਪੈ ਗਿਆ ਸੀ—ਤੀਜੀ ਵੇਰ ਦੇ ਗੋਲੇ ਨਾਲ ਕਿਲੇ ਦੀ ਦੀਵਾਰ ਟੁਟ ਗਈ ਤੇ ਫੌਜ ਦੇ ਅੰਦਰ ਵੜ ਜਾਣ ਨਾਂਲ ਘਮਸਾਣ ਦੀ ਜੰਗ ਛਿੜ ਪਈ ਤੇ ਖੂਬੀ ਵਿਚ ਭਰਪੂਰ ਸਿਖਾਂ ਵਲੋਂ ਸਤਿ ਸ੍ਰੀ ਅਕਾਲ ਦੇ ਜੈਕਾਰੇ ਗੂੰਜ ਰਹੇ ਸਨ। ਦੁਪਾਸੀ ਤੀਰ ਗੋਲੀਆਂ ਦੀ ਮਾਨੋ ਵਰਖਾ ਬਰਸ ਰਹੀ ਹੈ, ਇਸ ਵੇਲੇ ਐਸੀ ਮਚੀ ਲੜਾਈ ਵਿਚ ਆਪਣੇ ਹਜ਼ਾਰਾਂ ਜਵਾਨ ਮਰਦੇ ਦੇਖ ਕਰ ਮੁਜੱਫਰ ਖਾਨ ਨੇ ਆਪਣੀ ਮੌਤ ਤੋ ਜਾਣੀ ਯਕੀਨੀ ਜਾਣੀ, ਤਦ ਸਵਾ ਲੱਖ ਦੀ ਕੀਮਤੀ ਪੁਸ਼ਾਕ ਪਹਿਨੇ ਇਕ ਬਹੁਤ ਕੀਮਤੀ ਘੋੜੇ ਪਰ ਸਵਾਰ ਹੋ ਕੇ ਕੁਝ ਸਾਥੀ ਜਵਾਨ ਨਾਲ ਲੈ ਕੇ ਬਾਹਰ ਨਿਕਲ ਆਇਆ ਤੇ ਤੀਰ ਗੋਲੀ ਦੀ ਲੜਾਈ ਵੰਦ ਕਰਾ ਕੇ ਕਿਹਾ ਕਿ ਸਨਮੁਖ ਤਲਵਾਰ ਦੀ ਲੜਾਈ ਮੇਰੇ ਨਾਲ ਲੜੀ ਜਾਏ, ਮੇਰੇ ਅਤੇ ਆਪ ਦੇ ਕਿਸੇ ਸੂਰਬੀਰ ਦੀ ਬਹਾਦਰੀ ਦੀ ਪਰਖ ਹੋ ਜਾਏ।

ਇਹ ਗੱਲ ਮੰਨ ਲਈ ਗਈ ਤੇ ਇਸ ਨਾਲ ਲੜਨ ਵਾਸਤੇ ਇਕ ਸੂਰਬੀਰ ਬੰਦੀ ਸਾਹਿਬਜ਼ਾਦਾ

ਨਿਤਰ ਆਇਆ (ਨਾਮ ਨਹੀਂ ਲਿਖਿਆ) ਇਸ ਨੇ ਘੋੜਾ ਦੁੜਾਏ ਕੇ ਮੁਜੱਫਰ ਖਾਨ ਪਰ ਐਸਾ ਤਲਵਾਰ ਦਾ ਵਾਰ ਕੀਤਾ ਕਿ ਉਹ ਬਚਾ ਨਾ ਕਰ ਸਕਿਆ ਤੇ ਉਹਦਾ ਸਿਰ ਧੜ ਤੋਂ ਲੱਖ ਕੇ ਜ਼ਮੀਨ ਪਰ ਜਾ ਡਿਗਾ। ਤਦ ਐਸਾ ਦੇਖ ਕੇ ਤੁਰਕ ਸੈਨਾਂ ਨੇ ਹਾਰ ਮੰਨ ਲਈ ਤੇ ਲੜਾਈ ਬੰਦ ਕਰ ਦਿਤੀ।

ਖਾਲਸੇ ਨੇ ਆਪਣੀ ਜਿਤ ਮਗਰੋਂ ਕਿਲੇ ਨੂੰ ਲੁਟਣਾ ਸ਼ੁਰੂ ਕਰ ਦਿਤਾ ਸੀ ਪਰ ਸਿਖ ਸਰਦਾਰਾਂ ਨੇ ਲੋਕਾਂ ਦੇ ਘਰਾਂ ਨੂੰ ਲੁਟਣਾ ਬੰਦ ਕਰਾ ਕੇ, ਆਪਣੇ ਜ਼ੇਖਮੀਆਂ ਦੀ ਸੰਭਾਲ ਤੇ ਸ਼ਹੀਦਾਂ ਦੇ ਸਸਕਾਰ ਕਰਾ ਕੇ ਅਕਾਲ ਪੁਰਖ ਦਾ ਸ਼ੁਕਰ ਮਨਾਇਆ । ਇਸ ਲੜਾਈ ਵਿਚ ਬਾਬਾ ਬੀਰ ਸਿੰਘ ਦਾ ਸੇਵਕ ਸਿਪਾਹੀ ਵੀ ਮਾਰਿਆ ਗਿਆ ਸੀ ਜੋ ਕਿ ਆਪ ਦੇ ਬਿਸਤਰੇ ਦੀ ਸੰਭਾਲ ਕਰਨ ਵਾਲਾ ਸੀ।

ਇਸ ਯੁਧ ਤੋਂ ਉਪ੍ਰੰਤ ਫਿਰ ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਪਰ ਦੂਬਾਰਾ ਚੜ੍ਹਾਈ ਕਰਕੇ—ਰਾਜੌਰੀ ਤੇ ਭਿੰਡਰਾਂ ਵਾਲੇ ਸਰਦਾਰਾਂ ਨੂੰ ਫੜ ਕੇ ਕੈਦ ਕਰ ਲਿਆ ਤੇ ਖਾਣ ਵਾਸਤੇ ਅੱਧਾ ਛੋਲਿਆਂ ਦਾ ਆਟਾ ਤੇ ਥੋੜਾ ਲੂਣ ਹੀ ਦਿਤਾ ਗਿਆ ਕਿ ਇਹਨਾਂ ਨੇ ਪਹਿਲੇ ਸਰਦਾਰ ਰਣਜੀਤ ਸਿੰਘ ਨੂੰ ਧੋਖਾ ਦੇ ਕੇ ਪਿਛੋ ਨੂੰ ਮੋੜਿਆ ਤੇ ਸਿਖ ਫੌਜ ਨੂੰ ਘੇਰ ਕੇ ਮਾਰਿਆ ਸੀ । ਇਹਨਾਂ ਦੋਹਾਂ ਤੁਰਕ ਸਰਦਾਰਾਂ ਨੂੰ ਹੁਣੇ ਆਪਣੀ ਕੀਤੀ ਦਾ ਫਲ ਭੁਗਤਣਾ ਪੈ ਰਿਹਾ ਸੀ ਤੇ ਸਿਖਾਂ ਨੇ ਵੀ ਇਹਨਾਂ ਨੂੰ ਆਪਣੀ ਕੁਟਲ ਕਰਣੀ ਦਾ ਪੂਰਾ ਪੂਰਾ ਬਦਲਾ ਚੁਕਾਇਆ ਸੀ । ਇਸ ਯੁਧ ਨੂੰ ਜਿਤਣ ਮਗਰੋਂ ਜਦੋਂ ਸਿਖ ਫੌਜ ਖੁਸ਼ੀਆਂ ਦੇ ਵਾਜੇ ਵਜਾਦੇ ਲਾਹੌਰ ਨੂੰ ਪਰਤੇ ਸਨ ਤਦ ਬਾਬਾ ਬੀਰ ਸਿੰਘ ਵੀ ਛੁਟੀ ਲੈਕੇ ਲਾਹੌਰ ਤੋਂ ਆਪਣੇ ਘਰ ਗਗੂਬਾਏ ਨੂੰ ਆਏ, ਸਾਰੇ ਪ੍ਰਵਾਰ ਨੂੰ ਖੁਸ਼ੀ ਹੋਈ, ਮਾਤਾ ਜੀ ਨੂੰ ਆਪ ਨੇ ਨਮਸ਼ਸਕਾਰ ਕੀਤੀ ਤਦ ਉਹਨਾਂ ਨੇ ਮਸਤਕ ਚੁੰਮਿਆ, ਛਾਤੀ ਨਾਲ ਲਾ ਕੇ ਪਿਆਰ ਕੀਤਾ ਤੇ ਵਾਹਿਗੁਰੂ ਦਾ ਸ਼ੁਕਰਾਨਾਂ ਕੀਤਾ ਕਿ ਐਡੇ ਵਡੇ ਯੁਧ ਵਿਚੋਂ ਪੁਤਰ ਬੀਰ ਸਿੰਘ ਖਰਾਵਾਂ ਪਰਤਿਆ ਹੈ ਐਸੇ ਹੀ ਸਾਰੇ ਬਾਲਸਖਾਈ ਮਿਤਰਾਂ ਨੂੰ ਮਿਲੇ।

ਸਿਪਾਹੀ ਬੀਰ ਸਿੰਘ ਪਿਸ਼ੌਰ ਵਿਚ

ਉਕਤ ਬੀਰ ਸਿੰਘ ਨੇ ਆਪਣੇ ਘਰ ਗਗੂ ਬੂਏ ਆਇ ਕੇ ਬਹੁਤ ਦਿਨ ਬਤੀਤ ਕੀਤੇ ਤੇ ਜੋ ਕੋਈ ਸਾਧੂ ਸੰਤ ਅਤਿਥੀ ਗੁਰਦਵਾਰੇ ਵਿਚ ਆਉਂਦਾ, ਉਸ ਦੀ ਸੇਵਾ ਸੰਭਾਲ ਵੀ ਕਰਦੇ। ਫਿਰ ਛੁਟੀ ਪੂਰੀ ਹੋਇ ਨਾਲ ਸਾਰਿਆਂ ਨੂੰ ਮਿਲ ਮਿਲਾ ਕੇ ਆਪਣੀ ਪਲਟਨ ਵਿਚ ਵਾਪਸ ਚਲੇ ਗਏ। ਇਹਨਾਂ ਹੀ ਦਿਨਾ ਵਿਚ ਸਰਦਾਰ ਨਿਹਾਲਸਿੰਘਵਾਲਾ ਬੇੜਾ (ਜਥਾ) ਵੀ ਬਦਲੀ ਹੋਇ ਨਾਲ ਪਿਸ਼ਾਵਰ ਨੂੰ ਗਿਆ। ਉਥੇ ਪਿਸ਼ਾਵਰ ਵਿਚ ਦੂਜੀ ਫੌਜ ਦੀ ਇਕ ਯੂਨਿਟ ਵਿਚ ''ਨੌਰੰਗਾਬਾਦ'' ਦਾ ਇਕ ਚੌਦਾ ਸਿੰਘ ਨਾਮੀ ਸਰਦਾਰ (ਜਗੀਰਦਾਰ) ਜੋ ਰਸਾਲਦਾਰ ਸੀ ਅਤੇ ਬਹੁਤ ਸਤਿਸੰਗੀ ਸੁਭਾਉ ਵਾਲਾ ਗੁਰਮੁਖ ਸਤਿਸੰਗੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀਦਾਰ ਬਿਨਾਂ ਨਾ ਕੁਝ ਖਾਂਦਾ ਨਾ ਕੋਈ ਕੰਮ ਕਰਦਾ ਸੀ ਐਸਾ ਸਤਿਸੰਗੀ ਤੇ ਪਰਉਪਕਾਰੀ ਸੁਭਾਉ ਵਾਲਾ ਸੀ। ਭਾਈ ਬੀਰ ਸਿੰਘ ਜੀ ਦੀ ਇਸ ਨਾਲ ਪਰਮ ਪ੍ਰੀਤਰੀ ਤੇ ਪ੍ਰੀਤ ਹੋ ਗਈ ਦੋਵੇਂ ਮਿਲਦੇ ਤੇ ਸਤਿਸੰਗ, ਭਾਵ ਗੁਰਬਾਣੀ ਅਭਿਆਸ ਵਿਚਾਰ ਤੋਂ ਵਖਰੇ ਸਾਰਿਆਂ ਤੋਂ ਤਲਵਾੜੇ ਜਾ ਕੇ ਸਾਝਤਰ ਅਭਿਆਸ ਵੀ ਕਰਦੇ (ਭਾਵ ਚਾਂਦਮਾਰੀ-ਨਿਸ਼ਾਨੇ ਬਾਜ਼ੀ-ਤੀਰ ਅੰਦਾਜ਼ੀ, ਵਲਵਾਰ ਦੇ ਵਾਰ ਨੂੰ ਨਿਸੀ ਵਾਲ ਤੇ ਬਚਾਵਣਾ ਤੇ ਆਪਣਾ ਸੁਫਲ ਵਾਰ ਕਰਨਾਂ) ਇਹ ਅਭਿਆਸ ਪੜਾਇਆ ਕਰਦੇ ਸਨ। ਪਰ ਮਨ ਕਰਕੇ ਲਗਣ, ਅੰਤ੍ਰੀਵ ਮੁਖ ਸੇਵਾ ਸਿਮਰਨ ਤੇ ਸਤਿਸੰਗ ਨੂੰ ਲੋਚਦੇ।

Scanned with CamScanner

ਇਹਨਾਂ ਦੋਹਾਂ ਦਾ ਆਪੋ ਵਿਚ ਬਹੁਤ ਪਿਆਰ ਵਧ ਗਿਆ ਤੇ ਇਹ ਪਿਆਰ ਕਿਸੇ ਹੋਰ ਭਰੂਆਂ ਆਇਸੀ ਅਧਾਰ ਤੇ ਨਹੀਂ ਸੀ—ਸਗੋਂ ਭਾਈ ਗੁਰਦਾਸ ਦੇ ਫੁਰਮਾਨ ਅਨੁਸਾਰ ਸੀ—

"ਸਜਨ ਕੁਟੰਬ ਧਨ ਧਾਮ ਕਾਹੂੰ ਮੈ ਨ ਦੇਖਿਓ
ਜੈਸੇ ਗੁਰਸਿਖ ਸਾਧ ਸੰਗਤ ਕੋ ਨਾਤਾ ਹੈ ( )

ਇਹ ਗੁਰ ਜੋੜੀ ਦਿਨੇ ਸਰਕਾਰੀ ਨੌਕਰੀ—ਕਵਾਇਦ ਪੂਰੇ—ਜਾਂ ਹੋਰ ਜ਼ਿੰਮੇਦਾਰੀ ਨਿਬਾਹੁੰਦੇ ਰਾਤ ਨੂੰ ਬਹੁਤੀ ਵੇਰ ਗੁਰਦਵਾਰੇ ਵਿਚ ਸ਼ਤਿਸੰਗ ਕਰਦੇ ਤੇ ਦੋ ਪਹਿਰ ਆਰਾਮ ਮਗਰੋਂ ਪ੍ਰਭਾਤ ਵੇਲੇ ਇਸ਼ਨਾਨ ਧਿਆਨ ਮਗਰੋਂ ਫਿਰ ਗੁਰਦਵਾਰੇ ਵਿਚ ਕਥਾ ਕੀਰਤਨ ਵਖਿਆਨ ਕਰਦੇ ਸੁਣਦੇ ਹੁੰਦੇ ਸਨ ਜਾਂ ਕੋਈ ਸਾਧੂ ਸੰਤ ਵਿਦਵਾਨ ਆਏ ਟਿਕੇ ਤਦ ਉਸ ਪਾਸੋਂ ਗੁਰਮਤਿ ਵਿਚਾਰ ਪ੍ਰਚਾਰ ਬੜੇ ਪਿਆਰ ਨਾਲ ਸੁਣਦੇ ਹੁੰਦੇ ਸਨ।

ਇਕ ਵਾਰ ਆਪ ਦੇ ਇਸ ਵੇਲੇ ਗੁਰਦਵਾਰੇ ਵਿਚ ਇਕ ਗੁਰਮੁਖ ਵਿਦਵਾਨ ਸੰਤ ਜੀ ਆਏ ਹੋਏ ਅਤੇ ਅੰਮ੍ਰਿਤ ਵੇਲੇ ਇਸ਼ਨਾਨ ਮਗਰੋਂ ਉਹ ਸ੍ਰੀ ਬਾਵਨ ਅੱਖਰੀ ਦਾ ਪ੍ਰੇਮ ਪੂਰਬਕ ਪਾਠ ਕਰਨ ਲੱਗੇ ਤੇ ਇਹ ਵੇਖੇ—ਬੀਰ ਸਿੰਘ ਤੇ ਦੰਦਾ ਸਿੰਘ ਵੀ ਇਕਾਗਰਚਿਤ ਸਰਵਣ ਕਰ ਰਹੇ ਸਨ। ਉਕਤ ਸੰਤ ਜੀ ਨੇ ਜਦੋਂ ਇਸ ਬਾਵਨ ਅਖਰੀ ਦੀ ਪਵਿਤਰ ਬਾਣੀ ਦਾ ਫੇਵਾਂ ਸ਼ਲੋਕ ਇਹ ਪੜਿਆ—ਤਦ ਬੀਰ ਸਿੰਘ ਜੀ ਨੇ ਆਖਿਆ ਇਹਦਾ ਅਰਥ ਸੁਣਾਈਏ !

ਸ਼ਲੋਕ—ਆਵਨ ਆਏ ਸ੍ਰਿਸ਼ਟ ਮੈ ਬਿਨ ਬੂਝੇ ਪਸ ਢੋਰ
ਨਾਨਕ ਗੁਰਮੁਖ ਸੋ ਬੁਝੈ ਜਾਂਕੈ ਭਾਗ ਮਥੋਰ

ਪਾਠਕ ਸੰਤ ਮਹਾਰਾਜ ਨੇ ਅਰਥ ਦਸਿਆ ਕਿ ਗੁਰੂ ਮਹਾਰਾਜ ਦਾ ਇਹ ਭਾਵ ਹੈ ਕਿ ਆਉਣ ਵਾਲੇ ਸਾਰੇ ਮਨੁਖ (ਇਸਤਰੀ ਪੁਰਖ) ਸੰਸਾਰ ਵਿਚ ਆਏ ਤਾਂ ਹਨ, ਪੈਦਾ ਹੋਏ ਪਰ ਬਿਨਾਂ ਆਉਣ ਦੇ ਪ੍ਰਯੋਜਨ ਨੂੰ ਸਮਝੇ ਦੇ ਪਸ਼ੂਆਂ ਵਿਚੋਂ ਵੀ ਉਹ ਢੋਰ ਪਸ਼ੂਆਂ ਤੁਲ ਹਨ। ਸੰਸਾਰ ਵਿਚ ਮਨੁਖ ਜਨਮ ਪਾਏ ਦਾ ਮੁਖ ਪ੍ਰਯੋਜਨ ਇਹ ਹੈ ਕਿ ਉਹ ਆਪਣੇ ਆਪ ਨੂੰ ਸਮਝੇ ਕਿ ਮੈਂ ਕੀ ਹਾਂ—ਕਿਥੋਂ ਆਇਆ ਹਾਂ, ਕਿਸ ਕੰਮ ਨੂੰ ਆਇਆ ਹਾਂ ਤੇ ਉਹ ਕੰਮ ਕੀਤਾ ਹੈ ਕਿ ਨਹੀਂ ? ਜੇ ਇਹ ਸੋਝੀ ਨਹੀਂ ਤਾਂ ਉਹ ਢੋਰ ਪਸ਼ੂਆਂ ਤੁਲ ਹੈ।

ਮਨੁਖ ਦੇ ਆਉਣ ਦਾ ਮਤਲਬ ਇਹ ਹੈ ਕਿ ਉਹ ਕਈ ਪਸ਼ੂ ਜੂਨ ਭੁਗਤ ਕੇ ਮਨੁਖ ਜਨਮ ਨੂੰ ਪਾ ਸਕਿਆ ਹੈ ਇਸ ਨੂੰ ਸੁਫਲਾ ਕਰਨ ਦਾ ਉਪਾਓ ਗੁਰੂ ਜੀ ਨੇ ਦਸਿਆ ਹੈ—

"ਨਾਮ ਜਪਣਾ ਕਿਰਤ ਕਰਨਾ ਤੇ ਵੰਡ ਛਕਣਾ" ਭਾਵ ਵਾਹਿਗੁਰੂ ਕਰਨਹਾਰ ਕਰਤਾ ਪੁਰਖ ਨੂੰ ਨਾ ਵਿਸਾਰੇ, ਸਦਾ ਚੇਤੇ ਰਖੇ, ਸਰੀਰ ਜੋ ਅਰੋਗ ਮਿਲਿਆ ਤਾਂ ਕਿਰਤ ਕਰਕੇ ਜੋ ਪਾਵੇ ਉਸ ਵਿਚੋਂ ਗਰੀਬਾਂ, ਅਨਾਥਾਂ ਤੇ ਲੋੜਵੰਦਾਂ ਦੀ ਯਥਾ ਸਕਤ ਸਹਾਇਤਾ ਕਰੇ। ਜੇ ਕਰ ਇਸ ਮਤਲਬ ਨੂੰ ਨਹੀਂ ਸਮਝਿਆ ਸਿਰਫ ਪਸ਼ੂਆਂ ਵਾਂਙੂੰ ਆਪਣਾ ਹੀ ਪੇਟ ਭਰਨਾ ਜਾਣਦਾ ਹੈ ਤਾਂ ਉਹ ਢੋਰ ਪਸ਼ੂਆਂ ਵਾਂਗ ਹੈ।

ਕਥਾ ਵਾਚਕ ਸੰਤ ਜੀ ਨੇ ਦਸਿਆ ਕਿ ਘੋੜਾ, ਖੱਚ, ਰਾਉ ਇਹ ਪਸ਼ੂ ਜੋਨੀ ਹਨ ਇਹਨਾਂ ਨੂੰ ਖਾਣਾ, ਪੀਣਾ, ਲੈਣਾ ਤੇ ਸੂਣਾ (ਵੱਚੇ ਪੈਦਾ ਕਰਨੇ) ਠੀਕ ਦਾ ਗਿਆਨ ਹੁੰਦਾ ਹੈ ਪਰ ਇਹਨਾਂ ਪਸ਼ੂਆਂ ਵਿਚੋਂ ਢੋਰ ਪਸ਼ੂ—ਗੱਧਾ, ਖੱਚਰ, ਭੈਂਸਾ ਆਦਿਕ ਢੋਰ ਪਸ਼ੂ ਹਨ-ਇਹਨਾਂ ਉਤੇ ਭਾਰ ਲਦਿਆ ਜਾਂਵਾ, ਤੇ

ਘੋੜੇ ਤੇ ਮੱਝਾਂ ਗਾਈਆਂ ਵਾਸਤੇ ਖੇਤਾਂ, ਸੰਗਲਾਂ ਬੇਲਿਆਂ ਵਿਚੋਂ ਘਾਹ ਪੱਠਾ ਵੀ ਲੱਦ ਲਿਆ ਕੇ ਪਸ਼ੂਆਂ ਘੋੜੇ, ਮੱਝਾਂ, ਗਾਈਆਂ ਨੂੰ ਖੁਆਇਆ ਜਾਂਦਾ ਹੈ ਭਾਵ ਐਸੇ ਢੋਰ ਪਸ਼ੂ ਦੂਜੇ ਪਸ਼ੂਆਂ ਦੇ ਪਾਲਣ ਪੋਸ਼ਣ ਦੇ ਕੰਮ ਕਰਦੇ ਹਨ।

ਤਿਵੇਂ ਹੀ ਉਹ ਮਨੁਖ ਜੋ ਬਿਨਾਂ ਵਿਚਾਰ ਦੇ ਹੈ, ਅਗਿਆਨੀ ਹੈ, ਆਪਣੇ ਉਹ ਇਸ ਸੰਸਾਰ ਵਿਚ ਆਉਣ ਦੇ ਮਨੋਰਥ ਨੂੰ ਨਹੀਂ ਸਮਝ ਸਕਿਆ ਤੇ ਪ੍ਰਵਾਰ ਦੇ ਪਾਲਣ ਪੋਸ਼ਣ ਵਿਚ ਹੀ ਫਸਿਆ ਤੇ ਜਿਵੇਂ ਕਿਵੇਂ ਵੀ ਹੋਵੇ ਧਨ ਇਕੱਠਾ ਕਰਕੇ ਆਪਣੇ ਕੁਟੰਬ ਦੀ ਟੋਕਰੀ ਹੀ ਢੋਂਦਾ ਹੈ ਉਹ ਵੀ ਢੋਰ ਪਸ਼ੂਆਂ ਸਮਾਨ ਹੀ ਮੰਨਿਆ ਜਾਂਦਾ ਹੈ ਜਿਸ ਤੇ ਗੁਰੂ ਅਰਜਨ ਸਾਹਿਬ ਨੇ ਠੀਕ ਫੁਰਮਾਇਆ ਹੈ—

"ਆਵਨ ਆਇ ਸ੍ਰਿਸ਼ਟ ਮੈ ਬਿਨ ਬੂਝੇ ਪਸੁ ਢੋਰ॥
ਪਰ ਨਾਲ ਹੀ ਦਸਿਆ ਹੈ—
ਨਾਨਕ ਗੁਰਮੁਖ ਸੋ ਬੁਝੈ ਜਾ ਕੈ ਭਾਗ ਮਥੋਰ॥" ( )

ਭਾਵ—ਇਸ ਭਾਵ ਨੂੰ ਸੰਸਾਰ ਵਿਚ ਆਵਨ ਦੇ ਮਨੋਰਥ ਨੂੰ ਉਹੀ ਸਮਝ ਸਕਦਾ ਹੈ—ਗੁਰੂ ਜੀ ਦਸਦੇ ਹਨ ਕਿ ਜਿਸ ਦੇ ਮਸਤਕ ਵਿਚ ਪੂਰਬਲੇ ਕਿਸੇ ਚੰਗੇ ਕਰਮ ਕਰਕੇ ਭਾਗ ਲਿਖੇ ਹੋਣ ! ਇਕ ਨੀਤੀ ਸ਼ਾਸਤਰ ਵਿਚ ਵੀ ਕਿਹਾ ਹੈ—

ਨਿੰਦਰਾ ਭੋਜਨ ਭੋਗ ਭੈ ਇਹ ਪਸ ਪੁਰਖ ਸਮਾਨ॥
ਨਰਨ ਗਿਆਨ ਨਿਜ ਅਧਿਕਤਾ ਗਿਆਨ ਬਿਨਾਂ ਪਸ ਜਾਨ॥

ਭਾਵ—ਨੀਂਦਰ ਕਰਨੀ, ਭੋਜਨ (ਖੁਰਾਕ) ਭੋਗ ਕਰਨਾ ਤੇ ਡਰਨਾ—ਇਹ ਚਾਰੋਂ ਗੱਲਾਂ ਮਨੁਖਾਂ ਤੇ ਪਸ਼ੂਆਂ ਵਿਚ ਇਕੋ ਜਹੀਆਂ ਹਨ। ਸਿਰਫ ਇਕ ਗਿਆਨ ਦੀ ਅਧਿਕਤਾ (ਹੋਂਦ) ਕਰਕੇ ਮਨੁਖ-ਮਨੁਖ ਹੈ ਨਹੀਂ ਤਾਂ ਗਿਆਨ ਤੋਂ ਬਿਨਾਂ ਮਨੁਖ ਚੁਪ ਦਾ ਪਸ਼ੂ ਹੀ ਮੰਨਿਆ ਹੈ।

ਉਕਤ ਸੰਤਾਂ (ਕਥਾ ਵਾਚਕਾਂ) ਤੋਂ ਗੁਰਬਾਣੀ ਸ਼ਲੋਕ ਦੀ ਵਿਆਖਿਆ ਬੜੇ ਧਿਆਨ ਨਾਲ ਸੰਤ ਬੀਰ ਸਿੰਘ ਅਤੇ ਭਾਈ ਚੰਦਾ ਸਿੰਘ ਜੀ ਨੇ ਸੁਣੀ ਪਰ ਭਾਈ ਬੀਰ ਸਿੰਘ ਦੇ ਮਨ ਉਤੇ ਇਸ ਸਰੋਤ ਦਾ ਬਹੁਤ ਡੂੰਘਾ ਅਸਰ ਹੋਇਆ। ਮਨ ਵਿਚ ਵੈਰਾਗ ਉਠਿਆ ਤੇ ਐਸੀ ਹਾਲਤ ਵਾਪਰ ਗਈ ਸੀ।

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਣ ਜੋ ਏਕ॥
ਲਾਗਤ ਹੀ ਭੋਏ ਗਿਰ ਪਰਿਆ ਪਰਾ ਕਲੇਜੇ ਛੇਕ॥

ਭਾਈ ਬੀਰ ਸਿੰਘ ਨੂੰ ਹੁਣੇ ਐਸਾ ਭਾਸਿਆ ਕਿ ਮੈਂ ਤਾਂ ਨੌਕਰੀ ਕਰਦਾ ਅਤੇ ਆਪਣੀ ਉਦਰ ਪੂਰਤੀ ਤੇ ਬਚਾ ਕੇ ਜੋ ਪਿਛੇ ਘਰ ਦੇ ਸਨਬੰਧੀਆਂ ਨੂੰ ਭੇਜ ਰਿਹਾ ਹਾਂ ਜੋ ਇਸੇ ਵਿਚ ਜ਼ਿੰਦਗੀ ਬਿਤਾਈ ਜਾਏ ਤੇ ਏ ਆਪਣੇ ਨੂੰ ਕਿਵੇਂ ਸਮਝ ਸਕੀਏ ਤੇ ਸੰਸਾਰ ਵਿਚ ਭੇਜਣ ਵਾਲੇ ਨੂੰ ਕਿਵੇਂ ਸਮਝ ਸਕਾਂਗੇ—ਜਦੋਂ ਠੀਕ ਕੋਈ ਗੁਰਮੁਖ ਨਾ ਸਮਝਾਏਗਾ, ਕਿਵੇਂ ਐਸਾ ਕੋਈ ਮਿਲੇ !

Scanned with CamScanner

ਸਵੇਰ ਹੁੰਦੇ ਹੀ ਪ੍ਰਬੰਧਾ ਛਕੇ ਮਗਰੋਂ ਕਥਾ ਵਾਚਕ ਸੰਤ ਜੀ ਤਾਂ ਚਲੇ ਗਏ ਸਨ ਪਰ ਬੀਰ ਸਿੰਘ ਜੀ ਵਾਸਤੇ ਹੁਣ ਪਲ ਪਲ ਬੀਤਣਾ ਮੁਸ਼ਕਿਲ ਸੀ ਤੇ ਇਹੋ ਤੀਬਰ ਖਾਹਸ਼ ਸੀ ਕਿ ਕਿਵੇਂ ਛੇਤੀ ਮਹਾਂਪੁਰਖ ਗੁਰਮੁਖ ਸੰਤ ਮਿਲੇ ਕਿ ਜਿਸ ਤੋਂ ਆਤਮ ਗਿਆਨ ਪਾ ਸਕੀਏ। ਇਸੇ ਖਾਹਸ਼ ਵਿਚ ਇਨ੍ਹਾਂ ਨੇ ਆਪਣੇ ਮਿਤਰ ਭਾਈ ਚੰਦਾ ਸਿੰਘ ਤੂੰ ਪੁਛਿਆ ਤੇ ਉਨਾਂ ਦਸਿਆ ਕਿ ਇਸ ਵੇਲੇ ਐਸਾ ਮਹਾਂਪੁਰਖ ਇਕ ਸੰਤ ਭਾਗ ਸਿੰਘ ਜੀ ਹਨ– ਜੋ ਰਾਵਲ ਪਿੰਡੀ ਤੋਂ ੫-੬ ਕੋਹਾਂ ਦਾ ਵਿਚ ਉਤੇ ਕੁਰੀ ਨਾਮ ਦੇ ਪਿੰਡ ਵਿਚ ਅਤੇ ਇਹੋ ਹੀ ਨਦੀ ਕਿਨਾਰੇ ਗੁਫਾ ਵਿਚ ਰਹਿੰਦੇ ਜੋ ਗੁਰੂ ਪ੍ਰਮਾਤਮਾ ਨਾਲ ਇਕ ਮਿਕ ਹੋ ਚੁਕੇ ਹਨ, ਐਸਾ ਸੁਣਦੇ ਸਾਰ ਹੀ ਭਾਈ ਬੀਰ ਸਿੰਘ ਨੂੰ ਇਨਾਂ ਦੇ ਦਰਸ਼ਨ ਦੀ ਤੀਬਰ ਖਾਹਸ਼ ਹੋ ਪਈ ਤੇ ਸੋਚਦੇ ਕਿ ਕਿਵੇਂ ਜਾ ਕੇ ਮਿਲੀਏ– ਐਸੇ ਹੀ ਗੁਰਮੁਖ ਸੰਤਾਂ ਬਾਬਤ ਗੁਰੂ ਸਾਹਿਬ ਦਾ ਐਸਾ ਫੁਰਮਾਣ ਹੈ ਜਿਨਾਂ ਅਪਨਾ ਆਪ ਲਖੋਇ ਰਖਿਆ ਹੁੰਦਾ ਹੈ –

"ਤਿਸ ਕੀ ਸੋਇ ਸੁਣੀ ਮਨ ਹਰਿਆ ਤਿਸ ਨਾਨਕ ਪਰਸਣ ਆਵੈ –"

ਸੰਤ ਭਾਗ ਸਿੰਘ ਜੀ ਦਾ ਪਹਿਲੀ ਵੇਰ ਅਨਜਾਣੇ ਵਿਚ ਦਰਸ਼ਨ

ਸਿਪਾਹੀ ਬੀਰ ਸਿੰਘ ਦੇ ਮਨ ਵਿਚ ਸੰਤ ਭਾਗ ਸਿੰਘ ਦੇ ਮਿਲਨ ਦੀ ਇਤਨੀ ਖਾਹਸ਼ ਵਧ ਗਈ ਕਿ ਹੁਣ ਨੌਕਰੀ ਤੋਂ ਅਸਤੀਫਾ ਦੇ ਕੇ ਚਲੇ ਜਾਣ ਦੀ ਤਿਆਰੀ ਕੀਤੀ, ਆਪਣੀ ਫੌਜ ਦੇ ਕਰਨਲ (ਸਰਦਾਰ ਨਿਹਾਲ ਸਿੰਘ) ਨੇ ਬਹੁਤ ਸਮਝਾਇਆ, ਔਹਦਾ ਵੀ ਤੇ ਤਨਖਾਹ ਵੀ ਵਧਾਉਣ ਦਾ ਲੋਭ ਦਿਤਾ ਪਰ ਕੁਝ ਨਹੀਂ ਸਨ ਇਹ ਅਵਸਥਾ ਵਾਪਰ ਚੁਕੀ ਸੀ :

"ਕਬੀਰ ਬਿਰਹੋ ਭਲੋਗਮ ਮਨ ਵਸੈ ਮੰਤ ਨ ਮਾਨੈ ਕੋਇ ॥
ਰਾਮ ਬਿਯੋਗੀ ਨ ਜੀਐ, ਜੀਆ ਤ ਥੋਰਾ ਹੋਇ ॥"

ਆਪ ਨੇ ਐਸੀ ਹਾਲਤ ਵਿਚ ਨਾਵਾ ਕਟਵਾ ਲਿਆ, ਆਪ ਖੁਦ ਘੋੜੇ ਪਰ ਸਵਾਰ ਅਤੇ ਦੋ ਖੱਚਰਾਂ ਅਪਨੇ ਨਿਜੀ ਅਸਬਾਬ ਦੀਆਂ ਲੱਦ ਕੁਝ ਹੋਰ ਸਾਥੀਆਂ ਸਮੇਤ ਘਰ ਨੂੰ ਚਲ ਪਏ। ਕਈ ਦਿਨਾਂ ਦਾ ਸਫਰ ਕੱਟ ਕਈ ਥਾਂ ਰਾਹ ਵਿਚ ਨਿਵਾਸ ਕਰਦੇ ਜਦੋਂ ਰਾਵਲ ਪਿੰਡੀ ਤੋਂ ਲੰਘਦੇ "ਬਕਰਾਲੇ ਦੀ ਖੜ" ਕੋਲ ਆਏ ਤਦ ਇਥੋਂ ਇਕ ਰਸਤਾ ਕੁਰੀ ਨੂੰ ਤੇ ਦੂਜਾ ਰਸਤਾ ਰਾਵਲ ਪਿੰਡੀ ਨੂੰ ਜਾਂਦਾ ਸੀ– ਬੀਰ ਸਿੰਘ ਜੀ ਇਥੋਂ ਰਾਵਲ ਪਿੰਡੀ ਦੇ ਰਸਤੇ ਅਪਨੇ ਘਰ ਗਗੋ ਬੂਏ ਨੂੰ ਜਾ ਰਹੇ ਸਨ। ਸੁਭਾਵਕ ਹੀ ਇਥੇ ਇਕ ਸੋਚੀ ਸੰਤ ਭਾਗ ਸਿੰਘ ਜੀ ਘੋੜੇ ਪਰ ਸਵਾਰ ਅਤੇ ਬਹੁਤ ਸਾਰੇ ਹੋਰ ਸਿੰਘ ਸਵਾਰਾਂ ਸਹਿਤ ਸ੍ਰੀ ਬਾਬਾ ਸਾਹਿਬ ਸਿੰਘ ਜੀ (ਉਨੇ ਸਾਹਿਬ) ਦੇ ਦਰਸ਼ਨ ਕਰਕੇ ਪਰਤੇ ਅਤੇ ਅਪਨੇ 'ਕੁਰੀ ਨਗਰ' ਨੂੰ ਜਾ ਰਹੇ ਸਨ–

ਪੂਰਬ ਕਰਮ ਅੰਕੁਰ ਜੰਞ ਪ੍ਰਗਟਿਓ ਭੇਟਿਉ ਸੰਤ ਪੁਰਖ ਬੈਰਾਗੀ ॥

ਦੋਹਾਂ ਪਾਸਿਆਂ ਤੋਂ ਘੋੜਿਆਂ ਉਤੇ ਸਵਾਰ ਹੋਇਆ ਹੀ ਪਰਸਪਰ ਦਰਸ਼ਨ ਮਿਲਾਪ ਤੇ ਮਨ ਖਿਚੇ ਗਏ, ਚਾਰ ਅੱਖਾਂ ਦੀ ਨਜਰ ਚੁਪਾਸੀ ਦਿਉਂ ਇਕ ਮਿਕ ਹੋਈ ਜਿਵੇਂ ਦੋ ਦੀਵੇ ਵਖ ਵਖ ਜਗਦੇ ਹੋਣ ਜਾਂ ਤਲਾਬ ਨਜਰੀ ਨਹੀਂ ਪਿਆ ਸੀ। ਤ੍ਰਿਖਾ ਕਰਕੇ ਬਹੁਤ ਬੋਹਲ ਹੋਏ ਆਪ ਇਕ ਖ੍ਰਿੰਡ ਦਿਸਦੇ ਦੇਣ ਪਰ ਰੋਸ਼ਨੀ ਆਪੋ ਵਿਚ ਗਡਮਢ ਹੁੰਦੀ ਇਕ ਹੋ ਜਾਂਦੀ ਹੈ– ਸਿਖ ਨੂੰ ਸਿਖ ਮਿਲੇ– ਵਾਹਿਗੁਰੂ ਹੇਠਾਂ ਬੈਠ ਗਏ ਸਨ। ਕੀ ਦੇਖਦੇ ਜੋ ਇਕ ਗੁਰਸਿਖ ਨੇ ਪਾਣੀ ਦਾ ਕਰਮੰਡਲ ਭਰਿਆ ਹੋਇਆ (ਜੋ ਬਰਬਤ ਜੀ) ਲਿਆ ਕੇ ਬੀਰ ਸਿੰਘ ਜੀ ਥਕੇ ਤੇ ਬਿਹਾਲ ਹੋਏ ਬੈਠੇ ਨੂੰ ਛਕਾਇਆ। ਆਪ ਹੈਰਾਨ ਸਨ ਕਿ ਜੀ ਦਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ– ਦੇ ਉਚਾਰਨ ਮਗਰੋਂ ਸੰਤ ਭਾਗ ਸਿੰਘ ਆਪਣੇ ਰਸਤੇ ਟੁਰੇ, ਤੇ ਬੀਰ ਸਿੰਘ ਆਪਣੇ ਰਾਹ ਤੇ ਚਲਣ ਵੇਲੇ ਸੰਤ ਭਾਗ ਸਿੰਘ ਦੇ ਪਿਛੇ ਰਹੇ ਸਾਥੀਆਂ ਤੋਂ ਪੁਛਿਆ

ਇਹ ਕੌਣ ਸਾਹਿਬ ਸਨ ? ਤਦ ਉਨ੍ਹਾਂ ਦਸਿਆ– ਕਿ ,ਇਹ ਸੰਤ ਭਾਗ ਸਿੰਘ ਕੁਰੀ ਵਾਲੇ ਜੋ ਬਾਬਾ ਸਾਹਿਬ ਸਿੰਘ ਜੀ ਦੇ ਦਰਸ਼ਨ ਮੇਲੇ ਮਗਰੋਂ ਉਨੇ ਸਾਹਿਬ ਤੋਂ ਪਰਤ ਰਹੇ ਤੇ ਆਪਣੇ ਨਗਰ ਕੁਰੀ ਜਾ ਰਹੇ ਹਨ।

ਬਸ, ਇਸ ਅਵਾਜ ਨੇ ਬੀਰ ਸਿੰਘ ਜੀ ਨੂੰ ਹੋਰ ਬਹਿਬਲ ਕਰ ਦਿਤਾ ਸੀ। ਆਪਣੇ ਨਾਲ ਮਾਲ ਅਸਬਾਬ ਦੀਆਂ ਖਚਰਾਂ ਨ ਹੁੰਦੀਆਂ ਤਾਂ ਹੁਣੇ ਮਗਰ ਟੁਰ ਪੈਣਾ ਸੀ ਪਰ ਵਿਚਾਰ ਕੀਤੀ ਇਹ ਸਭ ਕੁਝ ਪਵਾੜਾ ਘਰ ਜਾ ਕੇ ਸੌਂਪ ਆਈਏ ਤੇ ਨਿਸਚਿੰਤ ਹੋ ਕੇ ਐਸੇ ਮਹਾਂ ਪੁਰਖਾਂ ਦੀ ਸੰਗਤ ਸੇਵਾ ਵਿਚ ਤਤਪਰ ਹੋਣਾ ਚੰਗਾ ਰਹੇਗਾ। ਇਸ ਸੋਚ ਵਿਚ ਪ੍ਰੇਮ ਨਾਲ ਪਰਤੇ ਸਨ– ਆਪਣੇ ਘਰ ਗਗੂ ਬੂਏ ਆਏ। ਆਪ ਨੇ ਮਾਤਾ ਜੀ ਨੂੰ ਨਿਮਸਕਾਰ ਕੀਤੀ, ਹੋਰ ਬਾਲ ਸਖਾਈ ਦੋਸਤ ਮਿਤਰਾਂ ਨਾਲ ਪਿਆਰ ਪ੍ਰਗਟਾਵਾ ਕਰਕੇ ਸਭ ਕੁਝ ਘਰ ਦੇ ਭਰਾਵਾਂ ਭਰਜਾਈਆਂ ਤੇ ਮਾਤਾ ਜੀ ਨੂੰ ਸੌਂਪਦੇ ਹੋਇਆ– ਕੁਰੀ ਜਾਂ ਕੇ ਸੰਤ ਭਾਗ ਸਿੰਘ ਜੀ ਦੇ ਦਰਸ਼ਨ ਦੀ ਖਾਹਸ਼ ਵਿਚ ਗਗੋ ਬੂਏ ਤੋਂ ਚਲ ਪਏ। ਇਹ ਕਥਾ ਪ੍ਰਸੰਗ ੧ ਸਕੰਧ ਧਿਆਏ ੩੮ ਬੀਰ ਮਿਰੀਸ਼ ਸਵਾ ੪੮੦– ਤੋਂ ਸੰਖੇਪ ਲਿਖਿਆ ਹੈ।

ਸ੍ਰੀ ਅੰਮ੍ਰਿਤਸਰ ਦਾ ਦਰਸ਼ਨ ਇਸ਼ਨਾਨ ਤੇ ਭਾਨੇ ਹਲਵਾਈ ਦਾ ਕੋਹੜ ਹਟਾਇਆ

ਸੰਤ ਬੀਰ ਸਿੰਘ ਗਗੋ ਬੂਏ ਤੋਂ ਚਲੇ ਪਹਿਲੇ ਸ੍ਰੀ ਅੰਮ੍ਰਿਤਸਰ ਆਣ ਕੇ ਦਰਸ਼ਨ ਇਸ਼ਨਾਨ ਕੀਤਾ। ਸ੍ਰੀ ਹਰੀਮੰਦਰ ਸਾਹਿਬ ਵਿਚ ਪ੍ਰਸ਼ਾਦ ਅਰਪਤ ਕੀਤੇ ਮਗਰੋਂ ਜੋ ਪ੍ਰਸ਼ਾਦ ਮਿਲਿਆ ਉਸ ਨੂੰ ਵੀ ਵੰਡ ਦਿਤਾ, ਸਿਰਫ ਤਿਲ ਮਾਤਰ ਹੀ ਆਪ ਛਕਿਆ ਤੇ ਵੈਰਾਗ ਵਿਚ ਭਰੇ ਹੋਇਆ ਬਹੁਤ ਸ਼ਮਾਂ ਬੈਠ ਕੇ ਕੀਰਤਨ ਸੁਣਿਆ। ਫਿਰ ਆਪ ਜੀ ਬਾਹਰ ਨੂੰ ਗਏ। ਜਿਥੇ ਕਿ ਜਾ ਕੇ ਬਿਸਰਾਮ ਕਰਨਾ ਸੀ। ਜਾਦਿਆਂ ਹੋਇਆ ਬਜਾਰ ਵਿਚੋਂ ਲੰਘਦੇ ਪਏ ਸਨ ਕਿ ਭਾਨਾ ਨਾਮ ਦੇ ਹਲਵਾਈ ਨੇ (ਜੋ ਕੁਬੜੀ ਸੀ) ਆਪ ਨੂੰ ਪੂਰਨ ਕੋਈ ਸੰਤ ਜਾਨ ਕੇ ਚਰਨਾਂ ਪਰ ਨਿਮਸਕਾਰ ਕੀਤੀ ਤੇ ਆਪਣੇ ਦੇਗ ਦੀ ਨਿਬਰਤੀ ਲਈ ਅਸੀਸ ਚਾਹੀ। ਬੀਰ ਸਿੰਘ ਜੀ ਨੂੰ ਤਰਸ ਆਇਆ ਤੇ ਆਖਿਆ ਆਪਣੀ ਕਮਾਈ ਨੂੰ ਸਵਛ ਤੇ ਸੁਥਰਾ ਬਣਾ ਕੇ ਵੇਚੀਆਨੀ ਕਰਨੀ ਤੇ ਦੁਧ ਵਿਚ ਪਾਣੀ ਵੇਚਨਾ ਛਡ ਕੇ ਚੋਤੇ ਨਵੇ ਵਿਚ ਵੀ ਕੁਝ ਦਾਨ ਕੀਤਾ ਕਰ ਤਦ ਅਰੋਗ ਹੋ ਜਾਵੇਗਾ। ਉਸ ਨੇ ਬਚਨ ਮੰਨਿਆ ਐਸਾ ਹੀ ਕੀਤਾ ਤੇ ਥੋੜੇ ਦਿਨਾਂ ਵਿਚ ਅਰੋਗ ਹੋ ਗਿਆ ਸੀ। ਆਪ ਦੀ ਇਸ ਵਾਕ ਸਿਧੀ ਨੇ ਆਪ ਪਰ ਲੋਕਾਂ ਦਾ ਵਿਸ਼ਵਾਸ ਬਹੁਤ ਵਧਾਇਆ ਤੇ ਜਿਤਨੇ ਦਿਨ ਰਹੇ ਸਭ ਨੇ ਆਦਰ ਕੀਤਾ।

ਸ੍ਰੀ ਅੰਮ੍ਰਿਤਸਰ ਤੋਂ ਚਾਲੇ ਪਾਏ ਅਤੇ ਰਸਤੇ ਵਿਚ ਕਈ ਥਾਂ ਮੁਕਾਮ ਕਰਦੇ ਸੰਤ ਭਾਗ ਸਿੰਘ ਦੇ ਮਿਲਨ ਦੀ ਖਾਹਸ਼ ਵਿਚ ਕੁਰੀ (ਜਿਲਾ ਰਾਵਲ ਪਿੰਡੀ) ਨੂੰ ਜਾ ਰਹੇ ਸਨ ਤਾਂ ਇਕ ਐਸੇ ਸ਼ੈਅਣੇ ਨੰਗਲ ਵਿਚੋਂ ਲੰਘਦੇ ਹੋਇਆ ਆਪ ਨੂੰ ਪਾਣੀ ਦੀ ਸਖਤ ਪਿਆਸ ਲਗੀ ਤੇ ਕਈ ਕੋਹਾਂ ਤੀਕ ਚਲੇ ਹੋਈ ਨਦੀ ਨਾਲਾ ਜਾਂ ਤਲਾਬ ਨਜਰੀ ਨਹੀਂ ਪਿਆ ਸੀ। ਤ੍ਰਿਖਾ ਕਰਕੇ ਬਹੁਤ ਬੋਹਲ ਹੋਏ ਆਪ ਇਕ ਖ੍ਰਿੰਡ ਦਿਸਦੇ ਦੇਣ ਪਰ ਰੋਸ਼ਨੀ ਆਪੋ ਵਿਚ ਗਡਮਢ ਹੁੰਦੀ ਇਕ ਹੋ ਜਾਂਦੀ ਹੈ– ਸਿਖ ਨੂੰ ਸਿਖ ਮਿਲੇ– ਵਾਹਿਗੁਰੂ ਹੇਠਾਂ ਬੈਠ ਗਏ ਸਨ। ਕੀ ਦੇਖਦੇ ਜੋ ਇਕ ਗੁਰਸਿਖ ਨੇ ਪਾਣੀ ਦਾ ਕਰਮੰਡਲ ਭਰਿਆ ਹੋਇਆ (ਜੋ ਬਰਬਤ ਜੀ) ਲਿਆ ਕੇ ਬੀਰ ਸਿੰਘ ਜੀ ਥਕੇ ਤੇ ਬਿਹਾਲ ਹੋਏ ਬੈਠੇ ਨੂੰ ਛਕਾਇਆ। ਆਪ ਹੈਰਾਨ ਸਨ ਕਿ ਇਥੇ ਕੋਈ ਨੇੜੇ ਨ ਨਗਰ ਹੈ ਨ ਖੂਹੀ ਹੈ ਇਸ ਗੁਰਸਿਖ ਰੂਪ ਮਹਾਂਪੁਰਖ ਨੂੰ ਮੇਰੀ ਤਕਲੀਫ ਦਾ ਕਿਵੇਂ

Scanned with CamScanner

ਪਤਾ ਲਗਾ ਤੇ ਆ ਕੇ ਠੰਡਾ ਸ਼ਰਬਤ ਛਕਾਇਆ ਹੈ। ਵਾਹਿਗੁਰੂ ਦੇ ਸ਼ੁਕਰਾਨੇ ਵਿਚ ਬੀਰ ਸਿੰਘ ਜੀ ਥੋੜੇ ਪਲ ਭਰ ਨੈਤਰ ਮੂੰਦੇ- ਗੁਰੂ ਧਿਆਨ ਵਿਚ ਸੀਸ ਝੁਕਾਇਆ, ਫਿਰ ਨੈਤਰ ਖੋਹਲ ਕੇ ਡਿਠਾ ਤੇ ਨ ਉਥੇ ਉਹ ਗੁਰਸਿਖ ਰੂਪ (ਮਹਾਂ ਪੁਰਖ) ਸੀ ਤੇ ਨਾ ਹੀ ਕੋਈ ਕੋਲ ਰਖਿਆ ਲੋਟਾ ਕਰਮੰਡਲ ਸੀ। ਇਸ ਕੌਤਕ ਨੇ ਬੀਰ ਸਿੰਘ ਜੀ ਦੇ ਮਨ ਵਿਚ ਹੋਰ ਵਧੇਰੇ ਸ਼ਰਧਾ ਵਧਾ ਦਿਤੀ ਤੇ ਜਾਣਿਆ ਕਿ ਗੁਰ ਵਾਕ ਪ੍ਰਤਖ ਸਫਲ ਹੋਇਆ ਹੈ-

ਬੀਰ ਸਿੰਘ ਜੀ ਨੂੰ ਦੁਣ ਇਹ ਨਿਸਚਾ ਪ੍ਰਪਕ ਹੋ ਚੁਕਾ ਸੀ ਕਿ ਜਿਨਾਂ ਦੇ ਦਰਸ਼ਨ ਅਤੇ ਚਰਨ ਸ਼ਰਨ ਪ੍ਰਾਪਤੀ ਨੂੰ ਜਾ ਰਿਹਾ ਹਾਂ ਉਹ ਸਰੀਰ ਕਰਕੇ ਚਾਹੇ ਦਿਖਾਈ ਨਹੀਂ ਦੇ ਰਹੇ ਪਰ ਸਮਰਥ ਹਨ ਤੇ ਦੂਰ ਨੇੜੇ ਦੀ ਸੋਝੀ ਰਖਣ ਦੀ ਵਿਵਸਥਾ ਦੇ ਮਾਲਕ ਹਨ। ਇਨਾਂ ਵਿਚਾਰਾਂ ਵਿਚ ਸੰਤ ਬੀਰ ਸਿੰਘ ਸਿਖ ਪਿਆਰ ਵਿਚ ਭਰੇ ਹੋਇਆ ਕਈ ਦਿਨਾਂ ਦਾ ਸਫਰ ਕਟ ਕੇ (ਰਾਵਲ ਪਿੰਡੀ) ਕੁਰੀ ਪਹੁੰਚੇ। ਅਗੇ ਜੀ ਦੇਖਦੇ ਜੋ ਇਥੇ ਦੇ ਗੁਰਦਵਾਰੇ ਵਿਚ ਅਗੇ ਭਾਈ ਚੰਦਾ ਸਿੰਘ ਵੀ ਆਏ ਬੈਠੇ ਹਨ- ਜਿਨਾਂ ਨੇ ਕਿ ਬੀਰ ਜੀ ਨੂੰ ਸੰਤ ਭਾਗ ਸਿੰਘ ਦੇ ਮਿਲਣ ਦੀ ਸ਼ਰਧਾ ਵਧਾਈ ਸੀ। ਦੋਵੇਂ ਮਿਤਰ ਮਿਲ ਕੇ ਬਹੁਤ ਪ੍ਰਸੰਨ ਹੋਏ। ਆਪ ਆਪਣੇ ਆਵਣ ਦੀ ਬਿਰਥਾ ਸੁਣਾਈ, ਭਾਈ ਚੰਦਾ ਸਿੰਘ ਨੇ ਝਿਨਾਂ ਨੂੰ ਇਸ਼ਨਾਨ -ਤੇ ਖਾਣ ਪੀਣ ਦੀ ਸੇਵਾ ਨਾਲ ਥਕੇਵਾਂ ਦੂਰ ਕਰਕੇ ਪ੍ਰਸੰਨ ਕੀਤਾ। ਉਪ੍ਰੰਤ ਕੁਝ ਪ੍ਰਸ਼ਾਦ ਭੇਟਾ ਲੈ ਕੇ ਚੰਦਾ ਸਿੰਘ ਨੇ ਬੀਰ ਸਿੰਘ ਜੀ ਨੂੰ ਨਦੀ ਕਿਨਾਰੇ ਲੈ ਜਾ ਕੇ ਸੰਤ ਭਾਗ ਸਿੰਘ ਜੀ ਦੇ ਦਰਸ਼ਨ ਕਰਾਏ ਕੇ ਨਿਹਾਲ ਕੀਤਾ।

ਪਹਿਲੀ ਵੇਰ ਮਿਲਾਪ

ਇਸ ਵੇਲੇ ਸੰਤ ਭਾਗ ਸਿੰਘ ਜੀ ਗੁਫਾ ਤੋਂ ਬਾਹਰ ਦੇ ਇਕ ਅੰਬ ਦੇ ਸੰਘਣੇ ਬਿਰਖ ਹੇਠਾਂ ਪ੍ਰਭੂ ਦੇ ਸਿਮਰਨ ਧਿਆਨ ਵਿਚ ਜੁੜੇ ਬੈਠੇ ਸਨ- ਦੋਹਾਂ ਨੇ ਜਾ ਕੇ ਨਿਮਸਕਾਰ ਕੀਤੀ ਤਾਂ ਮਾਨੋ ਮਨ ਵਿਚ ਠੰਡ ਵਰਤ ਗਈ, ਗੁਰੂ ਵਰਮਾਨ ਵੀ ਐਸਾ ਹੀ ਹੈ-

ਇਹ ਨੀਸਾਨੀ ਸਾਧ ਕੀ ਜਿਸ ਭੇਟਤ ਤਰੀਐ ॥
ਜਮ ਕੰਕਰ ਨੇੜ ਨ ਆਵਈ ਫਿਰ ਬਹੁਰ ਨ ਮਰੀਐ ॥
(ਗਉੜੀ ਕੀ ਵਾਰ ਪਉੜੀ ੧੧)

ਭਾਈ ਚੰਦਾ ਸਿੰਘ ਤੇ ਬੀਰ ਸਿੰਘ ਨੇ ਜਿਸ ਵੇਲੇ ਨਿਮਸਕਾਰ ਕੀਤੀ ਤਦ ਸੰਤ ਭਾਗ ਸਿੰਘ ਜੀ ਨੇ ਇਨਾਂ ਦਾ ਨਾਮ ਲੈ ਕੇ ਪੁਛਿਆ- ਆਉ ਭਾਈ ਬੀਰ ਸਿੰਘ ਜੀ ਆਨੰਦ ਪ੍ਰਸੰਨ ਹੋ ! ਰਸਤੇ ਵਿਚ ਕਈ ਬਿਖੜੇ ਸੈਗਲਾਂ ਵਿਚੋਂ ਲੰਘਣਾ ਪੈਣਾ ਸੀ ਕੋਈ ਤਕਲੀਫ ਤਾਂ ਨਹੀਂ ਹੋਈ ਪਿਆਸ ਕਰਕੇ ਦੁਖੀ ਤਾਂ ਨਹੀਂ ਹੋਏ ਸੀ ਇਨਾਂ ਬਚਨਾਂ ਨੇ ਭਾਈ ਬੀਰ ਸਿੰਘ ਦਾ ਮਨ ਮੋਹ ਲਿਆ ਤੇ ਨਿਸਚੇ ਕੀਤਾ ਕਿ ਆਪ ਨੇ ਹੀ ਆਪਣੇ ਤਪ ਬਲ ਦੀ ਬਰਕਤ ਨਾਲ ਦੂਰ ਨੇੜੇ ਦੀ ਸੋਝੀ ਰਖਦੇ ਹੋਇਆਂ ਮੇਰੀ ਪਿਆਸ ਕਰਕੇ ਤਕਲੀਫ ਜਿੰਦ ਨੂੰ ਸ਼ਰਬਤ ਪਿਲਾ ਕੇ ਠੰਡ ਵਰਤਾਈ ਤੇ ਲੋਪ ਹੋ ਗਏ ਸਨ ਵਰਨਾ ਮੇਰੀ ਇਸ ਤਕਲੀਫ ਨੂੰ ਕਿਵੇਂ ਕੋਈ ਦੂਜਾ ਜਾਣ ਸਕਦਾ ਸੀ, ਭਾਵੇਂ ਉਹ ਪਹਿਲੇ ਤੋਂ ਹੀ ਸੰਤ ਭਾਗ ਸਿੰਘ ਜੀ ਦੀ ਮਹਾਨਤਾ ਤੋਂ ਜਾਣੂ ਸਨ। ਇਨ੍ਹਾਂ ਦੋਹਾਂ ਪ੍ਰਤੀ ਸੰਤ ਭਾਗ ਸਿੰਘ ਜੀ ਨੇ ਪ੍ਰੇਮ ਭਰੀ ਅਸੀਸ ਨਾਲ ਸਤਿਕਾਰਿਆ ਤੇ ਪਰਸਪਰ ਬਚਨ ਬਿਲਾਸ ਰਾਹੀਂ ਦੋਹਾਂ ਧਿਰਾਂ ਨੂੰ ਐਸਾ ਮਾਣੂਸ ਹੋਇਆ ਜਿਵੇਂ ਕਿ ਪੂਰਬ ਜਨਮ ਦੇ ਵਿਛੜੇ ਵਿਛੋੜੇ

ਮਿਤਰਾਂ ਦਾ ਮਿਲਾਪ ਹੋਇਆ ਹੋਵੇ। ਗੁਰੂ ਸਾਹਿਬ ਨੇ ਠੀਕ ਫੁਰਮਾਇਆ ਹੈ-

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਜੋ ਪੁਰਖ ਰਸਕ ਬੈਰਾਗੀ ।।

ਭਾਈ ਬੀਰ ਸਿੰਘ ਜੀ ਨੇ ਮਾਨੋ ਦਰਸ਼ਨ ਮਾਤਰ ਨਾਲ ਤੇ ਰਸਤੇ ਦੀ ਪਿਆਸ ਦੀ ਪੁੱਛ ਤੇ ਅਸਚਰਜ ਹੁੰਦੇ ਹੋਇਆ ਸੰਤ ਭਾਗ ਸਿੰਘ ਜੀ ਪ੍ਰਤੀ ਆਪਣਾ ਤਨ ਮਨ ਹੀ ਸੌਂਪ ਦਿਤਾ ਸੀ ਤੇ ਆਪ ਜੀ ਦੀ ਸੇਵਾ ਵਿਚ ਰਹਿ ਕੇ ਆਪਣੇ ਨੂੰ ਸਫਲ ਬਣਾ ਲਿਆ ਸੀ।

ਨੋਟ- ੧ ਸਕੰਧ ਧਿਆਏ ੪੦ ਸਫਾ ੫੦੧ ਤੀਕ ਗੁਰ ਬਿਲਾਸ ਸ੍ਰੀ ਬੀਰ ਮ੍ਰਿਗੇਸ਼ ਵਿਚ ਵਿਸਥਾਰ ਨਾਲ ਲਿਖੀ ਕਥਾ ਦਾ ਤੱਤ ਸਾਰ ਸੰਖੇਪ ਰੂਪ ਵਿਚ ਇਥੇ ਤੀਕ ਸਮਾਪਤ ਹੈ-ਅਗੇ ੨ ਸਕੰਧ ਦੀ ਕਥਾ ਸ਼ੁਰੂ ਹੈ।

ਸੰਤ ਭਾਗ ਸਿੰਘ ਜੀ ਤਿਨ ਕਾਲ ਦਰਸੀ ਮਹਾਂਪੁਰਖ ਸਨ। ਗੁਰੂ ਸਾਹਿਬ ਦਾ ਇਹ ਫੁਰਮਾਨ ਹੈ-

ਇਹ ਮਨ ਬਕਤੀ ਇਹ ਮਨ ਸੀਉ ॥ ਇਹ ਮਨ ਪੰਚ ਤਤ ਕਉ ਜੀਉ ॥
ਇਹ ਮਨ ਲੈ ਜੋ ਉਨਮਨ ਰਹੈ ॥ ਤੀਨ ਲੋਕ ਕੀ ਬਾਂਤੈ ਕਹੈ ॥

ਸੰਤ ਭਾਗ ਸਿੰਘ ਇਸ ਅਵਸਥਾ ਵਿਚ ਵਿਆਪਕ ਦੇਖੇ ਸਨ ਤਦੋਂ ਮਹਾਰਾਜ ਬਾਬਾ ਸਾਹਿਬ ਸਿੰਘ ਜੀ ਨੇ ਕਿਹਾ ਸੀ ਅਸੀਂ ਤਾਂ ਤੁਹਾਡੇ ਟਹਿਲੂਏ ਹਾਂ-ਦਾਸ ਹਾਂ। ਅਜ ਭਾਈ ਬੀਰ ਸਿੰਘ ਜੀ ਨੇ ਜਦੋਂ ਸੰਤ ਭਾਗ ਸਿੰਘ ਜੀ ਦੇ ਚਰਨਾਂ ਪਰ ਨਿਮਸਕਾਰ ਕੀਤੀ ਤਦ ਇਨ੍ਹਾਂ ਨੇ ਕਿਹਾ- ਆਉ ਬੀਰ ਸਿੰਘ ਜੀ ਕਿਆ ਹਾਲ ਹੈ- ਕਿਥੋਂ ਆਏ ਹੋ ਤੇ ਕਿਵੇਂ ਆਏ ਹੋ ? ਇਹ ਅਨਜਾਣੇ ਅਤੇ ਬਿਨਾਂ ਪਹਿਲੇ ਕਿਤੇ ਮਿਲੇ ਦੇ ਬੀਰ ਸਿੰਘ ਜੀ ਦਾ ਨਾਮ ਲੈ ਕੇ ਇਨ੍ਹਾਂ ਦਾ ਆਦਰ ਕਰਨਾ- ਇਕ ਐਸਾ ਪ੍ਰੇਮ ਬਾਣ ਸੀ ਜੋ ਬੀਰ ਸਿੰਘ ਜੀ ਦੇ ਮਨ ਨੂੰ ਸਿਰਫ ਮੋਹਿਆ ਹੀ ਨਹੀਂ ਬਲਕਿ ਵਿੰਨ ਗਿਆ ਸੀ- ਬੰਦ ਸਿੰਘ ਜੀ ਨੇ ਪ੍ਰੇਮ ਵਿਚ ਪੂਰਤ ਹੋ ਕੇ ਸਭ ਕੁਝ ਸੁਣਿਆ ਤੇ ਉਤਰ ਦਿਤਾ ਸੀ ਕਿ ਕਿਥੋਂ ਦਾ ਹੈ, ਜਾਤ ਕੀ ਹੈ, ਤੇ ਹੁਣ ਕਿਥੋਂ ਆਇਆ ਹੈ ਅਤੇ ਨਾਲੇ ਚਰਨ ਫੜ ਲਏ ਤੇ ਫੇਰ ਬੇਨਤੀ ਕੀਤੀ- ਮਹਾਰਾਜ ! ਮੈਨੂੰ ਹੁਣ ਅਪਣਾਓ, ਮੇਰੇ ਆਵਣ ਨੂੰ ਸਫਲਾ ਬਣਾਓ। ਇਹੋ ਚਾਹੁੰਦਾ ਹਾਂ- ਆਪ ਜੈਸੇ ਮਹਾਂਪੁਰਖ ਦਾ ਹੋ ਕੇ ਰਹਾਂ।

ਬੀਰ ਸਿੰਘ ਜੀ ਦੀ ਇਸ ਪ੍ਰੇਮ ਪੂਰਤ ਬੇਨਤੀ ਨੂੰ ਸੁਣ ਕੇ ਆਪ ਨੇ ਫੁਰਮਾਇਆ ਕਿ ਅਗਰ ਐਸਾ ਹੀ ਵਿਚਾਰ ਹੈ ਤਾਂ ਇਕ ਵੇਰ ਜਾ ਕੇ ਆਪਣੇ ਘਰ ਦਿਆਂ ਸਨਬੰਧੀਆਂ ਨੂੰ ਮਿਲ ਕੇ ਆਉ-ਜੋ ਨਿਸਚਿੰਤ ਹੋ ਕੇ ਇਸ ਮਾਰਗ ਵਿਚ ਚਲਣਾ ਪਵੇ। ਤਦ ਬੀਰ ਸਿੰਘ ਜੀ ਨੇ ਫੇਰ ਬੇਨਤੀ ਕੀਤੀ- "ਮਾਂਈ ਮੇਰੇ ਆਵਣ ਜਾਣ ਰਹਿਓ" ਹੁਣ ਮੈਂ ਕਿਤੇ ਜਾਣ ਆਉਣ ਜੋਗਾ ਨਹੀਂ ਰਿਹਾ ਹਾਂ ਆਪ ਹੀ ਮੇਰੇ ਸਾਕ ਸਕੰਧੀ ਤੇ ਮਾਤਾ ਪਿਤਾ ਸਮਾਨ ਹੋ !

ਇਸ ਪ੍ਰੇਮੀ ਸਿਖ (ਭਾਈ ਬੀਰ ਸਿੰਘ) ਦੀ ਇਤਨੀ ਨਿਮਰਤਾ ਤੇ ਆਪ ਸਮਰਪਨ ਦੀ ਗੱਲ ਸੁਣ ਕੇ ਸੰਤ ਭਾਗ ਸਿੰਘ ਜੀ ਨੇ ਫੇਰ ਕਿਹਾ ਕਿ ਗੁਰਸਿਖਾ ! ਗ੍ਰਹਿਸਥ ਵਿਚ ਚਾਰ ਪਹਿਰ (ਦਿਨ ਭਰ) ਪ੍ਰਵਾਰ ਦੀ ਸੇਵਾ ਜਾਂ ਆਪਣੇ ਨਿਰਬਾਹ ਵਾਸਤੇ ਕੰਮ ਕਾਜ ਕਰਨਾ ਪੈਂਦਾ ਹੈ, ਸੰਤ ਸੇਵਾ ਬਹੁਤ ਔਖੀ ਹੈ, ਇਥੇ ਏ ਪਹਿਰ ਵੀ ਅਣਥਕ ਸੇਵਾ ਕਰਨੀ ਪ੍ਰਵਾਨ ਹੋਵੇ ਤੇਹੇ ਰਹੀਏ। ਜੇ ਸੰਤ ਬੀਰ ਸਿੰਘ ਜੀ ਨੇ ਸੀਸ

Scanned with CamScanner

ਨਿਵਾਇਆ ਪ੍ਰਵਾਨ ਕੀਤਾ ਤੇ ਸੰਤ ਭਾਈ ਭਾਗ ਸਿੰਘ ਜੀ ਦੀ ਸੇਵਾ ਵਿਚ ਨਦੀ ਕਿਨਾਰੇ ਹੀ ਰਹਿਣਾ ਕਬੂਲ ਕਰ ਲਿਆ ਤੇ ਰਹੇ ਵੀ।

ਸੰਤ ਭਾਗ ਸਿੰਘ ਜੀ ਪਾਸ ਕਈ ਵੇਰ ਸੰਗਤ ਦਾ ਬਹੁਤ ਇਕੱਠ ਹੋ ਜਾਂਦਾ। ਬ੍ਰਹਧਾਲੂ ਕਈ ਤਾਂ ਪ੍ਰਮਾਰਥ ਵਿਚਾਰ ਸੁਣਦੇ ਅਤੇ ਕਈ ਆਪਣੀ ਦੇਹ ਆਰੋਗਤਾ ਜਾਂ ਪ੍ਰਚਾਰਕ ਸੁਖਾਂ ਲਈ ਵੀ ਅਸੀਸਾਂ ਚਾਹੁੰਦੇ ਹੁੰਦੇ। ਜਿਸ ਤੇ ਲੰਗਰ ਦੀ ਤਿਆਰੀ ਵੀ ਕਰਨੀ ਪੈਂਦੀ ਅਤੇ ਸੰਤ ਬੀਰ ਸਿੰਘ ਜੀ ਕਿਸੇ ਵੀ ਸੇਵਾ ਤੋਂ ਉਕਤਾਂਦੇ ਨਹੀਂ ਸਨ। ਸਗੋਂ ਲੰਗਰ ਵਾਸਤੇ ਜੰਗਲ ਵਿਚੋਂ ਲਕੜਾਂ ਲਿਆਂਦੇ ਅਤੇ ਇਥੇ ਤੋਂ ਵਿਚ ਇਕ ਮੋਂਡਾ ਵੀ ਸੰਤ ਜੀ ਨੇ ਰਖਿਆ ਹੁੰਦਾ ਸੀ ਉਸ ਵਾਸਤੇ ਘਾਸ ਫੂਸ ਪੱਤੇ ਵੀ ਲਿਆ ਕੇ ਉਸ ਦੀ ਸੇਵਾ ਵੀ ਕਰਦੇ।

ਇਕ ਦਿਨ ਇਸ ਮੋਂਡੇ (ਲੋਲੇ) ਵਾਸਤੇ ਘਾਸ ਪੱਤੇ ਲਿਆਏ ਤਦ ਦੇਖਿਆ ਕਿ ਮੋਂਡਾ ਤਾਂ ਮਰਿਆ ਪਿਆ ਹੈ। ਆਪ ਨੂੰ ਵੈਰਾਗ ਹੋਇਆ ਤੇ ਤਰਸ ਵਿਚ ਆਖਿਆ—ਉਠ ਸੰਤ ਭੋਰੇ ਦੇ ਮੋਂਡੇ ਸੂਤਾ ਕਿਉਂ ਪਿਆ ਹੈਂ, ਘਾਹ ਲਿਆਂਦਾ ਹੈ, ਚਰ ਲੈ। ਤਦ ਕੁਦਰਤ ਕਰਤਾਰ ਦੀ ਉਹ ਮੋਂਡਾ ਉਠਿਆ ਤੇ ਘਾਸ ਚਰਨਾਂ ਸ਼ੁਰੂ ਕਰ ਦਿਤਾ ਸੀ। ਇਸ ਕੌਤਕ ਨੂੰ ਦੇਖ ਕੇ ਇਕ ਸਿਖ ਨੇ ਸੰਤ ਭਾਗ ਸਿੰਘ ਜੀ ਨੂੰ ਖਬਰ ਕਰਾਈ ਕਿ ਭਾਈ ਬੀਰ ਸਿੰਘ ਨੇ ਮਰੇ ਮੋਂਡੇ ਨੂੰ ਜਿਵਾਇਆ ਹੈ ਐਸਾ ਸੁਣ ਕੇ ਸੰਤ ਭਾਗ ਸਿੰਘ ਬੁਲਾ ਕੇ ਬਹੁਤ ਕਰੜੇ ਸ਼ਬਦਾਂ ਨਾਲ ਡਾਂਟਿਆ, ਆਖਿਆ ਅਜੇ ਹੀ ਤੂੰ ਮਰਿਆਂ ਨੂੰ ਜੀਵਾਣ ਲਗਾ ਹੈਂ, ਜੇ ਤੇਰਾ ਮਨ ਰਿਧੀਆਂ ਸਿਧੀਆਂ ਕਰਾਮਾਤਾਂ ਵਿਖਾਣ ਪਰ ਹੈ ਤਾਂ ਉਠੇ ਸਾਹਿਬ ਚਲਿਆ ਜਾਹ! ਉਥੇ ਬਥਾ ਸਾਹਿਬ ਸਿੰਘ ਕਰਾਮਾਤਾਂ ਵਾਲੇ ਬੋਠੇ ਹਨ ਤੇਰੀ ਸਮਾਈ ਉਥੇ ਹੋਵਿਗੀ, ਇਥੇ ਐਸਾ ਨਹੀਂ ਹੋਣ ਦਿਤਾ ਜਾਏਗਾ। ਐਸਾ ਆਖ ਕੇ ਸੰਤ ਭਾਗ ਸਿੰਘ ਨੇ ਉਹਨਾਂ ਵਲੋਂ ਪਿਠ ਫੇਰ ਲਈ ਤੇ ਚੁਪ ਹੋ ਗਏ ਸੀ। ਪਰ ਭਾਈ ਵੀਰ ਸਿੰਘ ਕਿਵੇਂ ਸਹਾਰਦੇ ਕਿ ਸੰਤ ਭਾਗ ਸਿੰਘ ਇਹਨਾਂ ਤੇ ਇਤਨੇ ਨਰਾਜ ਹੋ ਜਾਣ! ਆਪ ਨੇ ਨੇਤਰ ਨੀਵੇਂ ਕਰਕੇ ਪ੍ਰੇਮ ਦੇ ਅਥਰੂ ਵਹਾਏ ਅਤੇ ਸੰਤ ਸਾਹਿਬ ਦੇ ਚਰਨਾਂ ਪਰ ਸੀਸ ਦੱਖ ਕੇ ਪ੍ਰਿਆਇਤੇ ਬੋਲੇ ਮਹਾਰਾਜ ਮੈਂ ਭੁਲ ਗਿਆ ਹਾਂ, ਆਪ ਮੁਆਫ ਕਰ ਦਿਉ।

ਜੈਸੇ ਬਾਲਕ ਭਾਇ ਸੁਭਾਇ ਲਖ ਅਪਰਾਧ ਕਮਾਵੈ ॥
ਕਰ ਉਪਦੇਸ਼ ਝਿੜਕੇ ਬਹੁ ਭਾਂਤੀ ਬਹੁੜ ਪਿਤਾ ਗਲ ਲਾਵੈ ॥

ਇਸ ਤਰੀਕੇ ਦੀ ਬੇਨਤੀ ਤੇ ਅਧੀਨਗੀ ਦੇਖ ਕੇ ਸੰਤ ਭਾਗ ਸਿੰਘ ਦਿਆਲੂ ਹੋਏ ਤੇ ਆਖਿਆ—ਹੁਣ ਵੇਰੀ ਬਖਸ਼ ਦਿਤਾ ਹੈ, ਅਗੇ ਤੋਂ ਐਸਾ ਅਯੋਗ ਕੰਮ ਨਹੀਂ ਕਰਨਾ। ਅਗਰ ਕੁਝ ਸ਼ਕਤੀ ਮਿਲੀ ਹੈ ਤਾਂ ਜ਼ਰਨਾ ਚਾਹੀਏ। ਕਰਾਮਤ ਦਿਖਾ ਕੇ ਪ੍ਰਭਤਾ ਪਾਣੀ ਗੁਰੂ ਘਰ ਵਿਚ ਵਿਵਰਜਤ ਹੈ। ਤਦ ਭਾਈ ਵੀਰ ਸਿੰਘ ਜੀ ਨੇ ਪ੍ਰਵਾਨ ਕਰਕੇ ਨਿਮਸਕਾਰ ਕੀਤੀ ਤੇ ਪਹਿਲੇ ਵਾਂਗੂੰ ਹੀ ਸੰਤ ਸੇਵਾ ਵਿਚ ਲੀਨ ਰਹੇ ਤੇ ਜੋ ਆਗਿਆ ਹੁੰਦੀ ਪਾਲਨ ਕਰਦੇ ਰਹੇ ਸਨ।

ਸੰਤ ਭੋਰੇ ਵਿਚ ਇਕ ਬਹੁਤ ਪੁਰਾਣਾ ਪਿੱਤਲ ਦਾ ਲੋਟਾ (ਗੜਵਾ) ਪਿਆ ਸੀ। ਸੰਤ ਭਾਗ ਸਿੰਘ ਜੀ ਨੇ ਬੀਰ ਸਿੰਘ ਜੀ ਨੂੰ ਆਖਿਆ ਇਹ ਨਦੀ ਤੇ ਲੈ ਜਾ ਕੇ ਚੰਗੀ ਤਰ੍ਹਾਂ ਮਾਂਜਨਾ ਕਰੀਏ ਜੋ ਵਰਤ ਲਹਿ ਜਾਣ, ਤਦ ਇਨ੍ਹਾਂ ਨੇ ਐਸਾ ਹੀ ਕੀਤਾ ਪਰ ਆਪ ਨੇ ਪਸੰਦ ਨ ਕੀਤਾ। ਤੇ ਫੇਰ ਜਾ ਕੇ ਮਾਂਜ ਕੇ ਲਿਆਂਦਾ ਸੀ ਫਿਰ ਨੂੰ ਕਿਹਾ ਤੇ ਇਨ੍ਹਾਂ ਨੇ ਹੁਣ ਵੇਰੀ ਬਹੁਤ ਚਿਰ ਤੀਕ ਰੇਤੇ ਨਾਲ ਰਗੜ ਕੇ ਚਮਕਾ ਕੇ ਲਿਆਂਦਾ ਸੀ ਫਿਰ ਵੀ ਸੰਤ ਭਾਗ ਸਿੰਘ ਜੀ ਨੇ ਜਦੋਂ ਝਿੜਕ ਕੇ ਕਿਹਾ ਕਿ ਦੇਖ ਅਜੇ ਕੁਝ ਦਾਗਦਾਰ ਹੈ। ਤਦ ਭਾਈ ਵੀਰ

ਸਿੰਘ ਨੇ ਚਰਨ ਫੜ ਕੇ ਬੇਨਤੀ ਕੀਤੀ ਮਹਾਰਾਜ-- ਬਹੁਤ ਚਿਰ ਤੋਂ ਇਸਨੂੰ ਆਪ ਨੇ ਭੁਲਾਏ ਰਖਿਆ ਤੇ ਇਹ ਸੰਗਾਲ ਦਾ ਮਾਰਿਆ ਪਿਆ ਸੀ- ਜਤਨ ਬਹੁਤ ਕੀਤਾ ਹੈ ਤਦ ਵੀ ਪੂਰਾ ਪੂਰਾ ਸੰਗਾਲ ਨਹੀਂ ਉਤਰਿਆ ਹੈ- ਸੰਤ ਜੀ ਸੁਣ ਕੇ ਖੁਸ਼ ਹੋਏ ਤੇ ਫੁਰਮਾਇਆ-- ਇਸੇ ਤਰਾਂ ਇਸ ਮਨ ਨੂੰ ਜਨਮ ਜਮਾਤਰਾਂ ਦੀ ਮਿਲ ਲਗ ਰਹੀ ਤੇ ਮੈਲਾਂ ਹੈ- ਗੁਰੂ ਨਾਨਕ ਫੁਰਮਾਂਦੇ ਹਨ -

ਭਰੀਐ ਮਤ ਪਾਪਾਂ ਕੇ ਸੰਗ, ਉਹ ਧੋਪੈ ਨਾਵੈ ਕੇ ਰੰਗ ॥

ਕਿਉਂਕਿ-- ਜਨਮ ਜਨਮ ਕੀ ਇਸ ਮਨ ਕਉ ਮਲ ਲਾਗੀ ਕਾਲਾ ਹੋਅ ਸਿਆਹ
ਖੰਨਲੀ ਧੋਤੀ ਉਜਲ ਨ ਹੋਵੈ ਜੇ ਸੌ ਧੋਵਨ ਪਾਹ ॥

ਭਾਂਤੇ- ਪ੍ਰਭੂ ਸਿਮਰਨ ਤੇ ਸੇਵਾ ਹੀ ਐਸੀ ਵਸਤੂ ਹੈ ਜਿਸ ਨਾਲ ਮਨ ਸ਼ੁਧ ਹੋ ਕੇ ਆਪੇ ਨੂੰ ਪਹਿਚਾਨਦਾ ਤੇ ਜਨਮ ਸੰਵਾਰ ਲੈਂਦਾ ਹੈ। ਤਦ ਭਾਈ ਬੀਰ ਸਿੰਘ ਜੀ ਨੇ ਵੇਰ ਬੇਨਤੀ ਕੀਤੀ ਤੇ ਕਿਹਾ—ਮਹਾਰਾਜ! ਆਪ ਜੈਸੀ ਹੁਣ ਕਿਰਪਾ ਕਰੋਗੇ ਤਾਂ ਇਹ ਵੀ ਇਸ ਭਾਂਤੇ ਵਾਂਗੂੰ ਜੋ ਚਿਰਾਂ ਤੋਂ ਭੁਲਾਇਆ ਹੋਇਆ ਸੀ ਦਾਗਦਾਰ ਹੋ ਚੁਕਾ ਸੀ ਮੈਨੂੰ ਵੀ ਭਰਮਦੇ ਭਟਕਦੇ ਨੂੰ ਹੁਣ ਆਪ ਨੇ ਹੀ ਸੰਭਾਲ ਕਰਨੀ ਤੇ ਸੰਵਾਰਨਾ ਸੁਧਾਰਨਾ ਹੈ। ਐਸੇ ਨਿਰ ਅਭਮਾਨਤਾ ਦੇ ਬਚਨ ਸੁਣੇ ਤਾਂ ਸੰਤ ਭਾਗ ਸਿੰਘ ਨੇ ਬਹੁਤ ਪਿਆਰ ਸਤਿਕਾਰ ਨਾਲ ਸਲਾਹਿਆ ਤੇ ਹੌਂਸਲਾ ਵਧਾ ਕੇ ਆਦਰ ਕੀਤਾ। ਫੁਰਮਾਇਆ ਧੰਨ ਉਹ ਜਨਨੀ ਹੈ ਜਿਸ ਨੈ ਐਸੇ ਨਿਰ ਅਭਮਾਨ ਸਿਖ ਨੂੰ ਜਨਮ ਦਿਤਾ ਹੈ।

ਸੰਤ ਭਾਗ ਸਿੰਘ ਇਸ ਵੇਲੇ ਬਹੁਤ ਪ੍ਰਸੰਨ ਮੂਖ ਤੋਂ ਫੇਰ ਫੁਰਮਾਇਆ ਐ ਬੀਰ ਸਿੰਘ ਤੂੰ ਮੈਨੂੰ ਬਹੁਤ ਪ੍ਰਸੰਨ ਕੀਤਾ ਹੈ-- ਜੋ ਚਾਹੇ ਇਸ ਵੇਲੇ ਮੰਗ ਲੈ, ਮੈਨੂੰ ਦੇਣ ਵਿਚ ਖੁਸ਼ੀ ਹੋਵੇਗੀ। ਤੇਰੇ ਜੈਸਾ ਨਿਰਮਾਨ ਤੇ ਨਿਰ ਅਭਮਾਨ ਮੈਂ ਅਜ ਤੀਕ ਕੋਈ ਭਿਠਾ ਤੇ ਨਾ ਅਗੇ ਦੇਖ ਸਕਾਂਗਾ। ਨਿਰ ਸੰਸੇ ਹੋ ਕੇ ਮੰਗ ਲੈ- ਤਦ ਇਸ ਤਰ੍ਹਾਂ ਦੇ ਕਿਰਪਾਲਤਾ ਭਰੇ ਬਚਨ ਅਪਨੇ ਪ੍ਰਥਾਏ ਸੁਣ ਕੇ ਭਾਈ ਬੀਰ ਸਿੰਘ ਨੇ ਚਰਨ ਫੜ ਲਏ ਤੇ ਨੈਨ ਨੀਵੇਂ ਕਰਕੇ ਕਿਹਾ— ਸਾਹਿਬ ਜੀ-- "ਕਿਆ ਮਾਂਗੂੰ ਕਿਛ ਥਿਰ ਨ ਰਹਾਈ" ਜੋ ਪ੍ਰਸੰਨ ਹੋਏ ਹੋ ਤਾਂ- (ਸਿਖ ਵਰੀਦੇ ਪੈਰ ਦੀਜੈ ਬੰਦਗੀ) ਜੋ ਸੇਖ ਨੇ ਮੰਗਿਆ ਸੀ ਉਹਨੂੰ ਮਿਲਿਆ ਹੈ-- ਮੈਨੂੰ ਵੀ ਬੰਦਗੀ ਮਿਲੇ-- ਤਦ ਸੰਤ ਜੀ ਨੇ ਛਾਤੀ ਨਾਲ ਲਾ ਕੇ ਕਿਹਾ —

"ਹਰ ਧਨ ਕੇ ਭਰ ਲਿਉ ਭੰਡਾਰ"

ਐਸਾ ਹੀ ਹੋਵੇਗਾ। ਭਗਤੀ ਦੇ ਭੰਡਾਰ ਭਰੇ ਜਾਣਗੇ।

ਬਾਬਾ ਬੀਰ ਸਿੰਘ ਨੂੰ ਆਪਣੇ ਘਰ ਭੇਜਿਆ

ਸੰਤ ਭਾਗ ਸਿੰਘ ਜੀ ਨੇ ਭਾਈ ਬੀਰ ਸਿੰਘ ਜੀ ਦੀ ਨਿਮਰਤਾ—ਨਿਰ ਅਭਮਾਨਤਾ ਉਤੇ ਖੁਸ਼ ਹੋ ਕੇ ਬਹੁਤ ਅਸੀਸਾਂ ਦਿਤੀਆਂ ਸਨ। ਕੁਝ ਦਿਨ ਬਤੀਤ ਹੋਣ ਮਗਰੋਂ ਸੰਤ ਜੀ ਨੇ ਬੀਰ ਸਿੰਘ ਜੀ ਨੂੰ ਬੁਲਾ ਕੇ ਆਖਿਆ— ਤੁਸੀਂ ਬਹੁਤ ਕੁਝ ਪਾਇਆ ਤੇ ਆਪਣੇ ਨੂੰ ਅਧਿਕਾਰੀ ਬਣ ਵਿਖਾਇਆ ਹੈ। ਜਿਸ ਵਿਚ ਦੇ ਆਏ ਹੋ ਆਪਾ ਭੁਲਾ ਕੇ ਸਾਡੀ ਸੇਵਾ ਨੂੰ ਨਿਭਾਇਆ ਹੈ। ਹੁਣ ਅਸੀਂ ਸਮਝਿਆ ਹੈ ਤੁਸੀਂ ਆਤਮ ਦਰਸੀ ਹੋ ਕੇ ਇਸ ਸੰਸੇ ਰੂਪੀ ਸੰਸਾਰ ਵਿਚ ਅਲੋਪ ਰਹਿਣਾ ਸਿਖ ਪਾਇਆ ਹੈ। ਤੁਹਾਡੇ ਵਾਸਤੇ ਹੁਣ ਘਰ ਬਾਹਿਰ ਇਕੋ ਜਿਹਾ ਹੋਇਆ ਦਿਸਿਆ ਹੈ। ਫਿਰ ਵੀ ਤੁਸੀਂ ਸਾਡਾ ਹੁਕਮ ਮੰਨ ਕੇ ਇਕ ਵੇਰ

Scanned with CamScanner

ਆਪਣੇ ਘਰ ਜ਼ਰੂਰ ਜਾਈਏ। ਆਪਣੀ ਮਾਤਾ ਨੂੰ ਮਿਲੀਏ ਜਿਸਨੇ ਤੁਹਾਨੂੰ ਜਨਮ ਦਿਤਾ ਤੇ ਪਾਲਿਆ ਸੀ। ਨੌਕਰੀ ਜ਼ਰੂਰੀ ਹੈ ਕੋ ਨੌਕਰੀ ਕੀਤੀ ਪਰ ਛੁਟੀ ਲੈ ਕੇ ਤੁਸੀਂ ਆਏ ਤੇ ਇਥੇ ਹੀ ਟਿਕੇ ਰਹੇ ਹੋ। ਦੁਖ ਜਾਈਏ, ਮਾਤਾ ਜੀ ਨੂੰ ਤੇ ਭਰਾਵਾਂ ਤਾਂਈ ਵੀ ਮਿਲ ਮਿਲਾ ਕੇ ਜੀ ਕਰੇ ਤਾਂ ਫੇਰ ਆ ਜਾਣਾ। ਇਹ ਹੁਕਮ ਸੰਤ ਭਾਗ ਸਿੰਘ ਜੀ ਦਾ ਮੰਨ ਕੇ ਨਿਮਸਕਾਰ ਕੀਤੀ ਤੇ ਆਪਣੇ ਪਿੰਡ ਗਗੂ ਬੁਢੇ ਨੂੰ ਚਲੇ ਗਏ।

ਬਹੁਤ ਚਿਰ ਪਿਛੋਂ ਘਰ ਪਰਤੇ ਸਨ। ਮਾਤਾ ਜੀ ਨੂੰ ਨਿਮਸਕਾਰ ਕੀਤੀ, ਭਰਾਵਾਂ ਨੂੰ ਮਿਲੇ ਤੇ ਦੁਪਾਸੀ ਬੀਤੇ ਸਮਾਚਾਰ ਸੁਣਾਏ ਗਏ, ਪਰ ਘਰ ਆ ਕੇ ਆਪ ਦੀ ਬਿਰਤੀ ਉਪ੍ਰਾਮਹੀ ਰਹੀ। ਕੋਈ ਸਾਧੂ ਅਭਿਆਗਤ ਆਵੇ ਤਾਂ ਪ੍ਰੇਮ ਭਰੇ ਦਿਲ ਨਾਲ ਸੇਵਾ ਕਰਨੀ ਆਪਣਾ ਧਰਮ ਧਰਮ ਬਣਾ ਲਿਆ ਸੀ। ਇਨ੍ਹਾਂ ਦੇ ਘਰ ਆਏ ਫੇਲੇ ਤਾਂ ਮਾਤਾ ਨੇ ਸਮਝਿਆ ਸੀ ਮੇਰਾ ਪੁਤਰ ਚਿਰ ਪਿਛੋਂ ਆਇਆ ਹੈ ਬਹੁਤ ਧਨ ਖੱਟ ਕੇ ਲਿਆਇਆ ਹੋਵੇਗਾ–ਪਰ ਛੇ ਮਹੀਨੇ ਸਾਲ ਬੀਤ ਜਾਣ ਪਰ ਵੀ ਕੁਝ ਖੱਟੀ ਕਮਾਈ ਦਾ ਹੁਣ ਲਿਆਂਦਾ ਨਹੀਂ ਦਿਖਾਇਆ ਸੀ। ਪੁਛਦੀ ਇਸ ਵਾਸਤੇ ਨਹੀਂ ਸੀ ਕਿ ਸ਼ਾਇਦ ਨਰਾਜ਼ ਹੋ ਕੇ ਫਿਰ ਚਲਾ ਨ ਜਾਏ। ਭਰਾਵਾਂ ਤੇ ਭਰਜਾਈਆਂ ਨੂੰ ਵੀ ਭਾਈ ਬੀਰ ਸਿੰਘ ਨਖਤੂ ਹੀ ਦਿਸਿਆ ਤੇ ਇਲ ਤੋਂ ਖਿਝਦੀਆਂ ਸਨ ਜੋ ਕਮਾਈ ਕੁਝ ਕਰਦਾ ਨਹੀਂ। ਸਵੇਰੇ ਹੀ ਇਸ਼ਨਾਨ ਪਾਣੀ ਨੂੰ ਜਾਂਦਾ ਤੇ ਦਿਨ ਭਰ ਬਾਹਰ ਹੀ ਸਮਾਧੀ ਲਾ ਕੇ ਬੈਠਾ ਰਹਿੰਦਾ ਸੁਣਿਆ ਹੈ। ਜੋ ਦਿਹਾੜੀ ਵੇਲੇ ਘਰ ਆ ਵੀ ਜਾਏ ਤਦ ਖਾਣ ਪੀਣ ਨੂੰ ਜੋ ਮਿਲਦਾ ਹੈ–ਨਾਲ ਲਿਆਂਦੇ ਕਿਸੇ ਸਾਧੂ ਫਕੀਰ ਨੂੰ ਪਹਿਲੇ ਤੇ ਪਿਛੋਂ ਆਪ ਖਾਂਦਾ ਹੈ। ਇਸ ਤੋਂ ਕੀ ਉਮੀਦ ਹੋ ਸਕਦੀ ਹੈ ਕਿ ਘਰ ਦਾ ਕੁਝ ਸੰਵਾਰੇਗਾ।

ਨੋਟ–ਬੀਰ ਸ੍ਰਿਗੋਸ਼ ਗ੍ਰੰਥ- ਗੁਰ ਬਿਲਾਸ ਦੇ ਸਵਾ ੩੯੫ ਉਤੇ ੧ ਸਕੰਧ ਅਧਿਆਏ ੨੮ ਵਿਚ ਪੰਡਤ ਸ਼ੇਰ ਸਿੰਘ ਨੇ ਬਾਬਾ ਬੀਰ ਸਿੰਘ ਦੇ ਘਰ ਤੋਂ ਚਲੇ ਜਾਣ ਦੀ ਸਾਖੀ ਇਉਂ ਲਿਖੀ ਹੈ।

– ਪੰਡਤ ਸ਼ੇਰ ਸਿੰਘ ਲਿਖਦੇ ਕਿ ਬਖਸ਼ੀ ਰਾਜਾ ਸਿੰਘ ਦੇ ਪੁਤਰ ਬਖਸ਼ੀ ਠਾਕਰ ਸਿੰਘ (ਗਗੂ ਬੂਆ) ਨੇ ਜਿਵੇਂ ਗੱਲ ਸੁਣਾਈ ਹੈ ਉਹ ਮੈਨੇ ਜਿਉ ਕੀ ਤਿਉ ਲਿਖੀ ਹੈ,ਇਹ ਦੇਵੇ ਪਿਉ ਪੁਤ੍ਰ ਬਾਬਾ ਜੀ ਦੇ ਬਹੁਤ ਸ਼ਰਧਾਲੂ ਸਨ। ਇਨ੍ਹਾਂ ਦਸਿਆ ਕਿ ਇਕ ਦਿਨ ਸੰਤਾਂ ਦੀ ਮੰਡਲੀ ਪਿੰਡ ਵਿਚ ਆਈ ਤੇ ਬੀਰ ਸਿੰਘ ਜੀ ਨੇ ਮਾਤਾ ਜੀ ਨੂੰ ਦਸਿਆ ਕਿ ਸੰਤ ਮੰਡਲੀ ਵਾਸਤੇ ਭੋਜਨ ਦਾ ਪ੍ਰਬੰਧ ਕਰੀਏ, ਐਸਾ ਸ਼ਾਮਾਂ ਭਾਗਾਂ ਨਾਲ ਮਿਲਦਾ ਹੈ ਤਦ ਮਾਤਾ ਨੇ ਕੁਝ ਕਟੋਚ ਭਰੇ ਬਚਨ ਬੋਲੇ– ਕਿਹਾ– ਬੀਰ ਸਿੰਘ ਬਚਾ– ਤੇਰਾ ਤਾਂ ਨਿਤ ਏਹੀ ਕੰਮ ਹੈ। ਤੇਰੇ ਪਾਸ ਤਾਂ ਨਿਤ ਫਕੀਰਾਂ ਦੀਆਂ ਜਮਾਤਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ। ਅਸੀਂ ਹਰ ਰੋਜ ਇਤਨੀ ਸਮਗਰੀ ਕਿਵੇਂ ਲਿਆਈਏ। ਜੇ ਤੂੰ ਖੁਲੇ ਦਿਲ ਫਕੀਰਾਂ ਨੂੰ ਖੁਆਉਂਦਾ ਰਹੇ। ਆਪਣੀ ਖੱਟੀ ਤੂੰ ਤਾਂ ਸਾਰੀ ਸੰਤਾਂ ਸਾਧਾਂ ਨੂੰ ਖੁਆ ਆਇਆ ਤੇ ਹੁਣ ਸਾਡਾ ਵੀ ਘਰ ਉਜਾੜਨ ਲਗਾ ਹੈ- ਤਦ ਮਾਤਾ ਜੀ ਨੂੰ ਆਖਿਆ ਜੇ ਬਹੁਤਾ ਨਹੀਂ ਤਾਂ ਥੋੜਾ ਹੀ ਦੇਵਹੁ ਸੰਤ ਮੰਡਲੀ ਨੂੰ ਪ੍ਰਸ਼ਾਦਾ ਛਕਾਣਾ ਹੈ। ਐਸਾ ਸੁਣ ਕੇ ਮਾਤਾ ਜੀ ਨੇ ਕਟੋਚ ਭਰੇ ਬਚਨਾਂ ਨਾਲ ਫੇਰ ਕਿਹਾ-- ਬੀਰ ਸਿੰਘਾ-- ਅਸੀ ਭਾਈ ਤੇਰਾ ਮੈਨੇ ਕੁਝ ਨਹੀਂ ਦੇਖਿਆ, ਤੇਰੇ ਭਾਈ ਖਟਦੇ ਹਨ - ਤੂੰ ਖਾਂਦਾ ਹੈ ਮੈਂ ਵੀ ਖਾਂਦੀ ਹਾਂ। ਜਾਹ ਹੁਣ ਤੂੰ ਜਿਥੇ ਜੀ ਚਾਹੇ ਚਲਿਆ ਜਾਹ। ਚਾਰੇ ਰਾਹ ਚਿਟੇ ਹਨ।

ਇਹੋ ਜਿਹੇ ਕਠੋਰ ਬਚਨ ਸੁਣ ਕੇ ਬੀਰ ਸਿੰਘ ਜੀ ਨੇ ਸਤ ਬਚਨ ਕਿਹਾ ਤੇ ਚਲ ਪਏ ਪਰ ਚੰਗਾ ਜਾ ਕੇ ਫੇਰ ਬੇਨਤੀ ਕੀਤੀ ਮਾਤਾ ਜੀ ਕੁਝ ਤਾਂ ਵੇਰਵੁ ਪਰ ਮਾਤਾ ਜੀ ਦਾ ਉਹੋ ਹੀ ਉਤਰ ਸੀ— ਤੈਨੂੰ ਮੈਂ ਆਖਿਆ ਹੈ ਚਲਾ ਜਾਹ! ਫੇਰ ਕਿਉ ਘਰ ਵਲ ਦੇਖਦਾ ਹੈ— ਹੁਣ ਬੀਰ ਸਿੰਘ ਨੇ ਨਿਮਸਕਾਰ ਕੀਤੀ, ਚਲ ਪਏ ਤੇ ਜਾਣ ਤੋਂ ਪਹਿਲਾਂ ਆਪਣੇ ਨਗਰ ਗਗੋ ਬੂਆ ਤੋਂ ਘਰ ਘਰ ਜਾ ਕੇ ਮਧੂਕੜੀ ਮੰਗੀ। ਵਾਰ

ਭਾਜੀ ਪ੍ਰਬਾਦੇ ਉਗਰਾਹ ਕੇ ਸੰਤ ਮੰਡਲੀ ਨੂੰ ਭੋਜਨ ਛਕਾਇਆ ਤ੍ਰਿਪਤ ਕੀਤਾ ਤੇ ਨਗਰ ਤੋਂ ਬਾਹਰ ਜਾ ਕੇ ਇਕਾਂਤ ਵਿਚ ਮਾਤਾ ਜੀ ਦੇ ਕਹੇ ਬਚਨਾਂ ਨੂੰ ਵਿਚਾਰਨ ਲਗੇ ਕਿ ਉਨ੍ਹਾਂ ਦੇ ਚਾਰੇ ਰਾਹ ਚਿਟੇ ਹਨ ਚਲਿਆ ਜਾਹ ! ਇਹ ਬਚਨ ਬਿਅਰਥ ਨਹੀਂ ਹੈ ਕੋਣ ਮਾਤਾ ਹੈ ਜੋ ਆਪਣੇ ਪੁਤਰ ਦੇ ਸੁਖ ਦੀ ਇਛਾ ਨ ਕਰਦੀ ਹੋਵੇ। ਤਾਂ ਤੇ ਉਹਦੇ ਇਹ ਬਚਨ ਵੀ ਮੇਰੀ ਕਲਿਆਣ ਦਾ ਕਾਰਣ ਤਾਂ ਹਨ।

ਭਾਈ ਬੀਰ ਸਿੰਘ ਨੇ ਸੋਚਿਆ ਕਿ ਮੈਂ ਤਾਂ ਆਲਸ ਕਰਕੇ ਬੈਠ ਹੀ ਗਿਆ ਸੀ ਪਰ ਮਾਤਾ ਜੀ ਨੇ ਕ੍ਰਿਰਪਾ ਕਰਕੇ ਜਗਾਇਆ ਹੈ ਤੇ ਕਿਹਾ ਹੈ ਤੇਰੀ ਖੱਟੀ ਅਜ ਤੀਕ ਨਹੀਂ ਦੇਖੀ ! ਮਾਤਾ ਜੀ ਦੇ ਐਸਾ ਕਹਿਣ ਦਾ ਗੁਰੂਜ ਮਤਲਬ ਤਾਂ ਇਹ ਹੈ ਕਿ ਦੂਜੇ ਤੇਰੇ ਭ੍ਰਾਤਾ ਤਾਂ ਗ੍ਰਹਸਥ ਦੇ ਧੰਧਿਆਂ ਵਿਚ ਵਸੇ ਪਏ ਹਨ। ਕੋਈ ਇਕ ਵੀ ਐਸਾ ਨਹੀਂ ਜੋ ਪ੍ਰਮੇਸ਼ਰ ਪ੍ਰਾਇਣ ਹੋ ਕੇ ਪ੍ਰਮਾਤਮਾ ਦੇ ਨਾਮ ਸਿਮਰਨ ਦੀ ਖੱਟੀ ਕਮਾਈ ਕਰਕੇ ਮੇਰੀ ਦੁਖ ਨੂੰ ਸਫਲ ਕਰਦਾ ਹੋਵੇ।

ਫੇਰ ਉਨ੍ਹਾਂ ਕਿਹਾ– ਚਾਰੇ ਰਾਹ ਚਿਟੇ ਹਨ ਜਿਧਰ ਜੀ ਕਰੇ ਚਲਾ ਜਾਹ ! ਸੋ ਇਹ ਤਾਂ ਚਾਰੇ ਗ੍ਰਾਹ– "ਧਰਮ, ਅਰਥ, ਕਾਮ, ਮੋਖ" ਪ੍ਰਾਪਤੀ ਦੇ ਹਨ— ਅਥਵਾ ਵੈਰਾਗ– ਵਿਵੇਕ– ਖਟ ਸੰਪਤੀ; ਮੁਮੁਖ ।। ਇਨ੍ਹਾਂ ਚਾਰੋਂ ਸਾਧਨਾਂ ਵਿਚੋਂ ਕਿਸੇ ਨੂੰ ਵੀ ਕਿਉਂ ਨਹੀਂ ਸਮਾਲਦਾ। ਤਾਂਤੇ ਮਾਤਾ ਜੀ ਦਾ ਕਿਹਾ ਮੰਨ ਕੇ ਮੈਨੂੰ ਹੁਣ ਆਲਸੀ ਬਣ ਕੇ ਬੈਠ ਨਹੀਂ ਰਹਿਣਾ ਚਾਹੀਏ ਤੇ ਬ੍ਰੀਘਰ ਹੀ ਸੰਤ ਸੇਵਾ ਵਿਚ ਜਾ ਕੇ ਸੇਵਾ ਸਿਮਰਨ ਦੀ ਖੱਟੀ ਨਾਲ ਭੰਡਾਰ ਭਰਨਾ– ਨਾਮ ਜਪਣਾ ਜਪਾਣਾ ਤੇ ਕੁਲ ਦਾ ਉਧਾਰ ਵੀ ਕਰਨਾ ਚਾਹੀਏ— ਐਸਾ ਸੋਚ ਕੇ ਬੀਰ ਸਿੰਘ ਜੀ ਕੁਰੀ ਜਾ ਕੇ ਸੰਤ ਭਾਗ ਸਿੰਘ ਜੀ ਸੇਵਾ ਵਿਚ ਜੁਟ ਗਏ ਸੀ।

ਸੰਤ ਭਾਗ ਸਿੰਘ ਜੀ ਦਾ ਦੋਜ਼ ਦਾ ਨਿਤਨੇਮ ਤੇ ਭਾਈ ਬੀਰ ਸਿੰਘ ਜੀ ਵਲੋਂ ਸੇਵਾ

ਗੁਰੂ ਘਰ ਦੀ ਮਰਿਆਦਾ ਅਨੁਸਾਰ ਸੰਤ ਭਾਗ ਸਿੰਘ ਸਵਾ ਪਹਿਰ ਰਾਤ ਰਹਿੰਦੇ ਉਠ ਬੈਠਿਆ ਕਰਦੇ–

ਗੁਰ ਸਤਿਗੁਰ ਕਾ ਜੋ ਸਿਖ ਅਖਾਏ ਸੋ ਭਲ ਕੇ ਉਠ ਹਰ ਨਾਮ ਧਿਆਏ ।।
ਉਦਮ ਕਰੇ ਭਲਕੈ ਪ੍ਰਭਾਤੀ ਇਸ਼ਨਾਨ ਕਰੇ ਅੰਮ੍ਰਿਤਸਰ ਨਾਇ ।।

ਪਰ ਭਾਈ ਬੀਰ ਸਿੰਘ ਇਹਨਾਂ ਤੋਂ ਵੀ ਕੁਝ ਚਿਰ ਪਹਿਲੇ ਉਠ ਕੇ ਇਸ਼ਨਾਨ ਕਰ ਲਿਆ ਕਰਦੇ ਅਤੇ ਸੰਤ ਭਾਗ ਸਿੰਘ ਜਦੋਂ ਦਾਹਰ ਨੂੰ (ਪਹਿਰ ਰਾਤ ਰਹਿੰਦੀ) ਨਦੀ ਕਿਨਾਰੇ ਸੋਚ ਇਸ਼ਨਾਨ ਨੂੰ ਜਾਂਦੇ ਤਦ ਇਹ ਲੋਟਾ–ਤੇ ਕੱਛਾ ਤੋਲੀਆ ਲੈ ਕੇ ਨਾਲ ਜਾਇਆ ਕਰਦੇ ਫਿਰ ਇਸ਼ਨਾਨ ਮਗਰੋਂ ਡੇਰੇ ਆ ਕੇ ਕੁਝ ਚਿਰ ਸਮਾਧੀ ਵਿਸਥਿਤ ਅਤੇ ਉਪ੍ਰੰਤ ਦੀਵਾਨ ਥਾਂ ਬੈਠ ਕੇ ਦੀਵਾਨ ਵਿਚ ਰਾਗੀਆਂ ਤੋਂ ਆਸਾ ਜੀ ਦੀ ਵਾਰ ਦਾ ਕੀਰਤਨ ਤੇ ਮਗਰੋਂ ਗੁਰ ਸ਼ਬਦ ਵਿਆਖਿਆ ਜਾਂ ਜੋਗ ਵਸ਼ਿਸ਼ਟ ਆਦਿਕ ਧਾਰਮਕ ਗ੍ਰੰਥਾਂ ਦੇ ਪ੍ਰੇਮੀ ਸੁਣਾ ਸੁਣਾ ਕੇ ਸੰਗਤ ਨੂੰ ਨਿਹਾਲ ਕੀਤਾ ਕਰਦੇ ਸਨ–ਇਸ ਛੋਟੇ ਜਿਹੇ ਨਗਰ (ਕੁਰੀ ਪਿੰਡ) ਮਾਨੋ ਮੰਗਲ ਵਿਚ ਮੰਗਲ ਅਥਵਾ ਪ੍ਰਮਾਰਥਕ ਵਿਚਾਰ ਧਾਰਾ ਦਾ ਪ੍ਰਵਾਹ ਚਲਿਆ ਰਹਿੰਦਾ ਸੀ। ਸੰਤ ਭਾਗ

Scanned with CamScanner

ਸਿੰਘ ਜੀ ਦੀ ਤਾਂ ਮਾਨਸਿਕ ਅੰਸੀ ਅਵਸਥਾ ਹੋ ਚੁਕੀ ਸੀ–ਗੁਰੂ ਵਾਕ ਹੈ–

ਇਹ ਮਨ ਸਕਤੀ ਇਹ ਮਨ ਜੀਓ ॥ ਇਹ ਮਨ ਪੰਚ ਤਤ ਕੋ ਜੀਓ ॥
ਇਹ ਮਨ ਲੈ ਜੋ ਉਨ ਮਨ ਰਹੈ ॥ ਤੋ ਤੀਨ ਲੋਕ ਕੀ ਬਾਤੈ ਕਹੈ ॥

ਇਕਾਂਤ ਸਮਾਧੀ ਵਿਚ ਬੈਠੇ ਹੋਇਆਂ ਇਕ ਦਿਨ ਸੰਤ ਭਾਗ ਸਿੰਘ ਖਿੜ ਖਿੜਾ ਕੇ ਜੋਰ ਦੇ ਹੱਸ ਪਏ ਭਾਈ ਬੀਰ ਸਿੰਘ ਨੇੜੇ ਹੀ ਬੈਠੇ ਸਿਮਰਨ ਕਰ ਰਹੇ ਸਨ–ਉਹਨਾਂ ਪਾਸੋਂ ਸਨਿਮਰ ਹਾਸੇ ਦਾ ਕਾਰਨ ਪੁਛਿਆ–ਤਦ ਉਹਨਾਂ ਦਸਿਆ ਕਿ ਕਿਵੇਂ ਉਚ ਕੋਟੀ ਦੇ ਮਹਾਂ ਪੁਰਖਾਂ ਭਾਈ (ਮਾਇਆ ਤੋਂ ਮਨ ਕਰਕੇ ਅਸੰਗ ਰਹਿੰਦਿਆਂ ਹੋਇਆਂ ਵੀ) ਮਾਇਕੀ ਸੰਕਲਪ ਫੁਰਦੇ ਹੀ ਰਹਿੰਦੇ ਹਨ । ਸੰਤ ਜੀ ਨੇ ਦਸਿਆ ਕਿ ਉਨਾਂ ਸਾਹਿਬ ਸਿੰਘ ਜੋ ਇਸ ਸਮੇਂ ਦੇ (ਬ੍ਰਹਮ ਗਿਆਨੀ ਸਦਾ ਨਿਰਲੇਪ) "ਜੈਸੇ ਜਲ ਮੈ ਕਮਲ ਨਿਰਾਲਮ" ਅਵੱਸਥਾ ਦੇ ਪ੍ਰਜਨੀਕ ਹਨ, ਇਸ ਵੇਲੇ ਤਬੇਲੇ ਵਿਚ ਖਲੋਤੇ ਘੋੜਿਆਂ ਦੇ ਰਾਖੇ ਸੇਵਾਦਾਰ (ਚਰੋਗੇ) ਦੇ ਕਹਿਣ ਤੇ ਕਿ ਆਪਣੇ ਪਾਸ ਓਗੀਆਂ ਖਚਰਾਂ ਵੀ ਹੋਣੀਆਂ ਚਾਹੀਏ, ਬਾਬਾ ਜੀ ਨੇ ਸਹਿਮਤੀ ਪ੍ਰਗਟ ਕੀਤੀ ਤੇ ਸਾਨੂੰ ਐਸਾ ਦੇਖ ਸੁਣ ਕੇ ਹਾਸੀ ਆਈ ਹੈ ਤਦ ਬੀਰ ਬੀਰ ਸਿੰਘ ਜੀ ਨੇ ਨਿਮਸਕਾਰ ਕਰਕੇ ਕਿਹਾ–ਮੈਨੂੰ ਵੀ ਕਿਰਪਾ ਕਰਕੇ ਐਸੇ ਉਨਾਂ ਸ਼ਹਿਰ ਅਤੇ ਬਾਬਾ ਜੀ ਦੇ ਦਰਸ਼ਨ ਕਰਾਈਏ ।

ਸੰਤ ਭਾਗ ਸਿੰਘ ਦਿਆਲੂ ਹੋਏ । ਆਪ ਨੇ ਦੋਹਾਂ ਹੱਥਾਂ ਨਾਲ ਭਾਈ ਬੀਰ ਸਿੰਘ ਦਾ ਸੀਸ ਫੜਿਆ, ਚੁੰਮਿਆ ਤੇ ਆਪ ਦੀ ਆਤਮਾ ਨੂੰ ਮਾਨੋਂ ਉਨੇ ਸਾਹਿਬ ਪਹੁੰਚਾ ਕੇ ਤਬੇਲੇ ਵਿਚ ਖਲੋਤੇ ਹੋਇਆਂ ਤੇ ਦਰੋਗੇ ਨਾਲ ਗਲਾਂ ਬਾਤਾਂ ਕਰਦਿਆਂ ਦੇ ਦਰਸ਼ਨ ਕਰਾ ਦਿਤੇ । ਬਾਬਾ ਸਾਹਿਬ ਸਿੰਘ ਦੇ ਚਰਨਾਂ ਪਰ ਆਤਮਾਂ ਕਰਕੇ ਇਹਨਾਂ ਨੇ ਨਿਮਸਕਾਰ ਕੀਤੀ, ਫਿਰ ਬਾਬਾ ਕਲਾ ਧਾਰ ਦਰਬਾਰ ਅਤੇ ਹੋਰ ਲੰਗਰ ਵਿਹਾਰ ਦੀ ਜਾਣਕਾਰੀ ਕਰਾਏ ਮਗਰੋਂ ਭਾਈ ਬੀਰ ਸਿੰਘ ਦੀ ਆਤਮਾ ਨੂੰ ਮੁੜ ਆਪਣੇ ਸਰੀਰ ਵਿਚ ਪ੍ਰਵੇਸ਼ ਕਰਾਇਆ, ਇਹਨਾਂ ਦੀ ਅੱਖ ਖੁਲ੍ਹੀ ਤਾਂ ਆਪਣੇ ਆਪ ਨੂੰ (ਕੁਰੀ ਪਿੰਡ ਵਿਚ) ਸੰਤ ਭਾਗ ਸਿੰਘ ਜੀ ਪਾਸ ਬੈਠੇ ਵੇਖਿਆ, ਹੈਰਾਨ ਹੋਏ ਕਿ ਇਹ ਸੁਪਨਾ ਸੀ ਜੋ ਕੁਝ ਤਿਨਾ ਹੈ ਜਾਂ ਮਹਾਂ ਪੁਰਖਾਂ ਨੇ ਆਪਣੇ ਆਤਮਕ ਬਲ ਨਾਲ ਮੈਨੂੰ ਸਭ ਕੁਝ ਪਲ ਵਿਚ ਦਿਖਾਇਆ ਹੈ । ਭਾਈ ਬੀਰ ਸਿੰਘ ਨੇ ਬੜੇ ਪ੍ਰੇਮ ਭਿਜੇ ਮਨ ਨਾਲ ਫੇਰ ਸੰਤ ਭਾਗ ਸਿੰਘ ਜੀ ਨੂੰ ਨਿਮਸਕਾਰ ਕੀਤੀ ਕਿ "ਸੰਤ ਰਾਮ ਹੈ ਏਕੋ" ਅਥਵਾ "ਸੰਤ ਰਾਮ ਮਹਿ ਭੇਦ ਨਹਿ ਭਾਈ" ਜਾਣਦੇ ਹੋਇਆਂ ਆਪਣਾ ਆਪ ਸੋਂਪ ਦਿਤਾ ਸੀ ।

ਨੋਟ :–ਸ੍ਰੀ ਬੀਰ ਮ੍ਰਿਗੇਂਦ੍ਰ ਗੁਰ ਬਿਲਾਸ ਦੇ ਕਰਤਾ ਪੰਡਤ ਸ਼ੇਰ ਸਿੰਘ ਨੇ ੧ ਸਕੰਧ ਦੇ ੨੯ ਅਧਿਆਇ ਵਿਚ ਲਿਖਿਆ ਕਿ ਇਹ ਸਾਖੀ ਇਸ ਬੀਤ ਰਹੇ ਸਮੇਂ ਵਿਚ ਬਹੁਤ ਪ੍ਰਸਿਧ ਹੋ ਚੁਕੀ ਸੀ ਤੇ ਅਸੀਂ ਗਰੰਥ ਵਧਣ ਤੋਂ ਡਰਦੇ ਸੰਕੋਚਵੇਂ ਸ਼ਬਦਾਂ ਵਿਚ ਲਿਖੀ ਹੈ ।

ਭਾਈ ਬੀਰ ਸਿੰਘ ਉਨੇ ਸਾਹਿਬ ਗਏ

ਸੰਤ ਭਾਗ ਸਿੰਘ ਜੀ ਦੇ ਪਾਸ ਹੁੰਦਿਆਂ ਬੜੀ ਨਿੰਮਰਤਾ ਸਹਿਤ ਸੇਵਾ ਵਿਚ ਤੱਤਪਰ ਰਹਿੰਦਿ ਰਹੇ । ਕੁਝ ਥੋੜੇ ਦਿਨ ਹੋਰ ਬੀਤੇ ਤਦ ਸੰਤ ਭਾਗ ਸਿੰਘ ਜੀ ਨੇ ਬੜੇ ਕੰਦ ਵਾਲਾ ਇਕ ਚਿੱਟੇ ਰੰਗ ਦਾ ਗੱਧਾ (ਸਾਹਣ) ਮੰਗਵਾਇਆ ਤੇ ਸੰਤ ਬੀਰ ਸਿੰਘ ਜੀ ਨੂੰ ਕਿਹਾ ਕਿ ਇਹ ਉਨੇ ਸਾਹਿਬ ਲੈ ਜਾ ਕੇ ਬਾਬਾ ਸਾਹਿਬ ਸਿੰਘ ਜੀ ਦੀ ਭੇਟ ਕਰੀਏ, ਕਿਉਂਕਿ ਉਹਨਾਂ ਨੇ ਖੱਚਰਾਂ ਦੀ ਪੈਦਾਇਸ਼ ਦਾ ਸੰਕਲਪ ਕੀਤਾ ਸੀ ਤੇ

ਗੱਧੇ ਅਤੇ ਘੋੜੀ ਦੇ ਸੰਜੋਗ ਨਾਲ ਹੀ ਖੱਚਰ ਪੈਦਾ ਹੁੰਦੇ ਹਨ ਜੋ ਬਹੁਤ ਤਕੜੇ ਪੱਕੇ ਜੁਸੇ ਵਾਲੇ ਤੇ ਭਾਰ ਬਰਦਾਰੀ ਵੀ ਬਹੁਤ ਚੁਕਦੇ ਹਨ । ਨਾਲ ਹੀ ਬੜੇ ਸੋਹਣੇ ਤੇ ਪੱਕੇ ਅਨਾਰਾਂ ਦੀ ਇਕ ਪਟਾਰੀ ਤੋਂ ਵਖਰੇ ਇਕ ਬੇਨਤੀ ਪੱਤਰ ਲਿਖ ਦਿਤਾ ਸੀ ਜਿਸ ਦੇ ਆਰੰਭ ਵਿਚ ਇਹ ਸ਼ਬਦ ਲਿਖਿਆ–

"ਭੈਭਉਤਿ ਖੰਦਨ ਅਨਕ ਬਾਰ ਸ੍ਰਬਥ ਕਲਾ ਸਮਰਥ ॥
ਭੁਲਨ ਤੇ ਰਾਖੋ ਪ੍ਰਭੂ ਨਾਨਕ ਦੇ ਕਰ ਹਥ ॥ (੨੫੬)

ਪੁਨਾ–ਸਤਿਜੁਗ ਤੈ ਮਾਣਿਓ ਛਲਿਓ ਬਲ ਬਾਵਨ ਭਾਇਓ ॥ (ਇਤਆਦਿ)

ਫੇਰ ਲਿਖਿਆ ਆਪ ਨੇ ਰਾਸਬ (ਗੱਧਾ) ਮੰਗਵਾਣ ਦਾ ਸੰਕਲਪ ਕੀਤਾ ਸੀ ਭੇਜਿਆ ਗਿਆ ਹੈ, ਉਮੀਦ ਹੈ ਪ੍ਰਵਾਨ ਕਰੋਗੇ ਤੇ ਸਾਡੇ ਪਰ ਕ੍ਰਿਪਾ ਦ੍ਰਿਸ਼ਟੀ ਰਖੋਗੇ ।

ਇਹ ਚਿਠੀ ਅਤੇ ਰਾਸਬ (ਸਾਹਣ) ਲੈ ਕੇ ਭਾਈ ਬੀਰ ਸਿੰਘ, ਬਾਬਾ ਸਾਹਿਬ ਇੰਘ ਜੀ ਨੂੰ ਅੰਤ੍ਰੀਵ ਨਿਮਸਕਾਰ ਕਰਕੇ ਤੁਰ ਪਏ ਤੇ ਅਨਾਰਾਂ ਦੀ ਪਟਾਰੀ ਨੂੰ ਸੀਸ ਉਤੇ ਚੁਕਿਆ ਹੋਇਆ ਸੀ ਦਰਪ ਦੇ ਰਸਤੇ ਚਲਦੇ ਚਲਦੇ ਕਈ ਥਾਂ ਮੁਕਾਮ ਕੀਤੇ ਅਤੇ "ਪਿੰਨਣ ਵਾਲੇ" ਨਾਮ ਦੇ ਪਿੰਡ ਕੋਲ ਆ ਕੇ ਪੁਛਿਆ ਇਥੇ ਇਕ ਮੁਸਦਾ ਸਿੰਘ ਨਾਮ ਦਾ ਸਾਡਾ ਮਿਤਰ ਹੈ (ਜੋ ਇਹਨਾਂ ਨੂੰ ਪਹਿਲੇ ਕੁਰੀ ਵਿਚ ਵੀ ਮਿਲਦਾ ਰਿਹਾ ਸੀ) ਤਾਂ ਇਕ ਪੰਾਂਡੂ ਨੇ ਦਸਿਆ ਉਹ ਹੈ ਤਾਂ ਸਹੀ ਪਰ ਬਹੁਤ ਬੀਮਾਰ ਹੈ । ਤਦ ਬੀਰ ਸਿੰਘ ਉਸ ਦੇ ਘਰ ਜਾਏ ਪਹੁੰਚੇ, ਉਸ ਨੇ ਦੇਖਿਆ ਤਾਂ ਮਾਨੋਂ ਪ੍ਰੇਮ ਪੁਲਕਾਵਲੀ ਵਿਚ ਮੰਜੇ ਤੋਂ ਝਿਉਂ ਉਛਲ ਕੇ ਉਠਿਆ ਜਿਵੇਂ ਕਿ ਬੀਮਾਰ ਨਹੀਂ ਸੀ, ਦੋਵੇਂ ਮਿਤਰ ਗਲਵਕੜੀ ਪਾ ਕੇ ਮਿਲੇ ਤੇ ਸੰਤ ਭਾਗ ਸਿੰਘ ਜੀ ਬਾਬਤ ਬਚਨ ਕਹੇ ਸੁਣੇ ।

ਭਾਈ ਬੀਰ ਸਿੰਘ ਤਿੰਨ ਦਿਨ ਪਿੰਨਣ ਵਾਲੇ ਪਿੰਡ ਮੁਸਦਾ ਸਿੰਘ ਪਾਸ ਰਹੇ, ਫੇਰ ਉਨੇ ਸਾਹਿਬ ਵਲ ਟੁਰੇ ਅਤੇ ਹੁਸ਼ਿਆਰਪੁਰ ਤੋਂ ਅਗੇ ਚੀਨੀ ਘਾਟੀ, ਜੰਗਲੀ ਰਸਤਾ ਹੈ ਤੇ ਠੈਂਡਲੀਆਂ ਉਚੀਆਂ ਨੀਵੀਆਂ ਘਾਟੀਆਂ ਹਨ ਇਕ ਘਾਟੀ ਉਤੇ ਪੈਰ ਫਿਸਲਿਆ ਤਾਂ ਹੇਠਾਂ ਖੱਡ ਵਿਚ ਜਾ ਡਿਗੇ ਪਰ ਅਨਾਰ ਟੋਕਰੀ ਸਿਰ ਉਤੇ ਬੰਮੀ ਰਖੀ ਕਿ ਡਿਗ ਕੇ ਫਿਸਲ ਜਾਣ ਨਾਲ ਇਥੇ ਹੀ ਬਿਖਰ ਜਾਣਗੇ । ਪਰ ਵਾਹਿਗੁਰੂ ਨੇ ਰਖਿਆ ਕੀਤੀ ਚੋਟ ਨਾ ਆਈ ਤੇ ਸੰਭਲ ਕੇ ਫੇਰ ਉਤੇ ਰਸਤੇ ਪਰ ਆਏ ਤਾਂ ਦੇਖਿਆ ਕਿ ਰਾਸਭ (ਸਾਹਣ) ਉਥੇ ਹੀ ਖਲੋਤਾ ਸੀ ਤੇ ਹੁਣ ਇਹਨਾਂ ਦੇ ਪਿਛੇ ਪਿਛੇ ਤੁਰ ਪਿਆ ਤੇ ਸੁਆਂ ਪਾਰ ਕਰਕੇ ਸੰਤ ਬੀਰ ਸਿੰਘ ਜੀ ਉਨੇ ਸਾਹਿਬ ਜਾਏ ਪਹੁੰਚੇ, ਪਰ ਇਕ ਰਾਤ ਰਾਹ ਵਿਚ ਉਦਾਸੀ ਸੰਤ ਦਿਆਲ ਦਾਸ ਪਾਸ ਵੀ ਰਹੇ ।

ਅਗੇ ਸ੍ਰੀ ਬਾਬਾ ਸਾਹਿਬ ਸਿੰਘ ਜੀ ਦਾ ਦੀਵਾਨ ਸਜਿਆ ਸੀ । ਬੀਰ ਸਿੰਘ ਜੀ ਨੇ ਚੋਬਦਾਰ ਰਾਹੀਂ ਆਪਣੇ ਆਵਣ ਦਾ ਪਤਾ ਕਰਾਇਆ ਤਦ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਨੇ ਆਪਣੇ ਪਾਸ ਬੁਲਾਏ ਭੇਜਿਆ ਤੇ ਇਹਨਾਂ ਨੇ ਭੈਭਉਤਿ ਬੰਦਨਾਂ ਕਰਕੇ ਸੰਤ ਭਾਗ ਸਿੰਘ ਵਲੋਂ ਅਨਾਰਾਂ ਦੀ ਟੋਕਰੀ ਦੀ ਸੁਗਾਤ ਅਤੇ ਪ੍ਰੇਮ ਪੱਤ੍ਰਕਾ ਅਗੇ ਧਰ ਕੇ ਫੇਰ ਆਪਣੀ ਵਲੋਂ ਤੇ ਉਹਨਾਂ ਵਲੋਂ ਵੀ ਨਿਮਕਾਰ ਕੀਤੀ । ਚਿਠੀ ਨੂੰ ਖੋਹਲ ਕੇ ਪੜ੍ਹਿਆ, ਸਮੂਹ ਹਾਜ਼ਰ ਸੰਗਤ ਨੂੰ ਸੁਣਾਇਆ ਕਿ ਆਪਣੇ ਮਿਤਰ ਤੋਂ ਬਗੈਰ ਦਿਲ ਦੀਆਂ ਹੋਰ ਕੋਣ ਜਾਣੇ—ਇਹ ਸੁਗਾਤ ਅਤੇ ਰਾਸਭ (ਸਾਹਣ ਗੱਧਾ) ਉਹਨਾਂ ਭੇਜਿਆ ਹੈ ਆਪ ਸਾਹਿਬ ਸਿੰਘ ਜੀ ਨੇ–ਰਾਸਭ ਤਬੇਲੇ ਵਿਚ ਭਿਜਵਾਇਆ ਤੇ ਦੂਰੋਂ ਆਏ ਆਪਣੇ ਪਹਿਲੀ ਸੰਤ ਬੀਰ ਸਿੰਘ ਦਾ ਡੇਰਾ (ਆਸਨ) ਕਰਾਉਣ ਦਾ ਹੁਕਮ ਫੁਰਮਾਇਆ ।

Scanned with CamScanner

ਇਥੇ ਦੀ ਮਰਿਆਦਾ ਕੁਝ ਹੋਰ ਹੀ ਤਰ੍ਹਾਂ ਦੀ ਸੀ । ਅੰਮ੍ਰਿਤ ਵੇਲੇ ਦਾ ਜਾਗਣਾ-ਇਸ਼ਨਾਨ ਧਿਆਨ ਉਪਰੰਤ ਦੀਵਾਨ ਵਿਚ ਆਸਾ ਦੀ ਵਾਰ ਦਾ ਕੀਰਤਨ ਤੇ ਸ਼ਬਦ ਵਿਆਖਿਆ ਗੁਰਮਤ ਪ੍ਰਚਾਰ ਦਾ ਢੰਗ ਤਾਂ ਐਸਾ ਹੀ ਸੀ ਜਿਵੇਂ ਕੁਰੀ ਵਿਚ ਸੰਤ ਭਾਗ ਸਿੰਘ ਦੇ ਹੁੰਦਾ ਸੀ ਪਰ ਦੀਵਾਨ ਸਮਾਪਤੀ ਉਪ੍ਰੰਤ ਗੁਰ ਕੇ ਚਰਿਤ੍ਰ ਤੇ ਸੁਸ਼ੋਭਿਤ ਗੁਰਸਿਖ ਸੂਰਬੀਰਾਂ ਦੀਆਂ ਟੋਲੀਆਂ ਵੀ ਆਉਂਦੀਆਂ ਉਹ ਆਪਣੇ ਦੇਸ (ਪੰਜਾਬ) ਵਿਚ ਬੀਤ ਰਹੇ ਸਮਾਚਾਰਾਂ ਨੂੰ ਸੁਣਾਂਦੇ । ਕਦੇ ਮਹਾਰਾਜਾ ਰਣਜੀਤ ਸਿੰਘ ਵਲੋਂ ਭੇਜੇ, ਕਦੇ ਹੋਰ ਕਈ ਸਤਵਾਰਾਂ ਬਾਬਤ ਉਹਨਾਂ ਦੇ ਰਾਜਨੀਤਕ ਕਾਰ ਵਿਹਾਰ ਦੀਆਂ ਗੱਲਾਂ ਸੁਣਿਆ ਕਰਦੇ ਹੁੰਦੇ ਸਨ। ਬੀਰ ਸਿੰਘ ਜੀ ਇਹੋ ਜਿਹੀ ਵਾਰਤਾ ਸੁਣਨ ਵਿਚ ਦਿਲਚਸਪੀ ਰਖਦੇ ਸਨ ਕਿਉਂਕਿ ਖੁਦ ਵੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਭਰਤੀ ਸਨ ਤੇ ਪਿਸ਼ੌਰ ਤੋਂ ਛੁਟੀ ਲੈ ਕੇ ਹੀ ਘਰ ਨੂੰ ਗਏ ਸਨ। ਪਰ ਕੁਰੀ ਵਿਚ ਸੰਤ ਭਾਗ ਸਿੰਘ ਜੀ ਦੇ ਦਰਸ਼ਨ ਪਰਸਨ ਦਾ ਐਸਾ ਪ੍ਰਭਾਉ ਪਿਆ ਸੀ ਕਿ ਉਹਨਾਂ ਜੋਗਾ ਹੀ ਹੋ ਗਏ ਸੀ ।

ਇਥੇ ਉਨ੍ਹੇ ਵਿਚ ਆਏ ਹੋਇਆਂ ਨੂੰ ਇਕ ਸਾਲ ਤੋਂ ਵਧੀਕ ਸਮਾਂ ਰਹਿ ਕੇ ਸ੍ਰੀ ਬਾਬਾ ਜੀ ਦੇ ਦੱਸ ਕੇ ਦਰਸ਼ਨ ਕੀਤੇ—ਗਿਆਨ ਵਿਚਾਰ ਅਤੇ ਪੰਜਾਬ ਦੇ ਰਾਜਸੀ ਸਮਾਚਾਰ ਵੀ ਸੁਣਦੇ ਰਹੇ ਸੀ । ਪਰ ਪਿਛੇ ਕੁਰੀ ਨੂੰ ਜਾਣਾ ਵੀ ਸੈਕਲਪ ਜਾਗ ਪਿਆ ਸੀ ਆਪ ਜੀ ਨੇ ਸ੍ਰੀ ਬਾਬਾ ਸਾਹਿਬ ਜੀ ਦੀ ਆਗਿਆ ਪਾ ਕੇ ਅਸੀਸਾਂ ਦੇ ਪਾਤਰ ਬਣੇ ਹੋਇਆਂ ਉਨ੍ਹੇ ਸਾਹਿਬ ਤੋਂ ਕੁਰੀ ਵਲ ਚਾਲੇ ਪਾ ਦਿਤੇ ਸੀ, ਪਰ ਬੀਰ ਮ੍ਰਿਗੇਂਦ੍ਰ ਦਾ ਲੇਖਕ ਲਿਖਦਾ ਕਿ ਬਹੁਤ ਵੇਰ ਸੰਤ ਬੀਰ ਸਿੰਘ ਫੇਰ ਵੀ ਉਨ੍ਹੇ ਆਉਂਦੇ ਰਹੇ ਤੇ ਕਈ ਕਈ ਦਿਨ ਰਹਿ ਕੇ ਫੇਰ ਕੁਰੀ ਸੰਤ ਭਾਗ ਸਿੰਘ ਪਾਸ ਚਲੇ ਜਾਂਦੇ ਸਨ ।

ਗੁਰ ਬਿਲਾਸ ਦੇ ਵਿਦਵਾਨ ਲੇਖਕ ਪੰਡਤ ਸ਼ੇਰ ਸਿੰਘ ਜੀ ਨੇ ਪੂਰਬਾਰਧੇ ਹਿਸੇ ਵਿਚ ਸ੍ਰੀ ਬਾਬਾ ਸਾਹਿਬ ਸਿੰਘ ਸਾਹਿਬ ਬੇਦੀ, ਸੰਤ ਭਾਗ ਸਿੰਘ ਜੀ ਤੇ ਬਾਬਾ ਬੀਰ ਸਿੰਘ ਜੀ ਦੇ ਸਬੰਧ ਵਿਚ ਲਿਖਿਆ ਹੈ, ਅਗੇ ਦੇ ੨ ਸਬੰਧ–ਪੂਰਬਾਰਧੇ ਵਿਚ ਬਾਬਾ ਜਸਵੰਤ ਸਿੰਘ (ਪ੍ਰਸਿਧ ਨਾਮ ਬਾਬਾ ਖੁਦਾ ਸਿੰਘ) ਜੀ ਦੀ ਜਨਮ ਕਥਾ ਤੋਂ ਆਰੰਭ ਕਰਦੇ ਹਨ ।

ਬਾਬਾ ਖੁਦਾ ਸਿੰਘ ਜੀ ਦਾ ਜਨਮ ਤੇ ਜੀਵਨ

ਪੰਡਤ ਸ਼ੇਰ ਸਿੰਘ ਲਿਖਦੇ ਹਨ ਕਿ "ਕੁਰੂਕੁਸ਼ੇਤਰ" ਦੇ ਨੇੜੇ (ਥੋੜ੍ਹੇ ਥੋੜੇ ਕੋਰਾਂ ਤੇ) ਸਿਆਮਗੜ੍ਹ, ਪਾਣੀਪਤ ਤੇ ਕਰਨਾਲ ਤਿੰਨ ਨਗਰ ਵਸਦੇ ਹਨ, ਇਹਨਾਂ ਤਿੰਨਾਂ ਨਗਰਾਂ ਦੇ ਵਿਚਾਲੇ "ਸਿਆਮਗੜ੍ਹ" ਨਗਰ ਵਿਚ ਭਾਈ ਨਥਾ ਸਿੰਘ ਨਾਮ ਦੇ ਇਕ ਗੁਰਸਿਖ ਸੰਤ ਸੁਭਾਉ ਦੇ ਵਸਦੇ ਸਨ ਇਹ ਸ਼ਬਦ ਬਾਣੀ ਦੇ ਅਭਿਆਸੀ ਅਤੇ ਪਰਉਪਕਾਰੀ ਜਜ਼ਬੇ ਵਾਲੇ ਸਨ ।

ਇਹਨਾਂ ਦੇ ਭਾਗ ਜਾਗੇ ਇਹਨਾਂ ਦੀ ਧਰਮ ਪਤਨੀ (ਸ੍ਰੀ ਮਾਤਾ ਸੁਖਾਂ ਦੇਵੀ) ਦੀ ਕੁਖ ਤੋਂ ਸੰਮਤ ਬਿਕ੍ਰਮੀ ੧੮੩੪ ਦੇ ਭਾਦਵੋਂ ਮਹੀਨੇ ਕ੍ਰਿਸ਼ਨਾਂ ਪੱਖ ਦੀ ਅਸ਼ਟਮੀ (ਸ੍ਰੀ ਕ੍ਰਿਸ਼ਨ ਭਗਵਾਨ ਦੇ ਅਵਤਾਰੀ ਦਿਨ) ਦੇ ਸ਼ੁਭ ਦਿਹਾੜੇ ਜਨਮ ਹੋਇਆ । ਭਾਈ ਨੱਥਾ ਸਿੰਘ ਤੇ ਹੋਰ ਸਾਕ ਸਕੈਂਧੀਆਂ ਨੂੰ ਇਸ ਸ਼ੁਭ ਦਿਹਾੜੇ ਸ਼ੁਭਾਗੇ ਬਾਲਕ ਦੇ ਜਨਮ ਦੀ ਬਹੁਤ ਖੁਸ਼ੀ ਹੋਈ । ਕੁਲ ਰੀਤੀ ਅਨੁਸਾਰ ਤੇ ਗੁਰ ਮਰਿਆਦਾ ਮੁਤਾਬਿਕ ਭਾਈ ਨੱਥਾ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਅਗੇ ਅਰਦਾਸ ਬੇਨਤੀ ਤੇ ਸ਼ੁਕਰਾਨੇ ਵਜੋਂ ਖੁਲ੍ਹਾ ਪ੍ਰਸ਼ਾਦ ਭੇਟ ਕੀਤਾ, ਵਰਤਾਇਆ ਤੇ ਮੰਗਤਿਆਂ ਨੂੰ ਦਾਨ ਦਿਤਾ ।

ਆਪ ਦੇ ਜਨਮ ਉਪ੍ਰੰਤ ਦੋ ਦਿਨ ਖਰਾਵੇ ਲੰਘ ਗਏ । ਤੀਜੇ ਦਿਨ ਸਿਆਮਗੜ੍ਹ ਨਗਰ ਉਤੇ ਇਕ ਧਾੜਵੀਆਂ (ਡਾਕੂਆਂ) ਦੇ ਬਹੁਤ ਵੱਡੇ ਟੋਲੇ ਨੇ ਹੱਲਾ ਬੋਲ ਦਿਤਾ । ਲੜਾਈ ਵਿਚ ਕਈ ਪੈਂਤੜੇ ਮਾਰੇ ਗਏ, ਡਾਕੂਆਂ ਨੇ ਨਗਰ ਨੂੰ ਲੁਟਣਾ ਤੇ ਕਈ ਘਰਾਂ ਨੂੰ ਸਾੜਨਾ ਸ਼ੁਰੂ ਕੀਤਾ, ਭਾਈ ਨੱਥਾ ਸਿੰਘ ਵਾਸਤੇ ਮੁਸ਼ਕਿਲ ਸੀ ਇਹ ਤਿੰਨ ਦਿਨਾਂ ਦੇ ਬੱਚੇ ਤੇ ਇਸ ਦੀ ਮਾਤਾ ਨੂੰ ਲੈ ਕੇ ਕਿਥੇ ਭੱਜ ਜਾਂਦੇ ? ਮਾਤਾ ਸੁਖਾਂ ਦੇਵੀ ਨੇ ਕਿਹਾ ਮੈਰੇ ਕੋਲ ਕੁਝ ਖਾਣ ਪੀਣ ਵਾਸਤੇ ਦੱਖ ਕੇ ਤੁਸੀਂ ਬਾਹਰ ਤੋਂ ਭਾਲਾ ਲਾ ਕੇ ਚਲੇ ਜਾਉ । ਅਗਰ ਤੁਸੀਂ ਬੱਚ ਗਏ ਤਾਂ ਸਭ ਕੁਝ ਹੋਇਗਾ ਬਹੁਤ ਮਜ਼ਬੂਤ ਹੋ ਕੇ ਭਾਈ ਨੱਥਾ ਸਿੰਘ ਨੇ ਐਸਾ ਹੀ ਕੀਤਾ ਤੇ ਤਿੰਨ ਦਿਨਾਂ ਦੇ ਬੱਚੇ ਸਮੇਤ ਇਸ ਦੀ ਮਾਤਾ ਨੂੰ ਅੰਦਰ ਛੱਡ ਬਾਹਰ ਤੋਂ ਭਾਲਾ ਲਾ ਕੇ ਕਿਤੇ ਦੂਰਾਡੇ ਚਲੇ ਗਏ ਸੀ । ਉਹ ਕਰੀਬਨ ਪੰਜ ਦਿਨਾਂ ਬਾਅਦ ਵਾਪਸ ਆਏ ਤਾਂ ਪਿੰਡ (ਨਗਰ) ਸਿਆਮਗੜ੍ਹ ਨੂੰ ਉਜਾੜ ਪਿਆ ਤੇ ਅੱਧਾਪਦੱਧਾ ਸੜਿਆ ਦੇਖਿਆ, ਜਦੋਂ ਆਪਣੇ ਘਰ ਆਏ ਡਿਠਾ ਤਾਂ ਭਾਲਾ ਉਸੇ ਤਰ੍ਹਾਂ ਲਗਾ ਪਿਆ ਹੀ । ਜਦੋਂ ਘੋਹਲ ਕੇ ਡਿਠਾ ਤਾਂ ਦੋਵੇਂ (ਮਾਂ-ਪੁਤਰ) ਸਹੀ ਸਲਾਮਤ ਸਨ । ਮਾਤਾ ਸੁਖਾਂ ਨੇ ਦਸਿਆ ਕਿ ਡਾਕੂ ਆਉਂਦੇ ਤੇ ਭਾਲਾ ਤੋੜਨ ਦਾ ਜਤਨ ਕਰਦੇ ਰਹੇ ਪਰ ਉਹ ਤੋੜ ਨਾ ਸਕੇ ਤੇ ਅਗੇ ਲੰਘ ਜਾਂਦੇ ਰਹੇ ਸੀ । ਭਾਈ ਨੱਥਾ ਸਿੰਘ ਜੀ ਨੇ ਰੱਬ ਦਾ ਸ਼ੁਕਰਾਨਾ ਕੀਤਾ ਤੇ ਘਰ ਦੀ ਸੇਵਾ ਸੰਭਾਲ ਕੀਤੀ ।

ਨੋਟ :–ਪੰਡਤ ਸ਼ੇਰ ਸਿੰਘ ਲਿਖਦੇ ਹਨ ਕਿ ਇਹ ਜ਼ਿਕਰ ਮਾਤਾ ਸੁਖਾਂ ਨੇ ਆਪਣੇ ਜੁਬਾਨੀ ਦਸਿਆ ਸੀ ਤੇ ਅਸੀਂ ਲਿਖਿਆ ਹੈ ।

੪੦ ਦਿਨਾਂ ਬਾਅਦ ਫੇਰ ਇਸ਼ਨਾਨ ਕਰਾ ਕੇ ਬਾਲਕੇ ਨੂੰ ਗੁਰਦਵਾਰੇ ਮੱਥਾ ਟਿਕਾਇਆ ਪ੍ਰਸ਼ਾਦ ਭੇਟ ਮਗਰੋਂ ਅਰਦਾਸਾ ਸੁਧਾਇਆ ਤੇ ਸ਼ਬਦ ਦੇ ਪਹਿਲੇ ਅੱਖਰ "ਜਾਕੋ ਭਈ ਤੁਮਾਰੀ ਧੀਰ" ਜਜੇ ਦੇ ਆਧਾਰ ਤੇ ਨਾਮ ਜਸਵੰਤ ਸਿੰਘ ਰਖਿਆ । ਦੂਜ ਬਰਸ ਦੇ ਹੋਇ ਵੇਲੇ ਵਿਹੜੇ ਵਿਚ ਗੋਡਿਆਂ ਪਰਨੇ ਇਧਰ ਉਧਰ ਫਿਰਦੇ ਮਨ ਮੋਹਦੇ ਸਨ । ਆਪ ਦੇ ਘੁੰਘਰਾਲੇ ਕੇਸ ਤੇ ਸੁੰਦਰਤਾ ਦੀ ਹਦ ਸਨ ।

ਪੰਜ ਵਰ੍ਹਿਆਂ ਦੇ ਹੋਇ ਵੇਲੇ ਆਪ ਨੂੰ ਗੁਰਮੁਖੀ (ਅੱਖਰ ਗਿਆਨ) ਸ਼ੁਰੂ ਕਰਾਇਆ ਤੇ ਦੋ ਤਿੰਨ ਸਾਲਾਂ ਵਿਚ ਚੰਗੇ ਲਿਖਣ ਪੜ੍ਹਨ ਲਗ ਪਏ ਸਨ । ਜਿਉਂ ਜਿਉਂ ਉਮਰ ਵਡੇਰੀ ਹੁੰਦੀ ਗਈ ਸੋਹਣੀ ਸੂਰਤ ਤੇ ਵੱਡ ਬੁਤ ਕਰਕੈ ਚੰਗੇ ਹੋਣਹਾਰ ਪ੍ਰਤੀਤ ਹੋ ਰਹੇ ਸਨ । ਜਵਾਨੀ ਚੜ੍ਹੇ ਤਦ ਪਿਤਾ ਭਾਈ ਨੱਥਾ ਸਿੰਘ ਨੇ ਇਹਨਾਂ ਦੀ ਸ਼ਾਦੀ ਕਰਾ ਦਿਤੀ । ਇਸ ਸੁਭਾਗਾ ਦੇਵੀ ਦਾ ਨਾਮ ਚੰਦ ਕੌਰਾਂ ਸੀ । ਸਮਾਂ ਪਾ ਕੇ ਕੁਝ ਐਸਾ ਕਾਰਨ ਬਣਿਆ ਜੋ ਸਿਆਮਗੜ੍ਹ ਛੋਡ ਕੇ ਕੁਰੜੀ ਨਗਰ ਵਿਚ ਆਏ ਰਹੇ । ਭਾਈ ਨੱਥਾ ਸਿੰਘ ਤਾਂ ਗੁਰੂ ਜਗੈਧ ਸਾਹਿਬ ਦੀ ਬਾਣੀ ਚੰਗੇ ਅਭਿਆਸੀ ਤੇ ਪਾਠੀ ਸੀ । ਉਹ ਉਸੇ ਸੇਵਾ ਵਿਚ ਰਹਿੰਦੇ ਤੇ ਸ੍ਰੀ ਜਸਵੰਤ ਸਿੰਘ ਆਪਣੀ ਯੋਗਤਾ ਕਰਕੈ ਬਾਣੇਦਾਰੀ ਵਿਚ ਭਰਤੀ ਹੋ ਗਏ ਸੀ । ਇਲਾਕੇ ਵਿਚ ਆਪ ਦਾ ਬਹੁਤ ਵਡ-ਦਬਾ ਤੇ ਹੋਹਬ ਬੈਠ ਚੁਕਾ ਸੀ ਕੋਈ ਵਿਘਨਕਾਰੀ ਤੇ ਹੋਰ ਡਾਕੂ ਆਪ ਦੇ ਹਲਕੇ ਵਿਚ ਪਰ ਨਹੀਂ ਮਾਰ ਸਕਦਾ ਸੀ । ਇਸ ਕਰਕੈ ਆਪ ਦੀ ਸ਼ੋਭਾ ਤੇ ਇਜ਼ਤ ਮਾਣ ਬਹੁਤ ਹੋਣ ਲਗਾ ਸੀ । ਇਹ ਸਮਾਚਾਰ ਜਦੋਂ ਸ੍ਰੀ ਜਸਵੰਤ ਸਿੰਘ (ਖੁਦਾ ਸਿੰਘ, ਦੀ ਮਾਤਾ ਜੀ ਦੀ ਜੁਬਾਨੀ ਹੀ ਪੰਡਤ ਸ਼ੇਰ ਸਿੰਘ ਨੇ ਲਿਖੇ ਕੇ ਦਸੇ ਹਨ ਕਿ ਆਪ ਦੇ ਛੋਟੇ ਭਰਾਤਾ ਜਿਸ ਦਾ ਜਨਮ ਇਹਨਾਂ ਤੋਂ ਦੋ ਤਿੰਨ ਸਾਲ ਬਾਅਦ ਵਿਚ ਹੋਇਆ ਸੀ ਨਾਮ ਦਲ ਸਿੰਘ ਸੀ ਇਹ ਵੀ ਬਹੁਤ ਖੂਬਸੂਰਤ ਬਹਾਦਰ ਯੋਧਾ ਸੀ ਤੇ ਦੋਵੇਂ ਸਗੀਰ ਕਿਸੇ ਜ਼ਿੰਦੇ ਜਾਨ ਸਨ ।

Scanned with CamScanner

ਕੁਰੜੀ ਵਿਚ ਵੀ ਡਾਕੂ ਆਏ

ਕੁਰੜੀ ਵਿਚ ਵੀ ਸੁਖ ਸ਼ਾਂਤ ਨਾਲ ਰਹਿੰਦਿਆਂ ਕਈ ਸਾਲ ਬਿਤਾਏ । ਇਥੇ ਵੀ ਇਕ ਵੇਰ ਬਹੁਤ ਸਾਰੇ ਲੁਟੇਰੇ ਡਾਕੂ ਆ ਪਏ । ਪਿੰਡ ਦੇ ਦੂਜੇ ਸਿਖ ਸਰਦਾਰਾਂ ਨੂੰ ਹੱਲਾ ਸ਼ੇਰੀ ਦੇ ਕੇ ਮੁਕਾਬਲਾ ਕੀਤਾ, ਬਹੁਤ ਸਾਰਿਆਂ ਨੂੰ ਮਾਰ ਨਸਾਇਆ, ਪਰ ਆਪ ਜੀ ਜਸਵੰਤ ਸਿੰਘ (ਖੁਦਾ ਸਿੰਘ) ਜੀ ਨੂੰ ਇਕ ਗੋਲੀ ਨੱਕ ਦੇ ਹੇਠਾਂ ਲਗੀ, ਦੰਦਾਂ ਦਾ ਜਬਾੜਾ ਤੋੜ ਗਈ ਤੇ ਦੂਜੀ ਟੰਗ ਵਿਚੋਂ ਲੰਘ ਕੇ ਪਾਰ ਹੋਈ, ਦੋਵੇਂ ਭਰਾਤਾ ਘੋੜਿਆਂ ਪਰ ਸਵਾਰ ਹੋਏ ਮੁਕਾਬਲਾ ਕਰਦੇ ਰਹੇ ਸੀ । ਡਾਕੂਆਂ ਨੂੰ ਨਸ਼ਾ ਕੇ ਜ਼ਖਮੀ ਹਾਲਤ ਵਿਚ ਲਹੂ ਭਰੇ ਕਪੜੇ ਦੇਖ ਕੇ ਪ੍ਰਵਾਰ ਵਿਚ ਹਾਹਾਕਾਰ ਮੱਚ ਗਈ । ਪਰ ਜ਼ਖਮਾਂ ਨੂੰ ਪੁੰਜ ਕੇ ਬੈਠਿਆਂ ਜੋ ਥੋੜੇ ਦਿਨਾਂ ਤੀਕ ਠੀਕ ਹੋ ਗਏ ਸਨ । ਇਸ ਵੇਲੇ ਆਪ ਦੀ ਉਮਰ ੧੭ ਸਾਲਾਂ ਤੋਂ ਉਤੇ ਦੀ ਸੀ ਤੇ ਛੋਟੇ ਭਰਾਤਾ ੧੫ ਸਾਲਾਂ ਦਾ (ਦਲ ਸਿੰਘ) ਸੀ । ਆਪ ਥਾਣੇਦਾਰੀ ਦੇ ਕੈਮ ਵਿਚ ਉਸੇ ਤਰ੍ਹਾਂ ਪਹਿਲੇ ਵਾਂਗੂੰ ਹੀ ਸੁਚੇਤ ਹੋ ਕੇ ਡਟੇ ਰਹੇ ਤੇ ਆਪ ਦੀ ਇਸ ਬਹਾਦਰੀ ਦਾ–ਜੋ ਡਾਕੂਆਂ ਨੂੰ ਨਸਾਇਆ ਸੀ, ਇਲਾਕੇ ਵਿਚ ਉਸਤਤ ਹੋ ਰਹੀ ਸੀ ।

ਸ੍ਰੀ ਜਸਵੰਤ ਸਿੰਘ ਜਦੋਂ ੨੫ ਸਾਲਾਂ ਦੇ ਹੋਏ ਤਦ ਆਪ ਦੇ ਘਰ ਵਾਹਿਗੁਰੂ ਨੇ ਪੁਤਰ ਬਖਸ਼ਿਆ, ਤੇ ਆਪ ਜੀ ਨੇ ਬਹੁਤ ਪੁੰਨ ਦਾਨ ਕੀਤਾ । ਆਪ ਦੇ ਪਿਤਾ ਭਾਈ ਨੱਥਾ ਸਿੰਘ ਗ੍ਰੰਥ ਸਾਹਿਬ ਦੇ ਬੁਧ ਪਾਠੀ ਸਨ । ਬਾਲ ਅਵੱਸਥਾ (੧੦-੧੨) ਦੀ ਉਮਰ ਵਿਚ ਹੀ ਇਹਨਾਂ ਨੇ ਆਪਣੇ ਸਪੁਤਰ ਜਸਵੰਤ ਸਿੰਘ ਜੀ ਨੂੰ ਚੰਗਾ ਪਾਠੀ ਬਣਾ ਦਿਤਾ ਸੀ । ਸਰਕਾਰੀ ਨੌਕਰੀ ਕਰਦਿਆਂ ਵੀ ਆਪ ਜੀ ਦਾ ਸਵੇਰੇ ਉਠ ਇਸ਼ਨਾਨ ਕਰਨਾ, ਸਿਮਰਨ ਧਿਆਨ ਉਪ੍ਰੰਤ ਗੁਰੂ ਗ੍ਰੰਥ ਸਾਹਿਬ ਦੀ ਤਾਬੇ ਵੈਠ ਕੇ ਪਾਠ ਕਰਦੇ ਤਾਂ ਮਾਨੋਂ ਸਰੋਤਿਆਂ ਦੇ ਮਨ ਮੋਹ ਲੈਂਦੇ ਸਨ ।

ਇਕ ਵੇਰ ਐਸਾ ਸਮਾਂ ਬਣਿਆ ਕਿ ਸ੍ਰੀ ਜਸਵੰਤ ਸਿੰਘ ਕੁਰੜੀ ਗੁਰਦਵਾਰੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਤਾਬੇ ਬੈਠੇ ਪਾਠ ਕਰਦੇ ਸਨ, ਸੰਗਤ ਵੀ ਭਰਪੂਰ ਸਰੋਤਾ ਬਣੀ ਬੈਠੀ ਸੀ, ਅਚਾਨਕ ਹੀ ਸੰਤ ਬੀਰ ਸਿੰਘ ਜੀ ਆਏ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਕੇ ਇਕ ਪਾਸੇ ਬੈਠੇ ਪਾਠ ਸੁਣਦੇ ਰਹੇ । ਇਸ ਤੋਂ ਪਹਿਲੇ ਕਦੀ ਮੇਲ ਮਿਲਾਪ ਨਹੀਂ ਹੋਇਆ ਸੀ, ਪੂਰਬ ਜਨਮ ਦਾ ਸੰਜੋਗ ਹੀ ਮੰਨਿਆ ਜਾਏਗਾ ਕਿ ਪਾਠ ਭੋਗ ਪਾਏ ਉਪਦੇਸ਼ ਜਸਵੰਤ ਸਿੰਘ ਜੀ ਨੇ ਇਕ ਗੁਰਮੁਖ ਸੰਤ ਆਏ ਏਨੇ ਸਮਝ ਕੇ ਨਿਮਸਕਾਰ ਕੀਤੀ । ਬਾਬਾ ਬੀਰ ਸ਼ਿੰਘ ਨੇ ਅਸੀਸ ਦਿਤੀ ਅਤੇ ਇਹਨਾਂ ਦੇ ਬੁਧ ਪਾਠ ਕਰਨ ਦੀ ਸ਼ਲਾਘਾ ਕੀਤੀ । ਉਪ੍ਰੰਤ ਬੜੇ ਆਦਰ ਸਤਿਕਾਰ ਨਾਲ ਜਸਵੰਤ ਸਿੰਘ ਜੀ ਨੇ ਆਪਣੇ ਸੰਤ ਸੇਵੀ ਸੁਭਾਉ ਮੁਤਾਬਕ, ਇਹਨਾਂ ਨੂੰ ਘਰ ਲਿਜਾ ਕੇ ਪਲੰਘ ਪਰ ਬਿਠਾਇਆ, ਸਲ ਪਾਣੀ ਤੇ ਪ੍ਰਸ਼ਾਦ ਦੀ ਸੇਵਾ ਕੀਤੇ ਅਗਰੋਂ ਨੁਝ ਦਿਲ ਇਹਨਾਂ ਨੂੰ ਆਪਣੇ ਪਾਸ ਰਹਿਣ ਨੂੰ ਮਨਾਇਆ ਤੇ ਉਹ ਵੀ ਰਹਿਣ ਲਗ ਪਏ ਸੀ ।

ਸੰਤ ਬਾਬਾ ਬੀਰ ਸਿੰਘ ਤਾਂ ਸਮਦਰਸੀ ਅਤੇ ਦੀਰਘ ਦਰਸੀ ਹੋ ਚੁਕੇ ਸਨ । ਜਿਸ ਦਿਨ ਤੋਂ ਊਨੇ ਸਾਹਿਬ ਜਾ ਕੇ ਬਾਬਾ ਸਾਹਿਬ ਸਿੰਘ ਬੇਦੀ ਜੀ ਦੀਆਂ ਅਸੀਸਾਂ ਦੇ ਪਾਤਰ ਬਣੇ ਸਨ–ਆਪ ਦੀ ਅਸਵਥਾ ਬਹੁਤ ਉਦੇਹੀ ਹੋ ਚੁਕੀ ਸ਼ੀ ਤੇ ਨਾਲ ਹੀ ਸੰਤ ਬਾਬਾ ਭਾਗ ਸਿੰਘ ਜੀ ਦੀਆਂ ਬਖਸ਼ਿਸ਼ਾਂ ਵੀ ਪ੍ਰਾਪਤ ਸਨ । ਇਹ ਤਾ ਕੁਰੜੀ ਆਏ ਹੀ ਇਸੇ ਵਾਸਤੇ ਸਨ ਕਿ ਆਪਣੇ ਪੂਰਬ ਜਨਮ ਦੇ ਸਾਥੀ ਦੀ ਸੰਭਾਲ ਕਰਨ ਤੇ ਲੋਕ ਭਲੇ ਲਈ ਪਰਉਪਕਾਰ ਵਾਸਤੇ ਤਿਆਰ ਕੀਤਾ ਜਾਵੇ ।

ਇਥੇ ਕੁਰੜੀ ਵਿਚ ਕੁਝ ਮਹੀਨੇ ਠੀਕ ਆਪ ਜੀ ਨੂੰ ਆਪਣੇ ਪ੍ਰੇਮ ਵਸੀ ਕਰਕੇ ਭਾਈ ਨੱਥਾ ਸਿੰਘ ਤੇ ਜਸਵੰਤ ਸਿੰਘ ਜੀ ਨੇ ਸੇਵਾ ਨਾਲ ਮੋਹ ਰਖਿਆ ਸੀ ਤਿਵੇਂ ਹੀ ਆਪਣੇ ਮਨੋਹਰ ਉਪਦੇਸ਼ਾਂ ਨਾਲ ਸੰਤ ਬੀਰ ਸਿੰਘ ਨੇ ਵੀ ਇਹਨਾਂ ਨੂੰ ਕੀਲਿਆ ਪਿਆ ਸੀ । ਇਕ ਦਿਨ ਸ਼ਹਿਜ ਸੁਭਾਏ ਹੀ ਮਿੱਤ੍ਰ ਰੂਪ ਵਾਰਤਾ ਸੁਣ ਕੇ ਨੱਥਾ ਸਿੰਘ ਬਹੁਤ ਪ੍ਰੇਮ ਵਿਚ ਭਰੇ ਹੋਇਆਂ ਨੇ ਗੁਰਬਾਣੀ ਦੀ ਇਸ ਪੰਗਤੀ ਦਾ ਉਚਾਰਨ ਕੀਤਾ–

"ਜਿਹ ਕੁਲ ਸਾਧ ਬੈਸਨੋ ਹੋਇ ॥ ਆਪ ਤਰੇ ਤਾਰੈ ਕੁਲ ਦੋਇ ॥

ਇਸ ਪੰਗਤੀ ਦੇ ਉਚਾਰੇ ਅਗਰੋਂ ਭਾਈ ਨੱਥਾ ਸਿੰਘ ਨੇ ਸੰਤ ਬੀਰ ਸਿੰਘ ਨੂੰ ਆਖਿਆ ਆਪ ਧੰਨ ਹੋ ! ਤੇ ਜਿਸ ਕੁਲ ਵਿਚੋਂ ਆਪ ਨੇ ਜਨਮ ਪਾਇਆ ਹੈ–ਨਾਨਕੇ ਦਾਦਕੇ ਦੋਵੇਂ ਕੁਲਾਂ ਨੂੰ ਤਾਰ ਲਿਆ ਹੈ ਇਹ ਬਚਨ ਸੁਣ ਕੇ ਭਾਈ ਬੀਰ ਸਿੰਘ ਮੁਸਕਰਾਏ ਤੇ ਫੁਰਮਾਇਆ–ਕੀ ਭਾਈ ਨੱਥਾ ਸਿੰਘ ਸਾਡੀ ਬਾਬਤ ਜੋ ਤੈਨੂੰ ਕਹਿਆ ਹੈ–ਗੁਰਬਾਣੀ ਅਧਾਰ ਤੇ ਤੁਸੀਂ ਸੱਚੇ ਦਿਲ ਤੋਂ ਇਹ ਮੰਨਦੇ ਹੋ ਕਿ ਜਿਸ ਕੁਲ ਵਿਚ ਕੋਈ ਗਿਆਨਵਾਨ ਸਾਧੂ (ਸੇਵਾ ਸਿਮਰਨ ਵਾਲਾ) ਪੁਤਰ ਧੀਦਾ ਹੋਵੇ ਤਾਂ ਦੋਹਾਂ ਕੁਲਾਂ ਨੂੰ ਤਾਰ ਸਕਦਾ ਹੈ ? ਇਸ ਦਾ ਜਵਾਬ ਭਾਈ ਨੱਥਾ ਸਿੰਘ ਜੀ ਨੇ ਹਾਂ ਵਿਚ ਦਿਤਾ ਕਿ ਠੀਕ ਹੈ–ਗੁਰਬਾਣੀ ਸ਼ਤਿ ਹੈ, ਤੇ ਸੱਚ ਕਹਿਆ ਹੈ–

ਇਸ ਵੇਲੇ ਬਾਬਾ ਬੀਰ ਸਿੰਘ ਨੇ ਫੇਰ ਕਹਿਆ–ਕਿ ਨੱਥਾ ਸ਼ਿੰਘਾ–ਅੱਗ ਦੂਜੇ ਘਰ ਲੱਗੇ ਤਦ ਫ਼ੈਰੰਤਰ ਦੇਵਤਾ ਹੈ–ਪਰ ਆਪਣੇ ਘਰ ਲਗੀ ਨੂੰ ਵੀ ਐਸਾ ਮੰਨਣਾ ਬਹੁਤ ਔਖੀ ਗੱਲ ਹੈ ਕਿਉਂਕਿ ਕੁਝ ਅਗੇ ਬਾਅਦ ਅਸੀਂ ਤੇਰੇ ਇਸ ਪੁਤਰ (ਜਸਵੰਤ ਸਿੰਘ) ਨੂੰ ਵੀ ਸਾਧੂ ਬਣਾ ਲੈਣਾ ਹੈ ਉਸ ਵੇਲੇ ਵੀ ਤੇਰੇ ਮਨ ਵਿਚ ਅਗਰ ਐਸੀ ਹੀ ਭਾਵਨਾ ਤੇ ਸਿਦਕ ਬਣਿਆ ਰਹਿਆ ਤਦ ਜਾਣਾਂਗੇ ਕਿ ਤੁਸੀਂ ਗੁਰਬਾਣੀ ਦੀ ਉਚਤ ਪੰਗਤੀ ਨੂੰ ਸਹੀ ਅਰਥਾਂ ਵਿਚ ਸੱਚਾ ਮੰਨਿਆ ਤੇ ਸਮਝਿਆ ਹੈ–ਐਸਾ ਬਚਨ ਤਿੰਨ ਚਾਰ ਵੇਰ ਭਾਬਾ ਬੀਰ ਸਿੰਘ ਜੀ ਨੇ ਨੱਥਾ ਸਿੰਘ ਪੁਚਾਏ ਕਿਹਾ ਤੇ ਉਹਨਾਂ ਵੀ ਸੁਣਿਆ ਪਰ ਮਨ ਹੀ ਮਨ ਵਿਚ ਵਸਾ ਲਿਆ ਸੀ ਕਿ ਐਸੇ ਮਹਾਂ ਪੁਰਖਾਂ ਨੇ ਜੋ ਕੁਝ ਕਹਿਆ ਹੈ ਸਤਿ ਹੈ, ਆਪ ਜੀ ਦੀ ਪਰੇਮ ਭਰੀ ਸੇਵਾ ਦੇ ਵਸੀ ਕਾਰ ਹੋ ਕੇ ਬਾਬਾ ਬੀਰ ਸਿੰਘ ਦੇ ਮਹੀਨੇ ਇਹਨਾਂ ਪਾਸ ਕੁਰੜੀ ਰਹੇ ਤੇ ਫੇਰ ਇਹਨਾਂ ਨੂੰ ਅਸੀਸਾਂ ਦਿੰਦੇ ਚਲੇ ਗਏ ਸਨ–ਪਰ ਸਿਰਫ ਇਕੋਲੇ ਹੀ ਚਲੇ ਨਹੀਂ ਗਏ ਸਨ ਸਗੋਂ ਸ੍ਰੀ ਜਸਵੰਤ ਸਿੰਘ ਜੀ ਦਾ ਮਨ ਵੀ ਨਾਲ ਲੈ ਗਏ ਤੇ ਸਰੀਰ ਕੁਝ ਅਰਸੇ ਵਾਸਤੇ ਇਥੇ ਹੀ ਛੱਡ ਗਏ ਸਨ ਤੇ ਇਹਨਾਂ ਦੀ ਹਾਲਤ ਜਸਵੰਤ ਸਿੰਘ ਦੀ ਐਸੀ ਹੋ ਚੁਕੀ ਸੀ–

ਕਬੀਰ ਬਿਰਹੋਂ ਭੁਅੰਗਮ ਮਨ ਵਸੈ ਮੰਤ ਨ ਮਾਨੈ ਕੋਇ ॥
ਰਾਮ ਬਿਯੋਗੀ ਨ ਜੀਐ ਜੀਐ ਤਾ ਬੋਰਾ ਹੋਇ ॥

ਬਾਬਾ ਬੀਰ ਸਿੰਘ ਦੁਬਾਰਾ ਆਏ

ਕੁਰੜੀ ਪਿੰਡ ਵਿਚੋਂ ਬਾਬਾ ਜੀ ਦੇ ਚਲੇ ਜਾਣ ਅਗਰੋਂ ਜਿਉ ਜਸਵੰਤ ਸਿੰਘ ਜੀ ਦੀ ਬਿਰਤੀ ਬਹੁਤ ਵੈਰਾਗਵਾਨ ਹੋ ਚੁਕੀ ਸੀ ਉਧਰ ਬੀਰ ਸਿੰਘ ਜੀ ਨੂੰ ਜਸਵੰਤ ਸਿੰਘ ਜੀ ਦੇ ਗੁਰਬਾਣੀ ਪਾਠ ਜੋ

Scanned with CamScanner

ਰਸੀਲੀ ਤੇ ਮਿਠਾਸ ਭਰੀ ਅਵਾਜ਼ ਵਿਚ ਸੁਣਾਇਆ ਕਰਦੇ ਸਨ ਬਾਬਾ ਜੀ ਦੇ ਕੰਨਾਂ ਵਿਚ ਗੂੰਜਾਰ ਪੈਂਦੀ ਰਹਿੰਦੀ ਸੀ। ਆਪ ਜੀ ਨੇ ਮਸਾਂ ਛੇ ਮਹੀਨੇ ਆ ਕੇ ਬਿਤਾਏ ਹੋਣੇ ਕਿ ਜਸਵੰਤ ਸਿੰਘ ਜੀ ਦੀ ਪਰੇਮ ਖਿੱਚ ਦੇ ਖਿਚੇ ਫੇਰ ਦੁਬਾਰਾ ਕੁਰੜੀ ਚਲੇ ਗਏ। ਪਰਸਪਰ ਮਿਲੇ ਨਾਲ ਜੋ ਆਨਤਿਕ ਆਨੰਦ ਦੋਹਾਂ ਵਿਅਕਤੀਆਂ ਨੇ ਮਾਣਿਆਂ ਹੋਣਾ ਹੈ ਲਿਖਣ ਤੋਂ ਬਾਹਰ ਹੈ, ਹੁਣ ਆ ਕੇ ਵੀ ਲਗਾਤਾਰ ਛੇ ਮਹੀਨੇ ਸ੍ਰੀ ਬਾਬਾ ਬੀਰ ਸਿੰਘ ਬਿਹਨਾਂ ਦੇ ਘਰ ਰਹੇ ਅਤੇ ਜਿਥੇ ਗੁਰਦਵਾਰੇ ਦੇ ਸਤਿਸੰਗ ਵੇਲੇ ਬਿਹਨਾਂ ਤੋਂ ਸ੍ਰੀ ਰਹਿਰਾਸ ਸਾਹਿਬ ਦਾ ਪਾਠ ਸੰਗਰਨ ਕਰਦੇ, ਨਾਲ ਆਪਣੇ ਮੁਖਾਰਬਿੰਦ ਤੋਂ ਗੁਰੂ ਸ਼ਬਦ ਵਿਆਖਿਆ ਨਾਲ ਸਾਧ ਸੰਗਤ ਨੂੰ ਨਿਹਾਲ ਕਰਦੇ ਸਨ।

ਇਸ ਵੇਰੀ ਇਦੇਂ ਦੇ ਇਕ ਦਯਾ ਸਿੰਘ ਨਾਮੀ ਪ੍ਰਸਿਧ ਜ਼ਿਮੀਦਾਰ ਨੇ ਆਪ ਦੀ ਬਹੁਤ ਸੇਵਾ ਕੀਤੀ ਤੇ ਬਾਬਾ ਬੀਰ ਸਿੰਘ ਜੀ ਦੀ ਪ੍ਰਸੰਨਤਾ ਦਾ ਪਾਤਰ ਬਣਿਆ, ਛੇ ਮਹੀਨੇ ਦੇ ਇਹ ਦੁਬਾਰਾ ਨਿਤਾ ਮਗਰੋਂ ਜਦੋਂ ਬਾਬਾ ਜੀ ਇਹਨਾਂ ਤੋਂ ਕੁਰੜੀ ਤੋਂ ਵਿਦਾ ਹੋਣ ਲੱਗੇ ਤਦ ਵੈਰਾਗ ਚਿਤ ਜਸਵੰਤ ਸਿੰਘ (ਉਪ ਨਾਮ ਖੁਦਾ ਸਿੰਘ) ਜੀ ਪੁਤੀ ਦੇਖ ਕੇ ਫੁਰਮਾਇਆ ਹੇ ਪਰੇਮੀ ਗੁਰਸਿਖ ! ਤੈਨੂੰ ਅਤੇ ਤੈਨੂੰ—ਸ੍ਰੀ ਅਕਾਲ ਪੁਰਖ ਕੇ ਖਾਸ ਕਾਰਜ ਕਰਾਣ ਨੂੰ ਸੈਸਾਰ ਵਿਚ ਭੇਜਿਆ ਹੈ ਉਹ ਕਰਨ ਜ਼ਰੂਰੀ ਹੈ। ਤਦ ਬੇਨਤੀ ਦਵਾਰੇ ਜਸਵੈਤ ਸਿੰਘ ਨੇ ਪੁਛਿਆ ਸ੍ਰੀ ਬਾਬਾ ਜੀਉ ! ਉਹ ਕਾਰਜ ਕੀ ਹੈ? ਜੋ ਅਸਾਂ ਨੇ ਕਰਨਾ ਹੈ ?

ਨੋਟ–ਇਹ ਜ਼ਿਕਰ ਸ੍ਰੀ ਬੀਰ ਮ੍ਰਿਗੇਸ਼ ੨ ਸਕੰਧ ਪੂਰਬਾਰਧੇ ਅਧਿਆਏ ੪ ਵਿਚ ਹੈ ਤੇ ਬਾਬਾ ਜੀ ਨ
ਉਤਰ ਉਹਨਾਂ ਹੀ ਸ਼ਬਦਾਂ ਵਿਚ ਪੜ੍ਹੀਏ।

ਸ੍ਰੀ ਬਾਬਾ ਜੀ ਨੇ ਫੁਰਮਾਇਆ–ਹੇ ਬੁਧੀ ਕੁਸ਼ਲ ਸਿਖ ! ਪ੍ਰਭੂ ਨੇ ਹਮੇਂ ਨਾਮ ਦਾਨ ਇਸ਼ਨਾਨ ਦ੍ਰਿੜ ਕਰਾਵਣੇ ਵਾਸਤੇ ਪਠਾਇਆ ਹੈ। ਯਦਪਿ ਸਰਬ ਲੋਕ ਆਪੋ ਆਪਣੇ ਸ਼ਕਤੀ ਅਨੁਸਾਰ ਇਸ਼ਨਾਨ ਨਾਮ ਦਾਨ ਦੀ ਨਿਤ ਨਮਿਤ ਕਰਮ ਕਰਤੇ ਹੈਂ ਤਥਾਪਿ ਗੁਰੂ ਨਾਨਕ ਦੇਵ ਸੇ ਆਦਿ ਲੈ ਕੇ ਸ੍ਰੀ ਗੁਰੂ ਗੋਬਿਦ ਸਿੰਘ ਪਰਯੰਤ ਦਸੇ ਪਾਤਸ਼ਾਹੀਆਂ ਨੇ ਨਾਮ ਦਾਨ ਇਸ਼ਨਾਨ ਦੀ ਰੀਤੀ ਚਲਾਈ ਸੀ। ਉਸ ਰੀਤੀ ਕੋ ਛੋੜ ਕਰ ਔਰ ਮਨੁਖੋਂਕੀ ਕਲਪਨਾ ਵਾਲੇ ਮਾਰਗ ਲੋਗੋਂ ਨੈ ਪਕੜ ਲੀਏ ਹੈਂ ਸੋਈ ਭੈਰਵ ਕੇ ਮਾਰਗ ਕੋਈ ਕੂਤੋਂ ਕੋ, ਕੋਈ ਸਰਵਰ ਕੇ ਉਪਾਸਕ ਹੈ। ਬ੍ਰਾਹਮਣ ਆਦਿਕ ਸੋ ਸਭੈ ਧਰਮ ਕੇ ਵਿਰੋਧੀ ਸਾਖਿਆਤ ਮੂਰਖ ਹੈ। ਉਨ ਕੀ ਸੰਗਤ ਕਰਨੈ ਸੇ ਖੋਟੀ ਬੁਧ ਕੀ ਪ੍ਰਾਪਤੀ ਹੋਵੈਗੀ। ਔਰ ਜੋ ਖਤਰੀ ਬੈਸ ਸੂਦਰ ਉਨ ਬ੍ਰਾਹਮਣੋਂ ਸੇ ਪਿਤਰੋਂ ਕੇ ਸ਼ਰਾਧ ਕਰਾਵਤੇ ਹੈਂ ਸੋ ਉਨ ਕੇ ਪਿਤਰ ਜੋ ਸਦਰਗ ਮੇਂ ਵੀ ਹੋਵੈਂਗੇ ਤੋ ਵੇ ਮਹਾਂ ਨਰਕ ਮੇਂ ਗਿਰਾ ਦੀਏ ਜਾਵੇਂਗੇ। ਔਰ ਗਿਰਾਏ ਜਾਤੇ ਹੈਂ ਸੋ ਐਸੇ ਬ੍ਰਾਹਮਣੋਂ ਸੇ ਸ਼ਰਾਧ ਕਰਾਵੀ ਵਾਲੇ ਯਜਮਾਨ ਪਰੋਹਤ ਵੀ ਦੋਨੋਂ ਉਸੀ ਮਹਾਂ ਨਰਕ ਮੇਂ ਪ੍ਰਾਪਤ ਹੋਤੇ ਹੈਂ ਔਰ ਹੋਵੇਂਗੇ। ਇਸ ਮੇਂ ਕੁਛ ਭੀ ਸ਼ਕ ਸੈਸਾ ਨਹੀਂ ਹੈ–

ਸ਼ਾਸਤ੍ਰ ਕੇ ਕਥਨ ਅਨੁਸਾਰ ਜੋ ਤਮਾਕੂ ਕੇ ਖਾਣੇ ਪੀਣੇ ਵਾਲੇ ਹੈਂ ਚਾਹੇ ਉਹ–ਕੈਸੇ ਵੀ ਧਰਮਾਤਮਾ ਹੈ ਤੋ ਵੀ ਏਕ ਵਾਰ ਨਰਕ ਕੋ ਜਾਵੇਂਗੇ ਹੀ। ਔਰ ਬਹੁਤ ਕਿਆ ਕਹਿਣਾ ਹੈ। ਜੋ ਤਮਾਕੂ ਕੇ ਖਾਣੇ ਪੀਣੇ ਵਾਲਾ ਨਹੀਂ ਵੀ ਹੈ ਕਿਸੀ ਨਮਿਤ ਸੇ ਦੇਵ ਯੋਗ ਸੇ ਉਹ ਤਮਾਕੂ ਕੇ ਕਟੇ ਹੂਏ ਪੋਤ ਮੇਂ ਜੋ ਉਸ ਕਾ ਸਕੰਧ ਛੂਟ ਜਾਵੇ ਤਬ ਵੀ ਉਹ ਨਰਕ ਮੇਂ ਏਕ ਵਾਰ ਜ਼ਰੂਰ ਜਾਏਗਾ। ਫੇਰ ਫੁਰਮਾਇਆ–

ਜੋ ਤਮਾਕੂ ਕੇ ਖਾਣੇ ਪੀਣੇ ਦਾ ਨਿਖੇਧ ਦਾ ਪ੍ਰਸੰਗ ਜਿਸ ਨੈ ਦੇਖਣਾ ਹੋਵੇ ਤਬ "ਮੀਮਾਂਸਾ

ਸ਼ਾਸਤਰ ਮੇਂ ਦੇਖ ਲਵੈ। ਤਥਾ ਸਕੰਧ ਪੁਰਾਣ ਕੇ ਮਹੂਰ ਖੰਡ ਕੇ ੭ ਸਤਵੇਂ ਅਧਿਆਏ ਮੇਂ–ਸ੍ਰੀ ਨਾਰਦ ਅਰ ਬ੍ਰਹਮਾ ਜੀ ਕੇ ਸੰਵਾਦ ਮੇਂ ਦੇਖ ਲਵੋ। ਸ਼ੋਕ ਹੈ ਤਮਾਕੂ ਕੇ ਖਾਣੇ ਮੇਂ ਬਹੁਤ ਲੋਗੋਂ ਕੀ ਪ੍ਰਵਿਰਤੀ ਹੋ ਗਈ ਹੈ। ਇਸ ਕੋ ਇਸ ਓਰ ਸੇ ਹਟਾਇ ਕੇ ਸਤ ਧਰਮ ਮੇਂ ਲਗਾਵਨੇ ! ਇਸ਼ਨਾਨ ਕੀ ਵਿਧੀ ਯੇ ਹੈ ਕਿ ਮਨੰ ਸਿਮਰਤੀ ਕੀ ਰੀਤੀ ਸੇ ਤੋ ਬਰਾਬਰ ੧ ਅਰਧ ਰਾਤ੍ਰੀ ਜਬ ਰਹੇ ਤਬ ਸ਼ੌਚ ਇਸ਼ਨਾਨ ਕਰਯੋ ਜਪ ਪਾਠ ਧਿਆਨ ਆਦਿਕ ਸ਼ੁਭ ਕਰਮ ਕਰੇ। ਪਰ ਗੁਰੂ ਘਰ ਕੀ ਰੀਤੀ ਸੇ ਤੋ ਸਵਾ ਪਹਰ ਰਾਤ੍ਰ ਰਹਿਤੀ ਹੁਣੀ ਸੌਚ ਦਾਤਨਾਦਿਕ ਪੂਰਬਕ ਇਸ਼ਨਾਨ ਕਰਕੇ ਜਪ ਪਾਠ ਆਦਿਕ ਸ਼ੁਭ ਕਰਮ ਕਰੇ, ਨਾਮ ਜਪੇ, ਸ਼ਕਤਾਂ ਦਾਨਾਂ ਸਿਰਦਾਨ–ਆਪਣੀ ਸ਼ਕਤੀ ਅਨੁਸਾਰ ਜਿਤਨਾ ਦਿਤਾ ਜਾ ਸਕੇ ਅੰਨ ਦਾਨ ਕਰੇ।

ਫੇਰ ਕਿਹਾ–ਜੈਸੇ ੧੫ ਤਿਥਿਆਂ ਵਿਚੋਂ ਇਕਾਦਸੀ ਸਰੇਸ਼ਟ ਹੈ, ਦਾਨਾਂ ਵਿਚੋਂ ਅੰਨ ਦਾਨ ਸਰੇਸ਼ਟ ਹੈ, ਹੋਰ ਬਹੁਤ ਕੁਝ ਵਿਸਥਾਰ ਨਾਲ ਉਥੇ ਲਿਖਿਆ ਹੈ ਪਰ ਅਖੀਰ ਨੂੰ ਕਿਹਾ ਕਿ ਇਸ ਤਰ੍ਹਾਂ ਦਾ ਨਾਮ ਦਾਨ ਇਸ਼ਨਾਨ ਦ੍ਰਿੜਆਉਣ ਵਾਸਤੇ ਅਤੇ ਕੁਕਰਮ ਛੁਡਾ ਕੇ ਸ਼ੁਭ ਕਰਮ ਕਰਨ ਦਾ ਉਪਦੇਸ਼ ਦੇਣ ਨੂੰ ਸਾਨੂੰ ਅਕਾਲ ਪੁਰਖ ਨੇ ਭੇਜਿਆ ਹੈ ਅਤੇ ਇਸ ਕੰਮ ਵਿਚ ਤੈਨੂੰ (ਜਸਵੰਤ ਸਿੰਘ ਨੂੰ) ਸਹਾਇਕ ਬਣਾਣਾ ਹੈ। "ਸਤਿਨਾਮ ਸ੍ਰੀ ਵਾਹਿਗੁਰੂ" ਦਾ ਜਾਪ ਜਪਾਣ ਨੂੰ ਅਸੀਂ ਆਏ ਹਾਂ ਕਿ ਤੈਨੂੰ ਨਾਲ ਲਿਆਇ ਕੇ ਇਸ ਕਾਰਜ ਨੂੰ ਸ਼ੁਰੂ ਕਰੀਏ ! ਤਾਂ ਤੇ ਹੁਣ ਗੁਰਸਿਖ ਦਾ ਤਿਰਾ ਕਰਕੇ ਸਾਡੇ ਨਾਲ ਚਲੀਏ ਤਾਂ ਚੰਗਾ ਹੈ।

ਇਹ ਬਚਨ ਬਾਬਾ ਬੀਰ ਸਿੰਘ ਜੀ ਤੋਂ ਸੁਣਦੇ ਹੀ ਜਸਵੰਤ ਸਿੰਘ ਜੀ ਨੇ ਪੁਛਿਆ ਜੀ–ਆਪ ਹੁਣ ਕਿਥੇ ਜਾ ਰਹੇ ਹੋ ਤੇ ਮੈਨੂੰ ਕਿਣ ਲਿਜਾਣਾ ਚਾਹੁੰਦੇ ਹੋ, ਤਦ ਬਾਬਾ ਜੀ ਨੇ ਕਿਹਾ ਅਸੀਂ ਹੁਣ ਗੁਰੂ ਨਾਨਕ ਸਰੂਪ ਬਾਬਾ ਸਾਹਿਬ ਸਿੰਘ ਜੀ ਉਨੈ ਸਾਹਿਬ ਵਾਲਿਆਂ ਪਾਸ ਜਾ ਰਹੇ ਹਾਂ ਉਥੇ ਚਲ ਕੇ ਤੁਸੀਂ ਵੀ ਦਰਬਨ ਕਰੀਏ। ਇਤਨਾ ਆਖਦੇ ਹੋਇਆਂ ਫੇਰ ਕਿਹਾ–ਹੇ ਪੁਤਰ ਅਸੀਂ ਹੁਣ ਉਨੈ ਸਾਹਿਬ ਜਾ ਰਹੇ ਹਾਂ ਤੁਸਾਨੂੰ ਸਮਝਾਇਆ ਹੈ ਕਿ ਤੁਸੀ ਵੀ ਘਰ ਦਾ ਤਿਆਗ ਕਰਕੇ ਉਥੇ ਜਾਣਾ, ਅਗਰ ਨਹੀਂ ਆਉਗੇ ਤਦ ਅਸੀਂ ਸਿਰ ਤੋਂ ਪਕੜ ਕੇ ਤੁਹਾਨੂੰ ਮੰਗਵਾ ਲੈਣਾ ਹੈ ਐਸਾ ਬਚਨ ਕਰਕੇ ਦੋਪਾਸੀ ਵੈਰਾਗ ਚਿਤ ਹੁੰਦੇ ਹੋਏ ਇਕ ਦੂਜੇ ਤੋਂ ਵਿਛੜੇ–ਜੋ ਬਾਬਾ ਜੀ ਤਾਂ ਪਹਾੜ ਵਲ ਨੂੰ ਹੋ ਤੁਰੇ ਅਤੇ ਜਸਵੰਤ ਸਿੰਘ ਜੀ ਵੈਰਾਗ ਭਰੇ ਚਿਤ ਨਾਲ ਆਪਣੇ ਘਰ ਨੂੰ ਪਰਤੇ–ਪਰ ਆਪਣਾ ਮਨ ਤਾਂ ਮਾਨੋਂ ਬਾਬਾ ਬੀਰ ਸਿੰਘ ਜੀ ਨੂੰ ਦੇ ਤੋਰਿਆ ਸੀ ਸਰੀਰ ਇਥੇ ਰਿਹਾ ਤੇ ਬੇਦਿਲੇ ਹੀ ਘਰ ਆਏ ਮਗਰੋਂ ਫੇਰ ਆਪਣੇ ਨਗਰ ਵਿਚ ਆਪਣੀ ਥਾਨੇਦਾਰੀ ਦੀ ਨੌਕਰੀ ਉਤੇ ਡਿਊਟੀ ਦੇਂਦੇ ਰਹੇ ਸੀ।

ਅੱਧਾ ਸਿਰ ਦਰਦ ਹੋ ਜਾਣਾ

ਬਾਬਾ ਬੀਰ ਸਿੰਘ ਜੀ ਦੇ ਚਲੇ ਗਏ ਮਗਰੋਂ ਕਰੀਬਨ ੬ ਮਹੀਨੇ ਤੀਕ ਵੈਰਾਗ ਚਿਤ ਹੁੰਦਿਆਂ ਕੀਤਾ। ਜਸਵੰਤ ਸਿੰਘ ਥਾਨੇਦਾਰ ਸਨ, ਇਲਾਕੇ ਵਿਚ ਚੰਗਾ ਅਸਰ ਰਸੂਖ ਵੀ ਸੀ, ਕਈ ਹਕੀਮਾਂ ਦਾ ਇਲਾਜ ਕੀਤਾ ਕਰਾਇਆ ਗਿਆ ਪਰ ਕੋਈ ਆਰਾਮ ਨਾ ਆਇਆ ਸਗੋਂ ਦਰਦ ਵਧਦਾ ਹੀ ਗਿਆ ਸੀ। ਦੋ ਮਹੀਨੇ ਤੀਕ ਬਹੁਤ ਕਸ਼ਟ ਉਠਾਇਆ ਤਦ ਇਕ ਦਿਨ ਇਹਨਾਂ ਦੀ ਧਰਮ ਪਤਨੀ (ਸ੍ਰੀ ਸਤਵੰਤੀ) ਜੀ ਨੈ ਬੇਨਤੀ ਕੀਤੀ ਹੇ ਸਵਾਮੀ ਜੀਉ ! ਬਾਬਾ ਬੀਰ ਸਿੰਘ ਜੀ ਨੇ ਫੁਰਮਾਇਆ ਸੀ ਕਿ ਜੇਕਰ ਤੁਸੀਂ ਨਾ ਆਏ ਤਦ ਅਸੀਂ ਸਿਰ ਤੋਂ ਪਕੜ ਕੇ ਮੰਗਵਾ ਲਵਾਂਗੇ। ਇਹ ਉਹੀ ਕਲੇਸ਼ ਨਾ ਹੋਵੇ ! ਕਿਉਂਕਿ "ਸਾਧ

Scanned with CamScanner

ਬਚਨ ਅਟਲਾਧਾ" ਗੁਰ ਮਹਾਰਾਜ ਦਾ ਫੁਰਮਾਣ ਵੀ ਹੈ। ਇਸ ਵਾਸਤੇ ਉਹਨਾਂ ਦਾ ਧਿਆਨ ਧਰ ਕੇ ਅਰਦਾਸ ਕਰੀਏ ਕਿ ਠੀਕ ਹੋਵਾਂ ਤੇ ਉਨੂੰ ਸਾਹਿਬ ਹਾਜ਼ਰ ਹੋ ਜਾਵਾਂਗਾ । ਐਸੀ ਗੱਲ ਸੁਣਦੇ ਸਾ ਜਸਵੰਤ ਸਿੰਘ ਜੀ ਨੂੰ ਉਹ ਬਾਬਾ ਜੀ ਦੀ ਗੱਲ ਯਾਦ ਹੋ ਆਈ, ਸਨਿਮਰ ਅਰਦਾਸ ਕਰਨ ਵੀ ਵੈਰ ਸੀ ਕਿ ਆਪ ਦਾ ਦਰਦ ਦੂਰ ਹੋ ਗਿਆ। ਤਦ ਭਰੋਸਾ ਹੋਇਆ ਕਿ ਉਸੇ ਭੁਲ ਦੀ ਸਜ਼ਾ ਮਿਲੀ ਤਦ ਜਰੂਰ ਚਲੇ ਜਾਣਾ ਹੈ ।

ਇਸ ਵਿਚਾਰ ਵਿਚ ਹੁਣ ਸਮੇਂ ਦੀ ਉਡੀਕ ਵਿਚ ਸਨ ਕਿ ਕਿਵੇਂ ਘਰੋਂ ਚਲਿਆ ਜਾਵਾਂ। ਕਾਰਨ ਬਣਿਆ ਕਿ ਇਹਨਾਂ ਦੇ ਪਿਤਾ ਦਾ ਮਿਤਰ ਇਕ ਸਰਦਾਰ ਦਾ ਜਮਾਤੀ ਕਿਸੇ ਦੂਜੇ ਪਿੰਡ ਚਲਾਣਾ ਕਰ ਗਿਆ ਤੇ ਜਸਵੰਤ ਸਿੰਘ ਜੀ ਦੇ ਮਾਤਾ ਪਿਤਾ ਉਸ ਦੀ ਮਕਾਣ ਦੇਣ ਨੂੰ ਤੇਰਵੀਂ ਪਰ ਗਏ ਸਨ । ਇਹ ਸਮਾਂ ਬਣਿਆ ਜਾਣ ਕੇ ਕਿ ਹੁਣ ਕੋਈ ਰੋਕ ਨਹੀਂ ਸਕੇਗਾ–ਆਪਣੀ ਸੁਪੱਤਨੀ ਅਤੇ ਪੰਜ ਸਾਲ ਦੇ ਬੱਚੇ ਸਮੇਤ ਘੋੜੀ ਉਤੇ ਕੁਝ ਸਮਾਨ ਲੱਦ ਕੇ ਉਨੇ ਸਾਹਿਬ ਵਲ ਟੁਰ ਪਏ । ਆਪਣੇ ਸੀਸ ਪਰ ਗੁਰੂ ਗਰੰਥ ਸਾਹਿਬ ਦੀ ਬੀੜ ਚੁਕੀ ਲੈ ਜਾ ਰਹੇ ਸਨ । ਪਿੰਡੀ ਦਾ ਵਛੋੜਾ ਪਿਛੇ ਰਹਿ ਗਿਆ ਸੀ। ਉਹ ਥੋੜੀ ਦੂਰ ਜਾ ਕੇ ਪਿਛੇ ਨੂੰ ਨੱਸ ਗਈ ਤੇ ਜਸਵੰਤ ਸਿੰਘ ਸਮੇਤ ਆਪਣੀ ਧਰਮ ਪਤਨੀ ਅਤੇ ਪੰਜ ਸਾਲ ਦੇ ਬੱਚੇ ਦੇ ਕਈ ਦਿਨਾਂ ਦਾ ਸਫਰ ਕਟ ਉਨੇ ਸਾਹਿਬ ਜਾਏ ਪਹੁੰਚੇ । ਅੱਗੇ ਸ੍ਰੀ ਬਾਬਾ ਸਾਹਿਬ ਸਿੰਘ ਜੀ ਦਰਬਾਰ ਸਜਿਆ ਸੀ।

ਗੁਰੂ ਗਰੰਥ ਸਾਹਿਬ ਦੀ ਬੀੜ ਅਦਬ ਸਹਿਤ (ਪਲੰਘ ਪਰ ਰਖੀ ਸੀ) ਬਾਬਾ ਜੀ ਦੀ ਅਰਦਾਸ ਕਰਕੇ ਪ੍ਰਵਾਰ ਸਹਿਤ ਨਿਮਸਕਾਰ ਕਰਕੇ ਅਸੀਸਾਂ ਪਾਈਆਂ–ਫੇਰ ਹੱਥ ਜੋੜ ਕੇ ਖਲੋਤੇ ਹੋਇਆਂ ਵੇਲਤੀ ਕੀਤੀ ਸਾਹਿਬ ਜੀਉ ਇਹ ਸਭ ਕੁਝ ਮੇਰੇ ਸਮੇਤ ਆਪ ਦਾ ਹੈ ਆਪ ਦੇ ਸਮਰਪਤ ਹੋ ਹੁਣ ਚਰਨ ਛਹ ਵਿਚ ਆਏ ਹਾਂ–ਸਾਹਿਬ ਜੀ ਜਿਵੇਂ ਤੂੰ ਰਖੇਂ ਤਿਵ ਰਹੇ। ਇਸ ਵੇਲੇ ਦੋ ਪਾਸੀ ਪ੍ਰੇਮ ਦੀ ਲਹਿਰ ਉਮਗੀ ਸੀ ਉਸ ਦਾ ਅਸਰ ਬਾਕੀ ਦੀ ਸਾਰੀ ਸਿਖ ਸੰਗਤ ਉਤੇ ਵੀ ਬਹੁਤ ਹੋਇਆ ਤੇ ਸਾਰਿਆਂ ਵੱਲ ਅਸੀਸਾਂ ਦੇ ਪਾਤਰ ਬਣ ਕੇ ਜਸਵੰਤ ਸਿੰਘ ਜੀ ਹੁਣ ਬਾਬਾ ਜੀ ਦੀ ਸੇਵਾ ਵਿਚ ਟਿਕੇ ਰਹਿਣ ਲੱਗੇ। ਅੰਮ੍ਰਿਤ ਵੇਲੇ ਅਸ਼ਨਾਨ ਸੁਣਦੇ ਅਤੇ ਆਪਣੀ ਸੁਰੀਲੀ ਸੁਰ ਨਾਲ ਗੁਰਬਾਣੀ ਦਾ ਪਾਠ ਸੁਣਾ ਕੇ ਸਾਰਿਆਂ ਨੂੰ ਰੀਝਾਵਨ ਲੱਗੇ ਸਨ ।

ਗਿਆਨ ਉਪਦੇਸ਼ ਸਰਵਣ ਕਰਨ ਦੀ ਖਾਹਸ਼

ਬਹੁਤ ਦਿਨਾਂ ਠੀਕ ਉਨੇ ਵਿਚ ਰਹੇ ਮਗਰੋਂ ਸ੍ਰੀ ਬਾਬਾ ਸਾਹਿਬ ਸਿੰਘ ਜੀ ਨੇ ਆਪ ਜੀ ਨੂੰ ਦਮਦਮੇ ਅਸਥਾਨ ਪਰ ਭੇਜ ਦਿਤਾ ਜਿਥੇ ਕਿ ਬਾਬਾ ਬੀਰ ਸਿੰਘ ਸੇਵਾ ਕਰਵਾ ਰਹੇ ਸਨ । ਦੋਵੇ ਪਿਤਾ ਪੁਤ੍ਰ ਦੂਜੇ ਨੂੰ ਮਿਲ ਕੇ ਬਹੁਤ ਅਨੰਦ ਰੁਪ ਹੋ ਗਏ। ਸ੍ਰੀ ਜਸਵੰਤ ਸਿੰਘ ਜੀ ਨੇ ਆਪਣੇ ਆਉਣ ਦਾ ਸਾਰ ਕਾਰਨ ਦਸਿਆ ਕਿ ਕਿਵੇਂ ਇਹਨਾਂ ਨੂੰ ਆਪਣੇ ਸਿਰ ਤੋਂ ਪਕੜ ਕੇ ਤੁਸੀਂ ਮੰਗਵਾਇਆ ਹੈ ? ਆਪ ਜੀ ਨੂੰ ਸੁਪੱਤਨੀ (ਸਤਵੰਤੀ) ਨੂੰ ਅਤੇ ਛੋਟੇ ਪੰਜ ਸਾਲਾ ਬੱਚੇ ਨੂੰ ਤਾਂ ਸ੍ਰੀ ਮਹਾਰਾਜ ਬਾਬਾ ਸਾਹਿਬ ਸਿੰਘ ਜੀ ਨੇ ਆਉਂਦੇ ਸਾਰ ਪਹਿਲੇ ਦਿਨ ਹੀ ਅੰਦਰ ਮਹਿਲਾਂ ਵਿਚ ਭਿਜਵਾ ਦਿਤਾ ਸੀ ਕਿ ਜਿਥੇ ਲੰਗਰ ਦੀ ਸੇਵਾ ਹੈ ਨਾਲ ਨਾਲ ਆਪਣੇ ਬੱਚੇ ਦੀ ਸੰਭਾਲ ਵੀ ਕਰਦੇ ਰਹਿਣਗੇ, ਇਥੇ ਜਸਵੰਤ ਸਿੰਘ ਜੀ ਨੂੰ ਸ੍ਰੀ ਦਮਦਮਾ ਸਾਹਿਬ ਦੀ ਸੇਵਾ ਤੋਂ ਹੁਣ ਮੁਕਤ ਕਰਾ ਕੇ ਬਾਬਾ ਬੀਰ ਸਿੰਘ ਨੇ ਸੋਲਹ ਅਸਥਾਨ ਪਰ ਭੇਜ ਦਿਤਾ ਸੀ

ਉਥੇ ਕੁਝ ਫਿਰ ਰਹਿ ਕੇ ਸੇਵਾ ਸਿਮਰਨ ਕਰਨ । ਇਹ ਥਾਂ ਉਨਾਂ ਸਾਹਿਦ ਤੋਂ ੪ ਕੋਹਾਂ ਵਿਚ ਪਰ ਸੁਆਂ ਨਦੀ ਦੇ ਦੂਜੇ ਕਿਨਾਰੇ ਨੇੜੇ ਹੈ।

ਸ੍ਰੀ ਜਸਵੰਤ ਸਿੰਘ ਇਥੋਂ ਸੇਵਾ ਨਿਭਾਉਂਦੇ ਹੋਇਆਂ ਵੀ ਕਈ ਵੇਰ ਉਨੇ ਸਾਹਿਬ ਜਾ ਕੇ ਸ੍ਰੀ ਬਾਬਾ ਸਾਹਿਬ ਦੇ ਮੁਖਾਰਬਿੰਦ ਤੋਂ ਉਪਦੇਸ਼ ਸਰਵਨ ਕਰਦੇ ਹੁੰਦੇ। ਇਕ ਦਿਨ ਆਪ ਦੇ ਮਨ ਵਿਚ ਆਈ ਕਿ ਬਾਬਾ ਸਾਹਿਬ ਜੀ ਮੈਨੂੰ ਗਿਆਨ ਉਪਦੇਸ਼ ਸੁਣਾਉਣ । ਇਹ ਵਿਚਾਰ ਆਪ ਦੇ ਮਨ ਵਿਚ ਹੀ ਸੀ ਤੇ ਦੀਵਾਨ ਵਿਚ ਸਿਰਾਜਮਾਨ ਬਾਬਾ ਜੀ ਦੇ ਜਾ ਕੇ ਦਰਸ਼ਨ ਕੀਤੇ, ਨਿਮਸਕਾਰ ਕਰਕੇ ਅਜੇ ਬੈਠੇ ਹੀ ਸਨ ਤਦ ਬਾਬਾ ਸਾਹਿਬ ਸਿੰਘ ਨੇ ਇਕ ਹੱਥ ਪਰ ਦੂਜਾ ਹੱਥ ਮਾਰ ਕੇ (ਤਾੜੀ ਵਾਂਗ) ਪੁਛਿਆ–ਭਾਈ ਸਿਖਾ ! ਇਹ ਦੱਸ ! ਕਿ ਮੋਠਾਂ ਦੇ ਦਾਣਿਆਂ ਵਿਚ ਕੌਣ ਮੋਟਾ ਤੇ ਕੌਣ ਛੋਟਾ ਹੁੰਦਾ ਹੈ ? ਇਹਦਾ ਉਤਰ ਵੀ ਆਪ ਨੇ ਨਾਲ ਹੀ ਦਿਤਾ ਕਿ ਜਿਵੇਂ ਮੋਠ ਦੇ ਦਾਣੇ ਇਕੋ ਜਿਹੇ ਹੁੰਦੇ ਹਨ ਤਿਵੇਂ ਹੀ ਸਰਬ ਵਿਆਪੀ ਬ੍ਰਹਮ (ਹਸਤੀ ਵੀਟੀ ਟ੍ਰਿਣ ਲੌ ਆਦਿ–ਇਕ ਅਖੰਡਤ ਵਸੇ ਅਨਾਦੀ) ਸਰਬ ਥਾਂ ਛੋਟੇ ਵਡੇ ਵਿਚ ਵਿਆਪਕ ਹਰੀ ਹੈ ਜਿਵੇਂ ਮਣੀ ਦਾ ਚਮਤਕਾਰ ਮਣੀ ਤੋਂ ਵਖਰਾ ਨਹੀਂ ਹੈ ਤਿਵੇਂ ਜਗਤ ਪਸਾਰਾ ਜੋ ਪ੍ਰਤੀਤ ਹੋ ਰਿਹਾ ਹੈ ਉਸੇ ਸਰਬ ਵਿਆਪੀ ਤੋਂ ਵਖਰਾ ਨਹੀਂ ।

ਇਸੇ ਤਰ੍ਹਾਂ ਤੇਰੇ ਵਿਚ ਵੀ ਸਰਬ ਵਿਆਪੀ ਬ੍ਰਹਮ ਵਿਆਪਕ ਹੈ ਤੇ ਉਸੇ ਨੂੰ ਆਪਨੇ ਹੀ ਅੰਤਰ-ਆਤਮੇ ਸਮਝਨਾ ਤੇ ਵਿਸ਼ਵਾਸੀ ਹੋਣਾ ਹੈ। ਇਸ ਤਰ੍ਹਾਂ ਦਾ ਹੋਰ ਬਹੁਤ ਗਿਆਨ ਉਪਦੇਸ਼ ਸ੍ਰੀ ਬਾਬਾ ਜੀ ਨੇ ਜਸਵੰਤ ਸਿੰਘ ਪ੍ਰਥਾਇ ਸੁਣਾ ਕੇ ਨਿਹਾਲ ਕੀਤਾ ਤੇ ਕਈ ਹੋਰ ਭਾਗਾਂ ਵਾਲਿਆਂ ਨੂੰ ਵੀ ਐਸੇ ਉਪਦੇਸ਼ ਦਵਾ ਆਪਣੇ ਆਪ ਨੂੰ ਸਮਝਣ ਦੀ ਸੋਝੀ ਹੋਈ । ਐਸਾ ਉਤਮ ਉਪਦੇਸ਼ ਸਰਵਨ ਕੀਤੇ ਮਗਰੋਂ ਜਸਵੰਤ ਸਿੰਘ ਜੀ ਫੇਰ ਆਪਣੇ ਅਸਥਾਨ ਸਲੋਹ ਨਾਮੀ ਤੋਰੇ ਵਿਚ ਜਾ ਟਿਕੇ ਤੇ ਦਿਨੇ ਰਾਤ ਸੇਵਾ ਸਿਮਰਨ ਦੀ ਘਾਲ ਨੂੰ ਘਾਲਦੇ ਰਹੇ ।

ਬਾਬਾ ਬੀਰ ਸਿੰਘ ਨੌਰੰਗਾਬਾਦ ਗਏ

ਬਾਬਾ ਬੀਰ ਸਿੰਘ ਬਹੁਤ ਚਿਰ ਤੀਕ ਸ੍ਰੀ ਦਮਦਮੇ ਅਸਥਾਨ ਦੀ ਸੇਵਾ ਕਰਦੇ ਰਹੇ, ਫਿਰ ਬਾਬਾ ਸਾਹਿਬ ਸਿੰਘ ਜੀ ਦੀਆਂ ਅਸੀਸਾਂ ਪਾ ਕੇ ਨੌਰੰਗਾਬਾਦ (ਸ੍ਰੀ ਤਰਨ ਤਾਰਨ ਨੇੜੇ) ਆਪਣੇ ਤੋਰੇ ਵਿਚ ਚਲੇ ਗਏ ਤਦ ਜਸਵੰਤ ਸਿੰਘ ਜੀ ਬਹੁਤ ਉਦਾਸ ਹੋਏ । ਅਤੇ ਸ੍ਰੀ ਬਾਬਾ ਸਾਹਿਬ ਸਿੰਘ ਜੀ ਦੀ ਆਗਿਆ ਪਾ ਕੇ ਇਹ ਵੀ ਨੌਰੰਗਾਬਾਦ ਸ੍ਰੀ ਬੀਰ ਸਿੰਘ ਪਾਸ ਆਏ ਰਹੇ । ਪਰ ਅਵਸਥਾ ਬਹੁਤ ਏਪ੍ਰਵਾਹ ਹੋ ਚੁਕੀ ਸੀ ਅਤੇ ਗੁਰੂ ਵਾਕ ਮੁਤਾਬਿਕ ਐਸੀ ਹਾਲਤ ਸੀ–

"ਹੰਗਿ ਹਸਹਿ ਹੰਗਿ ਰੋਵਹਿ ਚੁਪ ਭੀ ਕਰ ਜਾਹਿ ।।
ਪ੍ਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਏ ।। (ਆਸਾ ਜੀ ਦੀ ਵਾਰ)

ਰਾਤ ਭਰ ਜਾਗਣਾ–ਅਤੇ ਸਿਮਰਨ ਵਿਚ ਲੀਨ ਰਹਿੰਦੇ ਹੋਇਆਂ ਜੇ ਹਸਣ ਲਗਦੇ ਤਾਂ ਕਿਤਨਾਂ ਚਿਰ ਹਸਦੇ ਰਹਿੰਦੇ ਜਾਂ ਚੁਪ ਹੀ ਰਿਹਾ ਕਰਦੇ, ਇਕ ਸ਼ਾਇਰ ਨੇ ਠੀਕ ਕਿਹਾ ਹੈ–

"ਚਾਹ ਗਈ ਚਿੰਤੀ ਮਿਟੀ ਮਨੂਆ ਬੇਪਰਵਾਹ ।
ਜਿਸ ਕੋ ਕੁਝ ਨਹੀਂ ਚਾਹੀਏ ਸੋਈ ਸ਼ਹਿਨ ਸ਼ਾਹ ।

Scanned with CamScanner

ਸ੍ਰੀ ਜਸਵੰਤ ਸਿੰਘ ਜੀ ਐਸੀ ਅਵਸਥਾ ਵਿਚ ਐਸੇ ਮਸਤਾਨੇ ਹੋਏ ਕਿ ਸਾਰੇ ਕਪੜੇ ਉਤਾਰ ਕੇ ਬਿਲਕੁਲ ਨਗਨ ਹੋ ਕੇ ਸਣੇ ਦਸਤਾਰ, ਕਛਹਿਰੇ ਸਮੇਤ ਸਾਰੇ ਬਸਤਰ ਉਤਾਰ ਕੇ ਵਾੜ ਉਤੇ ਰੱਖ ਕੇ ਬਾਬਾ ਬੀਰ ਸਿੰਘ ਨੂੰ ਕਿਹਾ–ਲੋਹੁ ਮਹਾਰਾਜ! ਆਪਣੀ ਸਿਖੀ ਸੰਭਾਲ ਲਿਹੁ! ਐਸਾ ਦੇਖ ਕੇ ਬੀਰ ਸਿੰਘ ਜੀ ਬਹੁਤ ਹੱਸੇ ਅਤੇ ਫੁਰਮਾਇਆ–ਇਹ ਬਾਲਕ ਅਬ ਬਹੁਤ ਮਸਤਾਨਾ ਹੋ ਗਿਆ ਹੈ ਤਦੇ ਐਸਾ ਕਿਹਾ ਹੈ ਸਿਖੀ ਸੰਭਾਲ ਲਿਹੁ।

ਇਸ ਵੇਲੇ ਹੋਰ ਜੋ ਕੁਝ ਪ੍ਰੇਮੀ ਕੋਲ ਸਨ ਉਹ ਵੀ ਹੈਰਾਨ ਹੋਏ ਕਿ ਇਹ ਕੀ ਕਹਿੰਦਾ ਹੈ? ਤੇ ਬਾਬਾ ਬੀਰ ਸਿੰਘ ਜੀ ਨੇ ਫੁਰਮਾਇਆ ਭਈ ਜੋ ਪੁਰਖ ਅਚਾਹ ਹੋ ਜਾਂਦੇ ਹਨ ਉਹ ਗੁਰ ਪ੍ਰਮੇਸ਼ਰ ਪਾਸੋਂ ਵੀ ਕੋਈ ਚਾਹ ਨਹੀਂ ਰਖਦੇ ਆਪਣੇ ਅੰਤਰ ਆਤਮਾ ਵਿਚ ਆਨੰਦ ਮਸਤਾਨੇ ਹੋ ਜਾਂਦੇ ਹਨ ਤੇ ਸ਼ਰਾ ਤੋਂ (ਭਾਵ ਸੰਪ੍ਰਦਾਇਕ ਰਹਿਤ) ਬੰਧਨਾਂ ਤੋਂ ਮੁਕਤ ਹੋ ਜਾਂਦੇ ਹਨ–ਜਸਵੰਤ ਸਿੰਘ ਦਾ ਇਹ ਕਹਿਣਾ ਹੈ ਕਿ ਮੈਂਰੇ ਪਾਸੋਂ ਹੁਣ ਬਾਹਰ ਦੇ ਸਿਖੀ ਦੇ ਚਿੰਨ੍ਹ ਨਹੀਂ ਸੰਭਾਲੇ ਜਾਂਦੇ। ਅੰਤਰ ਆਤਮੇ ਉਹ ਹਰ ਵੇਲੇ ਐਸਾ ਹੈ–

“ਸਿਖੀ ਸਿਖਿਆ ਗੁਰ ਵੀਚਾਰਿ ॥
ਨਦਰੀ ਕਰਮਿ ਲੰਘਾਵੈ ਪਾਰਿ ॥ (ਆਸਾ ਜੀ ਦੀ ਵਾਰ)

ਉਹ ਐਸੀ ਸਿਖੀ ਵਿਚ ਅੰਤਰ ਆਤਮੇ ਡੂਬ ਹੈ, ਜਸਵੰਤ ਸਿੰਘ ਦੀ ਹੁਣ ਐਸੀ ਹੀ ਅਵਸਥਾ ਹੋ ਚੁਕੀ ਦਿਸਦੀ ਹੈ। ਆਪ ਨੇ ਪੰਚਵੇਂ ਪਾਤਸ਼ਾਹ ਗੁਰ ਅਰਜਨ ਦੇਵ ਨੇ ਐਹੋ ਬ੍ਰਹਮ ਗਿਆਨ ਅਵਸਥਾ ਵਿਚ ਵਰਤ ਰਹੇ ਵਿਅਕਤੀਆਂ ਬਾਬਤ ਫੁਰਮਾਇਆ ਹੈ।

“ਬ੍ਰਹਮ ਗਿਆਨੀ ਸਦਾ ਨਿਰਲੇਪ ॥ ਜੈਸੇ ਜਲ ਮੇ ਕਮਲ ਅਲੇਪ ॥
ਬ੍ਰਹਮ ਗਿਆਨੀ ਸਦਾ ਨਿਰਦੋਖ ॥ ਜੈਸੇ ਸੂਰ ਸਰਬ ਕਉ ਸੋਖ ॥

ਭਾਵ-ਬ੍ਰਹਮ ਗਿਆਨੀ ਕਮਲ ਵਾਂਗੂੰ ਨਿਰਲੇਪ ਹੋ ਜਾਂਦੇ ਜੈਸੇ ਪਾਣੀ ਵਿਚ ਰਹਿੰਦੇ ਕੰਵਲ ਫੁਲ ਨੂੰ ਪਾਣੀ ਨਹੀਂ ਪੋਹ ਸਕਦਾ। ਅਥਵਾ ਬ੍ਰਹਮ ਗਿਆਨੀ ਦੋਖ ਰਹਿਤ ਹੋ ਜਾਂਦੇ ਜਿਵੇਂ–ਸੂਰਜ ਦੀ ਕਿਰਣ ਪਵਿਤਰ ਥਾਂ, ਅਥਵਾ ਫੁਲਾਂ ਉਤੇ ਵੀ ਪੈਂਦੀ ਹੈ ਅਤੇ ਰੰਦੀਆਂ ਥਾਵਾਂ ਉਤੇ ਪੈਂਦੀ ਹੋਈ ਸਰਬ ਤਰ੍ਹਾਂ ਉਹਨਾਂ ਨੂੰ ਸੁਕਾਂਦੀ ਹੋਈ ਵੀ ਪਵਿਤਰ ਹੈ ਉਹਨੂੰ ਪਵਿਤਰਤਾ ਅਪਵਿਤਰਤਾ ਦਾ ਗੁਣ ਦੋਸ਼ ਨਹੀਂ ਹੈ।

ਸ੍ਰੀ ਬੀਰ ਸਿੰਘ ਜੀ ਦਸਿਆ–ਕਿ ਖਾਲਸੇ ਨੂੰ ਬੈਰੂਨੀ ਰਹਿਤ ਵੀ ਗੁਰੂ ਦਸਮੇਸ਼ ਜੀ ਦੇ ਹੁਕਮ ਮੁਤਾਬਿਕ ਰਖਣੀ ਬਹੁਤ ਜ਼ਰੂਰੀ ਹੈ, ਜੋ ਇਹ ਹੈ–

੧. ਕੱਛ, ੨. ਕਿਰਪਾਨ ੩. ਕੜਾ, ੪. ਕੰਘਾ, ੫. ਕੇਸ ਪੰਜੇ ਕਕਿਆਂ ਦੀ ਰਹਿਤ ਵੀ ਜ਼ਰੂਰੀ ਹੈ, ਪਰ ਅੰਤ੍ਰੀਵੀ ਦੇ ੧੦ ਕਕਾਰ ਤਿਆਗਣੇ ਵੀ ਬਹੁਤ ਜ਼ਰੂਰੀ ਹੈ, ਜੋ ਇਹ ਹਨ–ਕ੍ਰਾਮ, ਕਰੋਧ, ਕਸਮਕ, ਕਲੇਸ਼, ਕ੍ਰਿਪਨਤਾ, ਕਠੋਰਤਾ, ਕਾਇਰਤਾ, ਕਬੁਧੀ, ਕੁਸੰਗਤ, ਕੁਕਰਮ ਇਹ ਦਸ ਤਿਆਗਣੇ ਯੋਗ ਔਗੁਣ ਹਨ।

ਬਾਬਾ ਬੀਰ ਸਿੰਘ ਜੀ ਨੇ ਸ੍ਰੀ ਜਸਵੰਤ ਸਿੰਘ ਜੀ ਦੀ ਐਸੀ ਅਵਸਥਾ (ਜੋ ਕਿ ਬੇਪ੍ਰਵਾਹ ਹੋ ਚੁਕੀ ਸੀ) ਪਰ ਬਹੁਤ ਕੁਝ ਨਿਰਨੈ ਨਾਲ ਦਸਿਆ–ਤੇ ਫੁਰਮਾਇਆ।

“ਜੋਗ ਜਗ ਤਪ ਦਾਨ ਪੁਨ ਸੋਤਕ ਧਰਮ ਸੁ ਔਰ।
ਤਿਨ ਸਭ ਕੀਨ ਮਹਾਤਮਾ ਜਿਨ ਮਨ ਕੀਨੋ ਠੌਰ।

ਭਾਵ–ਜੋਗ ਜੁਗਤ, ਜਪ ਤਪ, ਦਾਨ ਪੁੰਨ ਅਤੇ ਹੋਰ ਜਿਤਨੇ ਕਰਮ ਧਰਮ ਹਨ ਉਹ ਐਸੇ ਮਹਾਂਪੁਰਖਾ ਨੇ ਮਾਨੋ ਸਾਰੇ ਕਰ ਲਏ ਜਾਣੋ ਜਿਹਨਾਂ ਨੇ ਆਪਣੇ ਮਨ ਉਤੇ ਕਾਬੂ ਪਾਇਆ ਅਤੇ ਵਸੀ ਕਾਰ ਕਰ ਲਿਆ ਹੈ–“ਮਨ ਜੀਤੇ ਜਗ ਜੀਤ” ਗੁਰ ਨਾਨਕ ਦੇਵ ਜੀ ਦਾ ਮਹਾਂ ਵਾਕ ਵੀ ਹੈ ਪਰ ਮਨ ਵੀ ਉਸ ਵਾਹਿਗੁਰੂ ਦੀ ਪੂਰਨ ਕ੍ਰਿਪਾ ਬਿਨਾਂ ਵਸ ਨਹੀਂ ਹੁੰਦਾ।

ਮਨ ਵਸ ਆਵੈ ਨਾਨਕਾ ਪੂਰਨ ਕਿਰਪਾ ਹੋਇ ॥

ਸ੍ਰੀ ਬੀਰ ਸਿੰਘ ਜੀ ਨੇ ਜਸਵੰਤ ਸਿੰਘ ਦੀ ਐਸੀ ਬਿਰਤੀ ਹੋ ਚੁਕੀ ਦੇਖ ਕੇ ਹੀ ਇਹਨਾਂ ਦੇ ਨਗਨ ਹੋ ਜਾਣ ਪਰ ਗੁਸਾ ਨਹੀਂ ਕੀਤਾ ਸਗੋਂ ਹੱਸ ਦਿਤਾ ਬੀ ਅਤੇ ਜਸਵੰਤ ਸਿੰਘ ਵੀ ਐਸੀ ਅਵਸਥਾ ਵਿਚ ਬਹੁਤ ਚਿਰ ਠੀਕ ਨੌਰੰਗਾਬਾਦ ਰਹੇ ਨਹੀਂ ਸੀ, ਇਹ ਬੇਪ੍ਰਵਾਹੀ ਦੀ ਹਾਲਤ ਵਿਚ ਹੀ ਆਗਿਆ ਪਾ ਕੇ ਇਥੋਂ ਪਛਮ (ਲਹਿੰਦੇ) ਵਲ ਨੂੰ ਹੋ ਤੁਰੇ ਸੀ।

ਸ੍ਰੀ ਜਸਵੰਤ ਸਿੰਘ ਪੋਠੋਹਾਰ ਵਿਚ

ਨੂਰੰਗਾਬਾਦ ਤੋਂ ਚਲੇ ਪਹਿਲੇ ਸ੍ਰੀ ਤਰਨ ਤਾਰਨ ਸਾਹਿਬ ਆ ਕੁਝ ਦਿਨ ਰਹੇ, ਮਗਰੋਂ ਸ੍ਰੀ ਅੰਮ੍ਰਿਤਸਰ ਆਏ ਤੇ ਥੋੜੇ ਦਿਨ ਰਹੇ ਕੇ ਫਿਰ ਪੋਠੋਹਾਰ ਵਲ ਜ਼ਿਲਾ ਰਾਵਲਪਿੰਡੀ ਨੇੜੇ (ਕੁਰੀ ਪਿੰਡ) ਸੰਤ ਭਾਗ ਸਿੰਘ ਜੀ ਦੇ ਆ ਕੇ ਦਰਸ਼ਨ ਕੀਤੇ। ਇਥੋਂ ਸੰਤ ਜੀ ਦੇ ਬਗੀਚੇ ਵਿਚੋਂ ਟੋਕਾਨਾ ਪੁਸ਼ਪ ਲਿਆ ਕੇ ਸੰਤ ਭਾਗ ਸਿੰਘ ਸਿੰਘ ਜੀ ਦੀ ਭੇਟ ਕਰਨ ਨੂੰ ਅਥਵਾ ਪੂਜਾ ਦੇ ਖਿਆਲ ਨਾਲ ਅਰਪਨ ਕਰਦੇ, ਇਸ ਤਰ੍ਹਾਂ ਕਈ ਦਿਨ ਬਤੀਤ ਕੀਤੇ।

ਇਸੇ ਤਰ੍ਹਾਂ ਇਕ ਦਿਨ ਫੁਲਾਂ ਦੀ ਟੋਕਰੀ ਭਰੀ ਲਿਆ ਰਹੇ ਸਨ ਤੇ ਰਸਤੇ ਵਿਚ ਇਕ ਹੋਰ ਸੰਤ ਮਹਾਤਮਾਂ ਮਿਲੇ ਤੇ ਉਹਨਾਂ ਨੇ ਕੁਝ ਫੁਲਾਂ ਦੀ ਮੰਗ ਕੀਤੀ ਪਰ ਜਸਵੰਤ ਸਿੰਘ ਜੋ ਸਮਝਿਬਣੀ ਹੋ ਚੁਕੇ ਸਨ, ਇਹਨਾਂ ਵਿਚ ਵੀ ਸੰਤ ਭਾਗ ਸਿੰਘ ਦੀ ਆਤਮਾ ਨੂੰ ਅਨੁਮਾਨ ਕੀਤਾ ਤੇ ਸਾਰੇ ਫੁਲ ਜੋ ਟੋਕਰੀ ਵਿਚ ਭਰੇ ਸਨ ਇਹਨਾਂ ਸੰਤਾਂ ਦੇ ਸਿਰ ਉਤੇ ਉਲਟ ਦਿਤੇ ਅਤੇ ਖਾਲੀ ਹੱਥੀਂ ਘਰ ਵਾਪਸ ਆਏ ਸੀ। ਪਰ ਸੰਤ ਭਾਗ ਸਿੰਘ ਜੋ ਵਿਚ ਦ੍ਰਿਸ਼ਟੀ ਰਖਦੇ ਸਹਾਂ ਪੁਰਖ ਸਨ ਹੱਸ ਕੇ ਫੁਰਮਾਇਆ–ਜਸਵੰਤ ਸਿੰਘ ਅਜ ਤੈਨੇ ਐਸੇ ਪੁਰਖਾਂ ਦੇ ਫੁਲਾਂ ਦੀ ਭਰੀ ਟੋਕਰੀ ਹੀ ਸਾਡੇ ਉਤੇ ਉਡੇਲ ਦਿਤੀ ਤੇ ਅਜ ਐਸੀ ਸੁਰੀਥੀ ਨੂੰ ਮਾਣਿਆ ਹੈ ਜਿਹਾ ਕਿ ਅਗੇ ਕਦੀ ਨਹੀਂ ਹੋਇਆ, ਅਸੀਂ ਤ੍ਰਿਪਤ ਹੋਇ ਚੁਕੇ ਹਾਂ। ਤੁਸਾਡੀ ਸੇਵਾ ਥਾਇ ਪਈ ਹੈ—ਹੁਣੇ ਤੁਸੀਂ ਜਿਥੇ ਵੀ ਜਾਣਾ ਚਾਹੋ, ਸਾਡੀਆਂ ਅਸੀਸਾਂ ਤੁਹਾਡੇ ਨਾਲ ਹਨ ਬੇਪ੍ਰਵਾਹ ਹੋ ਕੇ ਨਿਰਵੈਰ ਹੋਏ ਹੋਇ ਵਿਚਰੋ। ਇਹ ਅਸੀਸ ਪਾ ਕੇ ਜਸਵੰਤ ਸਿੰਘ ਜੀ ਕੁਰੀ ਤੋਂ ਚਲਦੇ ਚਲਦੇ–ਨੜਾਲੀ ਨਾਮ ਦੇ ਇਕ ਪਿੰਡ ਵਿਚ ਆਏ! ਇਥੇ ਗੁਰੂ ਹਰਿਗੋਬਿੰਦ ਸਾਹਿਬ ਦਾ ਇਤਿਹਾਸਕ ਗੁਰਦਵਾਰਾ ਹੈ ਤੇ ਉਹੀ ਥਾਇ ਪਹਾੜੀ ਜੈਸੀ ਜਗ੍ਹਾ ਪਰ ਹੈ। ਪਰ ਪਾਣੀ ਬਹੁਤ ਨੀਵੀਂ ਥਾਂ ਤੋਂ ਭਰ ਕੇ ਉਤੇ ਲਿਜਾਂਦੇ ਹਨ।

ਨੋਟ :–ਗੁਰੂ ਸਾਹਿਬ ਜਦੋਂ ਕਸ਼ਮੀਰ ਦੀ ਸੈਰ ਨੂੰ ਗਏ ਸੀ, ਤਦ ਇਥੇ ਬਿਸਰਾਮ ਕੀਤਾ ਸੀ ਉਸੇ ਯਾਦਗਾਰ ਵਿਚ ਇਹ ਗੁਰਦਵਾਰਾ ਹੈ। ਦਾਸ ਲੇਖਕ ਨੇ ਇਸ ਗੁਰਦਵਾਰੇ ਦੇ ਦਰਸ਼ਨ ਕੀਤੇ ਹਨ ਗੁਜਰਖਾਨ ਤਹਿਸੀਲ ਵਿਚ ਹੈ।

Scanned with CamScanner

ਸ੍ਰੀ ਜਸਵੰਤ ਸਿੰਘ ਸਰੀਰ ਕਰਕੇ ਬਿਲਕੁਲ ਨਰੋਗ ਤੇ ਬੇਪ੍ਰਵਾਹ ਸਨ। ਇਸ ਗੁਰਦਵਾਰੇ ਦੇ ਗਰੰਥੀ ਭਾਈ ਜੀਤ ਸਿੰਘ ਨੇ ਇਹਨਾਂ ਨੂੰ (ਮੁੰਨਤ ਨਹੀਂ ਸੀ) ਦੇਖਿਆ ਤੇ ਸਮਝਿਆ ਕਿ ਕੋਈ ਪਾਗਲ ਹਿੰਦੂ ਵਿਸਦਾ ਹੈ ਤੇ ਰੋਟੀ ਖਾਣ ਨੂੰ ਆਇਆ ਹੈ। ਗਰੰਥੀ ਨੇ ਖਾਲੀ ਘੜਾ ਦੇ ਕੇ ਹੇਠਾਂ ਤੋਂ ਪਾਣੀ ਲਿਆਉਣ ਨੂੰ ਕਿਹਾ ਤੇ ਇਹਨਾਂ ਨੇ ਭਰ ਲਿਆਂਦਾ ਤਦ ਉਸ ਨੇ ਇਕ ਅੱਧ ਰੋਟੀ ਦੇ ਕੇ ਹੋਰ ਤੁਰ ਪਈ ਭੇਜ ਪਾਣੀ ਦੇ ਭਰਵਾਏ ਤੇ ਇਹਨਾਂ ਵੀ ਬਿਨਾਂ ਕਿਸੇ ਕਿਰਕ ਦੇ ਕੁਝ ਦਿਨ ਐਸੀ ਸੇਵਾ ਕਰਦੇ ਹੋਇਆਂ-ਇਕ ਅੱਧ ਪ੍ਰਬਾਦਾ ਜੋ ਮਿਲੇ ਛਕ ਲੈਂਦੇ ਤੇ ਫੇਰ ਇਕਾਂਤ ਵਿਚ ਕਿਤੇ ਜਾਏ ਬੈਠਦੇ, ਸਿਮਰਨ ਕਰਦੇ ਰਹੇ ਤੇ ਲੋਕੀ ਵੀ ਇਹੋ ਸਮਝਦੇ ਕਿ ਇਹ ਕੋਈ ਪਾਗਲ ਹੈ ਤੇ ਰੋਟੀਆਂ ਖਾਣ ਨੂੰ ਪਾਣੀ ਭਰਦਾ ਰਹਿੰਦਾ ਹੈ। ਪਰ ਜਸਵੰਤ ਸਿੰਘ ਮਨ ਕਰਕੇ ਮਸਤ ਰਹਿੰਦੇ ਕਿ ਵੇਗਾ ਹੈ ਇਥੇ ਕੋਈ ਸਾਨੂੰ ਜਾਣਦਾ ਨਹੀਂ ਤੇ ਅਸੀਂ ਖੁਦ ਐਸੀ ਹਾਲਤ ਵਿਚ ਹੀ ਖੁਸ਼ ਹਾਂ। ਕਿਸੇ ਮਹਾਂਪੁਰਖ ਸੰਤ ਦਾ ਵੀ ਐਸਾ ਕਥਨ ਹੈ-

"ਚਲੋ ਸੰਤਹੁ ਉਥੇ ਚਲ ਰਹੀਏ ਜਿਥੇ ਬਹੁਤੇ ਅੰਨੇ।
ਨਾ ਕੋਈ ਸਾਨੂੰ ਜਾਣੇ ਚੁਖੇ ਨਾ ਕੋਈ ਸਾਨੂੰ ਮੰਨੇ।"

ਇਸ ਰੀਤੀ ਨੇ ਬਹੁਤ ਦਿਨ ਰੋਜਾਨਾ ਬੜੀ ਨਿਵਾਣ ਥਾਂ ਤੋਂ ਪਾਣੀ ਦੇ ਘੜੇ ਦੋਜ਼ਾਨਾ ਭਰ ਕੇ, ਰੋਟੀ ਜੋ ਮਿਲੇ ਖਾਇਆ ਕਰਦੇ ਪਰ ਮੰਗਦੇ ਕੁਝ ਨਹੀਂ ਸਨ ਕਿ ਖੋਜੀ ਹੈ ਜਾਂ ਬਹੁਤ ਹੈ, ਇਸ ਪਰ ਗੁਰੂ ਮਹਾਰਾਜ ਦਾ ਫੁਰਮਾਨ ਹੈ-

"ਰਤਨ ਲੁਕਾਇਆ ਲੁਕੈ ਨਾਹੀ ਜੇ ਕੋ ਰਖੈ ਲੁਕਾਈ।

ਇਕ ਦਿਨ ਇਕ ਐਸੇ ਸੰਤ ਮਹਾਤਮਾਂ ਨੜਾਲੀ ਦੇ ਇਸ ਗੁਰਦਵਾਰੇ ਵਿਚ ਆਏ ਜੋ ਕਿ ਸ੍ਰੀ ਜਸਵੰਤ ਸਿੰਘ ਨੂੰ ਜਾਣਦੇ ਸਨ ਤੇ ਇਹਨਾਂ ਨੂੰ ਕਈ ਘੜੇ ਪਾਣੀ ਦੇ ਭਰਵਾ ਕੇ ਇਕ ਰੋਟੀ ਖੁਆਣ ਵਾਲੇ ਗਰੰਥੀ ਜੀਤ ਸਿੰਘ ਨੂੰ ਡਾਂਟ ਕੇ ਆਖਿਆ-ਇਹ ਤੈਨੇ ਇਤਨਾ ਅਪਰਾਧ ਕਮਾਇਆ ਹੈ ਕਿ ਤੂੰ ਬਖਸ਼ਿਆ ਨਹੀਂ ਜਾਇਗਾ-ਇਸ ਮਹਾਂਪੁਰਖ ਨੂੰ ਤੂੰ ਨਰਾਜ ਦੇਖ ਕੇ ਪਾਗਲ ਸਮਝਿਆ ਤੇ ਪਾਣੀ ਭਰਵਾ ਨ ਕੇ ਇਕ ਅੱਧ ਰੋਟੀ ਖੁਆਂਦਾ ਰਿਹਾ ਹੈ-ਐਸੇ ਮਹਾਂਪੁਰਖ ਦੀ ਚਰਨ ਧੂੜ ਨੂੰ ਸ਼ਰੀਵਾਨ ਤਰਸਦੇ ਹਨ ਪਰ ਤੈਨੇ ਪਾਪ ਕਮਾਇਆ ਹੈ ਇਸ ਪਾਪ ਦਾ ਫਲ ਤੈਨੂੰ ਭੋਗਨਾ ਪਵੇਗਾ-

ਐਸਾ ਸੰਤਾਂ ਪਾਸੋਂ ਸੁਣ ਕੇ ਉਹ ਜੀਤ ਸਿੰਘ ਧਰਮਸਾਲੀਆ (ਭਾਈ) ਕੰਬ ਗਿਆ ਤੇ ਇਹਨਾਂ ਹੱਥੋਂ ਗਾਰ ਲੈ ਕੇ ਚਰਨਾਂ ਪਰ ਸਿਰ ਦੱਖ ਕੇ ਲੱਗਾ ਤਰਲੇ ਮਿੰਨਤਾਂ ਕਰਨ ਕਿ ਬਖਸ਼ ਲਈਏ, ਅਜਾਣ-ਪੁਣੇ ਵਿਚ ਮੈਂਥੇ ਤੋਂ ਐਸਾ ਅਪਰਾਧ ਹੋਇਆ ਹੈ। ਸ੍ਰੀ ਜਸਵੰਤ ਸਿੰਘ ਤਾਂ ਦਿਆਲੂ ਪੁਰਖ ਸਨ-ਬਖਸ਼ ਕੇ ਫੁਰਮਾਇਆ ਕਿ ਅਸੀਂ ਤਾਂ ਐਸੀ ਹਾਲਤ ਵਿਚ ਖੁਸ਼ ਸੀ ਇਹਨਾਂ ਸੰਤਾਂ ਨੇ ਆ ਕੇ ਸਾਡੀ ਸਾਰੀ ਘੋਲ ਹੀ ਵਿਗਾੜ ਦਿਤੀ ਹੈ। ਸਾਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਕਿ ਕੋਈ ਸਾਡੀ ਉਸਤਤੀ ਕਰੇ ਜਾਂ ਨਿੰਦਾ ਕਰੇ। ਅਸੀਂ ਤਾਂ ਆਪਣੇ ਰੰਗ ਵਿਚ ਰੰਗੇ ਹੀ ਰਹਿਣਾ ਪਸੰਦ ਕਰਦੇ ਹਾਂ।

ਸ੍ਰੀ ਜਸਵੰਤ ਸਿੰਘ ਨੇ ਹੁਣ ਇਥੇ ਰਹਿਣਾ ਹੋਰ ਪਸੰਦ ਨਾ ਕੀਤਾ ਤੇ ਚੁਪਕੇ ਹੀ ਚਾਲੇ ਪਾ ਕੇ ਸ੍ਰੀ ਪੰਜਾ ਸਾਹਿਬ ਆਏ। ਇਥੇ' ਦਰਬਨ ਇਸ਼ਨਾਨ ਕਰਕੇ ਕਿਨਾਰੇ ਇਕ ਥਾਂ ਬੈਠੇ ਸਨ ਕਿ ਪੂਰਬ ਜਨਮ ਦਾ ਸੰਜੋਗੀ ਪ੍ਰੇਮੀ ਇਕ ਸਿਖ ਟਹਿਲ ਸਿੰਘ ਨਾਮ ਵਾਲੇ ਨੇ ਦੇਖਿਆ ਤਾਂ ਆਪ ਦੀ ਮਸਤਾਨੀ ਚਿਰਤੀ ਵੇਖਾਹ ਫਕੀਰੀ ਉਤੇ ਮੋਹਤ ਹੋ ਕੇ ਆਪ ਦੀ ਸੇਵਾ ਵਿਚ ਆਪਣਾ ਭਲਾ ਸਮਝਣ ਲੱਗ ਪਿਆ ਤੇ ਬੇਨਤੀ

ਕੀਤੀ- ਮਹਾਰਾਜ! ਮੈਨੂੰ ਵੀ ਗੁਰੂ ਮੰਤ੍ਰ ਦੀ ਬਖਸ਼ਿਸ਼ ਕਰੀਏ ਜੋ ਸਿਮਰਨ ਕਰਦਾ ਜਨਮ ਸਫਲਾ ਕਰ ਸਕਾਂ। ਤਦ ਜਸਵੰਤ ਸਿੰਘ ਜੀ ਨੇ ਫੁਰਮਾਇਆ ਕਿ-

"ਗੁਰ ਕੀ ਮੂਰਤ ਮਨ ਮੈ ਧਿਆਨ ॥
ਗੁਰ ਕਾ ਬਚਨ ਮੰਤਰ ਮਨ ਮਾਨ ॥"

ਗੁਰ ਕੇ ਬਚਨ ਦਾ ਕਮਾਉਣਾ ਤੇ ਆਪਣੇ ਜੀਵਨ ਨੂੰ ਉਸੇ ਗੁਰ ਫੁਰਮਾਣ ਅਨੁਸਾਰ ਬਿਤਾਣਾ ਹੀ ਜਨਮ ਸੁਫਲਾਣ ਦਾ ਸਹੀ ਸਾਧਨ ਹੈ-

"ਜੇ ਸਉ ਚੰਦਾ ਊਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥" (ਆਸਾ ਜੀ ਦੀ ਵਾਰ)

ਭਾਈ ਟਹਿਲ ਸਿੰਘ ਨੂੰ ਵੀ ਵਾਹਿਗੁਰੂ ਨੇ ਐਸੇ ਮਹਾਂਪੁਰਖਾਂ ਦੇ ਸਮਝਣ ਦੀ ਸੋਝੀ ਬਖਸ਼ੀ ਤੇ ਸੇਵਾ ਵਿਚ ਐਸਾ ਮਗਨ ਹੋਇਆ ਕਿ ਜਸਵੰਤ ਸਿੰਘ ਜੀ ਵਾਂਗ ਹੀ ਮਸਤਾਨੀ ਅਵਸਥਾ ਹੋ ਗਈ ਉਹਨਾਂ ਵਾਂਗ ਹੀ ਨਗਨ ਰਹਿ ਕੇ ਸਾਥ ਨਿਭਾਉਣ ਲੱਗ ਪਿਆ ਸੀ-

ਸ੍ਰੀ ਪੰਜਾ ਸਾਹਿਬ ਤੋਂ ਚਲਦੇ ਚਲਦੇ ਦੋਵੇਂ ਸੰਤ (ਸ੍ਰੀ ਜਸਵੰਤ ਸਿੰਘ ਅਤੇ ਟਹਿਲ ਸਿੰਘ) ਅਟਕ ਦਰਿਆ ਕਿਨਾਰੇ ਅਟਕ ਸ਼ਹਿਰ ਵਿਚ ਆਏ ਰਹੇ। ਇਥੋਂ ਦੇ ਇਕ ਪ੍ਰੇਮੀ ਹਰਾ ਸਿੰਘ ਨਾਮ ਦੇ ਨੇ ਬਹੁਤ ਸੇਵਾ ਕੀਤੀ ਤੇ ਆਪ ਜੀ ਨੂੰ ਇਤਨਾਂ ਪ੍ਰਸੰਨ ਕਰ ਲਿਆ ਕਿ ਮਾਨੋ ਪਿਛਲੇ ਜਨਮ ਦਾ ਇਹ ਵੀ ਕੋਈ ਪਾਰਖੂ ਪੁਰਖ ਸੀ ਤੇ ਮਹਾਂ ਪੁਰਖਾਂ ਨੂੰ ਪਰਖ ਕੇ ਵਸੀਕਾਰ ਕਰ ਲਿਆ ਸੀ ਤੇ ਆਪ ਦੀ ਨਿਸ਼ਕਾਮ ਸੇਵਾ ਕਰਦਾ।

ਪੂਰਬ ਕਰਮ ਕਰਮ ਅੰਕੁਰ ਜਬ ਪ੍ਰਗਟੇ ਭੇਟਿਉ ਪੁਰਖ ਰਸਕ ਬੈਰਾਗੀ ॥"

ਉਕਤ ਗੁਰ ਵਾਕ ਮੁਤਾਬਿਕ ਇਥੋਂ ਦੀ ਵਸਨੀਕ, ਪਤੀਬਰਤਾ ਇਕ (ਸੋਭਾਂ ਨਾਮ) ਮਾਈ ਨੂੰ ਦਰਸ਼ਨ ਕਰਦੇ ਸਾਰ ਮਨ ਵਿਚ ਐਸੀ ਸੁਧ ਭਾਵਨਾ 'ਤੇ ਸ਼ਾਂਤੀ ਹੋ ਆਈ, ਜਿਵੇਂ ਕਿ ਇਸ ਨੂੰ ਆਪਣੇ ਪੂਰਬਲੇ ਕਿਸੇ ਸ਼ੁਭ ਕਰਮ ਕੀਤੇ ਦਾ ਫਲ ਪ੍ਰਾਪਤੀ ਦਾ ਸਮਾਂ ਹੀ ਆਇਆ ਸੀ। ਇਸ ਨੇ ਦੋਵਾਂ ਸੰਤਾਂ ਨੂੰ ਪ੍ਰਸਾਦ ਛਕਾਵਣ ਦੀ ਸੇਵਾ ਸੰਭਾਲੀ। ਪ੍ਰਸਾਦ ਛਕਦੇ ਵੇਲੇ ਨਾ ਸੰਤ ਕੁਝ ਆਖਦੇ ਤੇ ਨਾ ਮਾਈ ਨੇ ਕਦੀ ਕੋਈ ਪ੍ਰਸ਼ਨ ਕੀਤਾ ਸੀ। ਪ੍ਰਸ਼ਾਦ ਛਕਾ ਕੇ ਚਲੀ ਜਾਇਆ ਕਰਦੀ, ਇਸ ਤਰ੍ਹਾਂ ਨਾਲ ਢਾਈ ਸਾਲ ਤੀਕ ਮਾਈ ਨੇ ਸੇਵਾ ਨਿਭਾਹੀ ਤੇ ਦੋਵੇਂ ਸੰਤ ਜੋ ਕਿ ਅਟਕ ਦਰਿਆ ਕਿਨਾਰੇ ਵਸਕੇ ਅਟਕ ਸ਼ਹਿਰ ਦੇ ਬਾਹਰ ਕਤਾਰੇ ਦੀ ਸਰਦੀ ਅਤੇ ਗਰਮੀਆਂ ਵਿਚ ਕਹਿਰ ਦੀ ਗਰਮੀ ਸਹਾਰਦੇ ਨਗਨ ਹੀ ਰਹਿੰਦੇ ਰਹੇ ਤੇ ਬੋਲੇ ਕਦੀ ਨਹੀਂ ਸੀ।

ਢਾਈ ਬਰਸਾਂ ਬਾਅਦ ਇਕ ਦਿਨ ਮੌਜ ਵਿਚ ਆਏ ਸ੍ਰੀ ਜਸਵੰਤ ਸਿੰਘ ਜੀ ਨੇ ਆਖਿਆ-ਮਾਈ ਜੋਗਾਂ! ਜੋ ਪ੍ਰਸ਼ਾਦ ਲਿਆਈ ਹੈਂ ਇਹ ਦਰਿਆ ਅਟਕ ਵਿਚ ਸੁਟ ਦੇ ਅਤੇ ਹੋਰ ਚੰਗਾ ਜਿਉ ਪਾ ਕੇ ਪ੍ਰੰਨੇ ਵਰਤਾ ਕੇ ਤੂੰ ਵੀ ਕੁਟ ਕੇ ਮਿਠਾ ਮਿਲਾ ਕੇ ਲਿਆ ਖੁਆ ਦੇ। ਮਾਈ ਖੁਸ਼ ਹੋਈ, ਐਸਾ ਹੀ ਕੀਤਾ ਤੇ ਘਰੋਂ ਜਾਕੇ ਤੇ ਕੋਈ ਤਿੰਨ ਪਾਉ ਆਟੇ ਦੇ ਪ੍ਰਾਂਠੇ ਪਕਾ ਕੇ ਚੂਰੀ ਬਣਾ ਖੁਆਈ ਤੇ ਬਾਕੀ ਬਚੀ ਹੋਈ ਨੂੰ ਆਖਿਆ ਕਿ ਮਾਈ ਦੇ ਖਾਣ ਦੀ ਵੇਰ ਸੀ ਕਿ ਸਮਾਧੀ ਲਗੀ-ਅੰਤਰ ਆਤਮੇ ਬੈਸੂਧ ਹੋ ਕੇ ਕਿਸੇ ਐਸੇ ਆਤਮਕ ਅਨੰਦ ਵਿਚ ਮਗਨ ਹੋਏ ਕਿ ਜਿਸ ਅਨੰਦ ਦਾ ਵਰਨਣ ਕਲਮਾਂ ਨਾਲ ਨਹੀਂ ਲਿਖਿਆ ਜਾਂਦਾ।

Scanned with CamScanner

ਬਹੁਤ ਚਿਰ ਪਿਛੋਂ ਸਮਾਧੀ ਖੁਲ੍ਹੀ ਤੇ ਸੰਤ ਜਸਵੰਤ ਸਿੰਘ ਦੀਆਂ ਅਸੀਸਾਂ ਪਾ ਕੇ ਘਰ ਨੂੰ ਗਈ ਪਰ ਮਾਈ ਸ਼ੋਭਾਂ ਦੀ ਮੁਖ ਮਸਤਕ ਦੀ ਸ਼ੋਭਾ ਹੀ ਨਿਆਰੀ ਸੀ। ਐਸੀ ਬਖਸ਼ਿਸ਼ ਪ੍ਰਾਪਤ ਹੋਈ ਕਿ ਉਹ ਕਹਿੰਦੀ ਤੇ ਚਿਤਵਦੀ ਬਚਨ ਸਤਿ ਹੋ ਜਾਂਦਾ। ਪਰ ਪਤੀ ਪ੍ਰਮੇਸ਼ਰ ਦੀ ਸੇਵਾ ਕਰਦਿਆਂ ਵੀ ਕਾਲ ਨੂੰ ਰਖਦੀ ਅਤੇ ਮਨ ਕਰਕੇ ਮਗਨ ਅੰਤਰ ਆਤਮੇ ਸਿਮਰਨ ਵਿਚ ਲੀਨ ਰਿਹਾ ਕਰਦੀ। ਮਾਨੋ ਗੁਰ ਫ਼ਿਰਮਾਨ ਦੀ ਇਹ ਅਵਸਥਾ ਹੋ ਆਈ ਸੀ–

"ਗੁਰ ਜਿਨ ਕਉ ਸੁਪ੍ਰਸੰਨ ਨਾਮ ਹਰਿ ਰਿਦੈ ਨਿਵਾਸੈ ॥
ਜਿਨ ਕਉ ਗੁਰ ਸੁਪ੍ਰਸੰਨ ਦੁਰਤ ਦੁਰੰਤਰ ਨਾਸੈ ॥
ਗੁਰ ਜਿਨ ਕਉ ਸੁਪ੍ਰਸੰਨ ਮਾਨ ਅਭਿਮਾਨ ਨਿਵਾਰੈ ॥
ਜਿਨ ਕਉ ਗੁਰ ਸੁਪ੍ਰਸੰਨ ਸਬਦ ਲਾਗਿ ਭਵਜਲ ਤਾਰੈ ॥"

ਅਥਵਾ–"ਕਥੁ ਕੰਚਨ ਭਇਉ ਸਬਦ ਗੁਰ ਸਰਵਣੀ ਸੁਣਿਉ ॥
ਬਿਖ ਤੇ ਅੰਮ੍ਰਿਤ ਹੋਇਉ ਨਾਮ ਸਤਿਗੁਰ ਮੁਖ ਭਣਿਉ ॥

ਗੁਰ ਬਿਲਾਸ ਕਰਤਾ ਪੰਡਤ ਸ਼ੋਰ ਸਿੰਘ ਨੇ ੨ ਸਕੈਂਧ ਪੂਰਬਾਰਧੇ ਧਿਆਏ ੧੦ ਵਿਚ ਲਿਖਿਆ ਕਿ ਇਹ ਅਵਸਥਾ ਕੋਈ ਸਾਧਾਰਨ ਨਹੀਂ[1] ਤੇ ਗੁਰੂ ਕਿਰਪਾ ਅਤੇ ਕਿਸੇ ਮਹਾਂਪੁਰਖ ਦੀ ਬਖਸ਼ਿਸ਼ ਵਿਚਾਂ ਨਹੀਂ[2] ਹੋ ਸਕਦੀ ਜੋ ਬਹੁਤ ਦੁਰਲਭ ਅਵਸਥਾ ਹੈ ਉਹ ਲਿਖਦੇ ਕਿ ਦੁਨੀਆਂ ਵਿਚ ਤਿੰਨ ਚੀਜ਼ਾਂ ਦੁਰਲਭ ਹਨ। ਇਕ ਸ਼ੁਭ ਕੁਲ ਵਿਚ ਜਨਮ, ਦੂਜਾ ਮੋਖ ਪ੍ਰਾਪਤੀ ਦੀ ਇਛਾ (ਖਾਹਸ਼) ਅਤੇ ਤੀਜਾ ਸਤਿ ਪੁਰਖਾਂ ਦੀ ਸੰਗਤ।

ਗੁਰ ਫ਼ੁਰਮਾਣ ਵੀ ਐਸਾ ਹੀ ਹੈ–

"ਨਚ ਦੁਰਲਭੰ ਧਨੰ ਰੂਪੰ ਨਚ ਦੁਰਲਭੰ ਸੂਰਗ ਰਾਜਨਹ ॥
ਨਚ ਦੁਰਲਭੰ ਭੋਜਨੰ ਬਿਸਨੰ ਨਚ ਦੁਰਲਭੰ ਸ੍ਵਛ ਅੰਬਰਹ ॥
ਦੁਰਲਭੰ ਏਕ ਭਗਵਾਨ ਨਾਮਹ ਨਾਨਕ ਲਬਧਿ ਸਾਧ ਸੰਗਿ ਕ੍ਰਿਪਾ ਪ੍ਰਭੰ ॥(੧੩੫੭)

ਸੰਤ ਜਸਵੰਤ ਸਿੰਘ ਤਾਂ ਮਾਈ ਉਤੇ ਬਖਸ਼ਿਸ਼ ਕਰਕੇ ਅਗੇ ਕਾਬਲ ਦੀ ਤਰਫ ਜਾਣ ਦੇ ਇਰਾਦੇ ਨਾਲ ਟੁਰ ਗਏ ਅਤੇ ਮਾਈ ਸ਼ੋਭਾਂ ਮਾਨੋ ਗੁਹਿਸ਼ ਵਿਚ ਰਹਿੰਦਿਆਂ ਵੀ ਪਾਣੀ ਵਿਚ ਕੰਵਲ ਵਾਂਙ ਨਿਰਲੇਪ ਰਹਿੰਦੀ ਨੋ ਜੀਵਨ ਬਿਤਾਇਆ। ਆਪ ਦੇ ਘਰ ਦੋ ਬੇਟੇ ਅਤੇ ਦੋ ਬੇਟੀਆਂ ਸਮੇਂ[3] ਅਨੁਸਾਰ ਪੈਦਾ ਹੋਈਆਂ ਸਨ। ਇਕ ਬੇਟੇ ਦਾ ਨਾਮ ਪਿਆਰਾ ਸਿੰਘ ਅਤੇ ਦੂਜੇ ਦਾ ਨਾਮ ਅਮਰ ਸਿੰਘ ਸੀ। ਇਕ ਲੜਕੀ ਦਾ ਨਾਮ ਮੈਨਾ ਤੇ ਦੂਜੀ ਨਾਮ ਮਿਠੋ ਸੀ। ਸ਼ੋਭਾਂ ਦੀ ਮੈਨਾ ਲੜਕੀ ਵੀ ਬਹੁਤ ਨੇਕ ਸੁਭਾਉ ਤੇ ਮਾਤਾ ਪਿਤਾ ਵਾਂਗ ਸਤਿਸੰਗਤ ਦੀ ਪਿਆਰੀ ਸੀ ਇਸ ਦੇ ਤਿੰਨ ਬੇਟੇ ਅਤੇ ਦੋ ਬੇਟੀਆਂ ਹੋਈਆਂ। ਵੱਡਾ ਬੇਟਾ ਜਿਸ ਸਿੰਘ ਬੋਰਾਬਾਦ (ਅਟਕ ਦਰਿਆ ਦੇ ਪਾਰਲੇ ਕੰਢੇ) ਰਹਿੰਦਾ ਸੀ ਤੇ ਜਸਵੰਤ ਸਿੰਘ ਜੀ ਦਾ ਬਹੁਤ ਅਧਿਕਾਰੀ ਪ੍ਰੇਮੀ ਬਣ ਗਿਆ ਸੀ ਤੇ ਇਹ ਵੀ ਸੰਤ ਸੰਗਤ ਕਰਦਾ ਸੰਤ ਹੀ ਬਣ ਗਿਆ ਤੇ ਸ੍ਰੀ ਜਸਵੰਤ ਸਿੰਘ ਜੀ ਦੇ ਨਾਲ ਹੀ ਅਗੇ ਕਾਬਲ ਨੂੰ ਜਾਂਦੇ ਪਹਿਲੇ ਪਿਸ਼ਾਵਰ ਜਾਏ ਪੁਜੇ। ਪਰ ਤਿੰਨੇ ਹੀ ਨਰਾਰ ਸਰੀਰ ਸਨ। ਨਿੰਦਾ ਉਸਤਤ ਦੀ ਕੋਈ ਪ੍ਰਵਾਹ ਨਹੀਂ[4], ਬੇਪ੍ਰਵਾਹ ਹੋ ਚੁਕੇ ਸਨ।

ਕਾਬਲ ਵਿਚ ਪ੍ਰਵੇਸ਼

ਸਰੀਰ ਕਰਕੇ ਤਿੰਨੇ ਨਰਾਰ। ਗੁਰ ਬਿਲਾਸ (ਬੀਰ ਮ੍ਰਿਗੇਸ਼) ਦੇ ਕਰਤਾ ਪੰਡਤ ਸ਼ੋਰ ਸਿੰਘ ਨੇ ੨ ਸਕੈਂਧ ਧਿਆਏ ੧੦ ਪੂਰਬਾਰਧੇ ਵਿਚ ਲਿਖਿਆ ਕਿ ਸ੍ਰੀ ਜਸਵੰਤ ਸਿੰਘ ਦੇ ਕੇਸ਼ ਕਾਲੇ ਅਤੇ ਸਿਰ ਤੋਂ ਗਿਣਿਆਂ ਤੀਕ ਲੰਮੇ ਸਨ ਅਤੇ ਦੇ ਗੁਤਾਂ ਦੀ ਸ਼ਕਲ ਵਿਚ ਅੱਧੇ ਗਲੇ ਦੇ ਇਕ ਪਾਸੇ ਤੇ ਅੱਧੇ ਦੂਜੇ ਪਾਸੇ ਲੰਮਕਦੇ ਖੁਲੇ ਹੋਏ ਸਨ। ਤਿੰਨੇ ਸਰੀਰ ਚੰਗੇ ਜਵਾਨ ਭਰਵੇਂ[5] ਸਰੀਰ ਤੇ ਉਚੇ ਕੱਦਾਂ ਬੁਤਾਂ ਵਾਲੇ ਸਰੀਰ ਤੋਂ ਨਗਨ ਹੀ ਚਲਦੇ ਚਲਦੇ ਪਹਿਲੇ ਪਰਸਰਾਮ ਨਗਰ (ਪਿਸ਼ਾਵਰ) ਵਿਚ ਤੇ ਕੁਝ ਮਹੀਨੇ ਰਹਿ ਕੇ ਆਪਣੇ ਪਾਸ ਆਇਆਂ ਨੂੰ ਸ਼ੁਭ ਉਪਦੇਸਾਂ ਨਾਲ ਨਿਹਾਲ ਕੀਤਾ। ਫਿਰ ਰਾਹ ਵਿਚ ਯਾਕੀ ਇਲਾਕਾ ਸੀ ਮਾਰ ਗਲੇ ਤੋਂ (ਜਲਾਲਾਬਾਦ) ਹੋਰ ਕਈ ਨਗਰਾਂ ਵਿਚ ਬੇਮੋਹੀ ਦੀ ਹਾਲਤ ਵਿਚ ਘੁੰਮਦੇ ਕਾਬਲ ਸ਼ਹਿਰ ਤੋਂ ਬਾਹਰ ਆਏ ਟਿਕੇ। ਇਹਨਾਂ ਦੇ ਨਗਨ ਸਰੀਰ ਤੇ ਅਤਿ ਦੀ ਸਰਦੀ ਹੁੰਦਿਆਂ ਖੁਲੇ ਅਸਮਾਨ ਹੇਠ ਹੀ ਬੈਠੇ ਤੇ ਕਿਸੇ ਤੋਂ ਕੁਝ ਮੰਗਦੇ ਵੀ ਨਹੀਂ[1] ਸਨ।

ਇਥੇ[2] ਦੇ ਬਾਦਸ਼ਾਹ ਦੀ ਘੋੜ ਸਵਾਰ ਫੌਜ ਵਿਚ ਇਕ ਗੁਲਾਬ ਸਿੰਘ ਨਾਮੀ ਸਿਖ ਨੇ ਇਹਨਾਂ ਨੂੰ ਦੇਖਿਆ–ਪੂਰਬ ਕਰਮ ਜਾਗੇ ਗੁਰਮੁਖ ਸਿਖ ਸੰਤ ਅਨੁਭਵ ਕੀਤਾ ਤੇ ਬਰਧਾ ਵਿਚ ਭਰਿਆ ਹੋਇਆ–ਫਲ ਫੁਲ ਮੇਵਾ ਆਦਿਕ ਭੇਟ ਧਰ ਕੇ ਨਿਮਸਕਾਰ ਕਰਕੇ ਛਕਾਇਆ ਤੇ ਇਸੇ ਤਰ੍ਹਾਂ ਕਈ ਦਿਨ ਤਕ ਕਰਦਾ ਰਿਹਾ।

ਇਕ ਦਿਨ ਇਹ ਤਿੰਨੇ ਨਰਾਰ ਸਰੀਰ ਬਾਹੀ ਮਸਜਿਦ ਸਾਹਮਣੇ ਜਾਏ ਕੇ ਖਲੋ ਗਏ। ਨਿਮਾਜ ਦਾ ਵੇਲਾ ਸੀ, ਕਾਜੀ ਨੇ ਹਿੰਦੂ ਕਾਫਰ ਜਾਣ ਕੇ ਗੁਸੇ ਵਿਚ ਪੁਛਿਆ–ਤੁਸੀਂ[1] ਕੌਣ ਹੋ ? ਕਿਥੋਂ[2] ਆਏ ਹੋ, ਬੇਸ਼ਰਮ ਬੱਚਿਆਂ ਵਾਂਗ ਇਥੇ ਮਸਜਿਦ ਸਾਹਮਣੇ ਨਗਨ ਖਲੋਤੇ ਹੋ। ਕਾਫਰ ਦਿਸਦੇ ਹੋ। ਤਦ ਸ੍ਰੀ ਜਸਵੰਤ ਸਿੰਘ ਜੀ ਨੇ ਨਿਡਰ ਹੋ ਕੇ ਬੇਖੌਫੀ ਨਾਲ ਕਿਹਾ–"ਮੈਂ[3] ਖੁਦ ਖੁਦਾ ਹਾਂ" ਕਾਜੀ ਨੇ ਫੇਰ ਗੁਸੇ ਨਾਲ ਦੂਜੇ ਤੋਂ ਪੁਛਿਆ ਤਾਂ ਟਹਿਲ ਸਿੰਘ ਨੇ ਕਿਹਾ–ਮੈਂ[4] ਮੁਹੰਮਦ ਸਾਹਿਬ ਪੈਗੰਬਰ ਅਤੇ ਇਹ ਤੀਜਾ ਅਲੀ ਨਾਮ ਦਾ ਹੈ। ਅਸੀਂ[5] ਦੋਵੇਂ[6] ਖੁਦ ਖੁਦਾਏ ਨਾਲ ਇਥੇ ਆਏ ਹਾਂ, ਤੁਹਾਡੇ ਤੇ ਮੇਹਰ ਹੋਈ ਹੈ–ਵਿਚਾਰ ਦੇ ਚੁਸ਼ਮੇ ਲਾ ਕੇ ਸਾਨੂੰ ਸਮਝਾਓ।

ਐਸਾ ਸੁਣ ਕੇ ਕਾਜੀ ਜਲ ਬਲ ਗਿਆ, ਸ਼ੋਰ ਮਚਾਇਆ ਕਿ ਇਹ ਕਾਫਰ ਲੋਕ ਇਤਨੇ ਕੁਫਰ ਬੋਲਦੇ ਅਤੇ ਬੇਸ਼ਰਮ ਨੰਗੇ ਹੀ ਮਸਜਿਦ ਸਾਹਮਣੇ ਆ ਕੇ ਖਲੋਤੇ ਹਨ। ਇਸ ਅਵਾਜ਼ ਨੂੰ ਸੁਣ ਕੇ ਸ਼ੈਂਕੜੇ ਲੋਕ ਇਕੱਠੇ ਹੋਇ ਤੇ ਕਈਆਂ ਨੇ ਕਿਹਾ-ਸੰਗਸਾਰ ਕਰਨਾ ਚਾਹੀਏ, ਭੋਈ ਆਖੇ–ਇਥੇ ਪਾਣੀ ਨੂੰ ਪੱਥਰ ਬਣਾ ਦੇਣ ਵਾਲੀ ਸਰਦੀ ਵਿਚ ਇਹ ਨੰਗੇ ਹਨ, ਹੋ ਸਕਦਾ ਹੈ ਕੋਈ ਮੁਹਜਬਾ ਰਖਦੇ ਰਖਦੇ ਫਕੀਰ ਹੋਣ, ਜੋ ਅੱਗ ਵਾਂਗ ਭਖਦੇ ਹਨ।

ਇਸ ਤਰ੍ਹਾਂ ਦੀ ਚਰਚਾ ਤੇ ਸ਼ੋਰ ਸ਼ਰਾਬੇ ਦੀ ਖਬਰ ਸੁਣ ਕੇ ਬਾਦਸ਼ਾਹ ਖੁਦ ਹੀ ਆਇਆ ਅਤੇ ਸਭ ਦੇ ਖਿਲਾਫ ਮਸਜਿਦ ਦੇ ਸਾਹਮਣੇ ਇਹਨਾਂ ਨੂੰ ਨੰਗਾ-ਧੜੰਗਾ ਦੇਖ ਕੇ ਠਠੰਬਰ ਗਿਆ ਕਿ ਬਿਨਾਂ ਪੁਛਿਆ–ਤੁਸੀਂ[1] ਕੌਣ ਹੋ ? ਤਦ ਉਹਨਾਂ ਵੀ ਉਹੀ ਜਵਾਬ ਦਿਤਾ ਕਿ ਮੈਂ[2] ਖੁਦ ਖੁਦਾ ਹਾਂ, ਫਿਰ ਟਹਿਲ ਸਿੰਘ ਜੀ ਨੇ ਆਪਣੇ ਨੂੰ ਮੁਹੰਮਦ, ਤੀਜੇ ਨੂੰ ਅਲੀ ਦਸਿਆ।

ਬਾਦਸ਼ਾਹ ਨੇ ਕਿਹਾ–ਖੁਦਾ ਪਾਕ ਤਾਂ ਕਿਸੇ ਤਰ੍ਹਾਂ ਦੇ ਵਜੂਦ ਤੋਂ ਰਹਿਤ ਹੈ ਉਹ ਰੰਗ ਰੂਪ ਤੋਂ

Scanned with CamScanner

ਨਿਆਰਾ ਹੈ–ਉਹ ਦਿਸਦੇ ਫ਼ਾਨੀ (ਤੁਸਾਡੇ ਸਰੀਰ) ਸਰੂਪ ਵਿਚ ਕਿਵੇਂ ਮੰਨਿਆ ਜਾ ਸਕਦਾ ਹੈ–ਭਾ ਉਤਰ ਵਿਚ ਜਸਵੰਤ ਸਿੰਘ ਨੇ ਫ਼ੁਰਮਾਇਆ ਠੀਕ ਹੈ ਜੋ ਤੁਸੀਂ ਕਿਹਾ ਹੈ ਸਭ ਕੁਝ ਦਿਖਾਈ ਦੇਣ ਵਾਲੇ ਸੰਸਾਰ ਤੋਂ ਪਹਿਲੇ ਵੀ ਉਹ ਸਤਿ ਸਰੂਪ ਕਾਇਮ ਸੀ ਤੇ ਉਸ ਨੇ ਆਪਣੇ ਤੋਂ ਦਿਸਦੇ ਸੰਸਾਰ ਨੂੰ (ਹਸਤੀ ਚੀਟੀ ਤ੍ਰਿਣ ਲੋਆਦੈ ।। ਏਕ ਅਖੰਡਤ ਬਸੈ ਅਨਾਦੈ ।।) ਪੈਦਾ ਕੀਤਾ ਤੇ ਫੇਰ ਇਸ ਨੂੰ ਫ਼ਨਾਹ ਕਰਕੇ ਵੀ ਆਪ ਦੇ ਵਿਚ ਹੀ ਲੀਨ ਕਰ ਲਵੇਗਾ । ਇਸ ਵਾਸਤੇ ਅਸੀਂ ਵੀ ਖੁਦ ਖੁਦਾ ਹਾਂ । ਉਸ ਤੋਂ ਜੁਦਾ ਨਹੀਂ ਹਾਂ ਜਿਵੇਂ ਜਲ ਤੋਂ ਉਪਜੀ ਲਹਿਰ ਵੀ ਜਲ ਹੀ ਹੈ, ਸਾਡੀ ਵੀਚਾਰ ਨੂੰ ਆਪਣੀ ਅੰਤ੍ਰੀਵ ਅੱਖਾਂ ਤੇ ਕੁਰਾਨ ਸ਼ਰੀਫ਼ ਦੀ ਆਇਤ ਮੁਤਾਬਿਕ ਦੇਖ ਤੇ ਸਮਝੋ ਕਿ ਖੁਦ ਖੁਦ–"ਰਬੁਲ ਆਲਮੀਨ ਹੈ"– ਉਹ ਨਾ ਹਿੰਦੂ ਹੈ, ਨਾ ਮੁਸਲਮਾਨ ਹੈ, ਆਪਣੇ ਆਪ ਵਿਚ ਉਹ ਹਮੇਸ਼ਾਂ ਖੁਦ ਖੁਦਾਏ ਹੈ ਤੇ ਸਾਡੇ ਤੋਂ ਵਖਰਾ ਉਹ ਨਹੀਂ ਹੈ ।

ਸ੍ਰੀ ਜਸਵੰਤ ਸਿੰਘ ਦੀ ਇਸ ਵਿਚਾਰ ਨੇ ਬਾਦਸ਼ਾਹ (ਕਾਬਲੇਸ਼) ਨੂੰ ਕੁਝ ਸੋਚਣ ਤੇ ਮਜਬੂਰ ਕੀਤਾ ਤੇ ਉਸ ਨੇ ਆਖਿਆ–(ਕਿਬਲਾ ਅਗਰ ਐਸਾ ਹੈ ਆਪ ਦੀ ਨਜ਼ਰ ਵਿਚ ਸਾਰੇ ਉਸ ਖੁਦਾਏ ਦੀ ਖੁਦਾਈ ਹਨ ਤਦ ਆਪ ਸਾਡੇ ਨਾਲ ਖਾਣਾ ਖਾਈਏ ! ਜੋ ਇਹਨਾਂ ਨੇ ਮਨਜ਼ੂਰ ਕੀਤਾ ਤੇ ਮਸਜਿਦ ਵਿਚ ਹੀ ਸਭਾ ਵਿਛਾਏ ਕੇ ਬਿਠਾਇਆ ਤੇ ਖਾਣਾ ਬਾਲ ਵਿਚ (ਤਵਾਖ ਵਿਚ) ਪ੍ਰੋਸ ਕੇ ਧਰਿਆ ਗਿਆ । ਸਾਰਿਆਂ ਨੇ ਮਿਟੀ ਦੇ ਕੂਜੇ ਨਾਲ ਹੱਥ ਧੋਤੇ ਤੇ ਖਾਣ ਨੂੰ ਤਿਆਰ ਹੋ ਬੈਠੇ । ਤਦ ਜਸਵੰਤ ਸਿੰਘ ਨੇ ਨੰਗੀ ਬਦਨ ਨੂੰਵਿਆਂ ਸਭ ਦੇ ਸਾਹਮਣੇ ਆਪਣੇ ਪਿਸ਼ਾਬ ਨਾਲ ਹੱਥ ਧੋਤੇ ਅਤੇ ਹੱਥਾਂ ਵਿਚ ਪਿਸ਼ਾਬ ਲੈ ਕੇ ਪਰੋਸੇ ਖਾਣੇ ਉਪਰ ਜਦੋਂ ਛਿੜਕ ਦਿਤਾ ਤਾਂ ਹਾ ਹਾ ਕਾਰ ਮੱਚ ਗਈ । ਸਾਰੀ ਤੁਰਕ ਮੰਡਲੀ ਨੇ ਗੁਸੇ ਵਿਚ ਹੋ ਕੇ ਮਾਰਨ ਨੂੰ ਕਿਸੇ ਨੇ ਡੰਡਾ ਉਠਾਇਆ ਕਿਸੇ ਨੇ ਖੰਜਰ ਉਠਾ ਕੇ ਸੰਗਸਾਰ ਕਰਨਾ ਚਾਹਿਆ ਪਰ ਕੁਦਰਤ ਕਰਤਾਰ ਦੀ ਕਿ ਸਾਰਿਆਂ ਦੀਆਂ ਬਾਹਵਾਂ ਖੜੀਆਂ ਦੀਆਂ ਖੜੀਆਂ ਰਹਿ ਗਈਆਂ ਤੇ ਸਭਨਾਂ ਉਤੇ ਬੇਹੋਸ਼ੀ ਛਾ ਗਈ–ਕੋਈ ਕੁਝ ਨਾ ਕਰ ਸਕਿਆ–ਸਾਨੂੰ ਗੁਰੂ ਸਾਹਿਬ ਦਾ ਇਹ ਵਾਕ ਇਥੇ ਪੂਰੇ ਸਫਲ ਹੋਇਆ ਦਿਸਿਆ–

"ਹਾਥ ਪਸਾਰ ਸਕੈ ਕੋ ਜਨ ਕੋ ਬੋਲ ਸਕੈ ਨਾ ਅੰਦਾਜਾ ।।"

ਥੋੜੀ ਦੇਰ ਬਾਅਦ ਬਾਦਸ਼ਾਹ ਨੂੰ ਹੋਸ਼ ਆਈ ਤਦ ਉਸ ਚਰਨ ਫੜ ਲਏ ਤੇ ਬੇਨਤੀ ਕਰਦੇ ਕਿਹਾ–ਕਿਬਲਾ ! ਅਸੀਂ ਸਮਝ ਨਹੀਂ ਸਕੇ–ਆਪ ਤੋਂ ਖੁਦਾ ਵਖ ਨਹੀਂ ਤੇ ਆਪ ਉਸ ਪਾਕ ਪਰਵਰਦਗਾਰ ਖੁਦਾ ਤੋਂ ਵਖ ਨਹੀਂ ਹੋ, ਸਾਡੀ ਤਕਸੀਰ ਮੁਆਫ ਕਰੀਏ, ਆਪ ਨੂੰ ਹੱਕ ਹੈ ਸਾਰੇ ਦੇਸ਼ ਵਿਚ ਜਿਥੇ ਆਪ ਦਾ ਜੀ ਕਰੇ ਸੈਰ ਕਰੀਏ ਪਰ ਇਹਨਾਂ ਸਾਰਿਆਂ ਦੀ ਖਤਾ ਮੁਆਫ ਕਰਕੇ–ਪਹਿਲੇ ਵਾਂਗ ਹੋਸ਼ ਵਿਚ ਕਰੀਏ। ਤਦ ਜਸਵੰਤ ਸਿੰਘ ਜੀ ਨੇ ਬਾਦਸ਼ਾਹ ਦੀ ਬੇਨਤੀ ਮੰਨ ਲਈ–ਇਹ ਸਾਰਾ ਹਜੂਮ ਹੋਸ਼ ਵਿਚ ਆਇਆ, ਖੋਫ ਵਿਚ ਭਰਿਆਂ ਸਾਰਿਆਂ ਨੇ ਸਿਜਦਾ ਕੀਤਾ ਤੇ ਆਪਣੇ ਆਪਣੇ ਘਰਾਂ ਨੂੰ ਗਏ ਪਰ ਬਾਦਸ਼ਾਹ ਨੇ ਪੁਛਿਆ–ਕਿਬਲਾ ! ਐਸਾ ਆਪ ਨੇ ਕਿਉਂ ਕੀਤਾ ਹੈ–ਕਿ ਪਿਸ਼ਾਬ ਨਾਲ ਹੱਥ ਧੋ ਕੇ ਖਾਣੇ ਉਪਰ ਵੀ ਛਿੜਕਿਆ ਹੈ–ਉਤਰ ਵਿਚ ਇਹਨਾਂ ਫ਼ੁਰਮਾਇਆ ਕਿ ਤੁਸਾਡੇ ਸਮਝਾਉਣ ਨੂੰ ਐਸਾ ਕੀਤਾ ਹੈ ਕਿ ਤੁਸਾਡੇ ਘੁਮਿਆਰ ਦਾ ਬਣਾਇਆ ਕੂਜਾ ਹੈ ਉਸ ਵਿਚ ਨਿਕਲਿਆ ਪਾਣੀ ਪਵਿਤਰ ਤੇ ਪਾਕ ਮੰਨਿਦੇ ਹੋ ਤੇ ਖੁਦਾ ਦੇ ਬਣਾਏ ਕੂਜੇ ਵਿਚੋਂ ਨਿਕਲੇ ਪਾਣੀ ਨੂੰ ਕਿਵੇਂ ਅਪਵਿਤਰ ਕਿਹਾ ਜਾ ਸਕਦਾ ਹੈ । ਫਿਰ ਸਰੀਰ ਅੰਦਰ ਤਾਂ ਮਲ ਮੂਤਰ ਹੀ ਭਰਿਆ ਹੈ ।

ਸ੍ਰੀ ਜਸਵੰਤ ਸਿੰਘ ਜੀ ਨੇ ਹੋਰ ਬਹੁਤ ਵਿਅੰਗ ਬਰਨਾ ਨਾਲ ਉਹਨਾਂ ਨੂੰ ਚੁਪ ਕਰਾ ਦਿਤਾ, ਉਹ

ਸਾਰੇ ਆਪਣੇ ਆਪਣੇ ਘਰਾਂ ਨੂੰ ਗਏ ਜਸਵੰਤ ਜੀ ਨੂੰ ਇਸ ਦਿਨ ਤੋਂ ਹੀ ਖੁਦਾ ਸਿੰਘ ਨਾਮ ਨਾਲ ਪ੍ਰਸਿਧੀ ਹੋਈ ਇਹ ਕਾਬਲ ਕੰਧਾਰ ਗਜਨੀ ਆਦਿ ਕਈ ਸ਼ਹਿਰਾਂ ਵਿਚ ਬੇਖੋਫੀ ਨਾਲ ਸੈਰ ਕਰਦੇ ਵਾਪਸ ਆਪਣੇ ਦੇਸ ਪਰਤੇ ਅਤੇ ਦਰਿਆਏ ਅਟਕ ਕਿਨਾਰੇ ਆ ਕੇ ਕੁਝ ਦਿਨ ਟਿਕੇ ਰਹੇ ।

ਸੋਰਠਾ–ਸੀ ਖੁਦਾਏ ਸਿੰਘ ਨਾਮ ਇਨ ਤਾਂ ਦਿਨ ਤੇ ਸੁਨ ਧੀਰ ।।
ਪ੍ਰਸਿਧ ਭਯੋ ਤਿਸ ਦੇਸ ਮੈਂ ਖੁਦ ਖੁਦਾਏ ਜੋਹ ਪੀਰ ।।

ਸ੍ਰੀ ਖੁਦਾ ਸਿੰਘ ਵਾਪਸ ਪੰਜਾਬ

ਕਾਬਲ ਕੰਧਾਰ ਗਜਨੀ ਆਦਿ ਸ਼ਹਿਰਾਂ ਵਿਚੋਂ ਬੇਪ੍ਰਵਾਹੀ ਨਾਲ ਸੈਰ ਕਰਦੇ ਵਾਪਸ ਪਿਸ਼ਾਵਰ ਤੇ ਫੇਰ ਅਟਕ ਦਰਿਆਏ ਕਿਨਾਰੇ ਆਏ ਟਿਕੇ । ਇਸ ਇਲਾਕੇ ਦੇ ਲੋਕਾਂ ਜਿਹਨਾਂ ਨੇ ਪਹਿਲੇ ਦਰਸ਼ਨ ਕੀਤੇ ਹੋਏ ਸਨ ਪਹਿਚਾਨ ਕੇ ਦਰਸ਼ਨਾਂ ਨੂੰ ਆਏ, ਖੁਬਰ ਮੇਵੇ ਆਦਿਕ ਭੇਟਾ ਧਰ ਨਿਮਸਕਾਰਾਂ ਕੀਤੀਆਂ ਜੋ ਹੁਕਮ ਪਾ ਕੇ ਸਭਨਾਂ ਨੂੰ ਪ੍ਰਬਾਦ ਵਰਤਾਇਆ ਜਾਂਦਾ ਤੇ ਥੋੜਾ ਆਪ ਜੀ ਅੰਗੀਕਾਰ ਕਰਦੇ ।

ਇਥੇ ਹੀ ਹੁੰਦਿਆਂ–ਅਟਕ ਦਰਿਆ ਕਿਨਾਰੇ ਭਾਈ ਨਿਕਾ ਸਿੰਘ ਜੋ ਪਹਿਲੇ ਤੋਂ ਆਪ ਦਾ ਵਰੋਸਾਇਆ ਸੇਵਕ ਸੀ ਤੇ ਭਾਈ ਕੌਰ ਸਿੰਘ, ਭਾਈ ਹਰਾ ਸਿੰਘ ਆਦਿਕ ਬਹੁਤ ਪ੍ਰੇਮੀ ਆਏ ਜੁੜੇ ਪਰ ਸੰਤ ਖੁਦਾ ਸਿੰਘ ਇਤਨੇ ਜਸਘਟੇ ਨੂੰ ਆਪਣੇ ਪਾਸ ਪਸੰਦ ਨਹੀਂ ਕਰਦੇ ਸਨ ਚੁਪਕੇ ਇਵੇਂ ਕਿਤੇ ਹੋਰ ਅਗੋਤਰੇ ਜੰਗਲ ਵਿਚ ਜਾਏ ਬੈਠੇ । ਇਹ ਪ੍ਰੇਮੀ ਵੀ ਲਗਨ ਵਾਲੇ ਸੀ—ਢੂੰਡ ਭਾਲ ਕਰਦੇ ਜਾਏ ਮਿਲੇ ਪਰ ਕੀ ਦੇਖਦੇ ਹਨ ਕਿ ਸੰਤ ਖੁਦਾ ਸਿੰਘ ਦੇ ਅਗੇ ਪਿਛੇ ਜੰਗਲੀ ਜਾਨਵਰ ਸ਼ੇਰ, ਚਿਤਰੇ ਤੇ ਹੋਰ ਕਈ ਜੀਵ ਆਪਣੇ-ਆਪਣੀ ਸੁਭਾ ਛੱਡ ਕੇ ਚੁਪਕੇ ਬੈਠੇ ਖੁਦਾ ਸਿੰਘ ਜੀ ਵਲ ਦੇਖ ਰਹੇ ਸਨ । ਪਹਿਲੇ ਇਹ ਭਰੇ ਸਭ ਪਰ ਇਹਨਾਂ ਨੂੰ ਦੇਖ ਕੇ ਉਹ ਜੰਗਲੀ ਜੀਵ ਨਸ ਭਜ ਗਏ ਤੇ ਇਹਨਾਂ ਨੇ ਜਾ ਕੇ ਸੰਤ ਚਰਨਾਂ ਪਰ ਡੰਡਉਤ ਬੰਦਨਾਂ ਕੀਤੀ । ਅਸੀਸ ਮਿਲੀ ਪਰ ਫੇਰ ਨਿਕਾ ਸਿੰਘ ਜੀ ਨੇ ਬੇਨਤੀ ਦਵਾਰੇ ਪੁਛਿਆ ਸੰਤ ਸਾਹਿਬ ਜੀਉ ! ਗੁਰੂ ਘਰ ਵਿਚ (ਗੁਰੂ ਗਰੰਥ ਸਾਹਿਬ ਵਿਚ) ਸੰਤ ਮਹਿਮਾ ਦਾ ਬਹੁਤ ਵਰਨਣ ਹੈ । ਪਰ ਅਸੀਂ ਕਿਵੇਂ ਕਿਸੇ ਨੂੰ ਪਹਿਚਾਨੀਏ ਕਿ ਇਹ ਪੂਰਨ ਸੰਤ ਹੈ–ਜਾਂ ਭੇਖ ਧਾਰੀ ਹੈ ਕਿਉਂਕਿ ਜੋਦ੍ਰੂ ਕਪੜੇ ਪਾਏ ਤਾਂ ਬਹੁਤੇ ਫਿਰਦੇ ਤੇ ਆਪਣੇ ਨੂੰ ਸੰਤ ਪ੍ਰਗਟਾਉਂਦੇ ਹਨ । ਆਪ ਜੀ ਐਸੇ ਪ੍ਰਵਾਨੀਕ ਸੰਤਾਂ ਮਹਾਂ ਪੁਰਖਾਂ ਦੇ ਅੰਤ੍ਰੀਵ ਅਤੇ ਬਾਹਰ ਬਾਹਰ ਦੇ ਵਰਤਾਵੇ ਦੀ ਪਹਿਚਾਨ ਕਰ ਸਕਣ ਵਾਲੇ ਲਛਣ ਜਤਾਈਏ ।

ਭਾਈ ਨਿਕਾ ਸਿੰਘ ਤੋਂ ਐਸਾ ਸੁਣਦੇ ਸਾਰ ਸੰਤ ਖੁਦਾ ਸਿੰਘ ਝੱਟ-ਪੱਟ ਅੱਖਾਂ ਮੀਟ ਸਮਾਧੀ ਲੀਨ ਹੋ ਗਏ । ਫਿਰ ਕੁਝ ਚਿਰ ਪਿਛੋਂ ਨੇਤਰ ਖੋਹਲੇ ਤੇ ਐਸਾ ਫੁਰਮਾਇਆ ਕਿ ਸ੍ਰੀ ਗੁਰੂ ਅਰਜਨ ਦੇਵ (ਬ੍ਰਹਮ ਗਿਆਨੀ ਆਪ ਪ੍ਰਮੇਸਰ ਸਰੂਪ) ਪਾਸੋਂ ਵੀ ਗੁਰਸਿਖਾਂ ਨੇ ਇਕ ਵੇਰ ਐਸੀ ਹੀ ਪੁਛ ਕੀਤੀ ਸੀ ਤੇ ਆਪ ਜੀ ਨੇ ਸੰਸਕ੍ਰਿਤੀ ਸਲੋਕਾਂ ਵਿਚ ਨਿਰਨਾਂ ਕਰਕੇ ਸੰਤਾਂ ਦੇ ਅੰਤ੍ਰੀਵ ਤੇ ਬਾਹਰ ਦੇ ਲਛਨਾਂ ਦਾ ਵਰਨਣ ਕੀਤਾ ਹੈ ਐਸਾ ਹੈ—

"ਮੁਖੁ ਰਾਮ ਨਾਮੰ ਧਿਆਨੰ ਸਰਬਤ੍ਰ ਪੂਰਣਹਿ ।।
ਗਿਆਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ।।

Scanned with CamScanner

ਦਯਾਲੰ ਸਰਬਤ੍ਰ ਜੀਆ ਪੰਚ ਦੇਖ ਵਿਵਰਜਿਤਹ ॥
ਭੋਜਹੰ ਗੁਪਾਲ ਕੀਰਤਨ ਅਲਪ ਮਾਇਆ ਜਲ ਕਮਲ ਰਹਿਤਹ ॥
ਉਪਦੇਸੰ ਸਮ ਮਿਤ੍ਰ ਸਤ੍ਰੁਹ ਭਗਵੰਤ ਭਗਤ ਭਾਵਨੀ ॥
ਪਰ ਨਿੰਦਾ ਨਹ ਸ੍ਰੋਤ ਸਰਵਣੰ ਆਪ ਤਿਆਗ ਸਗਲ ਹੋਣਕਹ ॥
ਖਟ ਲਖਣ ਪੂਰਣੰ ਪੁਰਖਹਿ ਨਾਨਕ ਨਾਮ ਸਾਧ ਸਵਜਨਹ ॥ ( )

ਸ੍ਰੀ ਖੁਦਾ ਸਿੰਘ ਜੀ ਨੇ ਦਸਿਆ ਕਿ ਉਕਤ ਸਲੋਕ ਵਿਚ ਫੇ ਲਖਣ ਜੋ ਪੂਰਨ ਪੁਰਖਾਂ ਸੰਤ ਸਾਧੂ ਜਨਾਂ ਦੇ ਕਹੇ ਹਨ–ਇਹਨਾਂ ਵਿਚ ੧੨ ਲਖਣਾਂ ਦਾ ਵਰਨਣ ਹੈ। ਜੋ ੬ ਬਾਹਰ ਦੇ ਚਿਨ੍ਹ ਵੀ ਜ਼ਰੂਰੀ ਅਤੇ ੬ ਅੰਤ੍ਰੀਵ ਦੇ ਲਛਣ ਵੀ ਜ਼ਰੂਰੀ ਹੋਣੇ ਚਾਹੀਏ।

੧. ਯੁਗਤ ਅਨੁਸਾਰ ਅਹਾਰ ਵਿਹਾਰ ੨. ਸਰਬ ਜੀਵੋ ਪਰ ਦਿਆ ਦ੍ਰਿਸ਼ਟ ਰਹੇ ੩. ਪੰਚ ਦੋਖਾਂ-(ਕਾਮ ਕ੍ਰੋਧ ਲੋਭ ਮੋਹ ਅਹੰਕਾਰ) ਤੋਂ ਰਹਿਤ। ੪. ਗੋਪਾਲ ਪ੍ਰਮੇਸ਼ਵਰ ਦੇ ਕੀਰਤਨ ਦਾ ਪ੍ਰੇਮੀ ਹੋਣਾ। ੫. ਪਰਾਈ ਨਿੰਦਾ ਨਾ ਸੁਣਨੀ ਨਾ ਕਰਨੀ। ੬. ਮਨ ਨੀਵਾਂ ਮਤ ਉਚੀ ਹੋਵੀ। ਇਹ ਬਾਹਰ ਦੇ ਲਛਣ ਹਨ ਜੋ ਪ੍ਰਤੀਤ ਕੀਤੇ ਜਾ ਸਕਦੇ ਹਨ–ਹੁਣ ਅੰਤ੍ਰੀਵ ਦੇ ਸੁਣੋ–

੧. ਯੁਕਿਤ ਨਾਮ ਯੋਗ ਦਾ ਹੈ–ਭਾਵ ਯੁਕਤਿ ਅਨੁਸਾਰ ਭੋਜਨ ਕਰੇ। ਨਾ ਭੁਖਾ ਰਹੇ (ਨਾ ਨਿਰਾਹਾਰੀ ਹੋਣ ਦਾ ਪਖੰਡ ਕਰੇ) ਅਤੇ ਨ ਬਹੁਤਾ ਅੰਨ ਖਾਵੇ। ਜਿਸ ਕਰਕੇ ਪੇਟ ਆਫਰੇ ਤੇ ਦੁਖੀ ਹੋਵੇ-ਭਾਵ ਅਤੀ ਲੋਭ ਨਾ ਕਰੇ।

੨, ਅਠੇ ਪਹਿਰ ਆਪਣੇ ਕਾਰ ਵਿਚ ਹੀ ਖਚਤ ਨ ਰਹੇ ਤੇ ਨਾ ਹੀ ਕਾਰ ਵਿਹਾਰ ਨੂੰ ਤਿਆਗ ਦੇਵੇ। ਕਿਰਤ ਕਰੇ ਤੇ ਵੰਡ ਛਕੇ। ਚਾਹੇ ਗ੍ਰਹਸਥੀ ਹੁੰਦਿਆਂ ਜਾਂ ਵਿਰਕਤੀ ਹੋਵੇ।

੩. ਥੋੜਾ ਸੋਣ ਦੀ ਆਦਤ ਪਾਏ ਨਾ ਨਿਰਾ ਜਗਰਾਤੇ ਕਰਦਾ, ਸਰੀਰ ਨੂੰ ਸੁਕੇੜੇ।

੪. ਸਰਬ ਜੀਵਾਂ ਪਰ ਦਿਆ ਦ੍ਰਿਸ਼ਟੀ ਕਰਨ ਦਾ ਆਦੀ ਹੋਵੇ। ਮਨ ਕਰਕੇ, ਬਾਣੀ ਕਰੇ, ਕਿਸੇ ਨੂੰ ਦੁਖਾਵੇ ਨਹੀਂ। ਆਪ ਨੂੰ ਐਸਾ ਜਾਣੇ।

੫. ਹਮ ਨਹੀਂ ਚੰਗੇ ਬੁਰਾ ਨਹੀਂ ਕੋਇ ॥ ਪ੍ਰਣਵਤ ਨਾਨਕ ਤਾਰੇ ਸੋਇ ॥ (੭੨੮)

੬. ਜਿਵੇਂ ਅੰਨ ਪਾਣੀ ਬਿਨਾਂ ਸਰੀਰ ਨਹੀਂ ਰਹਿ ਸਕਦਾ ਤੇ ਅੰਨ ਪਾਣੀ ਵਰਤਣਾ ਜ਼ਰੂਰੀ ਹੈ ਜਿਵੇਂ ਸਰੀਰਕ ਇਸ਼ਨਾਨ, ਸ਼ੁਧ ਤਾਈ ਹੋਣ ਪਰ ਗੁਰੂ ਕੀ ਬਾਣੀ ਨਿਤਨੇਮ ਕੀਤੇ ਬਿਨਾਂ ਕੁਝ ਖਾਏ ਨਹੀਂ। ਇਹ ਵੇਵੇਂ ਤਰ੍ਹਾਂ ਦੀ ਰਹਿਤ ਦਾ ਧਾਰਨੀ ਹੀ ਪੂਰਨ ਪੁਰਖ ਸੰਤ ਸਮਝਣਾ ਚਾਹੀਏ।

ਸ੍ਰੀ ਸੰਤ ਖੁਦਾ ਸਿੰਘ ਜੀ ਤੋਂ ਐਸੀ ਉਤਮ ਵਿਚਾਰ ਸੁਣ ਕੇ ਭਾਈ ਨਿਕਾ ਸਿੰਘ ਤੇ ਸ੍ਰਾਥੀ ਨਿਹਾਲ ਹੋਇ–ਡੰਡਾਉਤ ਬੰਦਨਾਂ ਕਰਕੇ ਅਸੀਸਾਂ ਪਾਂਦੇ ਘਰਾਂ ਨੂੰ ਗਏ ਤੇ ਸੰਤ ਖੁਦਾ ਸਿੰਘ ਜੀ ਰੱਬ ਦੇ ਰੰਗ ਰਤੇ ਆਪਣੀ ਮੌਜ ਵਿਚ ਦਰਿਆ ਕਿਨਾਰੇ ਦੀ ਕਿਸੀ ਚਟਾਨ ਉਤੇ ਜਾਂ ਰੇਤੇ ਵਿਚ ਬੈਠੇ ਰਹਿੰਦੇ।

ਰਾਖਸ਼ ਰੂਪ ਹੋਇ ਸਿਖ ਦਾ ਉਧਾਰ ਕੀਤਾ

ਇਥੇ ਅਟਕ ਦਰਿਆ ਤੇ ਲੰਡਾ ਦਰਿਆ ਦਾ ਜਿਥੇ ਸੰਗਮ ਹੁੰਦਾ ਹੈ ਪਾਰਲੇ ਕੰਢੇ ਖੈਰਾਬਾਦ ਨਾਮ ਦਾ ਨਗਰ ਹੈ, ਸਿਖ ਵੀ ਬਹੁ ਗਿਣਤੀ ਦੇ ਵਸਦੇ, ਗੁਰਦਵਾਰਾ ਵੀ ਬਣਾਏ ਰਖਿਆ ਸੀ। ਇਕ ਇਥੋਂ ਦਾ ਵਸਨੀਕ–"ਪਾਰਬ੍ਰਹਮ ਸਿੰਘ" ਨਾਮ ਅਖਵਾਂਦਾ ਤੇ ਕੁੰਢ ਗਿਆਨੀ ਸੀ ਬਹੁਤ ਗਲੋਖਤ ਤੇ ਭਜਨ ਕੀਰਤੀ ਤੋਂ ਖਾਲੀ ਆਪਣੇ ਨੂੰ ਪਾਰਬ੍ਰਹਮ ਕਹਾਦਾ–ਕਿ ਕੇਵਲ ਜਸਵੈਤ ਸਿੰਘ, ਖੁਦਾ ਸਿੰਘ ਕਹਾਂਦਾ ਹੈ ਤਾਂ ਮੈਨੂੰ ਪਾਰਬ੍ਰਹਮ ਕਹਾਉਣ ਵਿਚ ਕੀ ਦੇਖ ਹੈ ? ਇਸ ਤਰ੍ਹਾਂ ਦੀ ਸੰਤ ਖੁਦਾ ਸਿੰਘ, ਖੁਦਾ ਸਿੰਘ ਕਹਾਂਦਾ ਹੈ ਤਾਂ ਖਾਣ ਪੀਣ ਸੋਣ ਤੋਂ ਬਿਨਾਂ ਹੋਰ ਕੋਈ ਜਪ ਤਪ ਕਰਨ ਤੋਂ ਖਾਲੀ ਸੀ।

ਇਕ ਦਿਨ ਲੰਡਾ ਦਰਿਆ ਕਿਨਾਰੇ ਇਕ ਪਠਾਨ ਨੇ ਇਸ ਨੂੰ ਇਕੱਲੇ ਦੇਖ ਕੇ ਫੜ ਲਿਆ ਕਪੜੇ ਉਤਾਰ ਕੇ ਟੱਕਾ ਦੇ ਕੇ ਜਿਮੀਂ ਪਰ ਪਟਕਿਆ ਤੇ ਖੁਰਪੇ ਨਾਲ ਗਲਾ ਕੱਟ ਮਾਰ ਕੇ ਸੁਟ ਗਿਆ। ਇਹ ਖਬਰ ਖੈਰਾਬਾਦ ਦੇ ਸਿਖਾਂ ਨੂੰ ਹੋਈ ਤਦ ਉਹਨਾਂ ਨੇ ਇਕੱਠੇ ਹੋ ਕੇ ਉਹਨਾਂ ਲੋਕਾਂ ਦੇ ਘਰਾਂ ਨੂੰ ਲੁਟਿਆ ਫੂਕਿਆ ਤੇ ਦਰਿਆ ਤੋਂ ਪਾਰ ਨਸਾ ਦਿਤਾ ਸੀ। ਇਸ ਗਲ ਦਾ ਪਤਾ ਹੋਣ ਤੇ ਸੰਤ ਖੁਦਾ ਸਿੰਘ ਨੇ ਜਾ ਕੇ ਉਸ ਦੇ ਮੁਰਦਾ ਸਰੀਰ ਨੂੰ ਦੇਖਿਆ–ਉਹ ਬਹੁਤ ਭੈੜੀ ਸੂਰਤ ਵਿਚ ਮਰਿਆ ਪਿਆ ਤੇ ਬਿਕਰਾਲ ਰੂਪ (ਡਰਾਉਣੀ ਸ਼ਕਲ) ਸੀ। ਸੰਤ ਜੀ ਨੇ ਫੁਰਮਾਇਆ–ਜੋ ਸ਼ੁਭ ਕਰਮੀ ਹੁੰਦਾ ਹੈ ਮਰ ਕੇ ਵੀ ਉਸ ਦੀ ਸ਼ਕਲ ਸੂਰਤ ਵਿਚ ਫਰਕ ਨਹੀਂ ਪੈਂਦਾ। ਲੋਕੀਂ ਕਹਿੰਦੇ ਦੇਖੋ ਸੁਤਾ ਪਿਆ, ਜਿੰਦੇ ਹੁੰਦਿਆਂ ਵਾਂਙੂੰ ਦਿਸਦਾ ਹੈ ਪਰ ਦੁਰਕਰਮੀ ਪੁਰਖ ਜੋ ਦੁਰਗਤੀ ਨੂੰ ਪ੍ਰਾਪਤ ਹੁੰਦੇ ਹਨ ਉਹਨਾਂ ਦੇ ਮੁਰਦੇ ਦੀ ਸ਼ਕਲ ਵੀ ਡਰਾਉਣੀ ਹੋ ਜਾਂਦੀ ਹੈ। ਐਸਾ ਆਖ ਕੇ ਸੰਤ ਚਲੇ ਆਏ ਸੀ।

ਥੋੜੇ ਦਿਨ ਬੀਤੇ ਤਾਂ ਅਧੀ ਰਾਤ ਵੇਲੇ–ਪਾਰਬ੍ਰਹਮ ਸਿੰਘ ਬੋਲ ਕੀ ਜੂਨੀ ਵਿਚ ਪਿਆ, ਡਰਾਉਣੀ ਸ਼ਕਲ ਦਾ ਸੰਤ ਖੁਦਾ ਸਿੰਘ ਦੇ ਸਾਹਮਣੇ ਆਏ ਖਲੋਤਾ, ਸੰਤ ਜੀ ਨੇ ਪੁਛਿਆ–ਤੂੰ ਕੌਣ ਹੈਂ ਤੇ ਕਿਉਂ ਇਥੇ ਆਇਆ ਹੈਂ ? ਤਦ ਉਸ ਨੂੰ ਘਿਘਿਆਂਏ ਕੇ ਦਰਦ ਭਰੀ ਅਵਾਜ ਵਿਚ ਕਿਹਾ–ਮੈਨੂੰ ਇਹ ਰਾਖਸ਼ ਦੀ ਜੂਨ ਮਿਲੀ ਹੈ, ਮੈਂ ਬਗੈਰ ਕਿਸੇ ਸਿਮਰਨ ਭਗਤੀ ਦੇ ਆਪਣੇ ਆਪ ਨੂੰ ਪਾਰਬ੍ਰਹਮ ਸਿੰਘ ਅਖਵਾਇਆ ਹੈ, ਕੁੰਢ ਗਿਆਨੀ ਬਣਿਆ, ਲੋਕਾਂ ਨੂੰ ਠਗਦਾ ਤੇ ਪੂਜਾ ਕਰਾਂਦਾ ਰਿਹਾ ਹਾਂ। ਆਪ ਪੈਸੇ ਝੁਮ ਗਿਆਨੀ ਉਤੇ ਵੀ ਮੈਂ ਅਗਿਆਨੀ ਨੇ ਤਰਕਾਂ ਕੀਤੀਆਂ ਤੇ ਭੈੜੀ ਮੌਤੇ ਮਰ ਕੇ ਇਕ ਰਾਖਸ਼ ਜੂਨੀ ਵਿਚ ਪਾਇਆ ਗਿਆ ਹਾਂ ਆਪ ਪਰਉਪਕਾਰੀ ਹੋ ਮੈਨੂੰ ਇਸ ਜੋਨੀ ਤੋਂ ਮੁਕਤ ਕਰਾਈਏ। ਤਦ ਸੰਤ ਖੁਦਾ ਸਿੰਘ ਜੀ ਨੂੰ ਤਰਸ ਆਇਆ–ਮੇਹਰ ਕੀਤੀ ਫੁਰਮਾਇਆ–"ਕਰ ਅਵਗੁਣ ਪਛੋਤਾਈਏ" ਜੀਂਦੇ ਜੀਅ ਨਹੀਂ ਪਰ ਮਰ ਕੇ ਤੂੰ ਹੁਣ ਪਛਤਾਵਾ ਕੀਤਾ ਹੈ–ਤੈਨੂੰ ਇਸ ਜੂਨ ਤੋਂ ਛੁਟਕਾਰਾ ਮਿਲੇਗਾ ਤੇ ਸ਼ੁਭ ਗਤੀ ਨੂੰ ਪ੍ਰਾਪਤ ਹੋ ਜਾਹ। ਐਸਾ ਵਾਕ ਕਰਦੇ ਹੀ ਉਸ ਦਾ ਇਹ ਭਿਆਨਕ ਸਰੂਪ ਬਦਲ ਕੇ ਸ਼ੁਧ ਰੂਪ ਹੋਇਆ ਤੇ ਨਿਮਸਕਾਰ ਕਰਦਾ ਚਲਾ ਗਿਆ ਸੀ।

ਭਾਈ ਹਰਾ ਸਿੰਘ (ਉਪ ਨਾਮ ਕਬੀਰ ਜੀ) ਦੀ ਪ੍ਰੀਖਿਆ

ਇਸੇ ਨਗਰ ਖੈਰਾਬਾਦ ਵਿਚ ਭਾਈ ਹਰਾ ਸਿੰਘ ਨਾਮ ਦਾ ਇਕ ਪ੍ਰੇਮੀ ਸਿਖ ਸੰਤ ਖੁਦਾ ਸਿੰਘ ਜੀ ਦਾ ਬਹੁਤ ਸ਼ਰਧਾਲੂ ਤੇ ਸੰਤ ਸੇਵੀ ਸੀ, ਲੰਗਰ ਵੀ ਚਲਾਏ ਰਖਿਆ ਤੇ ਗੁਰਦਵਾਰੇ ਆਏ ਗਏ ਕਿਸੇ ਵੀ ਅਭਿਆਗਤ ਅਤਿਥੀ ਤੇ ਸੰਤ ਸਾਧੂ ਦੀ ਸੇਵਾ ਕਰਦਾ ਰਹਿੰਦਾ ਸੀ। ਇਸ ਸੇਵਾ ਕਾਰਨ ਲੋਕੀ ਉਸ ਨੂੰ

Scanned with CamScanner

ਕਬੀਰ ਭਗਤ ਰੂਪ ਹੋ ਚੁਕਾ ਮੰਨਦੇ ਤੇ ਉਹ ਵੀ ਇਸੇ ਸੁੰਨ ਵਿਚ ਨਿਸ਼ਚਾ ਕਰ ਬੈਠਾ ਕਿ ਬਾਦਿਦ ਮੈਂ ਕਬੀਰ ਜਿਹਾ ਭਗਤ ਹੋ ਚੁਕਾ ਹਾਂ। ਇਸ ਪ੍ਰੇਮੀ ਦੀ ਅੰਤ੍ਰੀਵ ਇਸ ਸੁਖਮ ਹਉਮੈ ਨੂੰ ਦੂਰ ਕਰਨ ਵਾਸਤੇ ਕਿ ਦਿਨ ਸੰਤ ਖੁਦਾ ਸਿੰਘ ਨੇ ਉਸ ਨੂੰ ਕਿਹਾ–

ਕਬੀਰ ਰੂਪ ਭਾਈ ਹਰਾ ਸਿੰਘਾ–ਸਾਨੂੰ ਕਾਮ ਦੇਵ ਨੇ ਬਹੁਤ ਸਤਾਇ ਰਖਿਆ ਹੈ ਕਿਹਾ ਔਗਾ ਹੋਵੇ ਤੂੰ ਇਕ ਦਿਨ ਆਪਣੀ ਇਸਤਰੀ ਨੂੰ ਸਾਡੇ ਪਾਸ ਭੇਜ ਦੇਵੇਂ। ਹਰਾ ਸਿੰਘ ਨੇ ਬੜੇ ਸੰਕੋਚ ਨਾਲ ਔਸਾ ਹੀ ਜਾ ਕੇ ਆਪਣੀ ਇਸਤਰੀ ਨੂੰ ਕਿਹਾ ਤੇ ਉਸ ਨੇ ਬਹੁਤ ਕਰੜੇ ਸ਼ਬਦਾਂ ਵਿਚ ਬਾਜ਼ ਪਾਈ ਤੇ ਸੰਤ ਖੁਦਾ ਸਿੰਘ ਦੀ ਜ਼ਾਨ ਵਿਚ ਵੀ ਵਧ ਘਟ ਕਹਿ ਬੈਠੀ। ਹਰਾ ਸਿੰਘ ਨੇ ਵਾਪਸ ਆ ਕੇ ਇਸ ਗੱਲ ਤੋਂ ਮਸਤੂਰੀ ਦਸੀ ਤਾਂ ਸੰਤ ਜੀ ਨੇ ਹੱਸ ਕੇ ਫੁਰਮਾਇਆ–ਹਰਾ ਸਿੰਘ ਤੂੰ ਆਪਣੇ ਆਪ ਨੂੰ ਕਬੀਰ ਭਗਤ ਮੰਨ ਬੈਠਾ ਤੇ ਲੋਕੀ ਵੀ ਔਸਾ ਹੀ ਸਮਝਦੇ ਹਨ। ਪਰ ਕਬੀਰ ਦੇ ਘਰ ਚੋਰ ਆਇ ਘੁਸਿਆ ਸੀ ਉਸ ਦੀ ਜਾਨ ਬਚਾਣ ਵਾਸਤੇ ਆਪਣੀ ਕੰਵਾਰੀ ਧੀ ਪਾਸ ਲਿਟਾ ਕੇ ਦਸਿਆ ਕਿ ਇਹ ਮੇਰਾ ਜਵਾਈ ਹੈ ਹੋਰ ਇਥੇ ਚੋਰ ਨਹੀਂ ਕੋਈ। ਔਸੇ ਕਬੀਰ ਭਗਤ (ਸਮਦਰਸੀ ਤੇ ਬ੍ਰਹਮ ਗਿਆਨੀ) ਦੀ ਰੀਸੇ ਤੂੰ ਆਪਣੇ ਆਪ ਨੂੰ ਕਬੀਰ ਭਗਤ ਮੰਨ ਬੈਠਨਾ ਤੇਰੇ ਜੈਸੇ ਗੁਰਸਿਖ ਨੂੰ ਸੋਭਦਾ ਨਹੀਂ ਹੈ। ਤੇਰਾ ਇਹ ਭਰਮ ਦੂਰ ਕਰਨ ਵਾਸਤੇ ਹੀ ਕਹਿਆ ਸੀ। ਹੋਰ ਸਾਨੂੰ ਤਾਂ ਕਾਮ ਕਰੋਧ ਦੀ ਲੇਸ ਵੀ ਛੋਹ ਨਹੀਂ ਸਕਦੀ। ਅਸੀਂ ਤਾਂ ਕਿਸੇ ਵੀ ਇਸਤਰੀ ਜਾਮੇ ਨੂੰ ਛੋਟੀ ਨੂੰ ਭੈਣ ਤੇ ਵਡੀ ਨੂੰ ਮਾਤਾ ਤੁਲ ਜਾਂਣਦੇ ਹਾਂ। ਇਸ ਵਾਸਤੇ ਜੋ ਸੇਵਾ ਸਾਧ ਸੰਗਤ ਦੀ ਤੁਸੀਂ ਸੰਭਾਲੀ ਹੈ ਚੰਗੀ ਹੈ। ਪਰ ਗੁਰਵਾਕ ਹੈ–

"ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕੋ ਹੋਤ ਪ੍ਰਾਪਤ ਸੁਆਮੀ ॥ (੨੮੬)

ਔਸਾ ਉਪਦੇਸ਼ ਸੁਣ ਕੇ ਨਿਰਮਾਨ ਮਨ ਹਰਾ ਸਿੰਘ ਨੇ ਨਿਮਸਕਾਰ ਕੀਤੀ ਤੇ ਚਲਾ ਗਿਆ ਸੀ।

ਬ੍ਰਹਮਚਾਰੀ ਤਪੱਸਵੀ ਦੀ ਮੂਰਛਾ ਹਟਾਈ

ਇਥੇ ਹੀ ਦਰਿਆ ਕਿਨਾਰੇ ਦਿਨ ਰਾਤ ਨਗਨ ਬੈਠੇ ਹੁੰਦਿਆਂ ਇਕ ਰਾਤ ਨੂੰ ਸਵਾ ਪਹਿਰ ਰਾਤ ਰਹਿੰਦੀ ਇਕ ਬ੍ਰਹਮਚਾਰੀ ਇਸ਼ਨਾਨ ਕਰਨ ਆਇਆ। ਅੰਧੇਰੀ ਰਾਤ ਸੀ, ਕਾਲੀਆ ਘਟਾਂ ਅਸਮਾਨ ਤੇ ਛਾਈਆਂ ਤੇ ਬੱਦਲ ਵੀ ਗਰਜਦੇ ਬਿਜਲੀ ਚਮਕ ਰਹੀ ਵਿਚ ਬ੍ਰਹਮਚਾਰੀ ਨੇ ਦਰਿਆ ਕਿਨਾਰੇ ਨਗਨ ਬੈਠੇ ਸੰਤ ਖੁਦਾ ਸਿੰਘ ਨੂੰ ਦੇਖਿਆ ਤਾਂ ਕੋਈ ਭੂਤ ਪ੍ਰੇਤ ਰਾਖ਼ਸ਼ ਸਮਝ ਕੇ ਡਰਦਾ ਘਰ ਨੂੰ ਚਲਾ ਗਿਆ ਤੇ ਔਸੀ ਮੂਰਛਤਾ ਛਾ ਗਈ ਕਿ ਤਿੰਨ ਚਾਰ ਦਿਨ ਤੀਕ ਬੋਲ ਨਹੀਂ ਸਕਿਆ ਤੇ ਮੂੰਹ ਵਿਚੋਂ ਝਗ ਵਗ ਰਹੀ ਸੀ।

ਸੰਤ ਜੀ ਨੂੰ ਪਤਾ ਹੋਇਆ–ਜਾ ਕੇ ਦੇਖਿਆ ਤੇ ਮਿਹਰਬਾਨੀ ਕਰਕੇ–ਚਾਰ ਪੰਜ ਵੇਰ ਸਰੀਰ ਨੂੰ ਹਿਲਾ ਕੇ ਕਿਹਾ–ਤੂੰ ਕਿਉਂ ਡਰਦਾ ਬਿਯੋਸ਼ ਹੋਇਆ ਪਿਆ ਹੈ, ਉਠ ਤੇ ਹੋਸ਼ ਵਿਚ ਆ ਕੇ ਦੇਖ, ਉਸ ਰਾਤ ਨੂੰ ਅਮਾਵਸ ਦੇ ਅੰਧੇਰੇ ਵਿਚ ਤੂੰ ਸਾਨੂੰ ਦੇਖ ਕੇ ਕੋਈ ਰਾਖਸ਼ ਜਾਂ ਭੂਤ ਪ੍ਰੇਤ ਸਮਝ ਕੇ ਡਰਿਆ ਤੇ ਬਿਯੋਸ਼ ਹੋ ਗਿਆ ਹੈਂ। ਉਠੋ ! ਹੋਸ਼ ਵਿਚ ਆਉ ਤੇ ਡਰੋ ਨਹੀਂ, ਔਸਾ ਸੁਣਦੇ ਹੀ ਉਹ ਹੋਸ਼ ਵਿਚ ਆਇਆ ਤੇ ਸੰਤ ਖੁਦਾ ਸਿੰਘ ਦੇ ਦਰਸ਼ਨ ਕਰਕੇ ਨਿਮਸਕਾਰ ਕਰਦਿਆਂ ਹੱਥਿਆਂ ਸੁਕਰਾਨਾ ਕੀਤਾ।

ਸਦਾ ਸੁਹਾਗਨ ਰੂਪ ਵਿਚ

ਸੰਤ ਖੁਦਾ ਸਿੰਘ ਬਹੁਤ ਬੇਪ੍ਰਵਾਹ ਅਤੇ ਬੇਚਾਹ ਫਕੀਰ ਹੋਇ। ਕਦੀ ਕਿਸੇ ਰੂਪ ਵਿਚ ਬਸਤਰ ਵੀ ਪਹਿਰ ਲੈਂਦੇ ਫਿਰ ਨਗਨ ਵੀ ਵਿਚਰਦੇ ਰਹਿੰਦੇ। ਇਕ ਵੇਰ ਸਨਾਨਾ ਵੇਲ ਸਦਾ ਸੁਹਾਗਣ ਦੇ ਰੂਪ ਵਿਚ ਮੂੰਹ ਵੱਕ (ਬੂੰਹ ਕੱਢ ਕੇ) ਤਾਂ ਕਿ-ਦਾਹੜਾ ਨਾ ਦਿਸੇ, ਆਪ ਅਟਕ ਪੁਲ ਦੇ ਹੇਠਾਂ ਹੋ ਬੈਠੇ। ਇਧਰ ਤੋਂ ਸਿਖ ਸਰਦਾਰਾਂ ਦੀ ਰੰਘਨੀ ਜੋ ਪਿਸ਼ਾਵਰ ਜਾ ਰਹੀ ਹੈ। ਇਸ ਯੂਨਿਟ ਦੇ ਸਰਦਾਰ ਨੇ ਇਥੇ ਇਕੋਲੀ ਜ਼ਨਾਨੀ ਮੂੰਹ ਵੱਕ ਬੈਠੀ ਦੇਖ ਕੇ ਪੁਛਿਆ ਤੂੰ ਕੌਣ ਹੈ ? ਇਥੇ ਕਿਉਂ ਬੈਠੀ ਹੈਂ–ਤਾਂ ਕਿਹਾ–ਮੈਂ ਸਦਾ ਸੁਹਾਗਣ ਪਰਦੇਸਨੀ ਹਾਂ ਪਤੀ ਨੂੰ ਢੂੰਡਦੀ ਫਿਰਦੀ ਹਾਂ ਤਦ ਉਸ ਫੌਜੀ ਸਰਦਾਰ ਨੇ ਕਿਹਾ ਜੇ ਔਸਾ ਹੈ ਤਾਂ ਸਾਡੇ ਨਾਲ ਚਲ, ਸੋ ਕਹੀਂਗੀ ਮੰਨਾਂਗੀ। ਤਦ ਉਹਨਾਂ ਨਾਲ ਸਦਾ ਸੁਹਾਗਨ ਚਲੀ ਗਈ ਤੇ ਅਗਲੇ ਮੁਕਾਮ ਤੇ ਪੁਜ ਕੇ ਉਸ ਨੂੰ ਤੰਬੂ ਵਿਚ ਬੁਲਾਇਆ। ਪਰ ਇਸ ਨੇ ਜਦੋਂ ਸਦਾ ਸੁਹਾਗਨ ਦੇ ਸਾਰੇ ਬਸਤਰ ਲਾਹ ਮਾਰੇ ਤਦ ਇਸ ਨੂੰ ਫਕੀਰੀ ਰੂਪ ਵਿਚ ਗੁਰਸਿਖ ਜਾਣਕੇ ਉਹ ਬਹੁਤ ਸ਼ਰਮਿੰਦਾ ਵੀ ਹੋਇਆ ਤੇ ਚਰਨਾਂ ਤੇ ਸਿਰ ਰੱਖ ਕੇ ਮੁਆਫੀ ਚਾਹੀ ਜੋ ਬੇਪ੍ਰਵਾਹ ਫਕੀਰ ਸੰਤ ਖੁਦਾ ਸਿੰਘ ਨੇ ਮੁਸਕਰਾ ਕੇ ਬਖਸ਼ਿਆ ਤੇ ਉਥੋਂ ਪਰਤ ਕੇ ਆਪਣੇ ਪਹਿਲੇ ਅਸਥਾਨ ਅਟਕ ਦਰਿਆ ਦੇ ਬਰੇਤੇ ਵਿਚ ਬੈਠ ਕੇ ਪਤੀ ਪ੍ਰਮੇਸ਼ਵਰ ਦੇ ਧਿਆਨ ਵਿਚ ਜੁੜ ਬੈਠੇ। ਗੁਰ ਬਿਲਾਸ ਦਾ ਲੇਖਕ ਪੰਡਤ ਸ਼ੇਰ ਸਿੰਘ ਲਿਖਦਾ ਕਿ ਇਥੇ ਇਸੇ ਅਸਥਾਨ ਪਰ ਬ੍ਰਹਮਾਂ ਦੇ ਚਾਰੋਂ ਪੁਤਰ ਸਨਕ ਸਨੰਦਨ, ਸੰਤ ਕੁਮਾਰ ਨੇ ਪ੍ਰਗਟ ਹੋ ਕੇ ਆਪ ਦੇ ਦਰਸ਼ਨ ਕੀਤੇ ਅਤੇ ਗਿਆਨ ਚਰਚਾ ਵੀ ਕਹੀ ਸੁਣੀ ਨੇ। ਇਹ ਜ਼ਿਕਰ ਸੰਤ ਖੁਦਾ ਸਿੰਘ ਨੇ ਆਪਣੇ ਕਿਸੇ ਨਿਕਟ ਵਰਤੀ ਪ੍ਰੇਮੀ ਸੰਤ ਨੂੰ ਖੁਦ ਸੁਣਾਈ, ਕਿ ਪਾਰਬ੍ਰਹਮ ਸਿੰਘ ਅਤੇ ਸਦਾ ਸੁਹਾਗਨ ਦੀ ਅਤੇ ਸਨਕ ਸਨੰਦਨ ਆਦਿਕ ਚਾਰੋਂ ਭਰਾਤਾ ਨੇ ਦਰਸ਼ਨ ਦਿਤੇ ਫਿਰ ਅਲੋਪ ਹੋ ਗਏ ਸਨ। ਇਸ ਤਰ੍ਹਾਂ ਦੀ "ਰੰਗ ਹੀ ਰੰਗ ਹੋਵੇ" ਚੁਪ ਭੀ ਕਰ ਜਾਹਿ–ਪ੍ਰਚਾ ਨਾਹੀ ਕਿਸੈ ਕੇਰੀ ਬਾਝ ਸਚੇ ਨਾਏ (੪੭੩) ਅਵਸਥਾ ਵਿਚ ਤਿੰਨ ਸਾਲ ਆਪ ਜੀ ਅਟਕ ਦਰਿਆ ਦੇ ਕਿਨਾਰੇ ਨਿਵਾਸ ਕੀਤਾ–ਤਪਸਿਆ ਸਾਧੀ–

ਸੰਤ ਖੁਦਾ ਸਿੰਘ ਜੀ ਦੀ ਮਾਤਾ ਸੁਖਾਂ ਦੇਵੀ ਅਤੇ ਧਰਮ ਪਤਨੀ ਚੰਦੋਰਾਨੀ ਬਾਬਾ ਬੀਰ ਸਿੰਘ ਜੀ ਪਾਸ ਨੌਰੰਗਾਬਾਦ ਆਏ

ਸੰਤ ਖੁਦਾ ਸਿੰਘ ਜਿਸ ਵੇਲੇ ਬਾਬਾ ਬੀਰ ਸਿੰਘ ਜੀ ਤੋਂ ਵਿਦਾਇਗੀ ਪਾ ਕੇ ਗਏ ਸਨ ਇਹਨਾਂ ਨੂੰ ਘਰ ਪੰਜ ਸਾਲ ਦਾ ਇਕ ਬੇਟਾ (ਵਰਤਹਿ ਸਿੰਘ ਨਾਮ ਦਾ) ਸੀ ਤੇ ਇਕ ਕੰਨਿਆਂ ਸੀ ਪਰ ਬੇਟਾ ਵਰਤਹਿ ਸਿੰਘ ੧੦ ਸਾਲ ਦਾ ਹੋ ਕੇ ਗੁਜਰ ਗਿਆ ਸੀ ਇਕ ਪਤੀ ਵਿਛੋੜਾ ਤੇ ਇਕ ਬੇਟੇ (ਜਵਾਨੀ ਚੜ੍ਹਦੇ) ਦੀ ਮੌਤ ਨੇ ਉਦੋਵਾਨੀ ਨੂੰ ਬਹੁਤ ਬੇਹਾਲ ਕਰ ਰਖਿਆ ਸੀ ਦਿਨੇ ਰਾਤ ਹੋਂਦੀ ਤੇ ਹਉਕੇ ਭਰਦੀ ਨੂੰ ਇਹਦੀ ਸੱਸ, (ਮਾਤਾ ਸੁਖਾਂ ਦੇਵੀ) ਨੇ ਨਾਲ ਲਿਆ ਕੇ (ਨੌਰੰਗਾਬਾਦ) ਬਾਬਾ ਬੀਰ ਸਿੰਘ ਜੀ ਦੀ ਚਰਨੀ ਲੱਗ ਰਹੇਂਆਂ ਨੇ ਨਿਮਸਕਾਰ ਕੀਤੀ।

ਮਾਤਾ ਸੁਖਾਂ ਦੇਵੀ ਨੇ ਦਸਿਆ ਕਿ ਇਹ ਪਤੀ–ਅਤੇ ਪੁਤਰ ਵਿਛੋੜੇ ਕਰਕੇ ਕਈ ਵੇਰ ਮਰਨ ਨੂੰ ਤਿਆਰ ਹੋਈ ਪਰ ਬਚ ਜਾਂਦੀ ਰਹੀ। ਹੁਣ ਕਿਰਪਾ ਕਰਕੇ ਇਸ ਨੂੰ ਧੀਰਜ ਦੇਵੋ ਅਤੇ ਜਿਥੇ ਵੀ ਮੇਰਾ ਪੁਤਰ (ਸਮਦੇਵ ਸਿੰਘ) ਹੋਵੇ ਉਹਦੇ ਨਾਲ ਮਿਲਾ ਦੇਣ ਦੀ ਕਿਰਪਾ ਕਰੋ। ਇਸ ਵੇਲੇ ਮਾਤਾ ਚੰਦ ਕੌਰ ਤਾਂ

Scanned with CamScanner

ਹੋਂਦੀ ਪਈ ਤੇ ਗਲਾ ਰੁਕਿਆ ਪਿਆ ਸੀ। ਇਸ ਦੀ ਐਸੀ ਹਾਲਤ ਨੂੰ ਦੇਖ ਕੇ ਬਾਬਾ ਬੀਰ ਸਿੰਘ ਨੇ ਫੁਰਮਾਇਆ ਕਿ–ਤੁਸੀਂ ਬਹੁਤ ਸਬਰ ਸੰਤੋਖ ਵਿਚ ਜਿਵੇਂ ੧੦ ਸਾਲ ਬਿਤਾਏ ਹਨ ਥੋੜਾ ਅਰਸਾ ਹੋਰ ਸਬਰ ਕਰੀਏ, ਉਹ ਆਪ ਆ ਕੇ ਮਿਲੇਗਾ। ਪਰ ਚੰਦੋ ਰਾਣੀ ਨੇ ਬਹੁਤ ਵਿਰਲਾਪ ਕੀਤਾ ਤੇ ਬਾਬਾ ਜੀ ਦੇ ਨੇਤਰਾਂ ਵਿਚ ਵੀ ਪਾਣੀ ਵਹਿ ਤੁਰਿਆ ਤਦ ਆਖਿਆ–ਉਹ ਇਸ ਵੇਲੇ ਬਹੁਤ ਦੂਰ ਹੈ, ਤੁਸੀਂ ਅੰਮ੍ਰਿਤਸਰ ਚਲੇ ਜਾਉ, ਉਥੇ ਆ ਕੇ ਉਹ ਕਿਸੇ ਦਿਨ ਮਿਲ ਜਾਏਗਾ। ਤਦ ਐਸਾ ਹੀ ਹੋਇਆ–ਇਥਨ ਤੋਂ ਇਹ ਸੀ ਅੰਮ੍ਰਿਤਸਰ ਆਈਆਂ ਤੇ ਉਧਰ ਅਟਕ ਦਰਿਆ ਦੇ ਕਿਨਾਰੇ ਤੋਂ ਸੰਤ ਖੁਦਾ ਸਿੰਘ ਦੇ ਅਨੁਯਾਈ ਵਿਚ ਸ੍ਰੀ ਅੰਮ੍ਰਿਤਸਰ ਪਹੁੰਚਣ ਦੀ ਖਿਚ ਹੋਈ–ਆਪ ਪਤਾ ਨਹੀਂ ਕਿਵੇਂ ਕਿਸੇ ਗੁਪਤ ਸ਼ਕਤੀ ਦੇ ਉਭਾਰੇ ਸ੍ਰੀ ਅੰਮ੍ਰਿਤਸਰ ਅਪੜੇ, ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਇਸ਼ਨਾਨ ਉਪ੍ਰੰਤ ਗੁਰੂ ਕੇ ਬਾਗ਼ ਵਿਚ ਬਹਿਜੇ ਤੋਂ ਬਾਹਰ ਜਾ ਕੇ ਇਕਾਂਤ ਵਿਚ ਨਿਵਾਸ ਰਖਿਆ।

ਇਧਰ ਇਹਨਾਂ ਦੋਹਾਂ (ਨੂੰਹ ਤੇ ਸੱਸ) ਨੇ ਬਹੁਤ ਦੇਖ ਭਾਲ ਕਰਦੇ ਕਈ ਦਿਨ ਬਿਤਾਏ ਪਰ ਕੋਈ ਪਤਾ ਨਹੀਂ ਚਲਿਆ ਤੇ ਨਾ ਮੋਲ ਮਿਲਾਪ ਹੋਇਆ ਸੀ। ਇਸੇ ਤਰ੍ਹਾਂ ਸੰਤ ਖੁਦਾ ਸਿੰਘ ਵੀ ੧੦ ਸਾਲ ਤੋਂ ਨਗਰ, ਕਾਬਲ ਕੰਧਾਰ ਤੇ ਗਜ਼ਨੀ ਆਦਿਕ ਸ਼ਹਿਰਾਂ ਦੀ ਸਰਦੀ ਗਰਮੀ ਸਹਾਰਦੇ ਵਿਚ ਅਟਕ ਦਰਿਆ ਕਿਨਾਰੇ ਪੱਥਰਾਂ ਉਤੇ ਜਾਂ ਰੇਤੇ ਵਿਚ ਤਪਸਿਆ ਸਾਧਦੇ ਹੋਇਆਂ ਸਰੀਰ ਦਾ ਰੰਗ ਵੀ ਬਦਲ ਚੁਕਾ ਖੁਲ੍ਹਦਾ ਹੋਇਆ ਪਿਆ ਸੀ। ਦਰਸ਼ਨ ਅਭਿਲਾਖੀ ਕੋਈ ਦੇਖ ਕੇ ਕੋਲ ਆ ਬੈਠਦਾ ਤਾਂ ਉਸ ਨੂੰ ਮਹਾਨ ਤਪੱਸ਼ੀ ਗੁਰਸਿਖ ਸੰਤ ਭਾਸਦਾ। ਕੋਈ ਬਸਤਰ ਪਹਿਨਾਣ ਨੂੰ ਲਿਆ ਕੇ ਧਰ ਜਾਏ ਤਾਂ ਅਸੀਸ ਨਹੀਂ, ਜੇ ਉਹ ਲੈ ਜਾਏ ਤਾਂ ਰੋਸ ਨਹੀਂ ਐਸੀ ਸਮਬਿਰਤੀ ਵਿਚ ਰਹਿੰਦਿਆਂ ਕਈ ਦਿਨ ਬੀਤ ਗਏ ਸਨ।

ਮਾਤਾ ਸੁਖਾਂ ਦੇਵੀ ਤੇ ਚੰਦੋ ਰਾਣੀ ਆਏ ਮਿਲੇ

ਸੰਤ ਖੁਦਾ ਸਿੰਘ ਬੇਪ੍ਰਵਾਹੀ ਦੀ ਹਾਲਤ ਵਿਚ ਇਕ ਦਿਨ ਗੁਰੂ ਕੇ ਬਾਗ਼ ਵਿਚ ਜੋ ਨੇੜੇ ਸ੍ਰੀ ਜਾਂਦੇ ਬੈਠੇ ਤੇ ਇਤਨੇ ਵਿਚ ਦੂੰਡ ਭਾਲ ਕਰਦੀਆਂ ਇਹ ਦੋਵੇਂ ਦੇਵੀਆਂ (ਮਾਤਾ ਸੁਖਾਂ ਦੇਵੀ ਤੇ ਚੰਦੋ ਰਾਣੀ) ਆਏ ਗਈਆਂ। ਚੰਦੋ ਰਾਣੀ ਨੇ ਆਪਣੇ ਪਤੀ ਨੂੰ (ਚਾਹੇ ਕਰੂਪ ਹੋਇ ਬੈਠੇ ਸਨ) ਚਿਰਾਂ ਪਿਛੋਂ ਦੇਖੇ–ਪਹਿਚਾਣ ਲਿਆ ਤੇ ਕਿਹਾ ਇਹ ਮੇਰੇ ਪਤੀ ਹਨ ਪਰ ਮਾਤਾ ਸੁਖਾਂ ਨੇ ਨਹੀਂ ਮੰਨਿਆ–ਉਹ ਆਖੇ ਮੇਰਾ ਪੁਤਰ ਬੜਾ ਸੁੰਦਰ ਸਰੂਪ ਸੀ ਇਹ ਸੂਕਾ ਕਾਮਜ਼ੋਰ ਤੇ ਕਾਲਾ ਰੰਗ ਹੈ–ਮੇਰਾ ਪੁਤਰ ਨਹੀਂ ਹੈ। ਮਾਤਾ ਨੇ ਦੋ ਤਿੰਨ ਵੇਰ ਐਸਾ ਕਿਹਾ ਪਰ ਚੰਦ੍ਰਕੌਰ ਨੇ ਬੜੀ ਸ਼ਰਧਾ ਨਾਲ ਨਿਮਸਕਾਰ ਕੀਤੀ ਤੇ ਰੋਂਦੀ ਹੋਈ ਨੇ ਕਿਹਾ–ਇਹੋ ਮੇਰਾ ਪਤੀ ਹੈ। ਮਾਤਾ ਨੇ ਫੇਰ ਵੀ ਨਹੀਂ ਮੰਨਿਆ, ਉਹ ਅੱਕ ਕੇ ਚਲੀ ਗਈ ਤੇ ਇਹ ਗੁਰੂ ਕੇ ਬਾਗ਼ ਵਿਚ ਹੀ (ਸੰਤ ਖੁਦਾ ਸਿੰਘ) ਪਤੀ ਪਾਸ ਬੈਠੀ ਰਹੀ ਤਦ ਵੀ ਇਹ ਸਭ ਕੁਝ ਸੁਣਦੇ ਹੋਇਆਂ ਨਾ ਸੰਤ ਸੀ ਫੋਲੇ ਸੀ ਨਾ ਇਹਨਾਂ ਵਲ ਦੇਖਿਆ ਸੀ।

ਮਾਈ ਦੋ ਚਲੇ ਜਾਣ ਮਗਰੋਂ ਸੰਤ ਜੀ ਉਠ ਕੇ ਤੁਰ ਪਏ ਇਹ ਸ੍ਰੀ ਦੁਖ ਭੰਜਨੀ ਬੇਰੀ ਸਾਹਿਬ ਪਾਸ ਜਦੋਂ ਗਏ ਤਦ ਦੇਖਿਆ ਕਿ ਚੰਦੋ ਰਾਣੀ ਵੀ ਪਿਛੇ ਪਿਛੇ ਹੀ ਆ ਰਹੀ ਹੈ। ਇਸ ਵੇਲੇ ਸੰਤ ਜੀ ਨੇ ਕਿਹਾ ਜੇ ਮੇਰੇ ਪਾਸ ਰਹਿਣਾ ਹੈ ਤਾਂ ਮੇਰੀ ਤਰ੍ਹਾਂ ਹੀ ਨਗਨ ਹੋ ਕੇ ਰਹਿਣਾ ਪਵੇਗਾ, ਚੰਦੋ ਰਾਣੀ ਜੀ ਨੇ ਬਗ਼ੈਰ ਮੰਨਿਆਂ ਤੇ ਬਟ ਕਪੜੇ ਉਤਾਰ ਕੇ ਨਗਨ ਹੀ ਪਿਛੇ ਹੋ ਤੁਰੀ। ਇਸ ਵੇਲੇ ਸੰਤ ਜੀ ਨੂੰ ਦਖਿਆ ਆਈ ਕਿ ਐਸੀ ਪਤੀ ਬਰਤਾ ਨੇ ਧਰਮ ਦਾ ਪਾਲਣ ਕਰ ਦਸਿਆ ਹੈ ਫੁਰਮਾਇਆ, ਹੁਣ ਤੂੰ ਕਪੜੇ ਪਹਿਨ ਲੈ ਤੇ

ਮੈਂ ਨੇ ਨਾਲ ਟਿਕੀ ਰਹੁ। ਤਦ ਐਸਾ ਹੀ ਹੋਇਆ ਤੇ ਗੁਰ ਬਿਲਾਸ (ਬੀਰ ਮ੍ਰਿਗੇਸ਼) ਦੀ ਲਿਖਤ ੨ ਧਿਆਏ ਪੂਰਬਾਰਧ (ਸਫ਼ਾ ੭੬੮) ਅਨੁਸਾਰ ਐਸੀ ਹਾਲਤ ਵਿਚ ਦੋ ਸਾਲ ਦੋਵੇਂ ਇਥੇ ਰਹੇ।

ਇਧਰ ਸੰਤ ਬਾਬਾ ਬੀਰ ਸਿੰਘ ਦੇ ਮਨ ਵਿਚ ਖਿਚ ਪੈਦਾ ਹੋਈ ਤੇ ਉਧਰ ਤੋਂ ਸੰਤ ਖੁਦਾ ਸਿੰਘ ਤੇ ਦੋਵੇਂ ਰਾਣੀ ਸ੍ਰੀ ਅੰਮ੍ਰਿਤਸਰ ਤੋਂ ਤਰਨਤਾਰਨ ਨੇੜੇ ਨੌਰੰਗਾਬਾਦ ਆਏ ਪਹੁੰਚੇ। ਇਸ ਵੇਲੇ ਦੀਵਾਨ ਸਜਿਆ ਸੀ ਸੰਤ ਬੀਰ ਸਿੰਘ ਸਮਾਧੀ ਵਿਚ ਲੀਨ ਬੈਠੇ ਕੀਰਤਨ ਸੁਣ ਰਹੇ ਸਨ। ਸੰਤ ਖੁਦਾ ਸਿੰਘ ਨੇ ਵਰਜਾਂ ਪਰ ਡੰਡਾਉਤ ਬੰਦਨਾਂ ਕੀਤੀ–ਨੇਤਰ ਖੁਲੇ ਤਦ ਇਹਨਾਂ ਨੂੰ ਇਸ ਹਾਲ੭ ਵਿਚ ਦੇਖ ਕੇ ਬਾਬਾ ਬੀਰ ਸਿੰਘ ਜੀ ਫੌਰਾਗ ਵਿਚ ਭਰੇ ਗਏ ਸੀਸ ਤੋਂ ਲੈ ਕੇ ਸਾਰੇ ਬਦਨ ਪਰ ਇਹਨਾਂ ਦੇ ਹੱਥ ਫੇਰਿਆ ਅਸੀਸਾਂ ਦਿਤੀਆਂ ਕਿ ਬਹੁਤ ਕਬਟ ਸਹਾਰੇ ਤੇ ਤਪਸਿਆ ਵਿਚ ਪੂਰੇ ਉਤਰੇ ਹੋ।

ਸ੍ਰੀ ਬਾਬਾ ਬੀਰ ਸਿੰਘ ਜੀ ਨੇ ਇਸ ਵੇਲੇ ਕੁਝ ਸਿਖਾਂ ਨੂੰ ਆਖ ਕੇ ਇਹਨਾਂ ਨੂੰ ਦਹੀ ਨਾਲ ਇਸ਼ਨਾਨ ਕਰਾਇਆ। ਨਵੇਂ ਬਸਤਰੇ ਪਹਿਰਾਏ ਤੇ ਸਮੂਹ ਸੰਗਤ ਵਿਚ ਦੂਜਿਆਂ ਵਾਂਗ ਹੁਣ ਸ੍ਰੁਤਿਸੰਗ ਸ਼ਰਨ ਸੁਣਨ ਦੀ ਆਗਿਆ ਕੀਤੀ। ਤਿਵੇਂ ਹੀ ਸ੍ਰੀ ਚੰਦੋ ਰਾਣੀ ਪਰ ਬਹੁਤ ਕ੍ਰਿਪਾ ਦ੍ਰਿਸ਼ਟੀ ਕਰਕੇ ਇਸ ਨੂੰ (ਰਾਮ ਕੀ) ਨਾਮ ਨਾਲ ਝੁਲਾਂਦੇ ਹੋਇਆ ਫੁਰਮਾਇਆ–ਬੇਟੀ ਤੈਨੂੰ ਵੀ ਅਧਿਕ ਤਪੱਸਿਆ ਸਾਧੀ ਤੇ ਪਤੀ ਭੁਤ ਧਰਮ ਨੂੰ ਪੂਰਾ ਨਿਬਾਹਿਆ ਹੈ ਹੁਣ ਤੁਸੀਂ ਗ੍ਰਹਿਸਥੀ ਰੂਪ ਜਾ ਸੰਤ ਰੂਪ ਵਿਚ ਰਹਿ ਕੇ ਬਾਕੀ ਦਾ ਜੀਵਨ ਜਿਵੇਂ ਚਾਹੀਏ ਬਿਤਾਈਏ–ਤੁਸਾਡੇ ਵਾਸਤੇ ਇਕੋ ਜਿਹਾ ਹੈ।

ਐਸਾ ਬਚਨ ਸਰਵਨ ਕੀਤਾ ਪਰ ਮਨ ਹੀ ਮਨ ਵਿਚ ਬਾਬਾ ਜੀ ਦਾ ਧਿਆਨ ਧਰਕੇ ਬੇਨਤੀ ਕੀਤੀ ਸਾਹਿਬ ਜੀਉ। ਮੈਨੂੰ ਇਸਤਰੀ ਰੂਪ ਬਿਆਧੀ ਤੋਂ ਛੁਟਕਾਰਾ ਪਾ ਕੇ ਪਰਮ ਅਨੰਦ ਅਵਸਥਾ ਨੂੰ ਪ੍ਰਾਪਤ ਹੋਇਆ ਸੀ ਹੁਣ ਆਪ ਜੀ ਫੇਰ ਇਹ ਬਿਆਧ ਮੈਨੂੰ ਕਿਉਂ ਚਮੋੜ ਰਹੇ ਹੋ। ਤਦ ਅੰਤਰ ਆਤਮੇ ਬਾਬਾ ਖੁਦਾ ਸਿੰਘ ਦੀ ਇਹ ਬੇਨਤੀ ਸੁਣ ਕੇ ਖੁਲੇ ਸ਼ਬਦਾਂ ਵਿਚ ਸਾਰਿਆਂ ਦੇ ਸਾਹਮਣੇ ਐਸਾ ਫੁਰਮਾਇਆ–

੧. ਹੇ ਗੁਰਸਿਖ! ਇਕ ਤਾਂ ਤੇਰੀ ਇਹ ਅਰਧ ਸਰੀਰੀ ਧਰਮ ਪਤਨੀ ਹੈ!

੨. ਦੂਜਾ ਪੁਤਰ ਵਰਤਹਿ ਸਿੰਘ ਦੇ ੧੦ ਸਾਲ ਦੀ ਉਮਰ ਵਿਚ ਮਰ ਜਾਣ ਦੇ ਵਿਜੋਗ ਨਾਲ ਅਤੇ ਦੁਖੀ ਹੈ ਤੇ ਝੁਲ ਗਈ ਹੈ।

੩. ਇਹ ਪਤੀ ਬ੍ਰਤ ਧਰਮ ਉਤੇ ਸਾਬਤ ਹੋਈ ਹੈ।

੪. ਨਿਰ ਅਪਰਾਧ ਹੈ। ਕੋਈ ਦੂਖਨ ਨਹੀਂ ਹੈ ਐਸੀ ਇਸਤਰੀ ਦਾ ਤਿਆਗ ਕਰਨਾ ਚੰਗੇ ਨਹੀਂ ਹੈ।

੫. ਪੰਜਵੀਂ ਗਲ ਕਿ ਸੇਵਾ ਕਰ ਰਹੀ ਹੈ ਅਤੇ ਕਰਦੀ ਰਹੇਗੀ।

੬. ਤੁਸੀਂ ਇਸ ਨੂੰ ਇਸਤਰੀ ਰੂਪ (ਚੋਲੀ ਕੀ ਨਿਆਈ) ਪਵਿਤਰ ਜਾਣੋ!

੭. ਸਤਵਾਂ ਸਾਡੀ ਆਗਿਆ ਦਾ ਪਾਲਣ ਕਰਨਾ ਵੀ ਤੁਹਾਨੂੰ ਜ਼ਰੂਰੀ ਹੈ ਇਸ ਵਾਸਤੇ ਇਸ ਨੂੰ ਕਿਆਕਤਾ ਨਹੀਂ ਪ੍ਰਵਾਨ ਕਰਨਾ ਪਏਗਾ।

ਐਸਾ ਆਖ ਕੇ ਸੰਤ ਬੀਰ ਸਿੰਘ ਜੀ ਨੇ (ਰਾਮ ਕੀ) ਚੰਦੋ ਰਾਣੀ ਦਾ ਹੱਥ ਫੜ ਕੇ ਸੰਤ ਖੁਦਾ ਸਿੰਘ ਦੇ ਪਾਸ ਵਤਾਇਆ ਤੇ ਫੁਰਮਾਇਆ ਤੁਹਾਡੇ ਦੋਹਾਂ ਵਾਸਤੇ ਹੁਣ ਅਗਲਾ ਜੀਵਨ–"ਜੀਵਨ ਮੁਕਤੀ" ਦਾ

Scanned with CamScanner

ਜੀਵਨ ਹੈ ਜਿਵੇਂ ਚਾਹੋ । ਸੋਚਾ ਸਿਮਰਨ ਕਰਦੇ ਬਿਤਾਈਏ ਤੇ ਸੁਖ ਪਾਈਏ । ਖੁਦਾ ਸਿੰਘ ਨੇ ਸੰਸਾਰ ਨਿਰਵਾਇਆ ਖ਼ੁਦਾਨ ਕੀਤਾ ਤੇ ਬਾਕੀ ਸੰਗਤ ਨਾਲ ਇਹ ਜੋੜੀ ਵੀ ਦੇਵੇਂ ਵੇਲੇ ਬਾਬਾ ਜੀ ਦੇ ਦੀਵਾਨ ਵਿਚ ਹਾਜਰੀ ਭਰਦੇ ਅਤੇ ਕਥਾ ਕੀਰਤਨ ਦਾ ਲਾਭ ਲੈਂਦੇ ਰਹੇ ।

ਇਹਨਾਂ ਦਿਨਾਂ ਵਿਖ ਸ੍ਰੀ ਬਾਬਾ ਬੀਰ ਸਿੰਘ ਜੀ ਦੇ ਦਰਸ਼ਨ ਦੀਦਾਰੇ ਅਤੇ ਕਥਾ ਵਿਚਾਰ ਸਰਵਣ ਕਰਨ ਵਾਲਿਆਂ ਵਿਚ ਬੀਰ ਮ੍ਰਿਗੇਂਦ੍ਰ ਸਵਾ ੨੪੬ ਮੁਤਾਬਿਕ ਇਹ ਸਾਰੇ ਸਿਖ ਸਰਦਾਰ ਹਾਜ਼ਰ ਹੋਏ ਲਾਭ ਲਿਆ ਕਰਦੇ ਸਨ ।

੧. ਸਰਦਾਰ ਹਰੀ ਸਿੰਘ ਨਲੂਵੇ ਦਾ ਸਪੁਤਰ ਸਰਦਾਰ ਜਵਾਹਰ ਸਿੰਘ ੨. ਭਾਈ ਗੁਲਾਬ ਸਿੰਘ ਠੱਟੀ ੩. ਛੋਟੇ ਸੰਤ ਬੀਰ ਸਿੰਘ ਜੀ । ਸੰਤ ਬੁਧ ਸਿੰਘ ਗੁਜਰਾਤੀ, ਭਾਈ ਧਿਆਨ ਸਿੰਘ ਦਰੋਗਾ ਘੋੜਿਆਂ ਦੇ (ਤਬੇਲੇ ਵਿਚ) ਨਿਗਰਾਨੀ ਰਖਣ ਵਾਲਾ । ਭਾਈ ਹਰੀ ਸਿੰਘ ਮਾਲੂਵਾਲੀਆ, ਭਾਈ ਮੁਲਖ ਸਿੰਘ ਬਹੁਰੰਗਾ ਇਤਆਦਿਕ ਇਹ ਸਾਰੇ ਸਰੋਤੇ—ਬਾਬਾ ਬੀਰ ਸਿੰਘ ਜੀ ਦੇ ਸਤਿਸੰਗ ਤੋਂ ਵਖਰੇ ਕਿ ਸੰਤ ਖੁਦਾ ਸਿੰਘ ਪਾਸੋਂ ਵੀ ਪਿਛਲੇ ਸਾਲਾਂ ਦੀ ਕਥਨ ਯਾਤਰਾ ਦਾ ਹਾਲ ਪੁਛਦੇ ਸਨ–ਉਹ ਨਹੀਂ ਦਸਦੇ ਚਾਹੁੰਦੇ ਸਨ ਪਰ ਸੰਤ ਜੀ ਮਜਬੂਰ ਹੋ ਕੇ ਦਸਦੇ ਤੇ ਸਾਰੇ ਹੈਰਾਨ ਹੁੰਦੇ ਸੀ । ਇਸ ਤਰ੍ਹਾਂ ਨਾਲ ਖੁਦਾ ਸਿੰਘ, ਇਹਨਾਂ ਦੀ ਧਰਮ ਪਤਨੀ ਅਤੇ ਮਾਤਾ ਸੁਖਾਂ ਦੇਵੀ ਵੀ ਹੁਣ ਆਪਣੇ ਨੂੰ ਸਪੁਤੀ ਸਮਝ ਕੇ ਡੇਰੇ ਵਿਚ ਸੰਗਤ ਪਹਿਲੇ ਵਾਂਗ ਕਰਨ ਲੱਗ ਪਏ ਸੀ ।

ਸ੍ਰੀ ਬਾਬਾ ਸਾਹਿਬ ਸਿੰਘ ਜੀ ਦੇ ਦਰਸ਼ਨ ਨੂੰ ਊਨੇ ਸਾਹਿਬ ਗਏ

ਸੰਮਤ ੧੯੬੦ ਬਿਕ੍ਰਮੀ ਦੇ ਸ਼ੁਰੂ ਹੁੰਦੇ ਹੀ ਸੰਤ ਖੁਦਾ ਸਿੰਘ ਜੀ ਨੇ ਬਾਬਾ ਬੀਰ ਸਿੰਘ ਜੀ ਤੋਂ ਊਨੇ ਸਾਹਿਬ ਜਾਣ ਦੀ ਆਗਿਆ ਪਾ ਕੇ ਚਲ ਪਏ ਸੀ, ਆਪ ਦੇ ਨਾਲ ਇਸ ਵੇਲੇ ਸੰਤ ਬੀਰ ਸਿੰਘ ਛੋਟੇ, ਸੰਤ ਬੁਧ ਸਿੰਘ, ਗੁਜਰਾਤੀਆ, ਬਹੁ ਰੰਗਾ ਜੀ, (ਮਾਈ ਰਾਮ ਕੀ (ਸੰਤ ਖੁਦਾ ਸਿੰਘ ਦੀ ਧਰਮ ਪਤਨੀ) ਇਹ ਸਾਰੇ ਹੀ ਸੰਤ ਰੂਪ ਭਗਵੇਂ ਕਪੜਿਆਂ ਵਿਚ ਸਨ, ਰਾਂਹ ਜਾਂਦਿਆਂ ਬੀਰ ਸਿੰਘ (ਛੋਟੇ) ਜੀ ਨੇ ਕਿਹਾ ਬਾਬਾ ਸਾਹਿਬ ਸਿੰਘ ਭਗਵੇਂ ਵੇਸ ਪਰ ਖੁਸ਼ ਨਹੀਂ ਹੋਣਗੇ ਤਾਂਤੇ ਵਾਪਸ ਚਲੋ ਚਲੀਏ ! ਤਦ ਸੰਤ ਖੁਦਾ ਸਿੰਘ ਨੇ ਕਿਹਾ–ਉਹ ਬਾਹਰ ਦੇ ਵੇਸਾਂ ਨੂੰ ਦੇਖਣ ਦੀ ਦ੍ਰਿਸ਼ਟੀ ਵਾਲੇ ਨਹੀਂ ਉਹ ਅੰਤਰ ਯਾਮੀ ਅਤੇ ਅਧਿਆਤਮਕ ਅਵਸਥਾ ਦੇ ਪਾਰਖੂ ਦ੍ਰੁਹਮ ਦ੍ਰਿਸ਼ਟੀ ਵਾਲੇ ਹਨ । ਇਸ ਵਿਚਾਰ ਵਿਚ ਉਹ ਸਾਰੇ ਹੀ ਚੁਪ ਕੀਤੇ, ਰਸਤੇ ਵਿਚ ਕਈ ਥਾਈਂ ਮੁਕਾਮ ਕਰਦੇ ਉਨੇ ਸਾਹਿਬ ਜਾ ਕੇ ਸ੍ਰੀ ਬਾਬਾ ਜੀ ਦੇ ਦੀਵਾਨ ਵਿਚ ਸ਼ਾਮ ਹੋਇਆਂ ਦਰਸ਼ਨ ਕੀਤੇ । ਉਕਤ ਪੰਜਾਂ ਦੇ ਹੀ ਬਸਤਰ ਭਗਵੇ ਸੰਤ ਰੂਪ ਸਨ ਬਾਬਾ ਜੀ ਨੇ ਇਹਨਾਂ ਨੂੰ ਦੇਖਦੇ ਹੀ ਪਹਿਲੇ ਹੱਥ ਉਤੇ ਹੱਥ ਮਾਰ ਕੇ ਮੁਸਕਰਾਂਦੇ ਹੋਇਆਂ ਫੁਰਮਾਇਆ–

"ਭਾਗ ਹੋਆ ਗੁਰ ਸੰਤ ਮਿਲਾਇਆ ॥ ਪ੍ਰਭ ਅਬਿਨਾਸੀ ਘਰ ਮੈ ਪਾਇਆ ॥
ਸੇਵ ਕਰੀ ਪਲ ਚਸਾ ਨਾ ਵਿਛੜਾਂ ਜਨ ਨਾਨਕ ਦਾਸ ਤੁਮਾਰੇ ਜੀਉ ॥
ਹਉ ਘੋਲੀ ਜੀਉ ਘੋਲ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥ (੯੭)

ਦੋਹਿਰਾ–ਸ੍ਰੀ ਗੁਰੂ ਸਾਹਿਬ ਸਿੰਘ ਜੀ ਕਹਿਯੋ ਅਜ ਹਮ ਧੰਨ ॥
ਸੰਤਨ ਕੋ ਘਰ ਆਵਨੋ ਜੋ ਹੋਵੈ ਪ੍ਰਭ ਸੁ ਪ੍ਰਸੰਨ ॥
(ਬੀਰ ਮ੍ਰਿਗੇਂਦ੍ਰ ਗੁਰ ਵਿਲਾਸ ੭੫੦)

ਸ੍ਰੀ ਬਾਬਾ ਸਾਹਿਬ ਸਿੰਘ ਜੀ ਨੇ ਇਹਨਾਂ ਆਏ ਸੰਤਾਂ ਨੂੰ ਬਹੁਤ ਅਸੀਸਾਂ ਦਿਤੀਆਂ ਤੇ ਸੇਵਕਾਂ ਨੂੰ ਆਖਕੇ ਦਅਦਮੇਂ ਸਾਹਿਬ ਅਸਥਾਨ ਪਰ ਡੇਰਾ ਕਰਾਕੇ ਸੇਵਾ ਕਰਨੀ ਪ੍ਰਬਾਦਾ ਪਾਣੀ । (ਮੰਜੇ ਬਿਸਤਰੇ) ਤੇ ਹੋਰ ਲੋੜੀਂਦੀਆਂ ਵਸਤੂਆਂ ਭਿਜਵਾਈਆਂ । ਹੁਣ ਸਾਥੀ ਸਾਰਿਆਂ ਪ੍ਰਤੀ ਸੰਤ ਖੁਦਾ ਸਿੰਘ ਨੇ ਕਿਹਾ–ਕਿ ਵੇਖੋ ! ਅੰਤਰਯਾਮੀ ਬਾਬਾ ਸਾਹਿਬ ਨੇ ਸਾਡੀ ਰਾਹ ਵਿਚ ਵਰਤੀ ਵਿਚਾਰ ਗੋਸ਼ਟੀ ਨੂੰ ਕਿਵੇਂ ਅਨੁਭਵ ਕੀਤਾ ਤੇ ਬ੍ਰਹਮ ਦ੍ਰਿਸ਼ਟੀ ਵਿਚ ਪੂਰਨ ਹੁੰਦਿਆਂ ਨੇ ਸਾਡੀ ਭੇਖ ਰੀਤੀ ਨੂੰ ਨਹੀਂ ਬਲਕੇ ਸਾਡੀ ਸ਼ਰਧਾ ਭਾਵਨਾ ਨੂੰ ਸਵੀਕਾਰ ਕਰਕੇ ਅਸੀਸਾਂ ਦਿਤੀਆਂ ਤੇ ਆਦਰ ਕਰਾਇਆ, ਖੁਸ਼ੀ ਪ੍ਰਗਟਾਈ ਹੈ ।

ਹੁਣ ਇਹ ਪੰਜੇ ਸੰਤ ਰੂਪ ਸਤਿਸੰਗੀਆਂ ਨੇ ਦੇਵੇਂ ਵੇਲੇ ਬਾਬਾ ਜੀ ਦੀ ਹਜ਼ੂਰੀ ਵਿਚ ਜਾਕੇ ਉਹਨਾਂ ਦੇ ਮਨੋਹਰ ਉਪਦੇਸ਼ਾਂ ਤੋਂ ਲਾਭ ਉਠਾਣਾ ਸ਼ੁਰੂ ਕੀਤਾ ਤੇ ਕਾਫੀ ਅਰਸਾ ਲਾਭ ਲਿਆ, ਬ੍ਰਹਮ ਚਰਚਾ ਉਤੇ ਪ੍ਰਬਲ ਉਤਰ ਸੁਣਕੇ ਬਾਬਾ ਜੀ ਦੀ ਖੁਸ਼ੀਆਂ ਦੇ ਪਾਤਰ ਬਣੇ ।

ਇਹ ਪੰਜੇ ਸੰਤ ਉਨਾਂ ਸਾਹਿਬ ਤੋਂ ਅਸੀਸਾਂ ਪਾਕੇ ਚਲਦੇ-ਚਲਦੇ ਹਰਦਵਾਰ (ਗੰਗਾ) ਕਿਨਾਰੇ ਆਏ । ਦਰਸ਼ਨ ਇਸ਼ਨਾਨ ਉਪ੍ਰੰਤ ਗੰਗਾ ਕਿਨਾਰੇ ਹੀ ਡੇਰਾ ਕਰ ਲਿਆ । ਕਈ ਪੰਡਤ ਅਤੇ ਵਿਦਵਾਨ ਸੰਤ ਆਕੇ ਇਹਨਾਂ ਨੂੰ ਸੰਤ ਜਾਣਕੇ ਪੂਜਦੇ ਅਤੇ ਮਨੋਹਰ ਵਿਚਾਰ ਸੁਣ ਕੇ ਨਿਹਾਲ ਹੋਏ । ਕਈ ਮਹੀਨੇ ਕਿਸੇ ਗਰੰਥਿਆਂ ਹੋਇਆਂ ਇਕ ਦਿਨ ਸੰਤ ਖੁਦਾ ਸਿੰਘ ਜੀ ਨੇ ਬੁਟਕੀ ਵਜਾਕੇ ਆਪਣੇ ਸਾਰੇ ਚਾਰੋਂ ਸਾਥੀਆਂ ਨੂੰ ਕਿਹਾ–ਹੁਣ ਤੁਸੀਂ ਆਪਣੀ ਮਰਜੀ ਨਾਲ ਜਿਧਰ ਚਾਹੋ ਸੁਤੰਤਰ ਹੋ ਕੇ ਫਿਰ ਸਕਦੇ ਹੋ । ਅਸੀਂ ਆਪਣੀ ਮਰਜੀ ਨਾਲ ਰੀਵਨ ਕਰਾਂਗੇ ।

ਸੰਤ ਖੁਦਾ ਸਿੰਘ ਜੀ ਦੇ ਇਹ ਆਗਿਆਕਾਰੀ ਸਾਰੇ ਹੀ ਨਿਰਮੋਹ ਬ੍ਰਿਤੀ ਦੇ ਹੋ ਚੁਕੇ ਸੀ । ਫਿਰ ਇਹ ਆਪਣੇ ਆਪਣੇ ਆਸ਼ੇ ਮੁਤਾਬਕ ਸੰਤਾਂ ਨੂੰ ਨਿਮਸਕਾਰਾਂ ਕਰਕੇ ਚਲੇ ਗਏ ਅਤੇ ਕੁਝ ਚਿਰ ਹੋਰ ਇਥੇ ਨਿਵਾਸ ਕਰੋ ਮਗਰੋਂ ਸੰਤ ਖੁਦਾ ਸਿੰਘ ਮੁਲਤਾਨ ਨੂੰ ਗਏ ।

ਮੁਲਤਾਨ ਵਿਚ ਨਿਵਾਸ

ਗੰਗਾ (ਹਰਦਵਾਰ) ਤੋਂ ਚਲਦੇ ਸਹਿਜੇ ਸਹਿਜੇ ਕੁਰਖੇਤਰ ਆਏ ਇਸ਼ਨਾਨ ਕੀਤਾ ਇਥੇ ਕੁਝ ਦਿਨ ਰਹੇ ਤੇ ਇਥੇ ਹੀ ਦੁਬਾਰਾ–ਰਾਮ ਕੀ (ਚੰਦ ਕੌਰ) ਆਏ ਮਿਲੀ ਤੇ ਛੋਟੇ ਸੰਤ ਵੀਰ ਸਿੰਘ ਵੀ ਕਈ (ਤਰਵਾਲੀਆ ਸਿੰਘ) ਸੰਤ ਖੁਦਾ ਸਿੰਘ ਦਾ ਬਹੁਤ ਪ੍ਰੇਮੀ ਸੀ–ਇਸ ਨੇ ਸੁਣਿਆ ਤੇ ਆਕੇ ਦਰਸ਼ਨ ਕੀਤੇ ਕੁਝ ਦੇਰਨ ਹੋਇਆ ਕਿ ਸੰਤ ਖੁਦਾ ਸਿੰਘ ਤਾਂ ਬੜਾ ਖੁਬਸੂਰਤ ਜਵਾਨ ਕਾਲਾ ਦਾਹੜਾ ਸੀ । ਇਹ ਸ਼ਵੈਦ ਦਾਹੜਾ ਕੋਈ ਹੋਰ ਹੋਵੇਗਾ–ਦੋ ਤਿੰਨ ਦਿਨ ਆਉਂਦਾ ਤੇ ਦੇਖਕੇ ਭਰਮ ਵਿਚ ਚਲਾ ਜਾਂਦਾ ਰਿਹਾ । ਤੀਜੇ ਦਿਨ ਆਇਆ ਤਾਂ ਕਾਲੇ ਦਾਹੜੇ ਨਾਲ ''ਜਸਵੈਂਤ ਸਿੰਘ'' ਹੀ ਬੈਠੇ ਦੇਖੇ, ਅਸਚਰਜ ਹੋਕੇ ਪੁਛਿਆ ਇਹ ਕੀ ਵਰਤ ਗਈ ? ਤੁ ਬਹੁ ਕਲ ਇਸੇ ਰੂਪ ਤੇ ਕਦ ਬੁਤ ਵਾਲੇ ਇਥੇ ਸਫੈਦ ਦਾੜੇ ਵਾਲੇ ਬੈਠੇ ਸੰਤ ਦੇਖੇ, ਪਰ ਅੱਜ ਤੇ ਕੁਝ ਕੁਝ ਉਹੀ ਸਰੂਪ ਤੇ ਦਾਹੜਾ ਕਾਲੇ ਨਾਲ ਆਪ ਦੇ ਦਰਸ਼ਨ ਹੋਏ ਹਨ । ਸੰਤ ਜੀ ਨੇ ਤਦ ਮੁਸਕਰਾ ਕੇ ਆਖਿਆ ਸੰਤਾਂ ਦੇ ਕਈ ਰੂਪ ਹੁੰਦੇ ਹਨ । (ਸੰਤ ਸਮੂਹ ਅਨੇਕ ਮਤੀ ਕੇ)

ਕੁਝਕੁ ਚਿਰ ਤੋਂ ਬਾਲੇ ਪਾਕੇ ਪਟਿਆਲੇ ਆਏ ਅਤੇ ਕਰੀਬਨ ਚਾਰ ਮਹੀਨੇ ਇਥੇ ਰਹੇ । ਇਥੇ ਆਏ ਹੋਏ ਸੰਤ ਵੀਰ ਸਿੰਘ, ਸੰਤ ਬੁਧ ਸਿੰਘ ਗੁਜਰਾਤੀਆ ਤੇ ਕੁਝ ਹੋਰ ਸੰਤ ਵੀ ਇਕੱਠੇ ਹੋਏ ਆਏ । ਦਿਹਾੜੇ ਵਿਚ-ਮੰਨੀ ਰਾਮ ਬਹੁਰੰਗੀ ਸੰਤ ਫਤੇ ਸਿੰਘ ਆਦਿਕ ਸੰਤ ਵੀ ਸਨ ।

Scanned with CamScanner

ਇਥੇ ਬਹੁ ਰੰਗੀ ਨਾਮ ਸਾਧੂ ਨੇ ਇਕ ਦਿਨ–ਅੱਕ ਧਤੂਰਾ, ਭੰਗ ਅਤੇ ਸੈਖਿਆ ਆਦਿਕ ਮਿਲਾਏ ਦੁੱਧ ਚਾਵਲ ਦੀ ਖੀਰ ਨਿੰਨ੍ਹ ਕੇ ਸਾਰੇ ਸੰਤ ਮੰਡਲੀ ਨੂੰ ਕਿਹਾ ਭਾਈ ! ਆਪ ਸਾਰੇ ਸੰਤ ਅਖਵਾਂਦੇ ਅਤੇ ਸਾਰੇ ਬ੍ਰਹਮ ਅਸਮੀ (ਬ੍ਰਹਮ ਗਿਆਨੀ) ਹੋਣ ਦੀਆਂ ਡੀਂਗਾਂ ਮਾਰਦੇ ਹੋ ਇਹ ਖੀਰ ਕੋਈ ਖਾਕੇ ਵਿਖਾਏ । ਜੋ ਕੁਝ ਨਸ਼ੇ ਦਾ ਅਸਰ ਜਾਂ ਜ਼ਹਿਰ ਦਾ ਅਸਰ ਨਾ ਹੋਇਆ ਤਾਂ ਅਸੀਂ ਮੰਨ ਲਵਾਂਗੇ ਕਿ ਇਹ ਬ੍ਰਹਮ ਗਿਆਨੀ ਹੈ। ਕਿਉਂਕਿ ਗੁਰੂ ਵਾਕ ਹੈ–

ਜੈਸਾ ਸਵਰਨ ਤੈਸੀ ਉਸ ਮਾਟੀ
ਜੈਸਾ ਅੰਮ੍ਰਿਤ ਤੈਸੀ ਬਿਖ ਖਾਟੀ

ਐਸਾ ਬਹੁਰੰਗੀ ਸਾਧੂ ਨੇ ਸਾਰੀ ਸੰਤ ਮੰਡਲੀ ਨੂੰ ਤਿੰਨ ਵੇਰ ਆਖਿਆ ਪਰ ਕੋਈ ਸਾਧੂ ਤਿਆਰ ਨਾ ਹੋਇਆ ਸੀ ਉਹਦੇ ਤੀਜੀ ਵਾਰ ਦੀ ਆਵਾਜ਼ ਤੇ ਸ੍ਰੀ ਸੰਤ ਖੁਦਾ ਸਿੰਘ ਜੀ ਤੋਂ ਰਿਹਾ ਨ ਗਿਆ–ਉਨ੍ਹਾਂ ਖੀਰ ਰੱਜ ਕੇ ਖਾ ਲਿਤੀ ਪਰ ਕੁਝ ਨਸ਼ਾ ਜਾਂ ਜ਼ਹਿਰ ਦਾ ਅਸਰ ਨਹੀਂ ਹੋਇਆ ਸੀ । ਸਾਰੇ ਬਾਕੀ ਦੇ ਸਾਧੂ ਤੇ ਬਹੁਰੰਗਾਂ ਨੇ ਚਰਨੀ ਨਿਮਸਕਾਰਾਂ ਕੀਤੀਆਂ ਤੇ ਦਸਿਆ ਕਿ ਇਹ–ਪੂਰਨ ਬ੍ਰਹਮ ਗਿਆਨੀ ਵਿਅਕਤੀ ਹਨ–ਅਸੀਂ ਪ੍ਰੀਖਿਆ ਕੀਤੀ ਹੈ ਖਿਮਾਂ ਕਰਨੀ । ਇਥੋਂ ਇਨ੍ਹਾਂ ਸਾਰੇ ਸਾਧੂਆਂ ਨੂੰ ਸੰਤ ਖੁਦਾ ਸਿੰਘ ਜੀ ਨੇ ਆਪਣੇ ਤੋਂ ਵਧ ਹੋ ਜਾਣ ਨੂੰ ਕਿਹਾ ਤੇ ਆਪ ਜੀ–ਮੁਲਤਾਨ ਜਾਂਦੇ ਹੋਏ ਰਾਹ ਵਿਚ ਇਕ ਨਗਰ (ਅਲਮ ਸ਼ਾਹ) ਵਿਚ ਠਹਿਰੇ । ਇਦੋਂ ਦੇ ਭਾਈ ਸੰਤ ਸਿੰਘ ਜੀ ਨੇ ਬਹੁਤ ਪਿਆਰ ਭਰਪੂਰ ਸੇਵਾ ਕਰਕੇ ਅਸੀਸਾਂ ਪਾਈਆਂ ਤੇ ਇਥੋਂ ਚਲਦੇ ਚਲਦੇ ਫਿਰ (ਗੁਰ ਬਿਲਾਸ ਦੀ ਲਿਖਤ ਮੁਤਾਬਕ) ਸੰਮਤ ੧੯੯੧ ਬਿਕ੍ਰਮੀ ਨੂੰ ਮੁਲਤਾਨ ਜਾਕੇ (ਰਾਜਾ-ਦੀਵਾਨ ਸਾਵਨ ਮਲ) ਮਹਾਰਾਜਾ ਰਣਜੀਤ ਸਿੰਘ ਦੇ ਗਵਰਨਰ ਦੇ ਮਹਲ ਨੇੜ ਖਾਸ ਆਮ ਨਾਮੀ ਬਾਗ ਵਿਚ ਜਾਏ ਡੇਰਾ ਕੀਤਾ ।

ਨੋਟ–ਸ੍ਰੀ ਬੀਰ ਸ੍ਰਿਗੇਸ ਦੇ ਕਰਤਾ ਪੰਡਤ ਬੇਰ ਸਿੰਘ ਨੇ ਸਕੰਧ ੭ ਧਿਆਏ ੨੧ ਪੂਰਬਾਰਧ ਵਿਚ ਸੀ ਠਾਕਰ ਸੰਤ ਖੁਦਾਏ ਸ਼ਿੰਘ ਜੀ ਦੇ ਮੁਲਤਾਨ ਜਾਏ ਡੇਰਾ ਕਰਨ ਤੋਂ ਅਗੇ ਇਥੋਂ ਦੀ ਕਥਾ ਸੈਕੋਚ ਕੇ–ਹੁਣ ਅਗਲੇ ਸ਼ਬੈਧ ੭ ਵਿਚ ਸੰਤ ਬੀਰ ਸਿੰਘ ਸਾਹਿਬ ਦੀ ਕਥਾ ਸ਼ੁਰੂ ਕੀਤੀ–ਜੋ ਇਸ ਪ੍ਰਕਾਰ ਹੈ–

ਮਹਾਰਾਜ ਸੰਤ ਬੀਰ ਸ਼ਿੰਘ ਜੀ ਨੌਰੰਗਾ ਬਾਦੀਏ

ਬਿਕ੍ਰਮੀ ਸੰਮਤ ੧੯ ਸੋ ਵਿਚ ਪਹਿਲੀ ਵੇਰ ਸੰਤ ਬਾਬਾ ਭਾਗ ਸਿੰਘ ਜੀ ਦੀਆਂ ਅਸੀਸਾਂ ਪਾਏ ਜਦੋਂ ਨੌਰੰਗਾਬਾਦ ਆਏ ਸਨ ਤਾਂ ਨਗਰ ਦੇ ਪੂਰਬ ਵਲ ਫਿਰ ਕੇ ਟਿਕਣ ਨੂੰ ਥਾਂਉ ਦੀ ਭਾਲ ਕੀਤੀ ਫਿਰ ਪੱਛਮ ਵਲ ਉਪ੍ਰੰਤ ਉਤਰ ਵਲ ਘਣਾਂ ਜੰਗਲ ਸੀ ਇਹ ਥਾਂ ਪਸੰਦ ਆਈ ਇਕ ਤਾਂ ਇਕਾਂਤ ਸੀ ਅਤੇ ਨਗਰ ਤੋਂ ਥੋੜਾ ਦੁਰਾਡੇ ਸੀ । ਇਸ ਘਣੇ ਜੰਗਲ ਵਿਚ ਕਈ ਤਰ੍ਹਾਂ ਦੇ ਡਰਾਵਣੇ ਜਾਨਵਰ ਫੀ ਸਨ । ਜਿਸ ਕਰਕੇ ਬਹੁਤੇ ਲੋਕਾਂ ਦੀ ਇਧਰ ਆਵਾ ਜਾਈ ਨਹੀਂ ਸੀ.ਤੇ ਇਕਾਂਤ ਅਸਥਾਨ ਸੀ ਆਪ ਜੀ ਨੇ ਇਥੇ ਡੇਰੇ ਅੰਤਰ ਧਿਆਨ ਹੋਕੇ ਦੇਖਿਆ ਕਿ ਇਹ ਅਸਥਾਨ ਤਾਂ ਬਹੁਤ ਪੁਰਾਤਨ (ਗੁਪਤ ਤੀਰਥ ਰੂਪ) ਹੈ–ਥਾਂਉ ਪਸੰਦ ਕਰਨ ਦਾ ਕਾਰਨ ਏਹੋ ਸੀ ।

ਇਸ ਤੋਂ ਵਖਰੇ ਇਥੋਂ ਦੇ ਵਸਨੀਕਾਂ ਦੀ ਸੀਨੇ ਬਸੀਨੇ ਸੁਣੀ ਸਾਖੀ ਨੇ ਸੰਤ ਬੀਰ ਸਿੰਘ ਜੀ ਨੂੰ ਬਹੁਤ ਪ੍ਰਭਾਵਤ ਕੀਤਾ–ਪਤਾ ਹੋਇਆ ਜੋ ਬਹੁਤ ਸਾਲ ਪਹਿਲੇ ਇਥੇ ਇਕ ਉਦਾਸੀ ਸੰਤ (ਰਾਮ ਦਿਆਲ

ਜੀ ਨਾਮ ਸੀ) ਰਹਿੰਦੇ ਰਹੇ ਬਹੁਤ ਤਪਸਵੀ ਅਤੇ ਪੂਰਨ ਵਾਕ ਸਿੱਧੀ ਵਿਚ ਸਫਲ ਹੋਏ । ਜੋ ਕੁਝ ਸਹਿਜੇ ਆਪ ਦੀ ਜ਼ਬਾਨ ਤੋਂ ਵਾਕ ਨਿਕਲ ਜਾਂਦਾ ਸੀ ਪੂਰਾ ਹੋ ਜਾਂਦਾ ਸੀ । ਉਹਨਾਂ ਨੂੰ ਆਪਣਾ ਅੰਤ ਸਮਾਂ ਨੇੜੇ ਆਇਆ ਜਾਣਿਆਂ ਤਾਂ ਸੇਵਕਾਂ ਚੇਲਿਆਂ ਨੂੰ ਦਸਿਆ ਜੋ ਕੁਝ ਪੁਛਣਾ ਹੈ, ਪੁਛੀਏ । ਅਸੀਂ ਹੁਣ ਅਕਾਲ ਚਲਾਣਾ ਕਰ ਜਾਣਾ ਹੈ ਤਾਂ ਸੇਵਕਾਂ ਦੀ ਪੁੱਛ ਦੇ ਉਤਰ ਵਿਚ ਕਿਹਾ–ਇਥੋਂ ਤੁਸੀਂ ਸਾਰਿਆਂ ਨੇ ਉਜੜ ਜਾਣਾ ਹੈ, ਫੇਰ ਕੁਝ ਸਮਾਂ ਪਾ ਕੇ–ਮਹਾਰਾਜ ਬਾਬਾ ਸਾਹਿਬ ਸ਼ਿੰਘ ਬੇਦੀ ਦੇ ਅਵਤਾਰ ਹੋਏ ਵੇਲੇ ਇਨ੍ਹਾਂ ਦੇ ਚੇਲੇ ਸੰਤ ਭਾਗ ਸਿੰਘ ਤੇ ਇਨ੍ਹਾਂ ਦੇ ਚਰਨ ਸੇਵਕ ਸੰਤ ਬੀਰ ਸਿੰਘ ਜੀ ਆਉਣਗੇ ਉਸ ਵੇਲੇ ਤੀਕ ਇਹ ਅਸਥਾਨ (ਗੁਰੂ ਹਰ ਗੋਬਿੰਦ ਸਾਹਿਬ ਦੀ ਚਰਨ ਛੋਹ ਨਾਲ ਪਵਿਤ੍ਰ ਹੋਇਆ, ਗੁਪਤ ਰਹੇਗਾ ਉਹ ਆਕੇ ਪ੍ਰਗਟ ਕਰਕੇ ਦੋਣਕਾਂ ਵਧਾਉਣਗੇ ਲੰਗਰ ਚਲਾਉਣਗੇ, ਸੇਵਾ ਸਿਮਰਨ ਦਾ ਵਲ ਸਿਖਾ ਕੇ ਕਲਜੁਗੀ ਜੀਵਾਂ ਵਿਚ ਗੁਰਮਤ ਦਾ ਪ੍ਰਚਾਰ ਵਧਾਉਣਗੇ ।

ਇਹ ਲੋਕੀ ਐਸੇ ਪਹਿਲੇ ਬਜ਼ੁਰਗਾਂ ਤੋਂ ਸੁਣੀ ਉਕਤ ਵਾਰਤਾ ਨੂੰ ਇਕਾਂਤ ਜੰਗਲ ਵਿਚ ਬੈਠੇ ਬਾਬਾ ਬੀਰ ਸ਼ਿੰਘ ਨੂੰ ਸੁਣਾਂਦੇ ਰਹੇ ਪਰ ਬਾਬਾ ਜੀ ਨੂੰ ਅਜੇ ਜਾਣਨਾਂ ਨਹੀਂ ਸਨ ਕਿ ਇਹੋ ਬਾਬਾ ਬੀਰ ਸ਼ਿੰਘ ਹਨ । ਹਾਲਾਂ ਕਿ ਸ੍ਰੀ ਬਾਬਾ ਬੀਰ ਸਿੰਘ ਜੀ ਨੇ ਇਥੇ ਆਏ ਬੈਠੇ ਵੇਲੇ ਹੀ ਅੰਤਰ ਆਤਮੇ ਅਨੁਭਵ ਕਰ ਲਿਆ ਸੀ ਕਿ ਇਹ ਅਸਥਾਨ ਕੋਈ ਬਹੁਤ ਪੁਰਾਤਨ ਤੀਰਥ ਅਤੇ ਗੁਪਤ ਹੋਇਆ ਪਿਆ ਹੈ, ਪ੍ਰਗਟ ਕਰਨ ਦੀ ਚਾਹ ਹੈ ਆਈ ।

ਹੁਣ ਇਥੇ ਨਿਵਾਸ ਕੀਤੇ ਮਗਰੋਂ ਬਾਬਾ ਜੀ ਨੇ ਮਧੂਕੜੀ ਮੰਗ ਕੇ ਲਿਆਉਣੀ, ਪਹਿਲੇ ਆਪਣੇ ਪਾਸ ਆਏ ਬੈਠੇ ਕਿਸੇ ਅਤਿਥੀ ਨੂੰ ਪ੍ਰਸ਼ਾਦ ਛਕਾਕੇ ਫਿਰ ਆਪ ਛਕਣਾ ਕੀਤਾ, ਅਤੇ ਆਸ ਪਾਸ ਨੇੜੇ ਹੀ ਕੁਝ ਐਸੀਆਂ ਨਿਸ਼ਾਨੀਆਂ ਦਿਸੀਆਂ ਕਿ ਦਬਿਆ ਪਿਆ ਕੋਈ ਪੁਰਾਤਨ ਖੂਹ ਹੈ । ਉਹਦੀ ਖੁਦਾਈ ਕਰਾਈ ਤਦ ਬੜਾ ਸੁੰਦਰ (ਕੱਚੀ ਲੱਸੀ ਵਾਂਗੂੰ) ਮਿੱਠਾ ਜਲ ਨਿਕਲ ਆਇਆ । ਨਗਰ ਵਾਸੀਆਂ ਨੂੰ ਐਸੀ ਥਾਂ ਦੀ ਆਬਾਦੀ ਹੁੰਦੀ ਦੇਖ ਕੇ ਬਹੁਤ ਖੁਸ਼ੀ ਹੋਣੀ ਸੀ ਸੰਗਤ ਦਾ ਪਰਚਾ ਵੀ ਪੈ ਗਿਆ ਸੀ ।

ਸ੍ਰੀ ਬੀਰ ਸ਼ਿੰਘ ਜੀ ਨੇ ਇਸ ਸ਼ੁਭ ਅਸਥਾਨ ਦਾ ਨਾਮ ਕਿਸੇ ਸ਼ੁਭ ਘੜੀ ਅਰਦਾਸਾ ਸੋਧ ਕੇ "ਸੰਤ ਪੁਰਾ" ਰਖਿਆ ਜੋ ਅਜ ਤੀਕ ਇਸੇ ਨਾਮ ਦਾ ਇਤਿਹਾਸ ਨਾਲ ਸਬੰਧਤ ਹੁਣ ਤੀਕ ਮਸ਼ਹੂਰ ਹੈ । ਇਸ ਤੋਂ ਪਹਿਲੇ ਇਸ ਅਸਥਾਨ ਬਾਬਤ ਲੋਕੀਂ ਦਸਦੇ ਕਿ ਭਿਆਨਕ ਡਰਾਉਣਾ ਜੰਗਲ ਸੀ ਤੇ ਭੂਤ ਪ੍ਰੇਤ ਦੁਭੇਲਾਂ ਦਾ ਅਨੇ ਮਿਥਿਆ ਅਲਾਕਾ ਸੀ । ਪਰ ਜਿਸ ਦਿਨ ਤੋਂ ਸ੍ਰੀ ਸੰਤ ਬੀਰ ਸ਼ਿੰਘ ਜੀ ਨੇ ਆਪਣੇ ਮੁਬਾਰਕ ਵਕਤ ਪਾਏ, ਨਾਮ ਬਾਣੀ ਦਾ ਪ੍ਰਚਾਰ ਚਲਾਇਆ ਤੇ ਲੰਗਰ ਚਲਾ ਰਖਿਆ ਸੀ ਉਕਤ ਸਾਰੀਆਂ ਭ੍ਰਿਸ਼ਟ ਰੂਹਾਂ ਦੀ ਮੁਕਤ ਹੋਈਆਂ ਜਾਂ ਇਸ ਥਾਂ ਤੋਂ ਚਲੀਆਂ ਗਈਆਂ ਸੀ । ਜਿਥੇ ਅਗੇ ਕੋਈ ਆਉਂਦਾ ਤਾਂ ਪੋਣ ਖਾਂਦਾ ਸੀ ਹੁਣ ਆਉਂਦਾ ਤਾਂ ਮਨ ਸ਼ਾਂਤ ਹੋ ਜਾਂਦਾ ਸੀ । ਫਿਰ ਜਿਸ ਦਿਨ ਤੋਂ ਲੋਕਾਂ ਨੂੰ ਇਹ ਪਤਾ ਚਲਿਆ ਕਿ ਇਹੋ ਸੰਤ ਜਿਨ੍ਹਾਂ ਬਾਬਤ ਬਹੁਤ ਸਾਲ ਪਹਿਲੇ ਸੰਤ ਉਦਾਸੀ ਰਾਮ ਦਿਆਲ ਜੀ ਨੇ ਪਹਿਲੇ ਕੋਈ ਕੀਤੀ ਸੀ । ਲੋਕਾਂ ਦੀ ਹੁਣ ਬਾਬਾ ਜੀ ਉਤੇ ਅਥਾਹ ਸ਼ਰਧਾ ਵਧ ਗਈ ਤੇ ਦੁੱਧ ਦਹੀਂ, ਅੰਨ ਲਵੇ ਦੀ ਹੁਣ ਕੋਈ ਤੁਟ ਨਹੀਂ ਰਹੀ ਤੇ ਨਾ ਮਧੂਕੜੀ ਦੀ ਲੋੜ ਪੈਂਦੀ ਸੀ । ਬਾਬਾ ਬੀਰ ਸ਼ਿੰਘ ਜੀ ਦੀ ਜਿਸ ਉਦਰਤਾ ਤੇ ਵਾਕ ਸਿੱਧੀ ਦੀ ਮਾਨੋ ਧਾਂਕ ਪੈ ਚੁਕੀ ਸੀ ਤੇ ਦਿਨ ਭਰ ਮੇਲਾ ਹੀ ਭਰਿਆ ਹੁੰਦਾ ।

ਨੇੜੇ ਤੇੜੇ ਦੇ ਲੋਕੀ ਤਾਂ ਆਕੇ ਆਪਦੇ ਸੁਭ ਵਿਚਾਰ ਸੁਣਦੇ, ਕਥਾ ਕੀਰਤਨ ਦਾ ਲਾਭ ਲੈਂਦੇ । ਪ੍ਰਸ਼ਾਦ ਪਾਣੀ ਛਕਦੇ ਤੁ ਚਲੇ ਜਾਇਆ ਕਰਦੇ ਸਨ ਪਰ ਦੂਰ ਦਰਾਜ ਤੋਂ ਆਏ ਦਰਸ਼ਨ ਅਭਲਾਖੀ ਚਾਹੇ ਕਿ ਦਿਨ ਰਾਤ ਹੀ ਟਿਕਦੇ, ਪਰ ਬਿਸਰਾਮ ਵਾਸਤੇ ਅਤੇ ਲੰਗਰ ਤਿਆਰੀ ਵਾਸਤੇ ਕੋਈ ਪੱਕਾ ਪ੍ਰਬੰਧ ਨਹੀਂ

Scanned with CamScanner

ਸੀ ਤੇ ਇਸ ਬੁੜ ਨੂੰ ਪੂਰਾ ਕਰਨ ਵਾਸਤੇ ਫੁਰਨਾ ਹੋਇਆ, ਸੰਗਤ ਨੂੰ ਸੁਣਾਇਆ ਤੇ ਅਰਦਾਸਾ ਸੋਧੇ ਧਰਤੀ ਪਰ ਟੱਕ ਲਾਇਆ ਤੇ ਪੰਜ ਇੱਟਾਂ ਰਖ ਕੇ ਅਸਥਾਨ ਸੰਤ ਪੁਰੇ ਦੀ ਬੁਨਿਆਦ ਰਖ ਦਿਤੀ। ਕੁਦਰਤ ਕਿਵੇਂ ਸਫਲ ਹੋਇਆ–ਪ੍ਰੇਮ ਨਾਲ ਪੜੀਏ।

ਜੋ ਜੋ ਚਿਤਵੈ ਸੰਤ ਜਨ ਸੋ ਸੋ ਲੇਤਾ ਮਾਨ।

ਆਪ ਜੀ ਅੰਮ੍ਰਿਤ ਵੇਲੇ ਦੇ ਇਸ਼ਨਾਨ ਧਿਆਨ ਤੋਂ ਫਾਰਗ ਹੋਕੇ ਇਕ ਦਿਨ ਦੀਵਾਨ ਸਜਾਏ ਬੈਠੇ ਤੇ ਸਮੂਹ ਸਾਧ ਸੰਗਤ ਵੀ ਆਪ ਦੀ ਰਸਨਾ ਤੋਂ ਅੰਮ੍ਰਿਤ ਰੂਪੀ ਗੁਰਬਾਣੀ ਵੀਚਾਰ ਨੂੰ ਸਰਵਣ ਕਰ ਰਹੀ ਸਨ, ਬਬਦ ਵਿਚਾਰ ਸਮਾਪਤੀ ਹੁੰਦਿਆਂ ਹੀ ਇਕ ਐਸਾ ਮਨੁਖ-ਸਿਖੀ ਰੂਪ ਵਿਚ ਸੇਵਕ ਆਇਆ ਜਿਸ ਨੂੰ ਅਗੇ ਕਿਸੇ ਦੇਖਿਆ ਨਹੀਂ ਸੀ ਤੇ ਨਾ ਹੀ ਇਸ ਮਾਝੇ ਦੇ ਇਲਾਕੇ ਦਾ ਦਿਸਦਾ ਸੀ ਇਸ ਨੇ ਆ ਕੇ ਬਾਬਾ ਬੀਰ ਸਿੰਘ ਜੀ ਅਗੇ ਸਨਮਿਅਰ ਭੈਂਭਉਤ ਬੈਦਨਾਂ ਕੀਤੀ ਤੇ ਆਖਿਆ–ਬਾਬਾ ਜੀ ਮੈਨੂੰ ਕੋਈ ਸੇਵਾ ਬਖਸ਼ੀਏ, ਸੇਵਕ ਹਾਜ਼ਰ ਹੈ। ਉਤਰ ਵਿਚ ਬਾਬਾ ਜੀ ਨੇ ਫੁਰਮਾਇਆ–ਇਹ ਪੁਰਾਤਨ ਤੀਰਥ ਅਸਥਾਨ ਹੈ ਫਿਰ ਗੁਰ ਹਰਗੋਬਿੰਦ ਸਾਹਿਬ ਜੀ ਚਰਨ ਛੋਹ ਨਾਲ ਪਵਿਤਰਤਾ ਨੂੰ ਵਾਧਾ ਕਰ ਚੁਕਾ ਹੈ ਪ੍ਰਗਟਾਣਾ ਹੈ, ਗੁਰੂ ਭਰੋਸੇ ਬੁਨਿਆਦ ਰੱਖ ਦਿਤੀ ਹੈ ਪਰ ਇਟਾਂ ਚੂਨਾ ਤੇ ਲੁਤੀਂਦੇ ਸਮਾਨ ਦੀ ਹੋਂਦ ਨਾਲ ਹੀ ਜਿਹੇ ਬੁੜ ਸਕਦਾ ਹੈ–ਅਗਰ ਇਸ ਸੇਵਾ ਵਿਚ ਆਪਣੇ ਨੂੰ ਸਫਲ ਕਰ ਸਕਦੇ ਹੋ ਤਦ ਕਰੀਏ। ਇਸ ਵਾਕ ਨੂੰ ਸੁਨਦੇ ਸਾਰ ਉਹ ਅਪੂਰਬ ਮਨੁਖ ਪ੍ਰਵਾਨ ਕਰਦਾ ਨਿਮਸਕਾਰ ਕਰਕੇ ਚਲਾ ਗਿਆ–ਪਰ ਲੋਕੀ ਹੈਰਾਨ ਸਨ ਕਿ ਇਹ ਐਸਾ ਧੁੰਮੀ ਕੌਣ ਹੈ ਕਿਥੋਂ ਦਾ ਹੈ ਕੋਈ ਦੱਸ ਨਹੀਂ ਸਕਿਆ ਸੀ–ਪਰ ਬਾਬਾ ਬੀਰ ਸਿੰਘ ਜਾਣਦੇ ਅਤੇ ਮੁਸਕਰਾਂਦੇ ਚੁਪ ਰਹੇ ਸਨ।

ਇਸ ਅਸਨਬੀ ਸੇਵਕ ਦੇ ਚਲੇ ਗਏ ਮਗਰੋਂ ਸਾਧ ਸੰਗਤ ਵੀ ਆਪਣੇ ਘਰਾਂ ਨੂੰ ਗਏ ਪਰ ਥੋੜੇ ਦਿਨ ਬੀਤੇ ਸਨ–ਸਾਰੇ ਪਿੰਡ ਵਿਚ ਸੁਖਾਂ ਨਾਲ ਵਸਦੇ ਜੱਟਾਂ ਜ਼ਿਮੀਂਦਾਰਾਂ ਤੇ ਹੋਰ ਵੀ ਕਾਰੋਂ ਬਾਰੀ ਲੋਕਾਂ ਨੂੰ ਸੀਤ ਦਾ ਜੋਰ ਨਾਲ ਬੁਖਾਰ ਸ਼ੁਰੂ ਹੋਇਆ ਤੇ ਇਵੇਂ ਕੰਬਣ ਲਗੇ ਜਿਵੇਂ ਕੜਾਕੇ ਦੀਆਂ ਸਰਦੀਆਂ ਵਿਚ ਕੋਈ ਨੰਗੇ ਬਦਨ ਕੰਬਦਾ ਹੋਵੇ। ਲੋਕੀ ਬਹੁਤ ਹੈਰਾਨ ਸਨ ਇਹ ਕੀ ਕੌਤਕ ਵਰਤਿਆ ਹੈ ਘਰ ਦੇ ਚਾਰ ਪੰਜ ਜੀਆਂ ਵਿਚੋਂ ਕੋਈ ਇਕ ਦੋ ਬੈਦੇ ਦੀ ਬਚੇ ਹੁੰਦੇ ਕਿ ਇਨ੍ਹਾਂ ਨੂੰ ਦਾਰੂ ਦਵਾਈ ਜਾਂ ਖਾਣ ਪੀਣ ਜੋਗਾ ਕੁਝ ਦੇ ਸਕਦੇ।

ਅਲਾਜ ਵੀ ਅਜ ਕਲ ਵਾਂਙੂ ਹਸਪਤਾਲਾਂ ਵਿਚ ਦਾਖਲੇ ਦਾ ਨਹੀਂ ਸੀ ਕਿਤੇ ਕਿਸੇ ਪਿੰਡ ਵਿਚ ਕੋਈ ਵੈਦ ਹਕੀਮ ਹੁੰਦਾ ਪਰ ਉਹ ਖੁਦ ਵੀ ਬੁਖਾਰ ਨਾਲ ਗ੍ਰਸਤ ਸਨ। ਓੜਕ ਇਸ ਕਬਟ ਤੋਂ ਬਚਾਉਣ ਦੀ ਇਕਾ ਵਿਚਾਰ ਫੁਰੀ ਕਿ ਉਹ ਸ੍ਰੀ ਬਾਬਾ ਬੀਰ ਸਿੰਘ ਪਾਸ ਬੇਨਤੀ ਕਰਨ ਕਿ ਇਸ ਬੀਮਾਰੀ ਤੋਂ ਹੱਥਿਆ ਦਾ ਕੋਈ ਉਪਾਉ ਦਸਨ। ਕੁਝ ਅਰੋਗ ਬੈਦਿਆਂ ਨੇ ਬਾਬਾ ਜੀ ਪਾਸ ਬੇਨਤੀ ਕੀਤੀ ਤਾਂ ਆਪ ਜੀ ਨੇ ਨਿਆਰਾ ਇਲਾਜ ਦਸਿਆ–ਕਿ ਇਸ ਪਵਿਤ੍ਰ ਅਸਥਾਨ ਦੀ ਉਸਾਰੀ ਵਾਸਤੇ ਜਿਸ ਜਿਸ ਵਸਤੂ ਦੀ ਕੋਈ ਸੇਵਾ ਕਰਨ ਦੀ ਭਾਵਨਾਂ ਧਾਰ ਕੇ ਸੇਵਾ ਕਰੇਗਾ ਉਹ ਬਚਿਆ ਰਹੇਗਾ ਅਤੇ ਜਾਂ ਫਿਰ ਸਰਾਂ ਦੀਆਂ ਪੰਜ ਪੰਜ ਇੱਟਾਂ ਲਿਆ ਕੇ ਇਥੇ ਧਰੇਗਾ ਉਹ ਬਚਿਆ ਰਹੇਗਾ ਅਤੇ ਜਾਂ ਫਿਰ ਇਥੇ ਨਾਮ ਸਿੰਮ੍ਰਨ ਦਾ ਪ੍ਰਵਾਹ ਅਤੇ ਅਥਾਹ ਲੰਗਰ ਚਲਣਾ ਹੈ–ਕਿਉਂਕਿ ਇਥੇ ਨਾਮ

ਕਲਿਆਨ ਰੂਪ ਮੰਗਲ ਗੁਣ ਗਾਮੁ ॥ (ਸੁਖਮਨੀ ਸਾਹਿਲ)

ਐਸੀ ਕਰਾਮਾਤ ਵਰਤੀ ਕਿ ਜਿਸਨੇ ਵੀ ਪੰਜ ਪੰਜ ਇੱਟਾਂ ਲਿਆਕੇ ਸੁਟੀਆਂ ਸਨ–ਬੁਖਾਰ ਦੂਰ

ਗਿਆ ਤੇ ਇਉਂ ਸੰਤ ਜੀ ਨੇ ਇਲਾਕੇ ਵਿਚ ਮਾਨੋ ਢੰਡੋਰਾ ਹੀ ਫਿਰਾ ਦਿਤਾ ਸੀ ਕੁਝ ਹੀ ਦਿਨਾਂ ਵਿਚ ਇੱਟਾਂ ਦੇ ਢੇਰ ਚੜ੍ਹ ਗਏ, ਹੋਰ ਸਮਗ੍ਰੀ ਵੀ ਬਹੁਤ ਜਮ੍ਹਾਂ ਹੋਈ ਤਾਂ ਬਾਬਾ ਜੀ ਦੀ ਮਨ ਮਰਜੀ ਦੀ ਅਸਥਾਨ ਉਸਾਰੀ ਸ਼ੁਰੂ ਹੋਕੇ ਸਫਲਤਾ ਨਾਲ ਥੋੜੇ ਅਰਸੇ ਵਿਚ ਹੀ ਮੁਕੰਮਲ ਹੋ ਗਈ।

ਇਸ ਅਸਚਰਜ ਕੌਤਕ ਨੇ ਸ੍ਰੀ ਬਾਬਾ ਜੀ ਦੀ ਕਰਣੀ ਕਰਾਮਾਤ ਅਤੇ ਸਿੰਮ੍ਰਨੀ ਭਗਤੀ ਦਾ ਮਾਨੋ ਡੰਕਾ ਵਜਾ ਦਿਤਾ ਸੀ–ਅੰਨ ਦਾਣੇ ਤੇ ਲੰਗਰ ਵਾਸਤੇ ਹੋਰ ਸਮਿਗ੍ਰੀ ਦੀ ਭੇਟਾ ਕਰਕੇ ਲੋਕੀ ਆਪਣਾ ਭਲਾ ਸਮਝਦੇ ਤੇ ਕਿਰਤ ਕਮਾਈ ਨੂੰ ਸਫਲ ਹੋਇਆ ਸਮਝਣ ਲਗੇ ਸੀ।

ਉਦਾਸੀ ਸਾਧੂ ਮੰਡਲੀ ਦੀ ਈਰਖਾ

ਇਸੇ ਸਾਲ ਸ੍ਰੀ ਅੰਮ੍ਰਿਤਸਰ ਵਿਚ ਦੀਪ ਮਾਲਾ ਦਾ ਮੇਲਾ ਭਰਪੂਰ ਲਗਾ ਸੀ। ਇਲਾਕੇ ਦੀਆਂ ਸਿਖ ਸੰਗਤਾਂ ਤੋਂ ਵਖਰੇ ਪੰਜ-ਛੇ ਹਜ਼ਾਰ ਦੇ ਕਰੀਬ (ਗੁਰਬਿਲਾਸ ਦੀ ਲਿਖਤ) ਉਦਾਸੀ, ਨਿਰਮਲੇ, ਨੇਗੀ ਸੰਨਿਆਸੀ ਸਾਧੂਆਂ ਦਾ ਇਕੱਠ ਸੀ। ਇਨ੍ਹਾਂ ਹੀ ਸੰਤ ਮੰਡਲੀਆਂ ਦੇ ਮਹੰਤਾਂ ਨੇ ਸਲਾਹ ਕੀਤੀ ਕਿ ਮੇਲੇ ਦੀ ਹੂਣ ਸਮਾਪਤੀ ਹੈ ਸੁਣਿਆ ਹੈ ਸ੍ਰੀ ਅੰਮ੍ਰਿਤਸਰ ਤੋਂ ੧੦-੧੨ ਕੋਹ ਦੱਖਣ ਵਲ ਨੌਰੰਗਾਬਾਦ ਨਾਮ ਦੀ ਸਰਾਏ ਹੈ ਉਸ ਨਗਰ ਦੇ ਨੇੜੇ ਸੰਗਲ ਵਿਚ ਬਾਬਾ ਬੀਰ ਸਿੰਘ ਨਾਮ ਦਾ ਕੋਈ ਨਿਰਮਲਾ ਸੰਤ ਹੈ–ਬਹੁਤ ਪ੍ਰਸਿੱਧ ਹੋ ਚੁੱਕਾ ਹੈ ਤੇ ਦਿਨ ਰਾਤ ਲੰਗਰ ਵੀ ਜਾਰੀ ਕਰ ਰਖਿਆ ਹੈ ਬੜਾ ਸਿਧ ਪੁਰਖ ਹੈ, ਆਪ ਸਾਰੇ ਸੰਤਾਂ ਦੀ ਮਰਜੀ ਹੋਵੇ ਤਾਂ ਉਥੇ ਚਲ ਕੇ ਪਰਤਾਵਾ ਕਰੀਏ–ਇਸ ਵਿਚਾਰ ਨਾਲ ਸਹਿਮਤ ਹੋਇਆਂ, ਇਹ ਸਮੂਹ ਸੰਤ ਮੰਡਲੀ ਜੋ ਕਈ ਡੇਖਾਂ ਦੇ ਸਨ ਨੌਰੰਗਾਬਾਦ ਆਕੇ ਸੰਤ ਪੁਰੇ ਦੇ ਅੱਗੇ ਪਿੱਛੇ ਡੇਰੇ ਜਮਾਏ ਬੈਠੇ, ਤੇ ਸੰਖ ਘੜਿਆਲਾਂ ਦੀ ਗੂੰਜ ਨਾਲ ਬਾਬਾ ਬੀਰ ਸਿੰਘ ਜੀ ਅੱਗੇ ਪ੍ਰਸ਼ਾਦ ਭੇਟ ਕਰਕੇ ਨਿਮਸਕਾਰਾਂ ਕੀਤੀਆਂ। ਬਾਬਾ ਜੀ ਨੇ ਯਥਾ ਯੋਗ ਸਾਰੀ ਮਹੰਤ ਮੰਡਲੀਆਂ ਨੂੰ ਬੜੇ ਆਦਰ ਨਾਲ ਜੀ ਆਇਆਂ ਆਖਿਆ–ਤੇ ਕਿਹਾ ਆਪ ਮਹਾਂ ਪੁਰਖਾਂ ਨੇ ਦਰਸ਼ਨ ਦੇ ਕੇ ਨਿਹਾਲ ਕੀਤਾ ਹੈ–ਆਪ ਤਿਆਰ ਲੰਗਰ ਵਿਚੋਂ ਪ੍ਰਸ਼ਾਦ ਛਕਣਾਂ ਚਾਹੋ ਤਾਂ ਗੁਰੂ ਕਾ ਲੰਗਰ ਜਾਰੀ ਹੈ ਜਿਤਨੇ ਦਿਨ ਰਹੋ ਆਦਰ ਨਾਲ ਪ੍ਰਸ਼ਾਦ ਪਾਣੀ ਮਿਲਿਆ ਕਰੇਗਾ। ਜੇ ਵਖਰੀ (ਪੁਥਕ ਰਸਦ) ਵਿਚੋਂ ਲੋੜੇ ਆਪਣੇ ਹੱਥੀ ਤਿਆਰ ਕਰਨਾ ਚਾਹੁਣ ਤਾਂ ਰਸਦ ਵੀ ਮਿਲੇਗੀ–ਤੇਂਦ ਬਹੁਤ ਲੋਕਾਂ (ਡੇਰਿਆਂ ਦੇ ਸੰਤਾਂ ਮਹੰਤਾਂ) ਨੇ ਖੁਸ਼ਕ ਰਸਦ ਚਾਹੀ ਤੇ ਥੋੜੇ ਸੰਤੋਖੀ ਲੋਕਾ ਨੇ ਲੰਗਰ ਵਿਚ ਤਿਆਰ ਪ੍ਰਸ਼ਾਦ ਹੀ ਛਕਣਾ ਪਸੰਦ ਕੀਤਾ।

ਸ੍ਰੀ ਬਾਬਾ ਜੀ ਨੇ (ਲੰਗਰ ਦੇ ਪ੍ਰਬੰਧਕ) ਭੰਡਾਰੀ (ਸਟੋਰ ਕੀਪਰ) ਨੂੰ ਐਸੇ ਹੀ ਸੁਕੀ ਰਸਦ ਦੇਣ ਦੀ ਆਗਿਆ ਕੀਤੀ–ਪਰ ਉਸਨੇ ਬੇਨਤੀ ਕੀਤੀ ਕਿ ਇਸ ਵਕਤ ਗੁਰੂ ਕੇ ਲੰਗਰ ਵਿਚ ਤਿਆਰੀ ਵਾਸਤੇ ਜਿਵਦੇਂ ਤੋਰ ਤੇ ਵਧ ਤੋਂ ਵਧ ੪੦੦ ਸਰੀਰਾਂ ਦਾ ਅੰਨ ਦਾਣਾ ਤੇ ਆਟਾ ਚਾਵਲ ਦਾਲ ਹੈ, ਇਹ ਸਾਰੇ ਸਾਧੂ ਲੰਬੇ ਮਹੰਤਾਂ ਦੀ ਗਿਣਤੀ ਪੰਜ-ਛੀ ਹਜ਼ਾਰ ਦੇ ਲਗ ਭਗ ਹੈ ਕਿਵੇਂ ਪੂਰੀ ਪੈ ਸਕਦੀ ਹੈ। ਤਦ ਸ੍ਰੀ ਬਾਬਾ ਬੀਰ ਸਿੰਘ ਜੀ ਬੋਲੇ ਮੁਸਕ੍ਰਾਏ ਤੇ ਆਖਿਆ–ਸਾਰੀ (ਸਟੋਰ ਵਿਚ ਦੀ) ਰਸਦ ਉਤੇ ਸਵੱਛ ਚਾਦਰ ਪਾਕੇ ਢੱਕ ਦਿਤਾ ਜਾਏ, ਹਰ ਇਕ ਵਸਤੂ ਵਾਸਤੇ ਜੋ ਜੋ ਸੇਵਾਦਾਰ ਬੈਠੇ ਉਹ ਸ੍ਰੀ ਮੂਲ ਮੰਤ੍ਰ ਦਾ ਪਾਠ ਕਰਦਾ ਇਨ੍ਹਾਂ ਸੰਤਾਂ ਦੀ ਅੱਗੇ ਮੁਤਾਬਕ ਪਿੰਡਾ ਜਾਏ ਤੋਟ ਨਹੀਂ ਆਵੇਗੀ–ਜਦੋਂ ਐਸਾ ਹੀ ਕੀਤਾ ਗਿਆ ਤਦ ਉਹਨਾਂ ਸਾਰੀ ਸੰਤ ਮੰਡਲੀਆਂ ਦੀ ਮੰਗੀ ਮੁਤਾਬਕ ਥੋੜੇ ਚਿਰ (ਅੱਧਾ ਪਹਿਰ) ਵਿਚ ਉਹਨਾਂ ਨੂੰ ਭੁਗਤਾਏ ਦਿਤਾ।

ਇਸ ਕੌਤਕ ਨੂੰ ਦੇਖਕੇ ਸਾਧੂ ਮੰਡਲੇਸ਼ਵਰ ਵੀ ਹੈਰਾਨ ਹੋਏ ਤੇ ਵਰਤਾਵੇ ਸੇਵਕ ਵੀ ਗੁਰੂ ਭਰੋਸੇ

Scanned with CamScanner

ਵਿਚ ਬਾਬਾ ਜੀ ਦੇ ਬਹੁਤ ਵਿਸ਼ਵਾਸੀ ਹੁੰਦੇ ਗਏ, ਇਹ ਸਿਲਸਲਾ ਤਿੰਨ ਦਿਨ ਠੀਕ ਜਾਰੀ ਰਿਹਾ ਤੇ ਗੁਰੂ ਕੇ ਭੰਡਾਰੇ ਵਿਚੋਂ ਸਭਨਾ ਨੂੰ ਮਨ ਮਰਜੀ ਦੀ ਰਸਦ ਵੀ ਮਿਲਦੀ ਰਹੀ ਤੇ ਜੋ ਪੰਗਤ ਵਿਚ ਬੈਠੇ ਫਲਵੇ ਰਹੇ ਉਹ ਵੀ ਤ੍ਰਿਪਤ ਹੋ ਕੇ ਛਕਦੇ ਰਹੇ। ਪਰ ਉਕਤ ਸੰਤ ਮੰਡਲੀ ਜੋ ਬਾਬਾ ਬੀਰ ਸਿੰਘ ਦੀ ਪ੍ਰੀਖਿਆ ਕਰਨ ਆਏ ਸਨ ਇਹਨਾਂ ਦੇ ਮਨ ਅਜੇ ਠੀਕ ਸ਼ਾਂਤ ਨ ਹੋਏ ਤੇ ਆਪੋ ਵਿਚ ਵਿਚਾਰਾਂ ਕਰਦੇ ਤੇ ਜੋ ਕੁਝ ਕਹਿੰਦੇ ਸੁਣਦੇ ਰਹੇ (ਅਸੀਂ ਗੁਰ ਬਿਲਾਸ ਮੁਤਾਬਕ ਉਹੀ ਸ਼ਬਦ ਲਿਖ ਕੇ ਪਾਠਕਾਂ ਨੂੰ ਦਸਦੇ ਹਾਂ ਕਿ ਕਿਵੇਂ ਕਪਟੀ ਸਾਧੂਆਂ ਨੇ ਮਤਾ ਪਕਾਇਆ–ਕਿ ਹਮ ਤੋ ਇਸ ਨਿਰਮਲੇ ਸਾਧੂ ਕੀ [ਪ੍ਰੀਖਿਆ ਕਰਕੇ] ਭੰਡੀ ਪੀਟਨਾ ਚਾਹਤੇ ਥੇ ਪਰ ਜੋਹ ਤੋ ਉਲਟਾ ਇਨਕਾ ਯਸ ਹੁਆ, ਕਿ ਕਿਸੇ ਵਸਤੂ ਕੀ ਤੋਟ ਨ ਆਵਤੀ ਭਈ। ਯੇ ਬੜੇ ਅਸਚਰਜ ਕੀ ਬਾਤ ਹੈ?

ਬਾਬਾ ਬੀਰ ਸਿੰਘ ਤਾਂ ਸਮਦਰਸ਼ੀ ਬਡੇ ਦਿਆਲੂ ਪੁਰਖ ਸਨ, ਤਿੰਨ ਦਿਨ ਠੀਕ ਉਕਤ ਮਹੰਤ ਮੰਡਲੀਆਂ ਦੀ ਸੇਵਾ ਇਸ ਵਿਚਾਰ ਨਾਲ ਕੀਤੀ ਕਿ 'ਗੁਰੂ ਕਾ ਲੰਗਰ' ਜੋ ਗੁਰੂ ਕੇ ਆਸਰੇ ਚਾਲੂ ਕਰ ਰਖਿਆ ਹੈ ਇਥੇ [ਜੋ ਆਏ ਸੋ ਰਾਜੀ ਜਾਏ] ਕੋਈ ਭੁਖਾ ਪਿਆਸਾ ਨ ਜਾਏ, ਪਰ ਇਨ੍ਹਾਂ ਕਪਟੀ ਸੰਤਾਂ ਮਹੰਤਾਂ ਦੀ ਨੀਯਤ ਨੂੰ ਵੀ ਜਾਣਦੇ ਤੇ ਚੁੱਪ ਰਹੇ ਸਨ। ਪਰ ਗੁਰੂ ਨਿਰਵੈਰ ਤਾਂ ਸਦਾ ਸਤਾਂ ਮਹੰਤਾਂ ਦਾ ਸਹਾਈ ਹੁੰਦਾ ਆਇਆ [ਠੇਕਾਰੀਆਂ ਨਿੰਦਿਕਾਂ ਪਿਠ ਦੇ ਨਾਮ ਦਿਉ ਮੁਖ-ਲਾਇਆ] ਇਹਨਾਂ ਕਪਟੀ ਮਹੰਤਾਂ ਨੂੰ ਸਿਧੇ ਰਾਹੇ ਪਾਣਾ ਸੀ ਜਿਨ੍ਹਾਂ ਨੇ ਘਰ ਦਰ ਤਾਂ ਰੱਬ ਦੇ ਮਿਲਾਪ ਲਈ ਛਡਿਆ ਪਰ ਕੁਰਾਹੇ ਪੈ ਚੁਕੇ ਸਨ।

ਕੁਦਰਤ ਕਰਤਾਰ ਦੀ ਵਰਤੀ ਕਿ ਜਿਹੜੇ ਨਾਸਤਕ ਮੰਡਲੇਸ਼ਵਰਾਂ ਨੇ ਕਪਟ ਛਲ ਨਾਲ ਸੰਤ ਬੀਰ ਸਿਘ ਦੀ ਹੋਠੀ ਕਰਨੀ ਚਾਹੀ ਸੀ ਤਿੰਨ ਦਿਨ ਛਕੇ ਛਕਾਏ ਬਾਅਦ ਚੌਥੇ ਨੂੰ ਸਵੇਰੇ ਹੀ ਸੰਤ ਬੁਖਾਰ ਨੇ ਲਚਾਰ ਕਰ ਦਿਤਾ ਤੇ ਹਾਏ ਹਾਏ ਮਚ ਗਈ ਸੀ ਇਹ ਕੀ ਹੋਇਆ ਹੈ। ਤੜਫ ਰਹੇ ਤੇ ਹਜ਼ਾਰਾਂ ਦੀ ਗਿਣਤੀ ਦੇ ਬੁਖਾਰ ਨਾਲ ਤੜਫਦੇ ਤੇ ਮੂੰਹੋ ਪਏ ਸੀ, ਪਰ ਕੁਝ ਇਹਨਾਂ ਵਿਚ ਐਸੇ ਵੀ ਸਨ ਜੋ ਉਕਤ ਮਹੰਤ ਮੰਡਲੇਸ਼ਵਰਾਂ ਦੀ ਇਸ ਕਪਟ ਛਲ ਦੀ ਕਾਰਵਾਈ ਨੂੰ ਚੰਗਾ ਨਹੀਂ ਸਮਝਦੇ ਸਨ ਉਹ ਬਚ ਰਹੇ ਸਨ। ਤਦ ਇਹਨਾਂ ਭਲੇ ਪੁਰਖਾਂ ਨੇ ਉਹਨਾਂ ਤੜਫਦੇ ਮਹੰਤਾਂ ਨੂੰ ਕਿਹਾ ਕਿ ਤੁਸੀਂ ਘੋਰ ਅਪ੍ਰਾਧ ਕੀਤਾ ਹੈ ਐਸ ਸਿਧ ਪੁਰਖਾਂ ਦੀ ਤੁਸੀਂ ਭੰਡੀ ਪਿਟਨਾ ਚਾਹੁੰਦੇ ਸੀ ਉਸ ਬੁਰੀ ਚਿਤਵਨੀ ਤੋ ਕਰਨੀ ਦਾ ਤੁਸਾਨੂੰ ਫਲ ਮਿਲਿਆ ਹੈ। ਹੁਣ ਬਚਾਉ ਦਾ ਇਕੋ ਤਰੀਕਾ ਹੈ ਕਿ ਪਛਤਾਵਾ ਕਰਦੇ ਹੋਏ ਉਹਨਾਂ ਦੀ ਚਰਨ ਸ਼ਰਨ ਵਿਚ ਪੈਕੇ ਮੁਆਫੀ ਮੰਗ ਲਈਏ ਤਾਂ ਹੋ ਸਕਦਾ ਹੈ ਉਹ ਸਮਦਰਸ਼ੀ ਮਹਾਂ ਪੁਰਖ ਬਖਸ਼ ਦੇਣਗੇ ਤੇ ਤੁਸੀਂ ਆਪਣੇ ਆਪਣੇ ਡੇਰੇ ਸਥਾਨਾਂ ਵਿਚ ਸੁਖ ਨਾਲ ਜਾ ਸਕੋਗੇ।

ਇਹ ਸਲਾਹ ਤੜਫਦੇ ਕਪਟੀ ਮਹੰਤਾਂ ਨੂੰ ਪਸੰਦ ਆਈ, ਸ੍ਰੀ ਬਾਬਾ ਬੀਰ ਸਿੰਘ ਜੀ ਦੀ ਚਰਨ ਸ਼ਰਨ ਵਿਚ ਜਾਕੇ ਆਪਣੀ ਮਾਨਸਿਕ (ਕਪਟ ਭਰੀ) ਅਵਸਥਾ ਦਾ ਇਕਬਾਲ ਕਰਕੇ ਮੁਆਫੀ ਚਾਹੀ–ਆਖਿਆ ਅਸੀਂ ਆਪ ਦੀ ਦੂਰਦਰੀ ਪਸਰ ਰਹੀ ਸੋਭਾ ਸਿੱਧਤਾ ਨੂੰ ਸਹਿ ਨਹੀਂ ਸਕੇ ਪਰਤਾਵੇ ਦੇ ਖਿਆਲ ਨਾਲ ਆਏ ਸੀ ਪਰ ਆਪ ਧੰਨ ਹੋ ਕਿ ਇਸ ਅਸਥਾਨ ਤੇ ਆਕੇ ਸਾਡੇ ਆਪਣੇ ਕਪਟ ਦਾ ਪਰਤਾਵਾ ਹੋਇਆ ਹੈ ਹੁਣ ਬਖਸ਼ੀਏ ਤੇ ਫੇਰ ਕਦੀ ਐਸਾ ਕੁਕਰਮ ਕਿਸੇ ਥਾਂ ਵੀ ਨਹੀਂ ਕਰਾਂਗੇ।

ਸੰਤ ਮਹਾਰਾਜ ਦਿਆਲੂ ਸਨ ਉਹਨਾਂ ਨੇ ਫੁਰਮਾਇਆ–ਭਾਈ ਸੰਤ ਜਨੋਂ! ਤੁਸੀਂ ਘਰ ਦਰ ਛਡਿਆ, ਬਾਲ ਬੱਚੇ ਤੇ ਸਬੰਧੀਆਂ ਨਾਲੋਂ ਨਾਤਾ ਤੋੜਿਆ ਤੇ ਰੱਬ ਨਾਲ ਜੋੜਨ ਟੁਰੇ ਸੀ ਪਰ ਸਾਧੂ ਭੁੱਖ ਨੂੰ ਤੁਸੀਂ ਕਲੰਕਤ ਕੀਤਾ ਹੈ–ਆਪਣੇ ਭੋਖ ਧਾਰੀ ਹੋਣ ਵਿਚ ਹੀ ਅਭਮਾਨ ਵਿਚ ਆਕੇ ਹੋਇਆਂ ਨੂੰ (ਗਰੀਬੀ ਗਦਾ ਹਮਾਰੀ) ਨੂੰ ਪਰਤਾਲਣਾਂ ਚਾਹਿਆ ਸੀ, ਪਰ ਗੁਰੂਵਾਕ ਹੈ "ਹਰ ਜੀਓ ਠੈਕਾਰ ਨ ਭਾਵਈ ਵੰਞ ਕੂਕ ਸੁਣਾਵੈ" ਤਾਂ ਤੇ ਜੋ ਹੋਇਆ ਜੋ ਤੁਸੀਂ ਕੀਤਾ ਹੈ ਇਹ ਸਾਧੂ ਵਾਸਤੇ ਮਹਾਂ ਪਾਪ ਸੀ, "ਪਰ ਕਰ ਅਵਗਣ ਪਛੋਤਾਵੈ" ਤੁਸੀਂ ਪਛਤਾਵਾ ਕਰਕੇ ਆਪਣੇ ਨੂੰ ਬਚਾ ਲਿਆ ਹੈ। ਸਾਧੂ ਸੰਤ ਦਾ ਫਰਜ ਤਾਂ ਇਹ ਹੈ ਕਿ ਉਹ ਸਚੇ ਦਿਲ ਤੋਂ ਸਭਨਾ ਦੇ ਸਾਜਨ ਹਾਰੇ ਦਾ ਸਿਮਰਨ ਕਰੇ, ਪਰਦੇ ਢਕ ਹੋਵੇ, ਕਿਸੇ ਦਾ ਦੋਖ ਦੇਖ ਕੇ ਵੀ ਅਨਡਿਠ ਕਰੇ ਤੇ ਅਰਦਾਸ ਕਰੇ ਵਾਹਿਗੁਰੂ ਸਭਨਾਂ ਨੂੰ ਸੁਮਤਿ ਬਖਸ਼ੇ, ਕਿਉਂਕਿ ਕੋਈ ਸੱਚਾ ਸਾਧੂ ਉਹ ਹੈ ਜੋ ਆਪਣਾ ਕਾਰਜ ਵਿਗਾੜ ਕੇ ਵੀ ਦੂਜਿਆਂ ਦਾ ਸੰਵਾਰਦਾ ਰਹੇ। ਅਗਰ ਐਸਾ ਨਹੀਂ ਹੈ–ਤਾਂ ਉਸਦਾ ਜਪ ਤਪ ਪਾਠ ਪੂਜਾ ਅਤੇ ਅਠਸਠ ਤੀਰਥਾਂ ਦਾ ਇਸ਼ਨਾਨ ਕੀਤਾ ਕਿਸੇ ਕੰਮ ਦਾ ਨਹੀਂ ਹੈ–ਤਾਂ ਹੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਰਵਿਦਾਸ ਜੀ ਦਾ ਐਸਾ ਫੁਰਮਾਨ ਹੈ—

"ਜੌ ਉਹ ਅਠਿ ਸਠਿ ਤੀਰਥ ਨਾਵੈ ਜੌ ਉਹ ਦੁਵਾਦਸ ਸਿਲਾ ਪੁਜਾਵੈ
ਜੌ ਉਹ ਡੁਪ ਤਟਾ ਦਿਵਾਵੈ–ਕਰੈ ਨਿੰਦ ਸਭ ਬਿਰਥਾ ਜਾਵੈ
ਸਾਧ ਕਾ ਨਿੰਦਕੁ ਕੈਸੇ ਤਰੈ–ਸਰ ਪਰ ਜਾਨੋ ਨਰਕ ਹੀ ਪਰੈ॥ਰਹਾਉ॥
ਜੌ ਉਹ ਗ੍ਰਹਿਨ ਕਰੈ ਕੁਲ ਖੋਤ, ਅਰਪੈ ਨਾਰਿ ਸੀਗਾਰ ਸਮੇਤ"
ਸਗਲੀ ਸਿੰਮ੍ਰਿਤ ਸ੍ਰਵਨੀ ਸੁਨੈ ॥ ਕਰੈ ਨਿੰਦ ਕਵਨੈ ਨਹੀਂ ਗੁਨੈ
ਜੌ ਉਹ ਅਨਿਕ ਪ੍ਰਸਾਦਿ ਕਰਾਵੈ ॥ ਭੂਮਿ ਦਾਨ ਸੋਭਾ ਮੰਡਪਿ ਪਾਵੈ।
ਅਪਨਾ ਬਿਗਾਰਿ ਬਿਰਾਨਾਂ ਸਾਂਵੈ–ਕਰੈ ਨਿੰਦ ਬਹੁਜੋਨੀ ਹਾਂਵੈ –੩
ਨਿੰਦਾ ਕਹਾ ਕਹੁ ਸੰਸਾਰਾ। ਨਿੰਦਕ ਕਾ ਪ੍ਰਗਟਿ ਪਾਹਾਰਾ।
ਨਿੰਦਕੁ ਸੋਧ ਸਾਧਿ ਵੀਚਾਰਿਆ ॥ ਕਹਿ ਰਵਿਦਾਸ ਪਾਪੀ ਨਰਕ ਸਿਧਾਰਿਆ ॥ (੯੭੫)

ਇਸ ਵੇਲੇ ਅੱਖਾਂ ਨਿਵਾਕੇ ਬੁਖਾਰ ਨਾਲ ਪੀੜਤ ਮਹੰਤ ਮੰਡਲੀ ਬਾਬਾ ਬੀਰ ਸਿੰਘ ਜੀ ਤੋਂ ਐਸੇ ਅਮਲਕ ਤੇ ਸਿਖਿਆ ਦੇ ਇਹ ਬਚਨ ਸੁਣ ਰਹੀ ਸੀ, ਬਰਮਿੰਦਗੀ ਨਾਲ ਇਹਨਾਂ ਦਾ ਜਿਥੇ ਪਸੀਨਾ ਵਗ ਰਿਹਾ ਸੀ–ਨਾਲ ਦੇ ਨਾਲ ਬੁਖਾਰ ਵੀ ਟੁਟਦਾ ਜਾ ਰਿਹਾ ਸੀ, ਹੁਣ ਇਹਨਾਂ ਨੂੰ ਪਤਾ ਲਗਾ ਕਿ ਇਸ ਮਹਾਂ ਪੁਰਖ (ਬਾਬਾ ਬੀਰ ਸਿੰਘ) ਦੀ ਨਿਸ਼ਕਾਮ-ਨਿਸ਼ਕਾਮ ਸੇਵਾ ਤੇ ਖੁਸ਼ ਹੋਕੇ ਵਾਹਿਗੁਰੂ ਨੇ (ਰਿਧ ਸਿਧ ਸਭ ਭਗਤਾਂ ਚਰਨੀ ਲਗੀ) ਗੁਪਤ ਸ਼ਕਤੀਆਂ ਇਨ੍ਹਾਂ ਦੇ ਅਧੀਨ ਕਰ ਰਖੀਆਂ ਹਨ ਤਦੇ ਇਤਨੇ ਭਾਰੀ ਸੰਤ ਮਹੰਤਾਂ ਦੀ ਮੰਡਲੀਆਂ (ਗਿਣਤੀ ਪੰਜ ਛੇ ਹਜ਼ਾਰ ਤੋਂ ਵਧ ਸੀ) ਦੀ ਮੂੰਹ ਮੰਗੀ ਰਸਦ ਮਿਲਦੀ ਰਹੀ ਪਰ ਅਗੋਂ ਇਹਨਾਂ ਵਿਚ ਭੁਲਸੇ ਹੋਇਆਂ ਨੂੰ ਸਮਝ ਨਹੀਂ ਆਈ ਹੈ। ਹੁਣ ਇਕ ਪਾਸੇ ਐਸਾ ਕੌਤਕ (ਬੁਖਾਰ ਦੇ) ਹੋਏ ਨਾਲ ਜਿਥੇ ਸਾਡਾ ਠੈਕਾਰ ਟੁਕਾ ਹੈ ਉਥੇ ਉਹਨਾਂ ਮਹਾਂ ਪੁਰਖਾਂ ਦਾ ਵਾਹਿਗੁਰੂ ਨੇ ਵਧੇਰੇ ਜੱਸ ਪ੍ਰਗਟਾਇਆ ਹੈ, ਗੁਰੂ ਵਾਕ ਜੋ ਅਟੱਲ ਹੈ ਤੇ ਸਦਾ ਸੱਚ ਹੈ–

"ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ ॥
ਹਰਿ ਜੀਓ ਆਪਣੀ ਵਡਿਆਈ ਭਾਂਵਦੀ ਜਨਕਾ ਸੇਕਾਰ ਕਰਾਈ ॥ (੬੫੨)

ਉਕਤ ਸਾਧੂ ਮੰਡਲੀ ਨੂੰ ਹਉਮੈਂ ਦੇ ਰੋਗ ਤੋਂ ਅਰੋਗ ਕੀਤਾ (ਹਉਮੈ ਵਡਾ ਰੋਗ ਹੈ) ਸਦਾ ਵਾਸਤੇ ਨਿਆਰੇ ਕਰਾਇਆ–ਆਪਣੇ ਜੀਵਨ ਮਨੋਰਥ ਨੂੰ ਸਫਲਾ ਕਰਨ ਦਾ ਉਪਦੇਸ਼ ਸੁਣਾਕੇ ਵਿਦਾ ਕੀਤਾ ਜੋ ਜਿਥੇ ਵੀ ਇਹ ਲੋਕ ਗਏ ਸਨ, ਸ੍ਰੀ ਬੀਰ ਸਿੰਘ ਦੀ ਮਹਿਮਾਂ 'ਪ੍ਰਗਟਾਂਵੇ' ਰਹੇ ਕਿ ਖਿਮਾਂ ਸੰਤੋਖ ਦੀ ਮੂਰਤੀ

Scanned with CamScanner

ਹਨ, ਸਮਝਦੇ ਹੋਇਆਂ ਵੀ ਸਰਾਪ ਨਹੀਂ ਦਿਤਾ ਸਗੋਂ ਸੁਮਤਿ ਬਖਸ਼ੀ ਹੈ ਕਿ ਅੱਗੇ ਨੂੰ ਕਿਸੇ ਸਾਧੂ ਸੰਤ ਦੀ ਪ੍ਰਭਤਾ ਦੇਖ ਕੇ ਉਹਦਾ ਪਰਤਾਵਾ ਨਹੀਂ ਲੋਣਾ ਚਾਹੀਏ–ਸਗੋਂ ਖਿਮਾ ਸਰੂਪ [ਇਹਨਾਂ ਬਾਬਾ ਬੀਰ ਸਿੰਘ ਜੀ] ਨੇ ਇਹਨਾਂ ਬੋਲਾਂ ਨੂੰ ਆਪਣੇ ਤੇ ਪ੍ਰਤਖ ਵਰਤਿਆ ਤੇ ਵਰਤਾਇਕੇ ਵਖਾਇਆ ਹੈ—

ਮਿਠਾ ਬੋਲਨ ਨਿਵ ਚਲਨ ਹੱਥੋਂ ਬੀ ਕੁਛ ਦੇਇ
ਰਬ ਤਿਨਾਂ ਦੀ ਝੁਕਲੀ ਜੰਗਲ ਕਿਆ ਢੂੰਡੇਇ ।।

ਐਸੇ ਹਨ ਬਾਬਾ ਬੀਰ ਸਿੰਘ ਜੀ ।

ਬਾਬਾ ਬੀਰ ਸਿੰਘ ਸੰਤ ਭਾਗ ਸਿੰਘ ਦੇ ਦਰਸ਼ਨ ਵਾਸਤੇ (ਕੁਰੀ ਮੇ) ਗਏ

ਗੁਰ ਬਿਲਾਸ ਬੀਰ ਮ੍ਰਿਗੇਸ਼ ਦੇ ਕਰਤਾ ਪੰਡਤ ਸ਼ੋਰ ਸਿੰਘ ਨੇ ਸਵਾ ੭੯ ਦੇ ੩ ਸਕੰਧ ਪੂਰੇ ਅਧਿਆਏ ਉਤਰਾਧੇ ਵਿਚ ਲਿਖਿਆ–ਕਿ ਬਾਬਾ ਬੀਰ ਸਿੰਘ ਜੀ ਦੀ ਪ੍ਰੀਖਿਆ ਵਾਸਤੇ ਕਪਟੀ ਮਹੰਤ ਮੰਡਲੀ ਜੋ ਆਈ ਤੇ ਬਾਬਾ ਜੀ ਦੀ ਪ੍ਰੀਖਿਆ ਕਰਦੀ ਖੁਦ ਪਛੁਤਾਈ ਤੇ ਮੁਆਫੀ ਮੰਗਦੀ ਦੇਂਦੀ ਆਪਣੇ ਆਪਣੇ ਡੇਰੇ ਅਸਥਾਨਾਂ ਨੂੰ ਗਈ ਸੀ ਇਹ ਸਾਖੀ ਅਸੀਂ "ਸ੍ਵਾਮੀ ਸਚਦਾਨੰਦ ਸਮਸ੍ਰਤੀ" ਦੀ ਜਬਾਨੀ ਸੁਣੀ ਤੇ ਲਿਖੀ ਹੈ। ਸਵਾਮੀ ਸਚਦਾਨੰਦ ਉਸ ਵੇਲੇ ਦਾ ਇਕ ਪ੍ਰਸਿਧ ਵਿਦਵਾਨ ਮੰਡਲੇਸ਼ੁਰ ਸੀ। ਜਿਸਦੇ ਕਈ ਚੇਲੇ ਅਤੇ ਵਿਦਿਆਰਥੀ ਨਾਲ ਸਨ। ਇਹ ਪੋਠੋਹਾਰ ਵਿਚ ਜਾਂਦੇ ਹੋਇਆਂ ਇਕ ਨਗਰ ਵਿਚ ਠਹਿਰੇ ਤਾਂ ਇਥੋਂ ਦੇ ਇਕ ਸੁਘ ਸਿੰਘ ਨਾਮੀ ਗੁਰਸਿਖ ਨੇ ਸੰਤ ਮੰਡਲੀ ਨੂੰ ਮਿਨਸਕਾਰ ਕੀਤੀ ਅਤੇ ਬੜੇ ਪ੍ਰੇਮ ਨਾਲ ਘਰ ਲਿਜਾਕੇ ਪ੍ਰਸ਼ਾਦ ਪਾਣੀ ਦੀ ਸੇਵਾ ਨਿਭਾਈ।

ਸ੍ਵਾਮੀ ਜੀ ਨੇ ਦਸਿਆ ਕਿ ਉਸਦੀ ਪ੍ਰੇਮ ਸਹਿਤ ਕੀਤੀ ਸੇਵਾ ਤੇ ਪ੍ਰਸੰਨ ਹੋ ਕੇ ਅਸੀਂ ਪੁਛਿਆ ਭਾਈ ਸੁੱਖਾ ਸਿੰਘ–ਤੈਨੇ ਜੋ ਇਤਨੀ ਵਡੀ ਗਿਨਤੀ ਦੀ ਸੰਤ ਮੰਡਲੀ ਦੀ ਸੇਵਾ ਕੀਤੀ ਹੈ ਇਹ ਕਿਸੇ ਧਾਰਮਕ ਵਿਚਾਰ ਰਖਦੇ ਸਤਿ ਸੰਗੀ ਤੋਂ ਬਿਨਾਂ ਨਹੀਂ ਕੀਤੀ ਜਾ ਸਕਦੀ ਤੈਨੂੰ ਕਿਸ ਮਹਾਂ ਪੁਰਖ ਦੀ ਸੰਗਤ ਤੋਂ ਐਸੀ ਲਾਗ ਲਗੀ ਹੈ–ਤਦ ਉਸ ਨੇ ਦਸਿਆ ਕਿ ਸ੍ਵਾਮੀ ਜੀਓ। ਇਸੇ ਤਰ੍ਹਾਂ ਇਕ ਵੇਰ ਬਾਬਾ ਬੀਰ ਸਿੰਘ ਜੀ ਕੁਰੀ ਨੂੰ (ਪਠੋਹਾਰ-ਰਾਵਲ ਪਿੰਡੀ ਵਲ) ਜਾਂਦੇ ਇਥੇ ਆਏ ਠਹਿਰੇ ਸੀ ਉਹਨਾਂ ਦੀ ਸੇਵਾ ਵੀ ਯਥਾ ਯੋਗ ਕੀਤੀ ਗਈ, ਉਸ ਵੇਲੇ ਮੇਰੀ ਆਰਥਕ ਹਾਲਤ ਬਹੁਤ ਪਤਲੀ ਸੀ ਪਰ ਮੇਰੀ ਸੇਵਾ ਤੇ ਪ੍ਰਸੰਨ ਹੋਕੇ ਉਨ੍ਹਾਂ ਮੈਨੂੰ ਪੰਜ ਪੈਸੇ ਦਿਤੇ ਕਿ ਸੰਭਾਲ ਰਖਣੇ। ਹੋਰ ਕਿਰਤ ਕਮਾਈ ਕਰਨ ਤੋਂ ਗੁਜਾਰੇ ਮਗਰੋਂ ਜੋ ਬਚ ਜਾਏ ਇਸ ਸੰਦੂਕੜੀ ਵਿਚ ਪਾਏ ਰਖਣਾ ਤੇ ਲੋੜ ਵੇਲੇ ਸਤਿਨਾਮ ਵਾਹਿਗੁਰੂ ਆਖ ਕੇ ਕਢਣਾ ਪਰ ਇਹ ਪੰਜ ਪੈਸੇ ਉਸੇ ਨਵੀਨ ਸੰਦੂਕੜੀ ਵਿਚ ਸੰਭਾਲੇ ਰਖਣਾ ਤੋਟ ਨਹੀਂ ਆਵੇਗੀ–ਭਾਈ ਸੁੱਖਾ ਸਿੰਘ ਨੇ ਸ੍ਵਾਮੀ ਜੀ ਨੂੰ ਦਸਿਆ ਕਿ ਉਹਨਾਂ ਦੀ ਸੰਗਤ ਅਤੇ ਸਿਖਿਆ ਨਾਲ ਮੇਰੀ ਉਸ ਦਿਨ ਤੋਂ ਕਾਇਆ ਪਲਟ ਚੁਕੀ ਹੈ ਜਿਥੇ ਮੈਨੂੰ ਆਪਣੇ ਸ੍ਰੀ ਸਰੂਪ ਨਿਜਾਤਮੇ ਦੀ ਸੋਝੀ ਹੋਈ ਹੈ ਅਤੇ ਸਾਧੂ ਸੰਤ ਕਿਸੇ ਵੀ ਆਏ ਗਏ ਅਤਿਥੀ ਦੀ ਸੇਵਾ ਦਾ ਚਾਓ ਬਣਿਆ ਰਹਿੰਦਾ ਹੈ ਉਹਨਾਂ ਪੰਜ ਪੈਸਿਆਂ ਦੀ ਸੰਭਾਲ ਅਤੇ ਬਰਕਤ ਨਾਲ ਧਨ ਪਰਦਾਰਥ ਦੀ ਕੋਈ ਤੋਟ ਨਹੀਂ ਰਹੀ। ਇਹ ਸਭ ਕੁਝ ਬਾਬਾ ਬੀਰ ਸਿੰਘ ਦੀ ਕ੍ਰਿਪਾ ਦ੍ਰਿਸ਼ਟੀ ਦਾ ਸਦਕਾ ਹੈ।

ਭਾਈ ਸੁੱਖਾ ਸਿੰਘ ਨੂੰ ਸ੍ਰੀ ਬਾਬਾ ਬੀਰ ਸਿੰਘ ਜੀ ਦੇ ਡੇਰ ਕਈ ਵੇਰ ਦਰਸ਼ਨ ਹੁੰਦੇ ਰਹੇ ਜਦੋਂ ਕਿ ਉਹ ਸਾਲ ਬਾਦ ਬਾਬਾ ਸੰਤ ਭਾਗ ਸਿੰਘ ਦੇ ਦਰਸ਼ਨ ਨੂੰ ਕੁਰੀ ਜਾਂਦੇ ਅਤੇ ਇਕ ਦੋ ਰਾਤਾਂ ਇਥੇ ਟਿਕਦੇ ਹੁੰਦੇ ਸਨ ਤੇ ਸਹਿਜ ਸੁਭਾਏ ਉਨ੍ਹਾਂ ਦੀ ਰਸਨਾ ਤੋਂ ਉਕਤ ਕਪਟੀ ਮਹੰਤ ਮੰਡਲੀ ਦੀ ਕਰਤੂਤ ਦੀ ਸਾਖੀ ਸੁੱਖਾ ਸਿੰਘ ਨੇ ਸੁਣੀ ਤੇ ਸ੍ਵਾਮੀ ਜੀ ਨੂੰ ਸੁਣਾਈ ਸੀ, ਤੇ ਸੱਵਾਮੀ ਜੀ ਤੋਂ ਸੁਣ ਕੇ ਲੇਖਕ (ਪੰਡਤ ਸ਼ੋਰ ਸਿੰਘ) ਨੇ ਲਿਖੀ ਹੈ।

ਆਪਣੇ ਅੰਤ ਸਮੇਂ ਦਾ ਭਵਿਖਤ ਬਚਨ

ਸਵਾਮੀ ਸਚਦਾਨੰਦ ਨੇ ਪੰਡਤ ਸ਼ੋਰ ਸਿੰਘ ਨੂੰ ਇਹ ਵੀ ਦਸਿਆ ਕਿ ਮੈਤੋਂ (ਸੁੱਖਾ ਸਿੰਘ) ਨੇ ਸਹਿਜ ਸੁਭਾਏ ਪੁੱਛ ਕੀਤੀ ਕਿ ਕਿਸੇ ਵੀ ਸਰੀਰ ਦਾ ਅੰਤ ਹੋਣਾ ਨਮਿਤ ਕਾਰਨ ਹੁੰਦਾ ਕੋਈ ਬੁਖਾਰ ਕਰਕੇ, ਕੋਈ ਅਚਨਚੇ ਹਾਦਸੇ ਕਰਕੇ ਕੋਈ ਕਿਸੇ ਸ਼ਸਤ੍ਰ ਪ੍ਰਹਾਰ ਆਦਿਕ ਕਾਰਨ ਬਨ ਜਾਵੇ ਸੋ ਸਰੀਰ ਛੁਟਦਾ ਤੇ ਜੀਵ ਆਤਮਾ ਨੂੰ (ਅੰਤ ਮਤਾ ਸੋਈ ਗਤਾ) ਉਸ ਸਮੇਂ ਦੀ ਮਾਨਸਕ ਅਵਸਥਾ ਅਨੁਸਾਰ ਪੁਨਰ ਜਨਮ ਪਾਣਾ ਪੈਂਦਾ ਹੈ ਜਿਵੇਂ–ਭਗਤ ਤ੍ਰਲੋਚਨ ਜੀ ਦਾ ਮਹਾਂ ਵਾਕ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਪਿਆ ਹੈ।

ਅੰਤ ਕਾਲਿ ਨਾਰਾਇਨ ਸਿਮਰੈ ਐਸੀ ਚਿੰਤਾ ਮਹਿ ਜੋ ਮਰੈ
ਬਦਤ ਤ੍ਰਿਲੋਚਨੁ ਤੇ ਨਰ ਮੁਕਤਾ ਪੀਤੰਬਰ ਵਾਕੇ ਰਿਦੈ ਬਸੈ। (੫੨੬)

ਭਾਵ–ਮੰਦ ਵਾਸ਼ਨਾਂ ਵਾਲੇ ਦਾ ਅੰਤ ਉਸ ਦੇ ਮਾਨਸਿਕ ਵਾਸ਼ਨਾਂ ਅਨੁਸਾਰ ਹੀ ਪਸ਼ੂ, ਪੰਖੀ ਜਾਂ ਪ੍ਰੇਤ ਜੂਨ ਮਿਲਦੀ ਅਤੇ ਪ੍ਰਮੇਸ਼ਵਰ ਦੇ ਸਿਮਰਨ ਦੇ ਅਭਿਆਸੀ ਨੂੰ ਸ਼ੁਭ ਗਤੀ ਪ੍ਰਾਪਤ ਹੁੰਦੀ, ਉਹ ਆਵਾ ਗਉਣ ਦੇ ਗੇੜ ਤੋਂ ਮੁਕਤ ਰੂਪ ਹੋ ਜਾਂਦਾ ਹੈ।

ਸੱਵਾਮੀ ਸਚਦਾ ਨੰਦ ਨੇ ਭਾਈ ਸੁਖਾ ਦੀ ਜ਼ਬਾਨੀ ਸੁਣੀ ਵਾਰਤਾ ਨੂੰ ਮੇਰੇ ਪਾਸ-ਇਹ ਵੀ ਦਸਿਆ ਕਿ ਮੈਂ (ਸੁਖਾ ਸਿੰਘ) ਨੇ ਬੇਨਤੀ ਦਵਾਰਾ ਪੁਛਿਆ ਸੀ ਬਾਬਾ ਜੀਉ ! ਆਪ ਤਾਂ ਹਰ ਵੇਲੇ ਰੱਬ ਦੇ ਪ੍ਰੇਮ ਰੰਗ ਵਿਚ ਰੰਗੇ ਸਮਦਰਸ਼ੀ ਮਹਾਂ ਪੁਰਖ ਹੋ ਆਪ ਦਾ ਅੰਤ ਸਮਾਂ ਵੀ ਕਿਸ ਤਰ੍ਹਾਂ ਨਮਿਤ ਕਾਰਨ ਨਾਲ ਹੋਣਾ ਹੈ ਤਦ ਉਹਨਾਂ ਦਸਿਆ ਕਿ ਸਾਡਾ ਅੰਤ ਸਮਾਂ (ਸਰੀਰ ਪਰ) ਸ਼ਸਤਰ ਪਰਹਾਰ ਨਾਲ ਹੋਣਾ ਹੈ ਤਾਂ ਹੈਰਾਨ ਹੋ ਕੇ ਸੁਖਾ ਸਿੰਘ ਦੀ ਪੁਛ ਦੇ ਜਵਾਬ ਵਿਚ ਉਹਨਾਂ ਕਿਹਾ ਕਿ ਕਾਰਨ ਕਰਤੇ ਵੰਸ਼ ਹੈ, ਗੁਰੂ ਐਸਾ ਹੀ ਭਾਣਾ ਵਰਤਨਾ ਹੈ। ਇਸ ਤਰ੍ਹਾਂ ਦੇ ਵਾਰਤਾਲਾਪ ਰਾਤ ਸਮੇਂ ਦੀ ਮੁਠੀ ਚਾਪੀ ਦੀ ਸੇਵਾ ਸਮੇਂ ਬਾਬਾ ਬੀਰ ਸਿੰਘ ਜੀ ਨੇ ਸੁਣਾਇਆ ਸੀ–ਸਵੇਰੇ ਹੁੰਦੇ ਸਾਰ ਹੀ ਉਹ ਸਾਨੂੰ ਅਸੀਸਾਂ ਦਿੰਦੇ ਕੁਰੀ ਵਲ–(ਬਾਬਾ ਭਾਗ ਸਿੰਘ ਜੀ) ਦੇ ਦਰਸ਼ਨ ਨੂੰ ਚਲੇ ਗਏ ਸੀ ਭਾਈ ਸੁਖਾ ਸਿੰਘ ਨੇ ਦਸਿਆ ਕਿ ਇਹ ਜ਼ਿਕਰ ਉਹਨਾਂ ਨੇ ਆਪਣੇ ਸਰੀਰ ਛੜਣ ਤੋਂ ਬਹੁਤ ਪਹਿਲੇ ਦਸਿਆ ਸੀ ਕਿ ਐਸਾ ਹੀ ਨਮਿਤ ਕਾਰਨ ਹੋਣਾ ਹੈ ਜੋ ਸੁਖਾ ਸਿੰਘ ਤੋਂ ਸੁਣਿਆ ਸੱਚਦਾ ਨੰਦ ਸਰਸਵਤੀ ਨੇ ਪੰਡਤ ਸ਼ੋਰ ਸਿੰਘ ਨੂੰ ਸੁਣਾਇਆ ਤੇ ਲਿਖਿਆ ਸੀ।

ਕੁਰੀ ਜਾ ਕੇ ਸੰਤ ਬਾਬਾ ਭਾਗ ਸਿੰਘ ਦੇ ਦਰਸ਼ਨ ਕੀਤੇ

ਆਪਣੇ ਨਿਯਮ ਅਨੁਸਾਰ ਇਕ ਵੇਰ ਬਾਬਾ ਬੀਰ ਸਿੰਘ ਜੀ ਨੇ ਕੁਰੀ (ਪੋਠੋਹਾਰ) ਵਿਚ ਜਾ ਕੇ ਦਰਸ਼ਨ ਕੀਤੇ ਪ੍ਰਸਪਰ ਪ੍ਰਮਾਰਥ ਬਚਨ ਬਿਲਾਸ ਕਰਨ ਉਪ੍ਰੰਤ ਬਾਬਾ ਬੀਰ ਸਿੰਘ ਨੂੰ ਖਾਹਸ਼ ਹੋਈ ਕਿ

Scanned with CamScanner

ਆਪ ਸੰਤ ਭਾਗ ਸਿੰਘ ਇਕ ਮਹਾਨ ਆਤਮਾਂ ਰਿਧ ਸਿਧ ਦੇ ਭੰਡਾਰ ਸਮਦਰਸੀ ਸਮਰਥ ਹਨ ਮੈਨੂੰ ਵਿਸ਼ਨੂੰ ਭਗਵਾਨ ਰੂਪ ਵਿਚ ਦਰਸ਼ਨ ਦੇ ਕੇ ਨਿਹਾਲ ਕਰਨ ਤਾਂ ਆਪਣੇ ਨੂੰ ਵਡਭਾਗੀ ਸਮਝਾਂਗਾ–ਸਚਮੁਚ ਦੂਜੀ ਰਾਤ ਬੀਤੇ ਮਗਰੋਂ ਪ੍ਰਭਾਤ ਵੇਲੇ ਦੇ ਇਸ਼ਨਾਨ ਮਗਰੋਂ ਸੰਤ ਭਾਗ ਸਿੰਘ ਸਿਮਰਨ ਧਿਆਨ ਵਿਚ ਬੈਠੇ ਤਦ ਬੀਰ ਸਿੰਘ ਜੀ ਨੇ ਨਿਮਸਕਾਰ ਕੀਤੀ, ਸੰਤ ਭਾਗ ਸਿੰਘ ਜੀ ਨੇ ਸੀਸ ਪਰ ਹੱਥ ਫੇਰਦੇ ਅਸੀਸ ਦਿਤੀ ਜਦੋਂ ਚਰਨਾਂ ਤੋਂ ਸੀਸ ਉਠਾਇਆ ਤਾਂ ਕੀ ਵੇਖਦੇ ਕਿ ਆਪ ਵਿਸ਼ਨੂੰ ਭਗਵਾਨ ਰੂਪ ਵਿਚ, (ਸ਼ੇਖ ਚਲ੍ਹ ਗਦਾ ਸਹਿਤ) ਦਰਸ਼ਨ ਹੋਏ। ਬਾਬਾ ਬੀਰ ਸਿੰਘ ਜੀ ਅਸਚਰਜ ਹੋਏ। ਪ੍ਰਸੰਤਾ ਵਿਚ ਪੂਰਨ ਤੇ ਪ੍ਰੇਮ ਰੰਗ ਵਿਚ ਰੰਗਿਆਂ ਨੇ ਦੁਬਾਰਾ ਜਦੋਂ ਵਿਸ਼ਨ ਰੂਪ ਅਗੇ ਨਿਮਸਕਾਰ ਕਰਕੇ ਸੀਸ ਉਠਾਇਆ ਤਾਂ ਫੇਰ ਸੰਤ ਭਾਗ ਸਿੰਘ ਹੀ ਆਸਨ ਪਰ ਸੁਸ਼ੋਭਤ ਸਨ। ਇਸ ਵੇਲੇ ਸੰਤ ਭਾਗ ਸਿੰਘ ਜੀ ਬਾਬਤ ਬਾਬਾ ਬੀਰ ਸਿੰਘ ਜੀ ਦੇ ਮੱਨ ਵਿਚ ਪ੍ਰੇਮ ਨੇ ਜੋ ਉਛਾਲਾ ਖਾਧਾ ਸੀ ਉਹੀ ਜਾਣ ਸਕਦੇ ਸਨ ਪ੍ਰੇਮ ਬੇਪ੍ਰਵਾਹੀ ਵਿਚ ਗਦ ੨ ਹੋਇਆ। ਇਸ ਤਰ੍ਹਾਂ ਦੀ ਉਸਤਤੀ ਕੀਤੀ ਜੋ ਗੁਰ ਬਿਲਾਸ ਸਫਾ ੯੯੩ ਪਰ ਧਿਆਏ ਤਿੰਨ ਵਿਚ ਲਿਖੀ ਹੈ-ਬੀਰ ਸਿੰਘ ਜੀ ਬੋਲੇ—

"ਨਮੋ ਸ੍ਰਤੇ ਨਾਥ ਪਰਮ ਕਿਰਪਾਲੰ ॥ ਨਮੋ ਦੀਨ ਬੰਧੂ ਨਮੋ ਸਰਬ ਪਾਲੰ ॥
ਕ੍ਰਿਪਾ ਸਿੰਧ ਸ੍ਵਾਮੀ ਜਗੰਨਾਥ ਧਿਆਰੇ ॥ ਨਮੋ ਸਰਬ ਕਰਤਾ ਸਦਾ ਨਿਰ ਬਿਕਾਰੇ ॥
ਨਮੋ ਨਾਥ ਨੇਤੀ ਜਿਨੈ ਵੇਦ ਸਾਰੇ ॥ ਦੀਜੈ ਭਗਤ ਦਾਨੰ ਨਮੋ ਲੋਕ ਤਾਰੇ ॥
ਨਹੀਂ ਤੁਮ ਸਮੰ ਔਰ ਕੋ ਜਗਤ ਹੋਤੰ ॥ ਨਮੋ ਅਸ੍ਤੇ ਨਾਥ ਸੈਸਾਰ ਸੋਤੰ ॥

ਇਸ ਤਰ੍ਹਾਂ ਦੀ ਬੜੇ ਪਿਆਰ ਭਰੇ ਸ਼ਬਦਾਂ ਵਿਚ ਉਸਤਤੀ ਕੀਤੀ ਤਦ ਸ੍ਰੀ ਭ ਗ ਸਿੰਘ ਜੀ ਨੇ ਅਸ਼ੀਰਵਾਦ ਦਿਤੀ ਤੇ ਫੁਰਮਾਇਆ ਜੋ ਚਾਹੋ ਸੋ ਮੰਗ ਸ਼ਕਦੇ ਹੋ, ਤਬ ਬੀਰ ਸਿੰਘ ਜੀ ਨੇ ਓਨਤੀ ਕੀਤੀ ਸਿਵਾਏ ਆਪ ਦੀ ਕ੍ਰਿਪਾਲਤਾ ਬਖਸ਼ਿਸ਼ ਅਤੇ ਨਾਮ ਸਿਮਰਨ ਸੇਵਾ ਭਗਤੀ ਬਿਨਾਂ ਹੋਰ ਕੁਝ ਨਹੀਂ ਚਾਹੀਏ, ਸੋ ਪ੍ਰਸੰਨ ਮੁਖ ਹੁੰਦੇ ਹੋਇਆਂ ਸੰਤ ਭਾਗ ਸਿੰਘ ਜੀ ਨੇ ਫੁਰਮਾਇਆ–"ਤਥਾ ਅਸਤੂ" ਭਾਵ ਐਸਾ ਹੀ ਹੋਵੇਗਾ।

ਇਸ ਤਰ੍ਹਾਂ ਨਾਲ ਬਾਬਾ ਬੀਰ ਸਿੰਘ ਸੰਤ ਭਾਗ ਸਿੰਘ ਜੀ ਦੀ ਸੇਵਾ ਵਿਚ ਬਹੁਤ ਦਿਨ ਰਹੇ, ਮਗਰੋਂ ਅਸੀਸਾਂ ਪਾਂਦੇ ਆਪਣੇ ਸੰਤ ਪੁਰੇ ਨੋਰੰਗਾਬਾਦ ਚਲੇ ਆਏ ਤੇ ਪਿਛੋ ਟਿਕੀਆਂ ਸੰਗਤਾਂ ਦੀਆਂ ਤਰਸੀਆਂ ਅੱਖਾਂ ਨੂੰ ਦਰਸ਼ਨ ਦੇ ਕੇ ਠਾਰਿਆ ਤੇ ਨਿਹਾਲ ਕੀਤਾ।

ਭਵਿਖਤ ਬਾਣੀ ਕੀਤੀ ਸੱਚ ਹੋਈ

ਸੰਤ ਬੀਰ ਸਿੰਘ ਜੀ ਆਪਣੇ ਡੇਰੇ ਸੰਤਪੁਰੇ (ਨੋਰੰਗਾਬਾਦ) ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸਿਮਰਨ ਧਿਆਨ ਵਿਚ ਬੈਠੇ, ਦੇ ਬਹੁਤ ਚਿਰ ਬੀਤੇ ਮਗਰੋਂ ਚੌਤੰਨ ਹੋਏ ਵੇਲੇ–ਨੇੜੇ ਵਸਦੇ ਸਾਰੇ ਸੇਵਕਾਂ ਸਤਿਸੰਗੀਆਂ ਨੂੰ (ਪ੍ਰਭਾਤ ਵੇਲਾ ਸੀ) ਆਖਿਆ–ਗੋਬਿੰਦ ਲੋਰੋ–(ਰੱਬ ਦੇ ਪਿਆਰਿਓ) ਹੁਣ ਦੇ ਭਾਦਰੋਂ ਮਹੀਨੇ ਦੀਆਂ ਬਾਰਸ਼ਾਂ ਅਤੇ ਧੁਪਾਂ ਸੋ ਦਿਨਾਂ ਵਿਚ ਬਹੁਤ ਸਖਤ ਹੋਜੇ ਦੀ ਬੀਮਾਰੀ ਪੈ ਜਾਣੀ ਹੈ ਪਰ ਤੁਸੀਂ ਅਸਥਾਨ ਛੱਡ ਕੇ ਜਾਣਾ ਨਹੀਂ, ਇਸ ਆਪਣੇ ਖੂਹ ਦਾ ਜਲ ਜੋ ਪੀਵੇਗਾ ਉਹ ਬਚ ਜਾਏਗਾ–ਇਸ ਬੀਮਾਰੀ ਵਿਚ ਪਾਣੀ ਦੀ ਪਿਆਸ ਬਹੁਤ ਲਗਦੀ ਹੈ, ਪਾਣੀ ਦੇਣਾ ਠੀਕ ਨਹੀਂ ਹੈ, ਪਾਣੀ ਦੇਣ ਨਾਲ ਬੀਮਾਰ ਛੇਤੀ ਮਰ ਜਾਂਦਾ ਹੈ, ਪਰ ਇਸ ਖੂਹ ਦਾ ਜਲ ਪੀਤੇ ਨਾਲ ਬਚ ਜਾਏਗਾ।

ਦੁਦਰਤ ਕਰਤਾਰ ਦੀ ਸੰਮਤ ੧੯੯੦ ਬਿਕ੍ਰਮੀ ਵਿਚ ਐਸਾ ਹੀ ਹੋਇਆ–ਭਾਦਰੋਂ ਦੇ ਮਹੀਨੇ ਵਿਚ ਸਾਰੇ ਓਸ ਵਿਚ ਹੈਜਾ ਫੈਲ ਗਿਆ। ਘਰ ਘਰ ਥੰਦੇ ਮਰਨ ਲੱਗ ਪਏ। ਇਕੋ ਉਲਟੀ ਅਤੇ ਦਸਤ ਹੋਣ ਦੀ ਦੇਰ ਹੁੰਦੀ ਤਾਂ ਬੀਮਾਰ ਦੇ ਪ੍ਰਾਣ ਨਿਕਲ ਜਾਂਦੇ। ਮੁਰਦਿਆਂ ਨੂੰ ਉਠਾਣਾ ਸਸਕਾਰ ਨੂੰ ਲਿਜਾਣਾ ਤੇ ਮੁਸਲਮਾਨਾਂ ਨੂੰ ਦਬਾਣਾ ਮੁਸ਼ਕਿਲ ਹੋ ਗਿਆ। ਬਹੁਤ ਲੋਕੀਂ ਮਿਲ ਕੇ ਬੀਰ ਸਿੰਘ ਪਾਸ ਆਏ, ਪ੍ਰਾਰਥਨਾ ਕੀਤੀ ਤੇ ਬੁਰਮਾਇਆ–"ਸਤਿਨਾਮ ਸ੍ਰੀ ਵਾਹਿਗੁਰੂ" ਇਸ ੯ ਅੱਖਰਾਂ ਦੇ ਮੰਤਰ ਨੂੰ ਪੜ੍ਹ ਕੇ ਤੇ ਖੂਹ ਦਾ ਜਲ ਲਿਜਾ ਕੇ ਜਿਸ ਬੀਮਾਰ ਦੇ ਮੁਖ ਵਿਚ ਮੰਤਰ ਪੜੇ ਨਾਲ ਪਾਵੇਗੀ ਉਹ ਬਚ ਰਹੇਗਾ। ਤਦ ਐਸਾ ਹੀ ਹੋਇਆ ਤੇ ਦੂਰ ਦੂਰ ਤੀਕ ਜਲ ਲਿਜਾ ਕੇ ਸਤਿਨਾਮ ਸ੍ਰੀ ਵਾਹਿਗੁਰੂ ਮੰਤਰ ਦੇ ਉਚਾਰਨ ਨਾਲ ਜਿਸ ਨੂੰ ਪਿਲਾਏ ਰਹੀ ਲੋਕ ਬਚ ਗਏ ਸਨ, ਇਸ ਤਰ੍ਹਾਂ ਦੀ ਇਸ ਕਰਾਮਾਤੀ ਖੂਹ ਦੇ ਜਲ ਦੀ ਬਰਕਤ ਦਾ ਮਾਨੋ ਵੰਡਿਆ ਹੀ ਪਿਟ ਗਿਆ ਤੇ ਮਰੀਜ਼ਾਂ ਨੂੰ ਮਾਨੋ ਨਵੀਂ ਜ਼ਿੰਦਗੀ ਮਿਲ ਰਹੀ ਸੀ।

ਉਨ੍ਹੇ ਵਿਚ ਵਸਦੇ ਸ੍ਰੀ ਬਾਬਾ ਸਾਹਿਬ ਸਿੰਘ ਜੀ ਨੇ ਸੁਣਿਆਂ ਤਾਂ ਉਹਨਾਂ ਵੀ ਉਢਾਂ ਸੋਨੇ ਦੀਆਂ ਤੇ ਚਾਂਦੀ ਦੀਆਂ ਗਾਗਰਾਂ ਦੇ ਕੇ ਕੁਝ ਸਿਖਾਂ ਨੂੰ ਭੇਜਿਆ ਕਿ ਉਸ ਖੂਹ ਦਾ ਜਲ ਲਿਆਉਣਾ। ਬਾਬਾ ਬੀਰ ਸਿੰਘ ਜੀ ਮੁਸਕਰਾਏ, ਉਹਨਾਂ ਸਾਰੇ ਆਏ ਪ੍ਰਾਹੁਣਿਆਂ ਦੀ ਸੇਵਾ ਸੰਭਾਲ ਮਗਰੋਂ ਫੁਰਮਾਇਆ ਇਸ ਸਭ ਸ਼ਕਤੀ ਬਾਬਾ ਸਾਹਿਬ ਸਿੰਘ ਜੀ ਦੀ ਆਪਣੀ ਹੈ, ਦਾਸ ਨੂੰ ਤਾਂ ਵਡਿਆਈ ਦੇਣੀ ਚਾਹੁੰਦੇ ਹਨ-ਬੀਰ ਮ੍ਰਿਗੇਸ਼ ਸ਼ਫਾ ੯੯੭ ਪਰ ਐਸੇ ਲਿਖਿਆ ਹੈ—

"ਸ੍ਰੀ ਗੁਰੂ ਸਾਹਿਬ ਸਿੰਘ ਜੀ ਬੋਲੇ ਬਚਨ ਰਸਾਲ ॥
ਬੀਰ ਹਰੀ ਕੇ ਕੂਪ ਕਾ ਲਿਆਵਹੁ ਜਲ ਤਤ ਕਾਲ ॥ (ਧਿਆਏ ੪)

ਸ੍ਰੀ ਬਾਬਾ ਸਾਹਿਬ ਸਿੰਘ ਜੀ ਵਲੋਂ ਆਏ ਸਿੰਘਾਂ ਪ੍ਰਾਹੁਣਿਆਂ ਦਾ ਬਾਬਾ ਬੀਰ ਸਿੰਘ ਜੀ ਨੇ ਬਹੁਤ ਸਤਿਕਾਰ ਕਰਾਇਆ। ਕਈ ਦਿਨ ਰਖਿਆ ਫਿਰ ਜਲ ਦੀਆਂ ਗਾਗਰਾਂ ਭਰਵਾ ਕੇ ਖਾਮ ਕਰਾ ਕੇ ਜੋ ਬਹੁਤ ਕੁਝ ਭੇਟਾ ਬਸਤਰ ਆਦਿਕ ਨਾਲ ਦੇ ਕੇ ਆਇਆਂ ਪ੍ਰਾਹੁਣਿਆਂ ਨੂੰ ਟੋਰਿਆ। ਜਦੋਂ ਉਹ ਵਾਪਸ ਊਨੇ ਪਹੁੰਚੇ ਤੇ ਸ੍ਰੀ ਬਾਬਾ ਸਾਹਿਬ ਸਿੰਘ ਪਾਸ ਸਾਰੀ ਭੇਟਾ ਅਤੇ ਜਲ ਦੀਆਂ ਗਾਗਰਾਂ ਅਰਪਨ ਕੀਤੀਆਂ, ਬਾਬਾ ਜੀ ਨੇ ਗਾਗਰਾਂ ਖੁਲਵਾ ਕੇ ਖੁਦ ਵੀ ਜਲ ਪਾਨ ਕੀਤਾ ਅਤੇ ਸਾਰੇ ਨਗਰ ਵਿਚ ਭੰਡੋਰਾ ਫਿਰਵਾ ਕੇ ਨਗਰ ਵਾਸੀਆਂ ਨੂੰ ਬੁਲਵਾਇਆ ਤੇ ਇਸ ਜਲ ਦੀ ਮਹਾਨਤਾ ਦਸਦੇ ਹੋਇਆਂ ਸਾਰਿਆਂ ਪੂਤੀ ਵਰਤ ਦੀ ਪ੍ਰੇਰਨਾ ਕੀਤੀ। ਵਾਹਿਗੁਰੂ ਦੀ ਕ੍ਰਿਪਾ ਨਾਲ ਉਕਤ ਬੀਮਾਰੀ ਦਾ ਅਸਰ ਊਨਾਂ ਨਿਵਾਸੀਆਂ ਪਰ ਹੀ ਨਾ ਹੋਇਆ।

ਮਹਾਰਾਜਾ ਰਣਜੀਤ ਸਿੰਘ ਸੰਤ ਪੁਰੇ ਆਏ

ਬਾਬਾ ਬੀਰ ਸਿੰਘ ਦੇ ਇਸ ਖੂਹ ਦੇ ਜਲ ਦੀ ਪ੍ਰਤੱਖ ਸ਼ਕਤੀ ਭਰੀ ਤਾਸੀਰ ਦੀ ਤਾਰੀਫ ਲਾਹੌਰ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਸੁਣੀ ਉਹਨਾਂ ਨੇ ਮੁਸਾਹਿਬ ਭੇਜ ਕੇ ਮਿਲਣ ਦੀ ਆਗਿਆ ਚਾਹੀ ਜੋ ਪ੍ਰਵਨ ਹੋਈ ਤੇ ਬਾਬਾ ਜੀ ਨੇ ਆਏ ਸਰਕਾਰੀ ਮੰਦਿਆਂ ਹੱਥ ਆਖ ਭੇਜਿਆ ਕਿ ਉਹ ਖੁਦ ਆਵਣ ਜਾਂ ਆਪਣੇ ਨਾਲ ਚਾਹੇ ਬਹੁਤ ਸਰਕਾਰੀ ਸੇਵਕਾਂ ਨੂੰ ਲਿਆਵਣ ਪਰ ਭੇਟਾ ਅਰਪਨ ਨੂੰ ਕੁਝ ਨਾ ਲਿਆਵਣਾ, ਸੋ ਜੀ ਮਹਾਰਾਜਾ ਰਣਜੀਤ ਸਿੰਘ ਜਦੋਂ ਆਏ ਸੀ ਬਹੁਤ ਕੁਝ ਨਕਦੀ ਮੋਹਰਾਂ ਤੇ ਬਸਤ੍ਰ ਆਦਿਕ ਅਤੇ

Scanned with CamScanner

ਪਤਾਸਿਆਂ ਦੇ ਟੋਕਰੇ ਭਰਵਾ ਲਿਆ ਕੇ ਭੇਟ ਕੀਤੇ। ਪਰ ਬਾਬਾ ਜੀ ਨੇ ਸਿਵਾਇ ਪਤਾਸਿਆਂ ਦੇ, ਉਹ ਸੀ ਸਰਕ਼ਾਰੀ ਆਏ ਕਰਮਚਾਰੀਆਂ ਵਿਚ ਵੰਡ ਦਿਵਾਏ ਤੇ ਬਾਕੀ ਦਾ ਸਭ ਕੁਝ ਮੋੜ ਦਿੰਦੇ ਹੋਏ ਆਖਿਆ— ਇਸ ਜਲ ਦੀ ਕੀਮਤ ਨਹੀਂ ਲੋਟੀ ਅਸੀਂ ਦੁਕਾਨਦਾਰੀ ਨਹੀਂ ਚਲਾਈ ਹੋਈ। ਲੰਗਰ ਤਾਂ ਗੁਰੂ ਬਾਬਾ ਸਾਹਿਬ ਸਿੰਘ ਦਾ ਅੱਠੇ ਪਹਿਰ ਚਾਲੂ ਹੈ, ਭੰਡਾਰੇ ਭਰੇ ਪਏ ਹਨ। ਗੁਰੂ ਦੀਆਂ ਸੈਂਗਤਾਂ ਅਪੀ ਲਿਆਉਂਦੀਆਂ ਤੇ ਛਕਦੀਆਂ ਛਕਾਉਂਦੀਆਂ ਹਨ। ਆਪ ਵੀ ਪਹਿਲੇ ਲੰਗਰ ਤੋਂ ਪ੍ਰਬਾਦਾ ਛਕਦੇ ਤੇ ਫਿਰ ਜਲ ਪਾਨ ਕਰੀਏ। ਮਹਾਰਾਜਾ ਸਾਹਿਬ ਨੇ ਐਸਾ ਹੀ ਕੀਤਾ।

ਸ੍ਰੀ ਬਾਬਾ ਜੀ ਦਾ ਐਸਾ ਤਿਆਗ ਤੇ ਪ੍ਰਭਾਵਤ ਕਰਨ ਵਾਲੇ ਅਮੋਲਕ ਬਚਨਾਂ ਦਾ ਮਹਾਰਾਜਾ ਸਾਹਿਬ ਪਰ ਬਹੁਤ ਅਸਰ ਹੋਇਆ। ਦੇਖਿਆ ਕਿ ਹਜ਼ਾਰਾਂ ਆਦਮੀਆਂ ਦੀ ਬਿਨਾਂ ਭਿੰਨ ਭੇਤ ਵਿਤਕਰੇ ਤੇ ਸਾਰੇ ਪ੍ਰਬਾਦਾ ਛਕਦੇ ਪਏ ਹਨ, ਕੋਈ ਜਗੀਰ ਨਹੀਂ, ਹੋਰ ਕੋਈ ਆਮਦਨ ਦਾ ਵਸੀਲਾ ਨਹੀਂ ਸਿਵਾਏ ਇਸ ਇਲਾਕੇ ਦੇ ਲੋਕੀ ਆਪਣੀ ਕਮਾਈ ਸਫਲ ਕਰਨ ਨੂੰ ਬਹੁਤ ਕੁਝ ਅੰਨ ਦਾਣਾਂ ਤੇ ਦੁਧ ਦਹੀਂ ਆਦਿ ਲਿਆ ਲਿਆ ਕੇ ਗੁਰੂ ਕੇ ਲੰਗਰ ਵਿਚ ਧਰਦੇ ਜਾਂਦੇ ਹਨ।

ਮਹਾਰਾਜਾ ਰਣਜੀਤ ਸਿੰਘ ਅਤੇ ਸ੍ਰੀ ਬਾਬਾ ਜੀ ਦੀ ਮੁਲਾਕਾਤ ਅਤੇ ਬਚਨ ਬਿਲਾਸ ਜਿਥੇ ਕਹੇ ਹੁਣੇ ਗਏ, ਉਹ ਅਸਥਾਨ ਉਸ ਵੇਲੇ ਬਰਨੀਆਂ ਦੇ ਹੇਠਾਂ ਥੋੜੇ ਸਨ, ਗੁਰ ਬਿਲਾਸ ਦਾ ਲੇਖਕ (ਪੰਡਤ ਸ਼ੋਰ ਸਿੰਘ) ਲਿਖਦਾ ਉਸ ਥਾਂ ਬਾਅਦ ਵਿਚ ਸੈਂਗਤਾਂ ਨੇ ਪੱਕਾ ਅਸਥਾਨ (ਦਮਦਮਾ) ਬਣਾਇਆ, ਜੋ ਹੁਣ ਤੀਜ ਯਾਦਗਾਰੀ (ਇਤਿਹਾਸਕ) ਅਸਥਾਨ ਦਿਸਦਾ ਪਿਆ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਬੜੇ ਪਿਆਰ ਨਾਲ ਬਾਬਾ ਜੀ ਦੇ ਹੁਕਮ ਅਨੁਸਾਰ–"ਸਤਿਨਾਮ ਸ੍ਰੀ ਵਾਹਿਗੁਰੂ" ਨੋਂ ਅੱਖਰ ਮੰਤਰ ਦਾ ਉਚਾਰਨ ਕਰਕੇ ਅੰਮ੍ਰਿਤ ਰੂਪ ਜਲ ਛਕਿਆ। ਬਹੁਤ ਸਾਰੇ ਬਰਤਨ ਗਾਗ਼ਰਾਂ, ਵੱਲਟੋਹੇ ਆਦਿਕ ਭਰਵਾ ਕੇ ਲਿਆ ਜਾ ਕੇ ਆਪਣੇ ਮਹਿਲਾਂ ਵਿਚ ਰਾਣੀਆਂ ਤੇ ਸਹਿਜ਼ਾਦਿਆਂ ਭਾਈਆਂ ਵੀ ਐਸੇ ਹੀ ਮੰਤਰ ਦੇ ਉਚਾਰਨ ਨਾਲ ਜਲ ਛਕਵਾਇਆ ਤੇ ਹੋਰ ਵੀ ਸ਼ਹਿਰ ਵਿਚ ਜੋ ਕੋਈ ਇਸ ਹੋਜ਼ ਦੀ ਮੂਜੀ ਮੁਰਜ ਦਾ ਮਰੀਜ਼ ਸੀ ਉਹਨਾਂ ਤਾਈਂ ਵੀ ਆਪਣੇ ਸੇਵਕਾਂ ਹੱਥੀਂ ਭਿਜਵਾ ਕੇ ਛਕਵਾਇਆ ਤੇ ਸਾਰੇ ਬਚ ਜਾਂਦੇ ਰਹੇ ਸਨ। ਇਸ ਖੂਹ ਦੇ ਜਲ ਦੀ ਬਰਕਤ ਹੀ ਨਹੀਂ ਬਲਕਿ ਮਹਾਂ ਪੁਰਖ ਪੂਰਨ ਬ੍ਰਹਮ ਗਿਆਨੀ, ਸਮਦਰਸੀ ਬਾਬਾ ਬੀਰ ਸ਼ਿੰਘ ਜੀ ਦੀ ਸੇਵਾ, ਸਿਮਰਨ, ਘਾਲ ਕਮਾਈ ਅਤੇ ਕਠਨ ਤਪੁਸਿਆ ਦਾ ਫਲ ਸੀ ਕਿ ਉਹਨਾਂ ਇਸ ਜਲ ਦੀ ਮਹਿਮਾਂ ਵਿਚ ਜੋ ਸ਼ਬਦ ਕਹੇ ਸਨ, ਸ਼ਤਿ ਹੋਏ ਤੇ ਸਾਰੇ ਦੇਸ਼ ਵਿਚੋਂ ਇਸ ਮੂਜੀ ਮਰਜ ਦਾ ਖਾਤਮਾਂ ਕਰਨ ਨੂੰ–"ਸਾਧ ਬਚਨ ਅਟਲਾਧਾ" ਕਰ ਵਿਖਾਇਆ ਸੀ–

ਨੋਟ—ਅਜ ਇਸ ਖੂਹ ਦੀ ਮਹਾਨਤਾ ਤੇ ਅੰਮ੍ਰਿਤ ਜਲ ਦੀ ਸ਼ਕਤੀ ਤੋਂ ਲੋਕ ਸ਼ਾਇਦ ਜਾਣੂ ਨਾ ਹੋਵਣ ਪਰ ਇਸ ਸਾਖੀ ਨੇ ਉਹੀ ਮਹਾਨਤਾ ਪ੍ਰਗਟ ਕਰ ਦਿਤੀ ਤੇ ਕਰਨੀ ਹੈ ਅਤੇ ਸਤਿਨਾਮ ਸ੍ਰੀ ਵਾਹਿਗੁਰੂ ੯ ਅਖਰੀ ਮੰਤਰ ਦੇ ਉਚਾਰਨ ਨਾਲ ਇਸ ਖੂਹ ਦੇ ਜਲ ਨੂੰ ਜੋ ਕੋਈ ਵੀ ਛਕੇਗਾ, ਮੇਰਾ ਵਿਸ਼ਵਾਸ ਹੈ ਕਿ ਉਹ ਛੇਤੂਰ ਹੀ ਇਸ ਮੂਜੀ ਮਰਜ ਤੋਂ ਬਚ ਜਾਏਗਾ।–ਲੇਖਕ

ਜਸਵੰਤ ਸਿੰਘ ਤੋਂ ਖੁਦਾ ਸਿੰਘ ਤੇ ਨਿਹਾਲ ਸਿੰਘ ਤੋਂ ਮਹਾਰਾਜ ਸਿੰਘ ਇਹ ਉਪ ਨਾਮ ਕਿਵੇਂ ਪ੍ਰਗਟ ਹੋਏ ?

ਪਿਛਲੇ ਪੰਨਿਆਂ ਵਿਚ ਵਿਸਥਾਰ ਨਾਲ ਦਸਿਆ ਹੈ ਕਿ ਸੰਤ ਖੁਦਾ ਸਿੰਘ ਦਾ ਪਹਿਲਾ ਨਾਮ ਜਸਵੰਤ ਸਿੰਘ ਸੀ, ਜਦੋਂ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਕੁਰੜੀ ਨਾਮ ਦੇ ਨਗਰ ਵਿਚ ਬਾਣੀਏ ਦਾ ਸਨ ਫਿਰ ਬਾਬਾ ਬੀਰ ਸਿੰਘ ਜੀ ਦੀ ਕਿਰਪਾ ਦੇ ਪਾਤਰ ਹੋਇਆਂ ਬਹੁਤ ਅਸਤਾਨੀ ਦਿਸ਼ਾ ਵਿਚ ਕਾਬਲ ਕੰਧਾਰ ਨੂੰ ਗਏ ਸਨ, ਨਾਲ ਦੋ ਪ੍ਰੇਮੀ ਸਾਥੀ ਹੋਰ ਵੀ ਸਨ, ਨਾਮ ਪਿਛੇ ਲਿਖੇ ਹਨ ਉਧਰ ਹੀ ਇਹਨਾਂ ਨੇ ਆਪਣੇ ਆਪ ਨੂੰ ਖੁਦਾ ਸਿੰਘ, ਦੂਜੇ ਨੂੰ ਹਜ਼ਰਤ ਮੁਹੰਮਦ ਸਾਹਿਬ ਤੇ ਤੀਜੇ ਨੂੰ ਹਜ਼ਰਤ ਅਲੀ ਰੂਪ ਵਿਚ ਦਸਿਆ, ਨਤੀਜਨ ਹੀ ਰਹਿੰਦੇ ਸਨ, ਸਖਤ ਸਰਦੀ ਵਿਚ ਵੀ ਆਪਣੀ ਕਤਨੀ ਕਮਾਈ ਤੇ ਕਠਨ ਤਪੱਸਿਆ ਕਾਰਨ ਇਤਨੀ ਵਾਕ ਸਿਧੀ ਹੋਈ ਕਿ ਜੋ ਮੁਖ ਤੋਂ ਕਹਿੰਦੇ ਸੋ ਹੋ ਜਾਂਦਾ ਰਿਹਾ ਸੀ, ਵਿਰੋਧੀ ਤੁਰਕ ਪਠਾਣਾਂ ਨੇ ਮਾਰਨਾ ਚਾਹਿਆ ਪਰ ਹੱਥ ਉਠਾਣ ਵਾਲਿਆਂ ਦੀਆਂ ਬਾਹਵਾਂ ਉਠ ਨਾ ਸਕੀਆਂ ਤੇ ਚੁਪ ਹੋ ਰਹੇ ਸੀ। ਉਹਨਾਂ ਦਿਨਾਂ ਤੋਂ ਹੀ ਇਹਨਾਂ ਦਾ ਨਾਮ ਇਤਿਹਾਸਕ ਤੌਰ ਤੇ ਖੁਦ ਸਿੰਘ ਪ੍ਰਸਿਧ ਹੋਇਆ ਸੀ। ਬਾਬਾ ਬੀਰ ਸਿੰਘ ਦੇ ਇਹ ਪੂਰਨ ਬਖਸ਼ਿਸ਼ਾਂ ਦੇ ਪਾਤਰ ਰਹੇ। ਬਾਬਾ ਬੀਰ ਸਿੰਘ ਜੀ ਤੋਂ ਬਹੁਤ ਪ੍ਰੇਮੀ ਹੋਰ ਵੀ ਵਰੋਸਾਏ ਪਰ ਇਹਨਾਂ ਸਿਧ ਪੁਰਖਾਂ ਦੇ ਮੂੰਹ ਤੋਂ ਜੋ ਵਾਕ ਨਿਕਲਦਾ ਸਤਿ ਹੋ ਜਾਂਦਾ ਰਿਹਾ ਸੀ।

ਸੰਤ ਬੀਰ ਸਿੰਘ ਦਾ ਇਹ ਨਿਯਮ ਰਿਹਾ ਕਿ ਉਹ ਸਾਲ ਵਿਚ ਇਕ ਵੇਰੀ ਜ਼ਰੂਰ ਸੰਤ ਭਾਗ ਸਿੰਘ ਜੀ ਦੇ ਦਰਸ਼ਨ ਨੂੰ ਕੁਰੀ ਜਾਇਆ ਕਰਦੇ। ਹਾਲਾਂ ਕਿ ਇਥੇ ਨੌਰੰਗਾਬਾਦ ਦੇ ਸੰਤਪੁਰੇ ਡੇਰੇ ਦਾ ਵਿਸ਼ਵਾਰ ਬਹੁਤ ਵਧ ਗਿਆ ਸੀ। ਆਪ ਦੇ ਪੱਕੇ ਡੇਰੇ ਤੋਂ ਲਗਭਗ ਪੰਜ ਛੇ ਮੀ ਕਦਮ ਉਤਰ ਵਲ ੨੦-੨੫ ਵਿਘੇ ਜ਼ਮੀਨ ਦੇ ਗਿਰਦੇ ਵਿਚ ਬਾਗ਼ ਤੇ ਕਿਲ੍ਹੇ ਵਾਂਗ ਦੀਵਾਰ ਵਲਗ ਦਿਤੀ ਹੋਈ ਸੀ ਫਿਰ ਵੀ ਆਪ ਬਾਹਰ ਹੀ ਰਹਿੰਦੇ ਰਹੇ। ਜਦੋਂ ਸੰਤ ਭਾਗ ਸਿੰਘ ਜੀ ਦੇ ਦਰਸ਼ਨ ਨੂੰ ਕੁਰੀ ਜਾਂਦੇ ਤਦ ਆਪ ਦੇ ਨਾਲ ਸਾਵਣ ਸਿੰਘ ਲਵੇਰਾ ਨੌਰੰਗਾਬਾਦੀਆ ਤੇ ਦੀਵਾਨ ਸਿੰਘ ਮਝੈਲ ਵੀ ਹੁੰਦੇ, ਫਿਰ ਖੁਦ ਜਦੋਂ ਵਾਪਸ ਆਉਂਦੇ ਤਦ ਇਹਨਾਂ ਦੋਹਾਂ ਨੂੰ ਸੰਤ ਭਾਗ ਸਿੰਘ ਜੀ ਦੀ ਸੇਵਾ ਵਾਸਤੇ ਛਡ ਆਇਆ ਕਰਦੇ ਤੇ ਇਹ ਵੀ ਛੇ ਛੇ ਮਹੀਨੇ ਠੀਕ ਰਿਹਾ ਕਰਦੇ।

ਪੰਡਤ ਸ਼ੋਰ ਸਿੰਘ (ਲੇਖਕ ਗੁਰ ਬਿਲਾਸ) ਲਿਖਦਾ ਕਿ ਉਕਤ ਦੋਵੇਂ ਪ੍ਰੇਮੀ ਵੀ ਸ੍ਰੀ ਭਾਗ ਸਿੰਘ ਜੀ ਸੈਂਗਤ ਕਰਕੇ ਜੀਵਨ ਮੁਕਤ ਰੂਪ ਹੋਏ, ਅਤੇ ਇਕ ਭਾਈ ਉਤਮ ਸਿੰਘ ਨਾਮ ਦਾ ਪੋਠੋਹਾਰੀਆ ਸਿਖ ਵਿਚਾਲੀ ਗਤ ਪ੍ਰਭਾਤ ਵੇਲੇ ਸੰਤ ਭਾਗ ਸਿੰਘ ਨੂੰ ਚਾਹ ਛਕਾਂਦਾ ਹੁੰਦਾ ਸੀ, ਜਦੋਂ ਕਿ ਉਹ ਇਸ਼ਨਾਨ ਕਰ ਰਹੇ ਹੁੰਦੇ (ਇਹ ਜ਼ਿਕਰ ਤ ਸਕੈਚ ਪਿਆਏ ਪੰਜ ਸਵਾ ੯੧੫ ਉਤੇ ਬੀਰ ਮ੍ਰਿਗੇਂਦ ਰਾਂਟੇਚ ਵਿਚੋਂ ਲਿਖਿਆ ਹੈ)। ਇਹ ਨੌਰੰਗਾਬਾਦ ਵੀ ਆਉਂਦਾ ਸੀ।

ਇਸੇ ਤਰ੍ਹਾਂ ਭਾਈ ਭੋਲਾ ਸਿੰਘ ਮਾਲਵੇ ਦਾ, ਅਤੇ ਛੋਟੇ ਸੰਤ ਵੀਰ ਸਿੰਘ ਕੋਹੇ ਕੇ ਤੇ ਮੁਸਦਾ ਸਿੰਘ ਮਿੰਟਗੁ ਵਾਲੀਆ ਵੀ ਬਾਬਾ ਭਾਗ ਸਿੰਘ ਪਾਸ ਬਹੁਤ ਅਰਸਾ ਰਹਿੰਦੇ ਰਹੇ, ਇਹਨਾਂ ਤੋਂ ਵਖਰੇ ਭਾਈ ਵਜੀਰ ਸਿੰਘ ਫੁੱਦੀ ਤੇ ਖੜਗ ਸਿੰਘ ਨੌਰੰਗਾਬਾਦੀਆ, ਭਾਈ ਰਾਮ ਸਿੰਘ ਬਨੇਸਰੀਆ–ਬੈਸ ਹਜ਼ੂਰੀਆ ਜਿਹੇ ਵੀ ਦੂਰੀ ਜਿਹੇ ਛੇ-ਛੇ ਮਹੀਨੇ ਠੀਕ ਸੰਤ ਭਾਗ ਦੀ ਸੈਂਗਤ ਵਿਚ ਰਹਿ ਕੇ ਪ੍ਰਮਾਰਥਕ ਲਾਭ ਉਠਾਂਦੇ ਰਹੇ ਸਨ।

Scanned with CamScanner

ਪੰਡਤ ਬੇਰ ਸਿੰਘ ਨੇ ਸਵਾ ੯੧੫ ਉਤੇ ਲਿਖਿਆ ਕਿ ਸੰਮਤ ੧੯੯੯ ਬਿਕ੍ਰਮੀ ਵਿਚ ਸੰਤ ਖੁਦਾ ਸਿੰਘ ਜਦੋਂ ਮੁਲਤਾਨ ਤੋਂ ਬਾਬਾ ਬੀਰ ਸਿੰਘ ਪਾਸ ਨੌਰੰਗਾਬਾਦ ਆਏ ਸੀ ਤਦ ਆਪ ਦੇ ਗੁਹੜੇ ਰੰਗ ਵਿਚ ਰੰਗੀ ਭਗਵੇ ਬਸਤਰ ਹੀ ਪਹਿਨੇ ਹੋਏ ਸੀ। ਇਸ ਵੇਲੇ ਆਪ ਦੇ ਨਾਲ ਆਪ ਦੇ ਭੈਣੇ ਸੰਤ ਪ੍ਰੇਮ ਸਿੰਘ, ਸੰਤ ਨੱਥਾ ਸਿੰਘ, ਭਾਈ ਹਰਾ ਸਿੰਘ ਬਹੁਰੰਗਾ ਆਦਿਕ ਕਈ ਹੋਰ ਵੀ ਨਾਲ ਆਏ ਸਨ। ਇਸ ਤਰ੍ਹਾਂ ਦੇ ੨੦-੨੫ ਸਿੰਘਾਂ ਦੇ ਸਾਰਿਆਂ ਨੇ ਭਗਵੇ ਬਸਤਰ ਹੀ ਪਹਿਨੇ ਹੋਇ ਸਨ ਤੇ ਭਾਈ ਸਾਹਬ ਸਿੰਘ ਸਮੇਤ ਇਹ ਸਾਰੇ ਹੀ ਸੰਤ ਬੀਰ ਸਿੰਘ ਦੇ ਸੰਤ ਪੁਰੇ ਰਹਿ ਕੇ ਸੇਵਾ ਸਿਮਰਨ ਦਾ ਲਾਭ ਲੈਂਦੇ ਰਹੇ। ਪੰਡਤ ਬੇਰ ਸਿੰਘ ਨੇ ਅਗੇ ਸੰਤ ਮਹਾਰਾਜ ਸਿੰਘ ਦਾ ਜ਼ਿਕਰ ਇਉਂ ਕਰਕੇ ਲਿਖਿਆ ਜੋ ਬੜਾ ਦਿਲਬਦਾ ਹੈ। ਉਹ ਲਿਖਦੇ ਹਨ–

"ਮੈਨ ਦਵਾਧ" ਤੋਂ ਉਰਲੇ ਦੇਸ (ਇਲਾਕੇ) ਦਾ ਨਾਮ "ਪਵਾਧ" ਹੈ। ਇਸ ਇਲਾਕੇ ਵਿਚ ਰੱਥੋ ਨਾਮ ਦਾ ਇਕ ਪ੍ਰਸਿਧ ਨਗਰ ਹੈ। ਇਥੇ ਭਾਈ ਨਿਹਾਲ ਸਿੰਘ ਨਾਮੀ ਇਕ ਸਿਖ ਦਾ ਜਨਮ ਸੀ। ਇਹ ਸੁਰਤ ਸੰਭਾਲ ਵੇਲੇ ਤੋਂ ਸਤਿਸੰਗੀ ਅਤੇ ਠੀਕਰੀ ਵਾਲੇ ਸੰਤ ਤੋਤਾ ਸਿੰਘ ਨਿਰਮਲੇ ਸੰਤਾਂ ਦੇ ਡੇਰੇ ਰਹਿੰਦਾ ਸੀ। ਫਿਰ ਮਾਲਵੇ ਦੇ "ਮਾਹਲਾ" ਨਾਮੀ ਗਰਾਮ ਦੇ ਵਾਸੀ ਭਾਈ ਸਮੁੰਦ ਸਿੰਘ ਜੋ ਸੰਤ ਬੀਰ ਸਿੰਘ ਤੋਂ ਵਦੇਸਾਇਆ ਉਨਾਂ ਦਾ ਪ੍ਰੇਮੀ ਸਤਿਸੰਗੀ ਤੱਤ ਵੇਤਾ ਸਮਦਰਸੀ ਹੋ ਚੁਕਾ ਸੀ।

ਸ੍ਰੀ ਗੁਰੂ ਜੀ ਦਾ ਸ੍ਰੀ ਮੁਖਵਾਕ ਹੈ—

"ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਉ ਪੁਰਖ ਰਸਕ ਬੈਰਾਗੀ"

ਭਾਈ ਨਿਹਾਲ ਸਿੰਘ ਦੇ ਭਾਗ ਜਾਗੇ ਕੋਈ ਪੂਰਬਲੇ ਕਰਮ ਪ੍ਰਗਟ ਹੋ ਆਏ ਤਦ ਸੰਤ ਸਮੁੰਦ ਸਿੰਘ ਜੀ ਦੇ ਸਹਿਜ ਸੁਭਾਏ ਦਰਸ਼ਨ ਹੋਏ। ਮੇਲ ਮਿਲਾਪ ਤੇ ਦਰਸ਼ਨ ਮਾਤਰ ਨਾਲ ਹੀ ਮਨ ਮੋਹਿਆ ਗਿਆ ਸੀ। ਇਹਨਾਂ ਦਿਨਾਂ ਵਿਚ ਸੰਤ ਬੀਰ ਸਿੰਘ ਜੀ "ਹਰੀ ਕੇ ਪੱਤਣ" ਨੇੜੇ ਮੁਹਾਰਣੇ ਗਰਾਮ ਦੇ ਬਾਹਰ ਸਹਿਜ ਸੁਭਾਏ ਵਿਚਰਦੇ ਹੋਏ, ਅਟਕੇ ਹੋਏ ਸਨ। ਭਾਈ ਸਮੁੰਦ ਸਿੰਘ ਨੇ ਨਿਹਾਲ ਸਿੰਘ ਨੂੰ ਨਾਲ ਲਿਜਾ ਕੇ ਸੰਤ ਬੀਰ ਸਿੰਘ ਜੀ ਦੇ ਦਰਸ਼ਨ ਕਰਾਏ, ਮਨ ਨਿਰਮਲ ਸੀ–ਨਾਮ ਵਿਚ ਰੰਗੀ ਨਾਮ ਰਸੀਏ ਦੀ ਦਰਸ਼ਨ ਬਰਨ ਵਿਚ ਆ ਕੇ ਦਰਸ਼ਨ ਕਰਨ ਦੀ ਅਤੇ ਉਹਨਾਂ ਵਲੋਂ ਸੀਸ ਉਤੇ ਪਵਿਤਰ ਹੱਥ ਫੇਰੇ ਅਤੇ ਅਸੀਸ ਮਿਲਣ ਦੀ ਦੇਰ ਸੀ ਕਿ ਨਿਹਾਲ ਸਿੰਘ ਜੀ ਦੀ ਐਸੀ ਅਵਸਥਾ ਹੋ ਗਈ–

ਦਰਸ਼ਨ ਦੇਖਤ ਹੀ ਸ਼ੁਧ ਕੀ ਨ ਸ਼ੁਧ ਰਹੀ ਦ੍ਰਿਧ ਕੀ ਨ ਬੁਧ ਰਹੀ ਮਤਿ ਮੈ ਨਾ ਮਤਿ ਹੈ॥
(ਭਾਈ ਗੁਰਦਾਸ)

ਬਾਬਾ ਬੀਰ ਸਿੰਘ ਜੀ ਨੇ ਬਾਪੀ ਦੇ ਕੇ ਉਠਾਇਆ ਤੇ ਉਸੇ ਵੇਲੇ ਫੁਰਮਾਇਆ–ਭਾਈ ਵਿਅਾਲ ਸਿੰਘ ਅਤੇ ਭਾਈ ਵਜ਼ੀਰ ਸਿੰਘ ਦੇ ਨਾਲ ਇਸ ਨਿਕੇ ਨੂੰ ਲੰਗਰ ਦੀ ਸੇਵਾ ਸੌਂਪ ਦਿਤੀ ਜਾਏ ਤਦ ਇਹਨਾਂ (ਨਿਹਾਲ ਸਿੰਘ) ਨੇ ਪ੍ਰਵਾਨ ਕਰ ਲਿਆ ਸੀ।

ਭਾਈ ਨਿਹਾਲ ਸਿੰਘ ਨੇ ਬਹੁਤ ਦਿਨ ਤੀਕ ਸੇਵਾ ਕਰਕੇ–ਇਕ ਦਿਨ ਮਨ ਵਿਚ ਵਿਚਾਰ ਕੀਤੀ ਕਿ ਕਿਉਂ ਨ ਅੰਨ ਦੀ ਬਚਤ ਕਰਕੇ ਆਪਣੇ ਹਿਸੇ ਦਾ ਪ੍ਰਸ਼ਾਦਾ ਕਿਸੇ ਆਏ ਤਿਥੀ ਵਾਸਤੇ ਬਚਾਇਆ ਜਾਏ। ਹਾਲਾਂ ਕਿ ਗੁਰੂ ਕੇ ਲੰਗਰ ਵਿਚ ਕਿਸੇ ਗੱਲ ਦੀ ਤੋਟ ਨਹੀਂ ਸੀ ਪਰ ਸੇਵਾ ਵਿਚ ਵੀ ਫਰਕ ਨਹੀਂ ਜਾਏ। ਹਾਲਾਂ ਕਿ ਗੁਰੂ ਕੇ ਲੰਗਰ ਵਿਚ ਕਿਸੇ ਗੱਲ ਦੀ ਤੋਟ ਨਹੀਂ ਸੀ ਪਰ ਸੇਵਾ ਵਿਚ ਵੀ ਫਰਕ ਨਹੀਂ ਪੈਣ ਦਿਤਾ ਅਤੇ ਪ੍ਰਸ਼ਾਦਾ ਅੱਠ ਪਹਿਰ ਬਾਅਦ ਸਿਰਫ ਇਕੋ ਵੇਰ ਛਕਣਾ ਸ਼ੁਰੂ ਕੀਤਾ। ਇਸ ਸਾਧਨਾਂ

ਅਗਦੋਂ ਫਿਰ ੧੨ ਪਹਿਰ ਪਿਛੋਂ ਅਤੇ ਫਿਰ ਦੋ ਦਿਨ ਫਾਕੇ ਰਹਿੰਦੇ ਪ੍ਰਸ਼ਾਦਾ ਛਕਿਆ ਕਰਦੇ ਸਨ। ਇਵੇਂ ਤੀਕ ਕਿ ਕੁਝ ਦਿਨਾਂ ਅਗਰੋਂ ਪ੍ਰਸ਼ਾਦਾ ਛੱਡ ਕੇ ਸਿਰਫ ਦੋਹੀ ਦਾਲ ਭਾਜੀ ਦੇ ਦੋ ਕੇ ਉਹ ਦੋਣ ਛਕਦੇ ਅਤੇ ਜਿਸ ਰੋਜ਼ ਪ੍ਰਸ਼ਾਦੇ ਵੰਡਦੇ, ਲੋਹਾਂ ਉਤੇ ਪਕਾਂਦੇ ਅਤੇ ਸਾਧ ਸੰਗਤ ਨੂੰ ਛਕਾਉਣ ਵਾਸਤੇ ਇਕੱਠੇ ਰਖਦੇ ਤੇ ਜਮ੍ਹਾਂ ਕੀਤੀ ਫੰਡੀ ਨੂੰ ਚਾਦਰਾਂ ਨਾਲ ਢੱਕ ਰਖਦੇ ਸਨ।

ਕਿਸੇ ਨੂੰ ਇਹ ਪਤਾ ਨਹੀਂ ਸੀ ਲਗਦਾ ਕਿ ਨਿਹਾਲ ਸਿੰਘ ਸੌਂ'ਦੇ ਕਿਹੜੇ ਵੇਲੇ ਹਨ। ਹਰ ਵੇਲੇ ਸੇਵਾ ਵਿਚ ਬੈਠੇ ਭੈਅ ਕਰਦੇ ਹੀ ਦਿਸਦੇ ਸਨ। ਨੀਂਦ ਆਏ ਵੇਲੇ ਉਥੇ ਬੈਠਿਆਂ ਹੀ ਨੀਂਦਰ ਦੀ ਕੋਝਤਨ ਦੂਰ ਕਰ ਲਿਆ ਕਰਦੇ ਸਨ। ਇਤਨੀ ਕਠਨ ਤਪੱਸਿਆ ਅਤੇ ਇਹਨਾਂ ਦੀ ਕਠਨ ਘਾਲ ਤੋਂ ਬਾਬਾ ਬੀਰ ਸਿੰਘ ਵੀ ਸਾਨੂੰ ਸਨ ਤੇ ਇਹਨਾਂ ਦੀ ਸਾਧਨਾਂ ਤੇ ਭਾਵਨਾਂ ਨੂੰ ਹੋਰ ਪ੍ਰਪੱਕ ਹੋਇਆ ਦੇਖਣਾ ਚਾਹੁੰਦੇ ਸਨ। ਉਹ ਜਾਣਦੇ ਸਨ ਕਿ ਇਹਨਾਂ ਤੋਂ ਆਉਣ ਵਾਲੇ ਸਮੇਂ ਵਿਚ ਜੋ ਕੋਮੀ ਸੇਵਾ ਕਰਤਾਰ ਨੇ ਕਰਾਣੀ ਹੈ ਉਸ ਤੋਂ ਪਹਿਲਾਂ ਇਹੋ ਜਿਹੀ ਤਪੱਸਿਆ ਤੇ ਤਪ ਦੀ ਸਾਧਨਾਂ ਜ਼ਰੂਰੀ ਹੈ–ਦੇਸ ਰਟਨ (ਜਗਤ ਸੁਧਾਰ) ਕਲ ਤੋਂ ਪਹਿਲਾਂ ਬਾਬੇ ਨਾਨਕ ਸਾਹਿਬ ਨੇ ਵੀ ਘਾਲਣਾਂ ਘਾਲੀ ਸੀ–

"ਰੋਡ ਅੱਕ ਆਹਾਰ ਕਰ ਰੋੜਾਂ ਦੀ ਗੁਰ ਕਰੀ ਵਿਛਾਈ ॥
ਭਾਰੀ ਕਰੀ ਤਪੱ-ਸਿਆ ਵਡੇ ਭਾਗ ਹਰ ਸਿਉ ਬਣ ਆਈ ॥

(ਭਾਈ ਗੁਰਦਾਸ ਜੀ ਨੇ ਦਸਿਆ ਸੀ) ਭਾਈ ਨਿਹਾਲ ਸਿੰਘ ਦੀ ਲੰਗਰ ਦੀ ਸੇਵਾ (ਉਹ ਵੀ ਕਥੇ ਕਰਕੇ) ਜਿਥੇ ਪ੍ਰਗਟ ਹੋ ਚੁਕੀ ਸੀ ਨਾਲ–"ਮਿਠਾ ਬੋਲਣ ਨਿਵ ਚਲਣ" (ਮਨ ਨੀਵਾਂ ਤੇ ਮਤ ਉਚੀ) ਰਖਦੇ ਤੇ ਜਿਸ ਕਿਸੇ ਆਏ ਅਤਿਥੀ ਅਭਿਆਗਤ ਜਾਂ ਸਤਿਸੰਗੀ ਗੁਰਸਿਖ ਨੂੰ–ਆਓ ਮਹਾਰਾਜ! ਆਈਏ ਮਹਾਰਾਜ ਜੀ! ਇਹਨਾਂ ਮਿਠੇ ਸ਼ਬਦਾਂ ਨਾਲ ਸਤਿਕਾਰਦੇ ਹੁੰਦੇ ਸਨ। ਤਿਵੇਂ ਹੀ ਕਿਸੇ ਅਤਿਥੀ–ਸਾਧੂ ਸੰਤ ਦੇ ਚਲੇ ਜਾਣ ਵੇਲੇ ਜੋ ਇਹਨਾਂ ਨੂੰ ਪਿਆਰ ਭਰੀ ਵਤਹਿ ਬੁਲਾ ਕੇ ਜਾਂਦਾ ਸੀ ਉਹਨੂੰ ਵੀ ਆਖਦੇ–ਮਹਾਰਾਜ ਜੀ ਫੇਰ ਕਦੋਂ ਦਰਸ਼ਨ ਦਿਓਗੇ? ਐਸਾ ਪੁਛਕੇ ਤੇਰਦੇ ਤੇ ਮਨ ਮੋਂ'ਹਦੇ ਸਨ। ਆਪਦੀ ਇਸ ਬੋਲਨ ਢੰਗ (ਤਰੀਕਾ ਕਲਾਮ) ਕਰਕੇ ਆਪ ਜੀ ਦਾ ਨਾਮ ਹੀ (ਮਹਾਰਾਜ ਜੀ) ਸ੍ਰੀ ਬਾਬਾ ਬੀਰ ਸਿੰਘ ਜੀ ਨੇ ਮਹਾਰਾਜ ਸਿੰਘ" ਹੀ ਰੱਖ ਦਿਤਾ ਤੇ ਫੇਰ ਅਖੀਰ ਤੀਕ ਭਾਈ ਨਿਹਾਲ ਸਿੰਘ ਨਾਮ ਹੀ ਭੁਲ ਕੇ ਆਪ ਦਾ ਨਾਮ ਮਹਾਰਾਜ ਸਿੰਘ ਤਵਾਰੀਖੀ ਤੌਰ ਤੇ ਪ੍ਰਸਿਧ ਹੋ ਗਿਆ ਸੀ, ਤੇ ਆਪ ਦੇ ਸਬੰਧ ਵਿਚ ਇਤਿਹਾਸਕ ਸਾਧਨ ਪਾਠਕ ਅਗੇ ਪੜ੍ਹਨਗੇ।

ਭਾਈ ਮਹਾਰਾਜ ਸਿੰਘ ਜੀ ਦੇ ਫਾਕੇ ਰਹਿ ਕੇ ਸੇਵਾ ਨੂੰ ਦੇਖਦੇ ਹੋਇਆਂ–ਬਾਬਾ ਬੀਰ ਸਿੰਘ ਜੀ ਨੇ ਫਿਰ ਆਪਣੇ ਹੱਥੀਂ ਦਹੀਂ ਦਾ ਇਕ ਕੋਲ ਛਕਣ ਵਾਸਤੇ ਦੇਣਾ ਸ਼ੁਰੂ ਕੀਤਾ। ਬਚਨ ਮੰਨਣਾ ਪੈਂਦਾ ਸੀ ਨਿਰਾਦ ਨਾ ਕਰਦੇ ਪਰ ਭੁਖ ਉਤੇ ਇਤਨਾਂ ਕਾਬੂ ਪਾ ਲਿਆ ਸੀ ਕਿ ਕੈਮ ਕਰਦੇ ਹੁੰਦਿਆਂ ਵੀ ਥਕਾਵਟ ਦਾ ਮੰਡੇ ਸਨ। ਬਾਬਾ ਜੀ ਇਹ ਆਖ ਕੇ ਦਹੀਂ ਖੁਆਣਾ ਸ਼ੁਰੂ ਕੀਤਾ ਕਿ ਇਹ ਸਰੀਰ ਕਮਜ਼ੋਰ ਹੋਇਆਂ ਕੁਝ ਚਿਰ ਰਹਿ ਨਹੀਂ ਸਕੇਗਾ ਤੇ ਫੇਰ ਜਨਮ ਪਾ ਕੇ ਭੋਗ ਭੋਗਣੇ ਪੈਣਗੇ। ਤਦ ਐਸੇ ਉਪਦੇਸ਼ ਦਾ ਅਸਰ ਜੋ ਜੀ ਆਪ ਨੇ ਕੁਝ ਥੋੜ੍ਹਾ ਥੋੜ੍ਹਾ ਅੰਨ ਵੀ ਖਾਣਾ ਸ਼ੁਰੂ ਕੀਤਾ ਸੀ।

ਭਾਈ ਮਹਾਰਾਜ ਸਿੰਘ ਦੀ ਅਤੁਟ ਸ਼ਰਧਾ ਬਾਬਾ ਬੀਰ ਸਿੰਘ ਪਰ ਬੱਝ ਚੁਕੀ ਸੀ। ਆਪ ਜੀ ਆਪਣੇ ਪਾਸ ਇਕ ਸਵੇਰ ਤੁਆਲ ਰਖਦੇ ਸਨ। ਸਵੇਰੇ ਅੰਮ੍ਰਿਤ ਵੇਲੇ ਗਰਮ ਪਾਣੀ ਨਾਲ ਸ੍ਰੀ ਬਾਬਾ ਜੀ ਨੂੰ ਇਸ਼ਨਾਨ ਵੀ ਕਰਾਂਦੇ ਅਤੇ ਜਦੋਂ ਤੀਕ ਬਾਬਾ ਬੀਰ ਸਿੰਘ ਬਸਤਰ ਪਹਿਨਦੇ ਹੁੰਦੇ, ਆਪਣੇ ਸਵੱਛ

Scanned with CamScanner

ਰਣਜੀਤ ਸਿੰਘ ਦੀ ਫੌਜ ਵਿਚ ਸਰਕਾਰੀ ਨੌਕਰ ਸੀ। ਇਸ ਨੂੰ ਨੌਕਰੀ ਛੁਡਵਾਏ ਕੇ ਆਪਣੇ ਤੋਸ਼ੇਖਾਨੇ ਦ ਪ੍ਰਬੰਧਕ ਮੁਕੱਰਰ ਕੀਤਾ ਜੋ ਬਹੁਤ ਸੋਝੀਵਾਨ ਅਤੇ ਸਤਿਸੰਗੀ ਗੁਰਬਾਣੀ ਦਾ ਅਭਿਆਸੀ ਵੀ ਸੀ।

੨. ਭਾਈ ਸੁਖਾ ਸਿੰਘ ਬਾਂਗਰ ਦੇਸ (　　) ਦਾ ਤਬੇਲੇ ਦਾ ਪ੍ਰਬੰਧਕ ਥਾਪਿਆ, ਇਹ ਵੀ ਗੁਰਬਾਣੀ ਦਾ ਪਾਠਕ ਪ੍ਰੇਮੀ ਸਤਿਸੰਗੀ ਵਿਚਾਰਵਾਨ ਸੀ।

੩. ਭਾਈ ਸਾਵਣ ਸਿੰਘ ਖਾਗੜ ਹੁਡਿਆਰੇ ਗ੍ਯਾਨ ਦਾ ਸਤਿਸੰਗੀ, ਗੁਰਬਾਣੀ ਬਹੁਤ ਕੰਠ ਅਤੇ ਗੁਰਸਿਖਾਂ (ਅੰਮ੍ਰਿਤ ਅਭਿਲਾਖੀਆਂ) ਨੂੰ ਖੰਡੇ ਦਾ ਅੰਮ੍ਰਿਤ ਛਕਾਉਣ ਦਾ ਇੰਚਾਰਜ ਸੀ ਅਤੇ ਸ਼ਾਮ ਸੋਦਰ ਦੇ ਵੇਲੇ ਸ੍ਰੀ ਬਾਬਾ ਜੀ ਦੇ ਸਤਿਸੰਗ ਹਜ਼ੂਰੀ ਵਿਚ ਰਹਿਰਾਸ ਸਾਹਿਬ ਦਾ ਪਾਠ ਸੁਣਾਇਆ ਕਰਦਾ ਤੇ ਕੋਲ ਰਹਿੰਦਾ ਸੀ।

੪. ਭਾਈ ਅਮੀਰ ਸਿੰਘ ਕਾਲੇਵਾਲੀਆ–ਜ਼ਖੀਰੇ ਦੇ ਤੋਸ਼ੇਖਾਨੇ ਦਾ ਪ੍ਰਬੰਧਕ ਸੀ। ਬਹੁਤ ਉਦਾਰ ਦਿਲ, ਆਪਣੇ ਕਿਸੇ ਆਏ ਰਿਸ਼ਤੇਦਾਰ ਨੂੰ ਕਦੀ ਵੀ ਕੁਝ ਦਿਤਾ ਨਹੀਂ ਤੇ ਹੋਰ ਬਾਹਰ ਤੋਂ ਆਏ ਲੋੜਵੰਦਾਂ, ਗੁਰਸਿਖਾਂ ਨੂੰ ਲੋੜ ਤੋਂ ਵਾਧੂ ਦੇ ਦਿੰਦਾ ਸੀ।

ਇਸ ਤੋਂ ਵੀ ਵਧੀਕ ਉਦਾਰ ਚਿਤ ਸਖੀ ਸੁਭਾਉ ਦਾ ਭਾਈ ਵਜ਼ੀਰ ਸਿੰਘ ਵੀ ਸੀ ਗੁਰੂ ਸਾਹਿਬ ਦੀ ਅਖੁਟ ਵਸਤੂ ਦੇ ਭੰਡਾਰ ਵਿਚੋਂ ਸਾਧੂ ਅਭਿਆਗਤ ਨੂੰ ਪ੍ਰਸੰਨ ਰਖਦਾ ਸੀ ਇਹ ਵਜੀਰ ਸਿੰਘ ਵੀ ਸਹਾਇਕ ਤੋਸ਼ੇਖਾਨੀਆਂ, ਜ਼ਿਲ੍ਹਾ ਅੰਮ੍ਰਿਤਸਰ ਦੇ ਪੰਡੋਰੀ ਪਿੰਡ ਦਾ ਸਖੀ ਸੁਭਾਉ ਦਾ ਸੀ।

੫. ਦਲੇਲ ਸਿੰਘ ਸੂਬੈਦਾਰ ਦਾ ਪੁਤਰ (ਭਾਈ ਲਹਿਣਾ ਸਿੰਘ) ਮਗਰਾਟਿਆਂ ਛੋਟਾ ਤੋਸ਼ੇ-ਖਾਨੀਆ, ਇਹ ਵੀ ਉਦਾਰਚਿਤ ਸੀ। ਸੰਤ ਸਾਧੂ ਅਭਿਆਗਤਾਂ ਨੂੰ ਬਾਬਾ ਜੀ ਦੀ ਆਗਿਆ ਅਨੁਸਾਰ ਲੁੜੀਂਦੀਆਂ ਚੀਜ਼ਾਂ ਦਿਆ ਕਰਦਾ ਸੀ, ਸਾਧੂ ਹੋ ਚੁਕਾ ਸੀ ਤੇ ਅੰਤ ਪ੍ਰਯੰਤ ਬ੍ਰਹਮਚਾਰੀ ਰਿਹਾ, ਸ਼ਾਦੀ ਨਹੀਂ ਕੀਤੀ ਸਤਿਵਾਦੀ ਸੀ।

੬. ਭਾਈ ਧਿਆਨ ਸਿੰਘ ਨੂੰ ਸਮੁਚੇ ਤਬੇਲੇ ਦਾ ਸਹਾਇਕ ਪ੍ਰਬੰਧਕ ਕੀਤਾ ਜਿਸ ਦੀਆਂ ਸੇਵਾਵਾਂ ਤੇ ਪੂਰਾ ਕੀਤੀਆਂ ਬਹਾਦਰੀਆਂ ਕਾਰਨ ਜ਼ਿੰਦਾ ਸ਼ਹੀਦ ਮੰਨਿਆ ਗਿਆ । ਇਹ ਵੀ ਅੰਤ ਪ੍ਰਯੰਤ ਬ੍ਰਹਮਚਾਰੀ, ਨਹੁੰਮਾਨ ਜਿਵੇਂ ਸ੍ਰੀ ਰਾਮ ਚੰਦਰ ਜੀ ਦਾ ਅਨਿੰਨ ਸੇਵਕ ਸੀ। ਇਹ ਬਾਬਾ ਬੀਰ ਸਿੰਘ ਜੀ ਦਾ ਪਕਾ ਪਿਆਰ ਵਾਲਾ ਸਿਦਕੀ ਅਤੇ ਗੁਰਮਤ ਧਾਰਨੀ ਸਿਖ ਸੀ।

੭. ਭਾਈ ਰਾਮੂ ਸਿੰਘ ਬਨੇਸਰ ਦਾ ਨਿਸ਼ਾਨਚੀ–(ਨਿਸ਼ਾਨ ਸਾਹਿਬ ਦੀ ਤਾਬਿਆ) ਬੜਾ ਟੁਰਨੇਂਡ ਰਿਫ਼ਟ-ਪੁਖਟ ਸਰੀਰ ਤੇ ਹਰਮਨ ਪਿਆਰਾ ਮਿਠ ਬੋਲਾ ਸੇਵਕ ਸੀ।

੮. ਭਾਈ ਖੜਗ ਸਿੰਘ, ਭਾਈ ਰੀਡਾ ਸਿੰਘ, ਭਾਈ ਸਾਵਣ ਸਿੰਘ ਲਵੇਰਾ, ਭਾਈ ਝੰਡਾ ਸਿੰਘ, ਭਾਈ ਖੜਕ ਸਿੰਘ ਇਹ ਪੰਜੇ ਗੁਰਸਿਖ ਮੁਕਾਮੀ (ਨੌਰੰਗਾਬਾਦ) ਦੇ ਸਨ, ਜੋ ਲੰਗਰ ਦੀ ਸੇਵਾ ਵਿਚ ਰਹਿਤ ਤਿਆਰ ਬਰ-ਤਿਆਰ ਕਿਹਾ ਕਰਦੇ ਸਨ ਅਤੇ ਮਤਾਬ ਸਿੰਘ ਪ੍ਰਬੰਧਾ ਛਕਣ ਵੇਲੇ ਨਿਕਟ ਵਰਤੀ ਸੇਵਕਾਂ ਨੂੰ ਪ੍ਰਬੰਧ ਵਰਤਾਇਆ ਕਰਦਾ ਸੀ।

੯. ਉਕਤ ਲਿਖ ਦਸੇ ਸਿੰਘਾਂ ਤੋਂ ਵਖਰੇ ਵਡੇ ਗਰਾਮ ਦਾ ਭਾਈ ਕਾਹਨ ਸਿੰਘ, ਭਾਈ ਸੁਹੇਲ ਸਿੰਘ ਮਾਲੂਵਾਲਿਆਂ ਕਾ, ਭੋਰੇ ਦੇ ਕਾਰ ਮੁਖਤਾਰ ਬੜੇ ਬਲੀ, ਨਿਸ਼ਚੈ ਵਾਲੇ ਗੁਰਸਿਖ ਸਨ। ਇਹ ਦੋਵੇਂ

ਤੁਮਾਲ ਨਾਲ ਮਹਾਰਾਜ ਸਿੰਘ ਆਪ ਦਾ ਜੋੜਾ (ਜੂਤਾ) ਸਾਫ ਕਰਕੇ ਉਹੀ ਰੁਮਾਲ ਆਪਣੀ ਅੱਖਾਂ ਅਤੇ ਮਸਤਕ ਉਤੇ ਮਲਿਆ ਕਰਦੇ, ਫਿਰ ਸਾਰੇ ਆਪਣੇ ਸਰੀਰ ਪਰ ਮਲਦੇ।

ਬਾਬਾ ਬੀਰ ਸਿੰਘ ਜਦੋਂ ਸਾਲ ਵਿਚ ਇਕ ਵੇਰ ਸੰਤ ਭਾਗ ਸਿੰਘ ਜੀ ਦੇ ਦਰਸ਼ਨ ਨੂੰ ਝੁਣੀ (ਪੋਠੋਹਾਰ) ਵਲ ਜਾਂਦੇ ਤਦ ਮਹਾਰਾਜ ਸਿੰਘ ਜੀ ਸਨਿਗਧੇ ਪ੍ਰਬਾਦਿਆਂ ਦੀ ਪੰਡ ਖੈਨੂੰ ਕੋ ਚੁਕ ਨਾਲ ਲਿਜਾਇਆ ਕਰਦੇ ਅਤੇ ਜਿਥੇ ਰਾਹ ਵਿਚ ਨਾਲ ਜਾਂਦੀ ਸੰਗਤ ਨੂੰ ਲੋੜ ਪੈਂਦੀ ਛਕਾਇਆ ਕਰਦੇ ਅਤੇ ਜਿਥੇ ਰਾਤ ਨੂੰ ਮੁਕਾਮ ਹੁੰਦਾ ਇਹ ਦੂਜੇ ਦਿਨ ਵਾਸਤੇ ਪ੍ਰਬਾਦੇ ਤਿਆਰ ਕਰਕੇ ਇਸੇ ਤਰ੍ਹਾਂ ਲਿਜਾਇਆ ਕਰਦੇ ਰਹੇ।

ਇਸ ਸਫਰ ਦੇ ਵਿਚ ਮਹਾਰਾਜ ਸਿੰਘ ਜੀ ਦੇ ਬਰਾਬਰ ਦਾ ਇਕ ਹੋਰ ਸੇਵਕ (ਜ਼ਿਲਾ ਅੰਮ੍ਰਿਤਸਰ ਦੇ ਪੁਹਾਲੀ ਗਰਾਮ ਦਾ) ਪੰਜਾਬ ਸਿੰਘ ਨਾਮੀ ਵੀ ਨਾਲ ਹੁੰਦਾ ਸੀ ਇਹ ਵੀ ਬਾਬਾ ਜੀ ਦੀ ਤਨੋਂ ਮਨੋਂ ਸੇਵਾ ਕਰਦਾ। ਇਹ ਪੰਜਾਬ ਸਿੰਘ ਲੰਗਰ ਵਿਚ ਸਾਰਾ ਭਾਜੀ ਦਾਲਾਂ ਆਦਿਕ ਤਿਆਰੀ ਦੀ ਸੇਵਾ ਨਿਬਾਹੁੰਦਾ ਹੁੰਦਾ ਸੀ । ਐਸੇ ਹੀ ਪੋਠੋਹਾਰ ਦੇ ਕਲਰ ਨਗਰ ਦਾ ਇਕ ਪ੍ਰੇਮੀ ਨਾਰਾਇਣ ਸਿੰਘ ਵੀ ਅਨਿਨ ਸੇਵਕ ਅਤੇ ਬਾਬਾ ਜੀ ਨੂੰ ਬਸਤਰ ਪਹਿਨਾਣ ਦੀ ਸੇਵਕੀ ਕਰਦਾ ਸੀ। ਦਸਤਾਰ ਐਸੀ ਚੁਲਿਆ ਕਰਦਾ ਸੀ ਕਿ ਇਸ ਦੇ ਸਮਾਨ ਹੋਰ ਕੋਈ ਨਹੀਂ ਸੀ ਜੁਣਦਾ ਤੇ ਭਾਈ ਵਜ਼ੀਰ ਸਿੰਘ ਤੋਸ਼ਾਖਾਨੀਆ ਵੀ ਨਾਲ ਸੇਵਾ ਵਿਚ ਹਾਜ਼ਰ ਰਹਿੰਦਾ ਸੀ । ਇਹ ਸਾਰੇ ਸੰਤ ਸੇਵਕ–ਗੁਰਸਿਖ ਸਤਿਸੰਗੀਆਂ ਸਮੇਤ ਬਾਬਾ ਬੀਰ ਸਿੰਘ ਜਦੋਂ ਕੁਰੀ ਜਾਂਦੇ ਤਦ ਬਹੁਤ ਚਿਰ ਤੀਕ ਰਹਿ ਕੇ ਸੰਤ ਭਾਗ ਸਿੰਘ ਜੀ ਦੀਆਂ ਖੁਸ਼ੀਆਂ ਤੇ ਅਸੀਸਾਂ ਪਾ ਕੇ ਆਂਵਦੇ ਸਨ।

ਜਿਥੇ ਨਾਮ ਜਪੀਐ ਪ੍ਰਭ ਪਿਆਰੇ ਸੋ ਅਸਥਿਰ ਸੋਹਨ ਦੁਆਰੇ ॥

ਸ੍ਰੀ ਸੰਤ ਬਾਬਾ ਬੀਰ ਸਿੰਘ ਜੀ ਦੀ ਪ੍ਰਭਤਾ ਪਰਤਾਪ–ਸੇਵਕਾਂ ਪ੍ਰਤੀ ਸੇਵਾ ਦੀ ਵੰਡ ਅਤੇ ਡੇਰੇ ਸੰਤ ਪੁਰੇ ਦੇ ਵਾਧੇ ਦੇ ਵਿਸਥਾਰ ਦਾ ਨਿਰਣਾ

ਸ੍ਰੀ ਬੀਰ ਮ੍ਰਿਗੇਸ਼ ਸਦਾ ੯੩੧ ਦੇ, ੩ ਸਕੰਧ ਅਧਿਆਏ ੭, ਉਤ੍ਰਾਰਧੇ ਵਿਚ ਲਿਖੇ ਸਮਾਚਾਰ ਤਾਂ ਬਹੁਤ ਵਿਸਥਾਰ ਵਾਲੇ ਹਨ, ਜਿਹਨਾਂ ਬਾਬਤ ਪੰਡਤ ਸ਼ੇਰ ਸਿੰਘ ਲਿਖਦੇ ਹਨ ਕਿ ਇਹ ਸਮਾਚਾਰ ਸੰਤ ਬਾਬਾ ਬੀਰ ਸਿੰਘ ਜੀ ਦੇ ਅਨਿਨਯ ਸੇਵਕ ਸੰਤ ਹੀਰਾ ਸਿੰਘ ਵਲੋਂ ਦਸੇ ਲਿਖ ਰਹੇ ਹਾਂ, ਜਿਹਨਾਂ ਵਿਚੋਂ ਹੁਣ ਸੰਖੇਪ ਰੂਪ (ਤੱਤ ਸਾਰ) ਇਸ ਹੱਥ ਪ੍ਰਸਤਕ ਵਿਚ ਦਾਸ (ਲੇਖਕ) ਵਲੋਂ ਪੇਸ਼ ਹਨ।

ਸੰਤ ਹੀਰਾ ਸਿੰਘ ਦੀ ਜੁਬਾਨੀ ਪੰਡਤ ਸ਼ੇਰ ਸਿੰਘ ਲਿਖਦੇ ਹਨ ਕਿ ਪਹਿਲੇ ਪਹਿਲ ਸੰਤ ਪੂਰਾ (ਡੇਰਾ ਨੌਰੰਗਾਬਾਦ) ਬਹੁਤ ਥੋੜੇ ਵਿਸਥਾਰ ਵਿਚ ਸੀ, ਫਿਰ ਜਿਉਂ ੨ ਮਹਾਰਾਜ ਬੀਰ ਸਿੰਘ ਜੀ ਦੀ ਲੋਕ ਸੇਵਾ, ਤੱਪ ਤੇਜ ਗੁਰਮਤਿ ਪ੍ਰਚਾਰ ਕਾਰਨ ਪ੍ਰਤਾਪ ਬਹੁਤ ਵਧਣਾ ਸ਼ੁਰੂ ਹੋਇਆ ਤਦੋਂ ਡੇਰੇ ਸੰਤ ਪੁਰੇ ਵਿਚ ਵੀ ਲੋੜ ਅਨੁਸਾਰ ਵਿਸਥਾਰ ਹੋਣਾਂ ਕੁਦਰਤੀ ਗੱਲ ਸੀ ਅਤੇ ਮੁਕਾਮੀ ਪ੍ਰਬੰਧਕਾਂ ਪ੍ਰਤੀ ਜੋ ਜੋ ਸੇਵਾ ਡਾਲਣਾ ਸੋਂਪੀ ਹੋਈ ਸੀ, ਸੰਖੇਪ ਨਿਰਣਾ ਇਉਂ ਲਿਖਿਆ ਹੈ–

੧. ਸ਼ੁਰੂ ਸ਼ੁਰੂ ਵਿਚ ਤੋਸ਼ੇਖਾਨੇ ਦਾ ਪ੍ਰਬੰਧਕ ਚੋਟੀ ਗ੍ਰਾਮ ਦਾ ਭਾਈ ਵਜੀਰ ਸਿੰਘ ਮਹਾਰਾਜਾ

Scanned with CamScanner

ਰਾਤ ਵੇਲੇ ਸ੍ਰੀ ਬਾਬਾ ਜੀ ਦੀ ਮੁਠੀ ਚਾਪੀ ਦੀ ਸੇਵਾ ਕਰਦੇ ਹੁੰਦੇ । ਬਾਬਾ ਜੀ ਦਾ ਸਰੀਰ ਵੀ ਬਹੁਤ ਬਜ਼ੁ
ਅਤੇ ਰਿਬਟ ਪੁਬਟ ਸੀ ਹੋਰ ਕੋਈ ਇਹ ਸੇਵਾ ਨਹੀਂ ਕਰ ਸਕਦਾ ਸੀ ਉਕਤ ਦੋਵੇਂ ਹੀ ਸੇਵਾ ਕਰਦੇ।

ਭਾਈ ਸੁਹੇਲ ਸਿੰਘ (ਉਕਤ) ਮਹੰਤ ਕੇ ਡੇਰੇ ਮਲੂਵਾਲ ਵਿਚ ਕੇਵਲ ਦੁਆਬੇ ਦੇ ਸਿੰਘ ਹੀ ਰਹਿੰਦੇ
ਸਨ, ਇਹ ਸਾਰੇ ਪਿਛਲੀ ਰਾਤੀਂ (ਗੁਰ ਮਰਿਆਦਾ ਦਾ ਪਾਲਣ ਕਰਦੇ) ਇਸ਼ਨਾਨ ਧਿਆਨ ਸਿਮਰਣ
ਕਰਨ ਦੇ ਸ਼ੌਕੀਨ ਸਨ ਤੇ ਬਹੁਤ ਪ੍ਰੇਮੀ ਸਨ।

੧੦. ਤਿਵੇਂ ਹੀ ਭਾਈ ਟੇਕ ਸਿੰਘ ਬਹੁਤ ਪ੍ਰਸਿਧ ਮਹਾਤਮਾ ਪੁਰਖ ਸਨ, ਜੋਗਾ ਅਭਿਆਸੀ ਵੀ
ਸਨ, ਸਿਮਰਨ ਭਗਤੀ ਦੇ ਮਾਨੋ ਮੂਰਤੀ ਰੂਪ ਗੁਰਸਿਖ ਸਨ । ਇਹਨਾਂ (ਭਾਈ ਟੇਕ ਸਿੰਘ) ਦੀ
ਤਾਬਿਆਦਾਰੀ ਵਿਚ ੧੦੦ ਸਿੰਘਾਂ ਦਾ ਜਥਾ ਰਹਿੰਦਾ ਸੀ ਇਹ ੧੦੦ ਸਿੰਘਾਂ ਦਾ ਜਥੇਦਾਰ ਅਤੇ ਸੁਰਬੀਰ
ਵਿਚ ਮੰਨਿਆ ਹੋਇਆ ਪ੍ਰਸਿਧ ਸੀ।

੧੧. ਭਾਈ ਤ੍ਰਿਲੋਕ ਸਿੰਘ ਠਟੇ ਗ੍ਰਾਮ ਦਾ ਪ੍ਰੇਮੀ ਸੀ । (ਜਿਥੇ ਕਿ ਅਜ ਕਲ ਠੱਟੇ ਵਿਚ ਬਾਬਾ
ਬੀਰ ਸਿੰਘ ਜੀ ਦਾ ਦਮਦਮਾ ਸਾਹਿਬ ਪ੍ਰਸਿਧ ਅਸਥਾਨ ਹੈ) ਤ੍ਰਿਲੋਕ ਸਿੰਘ ਇਵੇਂ ਦਾ ਪ੍ਰੇਮੀ ਗੁਰਸਿਖ ਤੇ
ਬਾਬਾ ਜੀ ਦਾ ਆਗਿਆਕਾਰੀ ਸੀ।

੧੨. ਇਕ ਹੋਰ ਕ੍ਰਿਪਾਲ ਸਿੰਘ ਨਾਮ ਦਾ (ਭੁਰੀਏ ਉਦਾਸੀ ਨਾਂਗੇ ਦਾ) ਚੇਲਾ ਸੀ । ਭਾਗ ਜਾਗੇ,
ਇਹ ਬਾਬਾ ਜੀ ਦੇ ਡੇਰੇ ਵਿਚ ਆਇਆ, ਪ੍ਰਭਤਾ ਪ੍ਰਤਾਪ ਤੋਂ ਪ੍ਰਭਾਵਤ ਹੋਇਆ ਤੇ ਅੰਮ੍ਰਿਤ ਛਕਣ ਦੀ
ਖਾਹਿਸ਼ ਹੋਈ । ਜਿਸ ਨੂੰ ਸ੍ਰੀ ਬਾਬਾ ਜੀ ਦੀ ਆਗਿਆ ਪਾ ਕੇ ਠੱਟੇ ਦੇ ਉਕਤ ਤ੍ਰਿਲੋਕ ਸਿੰਘ ਜੀ ਤੇ
ਅੰਮ੍ਰਿਤ ਛਕਾਇਆ ਸਿੰਘ ਸਜਾ ਕੇ ਗੁਰੂ ਸਿਖ ਸੰਗਤ ਵਿਚ ਸ਼ਾਮਲ ਕਰ ਲਿਆ ਸੀ । ਇਸ ਦਾ ਨਾਮ
ਭਾਈ ਕ੍ਰਿਪਾਲ ਸਿੰਘ ਨਾਂਗਾ ਮਸ਼ਹੂਰ ਹੋਇਆ ਸੀ। ਇਹ ਬਾਅਦ ਵਿਚ ਸਰਬ ਲੋਹ ਦੀ ਢਾਲ ਰਖਦਾ ਤੇ
ਸਰਬ ਲੋਹ ਦੀ ਬਰਛੀ ਦਾ ਧਾਰਨੀ, ੧੦੦ ਸਿੰਘਾਂ ਦਾ ਇਹ ਵੀ ਜਥੇਦਾਰ ਮੁਕੱਰਰ ਕੀਤਾ ਗਿਆ ਸੀ।
ਪ੍ਰਮੁਖ ਸਿੰਘਾਂ ਦੀ ਗਿਣਤੀ ੧੪ ਤੀਕ ਗੁਰ ਬਿਲਾਸ ਅਨੁਸਾਰ ਲਿਖੀ ਹੈ-ਅਨੂਪ ਸਿੰਘ ਨਾਮ ਦਾ ਇਕ
ਸੂਰਬੀਰ-ਜੋ ਕੈਗਾਂ ਨਾਮ ਨਗਰ ਦਾ ਵਸਨੀਕ ਸੀ ੧੦੦ ਸਿੰਘਾਂ ਦਾ ਜਥੇਦਾਰ ਇਹਨੂੰ ਵੀ ਮੁਕੱਰਰ ਕੀਤਾ
ਗਿਆ ਸੀ-ਇਹ ਪ੍ਰਮੁਖ ੧੪ ਤੀਕ ਦੇ ਗਿਣਤੀ ਦੇ ਜਥੇਦਾਰ ਸਨ।

੧੩. ਇਕ ਤੋਤਾ ਰਾਮ ਸੁਥਰਾ ਬ੍ਰਾਹੀ ਗੁਰੂ ਕੇ ਡੇਰੇ ਵਿਚ ਚੋਹਲੇ ਨਗਰ ਦਾ ਸੀ ਸਵੇਰੇ ਬਾਬਾ ਜੀ
ਨੂੰ ਮੱਖਣ ਤੇ ਲੱਸੀ ਛਕਾਉਣ ਦੀ ਸੇਵਾ ਕਰਦਾ ਹੁੰਦਾ ਤੇ ਸੁਥਰੇ ਬ੍ਰਾਹ ਦੀ ਬਾਣੀ ਸੁਣਾਇਆ ਕਰਦਾ-ਜੋ ਇਸ
ਤਰ੍ਹਾਂ ਦੀ ਹੁੰਦੀ ਸੀ ।

"ਹਰ ਦਮ ਨਾਨਕ ਬ੍ਰਾਹ-ਧਰਮ ਦਾ ਬੇੜਾ ਖੈਨੇ ਲਾ"

ਇਸ ਤੋਤੇ ਰਾਮ ਨੂੰ ਬਾਬਾ ਜੀ ਨੇ ਡੇਰੇ ਦੀਆਂ ਗਊਆਂ ਮੱਝੀਆਂ ਦੀ ਸੇਵਾ ਸੌਂਪ ਰਖੀ ਸੀ।
ਜਿਵੇਂ ਇਹ ਬਾਹਰ ਤੋਂ ਸੁਥਰਾ ਸੀ ਤਿਵੇਂ ਅੰਤਰ ਆਤਮੇ ਕਰਕੇ ਮਾਨਸਿਕ ਤੌਰ ਤੇ ਵੀ ਨਿਰਮਲ ਮਨ ਤੇ
ਸਦਾ ਹੱਸਮੁਖ ਰਹਿੰਦਾ ਸੀ।

ਹੁਣ ਬਾਬਾ ਬੀਰ ਸਿੰਘ ਦੇ ਹਜ਼ੂਰੀ ਸੇਵਕਾਂ ਦੇ ਨਾਮ

੧. ਭਾਈ ਸੁਹੇਲ ਸਿੰਘ ਮਹੰਤ ਮਾਲੂਵਾਲ ਦਾ ੨. ਭਾਈ ਚਤਰ ਸਿੰਘ ਚੀਮੇ ਗ੍ਰਾਮ ਦਾ ੩. ਭਾਈ

ਗੰਗਾ ਸਿੰਘ ੧੦੦ ਸਿੰਘਾਂ ਦਾ ਜਥੇਦਾਰ ਮਾਲੂਵਾਲੀਆ ੪. ਭਾਈ ਕ੍ਰਿਪਾਲ ਸਿੰਘ ਮਾਲੂਵਾਲੀਆ
੫. ਭਾਈ ਸਹਿਜਾ ਸਿੰਘ ਭਠਲ ਗ੍ਰਾਮ ਦਾ ਵਡਾ ਭਾਰੀ ਜੁਵਾਨ ਦਰਬਨੀ ਸੀ ੬. ਭਾਈ ਅਤਰ ਸਿੰਘ
ਪਛੋ ਗ੍ਰਾਮ ਦਾ ੭. ਭਾਈ ਅਰਜਨ ਸਿੰਘ ਹੁਡਿਆਰੇ ਨਗਰ ਦਾ ੮. ਭਾਈ ਵਸਾਵਾ ਸਿੰਘ (ਬਾਬਾ ਬੀਰ
ਸਿੰਘ ਦੀ ਭੂਆ ਦਾ ਮੁਤਰ) ਭਰਾਤਾ ਅਸਵਾਰਾਂ ਵਿਚ ਭਰਤੀ ਸੀ ਹੁਡਿਆਰੇ ਦਾ ੯. ਭਾਈ ਰਾਮ ਸਿੰਘ
ਬਾਂਕਾ ਅੱਕਲ ਦੇ ਨੇੜੇ ਦਾ ੧੦. ਭਾਈ ਰਾਮ ਸਿੰਘ ਬਾਗੜੀ ਗ੍ਰਾਮ ਦਾ (ਬਾਬਾ ਜੀ ਨੂੰ ਜਲ ਪਾਣੀ ਦੀ
ਸੇਵਾ ਵਾਲਾ ਤੇ ਸ਼ਬਦ ਬਾਣੀ ਦਾ ਪ੍ਰੇਮੀ ਸੀ) ੧੧. ਭਾਈ ਮਹਾਂ ਸਿੰਘ ਇਵੇਂ ਨੌਰੰਗਾਬਾਦ ਦਾ ੧੨. ਭਾਈ
ਮੋਹਰ ਸਿੰਘ ਪੋਠੋਹਾਰ ਦਾ ਸੇਵਾ ਪੰਥੀਆ ਜੋੜੇ ਬਰਦਾਰ ਪ੍ਰੇਮੀ ੧੩. ਉਕਤ ਇਹਨਾਂ ਤੋਂ ਬਿਨਾਂ ਅਨੇਕਾਂ ਹੀ
ਅਰਦਲੀ ਖਿਦਮਤਗਾਰ ਸਨ ਇਹ ੧੭ ਦੀ ਗਿਣਤੀ ਤੀਕ ਸਨ । ਜੋ ਬਹੁਤ ਨਿਕਟ ਵਰਤੀ ਇਕ ਤੇ ਸ਼ਬਦ
ਬਾਣੀ ਦੇ ਅਭਿਆਸੀ ਸੇਵਾ ਵਿਚ ਹਾਜ਼ਰ ਰਹਿੰਦੇ ਸਨ । ੧੮. ਹੋਰ ਭਾਈ ਜਵਾਹਰ ਸਿੰਘ ਸੁਹਣੇ ਦਾ ਤੇ
ਭਾਈ ਮੋਹਰ ਸਿੰਘ ਪੋਠੋਹਾਰੀਆ ਇਹ ਦੋਵੇਂ ਬਾਹਰ ਦੇ ਤੋਸ਼ੇਖਾਨੀਏ ਸਨ ਅਤੇ ਵਡੇ ਸੂਰਬੀਰ, ਭਜਨੀਕ
ਬੁਧੀਵਾਨ ਤੇ ਸਿਦਕੀ ਸਿੰਘ ਸਨ । ੧੯. ਭਾਈ ਵਸਾਵਾ ਸਿੰਘ ਪਥਰ ਕਲਿਆਂ ਬਾਂਗਰ ਦਾ, ਇਹ ਸ਼ਸਤਰਾਂ
ਦੀ ਸੰਭਲ ਦਾ ਪਹਿਰੇਦਾਰ, ਅਕਾਲ ਉਸਤਤ ਦਾ ਨਿਤ ਨੇਮੀ ਪਾਠੀ, ਮਸਤ ਸੁਭਾਉ ਵਾਲਾ ਬਹੁਤ ਥੋੜਾ
ਬੋਲਣ, ਜੋ ਕਰ ਬਰਖਾ ਹੁੰਦੀ ਹੋਵੇ, ਪੱਥੀ ਬਾਹਰ ਰਹਿ ਜਾਵੇ, ਕੋਈ ਆ ਕੇ ਦੱਸੇ ਤਦ ਆਖਦਾ ਅਛਾ ਜੀ
ਪੱਥੀ ਕੋ ਭਿਜਨੈ ਦਿਉ ਬੜੇ ਖੁਲੇ ਇਸ਼ਨਾਨ ਕਰ ਰਹੀ ਹੈ । ੨੦. ਹੋਰ ਗੰਡੀ ਵਿੰਝਿਆ ਕੇ ਡੇਰੇ ਦੇ ਭਾਈ
ਰਾਮ ਸਿੰਘ ਤੇ ਨੱਥਾ ਸਿੰਘ (ਜਿਹਨਾਂ ਦਾ ਡੇਰਾ ਆਵੇ ਦੀ ਥਾਏ ਨੇੜੇ ਸੀ) ਸ਼ਬਦ ਬਾਣੀ ਦੇ ਪ੍ਰੇਮੀ ਸਨ ।
੨੧. ਭਾਈ ਨਰਾਇਣ ਸਿੰਘ ਪੋਠੋਹਾਰੀਆ (ਕਲਰ ਨਗਰ ਪੋਠੋਹਾਰ ਦਾ) ਬਹੁਤ ਵਡਾ ਜਵਾਨ ਦਰਬਨੀ
ਸਿੰਘ ਸੀ ।ਇਹ ਚਾਈ ਮਣ ਦੀ ਦੋਂਕੀ ਪ੍ਰਸ਼ਾਦ ਦੀ ਬਾਰਾ ਵਿਚ ਪੱਕੇ ਡੇਰੇ ਵਿਚ ਲਿਆਉਂਦਾ ਤੇ ਕੈਠ ਬਾਣੀ
ਹੀ ਪੜ੍ਹਦਾ ਰਹਿੰਦਾ ਸੀ ।

੨੨. ਭਾਈ ਖੁਸ਼ਾਲ ਸਿੰਘ ਦਾਲ ਭਾਜੀ ਦਾ ਵਰਤਾਵਾ ਸੀ, ਇਹ ਪਦਵੀ ਪਿੰਡ ਦਾ ਸੀ ।
੨੩. ਡੇਰਾ ਮਹਾਰਾਜਿਆਂ ਵਿਚ ਨਿਸ਼ਾਨਚੀ ਭਾਈ ਜੀਤ ਸਿੰਘ ਸਨ । ਭਾਈ ਹਰਾ ਸਿੰਘ ਮਾਲੂਵਾਲੀਆ
(ਭਾਈ ਸੁਹੇਲ ਸਿੰਘ ਮਹੰਤ ਦਾ ਭਤੀਜਾ) ਇਹ ਵੀ ਸੂਰਬੀਰ ਸਤਿਸੰਗੀ ਸੀ ਇਹ ਸੰਤ ਬਾਬਾ
ਖੁਸ਼ਾ ਸਿੰਘ ਦਾ ਬਹੁਤ ਨਿਕਟ ਵਰਤੀ ਭਗਤੀ ਦਾ ਸ਼ੌਕੀਨ ਅਤੇ ਰਾਗ ਵਿਚ ਮਾਹਿਰ ਕੀਰਤਨ
ਸੁਣਾਇਆ ਕਰਦਾ ਸੀ ।

੨੪. ਭਾਈ ਹਰਾ ਸਿੰਘ ਜਥੇਦਾਰ ਦੀ ਤਾਬਿਆ ੧੦੦ ਸਿੰਘਾਂ ਦਾ ਜਥਾ ਹੁੰਦਾ ਸੀ ਸਾਰੇ ਹੀ
ਗੁਰਮੁਖ ਨਿਤ ਨੇਮੀ ਪ੍ਰੇਮੀ ਅਤੇ ਗੁਰਮਤਿ ਦੇ ਧਾਰਨੀ ਧਰਮ ਰਖਿਅਕ ਤਿਆਰ-ਬਰ-ਤਿਆਰ
ਰਹਿੰਦੇ ਹਨ ।

੨੫. ਸਰਦਾਰ ਗੁਰਸੂ ਸਿੰਘ ਵੀ ੧੦੦ ਸਿੰਘਾਂ ਦਾ ਜਥੇਦਾਰ, ਨੀਤੀਵਾਨ ਸ਼ਰਧਾਲੂ ਅਤੇ ਉਦਾਰ-
ਚਿਤ ਖੁਲਾ ਧਰਮਨ ਪਿਆਰਾ ਬਾਬਾ ਜੀ ਦੀ ਆਗਿਆ ਵਿਚ ਤਨ ਮਨ ਵਾਰਨ ਵਿਚ ਸ਼ੰਕੋਚ ਨ ਕਰਨ
ਵਾਲਾ ਸਿਦਕਵਾਨ ਸੀ ।

੨੬. ਮਦੋਛੀਆ ਸਰਦਾਰ ੫੦ (ਪਚਾਸ) ਸਿੰਘਾਂ ਦੇ ਜਥੇ ਦਾ ਜਥੇਦਾਰ ਪ੍ਰੇਮੀ ਸੀ ।

੨੭. ਭਾਵਾਂ ਗ੍ਰਾਮ ਦਾ ਮਤਾਬ ਸਿੰਘ ਵੀ ਗੁਰਬਾਣੀ ਦਾ ਨਿਤ ਨੇਮੀ ੫੦ (ਪਚਾਸ) ਸਿੰਘਾਂ ਦਾ
ਜਥੇਦਾਰ ਸੀ ।

੨੮. ਦਿਹਨਾਂ ਤੋਂ ਵਖਰੇ ਇਤਨੇ ਸ਼ਿਖਾਂ ਦੀ ਗਿਣਤੀ ਵਾਲੇ ਗੁਰਸਿਖਾਂ ਦੇ ਲੰਗਰ ਦਾ ਬਹੁਤ

Scanned with CamScanner

ਖੁਲ੍ਹਾ ਤੇ ਹਰ ਵੇਲੇ ਤਿਆਰੀ ਵਾਸਤੇ ੧੦੦ ਸਿੰਘਾਂ ਦਾ ਜਥਾ ਮੁਕੱਰਰ ਸੀ ਜੋ ਲੰਗਰ ਦੀ ਤਿਆਰੀ ਵੇਲੇ ਸ੍ਰੀ ਜਪੁਜੀ ਸਾਹਿਬ ਜਾਂ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਦੇ ਰਹਿਣ ਦੀ ਆਗਿਆ ਸੀ ਤੇ ਪਾਠ ਹੁੰਦਾ ਰਹਿੰਦਾ ਸੀ। ਸਿਰਫ ਦੋ ਦੋ ਕਛਹਿਰੇ ਅਤੇ ਛੋਟੀਆਂ ਦੋ ਦੋ ਦਸਤਾਰਾਂ ਤੇ ਦੋ ਦੋ ਪਰਨੇ (ਗਲ ਵਿਚ) ਰਖਦੇ ਤੇ ਲੋੜ ਵੇਲੇ ਬਦਲਦੇ ਸਨ। ਹੋਰ ਬਹੁਤੇ ਬਸਤਰ ਰਖਣ ਦਾ ਸੁਭਾਉ ਹੀ ਨਹੀਂ ਸੀ ਮਾਨਸਿਕ ਤਿਆਗੀ ਪੀ'ਦੇ ਤੇ ਸੇਵਾ ਵਿਚ ਜੁਟੇ ਰਹਿੰਦੇ ਸਨ–ਸ੍ਰੀ ਬਾਬਾ ਬੀਰ ਸਿੰਘ ਇਹਨਾਂ ਸਾਰਿਆਂ ਦੀ ਤਿਆਗ ਬਿਰਤੀ ਅਤੇ ਸਿਦਕ ਸੇਵਾ ਤੋਂ ਜਾਣੂੰ ਸਨ।

ਭਾਈ ਲਾਲ ਸਿੰਘ ਨਾਮੀ ਜਾਤ ਦਾ (ਵਧਾਣ ਖਤਰੀ) ਕੁਝਰਾਂਵਾਲੀਆ ਬਹਿਗੀ ਨੈ ਬਹੁਤ ਵੱਡਾ ਪ੍ਰੇਮੀ (ਸਠ ਹਜ਼ਾਰ ਦੀ ਜਗੀਰ ਦਾ ਤਿਆਗ ਕਰਕੇ) ਬਾਬਾ ਬੀਰ ਸਿੰਘ ਜੀ ਚਰਨ ਬਚਨ ਵਿਚ ਆਇਆ ਅਤੇ ਵੀਹ ਹਜ਼ਾਰ ਦੇ ਲੰਗਰ ਵਾਸਤੇ ਬਰਤਨ ਬਣਵਾ ਕੇ ਲਿਆਇਆ ਸੀ–ਇਸ ਨੈ ਇਸ ਤੋਂ ਵਖਰੇ ਮਾਨੋ ਆਪਣਾ ਸਰਬ ਸਰਬੰਸ ਹੀ ਸ੍ਰੀ ਬਾਬਾ ਜੀ ਦੇ ਸਮਰਪਣ ਕਰ ਦਿਤਾ ਤੇ ਗੁਰੂ ਘਰ ਦੀ ਸੇਵਾ ਵਿਚ ਜੁੜਿਆ ਪਿਆ ਸੀ।

ਉਕਤ ਨਿਰ ਅਭਿਮਾਨ ਤੇ ਸਤਿਕਾਰਤ (ਸ੍ਰੀ ਬਾਬਾ ਜੀ ਦੇ ਪ੍ਰੇਮੀਆਂ ਤੋਂ ਵਖਰੇ ਸੋਢੀ ਗੁਰੂ ਵੀ ਅੰਸ ਬੰਸ (ਬਾਬਾ ਰੰਗਾ ਸਿੰਘ ਸੋਢੀ) ਕਵੀ ਰਾਜ ਮਹਾਂ ਵਿਦਵਾਨ (ਸ੍ਰੰਗਤਪੁਰ ਦਾ ਸੀ)–ਕਲਾਨੌਰ ਦੇ ਨੇੜੇ ਵੀ ਇਕ ਸੰਤਪੁਰਾ ਹੈ–ਇਹਨਾਂ ਦੋਹਾਂ ਦਾ ਡੇਰਾ ਇਕੱਠਾ ਹੀ ਸੀ।

ਪੰਡਤ ਸ਼ੇਰ ਸਿੰਘ (ਬੀਰ ਮ੍ਰਿਰੋਸ਼ ਦੇ ਲੇਖਕ) ਨੈ ੩ ਸਕੰਧ ਸਫਾ ੯੩੬ ਪਰ ਲਿਖਿਆ ਕਿ ਬਾਬਾ ਰੰਗਾ ਸਿੰਘ ਸੋਢੀ ਕਵੀ ਰਾਜ ਨੈ ਗੁਰੂ ਬਾਬਾ ਸਾਹਿਬ ਸਿੰਘ ਜੀ ਬੇਦੀ ਉਨੈ ਸਾਹਿਬ ਵਾਲਿਆਂ ਦ-ਵੈਂਦੁਦਯ ਨਾਮ ਦਾ ਵਿਸਥਾਰ ਸਹਿਤ ਗੁਰ ਬਿਲਾਸ ਲਿਖਿਆ ਹੈ।

ਨੋਟ–ਇਹ ਗੁਰ ਬਿਲਾਸ ਦਾਸ (ਇਸ ਪੁਸਤਕ ਦੇ ਲੇਖਕ) ਨੈ ਵੀ ਰਾਜਾ ਜ਼ੋਗੀ ਪੁਸਤਕ ਦੀ ਤਿਆਰੀ ਵੇਲੇ ਭਿਠਾ ਤੇ ਕਾਢੀ ਪੜ੍ਹਿਆ ਸੀ–ਫਰੀਦਕੋਟ ਜਾ ਕੇ ਸਰਦਾਰ ਬੁਧ ਸਿੰਘ ਬੁਤਾਲੀਆ ਦੀ ਸੰਭਾਲ ਵਿਚ ਉਹਨਾਂ ਦੀ ਸੁਪਤਨੀ ਬੀਬੀ ਬੀਰ ਕੌਰ ਪਾਸ ਸੀ) ਕਰੀਬਨ ੧੯੫੦-੫੧ ਵਿਚ ਪੜ੍ਹਿਆ ਸੀ।

੨੯. ਬਾਬਾ ਰੰਗਾ ਸਿੰਘ, ਬਾਬਾ ਬੀਰ ਸਿੰਘ ਜੀ ਦੇ ਦੀਵਾਨ ਸਜਾਏ ਸਮੇਂ ਬਹੁਤ ਰਸੀਲੀ, ਕਵੀ ਗੁਰਬਾਣੀ ਦੀ ਕਵੀ ਗੁਰ ਇਤਿਹਾਸ ਦੀ ਕਥਾ ਸੁਨਾਇਆ ਕਰਦੇ । ਉਕਤ ਸਰਦਾਰ ਲਾਲ ਸਿੰਘ ਜਗੀਰਦਾਰ ਤਿਆਗੀ ਅਤੇ ਕਵੀ ਰਾਜ ਰੰਗਾ ਸਿੰਘ ਸੋਢੀ ਅੰਤ ਪ੍ਰਯੰਤ ਗੁਰੂ ਘਰ ਦੀ ਸੇਵਾ ਵਿਚ ਸ੍ਰੰਤਪੁਰੇ ਨੋਰੰਗਾਬਾਦ ਹੀ ਰਹੇ ਤੇ ਜੀਵਨ ਮੁਕਤ ਪਦ ਪ੍ਰਾਪਤ ਕਰ ਲਿਆ ਸੀ। ਪੰਡਤ ਸ਼ੇਰ ਸਿੰਘ ਲਿਖਦੇ ਕਿ ਸਿੱਖ ਸ੍ਰੀ ਕ੍ਰਿਸ਼ਨ ਭਗਵਾਨ ਦਾ ਅਤਿਅੰਤ ਸਖਾ ਅਰਜਨ ਪਾਂਡਵ ਸੀ ਤੈਸੇ ਹੀ ਭਾਈ ਲਾਲ ਸਿੰਘ ਅਤੇ ਗੰਗ ਸ੍ਰੀ ਪੰਘ ਜੀ ਸੋਢੀ–ਬਾਬਾ ਬੀਰ ਸਿੰਘ ਜੀ ਦੇ ਅਤਿ ਪ੍ਰੇਮੀ ਸਨ ਤੇ ਬਾਬਾ ਜੀ ਵੀ ਇਹਨਾਂ ਵਿਦਵਾਨਾਂ ਨੂੰ ਅਧਿਕ ਤੋਂ ਅਧਿਕ ਕਦਰਦਾਨੀ ਤੇ ਸੰਭਾਲ ਕਰਦੇ ਰਹੇ ਸੀ।

ਭਵਿਖਤ ਬਚਨ ਕੀਤੇ ਜੋ ਸੱਚ ਹੋਏ

(੩ ਸਕੰਧ ਸਫਾ ੯੩੭ ਉਤੋਂ ਲਿਖੇ)

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਮੁਖ ਪੁਜਾਰੀ (ਵੱਡਾ ਮਹੰਤ ਭਾ: ਮੱਖਣ ਸਿੰਘ) ਇਹੋ ਗੱਲੀ ਬੋਲਦਾ ਤੇ ਗੱਲਾਂ ਗੱਲਾਂ ਦੇ ਵਿਚ–"ਬਾਬਾ ਬੀਰ ਸਿੰਘ ਦਾ ਹੁਕਮ ਹੈ" ਦਸਦਾ ਹਾਂ ਵੇਰ ਕਰਾਂਗਾ ਖਾਲਸਾ ਵਸੈ ਵਿਚ ਪੰਜਾਬ, ਗੁਰੂ ਪਾਰਬ੍ਰਹਮ ਮੇਰੇ ਕਾ ਯਹ ਹੁਕਮ-ਇਹ ਅਬ ਸਿਖ ਗੁਰੂ ਕੀ ਬਤਾਈ ਹੁਈ ਰਹਿਤ ਮਰਯਾਦਾ ਸੇ ਭ੍ਰਿਸ਼ਟ ਹੋ ਗਏ ਹੈ। ਇਸੀ ਹੇਤੂ ਸੇ ਮਲੇਛ ਭਾਵ ਕੋ ਪ੍ਰਾਪਤ ਹੋ ਰਹੇ ਹੈਂ ਅਬ ਇਨ ਕੇ ਨਾਸ ਵਾਸਤੇ ਅੰਠ ਬਲਦ ਸੁਹਾਗਾ ਜੋੜਿਆ ਹੈ, ਕਰਾਂਗੇ ਆਟਾ, ਨਹੀਂ ਤਾਂ ਦਲੀਆ ਕਰ ਹੀ ਛੱਡੇਂਗੇ। ਮੇਰੇ ਗੁਰ ਪਾਰਬ੍ਰਹਮ ਜੀ ਕਾ ਹੁਕਮ ਹੈ–

ਅਬ ਇਕ ਬਾਰ ਤੋਂ ਸਰਬੱਤ ਅੰਗਰੇਜ਼ ਕਾ ਰਾਜ ਹੋ ਹੀ ਜਾਵੇਗਾ। ਦੇਸ ਕੀ ਸਫਾਈ ਮੁਰੰਮਤ ਔ ਮਾਰਗ ਸੜਕੈਂ ਬਨਾਨੈ ਵਾਸਤੇ ਅੰਗਰੇਜ਼ ਲੰਡਨ ਸੇ ਆਇਗਾ ਅਬ ਏਹੀ ਰਾਜ ਕਰੇਗਾ।

"ਤਬ ਏਕ ਸਿਖ ਨੈ ਪੂਛਿਆ ਜੋ ਇਨਕਾ ਰਾਜ ਕਿਤਨਾਂ ਚਿਰ ਰਹੇਗਾ, ਤਬ ਭਾਈ ਮੱਖਣ ਸਿੰਘ ਨੈ ਕਹਿਆ–ਕਿ ਮੇਰੇ ਗੁਰੂ ਪਾਰਬ੍ਰਹਮ ਕਾ ਹੁਕਮ ਹੈ ਜਿਤਨਾਂ ਚਿਰ ਇਨਕੀ ਨੀਤ ਸਾਫ ਰਹੇਗੀ– ਵੱਢੀ ਨਾ ਖਾਵੈਂਗੇ, ਮੁਲਾਹਜਾ ਲਿਹਾਜ ਨਿਆਏਂ ਮੈ ਕਿਸੀ ਕਾ ਨਾ ਕਰੇਂਗੇ, ਜਿਤਨਾ ਚਿਰ ਪੂਰਾ ਪੂਰਾ ਨਿਆਏਂ ਕਰਨਗੇ, ਉਤਨਾਂ ਚਿਰ ਇਨ ਅੰਗਰੇਜ਼ੋਂ ਕਾ ਰਾਜ ਰਹੇਗਾ। ਯਹ ਮੇਰੇ ਪਾਰਬ੍ਰਹਮ ਗੁਰੂ ਜੀ ਕਾ ਹੁਕਮ ਹੈ-ਸਤਿਯ ਪ੍ਰਤਗਿਯਾ ਮੇਰੇ ਗੁਰ ਪਾਰਬ੍ਰਹਮ ਕੀ ਹੈ–ਐਸਾ ਹੀ ਹੋਵੇਗਾ।" (ਭਾਈ ਮੱਖਣ ਸਿੰਘ ਨੈ ਕਿਹਾ)।

ਉਕਤ ਭਾਈ ਮੱਖਣ ਸਿੰਘ ਕਾ ਬੇਟਾ ਭਾਈ ਲਹਿਣਾ ਸਿੰਘ ਵੀ ਬਾਬਾ ਬੀਰ ਸਿੰਘ ਜੀ ਦਾ ਬਹੁਤ ਪ੍ਰੇਮੀ ਤੇ ਨਿਕਟ ਵਰਤੀ ਸੀ । ਇਹ ਆਪ ਦੇ ਸੀਸ ਪਰ ਚੌਰ ਕਰਦਾ ਹੁੰਦਾ ਸੀ। ਅਤੇ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਉਣ ਵੇਲੇ ਹਜ਼ੂਰੀ ਵਿਚ ਨਾਲ ਹੁੰਦਾ ਸੀ। ਜਥਾ ੬੦ ਸਿੰਘਾਂ ਸਮੇਤ ਇਸ ਦਾ ਡੇਰਾ ਇਕੱਠਾ ਹੀ ਸੀ।

੩੦. ਸਰਦਾਰ ਹਮੀਰ ਸਿੰਘ ਬਾਬਾ ਜੀ ਦੀ ਡੂਆ ਦਾ ਪੁਤਰ ੪੦ ਸਿੰਘਾਂ ਦਾ ਜਥੇਦਾਰ ਸੀ।

੩੧. ਸਰਦਾਰ ਜਵਾਹਰ ਸਿੰਘ (ਸਰਦਾਰ ਹਰੀ ਸਿੰਘ ਨਲੂਏ ਦਾ ਪੁਤਰ) ਵੱਡਾ ਸੂਰਬੀਰ ਸੀ। ਯੁਧ ਵਿਚ ਬਹੁਤ ਵੱਡਾ ਧੀਰਜਧਾਰੀ ਤੇ ਨਿਡਰ ਸੀ। ਕਈ ਜੰਗ ਤੁਰਕਾਂ ਨਾਲ ਕੀਤੇ ਜਿਤਦਾ ਰਿਹਾ ਸੀ। ਪਿਓ ਵੈਸਾ ਬੁਧੀਵਾਨ ਤੇ ਨੀਤੀਵਾਨ ਵੀ ਸੀ। ਆਪਣੇ ਪਿਤਾ ਸਰਦਾਰ ਹਰੀ ਸਿੰਘ ਨਲੂਏ ਵਾਂਗ ਕਦੀ ਵੀ ਬਾਬਾ ਬੀਰ ਸਿੰਘ ਦੀ ਤਾਬਿਆਦਾਰੀ ਵਿਚ ਸੀ।

੩੨. ਇਸੇ ਸਰਦਾਰ ਜਵਾਹਰ ਸਿੰਘ ਦਾ ਭਣਵਈਆ ਸਰਦਾਰ ਸਦਾ ਸਿੰਘ ਦਾ ਡੇਰਾ ਵੀਹ ਸਿੰਘਾਂ ਸਮੇਤ ਸੀ।

੩੩. ਕਰਮ ਸਿੰਘ ਸੂਬੇਦਾਰ (ਕਰਣਾਂਕੀ ਪਲਟਨ ਦਾ) ਪਾਂਡੇਕਿਯਾ ਗ੍ਰਾਮ ਦਾ ੧੫ ਸਿੰਘਾਂ ਦਾ ਜਥੇਦਾਰ ਤੇ ਡੇਰੇਦਾਰ ਸੀ।

੩੪. ਰੁਮੇਦਾਨ ਸ਼ੇਰੂ ਸਿੰਘ ਸੰਧਾਵਾਲੇ ਕਾ ੧੦ ਸਿੰਘਾਂ ਦਾ ਡੇਰਾ ਸੀ।

Scanned with CamScanner

੩੫. ਭਾਈ ਸਾਹਿਬ ਸਿੰਘ ਮਹਾਰਾਜ ਕਾ–ਜੀਤਾ ਸਿੰਘ ਦੇ ਨਾਲ, ਨਿਧਾਨ ਸਿੰਘ ਸੈਦਾਵਾਲੇ ਦਾ ਸਰਦਾਰ ੧੦ ਸਿੰਘਾਂ ਦਾ ਜਥੇਦਾਰ। ਆਗਿਆਕਾਰ ਬਹੁਤ ਸੀ।

੩੬. ਹਰਸੋ ਸਿੰਘ ਕਰਨੈਲ ਨਸੀਮਾਂ ਕੀ ਪਾਲਨਾਂ ਕਾ ਸੁਲਤਾਨ ਪਿੰਡੀਆ, ਪੱਕੇ ਡੇਰੇ ਨੇੜੇ ਹੀ ਇਸ ਦਾ ਡੇਰਾ ਸੀ, ਬੈਰੀ ਕੱਦ ਬੁਤ ਵਾਲਾ ਦਲੇਰ ਤੇ ੧੫ ਸਿੰਘਾਂ ਦਾ ਜਥੇਦਾਰ ਮੁਕੱਰਰ ਸੀ।

੩੭. ਤਿਵੇਂ ਸਰਦਾਰ ਜਵਾਹਰ ਸਿੰਘ ਹਵੇਲੀ ਵੀ ਪੱਕੇ ਡੇਰੇ ਪਾਸ ਹੀ–ਭਾਈ ਸੁਜਾਨ ਸਿੰਘ ਸ਼ੇ ਪਾਂਡੋਕਿਯਾਂ ਦਾ ਨਿਕੀ ਫੌਜ (ਬਾਲਕਾਂ ਦੀ ਸੈਨਾਂ) ਨੂੰ ਪੜਾਵਨ ਵਾਲਾ ਤੇ ਸ਼ਬਦ ਬਾਣੀ ਸਿਖਾਣ ਵਾਲਾ–ਬਾਬਾ ਜੀ ਦਾ ਬਹੁਤ ਪ੍ਰੇਮੀ ਤੇ ਉਹਨਾਂ ਵਲੋਂ ਸਤਿਕਾਰਤ ਸੀ। ਕਦੀ ੮੦ ਕਦੀ ੧੦੦ ਦੇ ਲਗਭਗ ਬਾਲਕਾਂ ਨੂੰ ਪੜ੍ਹਾਇਆ ਕਰਦਾ ਸੀ। ਜਿਸ ਤੇ ਇਸ ਤੇ ਖੁਸ਼ ਸਨ। ਇਹ ਸੇਵਾ ਪੰਥੀ ਸੰਗਤ ਨਾਲ ਸਬੰਧਤ ਸੀ।

ਨੋਟ–ਬੀਰ ਮ੍ਰਿਗੇਸ਼ ਦੇ ਸਫਾ ੯੩੯ ਉਤੇ ਦਾ ਇਵੇਂ ਠੀਕ ਸਮਾਚਾਰ ਲਿਖਿਆ ਹੈ, ੯੪੨ ਸਫੇ ਤੀਕ ਅਗੇ ਪਤਰੇ ਫਟੇ ਹਨ। ਇਸ ਵਾਸਤੇ ਅਗਲਾ ਪ੍ਰਸੰਗ (ਜਲੰਧਰ ਦੇ ਮਾਡਲ ਟਾਊਨ ਵਾਲੇ ਬਾਬਾ ਸੁਰਿੰਦਰ ਸਿੰਘ ਮਹਾਰਾਜ ਬੇਦੀ ਪਾਸ ਜਾ ਕੇ) ਬੀਰ ਮ੍ਰਿਗੇਸ਼ ਤੋਂ ਲਿਖਿਆ ਹੈ ਇਸ ਵਾਸਤੇ ਇਹ ਸਮਾਚਾਰ ਇਥੇ ਠੀਕ ਥੈਦ ਕਰ ਦਿਤਾ ਹੈ।

ਸ੍ਰੀ ਬੀਰ ਮ੍ਰਿਗੇਸ਼ ਗ੍ਰੰਥ ਸਫਾ ੯੪੨ ਤੋਂ ਅਗੇ ਦੇ ਸਮਾਚਾਰ

੧. ਭਾਈ ਗੁਰਮੁਖ ਸਿੰਘ ਇਕ ਸੌ (੧੦੦) ਰੈਗਰੇਟੇ ਸਿੰਘਾਂ ਦਾ ਵਹੇਦਾਰ ਸੀ।

੨. ਮਹਾਰਾਜ ਸਿੰਘ ਲਾਂਗਰੀ ਦੀ ਤਾਬਿਆ ੫੦ ਸਿੰਘਾਂ ਦਾ ਜਥਾ ਸੀ ਇਹ ਬਹੁਤ ਉਦਮੀ ਸਨ ਅਤੇ ਸ਼ਬਦ ਬਾਣੀ ਦੇ ਅਭਿਆਸੀ ਬਹੁਤ ਕੋਮਲ ਸੁਭਾਉ ਦੇ ਮਹਾਰਾਜ ਸਿੰਘ ਸਨ।

੩. ਭਾਈ ਦੀਵਾਨ ਸਿੰਘ ਬਹੁਤ ਸਿਆਣਾ ਤੇ ਕੜਾਹ ਪ੍ਰਸ਼ਾਦ ਤਿਆਰ ਕਰਿਆ ਕਰਦਾ ਅਤੇ ਨਵੇਂ ਚੈਨ ਚੜ੍ਹੇ ਵੇਲੇ ਤੋਪ ਚਲਾਇਆ ਕਰਦਾ ਸੀ।

੪. ਭਾਈ ਭਾਨ ਸਿੰਘ ਖਜਾਨ ਸਿੰਘ ਤੇ ਮਿਹਰ ਸਿੰਘ ਇਹ ਤਿੰਨੇ ਬਹੁਤ ਪ੍ਰੇਮੀ ਸਨ–ਜੋ ਨਨਕਾਣੇ ਸਾਹਿਬ ਦੇ ਮਹੰਤ ਸਨ, ਇਥੇ ਚਲੇ ਆਏ ਸਨ।

੫. ਭਾਈ ਰੂੜ ਵਰਨਾਂ ਦਾ ਅਤੇ ਦੂਜਾ ਮੱਝ ਗ੍ਰਾਮ ਦਾ ਸੀ। ਤੇਗ ਦੇ ਧਨੀ ਸਨ।

੬. ਭਾਈ ਧਿਆਨ ਸਿੰਘ ਦੀ ਤਾਬਿਆ ਵਿਚ ੧੦੦ ਸਿੰਘਾਂ ਦਾ ਜਥਾ ਸੀ। ਇਸ ਦਾ ਡੇਰਾ ਮਹਾਰਾਜ ਬੀਰ ਸਿੰਘ ਜੀ ਦੇ ਨੇੜੇ ਹੀ ਹੁੰਦਾ ਸੀ।

੭. ਕੋਂਥਲੀਏ ਸਰਦਾਰਾਂ ਦਾ ਡੇਰਾ ਵੀ ੧੦੦ ਸਿੰਘਾਂ ਦਾ ਸੀ, ਇਹ ਅਸਵਾਰਾਂ ਦਾ ਡੇਰਾ ਸੀ।

੮. ਭਾਈ ਖੁਸ਼ਾਲ ਸਿੰਘ ਬੈਰੀ ਨਿਆਂ ਦਾ ਅਤੇ ਭਾਈ ਕਰਮ ਸਿੰਘ ਤੇ ਛੁਟਾ ਸਿੰਘ ਦਾ ਡੇਰਾ ਵੀ ਨੇੜੇ ਹੀ ਰਹਿਆ ਕਰਦਾ ਸੀ।

੯. ਸਰਦਾਰ ਚੈਦਾ ਸਿੰਘ ੨੫ ਸਿੰਘਾਂ ਦਾ ਜਥੇਦਾਰ ਸੀ, ਇਹ ਡੇਰਾ ਪੱਟੀ ਵਾਲਾ ਜਾਣਿਆਂ ਜਾਂਦਾ ਸੀ।

੧੦. ਭਾਈ ਵਸਾਖਾ ਸਿੰਘ ਤੇ ਦੀਵਾਨ ਸਿੰਘ ਵੀ ਬੜੇ ਸ਼ੌਕ ਨਾਲ ਘਰ ਵਰ ਦਾ ਤਿਆਗ ਕਰਕੇ ਬਾਬਾ ਜੀ ਦੇ ਡੇਰੇ ਵਿਚ ਆਏ ਰਹੇ ਸਨ। ੨੫ ਸਿੰਘਾਂ ਦੇ ਜਥੇਦਾਰ ਸਨ।

੧੧. ਸੈਦਾਵਾਲੀਏ ਸਰਦਾਰਾਂ ਦੀਆਂ ਰਾਣੀਆਂ ਤੇ ਰਾਜੋਸਾਂਸੀਆਂ ਦੀਆਂ ਰਾਣੀਆਂ ਦਾ ੧੦੦ ਦਾ ਇਹ ਸੋ ਸਿੰਘਾਂ ਤੇ ਸਿੰਘਣੀਆਂ ਦਾ ਡੇਰਾ ਸੀ।

੧੨. ਕਸ਼ਮੀਰਾ ਸਿੰਘ ਤੇ ਇਸ ਦੀ ਮਾਈ ਦਾ ੧੦੦ ਸਿੰਘਾਂ ਦਾ ਡੇਰਾ ਸੀ।

੧੩. ਦੋ ਪੜਤਲਾ ਮੁਕਤਿਆਂ ਦੀਆਂ ਕੁਮੈਦਾਨ ਕਿਸ਼ਨ ਸਿੰਘ ਪੋਠੋਹਾਰੀਆ ਇਹਨਾਂ ਦਾ ਜਥੇਦਾਰ ਸੀ।

੧੪. ਕਸ਼ਮੀਰਾ ਸਿੰਘ ਪਸ਼ੋਰਾ ਸਿੰਘ ਦਾ ਡੇਰਾ ਦੋ ਪਲਟਨਾਂ ਦਾ ਸੀ।

੧੫. ਸੰਤ ਭਾਈ ਜਵਾਹਰ ਸਿੰਘ ਸੇਵਾ ਪੰਥੀਆ ਬੜਾ ਅਲਮਸਤ, ਹਜ਼ੂਰੀ ਵਿਚ ਰਹਿੰਦਾ ਸੀ ਲੁੜਵੰਦ ਗਰੀਬਾਂ ਦੇ ਕਪੜੇ ਬਗੈਰ ਮੁਲ ਦੇ ਸੀੜ ਦਿਤਾ ਕਰਦਾ ਸੀ।

੧੬. ਕੋਂਥਲੀਏ ੧੦੦ ਸਿੰਘਾਂ ਦੇ ਡੇਰੇ ਸਵਾਰਾਂ ਦੇ ਵਿਚੋਂ ਭਾਈ ਕਰਮ ਸਿੰਘ ਤੇ ਛੁਟਾ ਸਿੰਘ ਸੰਤੋਖ ਸਿੰਘ ਵੀ ਸਨ ਜਿਹਨਾਂ ਨੇ ਨਿਹੰਗ ਪਦਵੀ ਸਕਾਰਥ ਕੀਤੀ (ਨਿਹੰਗ) ਹੈਕਾਰ (ਹੈਂਗਤਾ) ਤੋਂ ਰਹਿਤ ਅਤੇ ਸੰਤੋਖ ਦੀ ਮੂਰਤੀ ਸਨ।

੧੭. ਇਕ ਰੋਤਾ ਸੰਤ ਬਹੁਤ ਮਸਤਾਨਾਂ ਵੀ ਰਹਿੰਦਾ ਸੀ ਜਿਸ ਦਾ ਆਦਰ ਸੰਤ ਖੁਦਾ ਸਿੰਘ ਵੀ ਕਰਦੇ ਸਨ ਕਿਉਂਕਿ ਇਹ ਸਰਦਾਈ ਪਿਲਾਉਣ ਦੀ ਸੇਵਾ ਕਰਦਾ ਸੀ।

੧੮. ਭਾਈ ਬਾਰੀ ਸਿੰਘ ਵੀ (ਜੋ ਬਾਬਾ ਸਾਹਿਬ ਸਿੰਘ ਦਾ ਸੇਵਕ ਸੀ) ਇਥੇ ਆਏ ਰਹਿੰਦਾ ਸੀ।

੧੯. ਸੰਤ ਖੁਦਾ ਸਿੰਘ ਦੇ ਡੇਰੇ ਵਿਚ ਵੀ ਬਹੁਤੇ ਸੰਤ ਰਹਿੰਦੇ ਸਨ।

੨੦. ਭਾਈ ਬੁਢਾ ਸਿੰਘ ਠੀਕਰੀਵਾਲੇ ਦਾ ਡੇਰਾ, ਭਾਈ ਪੰਜਾਬ ਸਿੰਘ ਘੋਪੇ ਕਾ ਤੇ ਭਾਈ ਸੁਬਾ ਸਿੰਘ ਇਹ ਬਾਣੀ ਦਾ ਸੀ ਦੇਵੇਂ ਹੀ ਉਨੇ ਸਾਹਿਬ ਤੋਂ ਆਏ ਸੀ।

੨੧. ਸਰਦਾਰ ਫਤੂ ਸਿੰਘ ਸਾਵੇ ਵਾਲੇ, ਸਰਦਾਰ ਹਰੀ ਸਿੰਘ ਲਸ਼ਕਰੀ, ਨਕੋਈ ਵਾਲਾ ਡੇਰਾ ਵਖਰੀ ਰਾਜਾ ਸਿੰਘ (ਮਲਕਪੁਰੀ) ਕੁਰੀ ਭਾਈ ਭਾਗ ਸਿੰਘ ਜੀ ਦੇ ਨੇੜੇ ਹੈ–ਦਾ ਡੇਰਾ–ਭਾਈ ਕਿਸ਼ਨ ਸਿੰਘ ਪੰਜੋਏ ਕਾ ਡੇਰਾ (ਇਹ ਪ੍ਰਬਨ ਕਰਿਆ ਕਰਦਾ ਤੇ ਸੰਤ ਬੀਰ ਸਿੰਘ ਜੀ ਗਿਆਨ ਭਰਪੂਰ ਉਤਰ ਦਿਤਾ ਕਰਦੇ ਸਨ।

੨੨. ਭਾਈ ਨਰਾਇਨ ਸਿੰਘ ਤੇ ਇਸ ਦਾ ਪੁਤਰ ਪਿਆਰਾ ਸਿੰਘ ਦਾ ਡੇਰਾ ਵੱਖ ਸੀ।

੨੩. ਭਾਈ ਸਰਦੂਲ ਸਿੰਘ ਜਗਰਾਵਾਂ ਦਾ, ਭਾਈ ਸੰਤ ਮਲ ਸਿੰਘ ਲਧੂਕੇ ਨਗਰ ਦਾ, ਸਿਮਰਨ ਦੇ ਰੂਪ ਦੇ ਲੰਗਰ ਦੀ ਸੇਵਾ ਕਰਦੇ ਤੇ ਅੰਨ ਨਹੀਂ ਛਕਦੇ ਸਨ। ਬਿਆਸਾ ਕਿਨਾਰੇ ਰਹਿੰਦੇ ਜਾਂ ਫਿਰ ੪੦-੪੦ ਦਿਨ ਦੇ ਚਲੀਏ ਕਟਦੇ ਤੇ ਅੰਨ ਨਹੀਂ ਛਕਦੇ ਸਨ। ਬਿਆਸਾ ਕਿਨਾਰੇ ਰਹਿੰਦੇ ਜਾਂ ਫਿਰ ਨੂੰ ਪਿਆਰੇ ਸਨ।

ਨੋਟ–ਪੰਡਿਤ ਸ਼ੋਰ ਸਿੰਘ ਆਪਣੇ ਗੁਰ ਬਿਲਾਸ ਬੀਰ ਮ੍ਰਿਗੇਸ਼ ਵਿਚ ਲਿਖਦੇ ਹਨ ਕਿ ਇਹਨਾਂ ਉਕਤ ਸਾਰੇ ਡੇਰਿਆਂ ਦਾ ਨਿਰਣਾ ਤੇ ਪ੍ਰਸੰਗ (ਜੋ ਸੰਤ ਬਾਬਾ ਬੀਰ ਸਿੰਘ ਜੀ ਦੀ ਛਤਰ ਛਾਇਆ ਤਾਬਿਆਦਾਰੀ ਵਿਚ ਅੰਗ-ਸੰਗ ਸੰਤਪੁਰੇ ਵਿਚ ਰਹਿੰਦੇ ਸਨ) ਇਹ ਸੰਤ ਭਾਈ ਹੀਰਾ ਸਿੰਘ ਜੀ ਤੋਂ ਸੁਣਿਆ ਤੇ ਲਿਖਿਆ ਹੈ, ਇਸ ਤੋਂ ਪਤਾ ਲਗਦਾ ਹੈ ਕਿ ਆਪਣੇ ਸਮੇਂ ਸੰਤ ਬਾਬਾ ਬੀਰ ਸਿੰਘ ਦਾ ਕਿਤਨਾਂ ਤੇਜ ਪ੍ਰਤਾਪ ਸੀ ? ਇਹ ਡੇਰਾ ਸੰਤਪੁਰਾ (ਨੌਰੰਗਾਬਾਦ) ਖਾਲਸੇ ਦੀ (ਮਾਨੋ ਸੰਤ ਸਿਪਾਹੀਆਂ ਦੀ) ਛਾਵਨੀ ਹੀ ਸੀ।

Scanned with CamScanner

ਪ੍ਰਭਤਾ ਤੇ ਨਿਮਰਤਾ ਦੇ ਪੁੰਜ ਬਾਬਾ ਜੀ ਦੀ ਪ੍ਰੀਖਿਆ

ਇਕ ਪਾਸੇ ਸੰਤ ਬਾਬਾ ਬੀਰ ਸਿੰਘ ਦਾ ਇਤਨਾਂ ਤੇਜ ਪ੍ਰਤਾਪ ਤੇ ਸਿਖ ਧਰਮ ਦਾ ਪ੍ਰਚਾਰ ਕਰਦਿਆਂ ਦੀ ਧਾਂਕ ਪੈ ਚੁਕੀ ਸੀ ਤੇ ਦੂਜੇ ਪਾਸੇ ਕਈ ਵੀਰਖਾਲੂ ਅਸ਼ਰਧਕਾਂ ਦੀ ਘਾਟ ਵੀ ਨਹੀਂ ਸੀ ਕਿ ਦੇ ਅਜਨਬੀ ਸੰਤ, ਪ੍ਰੀਖਿਆ ਲੈਣ ਦੀ ਭਾਵਨਾ ਨਾਲ ਡੇਰੇ ਸੰਤਪੁਰੇ ਆਏ ਤੇ ਬਾਬਾ ਬੀਰ ਸਿੰਘ ਜੀ ਨੂੰ ਉਹਨਾਂ ਦੇ ਮਨ ਦੀ ਜਾਣ ਕੇ ਚੁਪਕੇ ਹੀ ਪਲੰਘ ਤੋਂ ਉਠ ਕੇ ਬਾਹਰ ਲਘੂ ਸੰਕੇ (ਸੁਦੇਤ) ਹੋਣ ਨੂੰ ਚਲੇ ਗਏ। ਉਹਨਾਂ ਆਏ ਸੰਤਾਂ ਨੇ ਬਾਬਾ ਜੀ ਦਾ ਪਲੰਘ ਖਾਲੀ ਡਿਠਾ ਤੇ ਦੇਖੇ ਉਤੇ ਚੜ੍ਹ ਕੇ ਸੋਂ ਗਏ। ਇਹਨਾਂ ਦੇ ਸੌਂਘਾ ਪੈਰ ਧੂੜ ਨਾਲ ਲਿਬੜੇ ਹੋਇ ਸਨ। ਇਤਨੇ ਨੂੰ ਸੰਤ ਬਾਬਾ ਜੀ ਵੀ ਆ ਗਏ ਸੀ, ਨਿਕਟ ਵਰਤੀ ਸਿਖਾਂ ਨੂੰ ਇਹਨਾਂ ਸੰਤਾਂ ਦੀ ਕਰਤੂਤ ਉਤੇ ਜੋਸ਼ ਆਇਆ ਤੇ ਕੜਵੇ ਬਚਨ ਵੀ ਬੋਲੇ, ਪਰ ਬਾਬਾ ਜੀ ਨੇ ਵਰਜ ਦਿਤਾ ਤੇ ਆਪਣੇ ਦੁਪੱਟੇ ਨਾਲ ਜੋ ਮੋਢੇ ਤੇ ਹੁੰਦਾ ਸੀ, ਉਹਨਾਂ ਦੋਹਾਂ ਦੀਆਂ ਲੱਤਾਂ ਤੇ ਪੈਰ ਝਾੜੇ। ਫਿਰ ਉਹਨਾਂ ਵਾਸਤੇ ਠੰਢੀ ਸਰਦਿਆਈ ਮੰਗਵਾ ਕੇ ਪਿਲਾਈ ਕਿ ਗਰਮੀ ਦੀ ਰੁਤ ਹੈ, ਸੰਤ ਇਹ ਦੂਰ ਤੋਂ ਆਏ ਹਨ। ਐਸੀ ਕਰਨੀ ਦੇਖ ਕੇ ਉਹ ਦੋਵੇਂ ਸੰਤ ਬਹੁਤ ਸ਼ਰਮਿੰਦੇ ਹੋਏ ਤੇ ਮੁਆਵੀਆਂ ਮੰਗੀਆਂ ਕਿ ਅਸੀਂ ਆਪ ਮਹਾਂ ਪੁਰਖਾਂ ਦੀ ਸਾਰ ਨਹੀਂ ਜਾਣੀ, ਵੀਰਖਾ ਵਿਚ ਕੁਜਦਿਆਂ ਨੇ ਗੁਨਾਹ ਕੀਤਾ ਹੈ ਸਾਨੂੰ ਮੁਆਫ ਕੀਤਾ ਜਾਇ। ਐਸਾ ਆਖਦੇ ਹੋਇਆਂ ਨਿਮਸਕਾਰਾਂ ਕਰਦੇ ਚਲੇ ਗਏ, ਤੇ ਪਿਛੋਂ ਸ੍ਰੀ ਬਾਬਾ ਜੀ ਨੇ ਸੰਤ ਮਹਿਮਾਂ ਵਿਚ ਗੁਰਵਾਕ ਸੁਣਾਏ ਕਿ–ਭਾਈ ਗੁਰਸਿਖੋ, ਸਹੀ ਸੰਤ ਸੇਵਾ ਵਿਚ ਹੀ ਜਨਮ ਸਫਲਾ ਹੁੰਦਾ ਹੈ–ਗੁਰ ਫੁਰਮਾਨ ਹੈ–

''ਨਾਨਕ ਦਾਸ ਇਹੀ ਸੁਖ ਮਾਂਗੈ ਮੋਕਉ ਕਰ ਸੰਤਨ ਕੀ ਧੂਰੇ''

ਨੋਟ–ਬੀਰ ਮ੍ਰਿਗੇਸ਼ ਦੇ ਲੇਖਕ ਪੰਡਤ ਸ਼ੇਰ ਸਿੰਘ ਨੇ ਸੰਤ ਬਾਬਾ ਬੀਰ ਸਿੰਘ ਦੀ ਉਕਤ ਕਥਾ ਸੰਤ ਹਰੀ ਸਿੰਘ ਦੀ ਜ਼ਬਾਨੀ ਸੁਨਾਈ ਲਿਖੀ ਤੇ ਦਸਿਆ ਕਿ ਬਾਬਾ ਜੀ ਨੇ ਸੰਤ ਅਖਿਆਂ ਵਿਚ ਬਹੁਤ ਕੁਝ ਸੁੰਦਰ ਸਮਾਚਾਰ ਸੁਣਾਏ ਜੋ ਸ਼ਬਦਾ ੯੭੦ ਤੋਂ ੯੭੧ ਤੀਕ ਲਿਖੇ ਹਨ।

ਉਤਰਾਧੇ ਸਫਾ ੯੪੩ ਤੋਂ ਸ਼ੁਰੂ ਤ ਸਕੰਧ ਧਿਆਏ ੭

ਵਿਚੋਂ ਸਮਾਚਾਰ

ਉਕਤ ਸ੍ਰੀ ਮਲ ਸਿੰਘ ਬਾਬਾ ਜੀ ਦੇ ਲੰਗਰ ਦੀ ਸੇਵਾ ਪ੍ਰੇਮ ਨਾਲ ਕਰਦੇ ਤੇ ਲੰਗਰ ਵਿਚ ਰਹਿੰਦੇ, ਜੀਵਨ ਮੁਕਤੀ ਨੂੰ ਪਦ ਪ੍ਰਾਪਤ ਕੀਤਾ, ਨਿਸ਼ਕਾਮ ਸੇਵਾ ਰੂਪ ਬੜੀ ਕਠਨ ਤਪੱਸਿਆ ਕਰਦੇ ਰਹੇ। (ਲੇਖਕ ਪੰਡਤ ਸ਼ੇਰ ਸਿੰਘ ਲਿਖਦੇ) ਇਹ ਸਾਰੇ ਡੇਰਿਆਂ ਤੇ ਜਥੇਦਾਰਾਂ ਦਾ ਪ੍ਰਸੰਗ ਸੰਤ ਹੀਰਾ ਸਿੰਘ ਦੀ ਜ਼ੁਬਾਨੀ ਅਸੀਂ ਸੁਣਿਆ ਤੇ ਲਿਖਿਆ ਹੈ।

ਬਾਬਾ ਨੰਦ ਸਿੰਘ ਬੜਾ ਤਿਆਗ ਕਰਕੇ (ਇਸਤਰੀ, ਪੁਤਰਾਂ, ਘਰ ਦਰ ਦਾ ਮੋਹ ਛੱਡ) ਬਾਬਾ ਜੀ ਵੀ ਸੰਗਤ ਵਿਚ ਸ਼ਾਮਲ ਹੋਏ ਅਤੇ ਬਾਬਾ ਜੀ ਦੀ ਫੌਜ ਵਿਚ ਇਹ (ਨੰਦ ਸਿੰਘ) ਬਖਸ਼ੀ ਥਾਪੇ ਗਏ।

ਬਖਸ਼ੀ ਰਾਜਾ ਸਿੰਘ ਮਲਕ ਪੁਰੀਏ ਦੇ ਵੱਡੇ ਭਰਾਤਾ (ਬਖਸ਼ੀ ਫਤੇ ਸਿੰਘ) ਦੇ ਇਹ ਪੁਤਰ ਸਨ।

ਇਹ ਤਿੰਨੇ ਭਰਾਤਾ ਸਨ–ਬਖਸ਼ੀ ਰਾਮ ਸਿੰਘ, ਬਖਸ਼ੀ ਬਾਜ ਸਿੰਘ ਤੇ ਬਖਸ਼ੀ ਨੰਦ ਸਿੰਘ ਸਭ ਤੋਂ ਛੋਟਾ ਸੀ। ਬਖਸ਼ੀ ਰਾਮ ਸਿੰਘ, ਬਖਸ਼ੀ ਰਾਜਾ ਸਿੰਘ ਦਾ ਕਾਰੋਬਾਰੀ (ਮੁਖਤਾਰ) ਸੀਬਖਸ਼ੀ ਨੰਦ ਸਿੰਘ ਇਹ ਸਭ ਕੁਝ ਘਰ ਦਰ ਪ੍ਰਵਾਰ ਦਾ ਤਿਆਗ ਕਰਕੇ ਜਦੋਂ ਬਾਬਾ ਜੀ ਦੀ ਸੇਵਾ ਵਿਚ ਆਏ ਸੀ ਤਦ ਪਹਿਲੇ ਗੁਰੂ ਕੇ ਲੰਗਰ ਵਾਸਤੇ ਰੋਜ਼ਾਨਾਂ ਜੰਗਲ ਵਿਚੋਂ ਲਕੜੀਆਂ ਦੀ ਭਰੀ ਲਿਆਉਣੀ। ਰਾਤ ਨੂੰ ਚਕੀ ਵਿਚ ਆਟਾ ਪੀਸਨਾ, ਨਾਲੇ ਸ਼ਬਦ ਅਭਿਆਸ ਸਿਮਰਨ ਕਰਦੇ ਰਹਿਣਾ ਤੇ ਸਮਾਂ ਮਿਲੇ ਵੇਲੇ ਨੇੜੇ ਦੀ ਸੇਵਾ ਵੀ ਕਰਨੀ, ਸਮਾਂ ਪਾ ਕੇ ਐਸੀ ਨਿਰਮਾਨਤਾ ਵਿਚ ਵਰਤੇ ਕਿ ਖੁਸ਼ ਹੋ ਕੇ ਬਾਬਾ ਜੀ ਨੇ ਆਪਣੀ ਫੌਜ ਦੇ ਬਖਸ਼ੀ ਅਹੁਦੇਦਾਰ ਥਾਪ ਦਿਤੇ ਸੀ। ਫਿਰ ਵੀ ਰਾਤ ਨੂੰ ਲੰਗਰ ਵਾਸਤੇ ਚਕੀ ਵਿਚ ਆਟਾ ਪੀਸਦੇ।

ਛੋਟੇ ਬੀਰ ਸਿੰਘ ਸੰਤ ਦਾ ਜਨਮ ਕੋਰੇ ਨਗਰ (ਦੜਪ ਇਲਾਕੇ) ਦਾ ਸੀ। ਇਹ ਫਾਰਸੀ ਦੇ ਵੰਗੇ ਵਿਦਵਾਨ ਸਨ। ਪਹਿਲੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਰਹੇ ਅਤੇ ਨੁਸ਼ਹਿਰੇ ਨੇੜੇ (ਸ਼ੇਰੂ ਗ੍ਰਾਮ) ਦੇ ਸੰਗ੍ਰਾ ਵਿਚ ਸਿਖ ਫੌਜਾਂ ਦੇ ਨਾਲ ਹੋ ਕੇ ਬਹਾਦਰੀ ਨਾਲ ਲੜੇ, ਫਿਰ ਸਰਬੰਸ ਦਾ ਤਿਆਗ ਕਰਕੇ ਬਾਬਾ ਬੀਰ ਸਿੰਘ ਜੀ ਦੀ ਚਰਨ ਸ਼ਰਨ ਵਿਚ ਆਏ ਰਹੇ। ਕੁਝ ਬਾਬਾ ਬੀਰ ਸਿੰਘ ਜੀ ਤੋਂ ਅਤੇ ਵਧੇਰੇ ਸੰਤ ਭਾਗ ਸਿੰਘ ਜੀ ਕੁਰੀ ਵਾਲਿਆਂ ਪਾਸੋਂ ਇਹਨਾਂ ਨੇ ਜੋਗਾ ਅਭਿਆਸ ਦੀ ਰੀਤੀ ਵੀ ਸਿਖ ਲਈ ਸੀ।

ਮਹਾਰਾਜ ਸੰਤ ਬੀਰ ਸਿੰਘ ਜੀ ਦੇ ਲੰਗਰ ਵਿਚ ਕਈ ਤਰ੍ਹਾਂ ਦੇ ਪਦਾਰਥ ਤਿਆਰ ਹੁੰਦੇ ਅਤੇ ਲਿਲੇ ਰਾਤ ਇਤਨਾਂ ਵਿਸ਼ਾਲ ਤੇ ਅਖੰਡ ਲੰਗਰ ਵਰਤਿਆ ਕਰਦਾ ਤੇ ਹਜ਼ਾਰਾਂ ਸਿਖ ਸੰਗਤਾਂ ਪ੍ਰਬਾਦ ਬ੍ਰਹਿਮਾ ਕਰਦੀਆਂ ਸਨ–ਪਰ ਛੋਟੇ ਸੰਤ ਬੀਰ ਸਿੰਘ ਜੀ ਨੇ ਕੋਈ ਸ਼ੈਕਾ ਨਾ ਕਰਨੀ ਤੇ ਨਗਰ ਵਿਚੋਂ ਆਟੇ ਦੀ ਝਿਖਿਆ ਮੰਗ ਲਿਆਉਣੀ–ਰੋਟੀਆਂ ਤਿਆਰ ਕਰਨੀਆਂ ਤੇ ਜੰਗਲ ਤੋਂ ਸਾਗ ਭਾਜੀ ਬ੍ਰਿਛਾਂ ਦੇ ਕੋਮਲ ਪਤਿਆਂ ਦਾ ਸਾਗ ਪਕਾ ਕੇ–ਥਾਲ ਵਿਚ ਉਹ ਆਪਣੀਆਂ ਪਕਾਈਆਂ ਟੋਟੀਆਂ ਤੇ ਸਾਗ ਭਾਜੀ ਰੱਖ ਕੇ ਸ੍ਰੀ ਹਜ਼ੂਰ ਬਾਬਾ ਬੀਰ ਸਿੰਘ ਦੇ ਪ੍ਰਸ਼ਾਦਾ ਛਕੇ ਵੇਲੇ ਪੇਸ਼ਿਆ ਥਾਲ ਉਠਾਏ ਕੇ ਸਾਹਮਣੇ ਖਲੋ ਜਾਇਆ ਕਰਦੇ। ਜਦੋਂ ਸੰਗਤ ਪੰਗਤ ਪ੍ਰਬਾਦ ਛਕਦੀ ਤਦ ਛੋਟੇ ਬਾਬਾ ਬੀਰ ਸਿੰਘ ਨੂੰ ਪਾਸ ਬੁਲਾਕੇ ਇਹਨਾਂ ਦਾ ਰੁਖਾ ਤਿਆਰ ਪ੍ਰਸ਼ਾਦਾ ਛਕਦੇ ਅਤੇ ਬਾਕੀ ਦਾ ਬੱਚਿਆ ਇਹਨਾਂ ਪ੍ਰਤੀ ਛਕਣ ਦੀ ਆਗਿਆ ਕਰਦੇ ਹੁੰਦੇ ਸਨ।

ਬਾਬਾ ਬੀਰ ਸਿੰਘ ਸਾਹਿਬ ਜਦੋਂ ਸੰਤ ਭਾਈ ਭਾਗ ਸਿੰਘ ਜੀ ਦੀ ਸੇਵਾ ਵਿਚ ਸਾਲ ਮਗਰੋਂ ਚੁਲੀ ਜਾਂਦੇ, ਤਦ ਇਹ ਵੀ ਨਾਲ ਜਾ ਕੇ ਬਹੁਤ ਚਿਰ ਤੀਕ ਉਥੇ ਰਹਿੰਦੇ ਤੇ ਸੰਤ ਸੇਵਾ ਦਾ ਲਾਭ ਲਿਆ ਕਰਦੇ। ਛੋਟੇ ਸੰਤ ਬੀਰ ਸਿੰਘ ਜੀ ਨੇ ਸਵਾ ਲੱਖ ਪਾਠ ਸ੍ਰੀ ਜਪੁਜੀ ਸਾਹਿਬ ਦਾ ਕਈ ਸਾਲ ਵਿਚ ਕੀਤਾ ਸੀ, ਇਹ ਗਲ ਇਹਨਾਂ (ਸੰਤ ਬੀਰ ਸਿੰਘ ਛੋਟਿਆਂ) ਦੀ ਜ਼ੁਬਾਨੀ ਸੁਣੀ (ਪੰਡਤ ਸ਼ੇਰ ਸਿੰਘ) ਲਿਖੀ ਹਦੇ ਹਨ।

ਛੋਟੇ ਬੀਰ ਸਿੰਘ (ਸੰਤ ਜੀ) ਨੇ ਇਹ ਵੀ ਦਸਿਆ ਕਿ ਸ੍ਰੀ ਜਪੁਜੀ ਸਾਹਿਬ ਦਾ ਪਾਠ–ਸਵਾ ਲੱਖ ਵੈਸੇ ਵਿਚੋਂ ਚੋਬਾ ਕੁ ਹਿਸਾ ਅਜੇ ਬਾਕੀ ਸੀ–ਬਹੁਤ ਵਡਾ ਵਿਘਨ ਪੈਦਾ ਹੋ ਗਿਆ। ਇਕ ਤਾਂ ਮੇਰੀ ਬੁਧ ਅਦਸ਼ਬਾ (ਭਰ ਜਵਾਨੀ) ਦੂਜਾ ਸੱਜੇ ਖੱਬੇ ਜਿਸ ਪਾਸੇ ਦੇਖਾਂ ਅਸਚੁਰਜ ਰੂਪ ਦੀਆਂ ਅਤੇ ਸੁੰਦਰ ਇਸਤਰੀਆਂ ਖਲੋਤੀਆਂ ਦਿਖਾਈ ਦੇਣ ਤੇ ਆਪਣੇ ਹਾਵ ਭਾਵ ਮਿਠੇ ਬਚਨਾਂ ਨਾਲ ਮੇਰਾ ਜਤ ਸਤ ਭੰਗ ਕਰਨ ਦੀ ਪ੍ਰੇਰਨਾ ਕਰਨ। ਜਿਸ ਤੇ ਸੁੰ: ਸਖਤ ਦੁਖੀ ਅਤੇ ਪਰੇਸ਼ਾਨ ਹੋ ਕੇ ਦੂਜੀ ਥਾਂ ਜਾਏ ਪਾਠ ਸ਼ੁਰੂ ਕੀਤਾ ਤੇ ਉਹੋ ਜੀ ਐਸਾ ਹੀ ਹੋਇਆ। ਇਹ ਕੁਝ ਸੰਤ ਭਾਗ ਸਿੰਘ ਜੀ ਦੇ ਪਾਸ ਕੁਰੀ (ਪੋਠੋਹਾਰ) ਵਿਚ ਗਏ ਹੋਏ ਜੀ ਐਸਾ ਹੀ ਹੋਇਆ ਸੀ, ਤਦ ਇਹਨਾਂ ਇਹ ਵਾਪਰਿਆ ਦੁਖ ਸੰਤ ਭਾਗ ਸਿੰਘ ਜੀ ਨੂੰ ਦਸਿਆ–ਤਦ ਮੁਸਕਰਾਏ

Scanned with CamScanner

ਕਿ ਉਹਨਾਂ ਆਖਿਆ–"ਵਾਹ ਭਾਈ ਜੀ ਵਾਹ ! ਕਰ ਆਏ ਹੋ ਕਮਾਈ ! ਸਾਧ ਗੋਰੀ ਕਰ ਆਏ ਹੈ। ਜੋ ਸਾਡੇ ਪਾਸ ਦੇੜੇ ਆਏ ਹੋ ! ਅਛਾ ਜਾਉ ! ਹੁਣ ਪਾਠ ਕਰੀਏ–ਨਿਰ ਵਿਘਨ ਸਮਾਪਤ ਹੋਇਗਾ। ਤੇ ਐਸਾ ਹੀ ਹੋਇਆ ਸੀ ਵਿਘਨ ਨਾ ਪਿਆ।

ਸ੍ਰੀ ਜਪੁਜੀ ਸਾਹਿਬ ਦੇ ਸਵਾ ਲੱਖ ਪਾਠਾਂ ਦੀ ਸਮਾਪਤੀ ਕੋਈ ਆਸਾਨ ਕੰਮ ਨਹੀਂ ਸੀ। ਨਹੀਂ ਪਤਾ ਦੋਜਾਨਾਂ ਦਿਨ ਰਾਤ ਵਿਚ ਕਿਤਨੇ ਪਾਠ ਕਰਦੇ ਰਹੇ ਸੀ। ਸਫਲ ਹੋਇ ਸਨ ਪਰ ਕੁਦਰਤੀ ਗਲ ਹੈ, ਆਪ ਜੀ ਨੂੰ ਵਾਕ ਸਿਧੀ ਪ੍ਰਾਪਤਿ ਹੋਈ ਜੋ ਕੁਝ ਸਹਿਜੇ ਮੁਖ ਬੋਲਿਆ ਜਾਂਦਾ ਸਤ ਹੁੰਦਾ।

ਇਕ ਵੇਰੇ ਇਥੇ (ਸੈਤ ਪੁਰੇ) ਦੇ ਵਸਨੀਕ ਸਾਹਿਬ ਸਿੰਘ ਨਾਮ ਸਿਖ ਨੂੰ ਛੋਟੇ ਸੈਤ ਬੀਰ ਸਿੰਘ ਜੀ ਨੇ ਕਿਹਾ–ਭਾਈ ਪ੍ਰੇਮੀਆ ਜਾ ਕੇ ਬਾਗ ਵਿਚੋਂ ਕੁਝ ਸਾਗ ਤੋੜ ਲਿਆਂਵੇ। ਉਸ ਨੇ ਜਵਾਬ ਵਿਚ ਕਿਹਾ ਮੈਂਹੇ ਤੋਂ ਐਸਾ ਨਹੀਂ ਹੁੰਦਾ ਮੈਂ ਨਹੀਂ ਜਾ ਸਕਦਾ, ਤਦ ਬੀਰ ਸਿੰਘ ਛੋਟੇ ਨੇ ਕਿਹਾ—ਕੀ ਤੂੰ ਕੋਹੜਾ ਹੈ ਇਤਨਾ ਕੰਮ ਨਹੀਂ ਕਰ ਸਕਦਾ ?

ਇਹ ਬਚਨ ਕਰਨ ਦੀ ਦੇਰ ਸੀ ਏੜੇ ਸਮੇਂ ਅੰਦਰ ਹੀ ਉਸ (ਸਾਹਿਬ ਸਿੰਘ) ਦਾ ਸਰੀਰ ਤਿੜਕ ਪਿਆ ਕੋਹੜ ਦੇ ਜ਼ਖਮ ਫੁਟ ਪਏ ਤੇ ਦਰਦ ਨਾਲ ਕੁਰਲਾਂਦਾ ਹੋਇਆ ਵਡੇ ਬਾਬਾ ਬੀਰ ਸਿੰਘ ਪਾਸ ਬਿਕਾਇਤ ਕਰਕੇ ਬੇਨਤੀ ਕੀਤੀ ਮੈਨੂੰ ਇਸ ਰੋਗ ਤੋਂ ਬਚਾਉ। ਉਹਨਾਂ ਨੇ ਸਾਰੀ ਗਲਬਾਤ ਸੁਣੇ ਪਿਛੋ ਕਿਹਾ ਕਿ ਅਸੀਂ ਸੈਤ ਦੇ ਬਚਨ ਨੂੰ ਉਲਟਾ ਨਹੀਂ ਸਕਦੇ ਉਹੀ ਮੁਆਫ ਕਰੇ ਤਾਂ ਕਰ ਸਕਦਾ ਹੈ–ਨਾਲ ਹੀ ਛੋਟੇ ਬੀਰ ਸਿੰਘ ਜੀ ਨੂੰ ਬੁਲਾ ਕੇ ਤਾੜਨਾ ਕੀਤੀ ਕਿ ਅਗਰ ਵਾਕ ਸਿਧੀ (ਕੁਝ ਸ਼ਕਤੀ) ਪ੍ਰਾਪਤ ਹੋਈ ਹੈ ਤਾਂ ਜਰਨਾ ਸੀ ਇਤਨੇ ਥੋੜੇ ਜਿਹੇ (ਸਾਹਿਬ ਸਿੰਘ) ਦੇ ਕਸੂਰ ਬਦਲੇ ਇਤਨੀ ਵਡੀ ਸਜ਼ਾ ਦਿਤੀ ਹੈ। ਹੁਣ ਇਹ ਬਹੁਤ ਦੁਖੀ ਹੈ–ਮੁਆਫ ਕਰ ਦਿਉ ਤੇ ਅਗੇ ਤੋਂ ਐਸੇ ਸ਼ਕਤ ਪ੍ਰਗਟਾਵੇ ਨਾ ਕੀਤਾ ਕਰੋ– ਤਦ ਆਪਣੇ ਪ੍ਰੀਤਮ ਪਿਆਰੇ ਸ੍ਰੀ ਬਾਬਾ ਬੀਰ ਸਿੰਘ ਜੀ ਦੀ ਇਸ ਤਾੜਨਾ ਪਰ ਪਛਤਾਵਾ ਕੀਤਾ, ਉਸ ਨੂੰ ਅਰੋਗ ਹੋ ਜਾਣ ਦਾ ਬਚਨ ਕੀਤਾ ਤੇ ਉਹ ਅਰੋਗ ਹੋ ਗਿਆ ਸੀ। ਇਸ ਸ਼ਕਤ ਚਮਤਕਾਰ (ਵਾਕ ਸਿਧੀ) ਦੇ ਪ੍ਰਗਟਾਵੇ ਕਾਰਨ ਵੀ ਛੋਟੇ ਸੈਤ ਬੀਰ ਸਿੰਘ ਦੀ ਸਾਧ ਸੰਗਤ ਵਿਚ ਮਾਨਤਾ ਬਹੁਤ ਵਧ ਗਈ ਤੇ ਇਹਨਾਂ ਵੀ ਆਪਣੇ ਆਪ ਨੂੰ ਬਹੁਤ ਸੰਕੋਚ ਲਿਆ ਤੇ ਕੋਈ ਵੀ ਬਚਨ ਸੋਚ ਸਮਝ ਕੇ ਕਰਦੇ ਰਹੇ ਸੀ।

ਬੀਰ ਮ੍ਰਿਗੇਸ਼ ਸਫਾ ੯੪੬ ਪਰ ਪੰਡਿਤ ਸ਼ੇਰ ਸਿੰਘ ਨੇ ਲਿਖਿਆ ਕਿ ਸਾਹਿਬ ਸਿੰਘ ਨੂੰ ਕੋਹੜ ਦਾ ਸਰਾਪ ਹੋਏ ਤੋਂ ਪਹਿਲੇ ਵੀ ਛੋਟੇ ਬੀਰ ਸਿੰਘ ਦੀ ਇਕ ਵਾਕ ਸਿਧੀ ਦੀ ਕਥਾ ਇਉਂ ਸੁਣੀ ਕਿ ਬਾਬਾ ਬੀਰ ਸਿੰਘ ਜੀ ਦਾ ਜਥਾ (ਸਿਖ ਸੰਗਤ ਸਮੇਤ) ਮਾਝੇ ਵਿਚ ਪ੍ਰਚਾਰ ਹਿਤ ਵਿਚਰ ਰਿਹਾ ਸੀ ਛੋਟੇ ਬੀਰ ਸਿੰਘ ਵੀ ਨਾਲੇ ਸਨ, ਇਕ ਜ਼ਿਮੀਦਾਰ ਦੇ ਖੂਹ ਉਤੇ ਘਣੀ ਝਿੜੀਆਂ ਦੀ ਛਾਵੇਂ ਦੇਖ ਸਿਖਾਂ ਨੇ ਬਾਬਾ ਜੀ ਦੇ ਆਰਾਮ ਵਾਸਤੇ ਪਲੰਘ ਵਿਛਾਇਆ, ਤਦ ਜ਼ਿਮੀਂਦਾਰ ਨੇ ਐਸਾ ਕਰਨ ਤੋਂ ਰੋਕਿਆ। ਜਿਸ ਪਰ ਆਪਿ ਵਿਚ ਬੈਠ ਤਲਖ ਕਲਾਮੀ ਵਧ ਗਈ। ਛੋਟੇ ਬੀਰ ਸਿੰਘ ਜੀ ਨੇ ਕਿਹਾ–ਭਾਈ ਅਸੀਂ ਤੇਰੀ ਜਗ੍ਹਾ ਉਠਾ ਕੇ ਨਹੀਂ ਲਿਜਾਣੀ—ਥੋੜੀ ਦੇਰ ਲਈ ਬਾਬਾ ਜੀ ਨੇ ਆ ਕੇ ਅਰਾਮ ਕਰਨਾ ਸੀ ਤੂੰ ਇਤਨਾਂ ਤੱਤਾ ਕਿਉਂ ਹੋਇਆ ਹੈਂ ਕੀ ਤੈਨੂੰ ਗੋਲੀ ਤਾਂ ਨਹੀਂ ਲਗੀ–

ਇਸ ਤਰ੍ਹਾਂ ਦੀ ਕ੍ਰੋਧ ਭਰੀ ਗਲ ਕਹੇ ਸੁਣੇ ਮਗਰੋਂ ਛੋਟੇ ਪੈਰਾਂ ਦੀ ਵਿਚ ਉਤੇ ਸੈਤਾ ਵਾਲੇ ਪਲੰਘ ਵਿਛਾਇਆ ਤੇ ਆਪ (ਸ੍ਰੀ ਬਾਬਾ ਜੀ) ਨੇ ਅਰਾਮ ਕੀਤਾ। ਪਰ ਉਧਰ ਅਜੇ ਵੇਂਦਾ ਸਮਾਂ ਬੀਤਿਆ ਸੀ ਇਕ ਹੋਰ ਸ਼ਿਕਾਰੀ ਨੇ ਕਿਸੇ ਨਸਦੇ ਸ਼ਿਕਾਰ (ਹਰਨ ਆਦਿਕ) ਤੇ ਬੰਦੂਕ ਦੀ ਗੋਲੀ ਚਲਾਈ, ਜੋ

ਸ਼ਿਕਾਰ ਤਾਂ ਬਚ ਕੇ ਨਿਕਲ ਗਿਆ ਤੇ ਗੋਲੀ ਉਸ ਜਾਟ ਨੂੰ ਲਗੇ ਨਾਲ ਉਹ ਬਾਏਂ ਹੀ ਮਰ ਗਿਆ ਸੀ। ਇਹ ਗਲ ਤਾਂ ਪ੍ਰਗਟ ਹੋ ਚੁਕੀ ਸੀ ਕਿ ਛੋਟੇ ਸੈਤ ਬੀਰ ਸਿੰਘ ਦਾ ਕਿਹਾ ਬਚਨ ਤੱਤਕਾਲ ਸਤ ਹੋਇਆ ਹੈ। ਉਸ ਜੱਟ ਦੇ ਸਬੰਧੀਆਂ ਨੇ ਮੁਰਦਾਂ ਚੁਕਵਾ ਕੇ ਬਾਬਾ ਬੀਰ ਸਿੰਘ ਜੀ ਅਗੇ ਲਿਆ ਰਖਿਆ ਪੁਕਾਰ ਕੀਤੀ ਕਿ ਇਸ ਨੂੰ ਆਪ ਹੀ ਜਿਵਾ ਸਕੋਗੇ ਤਦ ਆਪ ਨੇ ਫੁਰਮਾਇਆ—"ਸੈਤ ਕੀ ਮਾਰੀ ਖੇਤੀ ਵੀ ਵਢੀ ਹਰੀ ਹੋਈ ਹੈ ? ਇਹ ਹੁਣ ਨਹੀਂ ਜਿੰਦਾ ਹੋ ਸਕਦਾ ਇਸ ਦਾ ਲਿਜਾ ਕੇ ਸਸਕਾਰ ਹੀ ਕਰੀਏ।

ਇਧਰ ਬਾਬਾ ਬੀਰ ਸਿੰਘ ਜੀ ਨੇ ਛੋਟੇ ਬੀਰ ਸਿੰਘ ਜੀ ਨੂੰ ਸੰਗਤ ਸਾਹਮਣੇ ਹੀ ਓਰੀ ਡਾਂਟ ਪਾ ਕੇ ਆਖਿਆ–ਤਿਤਨਾਂ ਵਡਾ ਅਪਰਾਧ ਕਿਉਂ ਕੀਤਾ ਤੇ ਚੋਜੀ ਜੋਹੀ ਗਲ ਪਿਛੇ ਆਪਣੇ ੧੨ ਬਰਸ ਦੇ ਕੀਤੇ ਜਪ ਤਪ ਨੂੰ ਗਵਾ ਲਿਆ ਹੈ। ਜੇ ਕਰ ਜਾਟ ਨੇ ਆਪਣੇ ਥਾਂ ਤੇ ਪਲੰਘ ਨਾ ਵਿਛਾਣ ਦਿਤਾ ਸ਼ੀ ਤਾਂ ਕੀ ਹੋਇਆ–ਦੂਜੀ ਥਾਵਾਂ ਬਹੁਤ ਸਨ। ਕੀ ਬਾਹਰ ਬਰਫ ਪੈਂਦੀ ਸੀ ਜੋ ਬਚਾਓ ਨੂੰ ਉਥੇ ਹੀ ਝਿੜਾਂ ਹੋਨ ਡੇਹਨਾਂ ਸੀ ? ਤੁਸਾਡੇ ਤੋਂ ਇਤਨਾਂ ਸਹਾਰਾ ਵੀ ਨਾ ਹੋਇਆ ਤੇ ਉਸ ਨੂੰ ਗੋਲੀ ਲਗੇ ਦਾ ਸਰਾਪ ਦੇ ਦਿਤਾ ਸੀ ਇਹ ਚੰਗਾ ਨਹੀਂ ਕੀਤਾ। ਐਸੇ ਵਾਕ ਸੁਣ ਕੇ ਸੈਤ ਬੀਰ ਸਿੰਘ ਨੂੰ ਬਹੁਤ ਪਛਤਾਵਾ ਹੋਇਆ, ਚਰਨੀਂ ਢਹਿ ਕੇ ਮੁਆਫੀ ਮੰਗੀ ਤੇ ਬਖਸ਼ਸ਼ ਹੋਈ। ਇਹ ਇਹਨਾਂ (ਸੈਤ ਬੀਰ ਸਿੰਘ ਛੋਟੇ) ਨੇ ਬਹੁਤ ਅਰਸਾ ਇਸ ਤੋਂ ਪਹਿਲੇ ਸੈਤ ਬਾਬਾ ਖੁਦਾ ਸਿੰਘ ਦੀ ਸੇਵਾ ਸੰਗਤ ਤੋਂ ਲਾਭ ਲਿਆ ਸੀ ਤੇ ਸਿਮਰਨ ਭਗਤੀ ਵਿਚ ਦ੍ਰਿੜਤਾ ਕਾਰਨ ਵਾਕ ਸਿਧੀ ਪ੍ਰਾਪਤ ਹੋਈ।

ਉਕਤ ਸੈਤ ਸੇਵੀ ਤੇ ਡੇਰੇਦਾਰ ਸਬੰਦਾਰਾਂ ਤੋਂ ਵਖਰੇ ਹੋਰ ਬਹੁਤ ਪ੍ਰੇਮੀ ਗੁਰਸਿਖ ਸ੍ਰੀ ਬਾਬਾ ਜੀ ਤੋਂ ਵਰੋਸਾਏ ਸਨ, ਸਾਰਿਆਂ ਦੀ ਗਿਣਤੀ ਲਿਖ ਦਸਣੀ ਮੁਸ਼ਕਿਲ ਹੈ ਪਰ ਹੋਰ ਕੁਝ ਮੁਖੀ ਗੁਰਸਿਖਾਂ ਜਿਵੇਂ ਸਰਦੂਲ ਸਿੰਘ ਜਗਰਾਵਾਂ ਦਾ, ਭਾਈ ਫਤਹਿ ਸਿੰਘ ਸੈਦਾਵਾਲੀਆ, ਭਾਈ ਸਿਆਮ ਸਿੰਘ, ਭਾਈ ਖਿਆਲ ਸਿੰਘ, ਇਹ ਸਾਰੇ ਬਹੁਤ ਸ਼ੋਕ ਵਾਲੇ ਤੇ ਗੁਰਮਤ ਧਾਰਨੀ ਗੁਰਸਿਖ ਸਨ। ਤਿਵੇਂ ਹੀ ਭਾਈ ਗੁਲਾਬ ਸਿੰਘ ਠਟੀਆਂ ਨਗਰ ਦਾ ਬਹੁਤ ਆਗਿਆਕਾਰੀ ਸੀ ਵੇਦਾਂਤ ਬਾਸਤਰ ਦਾ ਅਭਿਆਸੀ ਸੀ ਤੇ ਗਿਆਨਵਾਨ ਸੀ ਜੀਵਨ ਟੇਕਤ ਕਰਕੇ ਪ੍ਰਸਿਧ ਸੀ।

ਸ: ਬੁਧ ਸਿੰਘ ਢਿਲੋਂਰੀਆ ਵੀ ਚੰਗਾ ਸੂਰਬੀਰ ਉਚਾ ਚੰਗਾ ਸਰੀਰ ਤੇ ਸਿਖ ਰਹਿਤ ਵਿਚ ਬਹੁਤ ਸਾਵਧਾਨ ਸੀ। ਇਸ ਨੇ ਮਤਾਬ ਸਿੰਘ ਲਾਂਗਰੀ ਦਾ ਕਿਸੇ ਕਸੂਰ ਕਾਰਨ ਹੱਥ ਕੱਟ ਦਿਤਾ ਸੀ। ਹੋਰ ਭਾਈ ਭਾਗ ਸਿੰਘ ਛੋਟੇ ਦਾ ਡੇਰਾ (ਇਹ ਵੀ ਵੇਦਾਂਤੀ ਸੀ) ਨੇੜੇ ਹੀ ਸੀ ਆਗਿਆਕਾਰੀ ਬਹੁਤ ਪ੍ਰੇਮੀ ਸੀ। ਭਾਈ ਦੀਪ ਸਿੰਘ ਵੀ ਬਹੁਤ ਪ੍ਰੇਮੀ ਆਗਿਆਕਾਰੀ ਬਹੁਤ ਪ੍ਰੇਮੀ ਸੀ। ਭਾਈ ਸੰਤਾਂ ਨਾਲ ਪ੍ਰਸਿਧ ਸ਼ੋਇਆ ਤੇ ਸਦੇਂ ਸ੍ਰੀ ਬਾਬਾ ਜੀ ਦੀ ਅਸਵਾਰੀ ਸਿਖ ਸੰਗਤ ਸਮੇਤ ਚਲਦੀ ਤਦ ਕਿ ਵਾਹਿਗੁਰੂ ਵਾਹਿਗੁਰੂ ਬੋਲਦਾ ਅਗੇ ਅਗੇ ਤੁਰਿਆ ਕਰਦਾ ਸੀ। ਇਹ ਭਾਈ ਦੀਪ ਸਿੰਘ ਸ਼ੈਭਿਆਲੇ ਦਾ ਸਾਂਤੜਾ ਸੀ।

ਇਹ ਭਾਈ ਦੀਪ ਸਿੰਘ (ਵਾਹਿਗੁਰੂ) ਇਕ ਵੇਰ ਨਿਹੰਗ ਸਿੰਘਾਂ ਦੇ ਬਾਣੇ ਵਿਚ ਨੀਲੇ ਬਸਤਰ ਪਹਿਰੇ ਸ਼ੈਭਿਆਲੇ ਆਪਣੇ ਸੁਸਰਾਲ ਗਿਆ ਤਦ ਇਸ ਦਾ ਸੁਸਰ ਦੀਪ ਸਿੰਘ ਇਸ ਨੂੰ ਦੇਖ ਕੇ ਬਹੁਤ ਦੁਖੀ ਹੋਇਆ। ਇਸ ਨੇ ਸੈਤ ਬਾਬਾ ਬੀਰ ਸਿੰਘ ਵਡਿਆਂ ਪਾਸ ਬੇਨਤੀ ਕੀਤੀ ਕਿ ਹੇ ਬਾਬਾ ਜੀਓ ! ਜੋ ਇਹ ਮਰ ਜਾਏ ਜਾਂ ਮੌਰਾ ਸਰੀਰ ਛੁਟ ਜਾਏ। ਤਦ ਦੀਪ ਸਿੰਘ ਪ੍ਰਤੀ ਬਚਨ ਹੋਇਆ ਕਿ–ਕਿਉਂ ਭਾਈ ਦੀਪ ਸਿੰਘ ਇਹ ! ਅਕਾਲ ਪੁਰਖ ਕੇ ਸੱਦੇ ਆਉਂਦੇ ਹੈਂ। ਛੇ ਮਹੀਨੇ ਬਾਕੀ ਹਨ–ਭਾਵੇਂ ਤੂੰ ਅਗੇ ਚਲ

Scanned with CamScanner

ਕੋ ਨਿਬਾਨ ਲਗਾਏ ਲੈ ਚਲ, ਜਾਂ ਅਸੀਂ ਚਲੀਏ ? ਤਦ ਦੀਪ ਸਿੰਘ ਨੇ ਹੱਥ ਜੋੜ ਬੇਨਤੀ ਕੀਤੀ–ਮ੍ਰੀ ਮਹਾਰਾਜ ਜੀਉ ! ਮੈਨੂੰ ਹੀ ਹੁਕਮ ਹੋਵੇ ਕਿ ਪਹਿਲੇ ਜਾਏ ਕੇ ਆਪ ਦੇ ਨਾਮ ਦਾ ਨਿਬਾਨ ਖੜਾ ਕਰ ਸਕਾਂ ! ਤਦ ਐਸਾ ਹੋਣ ਦਾ ਬਾਬਾ ਜੀ ਵਲੋਂ ਕਹੇ ਕੀ ਦੇਰ ਸੀ–ਇਸ ਨੇ ਆਪਣੇ ਤੇਰੇ ਜਾਏ ਕੇ ਵਾਹਿਗੁਰੂ ਮੰਤਰ ਦੇ ਸਿਮਰਨ ਕਰਦੇ ਕਰਦੇ ਸਰੀਰ ਤਿਆਗ ਦਿਤਾ । ਸਭਨਾਂ ਨੂੰ ਹੈਰਾਨੀ ਹੋਈ ਤੇ ਸਾਰੇ ਵਾਹਿਗੁਰੂ ਜੀ ਸਿਮਰਨ ਅਭਿਆਸ ਦੀ ਬਰਕਤ ਬਲ ਦੇ ਵਧੇਰੇ ਵਿਸਵਾਸੀ ਹੋ ਕੇ ਗੁਰਮਤਿ ਦੇ ਧਾਰਨੀ ਬਣਦੇ ਰਹੇ ।

ਪੰਡਤ ਬੇਰ ਸਿੰਘ ਨੇ ਸਣਾ ੯੪੯ ਪਰ ਅਖੀਰ ਤੇ ਲਿਖਿਆ ਕਿ ਜਿਤਨੇ ਕੁਝ ਪ੍ਰੇਮੀ ਤੇ ਸਾਖਿ ਗੁਰਸਿਖਾਂ ਦੇ ਸੁਣੇ ਨਾਮ ਲਿਖੇ ਹਨ, ਜੋ ਬੇਅੰਤ ਅਣਗਿਣਤ ਹੋਰ ਵੀ ਸਨ ਸਾਰਿਆਂ ਪ੍ਰਤੀ ਮੈਂ ਨਿਮਸਕਾਰ ਹੈ–ਜੋ ਗੁਰੂ ਦਰਬਾਰ ਵਿਚ ਸੇਵਾ ਕਰਦੇ ਆਪਣਾ ਜਨਮ ਸਵਾਰਦੇ ਰਹੇ ਸਨ । ਅਗੇ ਹੁਣ ਭਾਈ ਬੀਰ ਸਿੰਘ ਜੀ ਦੇ (ਸੰਤ ਪੁਰੇ) ਨਗਰ ਨੌਹਿਲਾਬਾਦ ਵਿਚ ਵਰਤੇ ਕੁਝ ਹੋਰ ਸਮਾਚਾਰ ਲਿਖੇ ਹਨ–ਪਾਠਕ ਪ੍ਰੇਮ ਨਾਲ ਪੜ੍ਹਨ ! ਤਿੰਨ ਸਕੈਚ ਧਿਆਏ ਅੱਠ ਤੋਂ ਉਤਾਰਾ ।

ਸ੍ਰੀ ਠਾਕਰ ਦਿਆਲ ਸਿੰਘ ਦਰਸ਼ਨ ਨੂੰ ਆਏ

ਸੰਤ ਠਾਕਰ ਦਿਆਲ ਸਿੰਘ ਆਪਣੇ ਸਮੇਂ ਇਕ ਮਹਾਨ ਪਵਿਤਰ ਆਤਮਾ ਗੁਰਮੁਖ ਸੰਤ ਮੰਨੇ ਗਏ, ਇਹਨਾਂ ਦਾ ਡੇਰਾ ਸ੍ਰੀ ਅੰਮ੍ਰਿਤਸਰ ਵਿਚ ਠਾਕਰਾਂ ਦਾ ਡੇਰਾ (ਅਸਥਾਨ) ਹੈ ਹੁਣ ਭੀਕ ਅਡਰੁ ਹੈ । ਇਹਨਾਂ ਪਾਸ ਬਹੁਤੇ ਸੰਤ ਮੰਡਲੀ ਵਿਦਿਆਰਥੀ ਵੀ ਪੜ੍ਹਦੇ ਹੁੰਦੇ ਸੀ । ਸੰਮਤ ੧੯੯੭ ਵਿਚ ਇਹ ਆਪਣੀ ਸੰਤ ਮੰਡਲੀ ਸਮੇਤ ਬਾਬਾ ਬੀਰ ਸਿੰਘ ਦੇ ਦਰਬਨ ਨੂੰ ਗਏ ।

ਬਾਬਾ ਬੀਰ ਸਿੰਘ ਜੀ ਦੇ ਦਰਬਨ ਨੂੰ ਜਾਂਦਿਆਂ ਇਸ ਸੰਤ ਮੰਡਲੀ ਵਿਚ ਇਕ ਪੰਡਤ ਗਿਆਨ ਸਿੰਘ ਨਾਮੀ ਵਿਦਵਾਨ ਸੀ ਪਰ ਖੋਚਰੀ ਤਬਾ ਦਾ ਸੀ । ਇਸ ਨੇ ਜਾਂਦਿਆਂ ਮਨ ਵਿਚ ਸੰਕਲਪ ਕੀਤਾ ਕਿ ਲੋਕੀ ਬਾਬਾ ਬੀਰ ਸਿੰਘ ਨੂੰ ਅੰਤਰਯਾਮੀ ਸਮਝਦੇ ਹਨ, ਅਗਰ ਮੇਰੇ ਮਨ ਦੀ ਜਾਣ ਕੇ ਐਸਾ ਕੀਤਾ ਤਦ ਮੈਂ ਮੰਨ ਲਵਾਂਗਾ, ਵਰਨਾ ਚੋਲੇ ਹੀ ਵਡਿਆਈ ਕਰਕੇ ਕੁਝ ਸੰਤਾਂ ਨੂੰ ਅਸ਼ਰੁਹ ਕਰਦੇ ਹਨ । ਇਸ ਦਾ ਇਹ ਸੰਕਲਪ ਸੀ ਕਿ ਅਗਰ ਬਾਬਾ ਬੀਰ ਸਿੰਘ ਮੈਨੂੰ ਬੁਲਾ ਕੇ ਪੰਜ ਰੁਪੈ ਜਲ ਪਾਣੀ ਸਰਦਾਈ ਵਾਲੇ ਵਰਖੇ ਦੇਣਗੇ ਤਦ ਸਮਝਾਂਗਾ ਠੀਕ ਹੈ–

ਇਹ ਸੰਤ ਮੰਡਲੀ ਬਾਬਾ ਜੀ ਦੇ ਦਰਬਨ ਤੇ ਮੇਲ ਮਿਲਾਪ ਨਾਲ ਬਹੁਤ ਪ੍ਰਸੰਨ ਹੋਈ ਤੇ ਵਾਪ ਜੀ ਨੇ ਵੀ ਇਹਨਾਂ ਆਇਆਂ ਨੂੰ ਜੀ ਆਇਆਂ ਆਖਿਆ, ਸਤਿਕਾਰ ਨਾਲ ਡੇਰਾ ਕਰਾ ਕੇ ਹਰ ਤਰ੍ਹਾਂ ਦੀ ਸੇਵਾ ਸੰਭਾਲ ਦੀ ਸੇਵਕਾ ਨੂੰ ਆਗਿਆ ਕੀਤੀ । ਦੋਵੇਂ ਮਹਾਂਪੁਰਖ ਆਪੋ ਵਿਚ ਮਿਲ ਕੇ ਪ੍ਰਮਾਰਥ ਸਬੰਧੀ ਬਚਨ ਬਿਲਾਸ ਕਰਦੇ ਸੁਣਦੇ ਕਈ ਦਿਨ ਰਹੇ ਤੇ ਜਾਂਦੀ ਵੇਰੀ ਸਤਿਕਾਰ ਨਾਲ ਹੀ ਵਿਦਾ ਕੀਤੇ ਗਏ । ਪਰ ਦੋਤੜੀ ਦੂਰ ਜਾ ਕੇ ਉਕਤ ਪੰਡਤ ਗਿਆਨ ਸਿੰਘ ਦੇ ਮਨ ਵਿਚ ਫੇਰ ਤਰਕ ਫੁਰੀ ਕਿ ਅੰਤਰਯਾਮੀ ਹੁੰਦੇ ਸਾਡੇ ਮੰਤਰ ਮੇਰੇ ਮਨ ਦੀ ਜਾਣ ਕੇ ਐਸਾ ਕਰਦੇ ਜੇਸਾ ਮੈਨੇ ਚਿਤਵਿਆ ਸੀ ।

ਇਧਰ ਬਾਬਾ ਬੀਰ ਸਿੰਘ ਜੀ ਨੇ ਉਸ ਦੇ ਮਨ ਦੀ ਜਾਣ ਕੇ ਇਕ ਸੇਵਕ ਸਿਖ ਨੂੰ ਭੇਜਿਆ ਕਿ ਉਹ ਛੇਤੀ ਛੇਤੀ ਜਾ ਕੇ ਪੰਡਤ ਗਿਆ ਸਿੰਘ ਨੂੰ ਇਹ ਆਖ ਕੇ ਮੋੜ ਲਿਆਵੇ ਕਿ ਬਾਬਾ ਜੀ ਯਾਦ ਫੁਰਮਾਇਆ–ਆਪ ਪੰਡਤ ਜੀ ਆਏ ਤਦ ਬਾਬਾ ਜੀ ਨੇ ਪੰਜ ਰੁਪਏ ਉਹਦੇ ਹੱਥ ਤੇ ਦੱਖ ਕੇ ਫੁਰਮਾਇਆ–ਆਪ ਪੰਡਤ

ਲੋਕ ਕਥਾ ਬਾਰਤਾ ਕਰਦੇ, ਸਾਸਤਰ ਪੜ੍ਹਦੇ ਪੜ੍ਹਾਂਦੇ ਹੋ ਖੁਸ਼ਕੀ ਹੋ ਜਾਂਦੀ ਹੈ, ਇਹਨਾਂ ਪੰਜ ਰੁਪਿਆਂ ਦਾ ਸਾਡੀ ਵਲੋਂ ਜਲ ਪਾਣੀ ਸਰਦਿਆਈ ਜਾਂ ਦੁਧ ਛਕ ਲਿਆ ਕਰਨਾ । ਹੁਣ ਪੰਡਤ ਜੀ ਨੇ ਕਿਹਾ–ਬਾਬਾ ਜੀ ਕਿਉਂ ਦੇਵਲ ਕਰਦੇ ਹੋ, ਅਸੀਂ ਜਲ ਪਾਣੀ ਦੁਧ ਆਦਿਕ ਉਵੇ ਛਕਦੇ ਰਹਿੰਦੇ ਹਾਂ, ਤਦ ਬਾਬਾ ਜੀ ਨੇ ਮੁਸਕਰਾਏ ਕੇ ਫੁਰਮਾਇਆ–ਅੰਤਰ ਆਤਮੇ ਤਾਂ ਤੁਸੀਂ ਪੰਜ ਰੁਪੈ ਦੀ ਸਾਡੇ ਪਾਸੋਂ ਲੈਣ ਦੀ ਖਾਹਸ ਰਖਦੇ ਆਏ ਹੋ ਤੇ ਹੁਣ ਇਨਕਾਰ ਕਰਦੇ ਹੋ । ਐਸਾ ਵਾਕ ਸੁਣਦੇ ਹੀ ਪੰਡਤ ਬਹੁਤ ਸ਼ਰਮਿੰਦਾ ਹੋਇਆ, ਰੁਪੈ ਲੈ ਲੀਤੇ ਅਤੇ ਜਾ ਕੇ ਇਹ ਸਾਰੀ ਵਾਰਤਾ ਪ੍ਰੀਖਿਆ ਸ੍ਰੀ ਠਾਕਰ ਦਿਆਲ ਸਿੰਘ ਨੂੰ ਸੁਣਾਈ ਤਾਂ ਸਹੀ ਪਰ ਉਹਨਾਂ ਵੀ ਸ਼ਰਮਿੰਦਾ ਕੀਤਾ ਕਿ ਐਸੇ ਮਹਾਂ ਪੁਰਖਾਂ ਪਾਸੋਂ ਰੁਜ ਗੁਹਿਣ ਕਰਨਾ ਚਾਹੀਏ ਜਿਸ ਕਰਕੇ ਆਤਮਾ ਨਿਰਮਲ ਹੋਵੇ ਤੇ ਵਾਹਿਗੁਰੂ ਦੇ ਦਰਬਾਰ ਵਿਚ ਸਚਿਆਰ ਬਣੀਏ ਪਰ ਤੁਸੀਂ ਤੁਛ ਮੰਗ ਪ੍ਰੀਖਿਆ ਵਾਸਤੇ ਰੁਪਿਆਂ ਦੀ ਕਰਕੇ ਸ਼ਰਮਿੰਦਗੀ ਉਠਾਈ ਹੈ ।

ਕੁਝ ਮਹੀਨੇ ਬਾਦ ਠਾਕਰ ਦਿਆਲ ਸਿੰਘ ਜੋ ਬਾਬਾ ਜੀ ਦੇ ਰਾਸ ਨੇਗ ਪ੍ਰਭਾਵ ਤੋਂ ਮੋਹੇ ਗਏ ਤੇ ਬਾਬਾ ਜੀ ਦੇ ਦਰਬਨ ਨੂੰ ਫੇਰ ਗਏ ਸੀ ਤਦ ਕੁਝ ਪਤਾਸੇ ਪ੍ਰਸ਼ਾਦ ਭੇਟ ਕਰਨ ਨੂੰ ਲੈ ਗਏ ਇਕ ਚਾਦਰ ਵਿਚ ਬੰਧੇ ਹੋਏ ਸਨ–ਰਾਹ ਵਿਚ ਇਕ ਖੂਹ ਤੇ ਬੈਠ ਕੇ ਪ੍ਰਸ਼ਾਦ ਪਾਣੀ ਛਕਿਆ ਤਾਂ ਚਾਦਰ (ਪ੍ਰਸ਼ਾਦ ਵਾਲੀ) ਉਥੇ ਹੀ ਧਰੀ ਭੁਲ ਗਏ, ਜੋ ਉਕਤ ਪੰਡਤ ਸ਼ਾਮ ਸਿੰਘ ਨੇ ਵਲੇਟ ਕੇ ਕਛਾਂ ਵਿਚ ਦੱਖ ਲਈ ਪਰ ਕਿਸੇ ਨੂੰ ਦਸਿਆ ਨਹੀਂ ਜਦੋਂ ਇਸ ਸੰਤ ਮੰਡਲੀ ਦੇ ਸਾਰੇ ਨੌਰੰਗਾਬਾਦ ਸੰਤਪੁਰੇ ਪੁਜ ਕੇ ਬਾਬਾ ਜੀ ਅਗੇ ਬਾਗ ਵਿਚ ਖੁਲ੍ਹੀ ਥਾਂ ਦੀਵਾਨ ਸਜਾਏ ਬੈਠੇ, ਸ਼ਬਦ ਕੀਰਤਨ ਸੁਣ ਰਹੇ ਸਨ । ਇਹ ਠਾਕਰ ਦਿਆਲ ਸਿੰਘ ਮੰਡਲੀ ਵੀ ਨਿਮਸਕਾਰਾਂ ਕਰਕੇ ਇਕ ਪਾਸੇ ਬੈਠ ਗਈ ਤੇ ਡੇਰਾ ਉਪਰੰਤ ਜਦੋਂ ਠਾਕਰ ਦਿਆਲ ਸਿੰਘ ਜੀ ਨੇ ਇਹ ਬਚਿਆ–ਆਪ ਜੈਸੇ ਮਹਾਂਪੁਰਖਾਂ ਪਾਸ ਪ੍ਰਸ਼ਾਦ ਭੇਟਾ ਹੀ ਸਹੀ, ਅਰਪਨ ਕਰਨਾ ਬਣਦਾ ਹੈ, ਥੋੜਾ ਪਤਾਸੇ ਪ੍ਰਸਾਦ ਲਿਆਏ ਸੀ ਚਾਦਰ ਵਿਚ ਬੱਧੇ ਸਨ ਉਹ ਰਾਹ ਵਿਚ ਹੀ ਰਹਿ ਗਈ ਹੈ ਸਾਡੀ ਪ੍ਰੇਮ ਭਾਵਨਾ ਹੀ ਹੁਣ ਪ੍ਰਵਾਨ ਕਰੀਏ । ਤਦ ਸ੍ਰੀ ਬਾਬਾ ਜੀ ਨੇ ਦੂਰ ਬੈਠੇ ਪੰਡਤ ਗਿਆਨ ਸਿੰਘ ਵਲ ਇਸ਼ਾਰਾ ਕਰਕੇ ਦਸਿਆ ਕਿ ਤੁਸਾਡੀ ਪ੍ਰੇਮ ਭਾਵਨਾ ਪ੍ਰਵਾਨ ਹੈ, ਪਰ ਪੰਡਤ ਜੀ ਨੇ ਉਸ ਪ੍ਰਸ਼ਾਦ ਸਮੇਤ ਚਾਦਰ ਆਪਣੀ ਕਛਹਿ ਵਿਚ ਦਬਾਏ ਰਖੀ ਹੈ ਬਾਇਦ ਹੋਰ ਪ੍ਰੀਖਿਆ ਕਰਨੀ ਚਾਹੁੰਦਾ ਸੀ । ਐਸਾ ਸੁਣਦੇ ਸਾਰ ਉਹ ਪੰਡਤ ਕੰਹੁਤ ਸ਼ਰਮਿੰਦਾ ਹੋਇਆ ਤੇ ਪ੍ਰਸ਼ਾਦ ਸਮੇਤ ਚਾਦਰ ਅਗੇ ਦੱਖ ਕੇ ਚਰਨੀ ਢਹਿ ਪਿਆ ਕਿ ਭੁਲ ਮੁਆਫ ਕਰੀਏ ! ਤਦ ਬਾਬਾ ਜੀ ਨੇ ਤਾਂ ਕੁਝ ਨਹੀਂ ਕਹਿਆ, ਪਰ ਠਾਕਰ ਦਿਆਲ ਸਿੰਘ ਨੇ ਬਹੁਤ ਥਾਂ ਪਾ ਕੇ ਲਜਾਇਆ ਸੀ ਤੇ ਅਗੇ ਤੋਂ ਐਸੀ ਪ੍ਰੀਖਿਆ ਕਿਸੇ ਸਾਧੂ ਸੰਤ ਦੀ ਨਾ ਕਰਨ ਦਾ ਪ੍ਰਣ ਲੈ ਕੇ ਮੁਆਫ ਕੀਤਾ ਸੀ ।

ਕੁਝ ਦਿਨ ਦਰਬਨ ਮੇਲੇ ਅਤੇ ਬਚਨ ਬਿਲਾਸ ਕਹੇ ਸੁਣੇ ਜਾਂਦੇ ਰਹੇ–ਤਦ ਇਕ ਦਿਨ ਠਾਕਰ ਦਿਆਲ ਸਿੰਘ ਨੇ ਬੇਨਤੀ ਕੀਤੀ ਕੁਝ ਉਤਮ ਗਿਆਨ ਉਪਦੇਸ਼ ਸੁਣਾ ਕੇ ਨਿਹਾਲ ਕਰੀਏ ਤਦ ਬਾਬਾ ਜੀ ਨੇ ਮੁਸਕਰਾਏ ਕੇ ਫੁਰਮਾਇਆ–ਕੀ ਤੁਸੀਂ ਵੀ ਸਾਡੀ ਪ੍ਰੀਖਿਆ ਕਰਦੇ ਹੋ ! ਜਦੋਂ ਕਿ ਪੰਡਤ ਗਿਆਨ ਸਿੰਘ ਜੋ ਦੇਵ ਪਾਨੀ ਤੁਹਾਨੂੰ ਨਿਤ ਵੇਦ ਸਾਸਤਰਾਂ ਦੀ ਕਥਾ ਸੁਣਾਂਦੇ ਰਹਿੰਦੇ ਹਨ। ਉਸ ਲਿਖਤੀ ਗਿਆਨ ਤੋਂ ਵਧੇਰੇ ਅਸੀਂ ਹੋਰ ਕੀ ਸੁਣਾ ਸਕਾਂਗੇ । ਤਦ ਸਨਿਮਰ ਪ੍ਰੇਮ ਭਰੇ ਬਚਨਾਂ ਵਿਚ ਠਾਕਰ ਦਿਆਲ ਸਿੰਘ ਨੇ ਬਿਆ–ਮਹਾਰਾਜ ! ਬਾਬਾ ਜੀਉ ! ਸਮੁੰਦ ਸਾਗਰ ਨੀਰ ਨਾਲ ਭਰਿਆ ਹੁੰਦਾ ਹੈ, ਪਰ ਉਹ ਖ਼ਾਰਾ ਹੁੰਦਾ ਹੈ ਨਹੀਂ ਬੁਝਾ ਸਕਦਾ–ਗੁਰ ਫੁਰਮਾਣ ਹੈ ਗੁਰੂ ਗਰੰਥ ਸਾਹਿਬ ਵਿਚ ਅੰਕਤ ਹੈ–

"ਬੇਦ ਕਤੇਬ ਹੈ ਇਵਤਰਾ ਭਾਈ ਦਿਲ ਕਾ ਫਿਕਰ ਨਾ ਜਾਏ ॥"

ਜਿਵੇਂ ਸਮੁੰਦਰ ਦਾ ਜਲ ਭਾਪ ਕਰਕੇ ਉਡਦਾ–ਬੱਦਲ ਬਣ ਕੇ ਵਸਦਾ, ਮਿਠਾ ਹੁੰਦਾ ਤੇ ਲੋਕਾਂ ਦੀ

Scanned with CamScanner

ਪਿਆਸ ਬੁਝਾਂਦਾ ਹੈ। ਤਿਵੇਂ ਹੀ ਵੇਦ ਕਤੇਬਾਂ ਵਿਚ ਲਿਖਿਆ ਗਿਆਨ ਸਿਰਫ ਪੜੇ ਸੁਣੇ ਨਾਲ ਮਾਨਸਿਕ ਤ੍ਰਿਪਤੀ ਤੇ ਸ਼ਾਂਤੀ ਨਹੀਂ ਦੇ ਸਕਦਾ। ਆਪ ਜੈਸੇ ਕਰਣੀ ਕੇ ਸੂਰੇ ਬਚਨ ਕੇ ਪੂਰੇ ਮਹਾਂਪੁਰਖਾਂ ਤੇ ਮਿਲੇ ਮਹਾਤਮਾ ਦੀ ਰਸਨਾ ਤੋਂ ਸਰਵਨ ਕੀਤਾ ਉਹ ਗਿਆਨ ਠੀਕ ਮਨ ਵਿਚ ਵਸਦਾ ਤੇ ਸ਼ਾਂਤੀ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਦੇ ਬਚਨ ਬਿਲਾਸ ਤੇ ਸਿਮਰਨ ਸੇਵਾ ਦੇ ਪੁੰਜ ਸ੍ਰੀ ਬਾਬਾ ਜੀ ਦੇ ਅਸੋਲਕ ਬਚਨ ਸੁਣਦੇ ਰਹੇ ਜੋ ਵਿਸ਼ਵਾਰ ਪੂਰਬਕ ਰਹੀਂ ਲਿਖੇ ਜਾਂਦੇ ਤੇ ਪ੍ਰੇਮ ਪਿਆਰ ਨਾਲ ਭਰਪੂਰ ਸਤਿਕਾਰ ਪਾ ਕੇ ਠਾਕੁਰ ਦਿਆਲ ਸਿੰਘ ਵਾਪਸ ਅੰਮ੍ਰਿਤਸਰ ਗਏ ਸਨ।

ਕੁਝ ਹੋਰ ਸੰਤਾਂ ਵਲੋਂ ਪ੍ਰੀਖਿਆ

ਬੀਰ ਮ੍ਰਿਗੇਸ਼ ਗਰੰਥ ੩ ਸਕੰਧ ਧਿਆਏ ੧੦ ਵਿਚ ਲਿਖਿਆ ਕਿ ਇਕ ਵੇਰ ਬਾਬਾ ਬੀਰ ਸਿੰਘ ਜੀ ਆਪਣੇ ਸਹਿਜ ਸੁਭਾਏ ਵੇਰੇ ਵਿਚ ਸ੍ਰੀ ਅੰਮ੍ਰਿਤਸਰ ਦੇ ਉਤਰ ਵਲ ਹੁੰਗ ਗ੍ਰਾਮ ਵਿਚ ਕਿਸੇ ਹੋਰ ਦੀਵਾਨ ਸਜਿਆ ਤੇ ਸ਼ਬਦ ਕੀਰਤਨ ਦਾ ਉਚਾਰਨ ਹੋ ਰਿਹਾ ਸੀ–ਤਦ ਨੇੜੇ ਹੀ ਪੰਡਤ ਜਿਆਮ ਸਿੰਘ ਦਾ ਚਾਚਾ ਸੰਤ ਸਮੁੰਦ ਸਿੰਘ ਫੇ ਹੋਰ ਸਾਥੀਆਂ ਸਮੇਤ ਸ੍ਰੀ ਦਰਬਾਰ ਸਾਹਿਬ ਸਦੇਵਰ ਠੰਢੇ ਬੋਠੇ ਪ੍ਰਮਾਣਕ ਵਿਚਾਰ ਕਰਦੇ ਪਏ ਸਨ ਇਥੇ ਬਾਬਾ ਬੀਰ ਸਿੰਘ ਜੀ ਦਾ ਜ਼ਿਕਰ ਵੀ ਚਲ ਪਿਆ ਕਿ ਉਹ ਬੜੇ ਪਹੁੰਚ ਵਾਲੇ ਅੰਤਰਯਾਮੀ ਮਹਾਤਮਾਂ ਪ੍ਰਸਿੱਧ ਹੋ ਚੁਕੇ ਹਨ, ਤਦ ਨਾਲ ਦੇ ਇਕ ਸਾਧੂ ਨੇ ਕਿਹਾ ਉਹਨਾਂ ਦੇ ਹਜ਼ਾਰਾਂ ਲੋਕੀ ਨਿਤ ਪ੍ਰਖਾਦਾ ਛਕਦੇ ਆਦਰ ਜੋ ਪਾਂਦੇ ਹਨ ਉਹਨਾਂ ਦੀ ਵਡਿਆਈ ਤਾਂ ਹੋਣੀ ਹੋਈ ਪਰ ਕਿਸੇ ਦੇ ਦਿਲ ਦੀ ਜਾਨ ਲੈਣਾਂ, ਇਹ ਅੰਤਰਯਾਮਤਾ ਦੀ ਗੱਲ ਹੈ, ਕਲੀ ਕਾਲ ਵਿਚ ਮੁਸ਼ਕਿਲ ਹੈ, ਇਹ ਮੈਂ ਨਿਮਾ ਨਹੀਂ ਜਾ ਸਕਦਾ। ਤਦ ਨਾਲ ਦੇ ਇਕ ਦੇ ਹੋਰ ਸੰਤਾਂ ਨੇ ਕਿਹਾ–ਉਹ ਨੇੜੇ ਹੀ ਤੁੰਗ ਗ੍ਰਾਮ ਵਿਚ ਆਏ ਹੋਏ ਹਨ ਚਲੋ ਪ੍ਰੀਖਿਆ ਕਰ ਲੈਂਦੇ ਹਾਂ। ਐਸੇ ਸਾਰੇ ਹੀ ਇਸ ਖਿਆਲ ਨਾਲ ਉਠ ਤੁਰੇ ਕਿ ਅਸੀਂ ਉਨ੍ਹਾਂ ਦੇ ਡੇਰੇ ਨੇੜੇ ਤੋਂ ਉਹਨਾਂ ਦੇ ਸਾਹਮਣੇ ਤੋਂ ਲੰਘ ਚਲਦੇ ਹਾਂ, ਅਗਰ ਉਹ ਆਪੇ ਸਾਨੂੰ ਬੁਲਾ ਕੇ ਸਾਡੇ ਤੁੰਡੇ ਪਤਾਮਿਆਂ ਨਾਲ ਭਰ ਵੇਣਗੇ ਤਦ ਸਹੀ ਮੰਨਾਂਗੇ, ਬਰਨਾਂ ਅੰਤਰਯਾਮਤਾ ਵਾਲੇ ਨਹੀਂ ਮੰਨਾਂਗੇ ਤੇ ਆਦਰ ਯੋਗ ਫਿਰ ਵੀ ਸਮਝਾਂਗੇ ਕਿਉਂਕਿ ਕਈ ਹਜ਼ਾਰ ਲੋਕਾਂ ਪ੍ਰਤੀ ਜਿਥੇ ਉਹ ਪ੍ਰਮਾਰਥ ਸਵਾਰਥ ਦਾ ਉਪਦੇਸ਼ ਸੁਣਦੇ ਹਨ ਉਹ ਪ੍ਰਸ਼ਾਦ ਪਾਣੀ ਵੀ ਛਕਾ ਕੇ ਲੋੜਵੰਦਾਂ ਨੂੰ–ਲੋੜ ਅਨੁਸਾਰ ਤਨ ਢਕਣ ਨੂੰ ਬਸਤਰ ਵੀ ਦਿੰਦੇ ਹਨ।

ਇਸ ਸੰਕਲਪ ਨਾਲ ਇਹ ਸੱਤ (੭) ਸੰਤਾਂ ਦੀ ਮੰਡਲੀ ਜਦੋਂ ਸੰਤ ਬਾਬਾ ਬੀਰ ਸਿੰਘ ਦੇ ਦੀਵਾਨ ਅਸਥਾਨ ਤੋਂ ਸਾਹਮਣੇ ਹੁੰਦਿਆਂ–ਅਗੇ ਨੂੰ ਲੰਘ ਤੁਰੀ ਤੇ ਚੋਰੀ ਦੂਰ ਹੀ ਅਜੇ ਗਏ ਸਨ–ਬਾਬਾ ਜੀ ਨੇ ਆਪਣਾ ਸ਼ੇਵਕ ਭੇਜ ਕੇ ਬੁਲਾਇਆ ਤੇ ਨਿਮਰਤਾ ਸਹਿਤ ਉਜ਼ਨਾਂ ਵੀ ਆ ਕੇ ਨਿਮਸਕਾਰ ਕੀਤੀ।

ਬਾਬਾ ਜੀ ਨੇ ਪਾਸ ਬਹਾ ਕੇ ਕੁਸਲ ਆਨੰਦ ਪੁਛਿਆ ਤੇ ਆਖਿਆ–ਆਪ ਦੇ ਤੁੰਡੇ ਵਡ ਚਮਕਦਾਰ ਮੁੰਦਰ ਦਿਖਾਈ ਦਿੰਦੇ ਹਨ–ਸਾਨੂੰ ਦਿਖਾਓ ਤਾਂ ਸਹੀ? ਬਾਬਾ ਜੀ ਨੇ ਉਹਨਾਂ ਤੋਂ ਵਡੇ ਵਡ ਤੁੰਡੇ ਲੈ ਕੇ ਆਪਣੇ ਹੱਥ ਨਾਲ ਪਤਾਸੇ ਪਾ ਕੇ ਭਰੇ ਅਤੇ ਉਹਨਾਂ ਪ੍ਰਥਾਏ ਕਿਹਾ ਕਿ ਮਹਾਤਮਾਂ ਜੀਓ! ਸਾਡੀ ਵਲੋਂ ਸਰਦਾਈ ਬਣਾਏ ਵੇਲੇ ਮਿਸ਼ਟਾਨ ਪਾ ਕੇ ਛਕ ਲੈਣੀ। ਜੋ ਉਹਨਾਂ ਲੈ ਲੀਤੀ ਪਰ ਬਹੁਤ ਭਰਮਿੰਦੇ ਹੋਇ ਸਨ। ਅੱਖਾਂ ਨੀਵੀਆਂ ਕਰਕੇ ਨਿਮਸਕਾਰਾਂ ਕਰਨ ਲੱਗੇ ਤਦ ਫੇਰ ਬਾਬਾ ਜੀ ਨੇ ਰਹੀ ਹੈ। ਅਸੀਂ ਤੁਸਾਡਾ ਕੁਝ ਘੋਹਿਆ ਤਾਂ ਨਹੀਂ ਜੋ ਇਤਨੀ ਜਿਹੀ ਗੱਲ ਪਿਛੇ ਤੁਸੀਂ ਭਰਮਸਾਰ ਹੋ ਰਹੇ ਮੁਸਕਰਾਏ ਕੇ ਫੁਰਮਾਇਆ ਕੋਈ ਗੱਲ ਨਹੀਂ ਹੈ। ਦਰਸ਼ਨ ਦਿਤਾ ਕਰੀਏ।

ਨੋਟ–ਇਹ ਜ਼ਿਕਰ ਸੰਤ ਸਮੁੰਦ ਸਿੰਘ ਜੀ ਨੇ ਆਪ ਬੀਤੀ ਤੇ ਕੀਤੀ ਪ੍ਰੀਖਿਆ ਦੀ ਗੱਲ ਸੰਤ ਪ੍ਰੇਮ ਸਿੰਘ ਜੀ ਨੂੰ ਸੁਣਾਈ ਤੇ ਉਹਨਾਂ ਤੋਂ ਸੁਣੀ ਗੁਰਬਿਲਾਸ ਜੀ ਲੇਖਕ ਨੇ ਲਿਖੀ।

ਕੁਝ ਪੁਛਾਂ–ਗੁਰਸਿਖ ਸੰਗਤ ਵਲੋਂ ਪ੍ਰਸ਼ਨ

ਇਕ ਵੇਰ ਸ੍ਰੀ ਬਾਬਾ ਬੀਰ ਸਿੰਘ ਜੀ ਸਿਖ ਸੰਗਤ ਪ੍ਰਥਾਏ ਸੰਤ ਸੇਵਾ ਤੇ–ਸੰਤ ਸੇਵਾ ਦੀ ਵਡਿਆਈ ਉਤੇ ਬੋਲ ਰਹੇ ਸਨ ਕਿ ਗੁਰੂ ਵਾਕ ਹੈ–

"ਸਹੇ ਮਾਰਗ ਚਲਦਿਆਂ ਉਸਤਤ ਕਰੇ ਜਹਾਨ ॥"

ਸਾਧੂ ਸੰਤ–ਵਾਹਿਗੁਰੂ ਦੀ ਓਜ ਤੇ ਪਰਉਪਕਾਰੀ ਜੀਵਨ (ਲੋਕ ਸੇਵਾ) ਵਿਚ ਸਫਲਾ ਕਰਦੇ ਹਨ ਲੋਕੀ ਉਹਨਾਂ ਦੀ ਉਸਤਤੀ ਕਰਦੇ ਹਨ ਇਹ ਪ੍ਰਤੱਖ ਦੇਖਣ ਵਿਚ ਆਇਆ ਹੈ, ਤਦ ਸੰਗਤ ਵਿਚੋਂ ਹੀ ਕੁਝ ਪ੍ਰੇਮੀਆਂ ਨੇ ਬੇਨਤੀ ਦਵਾਰੇ ਪੁਛਿਆ–ਸਾਹਿਬ ਜੀ ਸਾਧੂ ਅਨੇਕ ਤਰ੍ਹਾਂ ਦੇ ਹਨ–ਕੀ ਸਮਝਾਈਏ ਭੋਟ ਸੱਚੇ ਤੇ ਭੋਟ ਭੁਖੀ ਪਾਖੰਡੀ ਹਨ।

ਕਈ ਸਿਰ ਮੁੰਨੇ ਸੰਨਿਆਸੀ ਆਪਣੇ ਨੂੰ ਹੀ ਸੱਚੇ ਸੰਤ ਮੰਨਦੇ ਹਨ, ਦਾਢੂ ਪੰਥੀਏ, ਆਪਣੇ ਨੂੰ ਸਾਰਿਆਂ ਤੋਂ ਉਤਮ ਮੰਨਦੇ, ਗਰੀਬ ਦਾਸੀਏ ਸੰਤ ਖੁਦ ਨੂੰ ਸਰੇਸ਼ਟ ਸਮਝਦੇ, ਸੂਰਦੇ ਬਾਹੀ ਆਪਣੇ ਤੁਲ ਹੋਰ ਕਿਸੇ ਨੂੰ ਨਹੀਂ ਜਾਣਦੇ- ਐਸੇ ਹੀ ਜੋਗੀ ਜੰਗਮ ਸਡੇਵੜੇ ਹਨ, ਜੋ ਬਾਹਰ ਤੋਂ ਬੜੇ ਉਜਲ ਅਤੇ ਅੰਦਰ ਤੋਂ ਮਨ ਕਰਕੇ ਮੈਲੇ ਠੱਗ ਹੀ ਪ੍ਰਤੀਤ ਹੁੰਦੇ। ਉਦਾਸੀ ਤਾਂ ਆਪਣੇ ਤੁਲ ਕਿਸੇ ਹੋਰ ਮਤ ਵਾਲੇ ਨੂੰ ਨਹੀਂ ਸਲਾਹੁੰਦੇ। ਤਿਵੇਂ ਹੀ ਗੁਸਾਈ–ਬ੍ਰਹਮਚਾਰੀ ਆਦਿ ਕਈ ਆਸ਼ਰਮਾਂ ਵਾਲੇ ਸਾਧੂ ਹਨ, ਬਦਿਹਿਮਨ ਪੰਡਤ ਆਪਣੇ ਨੂੰ ਬ੍ਰਹਮਾਂ ਦੇ ਮੁਖ ਤੋਂ ਉਚਰੀ ਬਾਣੀ ਵੇਦ ਸਾਸ਼ਤਰਾਂ ਦੇ ਗਿਆਤਾ ਤੇ ਪ੍ਰਜਣ ਯੋਗ ਸਮਝਦੇ ਹਨ।

ਤਿਵੇਂ ਹੀ ਗੁਰਸਿਖ ਰੂਪ ਵਿਚ ਕਈ ਸੰਤ (ਨਿਰਮਲੇ) ਆਪਣੇ ਨੂੰ ਸਰੇਸ਼ਟ ਸਮਝਦੇ ਕਿ ਗੁਰੂ ਗਰੰਥ ਸਾਹਿਬ ਵਿਚ ਐਸਾ ਵਾਕ ਹੈ–

"ਜੋ ਦੀਸੈ ਗੁਰਸਿਖੜਾ ਤਿਸ ਨਿਵ ਨਿਵ ਲਾਗਉ ਪਾਏ ਜੀਉ ॥"

ਭਾਈ ਗੁਰਦਾਸ ਵੀ ਲਿਖਦੇ–ਮੇਰੀ ਖਲੋਂ ਮੋਜੜੇ ਗੁਰਸਿਖ ਹੰਢਾਂਦੇ ॥ ਮਸੀਦਾਂ ਦੀਆਂ ਸੰਤਾਨਾਂ ਦੇ ਅਗੇ ਤੀਕ ਉਹ ਆਪਣੇ ਨੂੰ ਗੁਰੂ ਘਰ ਦੇ ਪ੍ਰਚਾਰਕ ਤੇ ਸੇਵਕ ਮੰਨਦੇ, ਤਿਵੇਂ ਗਲਾਬ ਪੰਥੀਏ, ਸਿਰ ਮੁੰਨੇ, ਰਾਧੂ ਕਟੀਏ, ਸਾਦੇ ਹੀ ਆਪਣੇ ਆਪਣੇ ਮਨ ਮਰਜ਼ੀ ਦਾ ਪ੍ਰਚਾਰ ਕਰਕੇ ਲੋਕਾਂ ਨੂੰ ਭਰਮਾਂਦੇ ਹਨ ਤੇ ਕਈ ਨੰਗੇ ਫਿਰਨਾ ਸ਼ੁਰੂ ਕਰਕੇ ਪਹਿਲੇ ਪ੍ਰਸ਼ਾਦ ਨੂੰ ਜੂਠਾ ਕਰਦੇ ਵਰਤਾਂਦੇ ਕਿ ਇਹ ਭਗਵਾਨ ਨੂੰ ਭੋਗ ਲਗਾ ਪ੍ਰਸ਼ਾਦ ਹੈ ਅਸੀਂ ਬ੍ਰਹਮ ਗਿਆਨੀ ਹਾਂ ਤੇ "ਬ੍ਰਹਮ ਗਿਆਨੀ ਆਪ ਪ੍ਰਮੇਸ਼ਰ" (ਗੁਰੂ ਵਾਕ ਹੈ) ਜਿਸ ਤੇ ਇਹ ਪ੍ਰਮੇਸ਼ਰ ਨੂੰ ਹੀ ਭੋਗ ਲਗਾ ਪ੍ਰਸ਼ਾਦ ਹੈ...ਐਸਾ ਦਸਦੇ ਤੇ ਵਰਤਾਂਦੇ ਹਨ।

ਨਿਹੰਗ ਸਿੰਘ ਆਪਣੇ ਤੁਲ ਕਿਸੇ ਨੂੰ ਨਹੀਂ ਮੰਨਦੇ ਕਿ ਅਸੀਂ ਰਹਿਤ ਬਿਬੇਕ ਵਿਚ ਪੂਰੇ ਹਾਂ ਗੁਰੂ ਵਾਕ ਹੈ–

"ਤਉ ਗੁਸਾਈ ਦਾ ਪਹਿਲਵਾਨੜਾ ॥ ਮੈਂ ਗੁਰ ਮਿਲ ਉਚ ਦੁਮਾਲੜਾ ॥"

ਅਤੇ ਚੰਡੀ ਦੀ ਵਾਰ ਵਿਚੋਂ ਨਿਹੰਗ ਐਸਾ ਪੜ੍ਹਦੇ ਦਸਦੇ ਹਨ–

ਸੁਹਿ ਕ੍ਰਿਪਾਣਾਂ ਤਿਖੀਆਂ ਵਢ ਲਾਹਿਨ ਅੰਗਾਂ।
ਪਹਿਲੇ ਦਲਾਂ ਮਿਲੰਦਿਆਂ ਭੇੜ ਭਇਆ ਨਿਹੰਗਾਂ।

ਤਾਂ ਤੇ ਬਾਬਾ ਜੀਉ ਅਸੀਂ ਸੰਤ ਅਸੰਤ ਨੂੰ ਸਮਝਣ ਦੀ ਸੋਝੀ ਨਹੀਂ ਰਖਦੇ, ਆਪ ਹੀ

Scanned with CamScanner

ਫੁਰਮਾਈਏ ਤਦ ਅਸੀਂ ਐਸੇ ਸੰਤਾਂ ਦੀ ਸੇਵਾ ਨੂੰ ਦੁਰਲਭ ਸਮਝੀਏ–ਹੁਣ ਜਦੋਂ ਐਸਾ ਗੰਭੀਰ ਤੇ ਵਿਚਾਰ ਭਰਿਆ ਪ੍ਰਸ਼ਨ ਸੁਣਿਆ ਤਦ ਬਾਬਾ ਬੀਰ ਸਿੰਘ ਨੇ ਵੀ ਐਸੇ ਹੀ ਗੁਰਮਤਿ ਅਨੁਕੂਲ ਉਤਰ ਦਿਤਾ ਸੀ–ਆਪ ਨੇ ਫੁਰਮਾਇਆ–

"ਸਾਧ ਸੰਗਤ ਜੀਓ ! ਅਸੀਂ ਕਿਸੀ ਵੀ ਭੇਖਧਾਰੀ ਨੂੰ ਸੰਤ ਰੂਪ ਭਗਵੇ ਪਹਿਨੇ ਹੋਇ ਜਾਂ ਹੋਰ ਕਿਸੇ, ਲੰਮੇ ਚੋਲੇ ਰਖਦੇ ਤੇ ਨਗਨ ਫਿਰਦੇ ਜਟਾਧਾਰੀ ਨੂੰ ਸੰਤ ਨਹੀਂ ਸਮਝਦੇ, ਉਹਨਾਂ ਦੇ ਆਪਣੇ ਵਿਚਾਰ ਵਿਚ ਉਹ ਭਾਵੇਂ ਚੰਗੇ ਹੋਣਗੇ ਪਰ ਗੁਰੂ ਘਰ ਵਿਚ ਪੂਜਣ ਯੋਗ ਸੰਤ ਗੁਰਮੁਖ ਗੁਰਸਿਖ ਨੂੰ ਹੀ ਮੰਨਦੇ ਦਸੇ ਹਨ ਜਿਸ ਵਿਚ ਐਸੇ ਲਛਣ ਸਮਝੇ ਜਾਣ ਉਹ ਹੀ ਪੂਜਨ ਜੋਗ ਹੈ–ਸ੍ਰੀ ਦਖਣੀ ਸਾਹਿਬ ਦੀ ਇੱਕੀ ਅਸਟਪਦੀ ਵਿਚ ਐਸਾ ਫੁਰਮਾਨ ਹੈ–

"ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤ ਸੋਊ ਕਹਾਵੈ ॥
ਤੈਸਾ ਹਰਖ ਤੈਸਾ ਉਸ ਸੋਗ ॥ ਸਦਾ ਅਨੰਦ ਤਹ ਨਹੀ ਬਿਓਗ ॥
ਤੈਸਾ ਸਵਰਨ ਤੈਸੀ ਉਸ ਮਾਟੀ ॥ ਤੈਸਾ ਅੰਮ੍ਰਿਤ ਤੈਸੀ ਬਿਖ ਖਾਟੀ ॥
ਤੈਸਾ ਮਾਨ ਤੈਸਾ ਅਭਿਮਾਨ ॥ ਤੈਸਾ ਓਕ ਤੈਸਾ ਰਾਜਾਨ ॥
ਜੋ ਵਰਤਾਏ ਸਾਈ ਜੁਗਤਿ ॥ ਨਾਨਕ ਉਹ ਪੁਰਖ ਕਹੀਐ ਜੀਵਨ ਮੁਕਤਿ ॥"

ਨੋਟ–ਗੁਰ ਬਿਲਾਸ ਬੀਰ ਮ੍ਰਿਗੇਸ਼ ਵਿਚ ਸਵਾ ੯੮੦ ਤੋਂ ੯੮੪ ਤੀਕ ਸੰਤ ਮਹਿਮਾ ਦਾ ਹੀ ਵਰਨਣ ਹੈ, ਪਰ ੯੮੪ ਤੋਂ ੯੮੭ ਤੀਕ ਵਰਕੇ ਛਟੇ ਹੋਣ ਕਰਕੇ ਪੂਰੇ ਦਾ ਪੂਰਾ ਹਾਲ ਨਹੀਂ ਲਿਖਿਆ ਗਿਆ ਜਿਸ ਵਿਚ ਸਤਿਸੰਗਤ ਦੀ ਅਪਾਰ ਮਹਿਮਾ ਹੈ ਤੇ ਸਤਿਸੰਗ ਜ਼ਰੂਰੀ ਹੋਵੇ। ਇਸ ਤੋਂ ਅਗੇ ਸਵਾ ੯੯੧ ਤੀਕ ਵੀ ਸੰਤ ਮਹਿਮਾਂ ਹੀ ਲਿਖੀ ਹੈ ਅਗੇ ੯੯੩ ਸਵਾ ਫੇਰ ਵੱਟਾ ਹੈ ਤੇ ੯੯੪ ਤੀਕ ਵੀ ਸਫਾ ਵੱਟਾ ਹੈ, ਪਰ ਮਹਿਮਾ ਸਤਿਸੰਗਤ ਹੀ ਬਹੁਤ ਲਿਖੀ ਹੈ ਜੋ ਵਿਸ਼ਿਸ਼ਟ ਯੋਗ ਵਿਚ ਵਿਸ਼ਿਸ਼ਟ ਰੂਹ ਫਲੋਂ ਸ੍ਰੀ ਰਾਮ ਚੰਦਰ ਜੀ ਨੂੰ ਸਤਿਸੰਗ ਦਾ ਮਹਾਤਮ ਹੈ ਇਹ ਸਾਰਾ ਸਤਿਸੰਗ ਦਾ ਮਹਾਤਮ ਵਿਸ਼ਯਕ ੯੯੭ ਤੀਕ-ਭ ਸਕੰਧ ਉਤ੍ਰਾਰਧੇ ਧਿਆਏ ੧੨ ਤੀਕ ਹੈ ਅਗੇ ਫਿਰ ਇਤਿਹਾਸਕ ਪੂਰਕ ਇਸ ਤਰ੍ਹਾਂ ਦਾ ਲਿਖਿਆ ਹੈ ।

ਅੰਤਵਾਹਿਕ ਸਹਾਇਤਾ ਅਤੇ ਇਕ ਹੋਰ ਪ੍ਰੀਖਿਆ

ਨੋਰੰਗਾਬਾਦ ਦਾ ਇਕ ਦਸੌਂਦਾ ਸਿੰਘ ਨਾਮੀ ਸਿਖ, ਸਿਖ ਫੌਜ ਵਿਚ ਨੌਕਰ ਸੀ ਅਤੇ ਬਾਬਾ ਬੀਰ ਸਿੰਘ ਜੀ ਦਾ ਵੀ ਬੜਾਲੂ ਸੀ। ਸੰਮਤ ੧੯੮੭-੯੮ ਵਿਚ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਸੁਕਤੇ ਮੰਡੀ ਤੋਂ ਉਤੇ ਦੇ ਪਰਥਤਾਂ ਪਰ "ਕਮਲਾਹ" ਦੇ ਕਿਲੇ ਪਰ ਚੜ੍ਹਾਈ ਕੀਤੀ ਤਦ ਸਿੰਘਾਂ ਦਾ ਪਹਾੜੀਆਂ ਦਾਂ ਬਹੁਤ ਯੁਧ ਹੋਇਆ ਸੀ। ਭਾਈ ਦਸੌਂਧਾ ਸਿੰਘ ਵੀ ਘੱਤ ਸ਼ਵਾਰ ਉਸ ਯੁਧ ਵਿਚ ਗਏ ਸੀ। ਦਿਨ ਭਰ ਲੜਾਈ ਜਾਰੀ ਰਹੀ। ਰਾਤ ਪੈਣ ਤੇ ਪਹਾੜੀਏ ਕਿਲ੍ਹਾ ਖਾਲੀ ਕਰਕੇ ਨਸ ਗਏ ਤੇ ਕਿਲੇ ਪਰ ਸਿੰਘਾਂ ਦਾ ਕਬਜ਼ਾ ਹੋ ਗਿਆ ਸੀ। ਛਿਓਂ ਜਦੋਂ ਜਿਤ ਦੀ ਖੁਸ਼ੀ ਵਿਚ ਸਿਖ ਹਣ ਆਪਣੇ ਆਪਣੇ ਡੇਰਿਆਂ ਨੂੰ ਆਰਾਮ ਵਾਸਤੇ ਜਾ ਰਹੇ ਸਨ ਦਸੌਂਧਾ ਸਿੰਘ ਘੋੜੇ ਪਰ ਸਵਾਰ ਸੀ ਤੇ ਅੰਧੇਰੇ ਵਿਚ ਘੱਤ ਤੁਬਕ ਪਿਆ ਤੇ ਦਸੌਂਧਾ ਸਿੰਘ ਹੇਠਾਂ ਡੂੰਘੀ ਖੱਡ ਵਿਚ ਜਾ ਪਿਆ। ਚਹਿੰਦੇ ਹੋਇਆਂ ਦਸੌਂਧਾ ਸਿੰਘ ਨੇ ਬਾਬਾ ਬੀਰ ਸਿੰਘ ਨੂੰ ਯਾਦ ਕੀਤਾ ਇਸ ਵੇਲੇ ਤੁਸੀਂ ਹੀ ਰਖਿਆ ਕਰ ਸਕਦੇ ਹੋ ਅਗਰ ਬੱਚ ਗਿਆ ਤਾਂ

੧੦੧ ਰੁਪਿਆ ਗੁਰੂ ਕੇ ਲੰਗਰ ਵਿਚ ਭੇਟ ਕਰਾਂਗਾ। ਤਦ ਐਸੇ ਹੀ ਹੋਇਆ ਤੇ ਇਤਨੀ ਡੂੰਘੀ ਖੱਡ ਵਿਚ ਗਿਰਦੇ ਹੁੰਏ ਕੋਈ ਚੋਟ ਨਾ ਆਈ ਜਿਵੇਂ ਕਿਸੇ ਨੇ ਸੰਭਲ ਕੇ ਪਲੰਘ ਪਰ ਲਿਟਾ ਦਿਤਾ ਹੋਵੇ। ਹੇਠਾਂ ਨਦੀ ਵਗਦੀ ਸੀ ਬੱਚ ਕੇ ਉਠਿਆ ਤੇ ਤੁਰ ਪਿਆ।

ਇਧਰ ਇਸੇ ਵੇਲੇ ਰਾਤ ਨੂੰ ਬਾਬਾ ਬੀਰ ਸਿੰਘ ਨੋਰੰਗਾਬਾਦ ਆਪਣੇ ਡੇਰੇ (ਸੈਤਪੁਰੇ) ਪਲੰਘ ਪਰ ਬਿਰਾਜੇ ਹੋਏ ਸਨ। ਅਚਾਨਕ ਪਲੰਘ ਦੀਆਂ ਚਾਰੇ ਚੂਲਾਂ ਟੁਟ ਗਈਆਂ ਕੜ ਕੜ ਦੇ ਅਵਾਜ਼ ਨਾਲ ਨੌੜੇ ਦੇ ਸੇਵਕ ਨੇ ਦੇਖਿਆ ਕਿ ਪਲੰਘ ਟੁਟ ਗਿਆ ਤੇ ਬਾਬਾ ਜੀ ਜ਼ਮੀਨ ਪਰ ਡਿਗੇ ਪਏ ਹਨ। ਜਿਵੇਂ ਜ਼ਮੀਨ ਪਰ ਲੇਟੇ ਹੋਏ ਸਨ। ਝੋਰ ਪੈ ਗਿਆ ਤੇ ਬਾਕੀ ਦੇ ਹੋਰ ਕਈ ਸੇਵਕ ਦੌੜੇ ਆਏ ਤੇ ਦੇਖ ਕੇ ਵਾਹਿਗੁਰੂ ਵਾਹਿਗੁਰੂ ਕਰਨ ਲਗੇ ਸੀ।

ਸ੍ਰੀ ਬਾਬਾ ਜੀ ਨੂੰ ਜਦੋਂ ਉਠਾਇਆ ਗਿਆ, ਦੂਜਾ ਪਲੰਘ ਵਿਛਾ ਕੇ ਬਹਾਇਆ ਤਦ ਆਪ ਨੇ ਪੁਛਿਆ ਕੀ ਵੇਲਾ ਹੈ ? ਸੇਵਕਾਂ ਨੇ ਦਸਿਆ ਜੀ ਅਧੀ ਰਾਤ ਦਾ ਵੇਲਾ ਹੈ, ਹੁਕਮ ਹੋਇਆ, ਇਨ ਵਾਰ ਤੇ ਸਮਾਂ ਲਿਖ ਰਖੀਏ, ਕਾਰਨ ਥੋੜੇ ਦਿਨਾਂ ਬਾਦ ਤੁਹਾਨੂੰ ਪਤਾ ਲੱਗ ਜਾਏਗਾ।

ਉਧਰੋਂ ਥੋੜੇ ਦਿਨਾਂ ਬਾਦ ਛੁਟੀ ਲੈ ਕੇ ਦਸੌਂਧਾ ਸਿੰਘ ਵਾਪਸ ਆਪਣੇ ਘਰ ਆਇਆ, ਸ੍ਰੀ ਬਾਬਾ ਜੀ ਦੀਵਾਨ ਸਜਾਏ ਬੈਠੇ ਸਨ। ਦਸੌਂਧਾ ਸਿੰਘ ਨੇ ਪੰਜ ਰੁਪੈ ਲਿਆ ਕੇ ਮਥਾ ਟੇਕੇ ਤਦ ਬਾਬਾ ਜੀ ਨੇ ਕਿਹਾ–ਉਠਾ ਲੈ ! ਉਸ ਨੇ ਫੇਰ ਦੋ ਤਿੰਨ ਵੇਰ ਅਰਜ਼ ਕੀਤੀ ਜੀ ਆਪ ਦੀ ਸੁਖਨ ਦੇ ਹਨ ਭੇਟਾ ਕੀਤੇ ਹਨ–ਤਦ ਤੋਂ ਬਿਵ ਵਿਚ ਆ ਕੇ ਬਚਨ ਕੀਤਾ–ਕਿਉਂ ਹੋ ! ਤੈਂ ਪਰਥਤ ਉਤੋਂ ਨਦੀ ਦੀ ਖੱਡ ਵਿਚ ਅਧੀ ਰਾਤ ਨੂੰ ਗਿਰ ਗਿਆ ਤਦ ਸਾਡਾ ਨਾਮ ਲੈ ਕੇ ਪੁਕਾਰ ਕਰਦੇ ਨੇ ੧੦੧ ਰੁਪੈ ਦੀ ਸੁਖਣਾ ਸੁਖੀ ਤੇ ਤੈਨੂੰ ਫੁੱਲ ਵਾਂਗੂੰ ਸੰਭਾਲ ਲਿਆ ਸੀ ਚੋਟ ਨਹੀਂ ਲੱਗੀ। ਉਸ ਵੇਲੇ ਅਸੀਂ ਆਪਣਾ ਪਲੰਘ ਤੇਰੀ ਰਖਿਆ ਖਾਤਰ ਤੁੜਵਾ ਲਿਆ ਤੇ ਹੇਠਾਂ ਰੱਖ ਬਚਾ ਲਿਆ ਸੀ ਤੇ ਹੁਣ ਤੂੰ ੧੦੧ ਰੁਪੈ ਦੀ ਬਜਾਏ ਪੰਜ ਰੁਪੈ ਲਿਆ ਭੇਟ ਕੀਤੇ, ਮੋੜ ਲਿਜਾ ! ਤੈਨੂੰ ਅੰ ਪ੍ਰਤੀਤ ਨਹੀਂ ਆਈ, ਜੋ ਪ੍ਰੀਖਿਆ ਲੈ ਰਿਹਾ ਹੈ।

ਇਸ ਵੇਲੇ ਸ੍ਰੀ ਬਾਬਾ ਜੀ ਨੇ ਉਹਨਾਂ ਸੇਵਕਾਂ ਨੂੰ ਬੁਲਾ ਕੇ ਦਿਨ ਵਾਰ ਤੇ ਅੱਧੀ ਰਾਤ ਦਾ ਸਮਾਂ ਲਿਖ ਰਖਾਇਆ ਸੀ ਦਸੌਂਧਾ ਸਿੰਘ ਨੂੰ ਦਸ ਕੇ ਬਰਮਿੰਦਾ ਕੀਤਾ ਨਾਲ ਹੀ ਫੁਰਮਾਇਆ–ਇਥੇ ਗੁਰੂ ਕੇ ਲੰਗਰ ਵਿਚ ਕਿਸੇ ਵਸਤੂ ਦਾ ਘਾਟਾ ਨਹੀਂ ਪਰ–ਅਸੀਂ ਤਾਂ ਤੇਰੀ ਖਾਤਰ ਉਸ ਵੇਲੇ ਦੀ ਕੀਤੀ ਮਜੂਰੀ ਦਾ ਜ਼ਿਕਰ ਕਰਨਾ ਸੀ ਜੋ ਤੂੰ ਭੁਲਾ ਬੈਠਾ ਸੀ।

ਦਸੌਂਧਾ ਸਿੰਘ ਵਾਸਤੇ ਆਪਣੇ ਹੀ ਨਗਰ ਦੇ ਅਤੇ ਹੋਰ ਇਲਾਕੇ ਦੇ ਅਨੇਕਾਂ ਗੁਰਸਿਖਾਂ ਸਾਹਮਣੇ ਲੰਗਰ ਵਿਚ ਬੜੀ ਬਰਮਿੰਦਗੀ ਦੀ ਗੱਲ ਸੀ। ਇਸ ਨੇ ਆਪਣੀ ਭੁਲ ਦੀ ਖਿਮਾ ਮੰਗੀ–੧੦੧ ਰੁਪਿਆ ਸਿੰਘ ਦੀ ਹੋਰ ਪਾਸੇ ਬਹੁਤ ਨਿੰਦਾ ਹੋਈ, ਪਰ ਇਸ ਦੀ ਧਰਮ ਪਤਨੀ ਦਾ ਨਾਮ ਮਾਈ ਰੂਪਾਂ ਸੀ ਇਹ ਬਹੁਤ ਸਿਦਕ ਭਰੋਸੇ ਵਾਲੀ ਤੇ ਲੰਗਰ ਦੀ ਸੇਵਾ ਵਿਚ ਤਤਪਰ ਰਿਹਾ ਕਰਦੀ ਜਿਸ ਤੇ ਦਸੌਂਧਾ ਸਿੰਘ ਵੀ ਬਾਖ਼ਬਰ ਗਿਆ ਸੀ।

ਹੋਰ ਘੋਰ ਅਪਰਾਧ ਕੀਤਾ ਤੇ ਬਖ਼ਸ਼ਵਾਇਆ

ਦਸੌਂਧਾ ਸਿੰਘ ਦੀ ਘਰ ਵਾਲੀ (ਮਾਈ ਰੂਪਾਂ) ਗੁਰੂ ਕੇ ਲੰਗਰ ਵਾਸਤੇ ਚਕੀ ਪੀਸਿਆ ਕਰਦੀ,

Scanned with CamScanner

ਬਾਣੀ ਪੜ੍ਹਦੀ, ਨਾਮ ਜਪਦੀ ਤੇ ਲੰਗਰ ਵਿਚ ਸੰਗਤ ਦੇ ਜੂਠੇ ਭਾਂਡੇ ਮਾਂਜਨ ਦੀ ਸੇਵਾ ਵੀ ਕਰੇ। ਇਹ ਦਸੋਂਧਾ ਸਿੰਘ ਤਾਂ ਸਰਕਾਰੀ ਨੌਕਰ ਸੀ ਛੁਟੀ ਪੂਰੀ ਹੋਣ ਪਰ ਫੇਰ ਆਪਣੀ ਪਲਟਨ ਵਿਚ ਜਾ ਸ਼ਾਮਲ ਸੀ ਤੇ ਕਈ ਮਹੀਨੇ ਬਾਅਦ ਜਦੋਂ ਫੇਰ ਆਇਆ ਤਦ ਕਈ ਦੁਸ਼ਟ ਲੋਕਾਂ ਨੇ ਉਸ ਨੂੰ ਭੜਕਾਇਆ ਕਿ ਤੂੰ ਤਾਂ ਬਾਹਰ ਸਰਕਾਰੀ ਨੌਕਰੀ ਕਰਦਾ ਹੈ, ਪਰ ਤੇਰੀ ਘਰ ਵਾਲ਼ੀ ਰੂਪਾਂ ਦਿਨੇ ਰਾਤ ਲੰਗਰ ਵਿਚ ਰਹਿੰਦੀ ਹੈ, ਇਹਦੀ ਕਪਟ ਭਰੀ ਸੇਵਾ ਵਿਚ ਹੋਰ ਬਹੁਤ ਕੁਝ ਹੋ ਰਿਹਾ ਹੈ, ਦਸੋਂਧਾ ਸਿੰਘ ਨੂੰ ਗ੍ਰੋਪੇ ਆਇਆ-ਤਦ ਆਪਣੀ ਸੁਪਤਨੀ (ਰੂਪਾਂ) ਦੇ ਜੋ ਚੱਕੀ ਪੀਸ ਰਹੀ ਸੀ ਬਿਨਾਂ ਕੁਝ-ਪੁਛੇ ਕਹੇ ਹੀ, ਕੋਰੜੇ ਮਾਰਨੇ ਸ਼ੁਰੂ ਕਰ ਦਿਤੇ-ਉਸ ਨੂੰ ਇਤਨੀ ਮਾਰ ਧੋਂਦੀ ਨੂੰ ਵੀ ਕੋਈ ਦਰਦ ਮਾਲੂਸ ਨਹੀਂ ਹੋਇਆ ਤੇ ਇਹ ਰਸਣੀ ਮਾਰ ਮਾਰ ਕੇ ਵੀ ਚੁਪ ਕਰ ਬੈਠਾ। ਫਿਰ ਬਾਬਾ ਜੀ ਨੂੰ ਮੱਥਾ ਟੇਕਣ ਵਾਸਤੇ ਸੰਤ ਪੁਰੇ ਗਿਆ ਤਾਂ ਆਪ ਨੇ ਇਸ ਵਲ ਵੇਖਿਆ ਵੀ ਨਹੀਂ, ਮੁੰਹ ਦੂਜੇ ਪਾਸੇ ਕਰ ਬੈਠੇ। ਦਸੋਂਧਾ ਸਿੰਘ ਨੇ ਫੇਰ ਦੂਜੇ ਪਾਸੇ ਹੋ ਕੇ ਮੱਥਾ ਟੇਕਣ ਦੀ ਕੋਸ਼ਿਸ਼ ਕੀਤੀ ਤਦ ਬਾਬਾ ਜੀ ਨੇ ਕਿਹਾ-ਐਹ ਦੁਸ਼ਟ ਆਤਮਾਂ-ਤੂੰ ਇਕ ਪਾਸੇ ਤਾਂ ਜਾਹ ਕੋਈ ਮਾਰ ਮਾਰ ਕੇ ਕੱਢ ਦਾ ਮਾਸ ਉਧੇੜ ਦਿਤਾ ਤੇ ਹੁਣ ਮੱਥੇ ਟੇਕਦਾ ਹੈਂ। ਐਸਾ ਆਖ ਕੇ ਬਾਬਾ ਜੀ ਨੇ ਫੇਰ ਪਿਛੇ ਤੋਂ ਕੁਰਤਾ ਉਠਾ ਕੇ ਦਸਿਆ ਤਦ ਨੀਲ ਪਏ ਸਨ ਤੇ ਥੋੜ੍ਹਾ ਲਹੂ ਵੀ ਸਿਮ ਰਿਹਾ ਸੀ।

ਦਸੋਂਧਾ ਸਿੰਘ ਕੰਬ ਗਿਆ ਤੇ ਕਾਰਨ ਪੁਛਿਆ-ਜੀਓ ! ਇਹ ਕਿਵੇਂ ਹੋ ਸਕਦਾ ਕਿ ਮੈਂ ਕੋਰੜੇ ਮਾਰ ਕੇ ਇਤਨਾਂ ਅਪਰਾਧ ਕਰਦਾ। ਤਦ ਬਾਬਾ ਜੀ ਨੇ ਦਸਿਆ ਕਿ ਚੱਕੀ ਪੀਸਦੀ ਗੁਰਬਾਣੀ ਦਾ ਪਾਠ ਕਰਦੀ ਤੇ ਸਾਡੇ ਧਿਆਨ ਵਿਚ ਮਗਨ ਨੂੰ ਬਿਨਾਂ ਪੁਛੇ ਕੋਰੜੇ ਜੋ ਮਾਰੇ ਸੀ-ਉਹ ਆਪਣੀ ਪਿਠ ਪਰ ਅਸੀਂ ਹੀ ਸਾਰੇ ਸਹਾਰੇ ਸੀ। ਬ੍ਰਹਮਵੇਤਾ ਤੇ ਬ੍ਰਹਮਦਰਸੀ ਪੁਰਖਾਂ ਨੂੰ ਸਿਰਫ ਇਕੋ ਸਰੀਰ ਵਿਚ ਨਹੀਂ ਦੇਖਣਾ ਚਾਹੀਏ। ਜਿਵੇਂ ਇਥੇ ਹੁੰਦਿਆਂ-ਅੰਤਰਾਇਕ ਸਰੀਰ ਦੀ ਹੋਰ ਰਚਨਾ ਕਰਕੇ ਤੈਨੂੰ ਨਦੀ ਵਿਚ ਡੁਬਦੇ ਨੂੰ ਖੱਡ ਤੋਂ ਬਚਾਇਆ ਸੀ, ਐਸੇ ਹੀ ਤੇਰੀ ਇਸ ਧਰਮ ਪਤਨੀ ਦੇਵੀ ਦੀ ਰਖਿਆ ਕਰਨੀ ਬਣਦੀ ਸੀ। ਕੋਰੜੇ ਆਪਣੇ ਪਰ ਸਹਾਰੇ ਤੇ ਉਹਨੂੰ ਦੁਖ ਕਲੇਸ਼ ਤੋਂ ਬਚਾ ਲਿਆ ਹੈ।

ਦਸੋਂਧਾ ਸਿੰਘ ਨੂੰ ਇਸ ਵੇਲੇ ਧਰਤੀ ਫੇਹਲ ਨਹੀਂ ਦਿੰਦੀ ਸੀ ਜੋ ਸ਼ਰਮਿੰਦਗੀ ਵਿਚ ਗਰਕ ਹੋ ਜਾਏ। ਪਿਘਾਇਕੇ ਦਸਿਆ-ਮੈਨੂੰ ਦੁਸ਼ਟ ਲੋਕਾਂ ਨੇ ਭਰਮਾਇਆ ਤੇ ਬਿਨਾਂ ਵਿਚਾਰੇ ਇਹ ਅਪਰਾਧ ਕੀਤਾ, ਜੋ ਮਾਰ (ਰੂਪਾਂ) ਤੇ ਮਾਰੀ ਪਰ ਆਪ ਅੰਤਰਯਾਮੀ ਨੇ ਸਹਾਰੀ ਹੈ-ਮੈਨੂੰ ਖਿਮਾਂ ਹੀ ਹੋਵੇ ਅਤੇ ਮੈਂ ਪਾਪੀ ਨੂੰ ਤਨਖਾਹ (ਡੰਡ ਭਰਨ) ਦੀ ਲਾਈ ਜਾਏ। ਤਦ ਸ੍ਰੀ ਬਾਬਾ ਜੀ ਬਖਸ਼ਿੰਦ ਨੇ-ਇਸ ਤਰ੍ਹਾਂ ਦੀ ਤਨਖਾਹ ਲਾ ਕੇ ਬਖਸ਼ ਦਿਤਾ ਸੀ-ਤਨਖਾਹ (ਡੰਡ ਦਾ ਨਿਰਣਾ) ਇਹ ਸੀ-

੧. ਸਵਾ ਮਹੀਨਾ ਤੂੰ ਗੁਰੂ ਕੇ ਲੰਗਰ ਕੇ ਜੂਠੇ ਭਾਂਡੇ ਮਾਂਜਨੇ।

੨. ਸੰਗਤਾਂ ਨੂੰ ਇਤਨਾ ਅਰਥਾ ਜਲ ਭਰਨਾ ਤੇ ਛਕਾਉਣਾ ਤੇ ਕਪੜੇ ਧੋਣੇ।

੩. ਸਵਾ ਸੇ ਪਾਠ ਸ੍ਰੀ ਜਪੁਜੀ ਸਾਹਿਬ ਦਾ ਜ਼ਰੂਰ ਵਾਧੂ ਦਾ ਕਰਨਾ।

੪. ੧੨੫ ਗੁਰਸਿਖ ਸਾਧ ਸੰਗਤ ਨੂੰ ਪ੍ਰਸ਼ਾਦ ਪਾਣੀ ਛਕਾਣਾ।

ਫੇਰ ਫੁਰਮਾਇਆ ਕਿ ਇਸ ਖੋਟੀ ਕਾਰ ਦਾ ਬਦਲਾ ਜੋ ਤੈਂ ਨਿਰਦੋਸ਼ ਰੂਪਾਂ ਨੂੰ ਮਾਰ ਕੇ (ਯਾਨੀ ਸਰੀਰ ਦਾ) ਦੰਮ ਉਧੇੜਿਆ ਹੈ ਇਸ ਪਾਪ ਦੇ ਫਲ ਸਰੂਪ ਤੈਨੂੰ ਕਈ ਨਰਕ ਭੋਗਣੇ ਸਨ। ਪਰ (ਦਸੋਂਧਾ ਸਿੰਘ) ਤੂੰ ਅਵਗੁਣ ਪਛੋਤਾਈਐ) ਪਛਤਾਵਾ ਕਰ ਲਿਆ ਹੈ-ਬਖਸ਼ ਦਿਤਾ ਹੈ। ਹੁਣ ਇਸ (ਦਸੋਂਧਾ ਸਿੰਘ) ਨੇ ਨਭ ਕੁਝ ਪ੍ਰਵਾਨ ਕੀਤਾ ਤੇ ਜਿਤਨੀ ਫੰਡ ਵਜੋਂ ਤਨਖਾਹ ਲਗੀ ਸੀ ਉਹ ਸਮੇਂ ਅਨੁਸਾਰ ਪੂਰੀ ਕਰਕੇ ਸੰਗਤ ਗਿਆ ਤੇ ਬਖਸ਼ਿਆ ਗਿਆ ਸੀ।

ਅਕਾਲਗੜ੍ਹ ਵਸਣਾ ਅਤੇ ਸ੍ਰੀ ਸੰਤ ਭਾਗ ਸਿੰਘ ਦੇ ਦਰਸ਼ਨ ਵਾਸਤੇ ਕੁਰੀ ਜਾਣਾ

ਇਕ ਫੇਰ ਬਾਬਾ ਬੀਰ ਸਿੰਘ ਜੀ ਆਪਣੇ ਸੰਤ ਜਥੇ ਅਤੇ ਹੋਰ ਬਹੁਤ ਸ਼ੂਰਬੀਰ ਸਿੰਘਾਂ ਜਥੇਦਾਰ ਸਰਦਾਰਾਂ ਸਮੇਤ ਸੰਤ ਭਾਗ ਸਿੰਘ ਜੀ ਕੁਰੀ (ਵਣੋਹਾਰ) ਵਾਲਿਆਂ ਦੇ ਦਰਸ਼ਨ ਨੂੰ ਚਲੇ। ਇਸ ਵੇਲੇ ਦੇ ਹਜ਼ਾਰ ਸਿਖ ਸੰਗਤ ਦੀ ਭੀੜ ਆਪ ਦੇ ਨਾਲ ਸੀ। (ਗੁਰ ਬਿਲਾਸ ਬੀਰ ਮ੍ਰਿਗੇਸ਼ ਦੇ ਸਫਾ ੧੦੦੨ ਦੀ ਲਿਖਤ ਅਨੁਸਾਰ) ਆਪਣੇ ਸੰਤ ਪੁਰੇ ਨੌਰੰਗਾਬਾਦ ਡੇਰੇ ਤੋਂ ਚਲ ਕੇ ਸ੍ਰੀ ਤਰਨਤਾਰਨ, ਫਿਰ ਸ੍ਰੀ ਅੰਮ੍ਰਿਤਸਰ ਤੋਂ ਦਰਸ਼ਨ ਇਸ਼ਨਾਨ ਮਗਰੋਂ ਸਨੇ ਸਨੇ ਚਲਦੇ, ਕਈ ਥਾਈਂ ਮੁਕਾਮ ਕਰਦੇ ਹੋਂਜ਼ੀ ਸਾਹਿਬ ਗੁਰਦਵਾਰੇ ਦੀ ਯਾਤਰਾ ਮਗਰੋਂ ਗੁਜਰਾਂ ਵਾਲੇ ਨਗਰ ਤੋਂ ਬਾਹਰ ਉਤਰ ਦੇ ਪਾਸੇ ਤੰਬੂ ਡੇਲਦਾਰੀਆਂ ਲਵਾਏ ਤੇ ਡੇਰਾ ਕਰਾਇਆ।

ਭਾਈ ਕਿਰਪਾਲ ਸਿੰਘ ਨਾਗਾ ਨਾਮ ਦਾ ਇਕ ਪ੍ਰੇਮੀ ਆਪ ਦੇ ਪਲੰਘ ਨੂੰ ਲਿਸਾਏ ਕੇ ਪਹਿਲੇ ਦਿਨ ਉਥੇ ਪੁਜ ਜਾਂਦਾ ਜਿਥੇ ਡੇਰਾ ਜਮਾਉਣ ਦਾ ਹੁਕਮ ਹੁੰਦਾ ਸੀ। ਇਸ ਥਾਂ ਜਿਥੇ ਗੁਜਰਾਂ ਵਾਲੇ ਦੇ ਉਤਰ ਵਲ ਡੇਰਾ ਜਮਾਇਆ, ਪਲੰਘ ਵਿਛਵਾਇਆ ਸੀ ਇਸ ਥਾਂ ਦਾ ਨਾਮ "ਅਕਾਲਗੜ੍ਹ" ਮਸ਼ਹੂਰ ਹੋਇਆ ਜੋ ਹੁਣ ਤੀਕ ਪ੍ਰਸਿਧ ਅਸਥਾਨ ਹੈ।

ਜਿਹੋ ਵੀ ਡੇਰਾ ਹੁੰਦਾ-ਕਿਰਪਾਲ ਸਿੰਘ ਨਾਗਾ ਇਕ ਦਿਨ ਪਹਿਲੇ ਪੁਜ ਕੇ ਉਥੇ ਜ਼ਮੀਨ ਤੋਂ ਡੂਢ ਹੱਥ (ਦੋ ਫੁਟ) ਉਚਾ ਚਬੂਤਰਾ ਬਣਵਾ ਕੇ ਉਤੇ ਆਸਣ ਵਿਛਵਾਂਦਾ-ਜਿਸ ਤੇ ਬੈਠ ਕੇ ਬਾਬਾ ਜੀ ਦੀਵਾਨ ਲਗਾਇਆ ਕਰਦੇ ਅਤੇ ਇਲਾਕੇ ਦੇ ਹਜ਼ਾਰਾਂ ਲੋਕੀਂ ਆ ਕੇ ਦਰਸ਼ਨ ਉਪਦੇਸ਼ ਦਾ ਲਾਭ ਲਿਆ ਕਰਦੇ ਸਨ।

ਅਕਾਲਗੜ੍ਹ ਵਾਲੀ ਥਾਂ ਬਾਬਾ ਜੀ ਦਾ ਡੇਰਾ ਆਇਆ ਸੁਣ ਕੇ ਸਰਦਾਰ ਹਰੀ ਸਿੰਘ ਨਲੂਏ ਦਾ ਪੋਤਾ (ਸ: ਜਵਾਹਰ ਸਿੰਘ) ਦਰਸ਼ਨ ਨੂੰ ਆਇਆ। ਇਸ ਨੇ ੨੧ ਥਾਲ ਪਤਾਸਿਆਂ ਦੇ ਅਤੇ ਪੰਜ ਸੌ ਰੁਪਿਆਂ ਨਕਦ ਦੀ ਥੈਲੀ ਭੇਟ ਕਰਕੇ ਚੰਪਤੀ (ਇਸਤਰੀ ਪਤੀ) ਨੇ ਮੱਥਾ ਟੇਕਿਆ-ਕੁਝਲ ਅਨੰਦ ਪਿਛੋਂ ਬਾਬਾ ਜੀ ਦਾ ਦੂਜੇ ਦਿਨ ਦਾ ਲੰਗਰ ਛਕਾਵਣਾ ਮਨਾਇਆ-ਜੋ ਪ੍ਰਵਾਨ ਹੋਇਆ। ਇਸ ਵੇਲੇ ਸ੍ਰੀ ਬਾਬਾ ਜੀ ਦੀ ਆਪਣੇ ਜਥੇ ਦੀ ਸਾਥ ਸੰਗਤ ਦੀ ਗਿਣਤੀ ਤਿੰਨ ਹਜ਼ਾਰ ਤੋਂ ਉਤੇ ਹੋ ਚੁਕੀ ਸੀ ਅ ਇਲਾਕੇ ਦੀ ਆਈ ਸੰਗਤ ਹੋਰ ਵੀ ਬਹੁਤ ਸੀ।

ਸਰਦਾਰ ਜਵਾਹਰ ਸਿੰਘ ਨੇ ਗੁਜਰਾਂ ਵਾਲੇ ਦੇ ਕੁਝ ਹਲਵਾਈ ਮੰਗਵਾਏ, ਰਾਤ ਸਾਰੀ ਮਠਿਆਈ ਕੀਤੀ ਜਿਵੇਂ ਹੁਕਮ ਹੋਵੇ, ਲੰਗਰ ਤਿਆਰ ਹੈ, ਲਿਆਈਏ। ਤਦ ਇਥੇ ਹੀ ਲੰਗਰ ਲਿਆਏ, ਪੰਕਤਾਂ ਲਗੀਆਂ, ਹਜ਼ਾਰਾਂ ਦੀ ਗਿਣਤੀ ਸੀ, ਸ੍ਰੀ ਬਾਬਾ ਅਰੀ ਵੀ ਪ੍ਰੋਸਿਆ ਥਾਲ ਟਿਕਿਆ, ਸਭ ਨੂੰ ਵਰਤ ਜਾਣ ਮਗਰੋਂ ਵਰਣ ਦਾ ਹੁਕਮ ਸੀ, ਪ੍ਰੇਮ ਨਾਲ ਸੰਗਤਾਂ ਨੇ ਰੱਜ ਰੱਜ ਕੇ ਮਨ ਭਾਂਵਦੀ ਵਸਤੂਆਂ ਦਾ ਸੇਵਨ ਕੀਤਾ, ਸਕਣ ਨੂੰ ਸਰਦਾਰ ਹਰੀ ਸਿੰਘ ਵਲੋਂ ਨਕਦੀ ਦਖਣਾਂ ਵੀ ਭੇਟ ਵੀ ਕੀਤੀ ਗਈ। ਪਰ ਸਾਰੀਆਂ ਸੰਗਤਾਂ ਦੇ ਫ਼ਾਰਖ ਪਾਏ ਮਗਰੋਂ ਸ੍ਰੀ ਬਾਬਾ ਬੀਰ ਸਿੰਘ ਜੀ ਨੇ ਖੁਦ ਅਰਦਾਸਾ ਕੀਤਾ। ਅਖੀਰ ਦੇ ਇਹਨਾਂ ਸ਼ਬਦਾਂ ਨੂੰ (ਬੋਲੇ ਜੀ ਵਾਹਿਗੁਰੂ, ਬੋਲੋ ਜੀ ਵਾਹਿਗੁਰੂ, ਬੋਲੋ ਜੀ ਵਾਹਿਗੁਰੂ) ਉਚਾਰਨ ਕਰਕੇ ਫੁਰਮਾਇਆ-

Scanned with CamScanner

"ਦਾਣਾ ਪਾਣੀ ਗੁਰੂ ਕਾ ਟੈਹਲ ਭਾਵਨੀ ਹਲਵਾਈਆਂ, ਝੀਵਰ ਸਿੰਘਾਂ ਸਿਖ ਸੇਵਕਾਂ ਵਰਤਾਵਿਆਂ ਬੀ ਥਾਏਂ ਪਵੇ, ਬੋਲੋ ਜੀ ਵਾਹਿਗੁਰੂ" ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ ।"

ਇਸ ਤਰ੍ਹਾਂ ਦਾ ਅਰਦਾਸਾ ਸੁਣ ਕੇ ਸਰਦਾਰ ਜਵਾਹਰ ਸਿੰਘ ਵੰਗ ਰਿਹਾ–ਮੁੱਖ ਤੇ ਮਾਯੂਸੀ ਛਾ ਗਈ ਤੇ ਬੇਨਤੀ ਦਵਾਰੇ ਪੁਛਿਆ–ਸਾਹਿਬ ਜੀਉ ! ਅੱਜ ਦਾ ਅਸਚਰਜ ਅਰਦਾਸਾ–ਐਸਾ ਉਚਾਚਣ ਕਿਉਂ ਹੋਇਆ, ਤਦ ਬਾਬਾ ਜੀ ਨੇ ਫੁਰਮਾਇਆ–ਅਸੀਂ ਸੱਚ ਕਹਿਆ ਹੈ-ਦਾਣਾ ਪਾਣੀ ਗੁਰੂ ਕਾ ਹੈ ਤੇ ਟੈਹਲ ਜਿਹਨਾਂ ਨੇ ਕੀਤੀ ਉਹਨਾਂ ਕੇ ਨਾਮ ਦੀ ਅਰਦਾਸ ਕਰਨੀ ਜ਼ਰੂਰੀ ਸੀ, ਕੀਤੀ ਹੈ–ਟੂਗੋਂਫ਼ਾ ਦਸ ਤੇਰੀ ਮਾਂ ਦਾ ਇਸ ਵਿਚ ਕੀ ਹਿਸਾ ਹੈ–ਤੇਰੇ ਨਾਮ ਦੀ ਅਰਦਾਸ ਤਦ ਹੋਵੀ ਜੇ ਤੂੰ ਅਤੇ ਤੇਰੀ ਸੁਪਤਨੀ ਹਥੀਂ ਆਟਾ ਪੀਸਦੇ, ਹਥੀਂ ਪ੍ਰਸ਼ਾਦਾ ਤਿਆਰ ਕਰਕੇ ਛਕਾਂਦੇ, ਭਾਂਡੇ ਮਾਂਜਦੇ ਤਦ ਤਾਂ ਤੇਰੀ ਸੇਵਾ ਮੰਨੀ ਜਾਣੀ ਸੀ ।

ਇਹ ਬਚਨ ਸੁਣਦੇ ਹੀ ਦੋਹਾਂ (ਦੰਪਤੀ) ਨੇ ਭੁਲ ਬਖਸ਼ਾਈ ਤੇ ਦੂਜੇ ਦਿਨ ਦਾ ਪ੍ਰਸ਼ਾਦਾ ਮੰਨਿ ਕੇ-ਹੱਥੀਂ ਆਟਾ ਪੀਸਿਆ, ਪ੍ਰਸ਼ਾਦਾ ਤਿਆਰ ਕਰਕੇ ਥਾਲ ਪੁੱਸਿਆ ਅਤੇ ਬਾਕੀ ਦੀਆਂ ਪੰਗਤਾਂ ਵਿਚਕਾਰ ਸ੍ਰੀ ਬਾਬਾ ਜੀ ਅਗੇ ਹੱਥੀਂ ਤਿਆਰ ਕੀਤਾ, ਪੁੱਸਿਆ ਢਕਿਆ ਥਾਲ ਹੱਥ ਕੇ ਛਕਾਇਆ, ਤਦ ਛਕੇ ਥਾਲ ਇਹਨਾਂ ਦੇ ਨਾਮ ਦਾ ਜਿਓ ਅਰਦਾਸਾ ਹੋਇਆ–ਨਾਲ ਖਰਬੂਜ਼ੇ ਦੀ ਬਖਸ਼ਸ਼ ਕਰਕੇ ਪੁਤ੍ਰ ਪ੍ਰਾਪਤੀ ਦਾ ਵਰਦਾਨ ਬਖਸ਼ਿਆ । ਉਪੰਤ ਇਓਂ ਡੇਰਾ ਕੂਚ ਕਰਕੇ ਬਾਬਾ ਜੀ ਨੇ ਦਰਿਆ ਜੇਹਲਮ ਪਾਰ ਕਰਕੇ "ਮੀਰਪੁਰ" ਜਾਏ ਮੁਕਾਮ ਕੀਤਾ–ਜਿਸ ਥਾਂ ਕਿ ਸ੍ਰੀ ਬਾਬਾ ਸਾਹਿਬ ਸਿੰਘ ਬੇਦੀ ਜੀ ਨੇ ਮੁਕਾਮ ਰਖਿਆ ਸੀ ਤੇ ਉਹਨਾਂ ਦਾ ਦਮਦਮਾਂ ਵੀ ਬਾਅਦ ਵਿਚ ਬਣਿਆ ਸੀ–ਇਥਰ ਸਮਾਂ ਪਾ ਕੇ ਸਰਦਾਰ ਜਵਾਹਰ ਸਿੰਘ ਦੇ ਘਰ ਸ੍ਰੀ ਬਾਬਾ ਜੀ ਦੀ ਅਸੀਸ (ਵਰਦਾਨ) ਸਦਕੇ ਪੁਤਰ ਪੈਦਾ ਹੋਇਆ ਤੇ ਖੁਸ਼ੀਆਂ ਮਨਾਈਆਂ ਸਨ ।

ਅਕਾਲਗੜ੍ਹ ਤੋਂ ਮੁਕਾਮ ਕੂਚ ਕਰਕੇ ਵਜ਼ੀਰਾਂਬਾਦ ਤੋਂ ਹੁੰਦੇ ਬਾਬਾ ਜੀ ਜਦੋਂ ਜਿਹਲਮ ਪੁਜੇ ਸਨ-ਤਿੰਨ ਦਿਨ ਇਥੇ ਮੁਕਾਬ ਹੋਇਆ ਸੀ ਇਓਂ ਦੇ ਪ੍ਰਮੁਖ ਸਿੰਘਾਂ ਨੇ–ਜਿਨਹਾਂ ਵਿਚ ਸਤਿਸੰਗੀ ਸਰਦਾਰ ਦੁਖ ਸਿੰਘ, ਮੁਖਾ ਸਿੰਘ, ਦੇਵਾ ਸਿੰਘ, ਨਿਹਾਲ ਸਿੰਘ, ਖੁਬਾ ਸ਼ਾਹ ਮਲ, ਬੁਬਾ ਸ਼ਾਹ ਮਲ, ਰਾਮ ਦੈਲ ਦੋਲਤਾ ਇਹਨਾਂ ਸੱਤ ਪ੍ਰੇਮੀਆਂ ਨੇ ਬਹੁਤ ਸੇਵਾ ਭਾਵ ਦਾ ਸਬੂਤ ਦਿਤਾ ਅਤੇ ਅੰਮ੍ਰਿਤ ਪਾਨ ਕਰਕੇ ਗੁਰ ਮੰਤਰ ਉਪਦੇਸ਼ ਸੁਣ ਕੇ ਜਨਮ ਸੁਫਲਾਇਆ ਸੀ ।

ਜੇਹਲਮ ਤੋਂ ਮੀਰਪੁਰ ਅਤੇ ਮੀਰਪੁਰ ਤੋਂ ਮੁਕਾਮ ਕੂਚ ਕਰਕੇ ਆਪ ਜੀ "ਰਹੁਤਾਸ" ਕਿਲੇ ਨੂੰ ਜਾਏ ਉਤਰੇ ਜਿਥੇ ਗੁਰੂ ਨਾਨਕ ਸਾਹਿਬ ਦਾ ਇਤਿਹਾਸਕ ਅਸਥਾਨ ਚਿਸ਼ਮਾਂ ਸਾਹਿਬ ਹੈ–ਇਸ਼ਨਾਨ ਪਾਣੀ ਕਰਕੇ ਪ੍ਰਸ਼ਾਦ ਭੇਟ ਕੀਤਾ । ਇਥੋਂ ਦੇ ਮਹੰਤ ਨੇ ਬਹੁਤ ਸੇਵਾ ਕੀਤੀ । ਪਰ ਇਸ ਮਹੰਤ ਦਾ ਨੱਕ ਕੱਟਿਆ ਹੋਇਆ ਸੀ, ਆਪਣੀ ਨਾਲ ਦੀ ਸੰਗਤ ਨੇ ਇਸ ਦੇ ਨੱਕ ਕਟੇ ਦਾ ਕਾਰਨ ਪੁਛਿਆ ਤਦ ਸੁਣਾਇਆ ਕਿ-ਇਸ ਨੇ ਇਸ ਡੇਰੇ ਦੀ ਮਹੰਤੀ ਖਾਤਰ ਆਪਣੇ ਗੁਰੂ (ਮਹੰਤ) ਨੂੰ ਜ਼ਹਿਰ ਦੇ ਕੇ ਮਰਵਾਇਆ ਸੀ । ਤੇ ਜ਼ਿਕਰ ਵਿਉਂ ਹੈ–

ਇਕ ਵੇਰ ਰੁਹਤਾਸ ਦੀ ਸਿਖ ਸੰਗਤ ਦੇ ਨਾਲ ਇਹ ਮਹੰਤ ਵੀ ਬਾਬਾ ਸਾਹਿਬ ਸਿੰਘ ਬੇਦੀ ਜੀ ਦੇ ਦਰਸ਼ਨ ਨੂੰ ਉਨ੍ਹੇ ਸਾਹਿਬ ਗਿਆ ਸੀ, ਸਾਰੀ ਨਾਲ ਦੀ ਸੰਗਤ ਸਮੇਤ ਲਿਜਾਇਆ ਪ੍ਰਸ਼ਾਦ ਭੇਟ ਕਰਕੇ ਨਿਮਸਕਾਰਾਂ ਕੀਤੀਆਂ–ਸ੍ਰੀ ਬਾਬਾ ਸਾਹਿਬ ਸਿੰਘ ਅੰਤਰਯਾਮਤਾ ਰਖਦੇ) ਸਨ-ਮਹੰਤ ਨੇ ਜਦੋਂ ਪ੍ਰਸ਼ਾਦ ਭੇਟ ਕੀਤਾ–ਬਾਬਾ ਜੀ ਨੇ ਪੁਛਿਆ–ਕਹੁ ਭਾਈ ! ਤੈਨੂੰ ਇਹ ਮਹੰਤੀ ਕਿਵੇਂ ਮਿਲੀ–ਸੱਚ ਨਾ ਬੋਲਿਆ ਤਦ ਸਿਰੋਂ ਮਰਵਾ ਦਿਆਂਗੇ । ਇਹ ਬਚਨ ਸੁਣਦੇ ਸਾਰ ਮਹੰਤ ਥਰ ਥਰ ਕੰਬਿਆ–ਨਾਲ ਦੀ ਸੰਗਤ

ਸਾਹਮਣੇ ਉਸ ਨੇ ਦਸਿਆ ਕਿ ਇਸ ਮਹੰਤੀ ਦੇ ਲਾਲਚ ਬਦਲੇ ਮੈਨੇ ਆਪਣੇ ਗੁਰੂ ਨੂੰ ਜ਼ਹਿਰ ਦੇ ਕੇ ਮਾਰਿਆ ਤੇ ਮਹੰਤ ਹੋ ਕੇ ਅਸਥਾਨ ਨੂੰ ਸੰਭਾਲ ਕੇ ਮਹੰਤ ਬਣਿਆ ਹਾਂ ।

ਹੁਣ ਇਸ ਵੇਲੇ ਇਸ ਦੀ ਆਪਣੀ ਜ਼ਬਾਨੀ ਪਾਪ ਦਾ ਇਕਬਾਲ ਅਤੇ ਸ੍ਰੀ ਬਾਬਾ ਸਾਹਿਬ ਸਿੰਘ ਦੀ ਅੰਤਰਯਾਮਤਾ ਨੇ ਲੋਕਾਂ ਨੂੰ ਹੈਰਾਨ ਕਰ ਦਿਤਾ ਸੀ । ਸ੍ਰੀ ਬਾਬਾ ਜੀ ਨੇ ਫੁਰਮਾਇਆ–ਤੇਰਾ ਪਾਪ ਤਾਂ ਜਿਹਨਾਂ ਪ੍ਰਿਤਤ ਹੈ ਕਿ ਤੈਨੂੰ ਹੁਣੇ ਮੌਤ ਦੀ ਸਜ਼ਾ ਦੇਣੀ ਸੀ–ਪਰ ਬਾਬਾ ਜੀ ਨੇ ਸ਼ਰਤ ਸਾਹਮਣੇ ਹੀ ਇਸ ਦਾ ਨੱਕ ਕਟਵਾ ਕੇ ਕਿਹਾ ਕਿ ਉਹ ਭਾਰੀ ਪਾਪ, ਤੇਰੇ ਸੱਚ ਬੋਲਨ ਨਾਲ ਵੰਡਿਆ ਗਿਆ ਤੇ ਤੈਨੂੰ ਨੱਕ ਕੱਟੇ ਦੀ ਸਜ਼ਾ ਹੀ ਹੁਣ ਕਾਫੀ ਹੈ–ਇਸ ਕਾਰਨਾਮੇ ਕਰਕੇ ਇਸ ਮਹੰਤ ਦੀ ਨੱਕ ਕੱਟੀ ਗਈ ਸੀ । ਇਹ ਬਾਬਾ ਬੀਰ ਸਿੰਘ ਸਾਹਿਬ ਨੇ ਰੁਹਤਾਸ ਆਏ ਵੇਲੇ ਸੰਗਤ ਦੀ ਪੁਛ ਦੇ ਉਤਰ ਵਿਚ ਸੁਣਾਇਆ ਤੇ ਉਸ ਮਹੰਤ ਦੀ ਜ਼ਬਾਨੀ ਵੀ ਸੁਣਿਆ ਤੇ ਲੋਕਾਂ ਨੇ ਉਸ ਮਹੰਤ ਦੀ ਸੇਵਾ ਦੀ ਇਤਨੀ ਸ਼ਲਾਘਾ ਨਹੀਂ ਕੀਤੀ, ਜਿਤਨੀ ਉਸ ਨੂੰ ਇਸ ਪਾਪ ਕਰਮ ਬਾਰੇ ਦੁਬਾਰਾ ਲਜਤ ਕੀਤਾ । ਇਓਂ ਰੁਹਤਾਸ ਤੋਂ ਕੂਚ ਕਰਕੇ ਬਾਬਾ ਬੀਰ ਸਿੰਘ ਜੀ ਨੇ ਚਕਰਿਆਲੇ (ਜ਼ਿਲਾ ਜੇਹਲਮ) ਵਿਚ ਮੁਕਾਮ ਕੀਤਾ । ਚਕੜਾਲਾ ਤੋਂ ਦੂਜੇ ਦਿਨ ਸਵੇਰੇ ਹੀ ਚਾਲੇ ਪਾ ਕੇ ਖੱਡ ਉਲੰਘੇ ਅਤੇ ਬਿਬਨ ਕੌਰ (ਮਸ਼ਹੂਰ ਪਿੰਡ ਸੀ) ਵਿਚ ਮੁਕਾਮ ਕੀਤਾ–ਇਓਂ ਦੀ ਪ੍ਰੇਮੀ ਸਿਖ ਸੰਗਤ ਨੇ ਬਹੁਤ ਆਦਰ ਸਤਿਕਾਰ ਤੇ ਸੇਵਾ ਦਾ ਸਬੂਤ ਦਿਤਾ ਸੀ ।

ਨੋਟ-(ਦਾਸ ਗਿਆਨੀ ਈਸ਼ਰ ਸਿੰਘ ਨਾਰਾ) ਇਸ ਪੁਸਤਬ ਦੇ ਲੇਖਕ ਨੇ ਇਹ ਸਾਰਾ ਇਲਾਕਾ ਦੇਖਿਆ ਹੈ–ਬਿਬਨ ਕੌਰ ਦੇ ਮਸ਼ਹੂਰ ਪਿੰਡ ਵਿਚ–ਸਿਖ ਇਤਿਹਾਸ ਦੇ ਪ੍ਰਸਿਧ ਗੁਰਸਿਖ ਭਾਈ ਪਾਰੋ ਜੀ ਮੁਲਕਾ ਦੀ ਸੰਤਾਨ ਦੇ ਭਾਈ ਮੰਨਾ ਸਿੰਘ, ਭਾਈ ਸੰਤੋਖ ਸਿੰਘ ਇਓਂ ਦੇ ਵਸਨੀਕ ਸਨ, ਭਾਈ ਮੰਨਾ ਸਿੰਘ ਦੀ ਅੱਸ਼ ਪੰਜ (ਸਪੁਤਰ ਭਾਈ ਸਨਮੁਖ ਸਿੰਘ–ਪਾਕਿਸਤਾਨ ਬਣੇ ਪਿਛੋਂ ਪਟਿਆਲੇ ਆ ਕੇ ਵਸੇ ਸੀ ।

ਦੂਜੇ ਭਾਈ ਸੰਤੋਖ ਸਿੰਘ ਜੀ ਜੁਲਕਾ ਦੇ ਸਪੁਤਰ (ਭਾਈ ਹੁਕਮ ਸਿੰਘ) ਜੈਤੋ ਮੋਰਚੇ ਦੇ ਜਿੰਦਾ ਜ਼ਹੀਦ, ਦਾਸ (ਲੇਖਕ) ਦੇ ਸੁਸਰ ਸਨ । ਇਹਨਾਂ ਦੀ ਸਪੁਤਰੀ ਬੀਬੀ ਹਰਨਾਮ ਕੌਰ ਮੇਰੀ ਸੁਪਤਨੀ ਸੀ, ਜਿਸ ਕਰਕੇ ਇਸ ਜੁਲਕਾ ਖਾਨਦਾਨ ਤੇ ਬਿਬਨ ਕੌਰ ਨਾਲ ਸਬੰਧਿਤ ਹੋਰ ਵੀ ਕਈ ਪੰਥਕ ਪ੍ਰਮੁਖਾਂ ਨਾਲ ਪ੍ਰੇਮ ਪਿਆਰ ਤੇ ਗੁਹਜ਼ੀ ਜਾਣਕਾਰੀ ਸੀ ।

ਭਾਈ ਲਾਭ ਸਿੰਘ ਤੇ ਭਾਈ ਕਰਤਾਰ ਸਿੰਘ ਚੀਫ ਖਾਲਸਾ ਦੀਵਾਨ ਦੇ ਪ੍ਰਸਿਧ ਪ੍ਰਚਾਰਕ ਰਹੇ । ਭਾਈ ਲਾਭ ਸਿੰਘ ਤਾਂ ਪਾਕਿਸਤਾਨ ਬਣੇ ਮਗਰੋਂ ਬਹੁਤ ਅਰਸਾ ਸ੍ਰੀ ਹਰਿਮੰਦਰ ਸਾਹਿਬ ਦੀ ਪਦਵੀ ਪ੍ਰਾਪਤ ਕੀਤੇ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗਰੰਥੀ ਵੀ ਰਹੇ ਸਨ । ਇਸੇ ਤਰ੍ਹਾਂ ਇਓਂ ਦੇ ਮਸ਼ਹੂਰ ਤੇ ਪ੍ਰਸਿਧ ਵਿਦਵਾਨ ਗਿਆਨੀ ਸਾਧੂ ਸਿੰਘ (ਜੋ ਮੇਰੇ ਮਿਸੋਰ ਭਰਾਤਾ ਜਨ) ਪਹਿਲੇ ਜੁਜਰਾਂ ਵਾਲੇ ਖਾਲਸਾ ਹਾਈ ਸਕੂਲ ਦੇ ਫੇਰ ਮਾਸਟਰ ਸਨ, ਫਿਰ ਬਦਲੀ ਹੋਏ ਨਾਲ ਕੋਇਟੇ ਖਾਲਸਾ ਹਾਈ ਸਕੂਲ ਦੇ ਹੈਡ ਮਾਸਟਰ ਲਾਏ ਗਏ ਪਰ ਥੋੜੇ ਅਰਸੇ ਬਾਅਦ ਕੋਇਟੇ ਛੁਚਾਲ ਵਿਚ ਉਹ ਤਿੰਨ ਬੱਚੀਆਂ ਸਮੇਤ ਚਲਾਣਾ ਕਰ ਗਏ ਸੀ । ਉਹਨਾਂ ਦੀ ਸੁਪਤਨੀ (ਬੀਬੀ ਦਰ ਕੌਰ) ਇਕ ਸਪੁਤਰੀ ਤੇ ਬਚ ਕੇ ਆਇਆ–ਇਕ ਬੇਟਾ ਹੁਣ ਮੇਜਰ ਹਰਬੰਸ ਸਿੰਘ ਫੌਜੀਕ ਮਹਿਕਮੇ ਵਿਚ ਹੈ। ਉਕਤ ਚੋਜ਼ਾ ਜ਼ਿਕਰ ਇਸ ਵਾਸਤੇ ਲਿਖਿਆ ਕਿ ਸ੍ਰੀ ਬਾਬਾ ਬੀਰ ਸਿੰਘ ਦਾ ਪ੍ਰਕਾਸ਼ ਇਸ ਇਲਾਕੇ ਵਿਚ ਜਿਥੇ ਜਿਥੇ ਹੋਇਆ ਸੀ ਦਾਸ ਦਾ ਦੇਖਿਆ ਇਲਾਕਾ ਪੋਠੋਹਾਰ ਨਾਮ ਨਾਲ ਅਫਗਾ ਮਸ਼ਹੂਰ ਸੀ ।

Scanned with CamScanner

ਬਿਸ਼ਨਦੇਰ ਤੋਂ ਅਗਲਾ ਮੁਕਾਮ

ਬਾਬਾ ਬੀਰ ਸਿੰਘ ਜੀ ਨੇ ਬਿਸ਼ਨਦੇਰ ਦੇ ਨਿਵਾਸ ਮਗਰੋਂ ਕੁਝ ਕਰਕੇ–ਖਾਨ ਪੁਰ ਤੋ ਫਿਰ "ਮੁਖੇ ਨਗਰ" (ਪੋਠੋਹਾਰ ਦਾ ਪ੍ਰਸਿਧ ਨਗਰ ਹੈ) ਵਿਚ ਦੋ ਦਿਨ ਮੁਕਾਮ ਕੀਤਾ।

ਨੋਟ–ਇਥੇ ਵੀ ਸ੍ਰੀ ਬਾਬਾ ਸਾਹਿਬ ਸਿੰਘ ਜੀ ਦਾ ਦਮਦਮਾਂ ਸਾਹਿਬ ਅਸਥਾਨ ਹੈ, ਜੋ ਕਿ ਬਾਬਾ ਜੀ ਨੇ ਇਥੇ ਮੁਕਾਮ ਤੋਂ ਬਾਅਦ ਸਿਖ ਸੰਗਤਾਂ ਨੇ ਇਤਿਹਾਸਕ ਅਸਥਾਨ ਕਾਇਮ ਕੀਤਾ। ਰਾਜਾ ਸੋਭੀ ਆਪਣੀ ਲਿਖੀ ਪੁਸਤਕ ਵਿਚ ਇਥੋਂ ਦੇ ਮੁਕਾਮ ਦਾ ਤੇ ਇਲਾਕੇ ਵਿਚ ਬਾਬਾ ਸਾਹਿਬ ਸਿੰਘ ਜੀ ਦੇ ਦੌਰੇ ਦਾ ਵਿਸਥਾਰ ਨਾਲ ਹਾਲ ਲਿਖਿਆ ਹੈ।

ਸ੍ਰੀ ਬਾਬਾ ਬੀਰ ਸਿੰਘ ਦੇ ਸੁਖੋ ਆਏ ਵੇਲੇ ਇਥੋਂ ਦੇ ਭਾਈ ਦੁਨੀ ਚੰਦ ਦਿਆਲ ਦਾਸ, ਮੰਦ ਬ੍ਰਾਹ, ਰਤਨ ਚੰਦ, ਦੇਵੀ ਦਿਤਾ, ਭਗਤੂ ਜੋਧਾ, ਸਾਹਿਬ ਦਿਤਾ, ਚੂਨੀ ਰਾਮ, ਨਿਰਮਲ ਦਾਸ, ਗੰਡਾ ਮੁਲ, ਸੁੰਦਰ ਦਾਸ, ਜਵਾਹਰ ਦਾਸ, ਮਹਾਂ ਸਿੰਘ, ਪ੍ਰਭਾ ਸਿੰਘ, ਸਜਨ ਸਿੰਘ, ਗੁਲਾਬ ਸਿੰਘ, ਕੋਡਾ ਬ੍ਰਾਹ, ਸੋਭਾ ਰਾਮ, ਸੰਤ ਰਾਮ, ਨਰਾਇਣ ਦਾਸ, ਹਰੀ ਸਿੰਘ, ਘਸੀਟਾ ਮਲ, ਸੋਹਨ ਬ੍ਰਾਹ, ਗੋਬਿੰਦ ਸਹਾਇ–ਇਤਾਦਿ ਭਤ ਗੁਰਸਿਖਾਂ ਨੇ ਅਤੇ ਹੋਰ ਬ੍ਰਹਿਰ ਦੇ ਵਸਨੀਕ ਅਰੋੜੇ ਖਤਰੀਆਂ ਨੇ ਆਪ ਜੀ ਤੋਂ ਸੁਭ ਉਪਦੇਸ਼ ਤੇ ਮੂਲ ਮੰਤਰ ਗੁਰਮੰਤਰ ਧਾਰਣ ਕਰਕੇ ਗੁਰ ਕੀ ਸਿਖੀ ਵਿਚ ਪ੍ਰਪੱਕ ਰਹਿਣਾ ਸਵੀਕਾਰ ਕੀਤਾ।

ਦੂਜੇ ਦਿਨ ਉਕਤ ਸਾਹੂ ਪ੍ਰੇਮੀਆਂ ਨੇ ਬੇਨਤੀ ਕੀਤੀ ਸਾਹਿਬ ਜੀਓ, ਅਸੀ ਮਛਲੀ ਵਾਂਗ ਜਿਵੇਂ ਉਹ ਜਾਲ ਵਿਚ ਫਸੀ ਨਿਕਲ ਨਹੀਂ ਸਕਦੀ ਤਿਵੇਂ ਅਸੀਂ ਗੁਹਿਸਥ ਦੇ ਬੰਧਨਾਂ ਵਿਚ ਫਸੇ ਦਿਲੋ ਰਹੇ ਕੰਮ ਧੰਧਿਆਂ ਵਿਚ ਬੇਬਸ ਹੋਏ ਰਹਿੰਦੇ ਹਾਂ, ਆਪਣੀ ਰਸਨਾਂ ਤੋਂ ਕੋਈ ਉਤਮ ਯੁਕਤੀ ਸਿਖਾਉ ਜਿਸ ਤੇ ਗੁਹਿਸਥ ਵਿਚ ਹੀ ਅਸੀਂ ਆਪਣੇ ਮਨੁਖ ਜਨਮ ਨੂੰ ਸਫਲਾ ਕਰ ਸਕੀਏ, ਤਦ ਬਾਬਾ ਜੀ ਨੇ ਬੜੇ ਪ੍ਰੇਮ ਬਬਦਾਂ ਵਿਚ ਉਪਦੇਸ਼ ਫੁਰਮਾਇਆ ਜੋ ਇਸ ਤਰ੍ਹਾਂ ਦਾ ਸੀ।

ਸ੍ਰੀ ਬਾਬਾ ਬੀਰ ਸਿੰਘ ਜੀ ਨੇ ਕਿਹਾ–ਜਿਵੇਂ ਸਮੁੰਦਰ ਵਿਚ ਜਹਾਜ ੬੪ ਹੱਥ ਦੀ ਰੈਯਾਂ ਵਾਲਾ ਹੁੰਦਾ, ਜਿਸ ਵਿਚ ੬੦ ਹੱਥ ਤੀਕ ਪਾਣੀ ਦੀ ਡੂੰਘਾਈ ਵਿਚ ਸਾਜ਼-ਸਮਾਨ ਤੇ ਬੈਲਿਆਂ ਦੀ ਗਿਣਤੀ ਨਾਲ ਭਰਿਆ ਹੋਇਆ ਡੂਬਾ ਹੁੰਦਾ ਅਤੇ ਸਿਰਫ ੪ ਹੱਥ (ਦੋ ਗਜ) ਤੀਕ ਪਾਣੀ ਤੋਂ ਉਤੇ ਹੁੰਦਾ ਹੈ–ਮਲਾਹ ਉਸ ਨੂੰ ਸਿਆਣਪ ਨਾਲ ਚਲਾਂਦੇ, ਸਮੁੰਦਰੀ ਪਹਾੜਾਂ ਚਟਾਨਾਂ ਤੋਂ ਬਚਾਂਦੇ ਪਾਰਲੇ ਕੰਢੇ ਸਫਲਤਾ ਨਾਲ ਲਿਜਾਂਦੇ ਹਨ। ਤਿਵੇਂ ਹੀ ਦਿਨ ਰਾਤ ਦੀਆਂ ੬੪ ਘੜੀਆਂ ਬੀਤਦੀਆਂ ਵਿਚੋਂ ੬੦ ਘੜੀਆਂ ਧਰਮ ਦੀ ਕਿਰਤ ਕਰੋ, ਦਸਵੰਧ ਗੁਰੂ ਕੇ ਲੇਖੇ ਲੋੜਵੰਦਾਂ ਗਰੀਬਾਂ ਦੀ ਤੇ ਅਭਿਆਗਤ ਸੇਵਾ ਕਰੋ, ਰਾਤ ਵੇਲੇ ਦਾ ਸਮਾਂ ਅਰਾਮ ਵਿਚ ਬਿਤਾਵੋ–ਇਹ ਵੀ ਜ਼ਰੂਰੀ ਹੈ ਪਰ ਬਾਕੀ ਦੀਆਂ ੪ ਘੜੀਆਂ ਵਿਚ ਦੋ ਘੜੀਆਂ ਸਵੇਰੇ ਅਤੇ ਦੋ ਘੜੀਆਂ ਰਾਤ ਸੌਂਪਿਆ ਸਮੇਂ ਦਾ ਸ਼ਤਿਸੰਗ ਜ਼ਰੂਰ ਕਰੀਏ। ਗੁਰਦਵਾਰੇ ਵਿਚ ਗੁਰੂ ਸ਼ਬਦ ਕੀਰਤਨ ਜਾਂ ਕਥਾ ਵਿਚਾਰ ਸਰਵਨ ਕਰਨ ਨਾਲ ਬਾਕੀ ਦੀਆਂ ੬੦ ਘੜੀਆਂ ਵੀ ਸੁਫਲ ਸਮਝੀਆਂ ਜਾਣਗੀਆਂ–ਕਿਉਂਕਿ ਗੁਰਸਿਖੀ ਮਾਰਗ ਵਿਚ "ਨਾਮ ਜਪਣਾ, ਕਿਰਤ ਕਰਨਾਂ ਤੇ ਵੰਡ ਛਕਣਾਂ" ਬਰੂਰੀ ਸਾਧਨ ਦਸਿਆ ਹੈ। ਇਸ ਤਰ੍ਹਾਂ ਦਾ ਉਤਮ ਉਪਦੇਸ਼ ਤੇ ਜਨਮ ਸਫਲਾਣ ਦਾ ਸੁਖੈਨ ਮਾਰਗ ਦਸ ਕੇ–ਸਾਰਿਆਂ ਦੀ ਪ੍ਰਸੰਨਤਾ ਪਾ ਕੇ ਬਾਬਾ ਬੀਰ ਸਿੰਘ ਜੀ ਨੇ ਸੁਖੋ ਨਗਰ ਤੋਂ ਚਾਲੇ ਪਾ ਕੇ ਤੀਜੇ ਦਿਨ ਵੈਲਤਾਲੇ ਜਾ ਮੁਕਾਮ ਕੀਤਾ।

ਪੋਠੋਹਾਰ (ਜ਼ਿਲਾ ਜੇਹਲਮ) ਵਿਚ ਵੈਲਤਾਲਾ ਪਿੰਡ ਬਹੁਤ ਮਬਹੂਰ ਕਾਰੋਬਾਰ ਅਤੇ ਗੁਰਸਿਖ ਪ੍ਰੇਮੀਆਂ ਦਾ ਨਗਰ ਸੀ। ਇਥੋਂ ਦੇ ਲੋਕਾਂ ਦੀਆਂ ਕਾਮਨਾਂ ਪੂਰੀਆਂ ਕਰਕੇ ਸਤਿ ਮਾਰਗ ਦਾ ਉਪਦੇਸ਼ ਕਰਨ ਮਗਰੋਂ "ਖੈਰੇ ਗ੍ਰਾਮ" ਅਤੇ ਫੇਰ ਬਸਾਲੀ ਵਿਚ ਮੁਕਾਮ ਕੀਤਾ। ਇਥੋਂ ਚਾਲੇ ਪਾ ਕੇ ਆਪ ਜੀ ਤਖਤ ਪੜੀ ਨਗਰ (ਮਾਨਕਿਆਲਾ ਅਸਟੇਸ਼ਨ ਦੇ ਨੇੜੇ ਹੈ) ਜਾ ਟਿਕੇ। ਫੇਰ ਇਥੋਂ (ਤਖਤ ਪੜੀ) ਦੇ ਭਾਈ ਸਾਹਿਬ ਸਿੰਘ ਨਾਮੀ ਮਹਾਂਪੁਰਖ ਪ੍ਰਸਿਧ ਵਿਅਕਤੀ ਸਨ ਇਹਨਾਂ ਦੇ ਦਰਸ਼ਨ ਮੇਲੇ ਉਪ੍ਰਤ ਸਨੇ ਸਨੇ ਮਜ਼ਫਰਪੁਰ ਵਿਚ ਆਕੇ ਨਿਵਾਸ ਕੀਤਾ। ਇਥੋਂ ਦੇ ਭਾਈ ਰਾਜਾ ਸਿੰਘ ਬਖਸ਼ੀ ਦੇ ਪ੍ਰੇਮ ਨੂੰ ਪ੍ਰਵਾਨ ਕਰਦੇ ਹੋਏ ਰਾਵਲਪਿੰਡੀ ਨੇੜੇ ਦੀ (ਕੁਰੀ ਪਹਾੜ ਵਾਲੀ) ਵਿਚ ਜਾ ਕੇ ਆਪਣੇ ਪ੍ਰੀਤਮ ਸੰਤ ਭਾਗ ਸਿੰਘ ਜੀ ਦੇ ਦਰਸ਼ਨ ਕਰਦੇ ਸਾਰ–ਡੈਡਾਉਤ ਬੰਦਨਾਂ ਲੰਮੇ ਪੈ ਕੇ ਕੀਤੀ–ਦੋਹਾਂ ਧਿਰਾਂ ਦੇ ਇਸ ਮੇਲ ਮਿਲਾਪ ਦਾ ਜੋ ਆਤਮਕ ਆਨੰਦ ਇਹਨਾਂ ਦੋਹਾਂ ਮਹਾਨ ਪੁਰਸ਼ਾਂ ਨੇ ਮਾਣਿਆ ਹੋਣਾ ਹੈ ਉਹ ਇਸ ਔਗੁਣੀ ਭਰੇ ਲੇਖਕ ਦੀ ਸਮਝ ਤੋਂ ਬਾਹਰ ਦੀ ਗੱਲ ਸੀ ਨਹੀਂ ਲਿਖਿਆ ਜਾ ਸਕਿਆ।

ਗੁਰ ਬਿਲਾਸ ਬੀਰ ਮ੍ਰਿਗੇਸ਼ ਦੇ ਲੇਖਕ ਪੰਡਤ ਸ਼ੇਰ ਸਿੰਘ ਨੇ ਸਵਾ ੧੦੦੯ ਉਤੇ ਧਿਆਏ ੧੫ ਦੇ ਅਖੀਰ ਵਿਚ ਲਿਖਿਆ ਕਿ ਵੇਰੋਂ ਧਿਰਾਂ ਸੰਤ ਭਾਗ ਸਿੰਘ ਜੀ ਤੇ ਬਾਬਾ ਬੀਰ ਸਿੰਘ ਜੀ ਇਸ ਵੇਲੇ ਜੋ ਅਪਾਰ ਪ੍ਰੇਮ ਵਿਚ ਮਗਨ ਹੋਇ ਗਏ ਜਿਵੇਂ ਮਛਲੀਆਂ ਘਣੇ ਪਾਣੀ ਵਿਚ ਮਸਤ ਹੋ ਜਾਂਦੀਆਂ ਤੇ ਤਾਰੀਆਂ ਲਾਂਦੀਆਂ ਹਨ, ਤਿਵੇਂ ਆਪਣੇ ਆਤਮਕ ਆਨੰਦ ਵਿਚ ਮਾਨੋ ਸਮਾਧੀ ਦੀ ਇਕਾਗਰ-ਚਿਤ ਮਗਨ ਹੋਇ ਜਿਸਦੇ ਸਨ। ਥੋੜੀ ਦੇਰ ਦੀ ਮਗਨਤਾ ਬਾਅਦ ਜਦੋਂ ਦੋਵੇਂ ਮਹਾਂਪੁਰਖ ਸਮਾਧੀ ਤੋਂ ਚੇਤਨ ਹੋਇ। ਇਕ ਦੂਜੇ ਵਲ ਪ੍ਰੇਮ ਭਰੀਆਂ ਨਜ਼ਰਾਂ ਨਾਲ ਦੇਖਿਆ ਤਦ ਸੰਤ ਸ੍ਰੀ ਭਾਗ ਸਿੰਘ ਜੀ ਨੇ ਅਸੀਸਾਂ ਦਿਤੀਆਂ ਅਤੇ ਬਾਬਾ ਬੀਰ ਸਿੰਘ ਜੀ ਨੇ ਪਤਾਸੇ, ਪ੍ਰਬਾਦ, ਬਦਾਮ ਤੇ ਲਾਚੀਦਾਨਾਂ ਭਰੇ ਥਾਲ ਅਰਪਨ ਕੀਤੇ। ਫਿਰ ਸੰਤ ਜੀ ਦੀ ਆਗਿਆ ਪਾਏ ਕੇ ਮਿਥੇ ਗਏ ਡੇਰੇ ਵਿਚ ਬਿਸਰਾਮ ਕਰਨ ਨੂੰ ਭੇਜੇ ਗਏ ਤੇ ਇਸੇ ਤਰ੍ਹਾਂ ਨਾਲ ਦੀ ਸਾਰੀ ਸੰਗਤ ਨੇ ਨਿਮਸਕਾਰਾਂ ਤੇ ਭੇਟਾ ਅਰਪਨ ਕਰਨ ਮਗਰੋਂ ਅਰਾਮ ਕਰਨ ਨੂੰ ਡੇਰੇ ਜਮਾਏ।

ਇਹਨਾਂ ਹੀ ਦਿਨਾਂ ਵਿਚ ਸਰਦਾਰ ਜਵਾਹਰ ਸਿੰਘ ਵੀ ਆਏ ਤੇ ਗਿਆਰਾਂ ਥਾਲ ਪਤਾਸੇ ਅਤੇ ਪੈਸੇ ਜੋ ਰੁਪਿਆਂ ਦੀ ਥੈਲੀ ਗੁਰੂ ਕੇ ਲੰਗਰ ਵਾਸਤੇ ਭੇਟ ਕੀਤੀ। ਜੋ ਆਪ ਜੀ ਨੇ ਪ੍ਰਵਾਨ ਨਹੀਂ ਕੀਤੀ–ਮੋੜ ਲਿਜਾਣ ਨੂੰ ਕਿਹਾ ਕਿ ਇਥੇ ਕਿਸੇ ਗੱਲ ਦੀ ਕਮੀ ਨਹੀਂ ਹੈ, ਅਸੀਂ ਕੋਈ ਲੜਕਾ ਲੜਕੀ ਵਿਆਹੁਣੀ ਨਹੀਂ ਹੈ ਜੋ ਲਈਏ। "ਪਹਿਲੇ ਖੇਸ਼ ਪੀਛੇ ਦਰਵੇਸ਼" ਤੇਰੇ ਆਪਣੇ ਨੌਕਰਾਂ ਦੀ ਤਿੰਨ ਮਹੀਨੇ ਦੀ ਜੋ ਤਨਖਾਹ ਅਟਕੀ ਪਈ ਹੈ ਉਹਨਾਂ ਨੂੰ ਦਿਉ ਜੋ ਵਿਚਾਰੇ ਗਰੀਬ ਗੁਜ਼ਾਰਾ ਕਰਨ ਵਾਸਤੇ ਪ੍ਰਵਾਰਾਂ ਨੂੰ ਭੇਜਣ। ਐਸਾ ਬਚਨ ਕਰਕੇ ਸੰਤ ਭਾਗ ਸਿੰਘ ਜੀ ਚੁਪ ਹੋ ਰਹੇ।

ਕੁਰੀ ਦੇ ਭਾਈ ਦੀਦਾਰ ਸਿੰਘ ਨੂੰ ਕਰਨੀ ਦਾ ਫ਼ਲ

ਸੰਤ ਬਾਬਾ ਬੀਰ ਸਿੰਘ ਜਦੋਂ ਕੁਰੀ ਵਿਚ ਸੰਤ ਭਾਗ ਸਿੰਘ ਜੀ ਦੇ ਦਰਸ਼ਨ ਨੂੰ ਆਏ ਤਦ ਇਕ ਦੀਦਾਰ ਸਿੰਘ ਨਾਮੀ ਗੁਰਸਿਖ (ਜੋ ਬਾਬਾ ਸਾਹਿਬ ਸਿੰਘ ਜੀ ਬੇਦੀ ਤੋਂ ਵਰੋਸਾਇਆ ਹੋਇਆ ਸੀ) ਇਹ ਵੀ ਕੁਰੀ ਵਿਚ ਸੰਤ ਭਾਗ ਸਿੰਘ ਦੇ ਦਰਸ਼ਨ ਨੂੰ ਆਇਆ ਹੋਇਆ ਸੀ। ਇਹ ਜਿਸ ਮਕਾਨ ਵਿਚ ਬਾਬਾ ਬੀਰ ਸਿੰਘ ਨੂੰ ਨਿਵਾਸ ਦਿਤਾ ਗਿਆ ਸੀ ਇਸ ਦੀ ਡਿਉੜੀ ਵਿਚ ਹੀ ਭਾਈ ਦੀਦਾਰ ਸਿੰਘ ਦਾ ਪਲੰਘ ਸੀ। ਦੋਹਾਂ ਦੋਹਾਂ ਵਡੇ ਪ੍ਰੇਮ ਨਾਲ ਗਲਵਕੜੀ ਪਾ ਕੇ ਮਿਲੇ ਸੀ।

ਇਥੇ ਸੰਤ ਭਾਗ ਸਿੰਘ ਜੀ ਦੇ ਡੇਰੇ ਇਕ ਹੋਰ ਨਵੀਂ ਉਮਰ ਦਾ ਬਾਲਕ ਵੀ ਡੇਰੇ ਦੀ ਸੇਵਾ ਵਿਚ

Scanned with CamScanner

ਤਤਪਰ ਰਹਿੰਦਾ ਸੀ। ਇਸ ਨੇ ਇਕ ਦਿਨ ਦੀਦਾਰ ਸਿੰਘ ਦਾ ਟਕੂਆ (ਜੋ ਬਹੁਤ ਲਿਸ਼ਕਦਾਰ ਤੇ ਕਾਪੀ ਦੇ ਲੰਮੇ ਥੈਲੇ ਵਿਚ ਢਕਿਆ ਸੀ) ਦਾਤਨਾਂ ਕਟਣ ਵਾਸਤੇ ਵਰਤਿਆ ਤੇ ਫੇਰ ਉਸੇ ਤਰ੍ਹਾਂ ਹੀ ਥੈਲੇ ਵਿਚ ਰਖਿਆ, ਜੋ ਦੀਦਾਰ ਸਿੰਘ ਨੇ ਵਰਤਿਆ ਦੇਖਿਆ ਤਾਂ ਇਸ ਬਾਲਕ ਨੇ ਐਸਾ ਕੀਤਾ ਹੈ–ਸੁਣਨ ਵੀ ਲੈ ਸੀ ਕਿ ਅਗ-ਬਗੋਲਾ ਹੋ ਕੇ ਕ੍ਰੋਧ ਵਿਚ ਭਰੇ ਹੋਇਆਂ ਉਸ ਬਾਲਕ ਨੂੰ ਬਹੁਤ ਮਾਰਿਆ ਅਤੇ ਸੁਣਨ ਵੀ ਲੈ ਦੀ ਨੋਕ ਉਸ ਦੇ ਮੂੰਹ ਵਿਚ ਦੇ ਕੇ ਆਖਿਆ–ਫੇਰ ਤੂੰ ਐਸਾ ਨਹੀਂ ਕਰੇਂਗਾ। ਤਦ ਇਸ ਬਾਲਕ ਨੇ ਹੋਇਆਂ ਬਾਬਾ ਬੀਰ ਸਿੰਘ ਜੀ ਨੂੰ ਆਖਿਆ ਕਿ ਅਗਰ ਮੇਰੇ ਇਸ ਕਸੂਰ ਪਿਛੇ–ਜਿਦੇਂ ਮਾਰ ਮੁਕਾਂਦਾ ਅਫਸੋਸ ਨਹੀਂ ਸੀ–ਪਰ ਇਸ ਨੇ ਗਊ ਜਾਂ ਮੱਝ ਦੇ ਚਮਤੇ ਦੀ ਜੁਤੀ ਦੀ ਨੋਕ ਮੇਰੇ ਮੂੰਹ ਵਿਚ ਦੇ ਭਰਿਸ਼ਟ ਕੀਤਾ, ਇਸ ਗੱਲ ਦਾ ਬਹੁਤ ਦੁਖ ਹੈ। ਇਸ ਦੀ ਫਰਿਆਦ ਸੁਣ ਕੇ ਬਾਬਾ ਬੀਰ ਸਿੰਘ ਨੇ ਦੀਦਾਰ ਸਿੰਘ ਨੂੰ ਆਖਿਆ, ਅਗਰ ਤੇਰੀ ਰਜ਼ਾਮੰਦੀ ਬਗੈਰ ਤੇਰੇ ਟਕੂਏ ਨੂੰ ਦਾਤਨਾਂ ਵਾਸਤੇ ਵਰਤ ਕੇ ਇਸ ਨੇ ਗ਼ਲਤੀ ਹੀ ਕੀਤੀ ਹੈ, ਤਦ ਵੀ ਇਸ ਨੂੰ ਇਤਨਾਂ ਮਾਰਨਾ ਤੇ ਸਿਖ ਬੱਚੇ ਦੇ ਮੂੰਹ ਵਿਚ ਜੁਤੀ ਤੁੰਨਣਾ ਚੰਗਾ ਕੰਮ ਨਹੀਂ ਹੈ। ਇਸ ਦੇ ਉਤਰ ਵਿਚ ਦੀਦਾਰ ਸਿੰਘ ਨੇ ਕਿਹਾ, ਹਮ ਲੋਕੋਂ ਕੇ ਵਰ ਹੈ ਹਮਾਰੀ ਮਰਜ਼ੀ ਹੈ ਕਰੇਂਗੇ—ਹੁਣ ਫੇਰ ਬਾਬਾ ਜੀ ਨੇ ਕਿਹਾ–ਭਾਈ ਜੀ ਤੁਸੀਂ ਗੁਰੂ ਕੇ ਲਾਲ ਹੋ ਗੁਰਮਿਖ ਹੋ, ਸ਼ਬਦ ਬਾਣੀ ਦੇ ਅਭਿਆਸੀ ਹੋ ਆਪ ਨੂੰ ਐਸੀ ਅਯੋਗ ਕਰਨੀ ਸ਼ੋਭਦੀ ਨਹੀਂ ਹੈ।

ਜਦੋਂ ਦੋ ਤਿੰਨ ਵੇਰ ਬਾਬਾ ਜੀ ਨੇ ਪਿਆਰ ਨਾਲ ਉਸ ਨੂੰ ਸਮਝਾਣਾ ਕੀਤਾ ਤਾਂ ਫਿਰ ਵੀ ਕੋਧ ਵਿਚ ਭਰੇ ਨੇ ਇਹੋ ਕਿਹਾ ''ਹਮ ਜੋਧਾਵਰ ਹੈ, ਜੋ ਹਮਾਰਾ ਮਨ ਮਰਜ਼ੀ ਹੈ ਕਰੇਂਗੇ'' ਇਸ ਨੇ ਐਸਾ ਕੰਮ ਕਿਉਂ ਕੀਤਾ ? ਇਸ ਦੇ ਉਤਰ ਵਿਚ ਅਖੀਰ ਨੂੰ ਬਾਬਾ ਜੀ ਨੇ ਇਹੋ ਕਿਹਾ ਕਿ ਜੇਕਰ ਤੁਸੀਂ ਨਿਰਦਰ ਹੋ ਤਾਂ ਤਕੜੇ ਹੋ ਜਾਉ–ਜ਼ੋਰ ਅਜਮਾਈ ਕਰਾਉਣੀ। ਅਸੀਂ ਦੇਖ ਲਵਾਂਗੇ। ਫਿਰ ਵੀ ਹੰਕਾਰੀ ਦੀਦਾਰ ਸਿੰਘ ਨੇ ਇਹੋ ਕਿਹਾ–''ਤਕੜੇ ਹੀ ਹੈਂ ਤੇਰੇ ਕਹੇ ਤੇ ਅਸੀਂ ਹਟ ਨਹੀਂ ਜਾਣਾ''।

ਕੁਦਰਤ ਕਰਤਾਰ ਦੀ ਉਸੇ ਰਾਤ ਦੇ ਬਤੀਤ ਹੁੰਦਿਆਂ ਹੀ ਦੀਦਾਰ ਸਿੰਘ ਨੂੰ ਬਹੁਤ ਜ਼ੋਰ ਦਾ ਬੁਖਾਰ ਚੜ੍ਹ ਗਿਆ ਤੇ ਤੜਫਿਆ, ਇਸ ਦੇ ਇਕ ਮਿਤਰ ਫਤਹਿ ਸਿੰਘ ਰਾਹੀਂ ਵੀ ਅਖਵਾਇਆ ਤੇ ਆਪ ਵੀ ਬਾਬਾ ਜੀ ਨੇ ਸਮਝਾਇਆ ਕਿ ਉਹ ਆਪਣੇ ਕੀਤੇ ਕੁਕਰਮ ਦੀ ਭੁਲ ਮੰਨਕੇ ਪਛਤਾਵਾ ਕਰੇ ਤੇ ਸੰਗਤ ਪਾਸੋਂ ਭੁਲ ਬਖਸ਼ਾਏ। ਪਰ ਉਸ ਹੰਕਾਰੀ ਨੇ ਉਲਟਾ ਕਿਹਾ-ਚਲ ਚਲ ! ਬਹੁਤੀਆਂ ਟਿਕਚਰਾਂ ਨਹੀਂ ਕਰੀਦੀਆਂ ਐਸਾ ਸੁਣ ਕੇ ਬਾਬਾ ਬੀਰ ਸਿੰਘ ਤਾਂ ਚੁਪ ਹੋ ਕੇ ਆਪਣੇ ਆਸਨ ਪਰ (ਪਲੰਘ ਪਰ) ਜਾਏ ਟਿਕੇ ਆਖਿਆ–ਅਸੀਂ ਇਸ ਨੂੰ ਬਾਬਾ ਸਾਹਿਬ ਸਿੰਘ ਜੀ ਤੋਂ ਵਰੋਸਾਇਆ ਸਮਝ ਕੇ ਸਮਝਾਇਆ ਸੀ ਕਿ ਭੁਲ ਕੀਤੀ ਦੀ ਸਾਧ ਸੰਗਤ ਪਾਸੋਂ ਖਿਮਾ ਮੰਗ ਲਵੇ–ਪਰ ਗੁਰੂ ਮਹਾਰਾਜ ਦਾ ਵਾਕ ਹੈ...

''ਓਹੁ ਵਿਚਾਰੇ ਕਿਆ ਕਰੈ ਜਾਂ ਭਾਗ ਧੁਰ ਮੰਦੇ'' ਜਾਂ ਵਿਨਾਸਕਾਲੇ ਵਿਪ੍ਰੀਤ ਬੁਧੀ ਹੋ ਜਾਂਦੀ ਸਹਿਜ ਸੁਭਾਏ ਬੋਲਿਆ—''ਸਾਧ ਬਚਨ ਅਟਲਾਧਾ'' ਹੋਇਆ, ਜੋ ਦੀਦਾਰ ਸਿੰਘ ਮਰ ਗਿਆ ਤੇ ਆਪ ਨੇ ਸਰਦਾਰ ਜਵਾਹਰ ਸਿੰਘ ਨੂੰ ਜੋ ਇਥੇ ਕੁਰੀ ਵਿਚ ਉਹ ਵੀ ਆਇਆ ਹੋਇਆ ਸੀ–ਸ੍ਰੀ ਬਾਬਾ ਬੀਰ ਸਿੰਘ ਨੇ ਕਿਹਾ ਕਿ ਤੁਸਾਡੇ ਖਰਬੂਜ਼ਾ ਦੇ ਕੇ ਥੋੜੇ ਦਿਨ ਹੋਇ ਬਚਨ ਕੀਤਾ ਸੀ–ਪ੍ਰਤਖ ਹੋਇਗਾ–ਸੋ ਇਹ ਦੀਦਾਰ ਸਿੰਘ ਹੀ ਤੁਸਾਡੇ ਘਰ ਪੁਤਰ ਹੋ ਕੇ ਜਨਮ ਪਾਏਗਾ–ਉਕਤ ਹੱਕ ਕਰਕੇ ਤੇ ਹੰਕਾਰ ਵਿਚ ਆਏ ਹੋਏ ਐਸਾ ਫਲ ਪਾਇਆ ਹੈ ਵਰਨਾ ਹਠ ਧਰਮੀ ਤੇ ਜਪੀ ਤਪੀ ਬੰਦਾ ਸੀ ਤੇਰੇ ਘਰ ਜਨਮੇਗਾ। ਇਸ ਵਰਤਾਰੇ ਨੂੰ ਸੁਣ ਕੇ ਸਰਦਾਰ ਜਵਾਹਰ ਸਿੰਘ ਖੁਸ਼ ਹੋਇਆ ਤੇ ਆਗਿਆ ਪਾਏ ਚਲਾ ਗਿਆ ਸੀ, ਇਸ ਨੂੰ ਨਹੀਂ ਸੀ ਕਿ ਵਾਕ ਸਤਿ ਹੋਇਗਾ।

ਸਰਦਾਰ ਜਵਾਹਰ ਸਿੰਘ ਦੇ ਘਰ ਪੁਤਰ ਪੈਦਾ ਹੋਣਾ ਤੇ ਢਾਈ ਸਾਲ ਮਗਰੋਂ ਮਰ ਜਾਣ ਦੀ ਵਾਰਤਾ

ਇਧਰ ਜਿਸ ਦਿਨ ਦੀਦਾਰ ਸਿੰਘ ਮਰਿਆ ਸੀ ਦਸਵੇਂ ਮਹੀਨੇ ਸਰਦਾਰ ਜਵਾਹਰ ਸਿੰਘ ਦੇ ਘਰ ਬਾਲਕ ਦਾ ਜਨਮ ਹੋਇਆ। ਬਹੁਤ ਖੁਸ਼ੀਆਂ ਵਿਚ ਭਰਪੂਰ ਪੁੰਨਦਾਨ ਕੀਤਾ। ਚਾਲੀ ਦਿਨਾਂ ਬਾਦ ਸ੍ਰੀ ਅਖੰਡ ਪਾਠ ਕਰਾਇਆ, ਗੁਰੂ ਵਾਕ ਸ਼ਬਦ ਦਵਾਰੇ ਬਾਲਕ ਦਾ ਨਾਮ ਕਰਮ ਸਿੰਘ ਰਖਿਆ, ਸਮੇਂ ਸਮੇਂ ਅਨੁਸਾਰ ਬਾਲਕ ਦੀ ਪਾਲਨਾਂ ਪੋਸ਼ਨਾਂ ਹੁੰਦੀ ਰਹੀ, ਕਿਸੇ ਗੱਲ ਦੀ ਕੰਮੀ ਨਹੀਂ ਸੀ ਬਾਲਕ (ਕਰਮ ਸਿੰਘ) ਢਾਈ ਸਾਲਾਂ ਦਾ ਹੋਇਆ, ਤੇ ਨਿਯਮ ਮੁਤਾਬਕ ਬਾਬਾ ਬੀਰ ਸਿੰਘ ਫੇਰ ਇਸ ਸਾਲ ਵੀ ਸ੍ਰੀ ਭਾਗ ਸਿੰਘ ਦੇ ਦਰਸ਼ਨ ਵਾਸਤੇ ਕੁਰੀ (ਪੋਠੋਹਾਰ) ਨੂੰ ਜਾਏ ਹੋਇਆਂ ਗੁਜਰਾਂਵਾਲੇ ਆਏ ਮੁਕਾਮ ਕੀਤਾ। ਅਕਾਲ ਰਾਜ਼ ਵਾਲੀ ਥਾਂਏ ਆਪ ਪਲੰਘ ਉਤੇ ਬੈਠੇ ਸਨ ਸਰਦਾਰ ਜਵਾਹਰ ਸਿੰਘ ਨੂੰ ਫੇਰ ਸੁਨੇਹਾ ਭੇਜਿਆ ਕਿ ਜਿਕੇ ਬਾਲਕ ਕਰਮ ਸਿੰਘ ਨੂੰ ਲਿਆਉ ਦੇਖੀਏ।

ਇਸ ਵੇਲੇ ਪਹਿਰ ਭਰ ਦਿਨ ਚੜਿਆ ਹੋਇਆ ਸੀ, ਤੇ ਸਰਦਾਰ ਜਵਾਹਰ ਸਿੰਘ ਦੀ ਮਾਈ ਨੇ ਜਿਸ ਦਿਨ ਉਸ ਬਾਲਕ ਨੂੰ ਯੋਂਕਲ ਨਾਮੀ ਗ੍ਰਾਮ ਵਿਚ ਇਕ ਸਖੀ ਸੁਲਤਾਨ ਦੀ ਕਬਰ ਦੀ ਜ਼ਿਆਰਤ ਵਾਸਤੇ ਭੇਜਿਆ ਹੋਇਆ ਸੀ। ਜਦੋਂ ਬਾਬਾ ਬੀਰ ਸਿੰਘ ਨੇ ਬਾਲਕ ਨੂੰ ਦੇਖਣ ਦੀ ਖਾਹਸ਼ ਵਿਚ ਮੰਗਵਾਣ ਨੂੰ ਸੁਨੇਹਾ ਭੇਜਿਆ ਕਿ ਜਲਦੀ ਲਿਆਵੋ, ਤੱਦ ਇਸ ਦੇ ਉਤਰ ਵਿਚ ਮਾਈ (ਰਾਜ ਕੌਰ) ਨੇ ਝੂਠ ਹੀ ਬੋਲਿਆ ਕਿ ਲੜਕਾ ਸੌਇਆ ਹੋਇਆ (ਸੁੱਤਾ ਪਿਆ) ਹੈ ਜਾਂਗੇ ਵੇਲੇ ਅਸੀਂ ਹਾਜ਼ਰ ਹੋਵਾਂਗੇ। ਉਧਰ ਪੁੱਜਕ ਗ੍ਰਾਮ ਵੱਲ ਸਵਾਰ ਦੂੜਾ ਦਿਤਾ (ਵਜੀਰਾ ਬਾਦ ਨੇੜੇ) ੧੨ ਕੋਹਾਂ ਤੋਂ ਇਤਨਾ ਜਲਦੀ ਕਿਵੇਂ ਆਵੇ। ਦੋ ਤਿੰਨ ਵਾਰ ਬਾਬਾ ਜੀ ਨੇ ਜਲਦੀ ਮੰਗਵਾਨ ਨੂੰ ਕਹਿ ਭੇਜਿਆ ਤਾਂ ਬਾਰ ਬਾਰ ਉਨ੍ਹਾਂ ਝੂਠ ਹੀ ਬੋਲਿਆ ਕਿ ਸੁਤਾ ਪਿਆ ਹੈ–ਜਾਗੇ ਨਾਲ ਲੈ ਕੇ ਹਾਜ਼ਰ ਹੋਵਾਂਗੇ–

ਸ੍ਰੀ ਬਾਬਾ ਜੀ ਅੰਤਰ ਯਾਮਤਾ ਰਖਦੇ ਸਿਧ ਪੁਰਖ ਸਨ, ਆਪਨੇ ਮੱਥੇ ਪਰ ਹੱਥ ਮਾਰਕੇ ਅਫਸੋਸ ਕਰ ਕਿਹਾ–ਅਛਾ ਮਾਈ ਤੇਰੀ ਪ੍ਰਾਰਬਧ ਹੀ ਐਸੀ ਹੈ, ਜਿਸਨੇ ਤਿਨ ਚਾਰ ਵੇਰ ਝੂਠ ਕਿਹਾ। ਫਿਰ ਸ਼ਾਮ ਤੇਰੇ ਸਣੇ ਲੜਕੇ ਕਰਮ ਸਿੰਘ ਨੂੰ ਸਵਾਰ ਲੈ ਕੇ ਵਾਪਸ ਆਇਆ, ਅਤੇ ਲਿਆਕੇ ਬਾਬਾ ਜੀ ਦੇ 'ਚਰਨੀਂ ਪਾ ਮੱਥਾ ਟਿਕਾਇਆ ਗਿਆ ਸੀ–ਬਾਬਾ ਜੀ ਨੇ ਪਕੜ ਉਠਾ ਕੇ ਗੋਦ ਵਿਚ ਬਹਾ ਲਿਆ ਸੀ। ਇਸ ਤੇ ਬਾਲਕ ਜੋਰ ਦਾ ਹਿਚਕੋਲੇ ਲੈ ਕੇ ਰੋਇਆ, ਤੇ ਬਾਬਾ ਜੀ ਨੇ ਸਿਰਪਰ ਹੱਥ ਫੇਰਦੇ ਹੋਇਆਂ ਆਖਿਆ– ਅਛਾ ਭਾਈ ! ਅਸੀਂ ਕੀ ਕਰੀਏ, ਤੇਰੀ ਮਾਈ ਤੇ ਪਿਤਾ ਨੇ ਤੈਨੂੰ ਮੁਸਲਮਾਨ ਪੀਰ (ਸਖੀ ਸਰਵਰ) ਦੀ ਕਿਰਪਾਤ ਕਰਾਨ ਨੂੰ ਲੈ ਗਏ ਸਨ। ਹੋਣਾਂ ਕਿਸ ਤੇ ਹੈ ? ਜੇ ਰਹਿਣਾਂ ਹੁਣੀ ਤਾਂ ਰਹਿ ! ਜੇ ਚਲੇ ਜਾਣਾਂ ਹੈ ਹੀ ਤਾਂ ਚਲਿਆ ਜਾਹ ! ਤੇਰੀ ਮਰਜੀ ਪਰ ਹੈ–ਅਸੀਂ ਹੋਰ ਕੁਝ ਨਹੀਂ ਕਰ ਸਕਦੇ। ਐਸਾ ਬਚਨ ਕਰਦੇ ਹੋਇਆਂ ਉਦਾਸੀਨ ਹਾਲਤ ਵਿਚ ਅਫਸੋਸ ਨਾਲ ਭਰੇ ਹੋਇਆਂ–ਬਾਬਾ ਜੀ ਨੇ ਬਾਲਕ ਨੂੰ ਉਨ੍ਹਾਂ ਦੇ ਹਵਾਲੇ ਕਰ ਦਿਤਾ,—

ਹੋਰ ਬਿਲਾਸ (ਹੁੰਘ ਬੀਰ ਮ੍ਰਿਗੇਸ਼) ਸਫਾ ੧੦੧੩ ਪਰ ਪੰਡਤ ਬੇਰ ਸਿੰਘ ਲਿਖਦੇ ਕਿ ਅਗੋਰ ਸਰਦਾਰ ਜਵਾਹਰ ਸਿੰਘ ਹੀ ਸਚ ਬੋਲਦਾ, ਮਜਬੂਰੀ ਦਸ ਕੇ ਭੁਲ ਬਖਸ਼ਵਾ ਲੈਂਦਾ ਤਦ ਐਸਾ ਨ ਹੁੰਦਾ,

ਪਰ-ਸਖੀ ਸਰਵਰ ਦੀ ਜ਼ਿਆਰਤਪੁਰ ਕੋਈ ਭੁਲੜ ਹਿੰਦੂ ਸਿਖ ਬਚੇ ਨੂੰ ਲਿਜਾਏ-ਤਦ ਰਿਵਾਜ ਮੁਤਾਬਕ ਉਥੇ ਹੁੰਦੇ ਦਾ ਪਾਣੀ ਕਲਮਾਂ ਪੜਕੇ ਪਿਲਾਂਦੇ ਹੁੰਦੇ। ਇਸ ਕੁਕਰਮ ਨੂੰ ਸਿਖ ਬਚੇ ਦੀ ਬੇਬਸ ਆਤਮਾ ਸਹਾਰ ਨ ਸਕੀ, ਉਹ ਬਾਬਾ ਜੀ ਪਾਸ ਰੋਈ, ਤੜਫੀ ਅਤੇ ਇਸ ਦੀ ਤੜਫੜਾਹਟ ਨੂੰ ਬਾਬਾ ਬੀਰ ਸਿੰਘ ਹੀ ਸਮਝ ਸਕੇ ਸਨ ਤੇ ਕਿਹਾ ਸੀ—ਸੋ ਤੇਰੀ ਮਰਜੀ ਹੈ ਤਾਂ ਰਹਿ ! ਨਹੀਂ ਤਾਂ ਚਲਿਆ ਜਾਹ !

ਹੁਣ ਇਸ ਬਾਲਕ ਕਰਮ ਸਿੰਘ ਨੂੰ ਸਰਦਾਰ ਜਵਾਹਰ ਸਿੰਘ ਤੇ ਮਾਈ ਰਾਜ ਕੋਰਾਂ ਨੇ ਬਾਬਾ ਜੀ ਪਾਸੋਂ ਲਿਆਕੇ ਮੰਗੇ ਤੇ ਲਿਟਾਇਆ, ਚੁਪ ਕਰਾਇਆ, ਸੁਆਇਆ, ਪਰ ਹੋਣੀ ਪ੍ਰਬਲ ਹੈ-ਬਾਲਕ ਕਰਮ ਸਿੰਘ ਐਸਾ ਲੰਮੀ ਨੀਂਦਰੇ ਸੌਂ ਗਿਆ ਤੇ ਫਿਰ ਜਾਗਿਆ ਨਹੀਂ, ਉਹ ਮਰ ਗਿਆ ਸੀ ! ਘਰ ਵਿਚ ਪਿਟ ਸਿਆਪਾ ਪੈ ਗਿਆ, ਹਾਲ ਦੁਹਾਈ ਮਚ ਗਈ ਤੇ ਬਾਬਾ ਜੀ ਕੁਰੀ ਚਲੇ ਗਏ ਸੀ।

ਇਧਰ ਸਰਦਾਰ ਜਵਾਹਰ ਸਿੰਘ ਨੇ ਲੜਕੇ ਕਰਮ ਸਿੰਘ ਦਾ ਦਾਹ ਕਰਮ ਕਰਨ ਮਗਰੋਂ ਦੂਜੇ ਇਸਤਰੀ ਭਰਤੇ ਨੇ ਕੁਰੀ ਜਾ ਕੇ ਬਾਬਾ ਭਾਗ ਸਿੰਘ ਅਗੇ ਬਿਕਾਇਤ ਕੀਤੀ ਕਿ ਵੇਖੀਏ ਮਹਾਂਰਾਜ ! ਇਨ੍ਹਾਂ ਹੀ ਬਾਬਾ ਬੀਰ ਸਿੰਘ ਨੇ ਸਾਨੂੰ ਬਾਲਕ ਹੋਣ ਦੀ ਅਸੀਸ ਦਿਤੀ ਤੇ ਇਨਾਂ ਹੀ ਬਾਲਕ ਨੂੰ ਸਾਡੇ ਤੋਂ ਖੋਹਿਆ ਹੈ। ਸੰਤ ਭਾਗ ਸਿੰਘ ਜੀ ਨੇ ਇਸ ਵੇਲੇ ਭਰੀ ਸਭਾ ਵਿਚ ਬੈਠਿਆਂ ਫੁਰਮਾਇਆ-ਕਿਉ ਬੀਰ ਸਿੰਘਾ, "ਆਪਣੇ ਹਥੀਂ ਬੂਟਾ ਲਾ ਕੇ ਫੇਰ ਉਖਾੜ ਸੁਟੀਦਾ ਹੈ ? ਇਸ ਦੇ ਉਤਰ ਵਿਚ ਬਾਬਾ ਬੀਰ ਸਿੰਘ ਜੀ ਨੇ ਕਿਹਾ ਕਿ ਸਰਦਾਰ ਪਾਸੋਂ ਹੀ ਪੁਛੀਏ ਕੀ ਹੋਇਆ ਤੇ ਕਿਵੇਂ ਐਸਾ ਹੋਇਆ ਹੈ ? ਤੱਦ ਸੰਤ ਭਾਗ ਸਿੰਘ ਜੀ ਨੇ ਸੰਤ ਬੀਰ ਸਿੰਘ ਨੂੰ ਹੀ ਸਭ ਕੁਝ ਸੁਣਾ ਦੇਣ ਨੂੰ ਕਿਹਾ ਤੇ ਸ਼ੁਰੂ ਤੋਂ ਜੋ ਬੀਤੀ ਹੁਣ ਤੀਕ ਦਾ ਸਾਰਾ ਬਿਤਾਂਤ ਸਾਰੀ ਸੰਗਤ ਸਾਹਮਣੇ ਇਨਾਂ ਨੇ ਸੁਣਾਇਆ—ਤੇ ਸੰਤ ਭਾਗ ਸਿੰਘ ਜੀ ਨੇ ਸਰਦਾਰ ਜਵਾਹਰ ਸਿੰਘ ਤੋਂ ਪੁਛਿਆ। ਕਹੁ ਭਈ ਇਹੋ ਕੁਝ ਹੋਇਆ ਜਾਂ ਇਨਾਂ ਗਲਤ ਦਸਿਆ ਹੈ। ਹੁਣ ਸਰਦਾਰ ਨੇ ਬੀਰ ਸਿੰਘ ਜੀ ਵਲੂੰ ਕਿਹਾ ਸਭ ਕੁਝ ਸਚ ਮੰਨਿਆ ਤੇ ਸੰਤ ਭਾਗ ਸਿੰਘ ਨੇ ਦੋਹਾਂ ਪਾਸਿਆਂ ਨੂੰ ਹੋਰ ਕੁਝ ਨ ਕਿਹਾ। ਇਤਨਾ ਹੀ ਬਚਨ ਕੀਤਾ :

"ਜੈਸੀ ਕਲਮ ਕੁੜੀ ਹੈ ਮਸਤਕ ਤੈਸੀ ਜੀਅੜੇ ਪਾਸ"

ਐਸਾ ਸੁਣ ਕੇ ਸਰਦਾਰ ਜਵਾਹਰ ਸਿੰਘ ਦੰਪਤੀ ਨਿਰਾਸਤਾ ਵਿਚ ਭਰੇ ਅਕਾਲਗੜ-ਆਪਣੇ ਘਰ ਨੂੰ ਚਲੇ ਗਏ ਅਤੇ ਬਾਬਾ ਬੀਰ ਸਿੰਘ ਜੀ ਕੁਝ ਦਿਨ ਹੋਰ ਨਿਵਾਸ ਕੀਤੇ ਸਗਰੋਂ ਖੁਸ਼ੀਆਂ ਪਾ ਕੇ ਇਸ ਵੀ ਆਪਣੇ ਨਗਰ ਨੌਰੰਗਾ ਬਾਦ ਸੰਤ ਪੁਰੇ ਨੂੰ ਚਲੇ ਗਏ।

ਇਕ ਮੁਸਲਮਾਨ ਤੋਂ ਆਪਣੀ ਸੁਖਣਾ ਮੰਗ ਲਈ

ਬਾਬਾ ਬੀਰ ਸਿੰਘ ਇਕ ਦਿਨ ਸੰਤ ਪੁਰੇ ਭੋਰੇ ਦੀਵਾਨ ਸਜਾਈ ਬੈਠੇ ਸਨ। ਦੀਵਾਨ ਤੋਂ ਬਾਹਰ ਇਕ ਮੁਸਲਮਾਨ ਨੂੰ ਖਲੋਤਾ ਦੇਖ ਕੇ ਪਾਸ ਮੰਗਵਾਇਆ। ਮੁਸਲਮਾਨ ਨੇ ਇਕ ਚਵਨੀ ਅਗੇ ਰਖ ਕੇ ਬਾਕੀ ਲੋਕਾਂ ਵਾਂਗੂੰ ਨਮਸਕਾਰ ਕੀਤੀ, ਤਬ ਬਾਬਾ ਜੀ ਨੇ ਜਰਾ ਝਿੜਕ ਕੇ ਫੁਰਮਾਇਆ ਕਿਉਂ ਊਠੇ ਸੂਲ ! ਜਦੋਂ ਤੇਰੀ ਕੁੜਮਾਈ ਚੋਣ ਵਾਲੇ ਮੁਕਰ ਗਏ ਸੀ ਤਦ ਤੂੰ ਸਾਡਾ ਨਾਮ ਲੈ ਕੇ ਸੁਖਣਾਂ ਸੁਖੀ ਕਿ ਜੇ ਮੇਰੀ ਕੁੜਮਾ ਈ ਹੋ ਜਾਵੇ, ਇਹ ਮੁਕਰਨ ਨਹੀਂ, ਤਦ ਤੈਨੂੰ ੧-੨੫ ਸਵਾ ਰੁਪਿਆ ਦੇਣ ਦੀ ਸੁਖਣਾ ਸੁਖੀ, ਤੇ ਤੇਰੀ ਕੁੜਮਾਈ ਹੋ ਜਾਣ ਪਰ ਤੂੰ ਇਕ ਰੁਪੈ ਪਿਛੇ ਬੇਈਮਾਨ ਹੋ ਕੇ ਚਾਰ ਆਨੇ ਲਿਆ. ਡੇਢ ਕੀਤੇ ਹਨ। ਅਸੀਂ ਨਹੀਂ ਲੈਂਦੇ ਮੋੜ ਲਿਜਾ। ਇਸ ਤੇਜ ਮਈ ਬਚਨ ਨੂੰ ਸੁਣ ਕੇ ਉਹ ਬਰ ਬਰ ਰੋਇਆ, ਤੇ ਪੱਕਾ

ਪੈ ਲੜ ਫਿਰੋਂ ਇਕ ਰੁਪਿਆ ਹੋਰ ਰਲਾ ਕੇ ਭੁਲ ਦੀ ਖਿਮਾ ਮੰਗਦੇ ਨੇ ਬਾਰ ਬਾਰ ਸਿਜਦੇ ਕੀਤੇ (ਮੱਥੇ ਟੇਕੇ) ਸ੍ਰੀ ਬਾਬਾ ਜੀ ਨੇ ਫੁਰਮਾਇਆ ਇਥੇ ਕਿਸੇ ਗਲ ਦੀ ਕੰਮੀ ਨਹੀਂ ਹੈ। ਇਸ ਸਵਾ ਰੁਪੈ ਨਾਲ ਕੀ ਵਧੇਗਾ ? ਨਾ ਲਏ ਨਾਲ ਕੀ ਘਟੇਗਾ। ਪਰ ਤੈਨੂੰ ਅਤੇ ਭੋਰੇ ਜਿਹੇ ਹੋਰ ਲੋਕਾਂ ਨੂੰ ਇਹ ਦਸਣਾ ਸੀ ਕਿ ਜਿਸਨੂੰ ਜਿਥੇ ਦੀ ਕਿਸੇ ਨੇ ਸੁਖਣਾ ਸੁਖੀ ਹੋਵੇ—ਉਹ ਦੇ ਦੇਣ ਨਾਲ ਟੁਰਖ਼ਰੂਈ ਹੁੰਦੀ, ਰਬ ਵੀ ਖੁਸ਼ ਹੁੰਦਾ ਅਤੇ ਨ ਦੇਣ ਨਾਲ ਸਮਾਂ ਪਾ ਕੇ ਉਹ ਸੁਖਣਾ ਵੀ ਸੁਖਣ ਵਾਲੇ ਹੋਵੇ ਨਿਕਲ ਜਾਂਦੀ ਤੇ ਬੇਇਮਾਨੀ ਦਾ ਕਲੰਕ ਵੀ ਉਸ ਨੂੰ ਲਗਦਾ ਹੈ, ਇਹ ਦਸਣਾ ਜਰੂਰੀ ਸੀ। ਹੁਣ ਇਸ ਮੁਸਲਮਾਨ ਨੇ ਫੇਰ ਬਾਰ ਬਾਰ ਪਿਆਂ ਚਾਹੀ ਤੇ ਅਗੋਂ ਵਾਸਤੇ ਐਸਾ ਕੰਮ ਨ ਕਰਨ ਦਾ ਇਕਰਾਰ ਕਰਕੇ ਖੁਸ਼ੀਆਂ ਪਾਂਦਾ ਘਰ ਨੂੰ ਗਿਆ ਤੇ ਵਿਆਹ ਕਰ ਲਿਆ ਸੀ। ਇਹ ਫੇਰ ਵੀ ਸਿਦਕ ਨਾਲ ਕਈ ਵੇਰ ਆਇਆ।

ਇਕ ਹੋਰ ਮੁਸਲਮਾਨੀ ਨੂੰ ਪੁਤਰ ਦੀ ਬਖਸ਼ਸ਼

ਐਸੇ ਹੀ ਇਕ ਦਿਨ ਦੀਵਾਨ ਸਜਾਏ ਬੈਠੇ ਬਾਬਾ ਬੀਰ ਸਿੰਘ ਨੇ ਦੂਰ ਖਲੋਤੀ ਇਕ ਮਾਈ ਨੂੰ ਜਿਸਨੇ ਬਾਲਕ ਕੁਛੜ ਚੁਕਿਆ ਹੋਇਆ ਸੀ। ਦੇਖਿਆ ਤੇ ਚੋਬਦਾਰ ਨੂੰ ਭੇਜਿਆ ਜੋ ਦੂਰ ਸਾਹਮਣੇ ਖਲੋਤੀ ਹੈ ਉਸ ਮਾਈ ਦਾ (ਨਾਮ ਦਸਿਆ) ਅਮੁਕੇ ਪਿੰਡ ਦੀ ਹੈ ਸਾਡੇ ਪਾਸ ਆਉਣਾ ਚਾਹੁੰਦੀ ਹੈ ਪਰ ਬਾਕੇ ਵਿਚ ਦੂਰ ਖਲੋਤੀ ਹੈ। ਦੀਵਾਨ ਵਿਚ ਲਿਆ ਕੇ ਬਿਠਾਓ। ਤਦ ਸੇਵਕ ਨੇ ਨਾਮ ਪੁਛਿਆ ਤੇ ਉਸ ਨੇ ਆਪਣਾ ਨਾਮ ਓਹੀ ਦਸਿਆ ਜੋ ਬਾਬਾ ਜੀ ਨੇ ਫੁਰਮਾਇਆ ਸੀ। ਸੇਵਕ ਨੇ ਬਾਬਾ ਜੀ ਪਾਸ ਲਿਆਂਦਾ ਤੇ ਮਾਈ ਨੇ ਕੁਛੜ ਵਾਲੇ ਬਾਲਕ ਨੂੰ ਮਥਾ ਟਿਕਾ ਕੇ ਦੂਜੇ ਹਥ ਵਿਚ ਗੁਜ਼ ਦੀ ਰੋਟੀ ਜੋ ਦੋ ਤਿੰਨ ਸੇਰ ਸੀ ਦੀ ਡੇਰਾ ਧਰ ਕੇ ਮਥਾ ਟੇਕਿਆ। ਬਾਬਾ ਜੀ ਨੇ ਪੁਛਿਆ ਇਹ ਕੇਹੀ ਗੁਜ਼ ਦੀ ਭੇਲੀ ਤੂੰ ਲਿਆਈ ਹੈਂ। ਤਦ ਉਸ ਮੁਸਲਮਾਨ ਮਾਈ ਨੇ ਦਸਿਆ ਮੇਰੇ ਕਈ ਸਾਲਾਂ ਤੋਂ ਸੰਤਾਨ ਨਹੀਂ ਸੀ ਹੁੰਦੀ। ਤਦ ਸੁਣ ਸੁਣ ਕੇ ਮੈਨੂੰ ਵੀ ਇਕ ਦਿਨ ਇਹੋ ਅਰਜ ਕੀਤੀ—ਹੇ ਗੁਰੂ ਬੀਰ ਸਿੰਘ ਮੇਰੇ ਘਰ ਪੁਤਰ ਹੋਵੇ, ਤਾਂ ਗੁਜ਼ ਦੀ ਭੇਲੀ ਭੇਟ ਕਰਾਂਗੀ, ਸੋ ਇਹ ਪੁੱਤਰ ਹੋਇਆ ਹੈ ਆਪ ਦੀ ਸੁਖਣਾ ਭੇਲੀ ਭੇਟ ਕਰਕੈ ਇਸ ਨੂੰ ਨਿਸ਼ਕਾਰ ਕਰਾਨ ਲਿਆਈ ਹਾਂ।

ਸਮੂਹ ਸੰਗਤ ਵੀ ਹੈਰਾਨ ਸੀ ਕਿ ਗੁਰਸਿਖਾਂ ਦੀਆਂ ਕਾਮਨਾਂ ਤਾਂ ਪੂਰੀਆਂ ਹੁੰਦੀਆਂ ਹਨ ਪਰ ਆਪ ਦੇ ਨਾਮ ਲੇਵਾ ਜੋ ਆਪ ਤੇ ਭਰੋਸਾ ਰਖਦੇ ਮੁਸਲਮਾਨ ਹਨ ਉਹ ਵੀ ਪੂਰਾ ਫੈਜ ਪਾਂਦੇ ਹਨ। ਪਰ ਬਾਬਾ ਜੀ ਨੇ ਮੁਸਕਰਾ ਕੇ ਬਚੇ ਦੇ ਸਿਰ ਤੇ ਹੱਥ ਫੇਰਿਆ ਅਤੇ ਹਸ ਕੇ ਆਖਿਆ—ਬੀਬੀ ਤੂੰ ਐਡਾ ਸਸਤਾ ਘਬਰਾ ਪ੍ਰੀਦਿਆ ਹੈ। ਹੁਣ ਉਸ ਨੇ ਫਿਰ ਅਰਜ ਕੀਤੀ—ਬਾਬਾ ਜੀਓ-ਅਸੀਂ ਗਰੀਬ ਲੋਕ ਹਾਂ ਜਿਤਨੀ ਔਕਾ ਹੋਵੇ ਉਤਨੀ ਹੀ ਮੁਖਨਾ ਸੁਖਣੀ ਬਣਦੀ ਹੈ। ਸੋ ਬਾਬਾ ਜੀ ਖੁਸ਼ ਹੋਇ, ਉਹ ਭੇਲੀ ਲੰਗਰ ਵਿਚ ਵਰਤਾਨ ਨੂੰ ਭੇਜ ਦਿਤੀ ਤੇ ਆਖਿਆ ਆਪਣੇ ਖਾਵੰਦ ਦੀ ਕਮਾਈ ਵਿਚੋਂ ਜਿਤਨੀ ਥੋੜੀ ਕੁਝ ਬਚਾ ਕੇ ਹੋ ਗਰੀਬਾਂ ਦੀ ਮਦਦ ਕਰੇਂਗੀ ਰਬ ਭਾਗ ਲਾਇਗਾ। ਇਸ ਤਰ੍ਹਾਂ ਦੀ ਅਸੀਸ ਪਾਂਦੀ ਉਹ ਮਾਈ ਘਰ ਨੂੰ ਗਈ ਤੇ ਬਚਨ ਪਾਲਦੀ ਰਹੀ ਨੂੰ ਰਬ ਨੇ ਬਹੁਤ ਭਾਗ ਲਾਏ ਸੀ।

ਮਾਝੇ ਵਿਚ ਪ੍ਰਚਾਰ ਵਾਸਤੇ ਪਧਾਰਨਾ

ਇਕ ਵੇਰ ਮਾਝੇ ਦੇ ਇਲਾਕੇ ਦੇ ਕਈ ਪਿੰਡਾਂ ਦੀ ਪੈਂਚਾਇਤ ਮਿਲਵੇਂ ਤੌਰ ਆਈ ਤੇ ਬੇਨਤੀ ਕੀਤੀ ਸ੍ਰੀ ਬਾਬਾ ਜੀਓ ਕੋਈ ਬੱਕ ਨਹੀਂ ਕਿ ਆਪ ਦੇ ਦਰਸਨ ਪਰਸਨ ਨੂੰ ਇਥੇ ਸੰਤ ਪੁਰੇ ਭੋਰੇ ਵਿਚ ਵੀ

Scanned with CamScanner

ਸਿਖ ਸੰਗਤਾਂ ਬਹੁਤ ਆਉਂਦੀਆਂ ਹਨ ਪਰ ਦੂਰ ਦੁਰਾਡੇ ਵਸਦੇ ਬਿਰਧ ਉਮਰ ਦੇ ਸਿੰਘ ਤੇ ਮਾਈਆਂ ਨੂੰ ਇਥੇ ਨਹੀਂ ਆ ਸਕਦੇ ਦਰਬਨ ਨੂੰ ਤਾਂਘਦੇ ਅਤੇ ਅੰਮ੍ਰਿਤ ਅਭਿਲਾਖੀ ਵੀ ਹਨ। ਜਰੂਰ ਇਲਾਕੇ ਦਾ ਫੇਰਾ ਕਰੀਏ। ਇਨ੍ਹਾਂ ਸਾਰਿਆਂ ਦੀ ਬੇਨਤੀ ਪ੍ਰਵਾਨ ਹੋਈ ਤੇ ਆਪ ਜੀ ਨੇ ਆਪਣੇ ਜਥੇ ਦੇ ਵਡੇ ਸ੍ਰੀ ਸਿਖਾਂ ਤੋਂ ਵਖਰੇ ਇਥੇ ਡੇਰੇ ਦੇ ਪ੍ਰਮੁਖ ਸਿੰਘਾਂ (ਜਿਨ੍ਹਾਂ ਨੂੰ ਨਾਲ ਰਖਿਆ) ਦੇ ਨਾਮ ਇਹ ਹਨ-ਜੋ ਅੰਮ੍ਰਿਤ ਪ੍ਰਚਾਰ ਦੇ ਸ਼ੁਭ ਕੰਮ ਵਿਚ ਤੇ ਹੋਰ ਹਰ ਤਰਾਂ ਨਾਲ ਸਿਆਣੇ ਸਨ।

ਮਲਕਪੁਰੇ ਦੇ ਬਖਸ਼ੀ ਰਾਜਾ ਸਿੰਘ ਦਾ ਬੇਟਾ ਬਖਸ਼ੀ ਠਾਕਰ ਸਿੰਘ, ਸੈਤ ਹੀਰਾ ਸਿੰਘ ਭਾਈ ਮੰਗਲ ਸਿੰਘ ਧਾਰੀਵਾਲੀਏ (ਇਹ ਸਵੈਰੇ ਰੁਜਾਨਾ) ਬਚਿਤਰ ਨਾਟਕ ਦੀ ਬਾਣੀ ਸੁਣਾਂਦੇ ਹੁੰਦੇ ਸਨ।

ਸੰਤਪੁਰੇ (ਨੋਟਿੰਗਾਬਾਦ) ਤੋਂ ਪਹਿਲਾ ਮੁਕਾਮ 'ਖੜੂਰ' ਸਾਹਿਬ ਦਾ ਸੀ, ਇਥੇ ਦੇ ਸਾਹਿਬਜ਼ਾਦਿਆਂ ਨੇ ਦੋ ਦਿਨ ਬਹੁਤ ਆਉ ਭਗਤ ਤੇ ਸੇਵਾ ਕੀਤੀ। ਇਥੋਂ ਵਈਪੋਈਂ ਦੇ ਜ਼ਿੰਮੀਦਾਰ ਲੈ ਗਏ ਸੀ। ਬਹੁਤ ਅਭਿਲਾਖੀਆਂ ਨੇ ਅੰਮ੍ਰਿਤ ਪਾਨ ਕੀਤਾ। ਸਹਿਜਧਾਰੀਆਂ ਨੇ ਗੁਰ ਮੰਤਰ ਉਪਦੇਸ਼ ਸੁਣਿਆ ਤੇ ਸ਼ਰਧਾਲੂ ਸਿਖ ਬਣੇ। ਫਰ ਫਤਿਆਬਾਦ ਦੇ ਲੈਬਰਦਾਰਾਂ ਤੇ ਹੋਰ ਮੁਖੀਆਂ ਨੇ ਆਪ ਨੂੰ ਆਪਦੇ ਨਗਰ ਲਿਜਾਕੇ ਅੰਮ੍ਰਿਤ ਪਾਨ ਕੀਤਾ। ਰਹਿਤਵਾਨ ਧਾਰਨੀ ਹੋਣ ਦਾ ਪ੍ਰਣ ਕਰਦੇ ਰਹੇ।

ਇਥੋਂ ਮੁਗਲਾਨੀ ਪਿੰਡ ਵਿਚ ਪਧਾਰੇ, ਲੋਕਾਂ ਨੇ ਬਹੁਤ ਸੇਵਾ ਭਗਤੀ ਦਾ ਸਬੂਤ ਦਿਤਾ। ਵਿਚ 'ਨਾਗੋਕੇ' ਦੀ ਪੰਜਾਇਤ ਨੇ ਬਾਬਾ ਜੀ ਨੂੰ ਆਪਨੇ ਨਾਲ ਲਿਜਾਕੇ ਬਹੁਤ ਸੇਵਾ ਕੀਤੀ ਤੇ ਬਹੁਤਿਆਂ ਨੇ ਅੰਮ੍ਰਿਤ ਪਾਨ ਕੀਤਾ। ਪਿੰਡ ਵਿਚ ਰਸਦ ਆਦਿਕ ਮਿਲਵੀ ਇਕੱਠੀ ਕਰਕੇ ਇਤਨੇ ਵਡੇ ਸੈਤ ਸਮਾਗਮ ਦੀ ਸੇਵਾ ਕਰਕੇ ਅਸੀਸਾਂ ਪਾਈਆਂ। ਫਿਰ "ਭੁਤਵਿੰਡ" ਨਗਰ ਵਿਚ ਅਤੇ ਇਥੋਂ 'ਵੇਰੁਮਾਨ' ਪਿੰਡ ਵਾਲਿਆਂ ਨਾਲ ਲਿਜਾਕੇ ਬੇਅੰਤ ਸੇਵਾ ਦਾ ਸਬੂਤ ਦਿਤਾ ਤੇ ਅੰਮ੍ਰਿਤਧਾਰੀ ਰਹਿਤਵਾਨ ਸਿੰਘ ਸਜੇ ਰਹਿਣ ਪ੍ਰਵਾਨ ਕੀਤਾ। ਹਰ ਇਕ ਪਿੰਡ ਦੇ ਬਿਰਧ ਮਾਈ, ਭਾਈ ਬਾਬਾ ਜੀ ਦੇ ਦਰਬਾਰ (ਦੀਵਾਨ) ਵਿਚ ਹਾਜ਼ਰੀ ਭਰਦੇ, ਅੰਮ੍ਰਿਤਮਈ ਗੁਰਬਾਣੀ ਦਾ ਕੀਰਤਨ ਤੇ ਕਥਾ ਦਾ ਰਸ ਮਾਣਦੇ ਰਹੇ, ਆਪਨੇ ਵਾਸਤੇ ਹੱਥ ਵਧ ਭਰਦੇ, ਅੰਮ੍ਰਿਤਮਈ ਗੁਰਬਾਣੀ ਦਾ ਕੀਰਤਨ ਤੇ ਕਥਾ ਦਾ ਰਸ ਮਾਣਦੇ ਰਹੇ, ਆਪਨੇ ਵਾਸਤੇ ਹੱਥ ਵਧ ਮਿਹਰਾਂ ਦਾ ਮੀਂਹ ਵੁਠਾ ਸਮਝਦੇ ਰਹੇ ਸਨ ਕਿ ਬਾਬਾ ਬੀਰ ਸਿੰਘ ਨੇ ਇਨਾਂ ਨੂੰ ਪਿੰਡ ਪਿੰਡ ਜਾ ਕੇ ਗੁਰਬਾਣੀ ਰੀਗਾ ਦੇ ਉਪਦੇਸ਼ ਸੁਣਾ ਸੁਣਾ ਕੇ ਆਤਮਕ ਇਸ਼ਨਾਨ ਕਰਾਇਆ ਮੰਨਦੇ ਸਨ।

ਫੇਰੂਮਾਨ ਤੋਂ ਚੀਮੋਂਥਾਨ ਜਾ ਕੇ ਦੋ ਦਿਨ ਬਿਸ਼੍ਰਾਮ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਨੋਟ :–ਸ੍ਰੀ ਗੁਰ ਬਿਲਾਸ ਦੇ ਲੇਖਕ ਪੰਡਤ ਸ਼ੇਰ ਸਿੰਘ ਦਸਦੇ ਹਨ ਕਿ ਜਿਸ ਜਿਸ ਪਿੰਡ ਜਾਣਾ ਹੁੰਦਾ ਸੀ ਆਪ ਦਾ ਸੇਵਕ ਭਾਈ ਕ੍ਰਿਪਾਲ ਸਿੰਘ ਨਾਗਾ ਇਕ ਦਿਨ ਪਹਿਲੇ ਜਾ ਕੇ ਪਿੰਡ ਦੇ ਬਾਹਰਵਾਰ ਖੁਲੀ ਥਾਂ ਤੇ ਡੇਢ ਫੁਟ ਉਚਾ ਚਬੂਤਰਾ ਬਣਾਇਆ ਕਰਦਾ। ਜਿਸ ਉਤੇ ਗਦੈਲੇ ਵਿਛ ਜਾਂਦੇ ਤਕੀਏ ਰਖਦੇ ਤੇ ਬਾਬਾ ਜੀ ਇਸ ਉਚੇ ਚਬੂਤਰੇ ਉਤੇ ਸੁਭਾਇਮਾਨ ਹੋ ਕੇ ਹਜਾਰਾਂ ਦੀ ਸ਼ਾਮਨੀ ਬੈਠੀ ਸਿਖ ਸੰਗਤਾਂ ਨੂੰ ਅੰਮ੍ਰਿਤ ਮਈ ਗੁਰਬਾਣੀ ਸਿਧਾਂਤ ਤੇ ਗੁਰਮਤ ਉਪਦੇਸ਼ ਸੁਣਾਂਦੇ ਹੁੰਦੇ ਸਨ। ਬਾਬਾ ਜੀ ਦੇ ਉਚੇ ਚਲੇ ਆਉਣ ਪਰ ਵੀ ਲੋਕੀ ਉਹ ਥੜੇ ਗਿਰਾ ਕੇ ਥਾਂ ਪਧਰੀ ਨਹੀਂ ਸਨ ਕਰਦੇ। ਸਰੋਂ ਚਾਰ ਦੀਵਾਰੀ ਕਰਕੇ ਪੂਜਾ ਅਸਥਾਨ ਸਮਝ ਲੈਂਦੇ ਤੇ ਬਾਅਦ ਵਿਚ ਉਹਨਾਂ ਥਾਵਾਂ ਤੇ ਦਮਦਮੇ ਉਸਾਰੇ ਗਏ ਸਨ ਜੋ ਹੁਣ ਤੀਕ ਅਨਗਿਣਤ ਥਾਵਾਂ ਵਿਚ ਪ੍ਰਸਿਧ ਅਸਥਾਨ ਹਨ–(ਗੁਰੂ ਵਾਕ ਹੈ–ਜਿਥੇ ਬੈਠਨ ਸਾਧ ਜਨ ਸੋ ਥਾਨ ਸੁਹੰਦਾ)।

ਜਿਥੇ ਜਿਥੇ ਵੀ ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ਉਥੇ ਪਧਾਰਨਾ ਮਨਜ਼ੂਰ ਕਰਦੇ ਸਨ ਉਸ ਲਿਹਾਜ਼ ਦੇ ਦੋ ਕੋਹਾਂ ਚਾਰ ਕੋਹਾਂ ਤੀਕ ਦੀਆਂ ਸੰਗਤਾਂ ਬੇਅੰਤ ਭੇਟਾ ਲੈ ਕੇ ਇਨਤਜਾਰੀ ਵਿਚ ਇਕਠੀਆਂ ਹੋ ਜਾਂਦੀਆਂ ਤੇ ਦੀਵਾਨ ਸਜੇ ਵੇਲੇ ਨਕਦੀ, ਬਸਤਰ ਹੋਰ ਦੁੱਧ ਦਹੀ ਮੱਨ ਚਾਵਲ ਤੇ ਬ੍ਰਸਤਰਾਂ ਦੇ ਢੇਰ ਲਗ ਜਾਂਦੇ। ਹਜਾਰਾਂ ਵਾਸਤੇ ਲੰਗਰ ਤਿਆਰ ਹੁੰਦਾ ਆਪਦੇ ਡੇਰੇ ਤੋਂ ਲੰਗਰ ਵਾਸਤੇ ਵਡੇ ਵਡੇ ਦੇਗੇ ਕੜਾਹੇ ਨਾਲ ਲਿਆਏ ਹੁੰਦੇ ਸੀ ਤੇ ਹਜਾਰਾਂ ਦੀ ਸੰਗਤ ਵਾਸਤੇ ਲੰਗਰ ਤਿਆਰੀ ਵਿਚ ਕੋਈ ਖੇਚਲ ਨਹੀਂ ਅੰਮ੍ਰਿਸ਼ਟ ਹੁੰਦੀ ਸੀ।

ਵੀਸੇ ਬਾਠ ਤੋਂ ਆਪ ਜੀ ਨੇ ਬਾਬੇ ਬਕਾਲੇ ਜਾ ਕੇ ਗੁਰੂ ਅਸਥਾਨ ਦੇ ਦਰਬਨ ਕੀਤੇ ਬਹੁਤ ਭੇਟਾ ਅਰਪਨ ਕੀਤੀ। ਇਥੋਂ ਦੀ ਸੰਗਤ ਨੂੰ ਨਾਲ ਲਿਆਕੇ ਮੁਖੀ ਸ੍ਰ: ਜਗਤ ਸਿੰਘ, ਸੋਹਨ ਸਿੰਘ, ਭਾਗਮਲ ਰਾਮੂ ਜੀ ਨੇ ਬਹੁਤ ਆਦਰ ਸਤਿਕਾਰ ਨਾਲ ਨਿਵਾਸ ਕਰਾਇਆ। ਸੇਵਾ ਕੀਤੀ ਉਪਦੇਸ਼ ਸਰਵਨ ਕੀਤੇ।

ਬਾਬਾ ਬਕਾਲੇ ਨਗਰ ਤੋਂ ਬੁਢੇ ਚੋਹ ਅਤੇ ਫੇਰ ਬਿਆਸਾ ਪਾਰ ਕਰਕੇ ਢਿਲਵਾਂ ਗ੍ਰਾਮ ਦੀ ਪੰਚਾਇਤ ਨੇ ਆਪਨੇ ਪਿੰਡ ਲਿਜਾਕੇ ਬਹੁਤ ਸੇਵਾ ਕੀਤੀ। ਇਥੋਂ ਪੜੋ ਨਗਰ ਆਏ ਜਿਥੋਂ ਦੇ ਭਾਈ ਸੁਖੈਲ ਸਿੰਘ ਨੇ ਪ੍ਰੇਮ ਦਾ ਸਬੂਤ ਦਿਤਾ। ਜਿਥੇ ਸਾਹਿਬ ਦਿਤਾ ਜੀ ਦਾ ਦਰਬਾਰ ਵੀ ਹੈ। ਇਥੋਂ ਫਿਰ ਪਛਾਲੀ ਪਿੰਡ ਗਏ, ਜਿਥੇ ਦੇ ਸਰਦਾਰ ਗੁਲਾਬ ਸਿੰਘ ਨੇ ਬਹੁਤ ਆਦਰਮਾਨ ਕੀਤਾ। ਫਿਰ ਖਰਾਂਵਾਲੀ ਜਾ ਦੋ ਰਿਕ ਰਾਤ ਰਹੇ ਤੇ ਇਥੋਂ ਕਪੂਰਥਲੇ ਪਧਾਰੇ ਜਿਥੋਂ ਦੇ ਸਰਦਾਰ ਸਾਹਿਬ ਨਿਹਾਲ ਸਿੰਘ ਨੇ ਬਹੁਤ ਫੇਰਾ ਕੀਤੀ। ਗੁਰਮੰਤਰ ਉਪਦੇਸ਼ ਸੁਣਿਆ।

ਇਥੋਂ ਦੀ ਮਾਈ ਹੀਰਾਂ ਸਰਦਾਰਨੀ ਦੇ ਮੁਕਾਮ ਉਰੇ ਤੀਕ ਹੀ ਪ੍ਰਬਾਦ ਭੇਟ ਕਰਨ ਨੂੰ ਭੇਜਦੀ ਰਹੀ ਸੀ, ਬਹਿੜੀਆਂ ਵਿਚ ਭਰਵਾਕੇ ਪ੍ਰਬਾਦ ਭੇਜਦੀ ਹੁੰਦੀ। ਇਥੋਂ ਮੁਕਾਮ ਕੂਕ ਕਰਕੇ ਸ੍ਰੀ ਬਾਬਾ ਬੀਰ ਸਿੰਘ ਜੀ ਠੱਟੇ ਟਿੱਬੇ ਆਏ। ਜਿਥੇ ਕਸੇ ਸਿਖਾਂ ਦੀ ਬਹੁਤ ਵਸੋਂ ਸੀ। ਇਨ੍ਹਾਂ ਸਾਰਿਆਂ ਨੇ ਅੰਮ੍ਰਿਤ ਛਕਿਆ ਤੇ ਰਹਿਤਵਾਨ ਸਿੰਘ ਸਜੇ ਰਹਿਣ ਦੀ ਪ੍ਰਤਗਿਆ ਕੀਤੀ। ਬਾਬਾ ਜੀ ਇਸ ਕਸੇ ਬਰਾਦਰੀ ਪਰ ਬਹੁਤ ਪ੍ਰਸੰਨਾ ਪਰਗਟ ਕੀਤੀ।

ਨੋਟ: ਇਸ ਹੱਥ ਲਿਖਤੀ ਤਤਸਾਰ ਦੇ ਲੇਖਕ ਨੇ ਰਾਜਾ ਜੋਗੀ ਪੁਸਸ਼ਕ ਦੀ ਰੀਸਰਚ ਵੇਲੇ ਪਿੰਡ ਠਟੇ ਦੇ ਇਸ ਪੁਜ ਅਸਥਾਨ ਦਮਦਮਾ ਬਾਬਾ ਬੀਰ ਸਿੰਘ ਦੇ ਦਰਸ਼ਨ ਕੀਤੇ ਤੇ ਆਪ ਦੇ ਕੁਝ ਸਮਾਚਾਰ (ਉਸ ਵੇਲੇ ਮਹੰਤ ਜਗਤ ਸਿੰਘ ਜੀ ਪਾਸੋਂ) ਸੁਣੇ ਤੇ ਸੰਨ ੧੯੪੮ 'ਚ ਰਾਜਾ ਜੋਗੀ ਵਿਚ ਲਿਖੇ ਸਨ।

ਭਾਈ ਜਵਾਲਾ ਸਿੰਘ ਰਾਗੀ

ਇਸੇ ਪਿੰਡ ਦੇ ਸ੍ਰੀ ਮਾਨ ਪੰਥ ਦੀ ਪ੍ਰਸਿਧ ਹਸਤੀ ਰਾਗੀ ਭਾਈ ਜਵਾਲਾ ਸਿੰਘ ਹੋਇ ਹਨ। ਇਸ ਲੇਖਕ ਨੇ ਉਨ੍ਹਾਂ ਦੇ ਦਰਸ਼ਨ ਵੀ ਕੀਤੇ ਤੇ ਕੀਰਤਨ ਵੀ ਸੁਣਦਾ ਰਿਹਾ ਸੀ। ਇਸ ਵੇਲੇ ਦੇ ਗੁਰਦੁਆਰਾ ਸੀਸ ਗੰਜ ਸਾਹਿਬ ਦਿਲੀ ਦੇ ਹਜੂਰੀ ਰਾਗੀ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਉਕਤ ਭਾਈ ਜਵਾਲਾ ਸਿੰਘ ਦੇ ਸਪੁਤਰ ਹਨ ਤੇ ਇਨਾਂ ਦੀ ਭੈਣ ਬੀਬੀ ਜਸਬੀਰ ਕੌਰ ਵੀ ਦਿਲੀ ਵਿਚ ਮਾਈਆਂ ਦੇ (ਦਰੀਆ-ਗੰਜ) ਕੀਰਤਨੀ ਜਥੇ ਵਿਚ ਸਤਿਕਾਰਤ ਹਨ। ਇਨ੍ਹਾਂ ਭੈਣ ਭਰਾਵਾਂ ਵਿਚ ਦੀ ਗੁਰਮੁਖਤਾ ਮਾਨੋ ਆਪਣੇ ਪਿਤਾ ਭਾਈ ਜਵਾਲਾ ਸਿੰਘ ਜੀ ਤੋਂ ਵਿਰਸੇ ਵਿਚ ਮਿਲੀ ਹੈ।

Scanned with CamScanner

ਉਕਤ ਪਿੰਡ ਠੱਠੇ ਟਿੱਬੇ ਵਿਚ ਹੁਣ ਤੀਕ ਬਾਬਾ ਬੀਰ ਸਿੰਘ ਦਾ ਅਬਹੁਰ, ਪ੍ਰਸਿਧ ਅਤੇ ਦੂਰ ਦੂਰ ਇਮਾਰਤ ਦਾ ਗੁਰਦੁਆਰਾ ਹੈ, ਸਾਲ ਦੇ ਸਾਲ ੨੭ ਵਸਾਖ ਨੂੰ ਇਥੇ ਭਾਰੀ ਮੇਲਾ ਲਗਦਾ ਹੈ। ਇਕੱਠੇ ਠੱਠੇ ਟਿੱਬੇ ਦੀ ਕਮੇ ਸੰਗਤ ਨੇ ਜਦੋਂ ਅੰਮ੍ਰਿਤ ਛਕਿਆ ਤੇ ਸਿਖੀ ਧਾਰਨ ਕੀਤੀ ਸੀ ਤਾਂ ਬਾਬਾ ਜੀ ਦਾ ਆਪਣੇ ਪਰ ਪਰਸੰਨਤਾ ਭਰਿਆ ਰੁਖ ਦੇਖਕੇ ਇਨਾਂ ਅਰਜ ਕੀਤੀ-ਸਾਹਿਬ ਜੀਓ ਸਾਡੇ ਵਡੇਰੇ ਵੀ ਬਹੁਤ ਚਿਰਾਂ ਤੋਂ ਗੁਰੂ ਕੇ ਸੇਵਕ ਹਨ, ਹੁਣੇ ਅੰਮ੍ਰਿਤ ਛਕਿਆ ਹੈ, ਸਿੰਘ ਸਜੇ ਹਾਂ ਪਰ ਸਾਡੀ ਹਾਲਤ ਬਹੁਤ ਮਾੜੀ ਹੈ, ਜਮੀਨ ਥੋੜੀ ਹੈ ਉਹ ਵੀ ਜੋ ਫਸਲ ਉਗੇ ਤਾਂ ਇਥੋਂ ਦੇ ਵਿਚੇ ਵਸਦੇ (ਟੋਇਆਂ ਟਿਬਿਆਂ ਦੇ) ਟੁੰਡੇ ਲੋਹੜ ਕਿਰਲੇ ਖਾ ਜਾਂਦੇ ਹਨ। ਆਪ ਕਿਰਪਾ ਕਰੋ। ਸਾਨੂੰ ਜਮੀਨ ਵੀ ਹੋਵੇ ਅਤੇ ਹੋਰ ਵੀ ਸੁਖ ਸਾਧਨ ਬਣਿਆ ਰਹੇ।

ਸ੍ਰੀ ਬਾਬਾ ਜੀ ਨੇ ਫੁਰਮਾਇਆ, ਅਸੀਂ ਪਹਿਲੇ ਹੀ ਤੁਹਾਡਾ ਪ੍ਰੇਮ ਅਤੇ ਬੁਤ੍ਰਾਂ ਨੂੰ ਦੇਖ ਕੇ ਵਡਾ ਦੇਵਤਾ ਅਗੇ ਅਰਜ ਕਰੀ ਹੈ ਉਹ ਥੋਸੂਮਾਰ ਬਾਰਬਾਂ ਨਾਲ ਹੜਾਂ ਦੀ ਮਿਣੀ ਰੋਹੜ ਕੇ ਤੁਸਾਡੀਆਂ ਜਮੀਨਾਂ ਨੂੰ ਪਧਰੀ ਕਰਕੇ ਸੁਖਾਲਾ ਬਨਾ ਦੇਵੇਗਾ, ਐਸਾ ਸੁਣ ਕੇ ਸਾਰੇ ਖੁਸ਼ੀ ਨਾਲ ਭਰੇ ਗਏ, ਤੇ ਨਿਮਬਰਤਾ ਕੀਤੀਆਂ।

ਸ੍ਰੀ ਬਾਬਾ ਜੀ ਨੇ ਹੋਰ ਫੁਰਮਾਇਆ ਕਿ ਜਿਵੇਂ ਤੁਸੀਂ ਗੁਰਸਿਖੀ ਪਾਲਣ ਦਾ ਹੁਣ ਸਬੂਤ ਦਿਤਾ ਹੈ ਇਸੇ ਤਰ੍ਹਾਂ ਬਣਿਆ ਰਿਹਾ ਤਾਂ ਸਾਰੇ ਤੁਸੀਂ ਚੜ੍ਹਦੀਆਂ ਕਲਾਂ ਵਿਚ ਰਹੋਗੇ, ਕਿਸੇ ਤਰ੍ਹਾਂ ਦੀ ਕੋਈ ਥੁੜ ਨਹੀਂ ਹੋਵੇਗੀ। ਆਪ ਨੇ ਫੁਰਮਾਇਆ ਕਿ ਜਿਵੇਂ ਸੂਰਜ ਦੇ ਪਾਸੇ ਮੂੰਹ ਕਰਕੇ ਚਲਦੇ ਬੰਦੇ ਦੇ ਪਰਛਾਵੇਂ ਪਿਛੇ ਪਿਛੇ ਚਲਿਆ ਆਉਂਦਾ ਹੈ ਤੇ ਸੂਰਜ ਵਲ ਕੰਢ ਕਰਕੇ ਚਲਦੇ ਪਿਛੇ ਪਰਛਾਵਾਂ ਅਗੇ ਨੂੰ ਨਸਦਾ ਹੈ ਤਿਵੇਂ ਗੁਰੂ ਪ੍ਰਮੇਸ਼ਰ ਵੱਲ ਮਨ ਕਰਕੇ ਜੋ ਭਰੋਸਾ ਰਖਦੇ, ਗੁਰ ਉਪਦੇਸ਼ਾਂ ਅਨੁਸਾਰ ਜੀਵਨ ਬਿਤਾਂਦੇ ਸਿਖ ਸਿਦਕ ਨਿਭਾਉਂਦੇ ਰਹਿਣਗੇ, ਦੁਨਿਆਵੀ ਮਾਇਆ ਪਰਛਾਵੇਂ ਵਾਂਗੂੰ ਅੱਗੇ ਅੱਗੇ ਉਨ੍ਹਾਂ ਦੇ ਹਾਜ ਰਹੇਗੀ। ਤੇ ਬੇਮੁਖਾਂ ਨੂੰ (ਜੋ ਗੁਰੂ ਪ੍ਰਮੇਸ਼ਰ ਵਲੋਂ ਭਟਕੇ ਹੋਣਗੇ) ਥੁੜ ਬਣੀ ਰਹੇਗੀ। ਐਸਾ ਸ਼ੁਭ ਉਪਦੇਸ਼ ਸੁਣਾਉਣ ਮਗਰੋਂ ਬਾਬਾ ਜੀ ਨੇ ਠੱਠੇ ਟਿਬੇ ਤੋਂ ਚਾਲੇ ਪਾ ਕੇ ਸ੍ਰੀ ਬਾਬੇ ਗੁਰੂ ਨਾਨਕ ਜੀ ਦੇ ਸੁਲਤਾਨ ਪੁਰ ਜਾ ਨਿਵਾਸ ਕੀਤਾ।

ਨੋਟ :– ਇਸ ਹੱਥ ਪੁਸਤਕ ਦੇ ਲੇਖਕ ਨੂੰ ਉਕਤ ਸਾਖੀ ਲਿਖਦੇ ਹੋਇਆਂ ਐਸਾ ਪਰਪਕ ਨਿਸਚਾ ਹੋ ਵਧਿਆ ਹੈ ਕਿ ਉਸ ਵੇਲੇ ਅਜ ਤੋਂ ੧੪੦ ਸਾਲ ਪਹਿਲੇ ਬਾਬਾ ਬੀਰ ਸਿੰਘ ਜੀ ਨੇ ਜਿ ਇਲਾਕੇ ਦੀ ਕਮੇ ਬਰਾਦਰੀ ਦੇ ਸਿੰਘ ਸਜੇ ਲੋਕਾਂ ਪ੍ਰਬਾਏ ਵਰਦਾਨ ਉਚਾਰੇ ਸੀ ਜੋ ਸੱਤ ਪੁੰਦੇ ਲੰ ਤੇ ਸਿਖੀ ਸਿਦਕ ਵਿਚ (ਅਕਾਲੀ ਤਹਿਰੀਕ ਵੇਲੇ) ਵੱਧ ਚੜ ਕੇ ਹਿਸਾ ਪਾਇਆ ਅਤੇ ਪੰਥ ਕਾਜ ਲਈ ਕੁਰਬਾਨੀਆਂ ਦਿੰਦੇ ਰਹੇ। ਤਿਵੇਂ ਤਿਵੇਂ ਹੀ ਇਸ ਇਲਾਕੇ ਦੇ ਵਸਨੀਕਾਂ ਦੀਆਂ ਚੜ੍ਹਦੀਆਂ ਕਲਾਂ ਪ੍ਰਸਿੱਧ ਹੁੰਦੀਆਂ ਰਹੀਆਂ ਹਨ। ਪਰ ਅਜ ੧੪੦ ਸਾਲ ਬਾਅਦ ਵੀ ਜਿ ਬਾਰਬਾਂ ਨੇ ਇਸ ਇਲਾਕੇ ਨੂੰ ਹੋਰ ਪਧਰਾ ਕੀਤਾ-ਭਾਰਤ ਸਰਕਾਰ ਨੇ ਅਰਬਾਂ ਰੁਪਿਆਂ ਦੀ ਲਾਗਤ ਦਾ ਇਕ ਬਹੁਤ ਵੱਡਾ ਰੋਲ ਦੇ ਡੁੱਬੇ ਬਨਾਣ ਦਾ ਕਾਰਖਾਨਾ ਚਾਲੂ ਕਰਾ ਦਿਤਾ ਹੈ ਜਿ ਵਿਚ ੧੫-੨੦ ਹਜ਼ਾਰ ਕੰਮ ਕਰਨ ਵਾਲਿਆਂ-ਇਲਾਕੇ ਦੇ ਵਸਨੀਕਾਂ ਨੂੰ ਪਹਿਲੇ ਕੰਮ ਲਾਉਣ ਵਿਚ ਵਿਸ਼ੇਸ਼ਤਾ ਮਿਲੇਗੀ। ਮੈਂ ਸਮਝਦਾ ਹਾਂ ਕਿ ਉਕਤ ਮਹਾਂਪੁਰਖਾਂ ਦੇ ਫੁਰਮਾਏ ਵਰਦਾਨ ਵੀ ਅਜ ਤੀਕ ਵਧੇਰੇ ਸਫਲ ਹੁੰਦੇ ਪਏ ਦਿਸਦੇ ਹਨ।

ਬਾਬਾ ਬੀਰ ਸਿੰਘ [ਬਾਬੇ ਕੀ ਬੇਰ] ਸੁਲਤਾਨਪੁਰ ਵਿਚ

ਠੱਠੇ ਟਿਬੇ ਤੋਂ ਚਾਲੇ ਪਾ ਕੇ ਪਹਿਲੇ ਇਕ ਰਾਤ ਰਵਿਤਾਸ ਪੁਰੇ ਵਿਚ ਡੇਰਾ ਉਤਾਰਿਆ। ਸਿਖ ਸੰਗਤਾਂ ਨੇ ਇਥੇ ਵੀ ਬਹੁਤ ਸੇਵਾ ਕੀਤੀ। ਅਭਿਲਾਖੀਆਂ ਨੇ ਅੰਮ੍ਰਿਤ ਛਕਿਆ ਤੇ ਬਹੁਤ ਸਹਿਜ-ਧਾਰੀਆਂ ਤੋਂ ਬਾਣੀਆਂ ਨੇ ਗੁਰਮੰਤ੍ਰ ਸਰਵਣ ਕਰਕੇ ਸਿਖੀ ਧਾਰਨ ਕੀਤੀ।

ਨੋਟ : ਇਥੇ ਹੀ ਸੁਲਤਾਨਪੁਰ ਵਿਚ ਬਾਬੇ ਗੁਰੂ ਨਾਨਕ ਨੇ ਮੋਦੀਖਾਨਾ ਚਲਾਇਆ ਸੀ। ਯਾਦਗਾਰੀ ਹਟ ਸਾਹਿਬ ਤੇ ਹੋਰ ਵੀ ਬਹੁਤ ਵੱਡੇ ਮਹਾਨਤਾ ਭਰੇ ਇਥੇ ਇਤਿਹਾਸਕ ਅਸਥਾਨ ਗੁਰਦੁਵਾਰੇ ਹਨ।

ਵੇਈਂ ਨਦੀ ਕੰਢੇ ਬੇਰ ਸਾਹਿਬ, ਜਿਥੇ ਨਿਮਾਜ ਪੜਾਨ ਨੂੰ ਨਵਾਬ ਲੈ ਗਿਆ ਤੇ ਗੁਰੂ ਜੀ ਨੇ ਉਲਟਾ ਨਵਾਬ ਤੇ ਕਾਜੀ ਨੂੰ ਸ਼ਰਮਸਾਰ ਕੀਤਾ ਸੀ। ਬਾਬਾ ਸ੍ਰੀ ਚੰਦ ਤੇ ਲਖਮੀ ਚੰਦ ਸਾਹਿਬ ਜੀ ਦਾ ਸ਼ਹਰ ਅਸਥਾਨ ਤੇ ਹੋਰ ਕਈ ਯਾਦਗਾਰੀ ਅਸਥਾਨ ਹਨ। ਦਾਸ ਲੇਖਕ ਨੇ ਅਜ ਤੋਂ ਬਹੁਤ ਸਾਲ ਪਹਿਲੇ ਇਸ ਇਲਾਕੇ ਵਿਚ ਤੇ ਉਕਤ ਅਸਥਾਨਾਂ ਦੀ ਯਾਤਰਾ ਕਰਕੇ ਰਾਜਾ ਜੋਗੀ ਪੁਸਤਕ ਨੂੰ ਮੁਕੰਮਲ ਕੀਤਾ ਸੀ ਉਸ ਵੇਲੇ ਸੰਨ ੧੯੪੮-੪੯ ਵਿਚ ਇਥੇ ਸਧਾਰਨ ਇਮਾਰਤਾਂ ਸਨ, ਪਰ ਹੁਣ ਤਾਂ ਇਥੋਂ ਦੇ ਬਹੁਤ ਗੁਰ ਅਸਥਾਨਾਂ ਦੀ ਸੇਵਾ (ਨਵੀਆਂ ਸ਼ਾਨਦਾਰ ਇਮਾਰਤਾਂ) ਅਤੇ ਸਰੋਵਰ ਦੀ ਸੇਵਾ ਸ੍ਰੀ ਮਾਨ ਸੰਤ ਕਰਤਾਰ ਸਿੰਘ ਜੀ (ਪ੍ਰਬੰਧਕ ਦਮਦਮਾ ਠੱਟਾ ਟਿਬਾ ਦੇ) ਨੇ ਕਰਾਈ। ਜਿਨਾਂ ਨੇ ਪਹਿਲੇ ਠੱਠੇ ਟਿਬੇ ਤੇ ਸੁਲਤਾਨਪੁਰ ਡੇਰਾਵਾਂ ਕਰਾਕੇ ਫਿਰ ਸ੍ਰੀ ਅੰਮ੍ਰਿਤਸਰ ਵਿਚ ਮੰਜੀ ਸਾਹਿਬ ਦਾ ਬਹੁਤ ਵਡਾ ਹਾਲ (ਦੀਵਾਨ ਅਸਥਾਨ) ਮੁਕੰਮਲ ਕਰਾਇਆ ਅਤੇ ਹੁਣ ਉਹ ਪਹਿਲੇ ਤੋਂ (ਕਈ ਸਾਲਾਂ ਤੋਂ) ਸ੍ਰੀ ਗੋਇੰਦਵਾਲ ਸਾਹਿਬ ਦੀ ਅਣਥਕ ਡੇਰਾ ਵਿਚ ਸੰਨ ੧੯੮੬ ਤੀਕ ਵੀ ਅਜੇ ਜੁਟੇ ਪਏ ਹਨ। ਵਾਹਿਗੁਰੂ ਉਹਨਾਂ ਹਥੀਂ ਇਹ ਮਹਾਨ ਸੇਵਾ ਤੀ ਅਗੇ ਹੋਰ ਵੀ ਸੇਵਾਵਾਂ ਕਰਾਕੇ ਅਗੇ ਹੋਣ ਵਾਲੀਆਂ ਸਿਖ ਸੰਤਾਨਾਂ ਵਾਸਤੇ ਰੋਸ਼ਨੀ ਰਹਬਰੀ ਨਿਰਮਾਨਤਾ ਤੀ ਮਿਸਾਲ ਕਾਇਮ ਕਰਾ ਦੇਵੇ। ਐਸੇ ਗੁਰਮੁਖ ਗੁਪਤ ਹੀਰਿਆਂ ਨੂੰ ਮੇਰੀ ਨਿਮਸਕਾਰ ਹੈ ਤੇ ਉਕਤ ਡੇਰਾਵਾਂ ਹੀ ਉਨਾਂ ਦੀ ਸਦੀਵੀ ਯਾਦਗਾਰ ਹਨ। ਇਸ ਪੁਸਤਕ "ਤਤਸਾਰ" ਲਿਖਨ ਦੀ ਪ੍ਰੇਰਨਾਂ ਵੀ ਉਨ੍ਹਾਂ ਡੇ ਤੀ ਪਹਿਲੇ ਕੀਤੀ ਸੀ।

ਸੁਲਤਾਨਪੁਰ ਬਾਬੇ ਕੀ ਬੇਰ ਤੋਂ ਮਲਸੀਆਂ ਵਿਚ

ਸੁਲਤਾਨਪੁਰੇ ਤੋਂ ਚਾਲੇ ਪਾ ਕੇ ਆਪ ਜੀ ਮਲਸੀਹਾਂ ਜਾਏ ਡੇਰਾ ਕੀਤਾ। ਬਹੁਤ ਦਿਨ ਇਥੇ ਨਿਵਾਸ ਰਖਿਆ। ਇਥੇ ਆਪ ਨੇ ਹੋਲੇ ਮਹੱਲੇ ਦਾ ਜੋੜ ਮੇਲਾ ਮਨਾਇਆ। ਫਿਰ ਬਾਬੇ ਦੀ "ਦਖਣੀ" ਵਿਚ ਪਧਾਰੇ ਜਿਥੇ ਦੇ ਮਹੰਤ ਮੰਗਲ ਦਾਸ ਉਦਾਸੀ ਨੇ ਬੜੇ ਪਿਆਰ ਤੇ ਸ਼ਰਧਾ ਭਾਵਨਾਂ ਨਾਲ ਮਹਾਨ ਦੀ ਲਈ ਵਾਸਤੇ ਲੰਗਰ ਦੀ ਸੇਵਾ ਕੀਤੀ। ਕਈ ਘੋੜੇ ਅਤੇ ਹਾਥੀ ਵੀ ਭਾਰ ਬਰਦਾਰੀ ਵੋਣ ਵਾਲੇ ਨਾਲ ਹੀ ਸਭ ਕਿਸਮਾਂ ਵਾਸਤੇ ਸਭ ਕੁਝ ਅੰਨ ਦਾਣਾ ਸਮਗਰੀ ਨਾਲ ਸੇਵਾ ਨਿਭਾਹੀ।

ਮਹਾਂਰਾਜ ਸ੍ਰੀ ਬਾਬਾ ਜੀ ਦਾ ਪ੍ਰਸੰਨਤਾ ਭਰਿਆ ਮੁਖੜਾ ਦੇਖਕੇ ਅਰਜ ਗੁਜਾਰੀ। ਮਹੰਤ ਮੰਗਲ ਦਾਸ ਨੇ ਬੇਨਿਆ। ਸ੍ਰੀ ਬਾਬਾ ਜੀ ਮੇਰੇ ਸਿਰ ਵਿਚ ਚਿਰਾਂ ਤੋਂ ਦਰਦ ਰਹਿੰਦਾ ਹੈ ਕਈ ਅਲਾਜ ਕਰਵਾਏ ਆਰਾਮ ਨਹੀਂ ਆਇਆ। ਆਪ ਮਿਹਰ ਕਰੀਏ ਇਸ ਰੋਗ ਤੋਂ ਛੁਟਕਾਰਾ ਹੋਵੇ। ਤਦ ਬਾਬਾ ਬੀਰ ਸਿੰਘ ਨੇ ਹੱਸਕੇ ਹੱਸਦੇ ਫੁਰਮਾਇਆ ਮਹੰਤ ਮੰਗਲ ਦਾਸ ਜੀ ਸੁਣੀਏ। "ਬਾਬੇ ਦੀ ਪੂਜਾ ਦਾ ਧਾਨ ਮੱਤ ਖਾਇਆ

Scanned with CamScanner

ਕਰੋ। ਹੱਲ ਵਾਹਕੋਂ ਕੀ ਡੇਟਾ ਜੋ ਤੇਰੇ ਅਗੇ ਆਵੇ ਉਹ ਖਾਇਆ ਕਰੋ ! ਬਾਬਾ ਸਾਹਿਬ ਸਿੰਘ ਵਡਾ ਸੋਭਾਵਾਨ ਹੈ। ਤਦ ਫੇਰ ਮਹੰਤ ਮੰਗਲ ਦਾਸ ਨੈ ਕਿਹਾ–ਮਹਾਂਰਾਜ ! ਅਸੀਂ ਤਾਂ ਸਾਰੇ ਬਣੇ ਤਣੇ ਹੀ ਬਾਬਾ ਸਾਹਿਬ ਸਿੰਘ ਦੇ ਹਾਂ, ਜੋ ਬਾਬੇ ਦੇ ਅਸਥਾਨ ਦੀ ਪੂਜਾ ਅਸੀਂ ਨ ਖਾਈਏ ਤਾਂ ਹੋਰ ਕਿਸ ਦੀ ਖਾਈਏ ? ਇਹ ਸੁਣ ਕੇ ਬਾਬਾ ਜੀ ਹਸੇ। ਇਸ ਦੇ ਉਤਰ ਵਿਚ ਫੁਰਮਾਇਆ–ਜੇ ਕੋਈ ਸੁਦਾਗਰ ਸੋਦਾ ਮਾਲ ਬਰਦਾਰੀ ਭਰਦਾ ਹੈ ਉਸ ਨੂੰ ਜਗਾਤ ਤਾਰਨੀ ਪੈਂਦੀ ਹੈ।

ਹੁਣ ਮਹੰਤ ਮੰਗਲਦਾਸ ਨੈ ਫੇਰ ਕਿਹਾ ਸਾਹਿਬ ਜੀਓ ! ਸੁਦਾਗਰਾਂ ਦੇ ਮਾਲ ਪਰ ਤਾਂ ਜਗਾਤੀ (ਟੈਕਸ) ਝੰਡ ਭਰਨਾਂ ਪੈਂਦਾ ਹੈ ਪਰ ਸਰਕਾਰੀ ਮਾਲ ਪਰ ਕੋਈ ਟੈਕਸ ਨਹੀਂ ਲਗਦਾ। ਤਿਵੇਂ ਸਾਡਾ ਵੀ ਸਭ ਕੁਝ ਧਨ ਧਾਮ ਸ਼ਰੀਰ ਤਕ ਵੀ ਬਾਬੇ ਸਾਹਿਬ ਸਿੰਘ ਜੀ ਦਾ ਹੈ ਫਿਰ ਜਗਾਤ ਕੈਸੀ ਭਰੀਏ। ਇਸ ਤਰ੍ਹਾਂ ਦੇ ਹਾਸ ਰਸ ਭਰੇ ਬਚਨ ਚਿਰ ਤੀਕ ਹੁੰਦੇ ਰਹੇ।

ਫਿਰ ਬਾਬਾ ਜੀ ਨੈ ਫੁਰਮਾਇਆ ਮੰਗਲ ਦਾਸ ਜੀ ! ਸਾਧ ਸੰਗਤ ਦੇ ਚਰਨ ਧੋਏ ਕੇ ਚਰਨਾਮ੍ਰਿਤ ਸੀਸ ਪਰ ਤੇ ਬਦਨ ਪਰ ਮਲਿਆ ਕਰੀਏ ਸਰੀਰਕ ਰੋਗ ਹਟ ਜਾਏਗਾ। ਐਸਾ ਸੁਣਕੇ ਮੰਗਲਦਾਸ ਹਜ਼ਾਰਾਂ ਦੀ ਗਿਣਤੀ ਵਿਚ ਸਾਧ ਸੰਗਤ ਨੂੰ ਪ੍ਰਸ਼ਾਦਿ ਤਿਆਰ ਕਰਕੇ ਛਕਾਏ ਫੇਲੇ ਪਹਿਲੇ ਚਰਨ ਧੁਵਾਏ, ਪੰਗਤ ਵਿਚ ਬਿਠਾ ਕੇ ਪਹਿਲੇ ਜਲ ਨਾਲ ਹਥ ਧੁਵਾਏ, ਪਤਲਾਂ ਰਖ ਕੇ ਕਈ ਤਰ੍ਹਾਂ ਦੀ ਮਿਠਾਈ ਮਾਲ ਪੂੜੇ ਖੀਰ ਆਦਿਕ ਭੋਜਨ ਛਕਾਇ ਕੇ ਨਿਮ੍ਰਤਾ ਸਹਿਤ ਪੰਜ ਸੌ ਰੁਪਿਆ ਦੀ ਥੈਲੀ ਅਰਪਨ ਕਰਦੇ ਹੋਇਆਂ ਏਨਤੀ ਕੀਤੀ ਸਾਹਿਬ ਜੀਓ ! ਅਜ ਮੇਰੇ ਵਡੇ ਭਾਗ ਹਨ ਜੋ ਸਾਧ ਸੰਗਤ ਸਮੇਤ ਦਰਸ਼ਨ ਦੇ ਕੇ ਨਿਹਾਲ ਕੀਤਾ ਹੈ ਤਦ ਬਚਨ ਹੋਇਆ ਇਸ ਵਿਚ ਸ਼ਕ ਨਹੀਂ :

"ਜਿਨ ਕਉ ਕਿਰਪਾ ਕਰਤ ਹੈ ਗੋਬਿੰਦ ਤੇ ਸ੍ਰਤਿ ਸੰਗ ਮਿਲਾਤ ।"

ਬਾਬਾ ਬੀਰ ਸਿੰਘ ਜੀ ਨੈ ਮਹੰਤ ਮੰਗਲ ਦਾਸ ਨੂੰ ਅਰੋਗਤਾ ਦਾ ਜੋ ਇਲਾਜ ਦਸਿਆ ਸੀ ਸਾਧ ਸੰਗਤ ਦੇ ਚਰਨਾਮ੍ਰਿਤ ਨੂੰ ਸੇਵਨ ਨਾਲ ਦਰਦ ਹਟ ਗਿਆ ਸੀ, ਬੜੇ ਪਿਆਰ ਸਤਿਕਾਰ ਨਾਲ ਬਾਬਾ ਸਾਹਿਬ ਸਿੰਘ ਮਲਸੀਹਾਂ ਤੋਂ ਵਿਦਾਇਗੀ ਪਾ ਕੇ ਆਪ ਜੀ ਬਲੀਂ ਨਗਰ ਵਿਚ ਆਏ। ਸਿਖ ਸੰਗਤ ਨੈ ਇਥੇ ਵੀ ਬਹੁਤ ਸੇਵਾ ਕੀਤੀ। ਉਪ੍ਰੰਤ "ਰਾਜੇ ਆਲ੍ਹ ਵਾਲਿਆਂ ਦੇ ਜਥੇਦਾਰ ਨੈ ਭਾਣੇਂ ਲੈਗੇਂ" ਲਿਆਏ ਉਤਰ ਕਰਾਇਆ। ਮੋਘ ਸਿੰਘ ਦੇ ਇਸ ਨਾਮਵਰ ਸਿਖ ਨੈ ਪੂਰਾ ਭੰਡਾਰਾ ਕੀਤਾ (ਲੰਗਰ ਛਕਾਇਆ) ਇਸ ਦੇ ਕੋਈ ਸੰਤਾਨ ਨਹੀਂ ਸੀ ਜਾਇਦਾਦ ਬਹੁਤ ਸੀ।

ਮੋਘ ਸਿੰਘ ਨੈ ਸੰਤਾਨ ਵਾਸਤੇ ਵਰਦਾਨ ਚਾਹਿਆ। ਸ੍ਰੀ ਬਾਬਾ ਜੀ ਨੈ ਫੁਰਮਾਇਆ ਜਾਓ ਭਾਈ ਮੋਘ ਸਿੰਘ ਤੁਸਾਡੇ ਘਰ ਦੋ ਪੁਤਰ ਸਮੇਂ ਸਮੇਂ ਹੋਣੇ ਹਨ। ਸਮਾ ਪਾ ਕੇ ਇਕ ਗੁਜਰ ਜਾਏਗਾ–ਤਦਾ ਮੰਨਣਾਂ-ਐਸਾ ਹੀ ਦਰਗਾਹੀ ਹੁਕਮ ਹੈ, ਦੂਜਾ ਉਮਰ ਵਡੀ ਵਾਲਾ ਸੁਖਦਾਈ ਹੋਣਾ ਹੈ। ਮੋਘ ਸਿੰਘ ਨੈ ਸੀਸ ਨਿਵਾਏ ਪ੍ਰਵਾਨ ਕੀਤਾ ਤੇ ਬਾਅਦ ਵਿਚ ਐਸਾ ਹੀ ਸਭ ਕੁਝ ਹੋਇਆ ਸੀ ਜੈਸਾ ਬਾਬਾ ਬੀਰ ਸਿੰਘ ਜੀ ਨੈ ਫੁਰਮਾਇਆ ਸੀ।

ਭਾਣੇ ਲੈਗੇ, ਤੋਂ ਵਿਦਾਇਗੀ ਪਾ ਕੇ ਬਾਬਾ ਜੀ ਜੱਟ ਪੁਰੇ ਆਏ। ਇਥੋਂ ਦੇ ਸਰਦਾਰ ਹੀਰਾ ਸਿੰਘ (ਇਕ ਸਿਖ ਨੈ) ਸੋਚੇ ਨਾਮ ਕਹਾਣ ਵਾਲੇ ਸਾਰੇ ਜ਼ਿਮੀਂਦਾਰਾਂ ਸਮੇਤ ਰਲ ਕੇ ਭੰਡਾਰਾ ਕੀਤਾ–ਉਪਦੇਸ਼ ਸਰਵਣ ਕੀਤੇ। ਕਈਆਂ ਨੈ ਅੰਮ੍ਰਿਤ ਪਾਨ ਕੀਤਾ ਤੇ ਕਈ ਸਹਿਜ ਧਾਰੀ ਬਣ ਕੇ ਗੁਰਮੰਤਰ ਸਰਵਣ ਕਰਕੇ ਸੇਵਾ ਸਿਮਰਨ ਦਾ ਇਕਰਾਰ ਕੀਤਾ, ਜਨਮ ਸੰਵਾਰਿਆ ਫਿਰ ਹੀਰਾ ਸਿੰਘ ਨੈ ਵੀ (ਬਿ ਔਲਾਦਾ ਸੀ)

ਪੁਤਰ ਦੀ ਕਾਮਨਾ ਵਾਸਤੇ ਅਸੀਸ ਚਾਹੀ। ਬਾਬਾ ਜੀ ਨੈ ਦਸਿਆ ਮੇਰੇ ਘਰ ਸੰਤਾਨ ਨਹੀਂ, ਦੀਵਾ ਕੁਲ ਨਾ ਹੋ ਜਾਵੇ। ਆਪ ਸਮ੍ਰੱਥ ਹੋ ਦਾਤ ਬਖਸ਼ੋ। ਤਦ ਬਾਬਾ ਜੀ ਨੈ ਫੁਰਮਾਇਆ ਭਈ ਸੁਣਿਆ ਹੈ ਤੂੰ ਸੁਲਤਾਨੀਏ ਦਾ ਮੁਰੀਦ ਹੈਂ ਉਸ ਪਾਸੋਂ ਮੰਗਣਾ ਕਰੀਏ। ਕੀ ਉਹ ਦੇਣ ਨੂੰ ਸਮਰਥ ਨਹੀਂ ? ਉਤਰ ਵਿਚ ਹੀਰਾ ਸਿੰਘ ਨੈ ਫੇਰ ਬੇਨਤੀ ਕੀਤੀ ਉਸ ਤੋਂ ਮੁਰਾਦ ਪੂਰੀ ਨਹੀਂ ਹੋਈ, ਹੁਣ ਮੈਂ ਪੂਰੀ ਸਿਖੀ ਧਾਰਕ ਕੀਤੀ ਹੈ ਆਪ ਪਾਸੋਂ ਆਸਾ ਪੂਰਨ ਹੋਵੇ ਆਪ ਸਮਰਥ ਹੈਂ।

ਇਸ ਪ੍ਰਤੀ ਫੇਰ ਬਚਨ ਹੋਇਆ ਭਈ ਸੁਲਤਾਨੀਆਂ ਦਾ ਕੋਈ ਵਿਸਾਰ ਨਹੀਂ ਜੇਕਰ ਤੁਸੀਂ ਹਮੇਂ ਵਾਸਤੇ ਪੀੜੀ ਦਰ ਪੀੜੀ ਸਿਖ ਬਣੇ ਰਹੋ, ਤੱਦ ਸੰਤਾਨ ਹੋਵੇਗੀ। ਆਪਣੇ ਪਿਛੇ ਆਪਣੀ ਸੰਤਾਨ ਨੂੰ ਉਪਦੇਸ਼ ਦਿੰਦੇ ਰਹਿਣਾ, ਜਾਓ ਸੰਤਾਨ ਹੋਵੇਗੀ। ਘਰ ਦੇ ਬਾਲਕ ਸਮੇਂ ਸਮੇਂ ਅਨੁਸਾਰ ਹੋਣਗੇ ਇਕ ਨਹੀਂ ਰਹੇਗਾ, ਇਕ ਜੋ ਰਹੇਗਾ, ਨਾਮ ਗੁਰਮੁਖ ਸਿੰਘ ਰਖਣਾ ਹੈ। ਜੇਕਰ ਸਿਖੀ ਸਿਦਕ ਵਿਚ ਪੂਰੇ ਰਹੋ ਤਦ ਕਪੂਰਥਲਿਆਂ ਦੇ ਘਰ (ਸਰਕਾਰੀ) ਸਰਦਾਰੀ ਨੌਕਰੀ ਪਾਓਗੇ। ਜਦੋਂ ਤੀਕ ਰਾਮ ਜੱਸ (ਸੁਲਤਾਨਪੁਰ ਕੇ ਖੜਗੀ ਕੀ ਦੀਵਾਨਗੀ ਰਹੇਗੀ ਤੁਸੀਂ ਗਜ਼ਵਈ ਰਹੋਗੇ। ਬੀਰ ਮ੍ਰਿਗੇਸ਼ ਦੇ ਲੇਖਕ ਸਫਾ ੧੦੨੩ ਪਰ ਬਾਬਾ ਜੀ ਦੇ ਸਾਰੇ ਬਚਨ ਕੀਤੇ ਸਤ ਹੋਇ ਸਨ। ਐਸਾ ਹੀ ਸੁਣਿਆ ਹੈ ਕਿ ਸਰਦਾਰ ਨਿਹਾਲ ਸਿੰਘ ਕਪੂਰ ਥਲੀਏ ਨੈ ਰਾਮ ਜੱਸ ਨੂੰ ਦੀਵਾਨਗੀ ਦੀ ਪਦਵੀ ਬਖਸ਼ ਕੀਤੀ ਸੀ।

ਦੂਜੇ ਦਿਨ ਫੇਰ ਸਰਦਾਰ ਨਿਹਾਲ ਸਿੰਘ ਖੁਦ ਵੀ ਦਰਸ਼ਨ ਨੂੰ ਆਇਆ ਤੇ ਬੇਨਤੀ ਕੀਤੀ ਸਾਡਾ ਵੀ ਹੁਕਮ ਮਿਸਾ ਕਬੂਲ ਕਰੀਏ, ਪਰ ਬਾਬਾ ਜੀ ਨੈ ਫੇਰ ਕਦੀ ਆਉਣ ਦਾ ਭਰੋਸਾ ਦੇ ਕੇ ਇਥੋਂ ਡੇਰਾ ਕੂਚ ਕੀਤਾ ਤੇ ਫੈਰੋਵਾਲ ਫਿਰ ਗੋਇੰਦਵਾਲ ਆਏ ਕੇ ਗੁਰ ਅਸਥਾਨ ਦੀ ਯਾਤਰਾ ਉਪਰੰਤ ਡੇਰਾ ਉਤਰ ਕੇ ਕੁਝ ਦਿਨ ਨਿਵਾਸ ਰਖਿਆ। ਗੁਰੂ ਅਮਰਦਾਸ ਦੀ ਸੰਤਾਨ ਦੇ ਭਲੇ ਸਾਹਿਬ ਜਾਂਦਿਆਂ ਨੈ ਬਹੁਤ ਪਿਆਰ ਸਤਿਕਾਰ ਨਾਲ ਉਤਾਰਾ ਕਰਾਇਆ, ਸੇਵਾ ਕੀਤੀ ਕਰਾਈ ਤੇ ਬਾਬਾ ਜੀ ਨੂੰ ਪ੍ਰਸੰਨ ਕੀਤਾ। ਬਾਬਾ ਜੀ ਨੈ ਫੁਰਮਾਇਆ ਆਪ ਦਾ ਘਰ ਗੁਰੂ ਘਰ ਹੈ। ਕਲਜੁਗ ਵਿਚ ਸਦਾ ਹੀ ਭਗਤੀ ਸਹਿਤ ਕਿਰਤ ਦਾ ਨਿਵਾਸ ਰਹੇਗਾ। ਬਚਨ ਫੁਰਮਾਇਕੇ ਚਾਲੇ ਪਾਏ ਤੇ ਇਥੋਂ ਵਤਹਿਆਬਾਦ ਤੋਂ ਹੁੰਦੇ ਮਾਲਵੈ, ਰੱਖ ਬੁੰਡਾਲਾ ਹਿੰਦਾਲ ਕਾ ਜੰਡਿਆਲਾ (ਗੁਰੂ ਕਾ) ਸੁਲਤਾਨ ਵਿੰਡ, ਗਲੀਵਾਲੀ, ਮਾਣੋਚਾਲ, ਸੋਹਲ ਰਾਮ, ਕੁਬਰ, ਨਾਭਲੀ, ਗੰਡੀ ਵਿੰਡ, ਕੋਹਰਿਆਂ, ਹੁਡਿਆਰਾ, ਕਾਨਾ ਕਾਛਾ, (ਇਨਾਂ ਦੋਹਾਂ ਨਗਰਾਂ ਵਿਚ ਅਕਸਰੀ ਦਅਸੇ ਹਨ) ਬਾਬਾ ਬੀਰ ਸਿੰਘ ਨਾਮ ਨਾਲ ਪ੍ਰਸਿਧ ਪੂਜਨੀਕ ਅਸਥਾਨ ਹਨ।

ਇਨ੍ਹਾਂ ਨਗਰਾਂ ਤੋਂ ਚਾਲੇ ਪਾ ਕੇ ਭੋਲੀ ਥੱਹਾਂ ਵਿਚ ਡੇਰਾ ਉਤਾਰਿਆ। ਇਥੋਂ ਦੇ ਜੱਟਾਂ ਸਿਰੀਦਾਰ ਨੈ ਬਚਦਾਰਾਂ ਨੂੰ ਬਾਬਾ ਜੀ ਨੈ ਕਿਹਾ ਇਹ ਥਾਂ ਸਾਨੂੰ ਬਹੁਤ ਪਸੰਦ ਹੈ ਕਹੋ ਤਾਂ ਇਥੇ ਗੁਰਦੁਵਾਰਾ ਅਕਾਲ ਸਾਹਿਬ ਬਨਵਾਈਏ, ਤੱਦ ਦੂਜੇ ਦਿਨ ਉਨ੍ਹਾਂ ਨੈ ਸੋਚ ਕੇ ਦਸਿਆ ਕਿ ਇਥੇ ਸਾਲ ਦੇ ਸਾਲ ਜਦ ਮੇਲਾ ਭਰੇ ਗਾ, ਅਸਾਡੀਆਂ ਖੇਤੀਆਂ ਖਰਾਬ ਹੋਇਆ ਕਰਨਗੀਆਂ ਜਿਸ ਤੇ ਕਿਸੇ ਹੋਰ ਥਾਂ ਬਨਾਵੋ, ਤਬ ਬਾਬਾ ਜੀ ਨੈ ਕਿਹਾ, ਅਸੀਂ ਤਾਂ ਤੁਹਾਡੇ ਭਲੇ ਵਾਸਤੇ ਕਿਹਾ ਸੀ ਜਿਥੇ ਸਤਿਸੰਗ ਹੋਵੇ ਕਈ ਵਿਘਨ ਕਿਸੇ ਨਾਲ ਘਰ ਤੁਸੀਂ ਨਹੀਂ ਚਾਹੁੰਦੇ।

ਹੁਣ ਬਾਬਾ ਜੀ ਨੈ ਇਥੋਂ ਉਠਕੇ ਥੋੜ੍ਹੀ ਦੂਰ ਪਰ ਜਾ ਕੇ ਪਿਬਾਬ ਕੀਤਾ ਤੇ ਕਿਹਾ ਸਮਾਂ ਆਇਗਾ, ਜੋ ਇਥੇ ਮਥੇ ਟੇਕਗੇ–ਸੁਖਣਾ ਸੁਖਿਆ ਕਰੇਗੇ, ਚੜ੍ਹਾਵੇ ਚੜ੍ਹਾਵੇਗੇ।

Scanned with CamScanner

ਨੋਟ : ਇਹ ਵਾਕ ਵੀ ਪੂਰੇ ਹੋਇ। ਉਥੇ ਦਮਦਮਾ ਉਸਾਰਿਆ ਗਿਆ ! ਚੜ੍ਹਾਵੇ ਚੜ੍ਹਾਂਦੇ ਜਿਨਾ ਦੀਆਂ ਸੁਖਣਾ ਪੂਰੀਆਂ ਹੁੰਦੀਆਂ ਹਨ। ਇਹ ਪ੍ਰਤੱਖ ਮਿਸਾਲ ਤੇ ਉਥੇ ਦੀ ਚਲੀ ਰਵਾਇਤ ਹੈ ਇਵੇਂ ਦੇਗ ਕੜਾਹ ਕਰਕੇ (ਭੋਗੀ ਥੱਨਾਂ ਤੋਂ) ਖੇਮਕਰਨ, ਪੱਟੀ, ਸਿਰਹਾਲੀ, ਲਖੋਕੇ ਜਾਹਮਨ, ਫਿਰ ਕਸੂਰ, ਨੁਰੰਦਰ, ਭਣਾਣਾ ਤੋਂ ਅਟਾਰੀ ਆਏ ਫੇਰ ਉਤਾਰਿਆ। ਕਰਮ ਸਿੰਘ ਮੁਨੀਹਾਲੇ ਵਾਲੇ ਦੀ ਬੰਨਿਆਂ ਸਾਹਿਬ ਕੌਰਾਂ ਅਟਾਰੀ ਵਾਲੇ ਖੁਸ਼ਾਲ ਸਿੰਘ ਦੇ ਪੁਤਰ ਹਰੀ ਸਿੰਘ ਨਾਲ ਵਿਆਹੀ ਗਈ ਸੀ। ਇਹ ਗਿੱਲ ਜੱਟ ਹਨ, ਸਾਹਿਬ ਕੌਰਾਂ ਦੇ ਤਿੰਨ ਪੁਤਰ ਵਾਰੋ ਵਾਰ ਜਨਮੇ ਤੇ ਮਰ ਜਾਂਦੇ ਰਹੇ। ਖੁਸ਼ਾਲ ਸਿੰਘ ਨੇ ਮੁਲਾਣਿਆਂ। ਕਾਜੀਆਂ ਪਾਸ ਸਾਰੀ ਗਲ ਸੁਣਾਈ, ਉਨ੍ਹਾਂ ਦੇ ਦਸੇ ਮੁਤਾਬਕ ''ਸਤ ਬ੍ਰਿਛਾਂ ਦੇ ਪਤੇ ਸਤ ਪੁਹਾਂ ਦੇ ਪਾਣੀ ਵਿਚ ਘੋਲਕੇ ਸਣੇ ਕੇਸਾਂ ਇਸ ਬੀਬੀ (ਸਾਹਿਬ ਕੌਰ) ਨੂੰ ਇਸ਼ਨਾਨ ਕਰਾਕੇ ਸਤ ਅਨਾਜਾਂ ਦੀ ਰੋਟੀ ਪਕਾਕੇ (ਸਾਹਿਬ ਕੌਰਾਂ ਨੂੰ) ਖੁਹ ਵਿਚ ਲਟਕਾ ਕੇ ਖਵਾਣੀ ਚਾਹੀਏ। ਤਦ ਖੂਹ ਵਿਚ ਲਮਕੀ ਬੀਬੀ ਨੂੰ ਬੇਹੋਸ਼ ਹੁੰਦੀ ਜਾਂਦੀ ਦੇਖਕੇ (ਸਾਹਿਬ ਕੌਰ ਦੇ ਪਿਤਾ) ਸਰਦਾਰ ਕਰਮ ਸਿੰਘ ਨੇ ਕਿਹਾ ਲੜਕੀ ਮਰ ਰਹੀ ਹੈ ਬਾਹਰ ਕਢਾਵੋ ਤੇ ਪੁਤਰ ਹਰੀ ਸਿੰਘ ਨੂੰ ਦੂਜਾ ਵਿਆਹ ਕਰਾ ਲਵੋ। ਤਦ ਸਾਹਿਬ ਕੌਰ ਨੂੰ ਖੂਹ ਵਿਚੋਂ (ਚੁਪਾਈ ਉਤੇ ਬੈਠੀ ਨੂੰ) ਬਾਹਰ ਕਢਿਆ, ਤੇ ਪਿਤਾ ਨੇ ਸ਼ੁਕਰ ਕੀਤਾ ਜੋ ਬਚ ਗਈ ਹੈ।

ਇਸ ਵੇਲੇ ਖੁਸ਼ਾਲ ਸਿੰਘ ਨੂੰ ਵੀ ਤਰਸ ਅਤੇ ਕੁਝ ਭਰੋਸਾ ਹੋ ਆਇਆ ਤੇ ਕਿਹਾ–ਇਸੇ ਵਿਚੋਂ ਪੁਤਰ ਹੋਇਆ ਤਾਂ ਖੈਰ, ਨਹੀਂ ਤਾਂ ਨ ਸਹੀ। ਐਸਾ ਦੱਸ ਕੇ ਸਾਹਿਬ ਕੌਰਾਂ ਤੇ ਪੁਤਰ ਹਰੀ ਸਿੰਘ ਨੂੰ ਨਾਲ ਲਿਜਾਕੇ ਜਿਥੇ ਬਾਬਾ ਬੀਰ ਸਿੰਘ ਦਾ ਡੇਰਾ ਸੀ ਦੀਵਾਨ ਸਜਿਆ ਪਿਆ ਸੀ (ਇਹ ਜ਼ਿਕਰ ਸੰਮਤ ੧੯੮੧ ਦਾ ਹੈ) ਹੱਥ ਜੋੜ ਕੇ ਸਾਰੇ ਹੀ ਸਾਧ ਸੰਗਤ ਦੇ ਜੋੜਿਆਂ ਵਿਚ ਖਲੋ ਗਏ। ਬਾਬਾ ਜੀ ਨੇ ਬੁਲਾਕੇ ਪੁਛਿਆ–ਕਹੁ ਗੁਰਸਿਖਾ ! ਤੇਰੀ ਕਿਆ ਅਰਜ ਹੈ ? ਤਦ ਖੁਸ਼ਾਲ ਸਿੰਘ ਨੇ ਸਾਰੀ ਬੀਤੀ ਵਾਰਤਾ ਸੁਣਾ ਕੇ ਬੇਨਤੀ ਕੀਤੀ ਮੇਰੇ ਪੋਤਰਾ ਹੋਣ ਦੀ ਅਸੀਸ ਮਿਲੇ। ਐਸਾ ਸੁਣ ਕੇ ਬਾਬਾ ਜੀ ਦਾ ਫੁਰਮਾਨ ਹੋਇਆ ਜਟਾ–ਜੋਕਰ ਤੂੰ ਨੂੰਹ ਪੁਤਰ ਨੂੰ ਇਥੇ ਛਡਿਆ ਤਦ ਲੋਕੀਂ ਤੈਨੂੰ ਉਲਾਹਮਾ ਦੇਣਗੇ। ਪੁਤਰ ਸਸਤੇ ਨਹੀਂ ਮਿਲਦੇ। ਰਸਤੇ ਵਿਚ ਨਹੀਂ ਪਏ ਹੁੰਦੇ ਜੋ ਤੇਰੇ ਹੱਥ ਫੜਾ ਦਿਤਾ ਜਾਏ। ਫੇਰ ਸਾਡਾ ਡੇਰਾ ਵੀ ਕਿਸੇ ਇਕ ਥਾਂ ਨਹੀਂ ਟਿਕਦਾ। ਜੇ ਤੈਨੂੰ ਲੋੜ ਹੈ ਤਾਂ ਪੁਤਰ ਨੂੰ ਛਡ ਜਾਹ ! ਚੱਕੀ ਆਦਿਕ ਪੀਸ ਪੀਸ ਕੇ ਸਾਧ ਸੰਗਤ ਕੋ ਪ੍ਰਸ਼ਾਦਿ ਛਕਾਇਆ ਕਰੇਂ, ਘੋੜਿਆਂ ਦੀ ਲਿਦ ਬੀ ਹਟਾਇਆ ਕਰੇਂ, ਨਿਮਰ ਭਰਪਾ ਸ਼ਹਿਤ ਸਾਧ ਸੰਗਤ ਦੇ ਜੋੜੇ ਵੀ ਝਾੜਿਆ ਕਰੇਂ। ਬੂਠੇ ਬਰਤਨ ਵੀ ਮਾਂਜਨੇ ਮਨਜੂਰ ਕਰੇ, ਤਦ ਇਨਾਂ ਦੋਹਾਂ ਪੁਤਰ ਤੇ ਨੂੰਹ ਨੂੰ ਛਡ ਜਾਹ–ਨਹੀਂ ਤਾਂ ਚਲਿਆ ਜਾਹ।

ਖੁਸ਼ਾਲ ਸਿੰਘ ਨੇ ਸ੍ਰੀ ਬਾਬਾ ਜੀ ਦੇ ਐਸੇ ਰੁਖੇ ਬਚਨ ਸੁਣ ਕੇ ਗਿਲਾਨੀ ਨਹੀਂ ਮੰਨੀ ਸਗੋਂ ਕਿਹਾ ਜੀ ਇਨਾਂ ਦੇ ਧੰਨ ਭਾਗ–''ਸਾਧ ਸੇਵਾ ਵਡਭਾਗੀ ਪਾਈਏ''। ਇਸ ਤੋਂ ਹੋਰ ਕੀ ਚੰਗਾ ਫੰਮ ਹੋ ਸਕਦਾ ਹੈ। ਇਸ ਨੇ ਦੋਹਾਂ ਨੂੰ ਅਥਾ ਟਿਕਾਇਆ, ਛੜਿਆ ਤੇ ਵਖਰਾ ਡੇਬੂ ਟਿਕਾਨਾ ਤੇ ਚੱਕੀ ਆਦੇ ਪੀਸਣ ਵਾਲੀ ਦਿਵਾ ਦਿਤੀ ਤੇ ਇਨਾਂ ਨੇ ਬਿਨਾਂ ਝਿਝਕ ਦੇ ਉਸੇ ਤਰ੍ਹਾਂ ਦੀ ਸੇਵਾ ਸ਼ੁਰੂ ਕਰ ਦਿਤੀ ਜਿਵੇਂ ਬਾਬਾ ਬੀਰ ਸਿੰਘ ਨੇ ਨਿਰਨਾ ਦਸਿਆ ਸੀ।

ਸਾਹਿਬ ਕੌਰ ਨੇ ਰੋਜ਼ਾਨਾ ਪੰਜ ਸੇਰ ਦੇ ਕਰੀਬ ਆਟਾ ਪੀਸ ਕੇ ਲੰਗਰ ਵਿਚ ਲਿਜਾ ਕੇ ਪ੍ਰਸ਼ਾਦਿ ਪਕਾਂਦੇ ਅਤੇ ਇਸਦੇ ਪਤੀਨੇ ਘੋੜਿਆਂ ਦੀ ਲਿਦ ਹਟਾ ਕੇ ਮਾਲਸ਼, ਮੁਠੀ ਚਾਪੀ ਵੀ ਕਰਨੀ ਸ਼ੁਰੂ ਕੀਤੀ।

ਨੋਟ : ਪੰਡਿਤ ਸ਼ੋਰ ਸਿੰਘ ਲਿਖਦਾ ਕਿ ਸਾਡੇ ਸੱਤ ਬਰਸ ਤੀਕ ਇਨਾਂ ਨੇ ਬਿਨਾਂ ਕਿਸੇ ਤਰਕ ਦੇ ਬਾਬਾ ਜੀ ਦੇ ਡੇਰੇ ਦੀ (ਜਿਥੇ ਵੀ ਹੁੰਦੇ ਨਾਲੇ ਰਹਿਕੇ) ਅਨਥਕ ਸੇਵਾ ਕੀਤੀ। ਤਦ ਇਕ ਦਿਨ ਐਸੀ ਸੇਵਾ ਵਿਚ ਤੁਝੇ ਹੋਇਆਂ ਸਾਹਿਬ ਕੌਰ ਨੂੰ ਦੇਖਿਆ ਤੇ ਕਿਹਾ ਇਸ ਗਿੱਲ ਕੋ ਬਹੁਤ ਬਰਸ ਸੇਵਾ ਕਰਤਿਆਂ ਕੋ ਹੋ ਗਏ ਹੈਂ'' ਭਾਈ ਹਮਾਰੇ ਫਕੀਰਾਂ ਪਾਸ ਕਿਆ ਹੈ–ਹੁੱਡਾ ਹਮਾਰੀ ਗੋਦੜੀ ਮੇਂ ਸੇ ਏਕ ਟੂੰ ਔਰ ਦੇ ਪਿਸ਼ੂ ਲੈ ਜਾਏਂ। ਫਿਰ ਇਕ ਰੁਮਾਲ ਅਪਨੇ ਹਥ ਨਾਲ ਦੇ ਕੇ ਭੁਰਮਾਇਆ ਇਸ ਟੁਮਾਲ ਕੀ ਅਦਬ ਨਾਲ ਸੰਭਾਲ ਸੇਵਾ ਕਰਨੀ। ਜੋ ਮਾਂਗੋਗੇ ਇਸ ਤੋਂ ਮਿਲੇਗਾ। ਇਵੇਂ ਪਾਠਕਾਂ ਨੂੰ ਇਹ ਮੰਸਾ ਨ ਹੋਵੇ ਕਿ ਬਾਬਾ ਬੀਰ ਸਿੰਘ ਦੀ ਗੋਦੜੀ ਵਿਚ ਹੁੰਮਾਂ ਤੇ ਪਿਸ਼ੂ ਪਏ ਰਹਿੰਦੇ ਸਨ। ਬਲਕਿ ਉਹ ਤਾਂ ਰਾਜ ਰਿਸ਼ੀ ਅਤੇ ਮਹਾਨ ਗੁਪਤ ਸ਼ਕਤੀਆਂ ਦੇ ਪੁੰਜ ਸਨ। ਇਹ ਵਾਕ ਇਕ ਸਾਧਾਰਨ ਸੀ। ਉਨਾਂ ਪਾਸ ਤਾਂ (ਹਰ ਧਨ ਕੇ ਭਰ ਲੋਹ ਭੰਡਾਰ), ਉਸ ਭੰਡਾਰੇ ਦੀ ਬਰਕਤ (ਭਰਪੂਰ ਸ਼ਕਤੀ) ਦੇ ਮਾਲਕ ਹੁੰਦਿਆਂ ਉਹਨਾਂ ਦੇ ਵਿਚਾਰ ਵਿਚ ਲੜਕੀ ਜੰਮੇ ਅਤੇ ਪਿਸ਼ੂ ਦੋ ਲੜਕੇ ਦਸ ਕੇ ਰੁਮਾਲ ਦਿਤਾ ਸੀ ਜਿਸ ਦੇ ਅਦਬ ਕੀਤੇ ਨਾਲ ਜੰ ਰੂਪ ਇਕ ਲੜਕੀ ਅਤੇ ਪਿਸ਼ੂ ਰੂਪ ਦੋ ਲੜਕਿਆਂ ਦਾ ਜਨਮ ਹੋਣਾ ਦਸਿਆ ਸੀ ਤੇ ਐਸਾ ਈ ਹੋਇਆ। ਉਨਾਂ ਨੂੰ ਲੋਕੀ ਮਖਮਲੀ ਸੇਜਾਂ ਤੇ ਬਿਠਾਂਦੇ ਸਨ ਕੋਈ ਹੋਰ ਵਖਰੀ ਗੋਦੜੀ ਨਹੀਂ ਸੀ।

ਇਸ ਦੰਪਤੀ ਨੇ ਬਚਨ ਮੰਨ ਕੇ ਅਸੀਸਾਂ ਪਾ ਕੇ ਰੁਮਾਲ ਨੂੰ ਸਿਰ ਮੱਏ ਉਤੇ ਰਖਿਆ ਤੇ ਘਰ ਲਿਜਾ ਕੇ ਪੂਜਾ ਧੂਪ ਦੀਪ ਨਾਲ ਸਤਿਕਾਰਨਾਂ ਸ਼ੁਰੂ ਕੀਤਾ। ਗੁਰੂ ਦੀ ਕਿਰਪਾ ਹੋਈ ਸਾਹਿਬ ਕੌਰ ਨੂੰ ਪਹਿਲੇ ਇਕ ਕੈਨਿਆਂ ਅਤੇ ਤਿੰਨ ਸਾਲ ਵਿਚ ਦੋ ਲੜਕੇ ਪੈਦਾ ਹੋਏ। ਇਤਨਾ ਹੀ ਨਹੀਂ ਬਲਕਿ ਬਹੁਤ ਧੰਨ ਪਦਾਰਥ ਅਤੇ ਸੰਪਤੀ ਦੀ ਬ੍ਰਿਧੀ ਵੀ ਹੋਈ।

ਇਨਾਂ ਦੇ ਜੋ ਲੜਕੀ ਹੋਈ, ਨਾਮ ਜਵਾਲਾ ਦੇਵੀ ਰਖਿਆ ਤੇ ਇਕ ਲੜਕੇ ਦਾ ਨਾਮ ਤਿਪਰਲਿੰਗ ਸਿੰਘ ਤੇ ਦੂਜੇ ਦਾ ਹਰਨਾਮ ਸਿੰਘ ਰਖਿਆ। ਤਿਪਰਲਿੰਗ ਦੇ ਘਰ ਵੀ ਇਕ ਲੜਕੀ ਤੇ ਇਕ ਲੜਕਾ ਹੋਇਆ ਪਰ ਧੰਨ ਪਦਾਰਥ ਬਹੁਤ ਵਧ ਜਾਣ ਕਰਕੇ ਤਿਪਰਲਿੰਗ ਦੀ ਪਤਨੀ (ਕਿਸ਼ਨ ਕੌਰ) ਨੇ ਇਸ ਰੁਮਾਲ ਨੂੰ ਐਵੇਂ ਮਾਮੂਲੀ ਕਪੜਾ ਜਾਣ ਕੇ ਧੋਚਾ ਬਣਾਇਆ–ਬੇਅਦਬੀ ਕੀਤੀ। ਫਲ ਸਰੂਪ ਇਸਦਾ ਲੜਕਾ ਲੜਕੀ ਦੋਵੇ ਮਰ ਗਏ ਅਤੇ ਥੋੜੇ ਦਿਨਾਂ ਅੰਦਰ ਹੀ ਮਾਲ ਮਹੀਆਂ (ਮਝਾਂ) ਤੇ ਧਨ ਸੰਪਤੀ ਵੀ ਨਬਣ ਦੇ ਗਈ। ਪਰ ਦੂਜਾ ਹਰਨਾਮ ਸਿੰਘ ਬਹੁਤ ਸ਼ਰਧਾਲੂ ਰਹਿਆ। ਇਸ ਨੂੰ ਬਾਬਾ ਬੀਰ ਸਿੰਘ ਦੇ ਬਚਨਾਂ ਪ੍ਰ ਬਹੁਤ ਵਿਸ਼ਵਾਸ ਸੀ ਤੇ ਭ੍ਰਾਤਾ ਤਿਥਰਲਿੰਗ ਸਿੰਘ ਨਾਲ ਜੋ ਹੋ ਬੀਤਿਆ। ਉਨ੍ਹਾਂ ਨੂੰ ਰੁਮਾਲ ਦੀ ਬੇਅਦਬੀ ਅਤੇ ਅਸ਼ਰਧਕ ਹੋ ਜਾਣ ਦਾ ਫਲ ਮਿਲਿਆ ਜਾਣਿਆ ਤੇ ਇਸ ਹਰਨਾਮ ਸਿੰਘ ਨੂੰ ਛੇਤੀ ਹੀ ਮੋਰ ੧੯੮੪ ਵਿਚ ਉਕਾੜੇ ਦੀ ਤਰਫ ਦੀ ਬਾਣੇਂਦਾਰੀ ਮਿਲ ਗਈ ਤੇ ਚੜਦੀਆਂ ਕਲਾਂ ਵਿਚ ਰੱਹਿਆ ਸੀ।

ਸਮਾਂ ਪਾ ਕੇ ਖੁਸ਼ਾਲ ਸਿੰਘ ਨੇ ਫੇਰ ਅਰਦਾਸ ਕੀਤੀ ਬਾਬਾ ਬੀਰ ਸਿੰਘ ਜੀ ਮੇਰੇ ਘਰ ਪੋਤਰੇ ਦੀ ਬਖਸ਼ਸ਼ ਹੋਵੇ ਤਾਂ ਬਾਬਾ ਜੀ ਦੇ ਦੁੱਧ ਪੀਣ ਵਾਸਤੇ ਮਝ ਭੇਟ ਕਰਾਂਗਾ। ਅਰਦਾਸ ਸੁਫਲ ਹੋਈ ਇਸ ਨੂੰ ਪੋਤਰਾ ਪੈਦਾ ਹੋਇਆ। ਜਦੋਂ ਬਾਬਾ ਵੀਰ ਸਿੰਘ ਫੇਰ ਦੂਜੀ ਵੇਰ ਅਟਾਰੀ ਆਏ, ਤਦ ਕੱਟੀ ਕੁਝ ਮਿਹਨਤੀ ਤੇ ਸੋਹਣੀ ਸੀ ਉਸ ਨੂੰ ਘਰੇ ਛੋੜ ਕੇ ਮੱਝ ਲਿਆ ਪੇਸ਼ ਕੀਤੀ। ਬਾਬਾ ਜੀ ਨੇ ਇਨ੍ਹਾਂ ਦੇ ਮਨ ਦੀ ਗਲ ਨੂੰ ਤਾੜ ਕੇ ਹੱਸਦੇ ਕਿਹਾ। ਇਸ ਨੂੰ ਮੋੜ ਲਿਜਾਓ ਇਸਦੀ ਕਟੀ ਪਿਛੇ ਰਹੀ ਹੈ, ਤੇ ਫਿਰ ਬੀਰ ਰਸੀ ਬਖਸ਼ੀਸ਼ ਕੀਤੀ, ਤੇ ਖੁਸ਼ਾਲ ਸਿੰਘ ਨੇ ਤਿਅਰਲਿੰਗ ਸਿੰਘ ਨੂੰ ਭੇਜ ਕੇ ਕੱਟੀ ਵੀ ਲਿਆ ਪੇਸ਼ ਕੀਤੀ। ਬਾਬਾ

Scanned with CamScanner

ਜੀ ਨੇ ਫਰਮਾਇਆ ਕਿ ਪਹਿਲੇ ਅਰਦਾਸਾਂ ਕਰਦੇ ਹੋ ਫਿਰ ਮੁਕਰ ਜਾਂਦੇ ਹੋ। ਇਨਾਂ ਪਿਓ ਪੁਤਰ ਨੇ ਮੁਆਫੀ ਮੰਗੀ ਤਦ ਅਰਦਾਸ ਹੋ ਕੇ ਕੱਟੀ ਸਮੇਤ ਮੱਝ ਪ੍ਰਵਾਨ ਹੋਈ।

ਨੋਟ : ਪੰਡਤ ਸ਼ੇਰ ਸਿੰਘ ਨੇ ਸਫਾ ੧੦੨੭ ਪਰ ਲਿਖਿਆ ਕਿ ਸਰਦਾਰ ਹਰੀ ਸਿੰਘ ਦੀ ਸਪੁਤਰੀ ਜਵਾਲਾ ਦੇਵੀ ਦਾ ਇਕ ਜੂ ਤੋਂ ਹਰੀ ਸਿੰਘ ਦੇ ਘਰ ਜਨਮ ਹੋਇਆ ਸੀ ਇਹ ਸਾਖੀ ਆਪਣੀ ਜੁਬਾਨੀਹਰੀ ਸਿੰਘ ਨੇ ਲਿਖਾਈ ਤੇ ਅਸੀਂ ਲਿਖੀ ਹੈ। (ਇਹ ਪ੍ਰਸ਼ਿਗ ਬਹੁਤ ਪਿਛੋਂ ਦੇ ਸਨ ਜੋ ਬੀਰ ਮ੍ਰਿਗੇਸ਼ ਵਿਚ ਉਨਾ ਲਿਖੇ)

ਵਾਂ ਬੁੱਟਰਾਂ ਦੇ ਮਹੰਤ ਦੱਲ ਸਿੰਘ ਦੀ ਸ਼ਰਧਾ

ਬਾਬਾ ਬੀਰ ਸਿੰਘ ਦਾ ਡੇਰਾ ਅਟਾਰੀ ਹੀ ਸੀ ਤਦ ਵਾਂ ਬੁੱਟਰਾਂ ਦੇ ਮਹੰਤ ਦੱਲ ਸਿੰਘ ਨੇ ਆ ਕੇ ਬਹੁਤ ਤਰਲੇ ਕੀਤੇ ਤੇ ਆਪ ਜੀ ਨੂੰ ਆਪਣੇ ਡੇਰੇ ਬੁੱਟਰਾਂ ਲੈ ਗਿਆ। ਇਹ ਡੇਰਾ ੨੨ ਸਿੰਘਾਂ ਸਮੇਤ ਭਾਈ ਤਾਰੂ ਸਿੰਘ ਸ਼ਹੀਦ ਦੀ ਯਾਦਗਾਰ ਵਿਚ ਹੈ। ਇਹ ਸਾਖੀ ਇਸ ਤਰ੍ਹਾਂ ਦੀ ਹੈ ਜੋ ਗੁਰ ਵਿਲਾਸ ਬੀਰ ਮ੍ਰਿਗੇਸ ਸਫਾ ੧੦੨੭ ਪਰ ਲਿਖੀ ਹੈ।

ਸਿੰਘਾਂ ਪਿਛੇ ਤੁਰਕਾਂ ਦਾ ਦਲ (ਬਹੁਗਿਣਤੀ) ਦੇ ਦੌੜਦੇ ਅਤੇ ਇਕੜ ਦੁਕੜ ਨੂੰ ਮਾਰਦੇ, ਬੁਰਕਾਂ ਕੀ ਆਏ ਪਰ ਭਾਈ ਤਾਰੂ ਸਿੰਘ ਨਾਲ ਤੁਰਕ ਸੈਨਾਂ ਦਾ ਟਾਕਰਾ ਹੋ ਗਿਆ। ਸਿੰਘਾਂ ਦੀ ਗਿਣਤੀ ਸਿਰਫ ੨੨ ਸੀ। ਤੁਰਕ ਕਈ ਹਜਾਰ ਸਨ। ਦਿਨ ਭਰ ਲੜਦੇ ਰਹੇ। ਹਜਾਰਾਂ ਤੁਰਕ ਤੇ ਕੁਝ ਸਿੰਘ ਵੀ ਮਾਰੇ ਗਏ। ਦਿਨ ਛੁਪੇ ਵੇਲੇ ਸਿੰਘਾਂ ਨੇ ਇਹ ਸਲਾਹ ਕੀਤੀ ਹੁਣ ਪੇਸ਼ ਨਹੀਂ ਜਾਂਦੀ। ਸਿੰਘ ਵੀ ਅਤੇ ਘੋੜੇ ਵੀ (ਜਿਨਾਂ ਪਰ ਸਵਾਰੀ ਕਰਦੇ) ਥੱਕੇ ਤੇ ਭੁੱਖੇ ਹਨ। ਜੰਗਲ ਦੀ ਤਰਫ ਭਜ ਨਿਕਲੋ। ਉਸ ਵੇਲੇ ਅਰਾਬਬਾਣੀ ਸੁਣਾਈ ਦਿਤੀ। ਜੋ ਗੁਰੂ ੧੦ਵੇਂ ਪਾਤਸ਼ਾਹ ਦਾ ਸਵੈਯਾ ਸੀ :–

ਜੋ ਕਹੂੰ ਕਾਲ ਤੇ ਭਜ ਕੇ ਬਾਚੀਅਤ ਤਉ ਕਹੂੰ ਕੂੰਟ ਬਿਖੈ ਭਜ ਜਯੇ ॥
ਆਗੇ ਹੀ ਕਾਲ ਧਰੇ ਅਸਿ ਗਾਜਤ ਛਾਜਤ ਹੈ ਜਹ ਤੇ ਨੱਸ ਆਯੇ ॥
ਐਸੇ ਨ ਕੈ ਗਯੋ ਕੋਊ ਸੁ ਦਾਵ ਰੇ ਜਾਹਿ ਉਪਾਵ ਸੋ ਆਣ ਬਚਯੇ ॥
ਜਾਂਤੇ ਨ ਛੁਟੀਐ ਭਾਜ ਕਹੂੰ ਹਸ ਤਾਂਕੀ ਨ ਕਿਉ ਸਰਨਾਗਤ ਜਯੇ ॥

ਐਸੀ ਅਰਾਬਬਾਣੀ ਨੂੰ ਸੁਣਦੇ ਸਾਰ ਬਾਕੀ ਦੇ ੧੦–੧੨ ਸਿੰਘਾਂ ਵਿਚ ਜੋਸ਼ ਭਰ ਗਿਆ, ਘੋੜਿਆਂ ਦੀਆਂ ਵਾਗਾਂ ਪਿਛੇ ਨੂੰ ਮੋੜੀਆਂ ਤੇ ਟੁੱਟ ਕੇ ਪੈ ਗਏ, ਬਾਮਾਂ ਦੇ ਅੰਧੇਰੇ ਕਾਰਨ ਬਕੇ ਹੋਏ ਤੁਰਕਾਂ ਉਤੇ ਟੁਟ ਕੇ ਪਏ, ਮਾਨੋ ਵਾਢੀ ਕਰਦੇ ਪਏ ਹਨ, ਭਾਈ ਤਾਰੂ ਸਿੰਘ ਦਾ ਘੋੜਾ ਗੋਲੀ ਲਗਣ ਨਾਲ ਡਿਗ ਪਿਆ ਤਦ ਪੈਦਲ ਹੀ ਬਾਹਵਾਂ ਨਾਲ ਤਲਵਾਰ ਉਲਾਰਦੇ ਲੜਦੇ ਮਾਰਦੇ ਹੋਇਆ ਨੂੰ, ਗੁਪਤ ਵਾਰ (ਪਿਸ਼ਾਪ ਦੀ ਥਾਂ) ਗੋਲੀ ਲਗੇ ਕਾਰਨ ਗਿਰ ਪਏ ਤੇ ਸ਼ਹੀਦ ਹੋਏ ਸਨ। ਇਸੇ ਤਰ੍ਹਾਂ ਬਾਕੀ ਦੇ ਸਾਰੇ ਦੀ ਭਾਈ ਸਾਖੀ ਸੈਂਕੜੇ ਤੁਰਕਾਂ ਨੂੰ ਮਾਰਕੇ ਸ਼ਹੀਦ ਹੋਇ ਸਨ। ਜਿਸ ਥਾਂ ਉਤੇ ਇਨਾਂ ੨੨ ਸੂਰਬੀਰ ਸਿੰਘਾਂ ਨੇ ਭਾਈ ਤਾਰੂ ਸਿੰਘ ਦੀ ਕੁਰਬਾਨੀ ਹੋਈ ਸੀ ਉਥੇ ਇਸ ਵੇਲੇ ਤੋਂ ਬਾਅਦ ਵਿਚ ਬੜਾ ਭਾਰੀ ਅਸਥਾਨ ਯਾਦਗਾਰੀ ਕਾਇਮ ਹੋਇਆ ਸੀ। ਜਿਥੇ ਦੇ ਮਹੰਤ ਇਸ ਵੇਲੇ ਭਾਈ ਦਲ ਸਿੰਘ ਸਨ ਜਦੋਂ ਕਿ ਸ੍ਰੀ ਹਜੂਰ ਬਾਬਾ ਬੀਰ ਸਿੰਘ ਜੀ ਇਥੇ ਪਧਾਰੇ ਤੇ ਮਹੰਤ ਨੇ ਬੜੀ ਸੇਵਾ ਕਰਕੇ ਅਸੀਸਾਂ ਪਾਈਆਂ।

ਭਾ: ਦਲ ਸਿੰਘ ਨੇ ਤਿੰਨ ਭੰਡਾਰੇ ਹੋਰ ਮਨਜੂਰ ਕਰਨ ਨੂੰ ਬੇਨਤੀ ਕੀਤੀ ਪਰ ਬਾਬਾ ਜੀ ਨੇ ਫੁਰਮਾਇਆ–ਨਹੀਂ ਭਾਈ ਸਿਖਾ ਇਤਨਾਂ ਹੀ ਬਹੁਤ ਹੈ ਜੋ ਤੈਨੂੰ ਪ੍ਰੇਮ ਪ੍ਰਗਟਾਇਆ ਹੈ। ਤਦ ਫਿਰ ਮਹੰਤ ਨੇ–ਵੇ ਸੋ ਮਣ ਦਾਣਾ–ਮਣਾਰਾਂ ਗਾਰਗਰਾਂ ਦੁਧ ਦੀਆਂ ਭੇਟ ਕੀਤੀਆਂ। ਜੋ ਪ੍ਰਵਾਨ ਹੋਇਆ ਤੇ ਦੁਧ ਸੰਗਤ ਵਿਚ ਵਰਤਾਇਆ ਗਿਆ ਤੇ ਦਾਣਾ ਸੰਤਪੁਰੇ ਭਿਜਵਾਇਆ ਗਿਆ। ਇਥੋਂ ਝਟਰਾਂ ਕੀ ਵਾਂ ਦੀ ਪੰਡੂੰ ਸੰਗਤ ਨੂੰ ਵੀ ਦੋ ਭੰਡਾਰੇ (ਕਈ ਹਜਾਰ ਸਿੰਘਾਂ ਵਾਸਤੇ) ਕੀਤੇ ਸਨ, ਇਥੋਂ ਚਾਲੇ ਪਾ ਕੇ ਬਾਬਾ ਬੀਰ ਸਿੰਘ ਰਾਮਦੇ ਪਿੰਡ ਆਏ।

ਇਥੇ ਰਾਜੇ ਕੇ ਪਿੰਡ ਵਾਲਿਆਂ ਵੀ ਲੰਗਰ (ਭੰਡਾਰਾ) ਕੀਤਾ। ਇਥੋਂ ਦੇ ਰਾਗੀ ਭਾਈ ਰਣਿ ਸਿੰਘ ਨੇ ੧੨੦ ਰੁਪੈ ਭੇਟ ਕੀਤੇ, ਇਸ ਤੋਂ ਵਖਰੇ ਇਕ ਗਰਮ ਲੋਈ (ਕੰਬਲੀ) ਇਕ ਮੁਸ਼ਕੀ ਘੋੜਾ ਬਹੁਤ ਸੁੰਦਰ, ਪੌਂਡੂ ਨੱਕਾਂ ਨੇ ਭੇਟ ਕੀਤਾ। ਇਸੇ ਤਰ੍ਹਾਂ ਕਈ ਨਗਰਾਂ ਦੇ ਲੋਕ ਪੈਚਾਇਤ ਰੂਪ ਵਿਚ ਦੋ ਦੋ ਤਿੰਨ ਤਿੰਨ ਦਿਨ ਪਹਿਲੇ ਹੀ ਆਇ ਕੇ ਅਰਜਾਂ ਕਰਦੇ ਤੇ ਆਪਣੇ ਆਪਣੇ ਨਗਰਾਂ ਵਿਚ ਲਿਜਾਣ ਨੂੰ ਅਰਦਾਸਾਂ ਕਰਦੇ ਸੀ। ਜਿਥੇ ਵੀ ਸ੍ਰੀ ਬਾਬਾ ਜੀ ਜਾਂਦੇ ਉਥੋਂ ਦੇ ਚੋਣਵੇਂ ਪੰਜ ਸਤ ਸ੍ਰੀਰ ਪਿਛਲੀ ਰਾਤੀ ਰਾਜ਼ ਹੁੰਦੇ ਅੰਮ੍ਰਿਤ ਰੁਪੀ ਬਚਨ ਵਿਚਾਰਾਂ ਸੁਣਦੇ ਅਤੇ ਜਨਮ ਸਵਾਰਦੇ ਹੁੰਦੇ ਸਨ।

ਭਾਈ ਆਲਾ ਸਿੰਘ ਪਿੰਨਣ ਵਾਲੀਆਂ ਸੂਰਮਾ ਸਿੰਘ (ਨੈਤਰਹੀਨ) ਸੀ ਪਰ ਇਸ ਨੂੰ ਪੰਜ ਗ੍ਰੰਥੀ ਅਤੇ ਗੁਰੂ ਦਸਮੇਸ਼ ਜੀ ਦਾ ਜਾਪ ਸਾਹਿਬ ਤੇ ਹੋਰ ਗਿਆਨ ਪ੍ਰਬੋਧ ਆਦਿਕ ਕੰਠ ਸੀ ਇਸ ਪਾਸੋਂ ਬਾਬਾ ਜੀ ਪ੍ਰੇਮ ਨਾਲ ਸੁਣਦੇ ਤੇ ਇਸ ਨੂੰ ਉਚੀ ਥਾਏ ਦੇਂਕੀ ਪਰ ਬਿਠਾਇਕੇ ਬਾਣੀ ਸੁਣਿਆ ਕਰਦੇ ਸੀ। ਐਸੇ ਸਮੇਂ ਰੋਜਾਨਾ ਕਿਰਪਾਲ ਸਿੰਘ ਮਾਲੂਵਾਲੀਆ ਸਹਿਜਾ ਸਿੰਘ ਭੱਠਲ, ਬਹਾਲ ਸਿੰਘ ਅਲਵਈ, ਅਤਰ ਸਿੰਘ ਪਾੜਿਆਂ ਵਾਲਾ, ਭਾਈ ਗੁਲਾਬ ਸਿੰਘ ਠੱਠੀ, ਭਾਈ ਹਰਾ ਸਿੰਘ ਮਾਲੂਵਾਲੀਆ ਅਤੇ ਕਈ ਕਈ ਸਰਦਾਰ ਜਵਾਹਰ ਸਿੰਘ ਵੀ ਇਨਾਂ ਨਾਲ ਸ਼ਾਮਲ ਹੋ ਕੇ ਕੁਝ ਸਮਾਚਾਰ ਗਿਆਨ ਉਪਦੇਸ਼ ਗੁਰਮਤ ਨੂੰ ਗੁਰਬਾਣੀ ਦਵਾਰਾ ਸੁਣਦੇ, ਸਮਝਦੇ ਤੇ ਕਈ ਪ੍ਰਸ਼ਨ ਵੀ ਕਰਦੇ, ਅਤੇ ਬਾਬਾ ਜੀ ਦੀ ਵੀਚਾਰ ਅਨੁਸਾਰ ਮਾਨਸਿਕ ਭਰਮ ਮਿਟਾਇਆ ਕਰਦੇ ਸਨ। ਇਨਾਂ ਦੇ ਪ੍ਰਸ਼ਨ ਕਈ ਤਰਾਂ ਦੇ ਅਤੇ ਬਾਬਾ ਜੀ ਵਲੋਂ ਵਿਸਥਾਰ ਪੂਰਬਕ ਗਿਆਨ ਭੁਰਪੂਰ ਉਤਰ ਅਸੀਸਿਸ ਪੁਸਤਕ ਦੇ ਵਿਸਥਾਰ ਵਧਣ ਤੇ ਸੰਕੋਚ ਕਰਦੇ ਹੋਇਆਂ ਨਹੀਂ ਲਿਖੇ, ਹੋਰ ਕਥਾ ਪੜੀਐ।

ਭਵਿਖਤ ਵਾਕ ਉਚਾਰਨ ਕੀਤੇ

ਇਥੇ ਰਾਜੇ ਕੇ ਪਿੰਡ ਵਿਚ ਅੰਮ੍ਰਿਤ ਵੇਲੇ ਪ੍ਰੇਮੀ ਗੁਰਸਿਖਾਂ (ਜਿਨਾਂ ਦੇ ਨਾਮ ਪਿਛੇ ਲਿਖੇ ਹਨ) ਕਿ ਪ੍ਰਸ਼ਨ ਕੀਤਾ ਕਿ ਸ੍ਰੀ ਬਾਬਾ ਜੀਓ ! ਸ੍ਰੀ ਗੁਰੂ ਨਾਨਕ ਦੇਵ ਤੋਂ ਸ੍ਰੀ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਕੁਲ ਗੁਰੂ ਕੇ ਸਿਖ ਗੁਰਮਤਿ ਦਾ ਪਾਲਨ ਕਰਦੇ ਆਏ ਹੁਣ ਪਰ ਹੁੰਦਾ ਇਹ ਹੈ ਕਿ ਮਨ ਮਤ ਆਪਣੀ ਨੂੰ ਹੀ ਗੁਰਮਤ ਮਨਦੇ ਕੁਰਾਹੇ ਪਏ ਦਿਸਦੇ ਹਨ, ਐਸਾ ਕਿਓਂ ਹੈ ? ਤਦ ਉਤਰ ਵਿਚ ਬਾਬਾ ਬੀਰ ਸਿੰਘ ਨੇ ਫੁਰਮਾਇਆ'', ਸਮਾਂ ਐਸਾ ਵਰਤੇਗਾ ਕਿ ਇਕ ਵਾਰ ਤਾਂ ਸਾਰਿਆਂ ਵਿਚ ਮਲੇਛ ਕ੍ਰਾਂਤੀ (ਅਨਾ ਦੇਖਾ ਜਾਂ ਮੰਦੀ ਖਾਹਸ਼) ਵਰਤੇਗੀ, ਪਹਿਲੇ ਵਾਂਗੂੰ ਹੀ ਗਊ ਬੱਧ ਆਦਿਕ ਅਨਰਥ ਹੋਣੇ ਸ਼ੁਰੂ ਹੋ ਜਾਣਗੇ। ਉਪਦੇਸ਼ ਸਮਾਂ ਪਾ ਕੇ ਧਰਮ ਦੀ ਲੜੀ ਫੇਰ ਵਰਤੇਗੀ। ਐਸਾ ਸੁਣਾਏ ਸਮਝਾਏ ਕੇ ਬਾਬਾ ਜੀ ਚੁਪ ਹੋ ਗਏ। ਫਿਰ ਦੂਜੇ ਦਿਲ ਰਾਜੇ ਕਿਆਂ ਪਿੰਡ ਵਿਚੋਂ ਡੇਰਾ ਕੁਝ ਦੂਰ ਕੋਹਰੇ ਵਿਚ ਲਾਖੜੇ ਵਿਚ ਰਹੇ। ਫਿਰ ਮਦ੍ਰੀਂ ਆਇ ਤੇ ਇਓਂ ਮਦ੍ਰੀਂ ਕੇ ਦਿਆਂ ਪੌਂਚਾਂ ਨੇ ਵੀ ਬਹੁਤ

Scanned with CamScanner

ਸੇਵਾ ਬਰਧਾ ਦਾ ਸਬੂਤ ਦਿਤਾ । ਜਦੋਂ ਕਿ ਬਾਬਾ ਬੀਰ ਸਿੰਘ ਜੀ ਇਥੇ ਪਧਾਰੇ ਸਨ ।

ਪਿੰਡ ਮਦੀਂ ਦੀ ਮਹਾਨਤਾ

ਮਦੀਂ ਵਾਲੇ ਪਿੰਡ ਦੇ ਇਕ ਸਿਖ ਘਰਾਣੇ ਪਰ ਗੁਰੂ ਅਮਰ ਦੇਵ ਤੀਸਰੀ ਪਾਤਸ਼ਾਹੀ ਕੀ ਬਖਸ਼ਸ਼ ਹੈ ਇਨ੍ਹਾਂ ਦੇ ਇਥੇ ਗੁਰੂ ਸਾਹਿਬ ਦੀ ਚਰਨਦਾਸੀ (ਜੁੱਤੀ) ਰਖੀ ਪਈ ਹੈ । ਜਿਸ ਕਿਸੇ ਦੇ ਹਜੀਰੇ ਕਾ ਰੋਗ ਹੋਵੇ ਉਹ ਇਥੇ ਆਇਕੇ ਇਸ ਚਰਨਦਾਸੀ ਨੂੰ ਆਪਨੀ ਹਜੀਰਾ ਵਾਲੀ ਥਾਂ ਤੇ ਲਗਾਂਦਾ ਹੈ, ਹਜੀਰੇ ਦਾ ਰੋਗ ਥੋੜੇ ਹੀ ਦਿਨਾਂ ਵਿਚ ਖਤਮ ਹੋ ਜਾਂਦਾ ਹੈ । ਇਹ ਇਤਿਹਾਸਕ ਸਾਖੀ ਪ੍ਰਸਿਧ ਹੈ । ਇਥੇ ਵੀ ਇਸੇ ਯਾਦਗਾਰ ਵਿਚ ਦਮਦਮਾ ਅਸਥਾਨ (ਗੁਰਦੁਵਾਰਾ) ਹੈ ਜਿਥੇ ਕਿ ਸ੍ਰੀ ਸੰਤ ਬਾਬਾ ਬੀਰ ਸਿੰਘ ਜੀ ਨਿਵਾਸ ਹੋਇਆ ਸੀ । ਲੋਕੀਂ ਕੜਾਹ ਪ੍ਰਸ਼ਾਦਿ ਆਦਿਕ ਭੇਟਾ ਚੜਾਂਦੇ ਹਨ ।

ਸ੍ਰੀ ਨਨਕਾਣੇ ਸਾਹਿਬ ਦੀ ਯਾਤਰਾ

ਮਦੀਂ ਪਿੰਡ ਵਿਚ ਇਕੋ ਦਿਨ ਨਿਵਾਸ ਕੀਤੇ ਮਗਰੋਂ ਆਪ ਸ੍ਰੀ ਨਨਕਾਣਾ ਸਾਹਿਬ ਆਇ। ਜੋ ਕਿ ਸ੍ਰੀ ਗੁਰੂ ਨਾਨਕ ਸਾਹਿਬ (ਪਹਿਲੀ ਪਾਤਸ਼ਾਹੀ) ਦਾ ਜਨਮ ਅਸਥਾਨ ਹੈ ਇਥੇ ਦੀ ਯਾਤਰਾ ਲਈ ਸਵਾ ਸੌ ਰੁਪੈ ਦਾ ਕੜਾਹ ਪ੍ਰਸ਼ਾਦਿ ਅਤੇ ਪੰਜ ਸੌ ਰੁਪੈ ਨਕਦੀ ਭੇਟਾ ਅਰਪਨ ਕੀਤੀ । ਇਥੋਂ ਦੇ ਉਸ ਵੇਲੇ ਦੇ ਮਹੰਤ ਸਾਹਿਬ ਨੇ ਬਹੁਤ ਆਦਰ ਭਾਓ ਨਾਲ ਸੇਵਾ ਸੰਭਾਲ ਕੀਤੀ । ਇਥੇ ਵੀ ਉਤਰ ਦੀ ਤਰਫ (ਪਹਾੜ ਵਾਲੇ ਪਾਸੇ) ਆਪ ਦਾ ਯਾਦਗਾਰੀ ਅਸਥਾਨ ਦਮਦਮਾ ਬਾਬਾ ਬੀਰ ਸਿੰਘ ਨਾਮ ਦਾ ਜੋ ਕਿ ਬਣਿਆ ਸੀ ਮਸ਼ਹੂਰ ਅਸਥਾਨ ਹੈ । ਇਥੋਂ ਦਾ ਸੇਵਾਦਾਰ ਭਾਈ ਵਸਾਵਾ ਸਿੰਘ ਟੱਲੀ ਪੁਰ ਦਾ ਵਸਨੀਕ ਸੀ । ਇਸ ਦਮਦਮਾ ਸਾਹਿਬ ਵਿਚ ਵੀ ਕੜਾਹ ਪ੍ਰਸ਼ਾਦਿ ਆਦਿਕ ਭੇਟਾ ਅਰਪਨ ਹੁੰਦੀ ਤੇ ਮਾਨਤਾ ਰਹੀ। (ਟੁਣ ਇਹ ਅਸਥਾਨ ਪਾਕਿਸਤਾਨ ਵਿਚ ਜਿਲਾ ਸ਼ੇਖੂਪੁਰਾ ਵਿਚ ਹੈ)।

ਵਿਰਕਾਂ ਕੇ ਕਾਲੋਕੇ ਗ੍ਰਾਂਮ ਵਿਚ ਵਰਦਾਨ

ਬਾਬਾ ਬੀਰ ਸਿੰਘ ਜੀ ਨੇ ਤਿਨ ਦਿਨ ਸ੍ਰੀ ਨਨਕਾਣੇ ਸਾਹਿਬ ਦੀ ਯਾਤਰਾ ਉਪ੍ਰੰਤ ਵਿਰ ਵਿਰਕਾਂ ਕੇ ਕਾਲੋਕੇ ਗ੍ਰਾਮ ਵਿਚ ਆ ਕੇ ਡੇਰਾ ਉਤਾਰਿਆ । ਇਨਾਂ ਦਿਨਾਂ ਵਿਚ ਵੱਸਾਸਾ ਸੀ । (ਭਾਵ ਬਾਰਸ਼ ਬਹੁਤ ਤੇ ਸਾਵਨ ਭਾਦੋ ਦੇ ਦਿਨ ਸਨ) । ਆਪ ਦੇ ਡੇਰੇ ਦੇ ਆਪਣੇ ਵੀ ਹਜਾਰਾਂ ਸਿੰਘ ਨਾਲ ਹੁੰਦੇ ਸਨ ਤੇ ਆਪ ਦੀ ਸੋਭਾ ਮਹਿਮਾ ਸੁਣ ਕੇ ਦਰਸ਼ਨ ਅਭਲਾਖੀ ਹੋਰ ਵੀ ਹਜਾਰਾਂ ਲੋਕੀ ਇਕੱਤਰ ਹੋ ਗਏ ਸਨ। ਭੰਡਾਰੀ (ਲੰਗਰ ਦੇ ਪ੍ਰਬੰਧਕ) ਨੇ ਅਰਜ ਕੀਤੀ ਬਾਬਾ ਜੀ ਅਨ ਦਾਣਾ ਤਾਂ ਬਹੁਤ ਹੈ ਪਰ ਆਟਾ ਪੀਸਿਆ ਇਤਨਾ ਨਹੀਂ ਹੈ ਜੋ ਇਤਨੀ ਭਾਰੀ ਸੰਗਤ ਦਾ ਲੰਗਰ ਤਿਆਰ ਕੀਤਾ ਜਾਇਆ ਕਰੇ। ਕੀ ਹੁਕਮ ਹੈ ? ਤਦ ਫੁਰਮਾਨ ਹੋਇਆ ਕਿ ਜਾਓ—ਆਸ ਪਾਸ ਦੇ ਨਗਰਾਂ ਵਿਚ ਢੰਢੋਰਾ ਫਿਰਾ ਦਿਓ–ਕਿ ਜਿਸ ਕਿਸੇ ਨੇ ਮਾਈ ਦੇ ਸੰਤਾਨ ਦੀ ਖਾਹਸ਼ ਹੋਵੇ–ਉਹ ਗੁਰੂ ਕੇ ਲੰਗਰ ਵਿਚੋਂ ਇਕ ਮਣ ਕਚੇ ਦਾਣੇ ਲੈ ਜਾ ਕੇ ਆਟਾ ਪਿਸ ਲਿਆਇਗੀ ਉਸ ਦੇ ਪੁਤਰ ਹੋਵੇਗਾ, ਜੋ ੨੦ ਸੇਰ ਪਿਸ ਲਿਆਏਗੀ ਉਸਦੇ ਪੰਨਿਆ ਹੋਵੇਗੀ।

ਇਸ ਢੰਡੋਰੇ ਦੇ ਫਿਰੇ ਨਾਲ ਹਜਾਰਾਂ ਦੀ ਗਿਣਤੀ ਵਿਚ ਪੋਂਡੂ ਲੋਕਾਂ ਨੇ ਮਣ ਮਣ ਦਾਣੇ ਜਿਸਾਰੇ ਆਟਾ ਪੀਸ ਲੰਗਰ ਵਿਚ ਪਹੁੰਚਾਂਦੇ ਰਹੇ ਤੇ ਬਰਸਾਤਾਂ ਵਿਚ ਵੀ ਲੰਗਰ ਠੀਕ ਜਾਰੀ ਰਿਹਾ । ਇਕ ਮਾਈ

ਇਕ ਪਿੰਡ ਦੀ ਬਹੁਤ ਧਨਾਢ ਸੀ, ਇਸ ਦੀ ਉਮਰ ਵੀ ਪੰਜਾਹ ਸਾਲ ਤੋਂ ਉਤੇ ਦੀ ਸੀ ਤੇ ਕੋਈ ਸੰਤਾਨ ਨਹੀਂ ਸੀ, ਪਰ ਆਪਣੇ ਪਦਾਰਥ ਦੇ ਮਾਨ ਵਿਚ ਮਤੀ ਨੇ ਕਿਹਾ ਕਿ ਇਹ ਕੀ ਹੋ ਰਿਹਾ ਹੈ ? ਕੀ ਇਕ ਮਣ ਕਚੇ ਦਾਣੇ ਪਿਸਾਈ ਬਦਲੇ ਦੀ ਸਾਧਾਂ ਦੀ ਬਗਲੀ ਵਿਚ ਪੁਤਰ ਧਰੇ ਪਏ ਹਨ ਜੋ ਦੇ ਦੇਣਗੇ ? ਇਹ ਤਾਂ ਆਟਾ ਪਿਸਾਈ ਵਾਸਤੇ ਇਕ ਢੰਗ ਬਣਾ ਕੇ ਪ੍ਰਗਟਾਇਆ ਹੈ ਕਿ ਆਟਾ ਪਿਸ ਜਾਏਗਾ ।

ਫਿਰ ਹਸ ਕੇ ਦੂਜੀਆਂ ਭੈਣਾਂ ਨਾਲ ਬੋਲੀ ਕਿ ਮੇਰੀ ਪਚਾਸ ਬਰਸ ਦੀ ਉਮਰ ਹੈ ਕੁਝ ਵੀ ਹੋਇਆ ਨਹੀਂ ਤੇ ਹੁਣ ਕੀ ਹੋਣਾ ਹੈ ? ਪਰ ਹੱਛਾ ਗੁਰੂ ਕੇ ਲੰਗਰ ਦੀ ਸੇਵਾ ਤਾਂ ਹੈ । ਇਸ ਨੇ ੨੦ ਸੇਰ ਦਾਣੇ ਲਿਆਕੇ ਇਸ ਖਿਆਲ ਨਾਲ ਪਿਸ ਕੇ ਲੰਗਰ ਵਿਚ ਆਟਾ ਪਹੁੰਚਾਇਆ ਕਿ ਮੇਰੇ ਘਰ ਲੜਕੀ ਹੀ ਹੋ ਜਾਏ ਤਦ ਮੈਂ ਸੰਤਾਂ ਦੀ ਕਹੀ ਨੂੰ ਸਤ ਮੰਨਾਂਗੀ । ਇਸ ਦਿਨ ਦਾ ਲੰਗਰ ਪਾਣੀ ਛਕ ਕੇ ਸ੍ਰੀ ਬਾਬਾ ਜੀ ਨੂੰ ਕੂਚ ਕਰਕੇ ਸਰੇ ਸੋਦੇ (ਚੁਹੜਕਾਣੇ) ਆ ਕੇ ਨਿਵਾਸ ਕੀਤਾ ਤੇ ਗੁਰ ਅਸਥਾਨ ਦੀ ਪ੍ਰਬਾਦਿ ਅਤੇ ਨਕਦੀ ਭੇਟ ਕੀਤੀ ।

ਨੋਟ :-ਉਕਤ ਬੀਰ ਮ੍ਰਿਗੇਸ਼ ਗ੍ਰੰਥ ਦੇ ਸਫਾ ੧੦੪੬—ਧਿਆਏ ੧੯ ਵਿਚ ਪੰਡਤ ਸ਼ੇਰ ਸਿੰਘ ਨੇ ਪੂਰੀ ਤਸਦੀਕ ਨਾਲ ਲਿਖਿਆ ਕਿ ਜਿਨਾਂ ਜਿਨਾਂ ਮਾਈਆਂ ਭੈਣਾਂ ਨੇ ਇਕ ਮਣ ਆਟਾ ਪੀਸ ਕੇ ਲੰਗਰ ਵਿਚ ਪਹੁੰਚਾਇਆ ਸੀ ਸਾਰਿਆਂ ਦੇ ਉਦਰ ਤੋਂ ਸਾਲ ਦੇ ਅੰਦਰ ਅੰਦਰ ਲੜਕੇ ਪੈਦਾ ਹੋਇ ਅਤੇ ਜਿਸ ਨੇ ੨੦ ਸੇਰ ਦਾਣੇ ਪੀਸੇ ਸਨ ਇਸ ਦੇ ਘਰ ਲੜਕੀ ਪੈਦਾ ਹੋਈ ਸੀ । ਇਹ ਬਹੁਤ ਪਛੁਤਾਈ ਪਰ ਹੁਣ ਕੀ ਹੋ ਸਕਦਾ ਸੀ ।

ਕੁਦਰਤ ਕਰਤਾਰ ਦੀ ਚਾਰ ਸਾਲ ਬਾਦ ਬਾਬਾ ਬੀਰ ਸਿੰਘ ਸਾਹਿਬ ਜਦੋਂ ਫੇਰ ਨਨਕਾਣੇ ਸਾਹਿਬ ਦੀ ਯਾਤਰਾ ਨੂੰ ਜਾਂਦੇ ਉਸੇ ਪਿੰਡ (ਵਿਰਕਾਂ ਕੇ ਕਾਲੋਕੇ ਪਿੰਡ) ਵਿਚ ਆਇਆ ਨੂੰ ਲੋਕਾਂ ਨੇ ਸੁਣਿਆ ਤਦ ਬਥੇਰੀਆਂ ਨਾਲ ਭਰੇ ਹੋਇਆਂ ਉਨ੍ਹਾਂ ਲੋਕਾਂ ਨੇ ਉਥੇ ਤਿੰਨ ਸਾਲ ਦੇ ਹੋ ਚੁਕੇ ਬਚਿਆਂ ਨੂੰ ਲਿਆ ਕੇ ਮੱਥੇ ਲਿਖੇ। ਕਿਸੇ ਪੰਜ ਰੁਪੈ, ਕਿਸੇ ਦਸ ਰੁਪੈ ਤੇ ਕਿਸੇ ਆਪਣੀ ਸਮਰਥਾ ਦੇ ਵਧੇਰੇ ਨਕਦੀ ਅਤੇ ਇਕ ਇਕ ਵਲ ਕਪੜੇ ਦਾ ਤੇ ਪ੍ਰਸ਼ਾਦ ਭੇਟ ਕਰਕੇ ਧੰਨਵਾਦ ਕੀਤਾ, ਅਸੀਸਾਂ ਪਾਈਆਂ ਸੀ । ਪਰ ਜਿਸ ਮਾਈ ਨੇ ਚਾਰ ਤੋਲਕ ਨਾਲ ੨੦ ਸੇਰ ਦਾਣੇ ਪਿਸੇ ਸਨ ਉਹ ਵੀ ਬਹੁਤ ਸ਼ਰਮੋਸਾਰ ਹੋ ਕੇ ਲੜਕੀ ਨੂੰ ਲਿਆਈ ਤੇ ਮਥਾ ਟਿਕਾ ਕੇ ਆਪਣੀ ਜਥਾਨੀ ਆਪਣੀ ਅਸ਼ਰਧਕ ਚਿਤਵਨੀ ਦਾ ਆਪ ਜਿਕਰ ਕਰਕੇ ਭੁਲ ਦੀ ਖਿਮਾ ਚਾਹੀ ਤੇ ਆਖਿਆ ਮੈਨੂੰ ਉਤੇ ਵੀ ਹੁਣ ਜੋ ਹੁਕਮ ਹੋਵੇ ਕਰਾਂਗੀ–ਪੁਤਰ ਦੀ ਦਾਤ ਮਿਲਨੀ ਚਾਹੀਏ ।

ਇਸ ਵੇਲੇ ਸ੍ਰੀ ਬਾਬਾ ਬੀਰ ਸਿੰਘ ਨੇ ਉਸ ਮਾਈ ਪ੍ਰਤੀ ਕਿਹਾ ਕਿ ਉਸ ਵੇਲੇ (ਜਿਵੇਂ ਸਮੁੰਦਰ ਜਿਸ ਲੰਗਰ ਉਠਦੀ ਹੈ) ਸੰਤ ਹਿਰਦੇ ਵਿਚੋਂ ਇਕ ਲੋਹਰ ਉਠੀ ਸੀ ਤੇ ਉਹ ਬਚਨ ਹੋਇਆ ਸੀ । ਉਹ ਤੇਰਾ ਕੰਮ ਕਰ ਗਿਆ ਹੈ ਹੁਣ ਕੁਝ ਨਹੀਂ ਹੋ ਸਕਦਾ ਤਾਂ ਮਾਈ ਨੇ ਘਿਆਇਕੇ ਬੇਨਤੀ ਕੀਤੀ–ਸਾਹਿਬ ਜੀ ! ਆਪ ਸਮਰਥ ਹੋ ਸਮੁੰਦਰ ਵਿਚ ਰਹਿੰਦੀਆਂ ਮਛੀਆਂ ਮਗਰਮੱਛ ਤੇ ਹੋਰ ਜੀਓ ਜੰਤ, ਵਿਚੇ ਹੀ ਆਹਰਾ ਕੰਦ ਮੰਦ (ਟੋਟੇ ਪਿਸ਼ਾਬ) ਸੁਟਦੇ ਪਰ ਸਮੁੰਦਰ-ਅਗਾਧ ਹੈ, ਉਹ ਗੁਸੇ ਨਹੀਂ ਹੁੰਦਾ ਤੇ ਆਪਨੇ ਅੰਦਰ ਉਨ੍ਹਾਂ ਨੂੰ ਪੁਰਾਕ ਵੀ ਬਖਸ਼ਦਾ ਹੈ ਤਿਵੇਂ ਆਪ ਮਹਾਂ ਪੁਰਖ ਹੋ ਅਸੀਂ ਤੁਛ ਜੀਵ ਹਾਂ । ਸਾਡੀ ਬਖਸ਼ਸ਼ ਦਵਾਰਾ ਇਕ ਪੁਤਰ ਦਾ ਵਰਦਾਨ ਜ਼ਰੂਰ ਕਿਰਪਾ ਕੀਜੇ । ਮੈਂ ਪੰਜ ਮਣ ਦਾਨੇ ਪੀਸ ਕੇ ਲਿਆਵਾਂਗੀ ।

ਇਸ ਮਾਈ ਦੀ ਉਕਤ ਬੇਨਤੀ ਨੇ ਬਾਬਾ ਜੀ ਨੂੰ ਪ੍ਰਸੰਨ ਕਰ ਦਿਤਾ ਤਦ ਆਪ ਨੇ ਫੁਰਮਾਇਆ

Scanned with CamScanner

ਕਿ ਅੱਛਾ ਤੂੰ ਜੋਕਰ ੨੫ ਮਣ ਦਾਣੇ ਆਪਣੇ ਹਥੀ ਪੀਸ ਕੇ ਗੁਰੂ ਕੇ ਲੰਗਰ ਵਿਚ ਆਣੇ ਦੀ ਸੇਵਾ ਕਰੇਗੀ ਤਦ ਤੇਰੇ ਵੀ ਪੁਤਰ ਹੋਵੇਗਾ, ੜ ਮਾਈ ਨੇ ਪ੍ਰਵਾਨ ਕੀਤੀ ਚੱਕੀ ਦਾ ਪਰਬੰਧ ਆਪੇ ਕਰਕੇ ਦੋ ਮਹੀਨੇ ਤੀਕ ਬਾਬਾ ਜੀ ਦੇ ਤੋਰੇ ਨਾਲ ਰਹਿ ਕੇ ਜਦੋਂ ੨੫ ਮਣ ਆਟਾ ਪੀਸਨ ਦੀ ਸੇਵਾ ਕਰ ਚੁਕੀ ਤਦ ਬਾਬਾ ਜੀ ਨੇ ਬੁਲਾ ਕੇ ਪਿਆਰ ਨਾਲ ਸੋਹਣੇ ਸੁੰਦਰ ਤੇ ਮਿੱਠੇ ਇਕ ਅੰਬ ਦੀ ਬਖਸ਼ਸ਼ ਕਰਕੇ ਤੁਰਦੇ ਜਾਹੁ ਮਾਈ–ਇਹ ਅੰਬ ਛੱਕ ਲੈ ਤੇਰੀ ਸੇਵਾ ਪ੍ਰਵਾਨ ਹੋਈ ਹੈ ਤੇਰੇ ਵੀ ਬੜਾ ਸੁੰਦਰ ਭਾਗ ਬੰਸ ਪੁਤਰ ਪੋਦਾ ਹੋਵੇਗਾ। ਮਾਈ ਨੇ ਉਹ ਅੰਬ ਲੈ ਕੇ ਸੀਸ ਪਰ ਰਖਿਆ, ਬੜੇ ਵਿਸ਼ਵਾਸ ਨਾਲ ਤੁਰਿਆ ਤੇ ਘਰ ਨੂੰ ਗਈ ਤਦ ਸਾਲ ਦੇ ਅੰਦਰ ਉਸ ਦੇ ਉਦਰ ਤੋਂ ਵੀ ਬੜਾ ਸੁੰਦਰ ਬਡਾ ਪੋਦਾ ਹੋਇਆ ਸੀ ਇਹ ਸਾਖੀ ਉਸ ਇਲਾਕੇ ਵਿਚ ਹੁਣ ਤੀਕ ਮਸ਼ਹੂਰ ਹੈ। (ਜਦੋਂ ਪਾਕਿਸਤਾਨ ਬਣਿਆ ਤੇ ਪਹਿਲੇ ਤੋਂ ਉਥੇ ਰਹਿਣ ਵਾਲੇ ਲੋਕਾਂ ਪਾਸੋਂ ਵੀ ਸੁਣੀ ਤੇ ਲਿਖੀ ਗਈ। (ਪੰਡਤ ਬੇਰ ਸਿੰਘ ਨੇ ਦਸਿਆ ਹੈ ਕਿ ਇਥੇ ਕਾਲੇਰੇ ਵਿਣਕਾਂ ਵਿਚ ਵੀ ਬਾਬਾ ਜੀ ਦਾ ਯਾਦਗਾਰੀ ਦਮਦਮਾ ਪ੍ਰਸਿਧ ਹੈ।

ਮਹਾਰਾਜਾ ਰਣਜੀਤ ਸਿੰਘ ਆਏ ਮਿਲੇ

'ਭੋਲੋਕਿਆ' ਪਿੰਡ ਤੋਂ ਚਲ ਕੇ ਆਪ ਜੀ ਅੰਮ੍ਰਿਤਸਰ ਆਇ ਕੇ ਗੁਮਟਾਲੇ ਮੁਕਾਮ ਪਰ ਨਿਵਾਸ ਕੀਤਾ। ਬਹੁਤ ਗਿਨਤੀ ਵਿਚ ਸਿਖ ਸੰਗਤ ਆਪ ਦੇ ਨਾਲ ਸੀ ਤੇ ਇਸ ਇਲਾਕੇ ਦੇ ਲੋਕ ਵੀ ਹਜਾਰਾਂ ਦੀ ਗਿਨਤੀ ਵਿਚ ਆਏ ਜੁੜੇ ਸਨ। ਇਥੇ ਹੀ ਇਸੇ ਸਮੇਂ ਮਹਾਰਾਜਾ ਰਣਜੀਤ ਸਿੰਘ ਵੀ ਸ੍ਰੀ ਅੰਮ੍ਰਿਤਸਰ ਆਏ ਹੋਇ ਸਨ। ਇਨਾਂ ਨੇ ਆਪਣੇ ਮੁਸਾਹਿਬ ਭੇਜ ਕੇ ਬਾਬਾ ਜੀ ਤੋਂ ਮੰਗ ਕੀਤੀ ਕਿ ਆਗਿਆ ਹੋਵੇ ਤਾਂ ਦਰਬਨ ਕਰਨ ਨੂੰ ਆਵਾਂ ਸੋ ਫੁਰਮਾਨ ਹੋਇਆ :—

"ਗੁਰਮੁਖ ਆਵੈ ਜਾਏ ਨਿਸੰਗ" !

ਤਦ ਮਹਾਰਾਜਾ ਰਣਜੀਤ ਸਿੰਘ ਹਾਥੀ ਤੇ ਸਵਾਰ ਹੋ ਕੇ ਆਪਣੇ ਕਈ ਫਜੀਰਾਂ ਸਰਦਾਰਾਂ (ਜਮਾਦਾਰ ਧਿਆਨ ਸਿੰਘ ਆਦਿਕਾਂ) ਸਮੇਤ ਆਏ ਦਰਬਨ ਕੀਤੇ ਸਨ। ਮਹਾਰਾਜਾ ਸਾਹਿਬ ਨੇ ਪਹ ਬਾਲ ਪਰਸਿਆਂ ਦੇ ਅਤੇ ਪੰਜ ਬੋਲੀਆਂ ਰੁਪਿਆਂ ਦੀਆਂ ਭੇਟ ਧਰ ਕੇ ਮਥਾ ਟੇਕਿਆ ਤੇ ਫਿਰ ਹਥ ਜੋੜ ਕੇ ਖੜੇ ਰਹੇ। ਥੋੜੀ ਦੇਰ ਬਾਦ ਐਸਾ ਇਨ੍ਹਾਂ ਦੇ ਖਲੋਤੇ ਰਹਿਣ ਪਰ ਰਾਜਾ ਧਿਆਨ ਸਿੰਘ ਅਤੇ ਗੁਲਾਬ ਸਿੰਘ ਨੂੰ ਬੁੱਕ ਹੋਇਆ ਕਿ ਬਾਬਾ ਜੀ ਇਨਾਂ ਪਰ ਨਾਰਾਜ਼ ਦਿਸਦੇ ਹਨ ਜੋ ਅਜੇ ਤੀਕ ਬੈਠਨ ਦੀ ਆਗਿਆ ਨਹੀਂ ਦਿਤੀ। ਜਦੋਂ ਕਿ ਸਾਰੇ ਹੀ ਅਸੀਂ ਹਥ ਜੋੜ ਖਲੋਤੇ ਹਾਂ ? ਪਰ ਬਾਬਾ ਜੀ ਨੇ ਤਾਂ ਇਤਨੀ ਗਲ ਨਾਲ ਮਹਾਰਾਜਾ ਦੀ ਪ੍ਰੀਖਿਆ ਕੀਤੀ ਕਿ ਕਿਤਨਾ ਕੁਝ ਸਾਡਾ ਸ਼ਰਧਾਲੂ ਹੈ ? ਫਿਰ ਆਪ ਨੇ ਆਪ ਨਿਕਟ ਹੀ ਬੈਠ ਜਾਨ ਦੀ ਆਗਿਆ ਕੀਤੀ ਤੇ ਹਸਦੇ ਹਸਦੇ ਫੁਰਮਾਇਆ : "ਸੁਣ ਭਾਈ ਸਿਖ ! ਤੂੰ ਗੁਰੂ ਸਾਹਿਬ ਸਿੰਘ ਕਾ ਸਿਖ ਅਤੇ ਅਸੀਂ ਵੀ ਗੁਰੂ ਸਾਹਿਬ ਸਿੰਘ ਦੇ ਸਿਖ–ਦੋਏ ਗੁਰੂ ਭਾਈ ਹੋਏ ਤੈਨੂੰ ਉਨਾਂ ਨੇ ਧਰਤੀ ਦਾ ਰਾਜ ਬਖਸ਼ਿਆ ਅਤੇ ਸਾਨੂੰ ਸਵੇਜੀ ਰਾਜ (ਅਧਿਆਤਮਕ ਰਾਜ) ਬਖਸ਼ਿਆ ਹੈ। ਸਾਨੂੰ ਤੁਸਾਡੇ ਇਸ ਭੇਟ ਕੀਤੇ ਪਦਾਰਥ ਦੀ ਲੋੜ ਨਹੀਂ ਕਿਉਂਕਿ ਜਿਸ ਗਲ ਦੀ ਸਾਡੇ ਪਾਸ ਕਮੀ ਨਹੀਂ। ਨ ਕਿਸੇ ਲੜਕੇ ਲੜਕੀ ਦਾ ਵਿਆਹ ਕਰਨਾ ਹੈ। ਫੇਰ ਅਸੀਂ ਕੋਈ ਬ੍ਰਹਮ ਮਖਾਰਥੀ ਨਹੀਂ ਜਾਂ ਜੋ ਇਹ ਕੁਝ (ਤੇਰਾ ਧਨ) ਲੈ ਲਈਏ।

ਇਸ ਦੇ ਉਤਰ ਵਿਚ ਮਹਾਰਾਜਾ ਨੇ ਬੇਨਤੀ ਕੀਤੀ ਕਿ ਮੇਰਾ ਵੀ ਥੋੜਾ ਲੂਣ ਲੰਗਰ ਵਿਚ

ਪੈ ਜਾਣਾ ਚਾਹੀਏ। ਪਰ ਬਾਬਾ ਜੀ ਨੇ ਫੇਰ ਵੀ ਮਨਜ਼ੂਰ ਨਹੀਂ ਕੀਤਾ। ਪਤਾਸੇ ਸਾਰੇ ਹੀ ਬਾਹੀ ਸੈਨਾ ਨੂੰ ਵੰਡਾ ਦਿਤੇ ਸੋ ਨਾਲ ਆਏ ਸਨ ਉਨਾਂ ਵਿਚ ਵੰਡਵਾ ਦਿਤੇ ਅਤੇ ਰੁਪਿਆਂ ਦੀਆਂ ਥੈਲੀਆਂ ਵੀ ਵਾਪਸ ਉਠਾ ਲੈ ਜਾਣ ਨੂੰ ਕਿਹਾ। ਸੋ ਐਸਾ ਹੀ ਹੋਇਆ ਤੇ ਮਹਾਰਾਜਾ ਰਣਜੀਤ ਸਿੰਘ ਨੇ ਆਗਿਆ ਮੰਨਦੇ ਹੋਇਆਂ ਡੰਡੌਤ ਕੀਤੀ ਸਵਾਲ ਜਵਾਬ ਹੋਰ ਕੀਤੇ ਬਿਨਾਂ ਹੀ ਆਪ ਦੇ ਤਿਆਗ ਦੀ ਭਾਵਨਾ ਤੋਂ ਅਸਚਰਜ ਹੋ ਕੇ ਅਸ਼ੀਰਵਾਦ ਪਾ ਨਿਮਸਕਾਰ ਕਰਦਾ ਹੋਇਆ ਗੁਰੂ ਕੇ ਲੰਗਰ ਦਾ ਪ੍ਰਬਾਦਿ ਚਾਹਿਆ। ਸੋ ਪ੍ਰਬਾਦ ਭਾਜਾ ਮੰਗਿਆ ਕੇ ਬਾਬਾ ਜੀ ਨੇ ਤੇ ਹਥ ਪਰ ਹੀ ਰਖ ਕੇ ਬਾਕੀ ਦੇ ਲੋਕਾਂ ਵਾਂਗੂੰ ਭੁਕਿਆ ਤੇ ਲਾਹੌਰ ਨੂੰ ਵਾਪਸ ਹੋਇਆ ਸੀ। ਇਸ ਗਲ ਦਾ (ਬਾਬਾ ਜੀ ਦੀ ਪ੍ਰਭਤਾ ਅਤੇ ਮਹਾਰਾਜਾ ਦੀ ਨਿੰਮਰਤਾ) ਪ੍ਰਭਾਵ ਲੋਕਾਂ ਪਰ ਬਹੁਤ ਪਿਆ ਤੇ ਸੈਤ ਮਹਿਮਾਂ ਤੋਂ ਪ੍ਰਭਾਵਤ ਹੋਏ।

ਕਰੜੇ ਭਵਿਖਤ ਬਚਨ ਉਚਾਰੇ

ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਚਲੇ ਜਾਣ ਬਾਦ ਗੁਮਟਾਲੇ ਅਸਥਾਨ ਪਰ ਬਾਬਾ ਬੀਰ ਸਿੰਘ ਪਲੰਘ ਪੁਰ ਬਿਰਾਜੇ ਹੋਏ ਸਨ। ਦੋ ਤਿੰਨ ਘੜੀਆਂ ਹੀ ਬੀਤੀਆਂ ਸਨ ਕਿ ਬੀਘਰਤਾ ਨਾਲ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਸ਼ਬਦ ਤਿੰਨ ਵੇਰ ਉਚਾਰਨ ਕਰਦੇ ਹੋਇਆ ਆਪਣੇ ਦੋਵੇ ਹਥਾਂ ਨਾਲ ਆਪਣਾ ਦਸਤਾਰ ਨੂੰ ਝੰਮਿਆਂ (ਫੜਿਆ) ਤੇ ਉਠ ਬੈਠੇ, ਅਤੇ ਨੇੜੇ ਬੈਠੇ ਗੁਰਸਿਖਾਂ ਨੂੰ ਐਸਾ ਦੇਖ ਹੈਰਾਨੀ ਹੋਈ ਤਾਂ ਇਨ੍ਹਾਂ ਦੇ ਪੁਛਨ ਪਰ ਫੁਰਮਾਇਆ : ਭਾਈ ਗੁਰਸਿਖੋ ! ਐਸਾ ਦ੍ਰਿਸ਼ ਦੇਖਣੇ ਮੈਂ ਆਇਆ ਹੈ ਕਿ ਬੜਾ ਭਿਆਨਕ ਸਮਾਂ ਸਿਖਾਂ ਪਰ ਬੀਤਨ ਵਾਲਾ ਹੈ। ਜਿਸ ਦੀ ਪਰਮੇਸਰ ਹੀ ਪਤ ਰਖੇਗਾ ਤਾਂ ਰਹੇਗੀ, ਜਾਂ ਅਪਣੇ ਜਿਸਤ ਪਤ (ਪਗੜੀ) ਨੂੰ ਸੰਭਾਲ ਰਖੇਗਾ ਉਹ ਬਚੇਗਾ।

ਫੇਰ ਕਿਹਾ–ਐਸਾ ਵੀ ਭਵਿਖਤ ਦਿਖਾਈ ਦੇ ਰਿਹਾ ਹੈ ਕਿ ਸਿਖਾਂ ਨੂੰ ਲੁਕਣੇ ਵਾਸਤੇ ਵੀ ਥਾਉਂ ਨਹੀਂ ਮਿਲਣੀ। ਸਿਰ ਮੁਨਾ ਕੇ ਜਾਨ ਬਚਾਉਣ ਵਾਲਿਆਂ ਨੂੰ ਨਾਈ ਨਹੀਂ* ਮਿਲਣੇ, * ਐਸਾ ਭਿਆਨਕ ਸਮਾਂ ਇਸ ਵਾਸਤੇ ਵਰਤੇਗਾ ਕਿ ਸਿਖਾਂ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਦਸੀ ਰਹਿਤ ਮਰਯਾਦਾ ਨੂੰ ਤਿਆਗ ਦਿਤਾ ਹੈ। ਜਿਸ ਦੁਕਾਨ ਵਿਚੋਂ ਕਢ ਕੇ ਗੁਰੂ ਜੀ ਨੇ ਇਨ੍ਹਾਂ ਨੂੰ ਸਿੰਘ ਸਜਾਇਆ ਸੀ, ਬਲਵਾਨ ਜੋਧ ਬਣਾਇਆ ਸੀ, ਉਸ ਵਡਿਆਈ ਨੂੰ ਭੁਲਾ ਕੇ ਗਊ ਬਰਾਹਮਣ ਦੀ ਰਖਿਆ ਅਤੇ ਨਿਆਏ ਵਿਚ ਵਰਤਨਾ ਵਰਤਾਣਾ ਛਡ ਦਿਤਾ ਹੈ। ਇਥੇ ਬ੍ਰਾਹਮਣ ਸ਼ਬਦ ਤੋਂ ਮਤਲਬ ਗੁਰਮਤ ਅਨੁਸਾਰ–ਬ੍ਰਹਮ ਦਾ ਵਿਚਾਰ ਕਰਨ ਵਾਲਾ, ਸੰਤ-ਗੁਰਮੁਖ ਕੋਈ ਸਿਖ ਵੀ ਹੋਵੇ ਉਹੀ ਪ੍ਰਵਾਨ ਹੈ। "ਸੋ ਬ੍ਰਾਹਮਨ ਜੋ ਬ੍ਰਹਮ ਬੀਚਾਰ"। ਸੋਹੰ ਜਾਉ ਜਗੀਰ ਤੇ ਬ੍ਰਾਹਮਨ ਨੂੰ ਦੁਖ ਦੇਣ ਲਗ ਪਏ ਹਨ। ਗੁਰੂ ਮਰਿਆਦਾ ਤੋਂ ਮਨਮੁਖ ਹੋ ਕੇ ਮਨਮਤ ਕਰ ਰਹੇ ਹਨ। ਮੁਤ ਬ੍ਰਾਹਮਨ ਦਾ ਬ੍ਰਾਹਮਨ, ਖਤਰੀ ਦਾ ਖਤਰੀ, ਕਿਰਾੜ ਦਾ ਕਿਰਾੜ, ਸੀਰੀ ਦਾ ਸੀਰਾ, ਜਾਟ ਦਾ ਜਾਟ, ਲੁਹਾਰ ਦਾ ਲੁਹਾਰ, ਤਰਖਾਣ ਦਾ ਤਰਖਾਣ, ਨਾਊ ਦਾ ਨਾਊ, ਸਿੰਘ ਪਦਵੀ ਬਖਸ਼ੀ ਸੀ ਮੁਤ ਉਨਾਂ ਦੁਕਾਨਾਂ ਵਿਚ ਵੜਦੇ ਜਾ ਰਹੇ ਹਨ। ਇਸ ਵਾਸਤੇ ਗੁਰੂ ਜੀ ਨੇ ਅਗਮਾਨਾ ਦੇ ਤਿਆਗ ਕਰਨ ਦਾ ਇਨਾਂ ਨੂੰ ਫਲ ਮਿਲਨਾ ਜਰੂਰੀ ਸੀ ਜੋ ਮਿਲੇਗਾ।

*ਵਰਨ ਸਤਿ ਹੋਇ ਸਿਖ ਰਾਜ ਖਤਮ ਹੋਇ ਪਿਛੋਂ ਅੰਗ੍ਰੇਜ਼ਾਂ ਦੀ ਸਖਤੀ ਤੋਂ ਡਰ ਕੇ ਹਜ਼ਾਰਾਂ ਸਿਰ ਮੁੰਨਾ ਕੇ ਪਤਤ ਹੋ ਗਏ ਸਨ।

Scanned with CamScanner

ਬਾਬਾ ਜੀ ਨੇ ਆਪਣੇ ਸਮੀਪ ਬੈਠੇ ਗੁਰਸਿਖਾਂ ਨੂੰ ਦਸਿਆ ਕਿ ਗੁਰਸਿਖੋ ! ਐਸਾ ਸਮਾਂ ਵਰਤੇਗਾ ਕਿ ਬਹੁਤਿਆਂ ਨੂੰ ਤਾਂ ਆਪਣੇ ਪੁਤ੍ਰੀ ਸਿੰਘ ਸ਼ਬਦ ਹੀ ਭੁਲ ਜਾਏਗਾ ਭਾਵ ਲੋਪ ਹੋ ਜਾਏਗਾ। (ਐਸੇ ਵੇਲੇ ਸਿੰਘ ਸ਼ਬਦ ਨਾਲ ਪੂਰਾ ਨਾਮ ਦਸਣ ਦੀ ਬਜਾਏ ਕੇ ਐਸ. ਬੀ. ਐਸ. ਆਂਞੀ ਐਸ ਆਂਦਿਕ ਲਿਖਦੇ ਹਨ) ਨਾਮ ਪ੍ਰਚਲਤ ਹੋ ਚੁਕੇ ਹਨ) ਭਲਾ ਜੇ ਕਿਤੇ ਕਿਤੇ ਸਿੰਘ ਸ਼ਬਦ ਰਹਿ ਜਾਏਗਾ ਤਦ ਸਿਖਾਂ ਵਾਲੇ ਚਲਨ ਕਿਰਤ ਮਰਯਾਦਾ ਤੋਂ ਰਹਿਤ ਹੋ ਕੇ ਵਿਭਚਾਰਆਤੀ ਅਭ੍ਰਿਤਘਣ, ਮਿਤਰਘਾਤੀ, ਆਪਸ ਵਿਚ ਵਿਰੋਧ, ਲੋਭ ਲਾਲਚ ਤੇ ਮੰਤਸਰ ਬਖੀਲੀ ਕਰਨੀ ਵਿਭਚਾਰੀ ਹੋ ਕੇ ਚੋਰੀ ਯਾਰੀ ਕਰਨੀ ਤੇ ਬੇਇੱਤਵਾਰੀ ਪਸਰੇਗੀ। ਪਿਤਾ ਪੁਤਰ ਦੋ ਨਾਲ ਤੇ ਮਾਤਾ ਲੜਕੀ ਨਾਲ ਦਗਾ ਫਰੇਬ ਕਰਨ ਤੋਂ ਨਹੀਂ ਹਟੇਗੀ। ਕੁਲੀਨ-ਅਕੁਲੀਨ (ਉਚੀ ਕੁਲ ਜਾਂ ਨਵੀਂ ਕੁਲ) ਦਾ ਭੇਦ ਧਨ ਦੇ ਲਾਲਚ ਕਾਰਨ ਮਿਟ ਜਾਏਗਾ। ਧਨ ਲੈ ਕੇ ਲੋਕੀਂ ਬੈ ਲਿਖੇ ਵੇਚਨਗੇ, ਅਤੇ ਸਹੁਰਿਆਂ ਦਾ ਧਨ ਵੇਲਤ ਸਮੇਟ ਕੇ ਧੀਆਂ ਵੀ ਨਸ ਜਾਇਆ ਕਰਨਗੀਆਂ, ਤੇ ਹੋਰ ਵੀ ਪਾਪ ਅਪਦ੍ਵ ਵਧ ਜਾਣ ਨਾਲ ਭਿਆਨਕ ਕਲਜੁਗ ਹੀ ਵਰੋਤਿਆ ਭਾਸੇਗਾ। ਕੋਈ ਵਿਰਲਾ ਹੀ ਸਤਿ ਪੁਰਖ ਐਸੇ ਪਾਪ ਚਕਰ ਤੋਂ ਬਚ ਕੇ ਰਹਿ ਸਕੇਗਾ। ਗੁਰੂ ਸਾਹਿਬ ਨੇ ਠੀਕ ਹੀ ਫੁਰਮਾਇਆ ਹੈ:

"ਇਕਸ ਚੁਹੁ ਚਹੁ ਕਿਆ ਗਣੀ ਸਭ ਇਕੁਸ ਸਾਦਿ ਮੁਠੀ" ॥ (੨੧੯)

ਬਾਬਾ ਬੀਰ ਸਿੰਘ ਨੇ ਬੜੇ ਵੈਰਾਗ ਭਰੇ ਲਹਿਜੇ ਵਿਚ ਫੇਰ ਫੁਰਮਾਇਆ ਕਿ ਹੇ ਗੁਰਸਿਖੋ ! ਪਿਆਰਿਓ ! ਗੁਰੂ ਤੋਂ ਬੇਮੁਖ ਹੋਏ, ਮਨਮਤੀਏ ਤੇ ਮਲੇਛ ਰੂਪ ਹੋ ਚੁਕੇ ਸਿਖਾਂ ਦੀ ਗੁਰੂ ਬੇਹੁਰੀ ਨਹੀਂ ਕਟੇਗਾ। (ਪੰਡਤ ਸ਼ੇਰ ਸਿੰਘ ਨੇ ਗੁਰ ਬਿਲਾਸ ਸਫਾ ੧੦੫੨ ਪੁਰ ਲਿਖਿਆ ਕਿ ਹੋਰ ਵੀ ਐਸੇ ਭਵਿਖ ਵਾਕ ਉਚਾਰਨ ਕਰਕੇ ਵੈਰਾਗ ਰੂਪਤਾ ਵਿਚ ਬਾਬਾ ਜੀ ਚੁਪ ਹੋ ਗਏ ਤੇ ਇਹ ਬਚਨ ਸੰਮਤ ੧੯੮੭-ਦੇ ਵਿਚ ਆਪ ਨੇ ਉਚਾਰਨ ਕੀਤੇ ਸਨ। ਫਿਰ ਕੁਝ ਦਿਨ ਹੋਰ ਗੁਮਟਾਲੇ ਨਿਵੇਸ ਮਗਰੋਂ ਆਪ ਜੀ 'ਨੰਦੇੜ' ਦੇ ਸੰਤੋਪੁਰੇ ਡੇਰੇ ਵਿਚ ਆਏ ਬਿਰਾਜੇ। ਤੇ ਇਨ੍ਹਾਂ ਭਵਿਖਤ ਵਾਕਾਂ ਦੀ ਚਰਚਾ ਸਾਰੇ ਦੇਸ ਵਿਚ ਫੈਲ ਗਈ ਸੀ। ਤੇ ਕਈ ਪੰਜ ਪੀਰੀਏ, ਭੇਖੀ ਸਿਖਾਂ ਨੇ ਐਵੇ ਗਪ ਗਪੋੜੇ ਹੀ ਜਾਣਿਆ ਸੀ। ਜੋ ਭਵਿਖਤ ਸ਼ੇਰ ਸਿੰਘ ਲਿਖਦੇ ਹਨ ਕਿ ਕਿਵੇਂ ਇਹ ਵਾਕ ਸਤ ਹੋਇ ਤੇ ਕਦੋਂ ਸਤ ਹੋਇ ਸੀ। ਅਗਲੇ ਪੈਰਿਆਂ ਵਿਚ ਪੜਾਂਦੇ।

ਕੁਝ ਦਿਨ ਬੀਤੇ ਮਗਰੋਂ ਫੇਰ ਬਾਬਾ ਜੀ ਨੇ ਦੀਵਾਨ ਵਿਚ ਬੈਠੇ ਹੋਇਆਂ ਐਸੇ ਬਿਲਾਸ ਦੇ ਬਚਨ ਕੀਤੇ ਕਿ ਦੂਣੇ ਭਾਈ ਗੁਰਸਿਖੋ ! ਗੁਰੂ ਕੇ ਸਾਹਿਬਜ਼ਾਦਿਓ, ਐਸੀ ਆਬਾਦੀ ਵਧ ਜਾਏਗੀ ਕਿ ਸੌਨੂੰ ਨਾਲ ਸੌਨੂੰ, ਮੌਨੂੰ ਨਾਲ ਮੌਨੂੰ ਖੋਹਰੇਗਾ, ਗਾਊਆਂ ਦੇ ਖਲੋਣ ਵਾਸਤੇ ਥਾਉਂ ਨਹੀਂ ਮਿਲੇਗੀ, ਇਕ ਅਲੋਛ ਪੰਥ ਦਾ ਜਹਾਜ ਡੁਬਨੇ ਵਾਲਾ ਹੀ ਹੈ। ਭਾਈ ਜਿਸ ਮੈਂ ਸਮਰਥਤਾ ਹੈ ਜੋ ਸਮਰਥਾ ਵਾਲਾ ਹੈ ਇਸ ਦੀ ਰਖਿਆ ਕਰੇ। ਸਤ ਤੋ ਕਿ ਜਿਸ ਪੰਥ ਦੇ ਵਾਲੀ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਇਸਤਾਂ ਦੇ ਇਸ ਉਪਰੋਂ ਆਪਣਾ ਹਥਵਾਲਾ ਹਥ ਉਠਾ ਲਿਆ ਹੈ, ਤਥ ਹੋਰ ਕਿਸੇ ਦੀ ਕੀ ਸਮਰਥਾ ਹੈ ਜਾਂ ਪ੍ਰਬੰਧ ਹੈ ਜੋ ਰਖਿਆ ਕਰੇ। ਐਸੇ ਬਚਨ ਭਾਵੀ ਦੇ ਭਵਿਖਤ ਸੁਣ ਕੇ ਸੰਗਤ ਫੇਰ ਅਸਚਰਜ ਹੋਈ ਤੇ ਸੰਗਤ ਨੇ ਫੇਰ ਪੁਛਿਆ।

ਮਹਾਂਰਾਜ ਬਾਬਾ ਸਾਹਿਬ ਜੀਓ ! ਇਸ ਵੇਲੇ ਸਿਖ ਰਾਜ ਇਤਨਾ ਪ੍ਰਬਲ ਤੇ ਪਕਾ ਹੈ ਫੇਰ ਕਿਸ ਤੋਂ ਭੈ ਖਾਂਦੇ ਦੂਜੇ ਦੇਸਾਂ ਦੇ ਬਹਾਦਰ ਲੋਕ ਵੀ ਭੈ ਖਾਂਦੇ ਹਨ। ਭਲਾ ਇਨ੍ਹਾਂ ਦਾ ਇਹ ਰਾਜ ਕਿਵੇਂ ਨਹੀਂ ਰਹੇਗਾ। ਤਦ ਉਤਰ ਵਿਚ ਵੀ ਕਈ ਐਸੇ ਵਿਚਾਰਵਾਨ ਬੈਠੇ ਸਨ। ਉਹਨਾਂ ਨੇ ਕਿਹਾ ਕਿ ਭਰਾਵੋ ! ਹੈ ਤਾਂ ਠੀਕ-ਸਿਖ ਰਾਜ ਹੁਣ ਬਹੁਤ ਪੱਕਾ ਤੇ ਪ੍ਰਬਲ ਹੈ-ਪਰ ਭਵਿਖਤ ਦੀ ਜਾਣਨਹਾਰ ਬਾਬਾ

ਜੀ ਨੇ ਜੋ ਕਿਹਾ ਹੈ-ਉਹ ਵੀ ਸੰਤ ਬਚਨ ਹੈ। ਸਾਧ ਬਚਨ ਅਟਲਾਧਾ ਹੈ। ਸੂਰਜ ਏਂਨ ਦੇਵੇ ਆਪਣੀ ਮਰਯਾਦਾ ਛਡ ਕੇ ਉਲਟੇ ਚਲਦੇ ਹੋਣ ਤਾਂ ਮੰਨ ਲਵੇ। ਪਰ ਸੰਤ ਬਚਨ ਸਦਾ ਸਤ ਹੋਣਗੇ-ਗੁਰਬਾਣੀ ਅਨੁਸਾਰ ਸੰਦੇਹ ਨਹੀਂ ਹੈ।

"ਇਕ ਸਾਧ ਬਚਨ ਅਟਲਾਧਾ" ॥

ਫੇਰ ਦਸਿਆ।

ਸੰਤਨ ਕੀ ਸੁਨਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥ (੯੬੪)

ਇਤਿਆਦਿਕ ਵਾਕ ਬਾਬਾ ਜੀ ਦੇ ਜਰੂਰ ਵਰਤੇ ਬਿਨਾ : ਰਹਿ ਨਹੀਂ ਸਕਦੇ। ਕੁਝ ਦੇ ਵਿਚਾਰ ਇਹ ਸਨ, ਕਿਉਂਕਿ :—

ਜੋ ਭਾਵੈ ਕਰਤਾਰ ਕੋ ਸੋ ਸੰਤਨ ਮਨ ਮਾਨ
ਸੰਤ ਰਾਮ ਮੈਂ ਭੇਦ ਨਹ ਬੇਦਨ ਕੀਨ ਬਖਾਨ (ਬੀਰ ਮ੍ਰਿਗੇਸ਼ ੧੦੫੩)

ਸ੍ਰੀ ਬਾਬਾ ਬੀਰ ਸਿੰਘ ਦੀ ਮਹਾਨਤਾ

ਤੂੰ ਜਾਣਾਇਹਿ ਤਾਂ ਕੋਈ ਜਾਣੈ-ਤੇਰਾ ਦੀਆ ਨਾਮੁ ਵਖਾਣੈ ॥ (੫੬੩)

ਪੰਜਾਬ ਦੇ ਪੰਜ ਦਰਿਆਵਾਂ ਵਿਚੋਂ ਜਿਹਲਮ ਦਰਿਆ ਬਹੁਤ ਪ੍ਰਸਿਧ ਹੈ, ਜੋ ਸ੍ਰੀ ਨਗਰ ਕਸ਼ਮੀਰ ਕੁਝ ਦੂਰ ਹੋਇਆ ਪੋਣੋਹਾਰ ਵਿਚੋਂ ਵਗਦਾ (ਦੂਣ ਦੇ ਪਾਕਿਸਤਾਨ ਵਿਚ) ਸਤਲੁਜ, ਬਿਆਸ। ਰਾਵੀ ਚਨਾਬ ਨਾਲ ਮਿਲਦਾ ਫੇਰ ਅਟਕ (ਸਿੰਧ) ਨਾਲ ਇਕ ਰੂਪ ਹੋ ਕੇ ਸਮੁੰਦਰ ਵਿਚ ਜਾ ਲੀਨ ਹੁੰਦਾ। ਇਸ ਜਿਹਲਮ ਦਰਿਆ ਦੇ ਕਿਨਾਰੇ (ਪੋਠੋਹਾਰ ਵਿਚ) ਇਕ ਛੁਟਾਲਾ ਨਾਮ ਦਾ ਨਗਰ ਹੈ। ਇਸ ਛੁਟਾਲੇ ਦਾ ਭਾਈ ਕਾਹਨ ਸਿੰਘ ੧, ਸਿਆਮ ਸਿੰਘ ੨, ਭੈਰੂ ਦਾ ਭਾਈ ਲਾਲ ਸਿੰਘ ੩, ਬਖਸੀ ਨੰਦ ਸਿੰਘ ੪,ਅਤੇ ਚੋਹੇ ਪਿੰਡ (ਜਿਲਾ ਰਾਵਲਪਿੰਡੀ) ਦਾ ਜੈ ਸਿੰਘ ਬਖਸ਼ੀ ਸੀ (ਸਾਰੀ ਫੌਜ ਦਾ) ਇਹ ਪੰਜੇ ਪ੍ਰੇਮੀ ਸਿਖ ਪੋਠੋਹਾਰ ਦੇ ਸ੍ਰੀ ਬਾਬਾ ਜੀ ਦੇ ਚਰਨਾਂ ਵਿਚ ਹਾਜਰ ਰਹਿਣ ਵਾਲੇ ਸਨ। ਤਿਵੇਂ ਹੀ ਭਾਈ ਮੋਹਨ ਸਿੰਘ ਨੂੰ, ਭਾਈ ਭਗਤ ਸਿੰਘ ਉਸਮਾ ੭, ਭਾਈ ਸਾਵਨ ਸਿੰਘ ਲਵੇਰਾ ੮, ਭਾਈ ਵਸੀਰ ਸਿੰਘ ਡੇਸੋਖਨੀਆਂ ਦੇ ਵੀ ਜੀ ਇਨ੍ਹਾਂ ਸਾਰੇ ਨੇਂ ਸਿੰਘਾਂ ਵਿਚੋਂ ਉਠ ਕੇ ਭਾਈ ਜੈ ਸਿੰਘ ਦੇਹੇ ਵਾਲੇ ਨੇ ਬੇਨਤੀ ਕੀਤੀ। ਕਿ ਇਕ ਦਿਨ ਹੈ ਇਹ ਕਿਵੇਂ ਹੈ ਕੀ ਇਹ ਫੁਲਬੈਹਰੀ ਦਾ ਹੈ, ਜਾਂ ਕਦੀ ਚੋਟ ਲਗੀ ਤੇ ਉਹ ਨਿਸ਼ਾਨ ਹੈ। ਸਭ ਸਿੰਘ ਸਾਡੇ ਵਿਚ ਸ੍ਰੀ ਬਾਬਾ ਜੀ ਨੇ ਫੁਰਮਾਇਆ ਭਾਈ ਗੁਰਸਿਖਾ ਇਹ ਓਸ ਦਾਗ਼ ਦੀ ਨਿਸਾਨੀ ਹੈ ਜੋ ਸਾਨੂੰ ਵੈਰੀ ਨੇ ਸ੍ਰੀ ਅਨੰਦਪੁਰ ਵਿਚ ਸੀ, ਤੇ ਜਦ ਕਦੀ ਅਸੀ ਕਿਸੇ ਸ੍ਰੀਰ ਵਿਚ ਸ੍ਰੀ-ਅਕਾਲ ਪੁਰਖ ਨੂੰ ਧਿਆਉਂਦੇ ਹੁੰਦੇ ਰਹੇ ਹਾਂ ਜਾਂ ਹੁੰਦੇ ਰਹਾਂਗੇ ਇਹ ਦਾਗ਼ ਕਾਇਮ ਰਹਿਣਗੇ ਹੀ। ਇਸ ਬਚਨ ਨੂੰ ਸੁਣ ਕੇ ਪ੍ਰੇਮੀ ਗੁਰਸਿਖਾਂ ਨੂੰ ਨਿਸਚੇ ਹੋਇਆ ਕਿ ਆਪ ਹੀ ਪੂਰਿਲੇ ਜਨਮ ਵਿਚ ਗੁਰੂ ਰੂਪ ਸਨ ਤੇ ਹੁਣ ਬਾਬਾ ਬੀਰ ਸਿੰਘ ਰੂਪ ਵਿਚ ਬਾਬਾ ਸਾਹਿਬ ਸਿੰਘ ਮਹਾਂਰਾਜ ਦੇ ਪ੍ਰੇਮੀ ਪਿਆਰੇ ਸਿਖ ਹੋ ਪ੍ਰਗਟੇ ਹਨ।

Scanned with CamScanner

ਨੋਟ : ਇਹ ਵਿਚਾਰ ਆਪਣੇ ਆਪਣੇ ਉਹਨਾਂ ਪ੍ਰੇਮੀ ਗੁਰਸਿਖਾਂ ਦੇ ਸਨ ਜਿਨਾਂ ਨੇ ਨਿਕਟਵਰਤੀ ਹੋ ਕੇ ਸ੍ਰੀ ਬਾਬਾ ਬੀਰ ਸਿੰਘ ਦੇ ਕਈ ਅਸਚਰਜ ਕਰ ਦੇਣ ਵਾਲੇ ਕਾਰਨਾਮੇ ਦੇਖੇ ਸੁਣੇ ਸਨ, ਪਰ ਲੋਕ ਵੀ ਹਰ ਜਮਾਨੇ ਵਿਚ ਹੋਇ ਹਨ ਜੋ ਅਵਤਾਰਾਂ ਦੇ ਅਤੇ ਸਤਿਗੁਰਾਂ ਦੇ ਵਿਰੋਧੀ ਅਤੇ ਨਿੰਦਕ ਵੀ ਰਹੇ ਹਨ। ਪਰ ਉਹ ਮਹਾਨ ਹਸਤੀਆਂ ਆਪਣੇ ਆਪ ਵਿਚ ਜੋ ਕੁਝ ਸਨ–ਉਹ ਆਪ ਨੂੰ ਆਪ ਹੀ ਜਾਨਦੀਆਂ ਸਨ। ਉਨਾਂ ਦੀ ਅੰਤ੍ਰੀਵ ਜੋਤ ਆਤਮਾ ਦੀ ਪ੍ਰਬਲਤਾ ਅਤੇ ਮਹਾਨਤਾ ਨੂੰ ਅਸੀ ਤੁਛ ਬੁਧੀ ਦੇ ਲੇਖਕ ਨ ਜਾਣ ਸਕਦੇ ਨ ਲਿਖ ਸਕਦੇ ਹਾਂ।

ਪਰ ਉਸ ਵਕਤ ਦੇ ਉਨ੍ਹਾਂ ਦੇ ਨਿਕਟ ਵਰਤੀਆਂ ਨੂੰ ਤਾਂ ਇਓਂ ਭੀਕ ਪੂਰਾ ਵਿਸ਼ਵਾਸ ਸੀ ਕਿ ਸ੍ਰੀ ਬਾਬਾ ਸਾਹਿਬ ਸਿੰਘ ਬੇਦੀ (ਗੁਰੂ ਨਾਨਕ ਗੋਬਿੰਦ ਰੂਪ) ਜੋਤੀ ਸਰੂਪ ਦੇ ਅਵਤਾਰ ਸਨ ਤੇ ਜਗਤ ਉਧਾਰ ਵਾਸਤੇ ਬਾਬਾ ਬੀਰ ਸਿੰਘ ਸਾਹਿਬ ਵੀ ਇਸ ਵੇਲੇ (ਗੁਰਸਿਖ ਮੀਤ ਚਲੋ ਗੁਰ ਚਾਲੀ) ਗੁਰ ਮੁਖਤਾ ਦੀ ਗੁਰੂ ਵਲੂੰ ਚਲਾਈ ਚਾਲ ਤੇ ਚਲਦੇ ਅਤੇ ਚਲਾਵਨ ਦੀ ਕਾਰ ਕਰਾ ਰਹੇ ਹਨ। ਆਪ ਦੀ ਅੰਤਰ ਯਾਮਤਾ ਅਤੇ ਪ੍ਰਭਤਾ ਨੂੰ ਪ੍ਰਗਟਾਉਣ ਵਾਲੀਆਂ ਕੁਝ ਅਸਚਰਜ ਸਾਖੀਆਂ ਇਸ ਤਰ੍ਹਾਂ ਦੀਆਂ ਹਨ ਜੋ ਲੋਕਾਂ ਦੀ ਸਰਧਾ ਭਾਵਨਾ ਨੂੰ ਸ੍ਰੀ ਬਾਬਾ ਬੀਰ ਸਿੰਘ ਪ੍ਰਤੀ ਪ੍ਰਪੱਕ ਕਰਦੀਆਂ ਸਨ।

ਸ੍ਰੀ ਬਾਬਾ ਸਾਹਿਬ ਵਲੂੰ ਘੜਿਆਲ ਦੀ ਬਖਸ਼ਸ਼
ਸ੍ਰੀ ਦਰਬਾਰ ਸਾਹਿਬ ਦੇ ਪੁਜਾਰੀ ਭਾਈ ਮਖਣ ਸਿੰਘ ਪ੍ਰਤੀ

ਭਾਈ ਮਖਣ ਸਿੰਘ ਨਾਮੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਪੁਜਾਰੀ ਵੀ ਸੀ ਹਜੂਰ ਬਾਬਾ ਸਾਹਿਬ ਸਿੰਘ ਜੀ ਦਾ ਬਹੁਤ ਪ੍ਰੇਮੀ ਸੀ। ਇਸ ਨੂੰ ਬੁਲਾ ਕੇ ਇਕ ਦਿਨ ਬਾਬਾ ਜੀ ਨੇ ਇਕ ਘੜਿਆਲ ਦੇ ਕੇ ਫੁਰਮਾਇਆ–ਅਸੀਂ ਹੁਣ ਤੋਂ ਬਾਬਾ ਬੀਰ ਸਿੰਘ ਵਿਚ ਵਰਤਾਂਗੇ, ਇਹ ਅਮਾਨਤ ਸੰਭਾਲ ਰਖੀਂ ਤੇ ਜਦੋਂ ਬੀਰ ਸਿੰਘ ਰੂਪ ਵਿਚ ਪ੍ਰਸਿਧ ਹੋ ਕੇ ਤੇਰੇ ਤੋਂ ਮੰਗ ਕਰਨੀ ਹੈ ਤੈਨੂੰ ਉਸ ਵੇਲੇ ਸਾਨੂੰ ਸਾਡੀ ਅਮਾਨਤ ਦੇਣੀ ਹੈ। ਇਹ ਜਿਕਰ ਬਾਬਾ ਸਾਹਿਬ ਸਿੰਘ ਜੀ ਨੇ ਪੁਜਾਰੀ ਮਖਣ ਸਿੰਘ ਪਰਵਾਰ ਨੂੰ ਸੰਮਤ ੧੯੮੯ ਸਾਵਣ ਪੰਚਮੀ ਦਿਨ ਸੋਮਵਾਰ ਅਧਿਆਨ (ਦੋਹਰ) ਦੇ ਸਮੇਂ ਕੀਤਾ ਹੈ। ਫਿਰ ਜਦੋਂ ਬਾਬਾ ਸਾਹਿਬ ਸਿੰਘ ਜੀ ਤੋਂ ਬਾਦ ਬਾਬਾ ਬੀਰ ਸਿੰਘ ਦਾ ਪ੍ਰਤਾਪ ਬਹੁਤ ਵਧ ਗਿਆ ਸੁਣਿਆ ਤਦ ਭਾਈ ਮਖਣ ਸਿੰਘ ਬਾਬਾ ਬੀਰ ਸਿੰਘ ਜੀ ਦੇ ਦਰਸ਼ਨ ਨੂੰ ਆਇਆ, ਪਰ ਇਸ ਨੂੰ ਇਹ ਭੁਲ ਚੁਕਾ ਸੀ ਕਿ ਮੈਂ ਪਾਸ ਕੁਝ ਇਨ੍ਹਾਂ ਦੀ ਅਮਾਨਤ ਹੈ।

ਸੰਤ ਸ੍ਰੀ ਬੀਰ ਸਿੰਘ ਜੀ ਨੇ ਭਰੀ ਸਭਾ ਵਿਚ ਇਸ ਤੋਂ ਆਪਣੀ ਅਮਾਨਤ ਦੀ ਮੰਗ ਕੀਤੀ, ਪਰ ਜਦੋਂ ਉਹ ਸਾਰਾ ਜਿਕਰ ਸੁਣਾਇਆ ਕਿ ਤੇਰੇ ਪਾਸ ਅਸੀ ਇਕ ਘੜਿਆਲ ਦੀ ਅਮਾਨਤ (ਬਾਬਾ ਸਾਹਿਬ ਸਿੰਘ ਰੂਪ ਵਿਚ) ਧਰੀ ਸੀ। ਸੁਣਦੇਸਾਰ ਭਾਈ ਮਖਣ ਸਿੰਘ ਮੋਹਿਆ ਗਿਆ ਤੇ ਘੜਿਆਲ ਲਿਆਕੇ ਨਾਲ ਹੀ ਆਪਣਾ ਜਵਾਨੀ ਚੜਦਾ ਬੇਟਾ (ਭਾਈ ਲਹਿਣਾ ਸਿੰਘ ਨਾਮ) ਬੀਰ ਸਿੰਘ ਦੀ ਭੇਟ ਵਰਗੇ ਗੁਰੂ ਦੇ ਚਰਨਾਂ ਨਾਲ ਲਿਪਟ ਗਿਆ ਕਿ ਇਸ ਤਾਈਂ ਹੁਣ ਆਪ ਹੀ ਸੰਭਾਲੀਏ ਤੇ ਇਸਦਾ ਜੀਵਨ ਸੁਫਲਾ ਕਰ ਵਖਾਈਏ।

ਪੰਡਤ ਸ਼ੇਰ ਸਿੰਘ ਨੇ ੨੦ ਧਿਆਏ ਸਫਾ ੧੦੪੫ ਬੀਰ ਮ੍ਰਿਗੇਸ਼ ਵਿਚ ਲਿਖਿਆ ਕਿ ਇਹ ਲਹਿਣਾ ਸਿੰਘ ਫਿਰ ਬਹੁਤ ਪ੍ਰੇਮੀ ਅਤੇ ਵਿਦਵਾਨ ਬਣਿਆ ਜੋ ਬਾਬਾ ਜੀ ਦੀ ਸੇਵਾ ਕਰਦਾ ਹੁੰਦਾ ਸੀ ਤੇ ਪ੍ਰਮਾਰਥ ਮਰਯਾਦਾ ਵਿਚ ਵਰਤਨ ਵਰਤਾਨ ਦੀ ਸਿਖਿਆ ਸਮਝਾਇਆ, ਸੁਣਾਇਆ ਕਰਦਾ ਹੁੰਦਾ ਸੀ, ਤੇ ਆਪਣੇ ਪਿਤਾ ਪੁਜਾਰੀ ਮਖਣ ਸਿੰਘ ਨਾਲੋਂ ਵੀ ਬਹੁਤ ਪ੍ਰੇਮੀ ਸਾਬਤ ਹੋਇਆ ਸੀ।

ਇਹ ਬਹੁਤ ਮਿਠ ਬੋਲਾ ਅਤੇ ਅੰਤ ਪ੍ਰਬੰਤ ਬਾਬਾ ਬੀਰ ਸਿੰਘ ਦੀ ਪ੍ਰਸੰਨਤਾ ਦਾ ਪਾਤਰ ਹੋ ਕੇ ਅੰਮ੍ਰਿਤ ਪ੍ਰਚਾਰ ਦੀ ਸੇਵਾ ਕਰਦਾ ਰਿਹਾ ਸੀ। ਬੀਰ ਮ੍ਰਿਗੇਸ਼ ਗ੍ਰੰਥ ਵਿਚ ਇਸ ਦੀ ਸੇਵਾ ਤੇ ਮਨ ਨੀਵਾਂ ਮਤ ਉਚੀ ਦੀ ਪ੍ਰਸੰਸਾ ਵਿਚ ਬਹੁਤ ਸੁੰਦਰ ਸ਼ਬਦ ਲਿਖੇ ਹਨ ਕਿ ਧੰਨ ਇਸ ਦੇ ਪਿਤਾ ਭਾਈ ਮਖਣ ਸਿੰਘ ਅਤੇ ਮਾਤਾ ਜੀ ਹਨ ਜਿਨ੍ਹਾਂ ਨੇ ਐਸਾ ਪੁਤਰ ਜਣਿਆ ਜੋ ਬਾਬਾ ਜੀ ਦੀ ਸੇਵਾ ਕਰਦਾ ਆਪ ਜੀਵਨ ਮੁਕਤ ਤੇ ਦੂਜਿਆਂ ਦਾ ਉਧਾਰ ਕਰਨ ਵਾਲਾ ਸਾਬਤ ਹੋਇਆ ਹੈ। ਇਸ ਦੀ ਅੰਮ੍ਰਿਤ ਪ੍ਰਚਾਰ ਦੀ ਸੇਵਾ ਅਤੇ ਹੋਰ ਗੁਣਾਂ ਦੀ ਸਿਫਤ ਕਰਨੀ ਬਹੁਤ ਕਠਨ ਹੈ–ਐਸੀ ਨਿਵਚਲਨ ਤੇ ਮਿਠਾ ਬੋਲਣ ਦੀ ਆਦਿਤ ਵਾਲਾ ਸੀ।

ਬਾਵਿਆਂ ਦੇ ਸੰਗਤਪੁਰੇ ਵਿਚ ਨਿਵਾਸ

ਸੰਮਤ ੧੯੯੯ ਮੰਘਰ ਦੇ ਮਹੀਨੇ ਬਾਬਾ ਬੀਰ ਸਿੰਘ ਸਾਹਿਬ "ਬਵਿਆਂ ਕੇ ਸੰਗਤ ਪੁਰੇ ਆਏ। ਇਓਂ ਦਾ ਸੋਢੀ ਰੰਗਤ ਸਿੰਘ ਆਪ ਦੇ ਦਰਸ਼ਨ ਮਾਤਰ ਤੋਂ ਹੀ ਬਹੁਤ ਪ੍ਰਭਾਵਤ ਹੋਇਆ ਸੀ। ਗੁਰਮਤਿ ਗੁਰਬਾਣੀ ਉਪਦੇਸ਼ ਦਾ ਪ੍ਰਚਾਰ ਆਪ ਦਵਾਰਾ ਸੁਣ ਕੇ ਮਾਨੋ ਆਪ ਵੀ ਆਪਣੀ ਅਪਣਤ ਨੂੰ ਭੁਲਾ ਕੇ ਬਾਬਾ ਸੰਤ ਸਿੰਘ ਜੀ ਦੇ ਚਰਨਾ ਦਾ ਭੌਰਾ ਹੀ ਬਣ ਕੇ ਸੇਵਾ ਵਿਚ ਰਹਿਣ ਲਗ ਪਿਆ ਸੀ।

ਇਥੇ ਸੰਗਤ ਪੁਰੇ ਵਿਚ ਹੀ ਇਕ (ਰੋਸਲ ਗ੍ਰਾਮ ਦੇ ਨਿਵਾਸੀ) ਜੱਟ ਮੋਲਾ ਸਿੰਘ ਨਾਮ ਦੇ ਬੰਦੇ ਨੇ ਦਰਬਾਰ ਵਿਚ ਬੈਠੇ ਹੋਇਆਂ ਬਾਬਾ ਜੀ ਅਗੇ ਇਕ ਰੁਪਿਆ ਮੱਥਾ ਟੇਕਿਆਂ ਤਦ ਬਾਬਾ ਜੀ ਦੇ ਪੁਛਣ ਪਰ ਉਸ ਨੇ ਦਸਿਆ, ਇਹ ਆਪ ਦੀ ਸੁਖਣਾ ਹੈ, ਆਪ ਦੀ ਅਮਾਨਤ ਹੈ ਤਦ ਬਾਬਾ ਜੀ ਕੁਝ ਰੋਸ਼ ਭਰੇ ਬਚਨਾਂ ਵਿਚ ਆਖਿਆ ਭਲੇਮਾਣਸਾ ਜਦ ਤੂੰ ਬੀਮਾਰ ਸੀ ਤੇ ਸੁਖਣਾ ਸੁਖੀ ਸੀ ਨੀ ਰਾਜੀ ਹੋ ਜਾਵਾਂ ਤਾਂ ਦੋ ਰੁਪੈ ਮਝ ਟੇਕਾਂਗਾ ਹੁਣ ਇਕ ਰੁਪਿਆ ਰੱਖਿਆ ਹੈ। ਉਠਾ ਲੈ ਇਹ ਕਮ ਦਾ ਨਹੀ, ਤਦ ਬਰ ਬਰ ਕੰਬਦੇ ਨੇ ਤੁਰਾ ਰੁਪਿਆ ਪਗੜੀ ਦੇ ਲੜ ਵਿਚੋਂ ਖੋਲ ਕੇ ਭੁਲ ਦੀ ਖਿਮਾਂ ਮੰਗਦੇ ਹੋਇਆ ਭੇਟ ਕੀਤਾ।

ਬਾਬਾ ਜੀ ਨੇ ਫੁਰਮਾਇਆ ਇਥੇ ਰੁਪਿਆਂ ਦਾ ਜਾਂ ਕਿਸੇ ਹੋਰ ਵਸਤੂ ਦਾ ਘਾਟਾ ਨਹੀਂ ਪਰ ਤੈਨੂੰ ਸਹੁੰ ਕਰਾਈ ਹੈ–ਯਾ ਕਹਿ ਦੇ ਕਿ ਆਪ ਰਾਜੀ ਹੋਇਆ ਹੈ ਤੇ ਜਾਂ ਬਾਬਾ ਜੀ ਦੀ ਸੁਖਣਾ ਨਾਲ ਰਾਜੀ ਹੋਇਆ ਹੈ। ਇਸ ਵੇਲੇ ਮੋਲਾ ਸਿੰਘ ਜੱਟ ਨੇ ਤੋ ਜਾਂ ਬਾਬਾ ਜੀ ਦੀ ਸੁਖਣਾ ਨਾਲ ਰਾਜੀ ਹੋਇਆ ਹੈ ਮੈਨੂੰ ਬਖਸ਼ਿਆ ਜਾਏ। ਇਸ ਤਰ੍ਹਾਂ ਨਾਲ ਮੋਲਾ ਸਿੰਘ ਨੇ ਮੁਆਫੀ ਮੰਗ ਲਈ ਤੇ ਬਾਕੀ ਦੀ ਸੰਗਤਪੁਰੇ ਦੀ ਪ੍ਰੇਮੀ ਸੰਗਤ ਅਤੇ ਸੋਢੀ ਬਾਬਾਂ ਰੰਗਤ ਸਿੰਘ ਦੇ ਪ੍ਰੇਮ ਵਸੀ ਕੁਝ ਦਿਨ ਇਥੇ ਨਹੀ, ਮਗਰੋਂ ਕਿਰ ਕਾਲੇ ਪਾ ਕੇ ਦਰਿਆਇ ਰਾਵੀ ਦੇ ਕੰਢੇ "ਬੜੇ ਬੂੜੇ ਡੱਲੇ" ਪਿੰਡ ਵਿਚ ਆਏ ਟਿਕੇ।

ਬੜੇ ਬੂੜੇ ਡੱਲੇ ਪਿੰਡ ਵਿਚ-ਫਿਰ ਕਲਾਲ ਵਾਲੇ

ਇਸ ਪਿੰਡ ਵਿਚ ਮਸੀਤੇ ਨਗਾਰ ਦਾ ਇਕ ਪ੍ਰੇਮੀ ਦਿਆਲ ਸਿੰਘ ਨਾਮੀ ਸਿਖ ਜੋ ਬਾਬਾ ਜੀ ਦੀ ਸੇਵਾ ਵਿਚ ਹੀ ਰਹਿੰਦਾ ਸੀ। ਇਸ ਦਾ ਭਤੀਜਾ ਕਰਮ ਸਿੰਘ (ਪੋਤਾਂ ਦਾ) ਫੁਸ ਦੀ ਬੀਮਾਰੀ ਨਾਲ

Scanned with CamScanner

ਬੀਮਾਰ ਰਹਿੰਦਾ ਸੀ। ਦਿਆਲ ਸਿੰਘ ਨੇ ਬੇਨਤੀ ਕੀਤੀ ਕਿ ਬਾਬਾ ਜੀ ਕਿਰਪਾ ਕਰੀਏ, ਆਪ ਦਾ ਮੈਂ ਹਾਂ, ਇਸ ਮੇਰੇ ਭਤੀਜੇ ਨੂੰ ਇਸ ਰੋਗ ਤੋਂ ਛੁਟਕਾਰਾਂ ਮਿਲੇ ਤਦ ਮੁਸਕਰਾਂਦੇ ਹੋਇਆਂ ਆਪ ਨੇ ਫੁਰਮਾਇਆ ਇਹ ੧੫ ਦਿਨਾਂ ਤੀਕ ਖੁਲ੍ਹਾ ਸਣੋਂ ਦਾ ਸਾਗ ਰੋਜ ਖਾਵੇ। ਇਸ ਨੇ ਬਚਨ ਮੰਨਿਆਂ, ੧੫ ਦਿਨ ਰੋਜ਼ ਸਰਸੋਂ ਦਾ ਸਾਗ ਖਾਣ ਨਾਲ ਇਸ ਦਾ ਫੁੱਸ ਦਾ ਰੋਗ ਹਟ ਗਿਆ ਅਤੇ ਨਵਾਂ ਨਰੋਆ ਸਰੀਰ ਹੋ ਗਿਆ ਸੀ।

ਭੂੜੇ ਭਲੇ ਤੋਂ ਆਪ ਜੀ ਨੇ ਫਿਰ ਕਲਾਲ ਵਾਲੇ ਆ ਕੇ ਨਿਵਾਸ ਕੀਤਾ, ਆਪ ਜਿਥੇ ਵੀ ਗਏ ਗੁਰਮਤਿ ਦਾ ਉਪਦੇਸ਼ ਸੁਣਾਂਦੇ, ਕੁਰੀਤਾਂ ਦਾ ਤਿਆਗ ਤੇ ਰਹਿਤਾਂ ਦਾ ਧਾਰਨੀ ਬਣਾਂਦੇ, ਬੁਰੇ ਆਦਤਾਂ (ਸ਼ਰਾਬ) ਦਾ ਤਿਆਗ ਕਰਾ ਕੇ ਅੰਮ੍ਰਿਤ ਛਕਾਂਦੇ ਹੁੰਦੇ ਸਨ। ਇਥੇ ਆਏ ਹੋਇਆਂ ਇਕ (ਸਾਹਸਣ ਜਾਤ ਦੀ) ਮਾਈ ਨੇ ਸਵਾ ਰੁਪਿਆ ਭੇਟ ਕੀਤਾ, ਤੱਦ ਬਾਬਾ ਜੀ ਨੇ ਸੇਵਕਾਂ ਨੂੰ ਆਖਿਆ ਇਸ ਰੁਪੈ ਨੂੰ ਹੱਥ ਨਾ ਲਗਾਓ : ਇਹ ਬਹੁਤ ਹੀ ਸਖਤ ਹੈ। ਨਾਲ ਹੀ ਬਾਬਾ ਜੀ ਦੇ ਹੁਕਮ ਅਨੁਸਾਰ ਸੇਵਕ (ਸਿੰਘੀ ਗੁਰਮੁਖ ਸਿੰਘ) ਨੇ ਮਾਈ ਤੋਂ ਪੁਛਿਆ ਇਹ ਕੈਸਾ ਹੈ ? ਤੂੰ ਗਰੀਬ ਮਾਈ ਹੈਂ ਕਿਉਂ ਸਵਾ ਰੁਪਿਆ ਟੋਟ ਕਰਦੀ ਹੈਂ? ਉਤਰ ਵਿਚ ਉਸ ਮਾਈ ਨੇ ਦਸਿਆ ਮੇਰੇ ਸਰੀਰ ਵਿਚ ਕੋਹੜ (ਕੁਸ਼ਟ) ਹੋ ਗਿਆ ਸੀ, ਬਾਬਾ ਬੀਰ ਸਿੰਘ ਦਾ ਨਾਮ ਲੈ ਕੇ ਅਰਦਾਸ ਬੇਨਤੀ ਕੀਤੀ ਕਿ ਕੋਹੜ ਹਟ ਜਾਏ ਤਦ ਸਵਾ ਰੁਪਿਆ ਭੇਟ ਕਰਾਂਗੀ।

ਮਹਾਂਰਾਜ ! ਮੇਰਾ ਕੋਹੜ ਹੱਟ ਗਿਆ ਹੈ। ਇਹ ਉਸ ਦੁਖਣਾ ਦੀ ਭੇਟ ਹੈ। ਹੁਣ ਬਾਬਾ ਜੀ ਨੇ ਫੁਰਮਾਇਆ ਇਸ ਸਵਾ ਰੁਪਿਆ ਦਾ ਸਰਬ ਰਸ (ਲੂਣ) ਲੈ ਕੇ ਲੰਗਰ ਵਿਚ ਵਰਤੋ ਅਤੇ ਸਾਰੇ ਹਥੀ ਘੋੜਿਆਂ ਦੇ ਮਸਾਲੇ ਵਿਚ ਕੁਝ ਪਾ ਦਿਤਾ ਜਾਏ। ਜਦ ਐਸਾ ਕੀਤਾ ਗਿਆ- ਤਦ ਪ੍ਰਸ਼ਾਦਾ ਛਕੇ ਬਾਦ ਸਾਰੀ ਸੰਗਤ ਨੂੰ ਕਈ ਤਰ੍ਹਾਂ ਦੀ ਤਕਲੀਫ ਹੋਈ ਅਤੇ ਤਿੰਨ ਦਿਨਾਂ ਮਗਰੋਂ ਸਾਰੇ ਅਸਲੀ ਅਰੋਗਤਾ ਵਿਚ ਆਏ। ਬਾਬਾ ਜੀ ਨੇ ਫੁਰਮਾਇਆ ਇਸ ਮਾਈ ਦੇ ਰੋਗ ਦਾ ਅਸਰ ਵੰਡ੍ਹਾ ਥੋੜ੍ਹਾ ਸਾਰਿਆਂ ਤੇ ਵੰਡਿਆ ਗਿਆ ਹੈ ਇਸ ਦੀ ਬੇਨਤੀ ਵੀ ਕਬੂਲ ਕਰਨੀ ਬਣਦੀ ਸੀ ਤੱਦ ਇਹ ਅਟੋਗਤਾ ਵਿਚ ਆਈ ਹੈ।

ਚੁਹੜਕਾਣੇ ਵਿਚ ਪ੍ਰਵੇਸ਼

ਕਲਾਲਾਂ ਵਾਲੇ ਤੋਂ ਕੁਝ ਕਰ ਕੇ ਬਾਬਾ ਬੀਰ ਸਿੰਘ ਸਨੇ ਸਨੇ ਮੁਕਾਮ ਕਰਦੇ ਹੋਏ ਚੁਹੜਕਾਣੇ ਆਏ। ਇਥੇ ਦੇ ਇਕ ਜੱਟ ਨੇ ੧੩ ਵਟੀ ਕਣਕ ਲਿਆ ਭੇਟ ਕੀਤੀ, ਤਦ ਬਚਨ ਹੋਇਆ ਕਿਉਂ ਵਈ ਸਿਖਾ ! ਜਦ ਨੀਲੇ ਰੋਇੰਗ ਤੇਰੀ ਖੇਤੀ ਖਾਂਦੇ ਸਨ ਤੈਨੂੰ ਇਨ੍ਹਾਂ ਤੋਂ ਬਚਾਉ ਵਾਸਤੇ ਸਵਾ ਤਿੰਨ ਮਣ ਕਣਕ ਦੀ ਸੁਖਣਾ ਸੁਖੀ ਸੀ। ਪਰ ਖੇਤੀ ਦੀ ਰਾਖੀ ਕਰਾ ਕੇ ਹੁਣ ਅਧੀ ਕਣਕ ਦੇ ਰਿਹਾ ਹੈ?

ਬਾਬਾ ਸਾਹਿਬ ਨੇ ਆਪਣੀਆਂ ਦੋਹਾਂ ਲੱਤਾਂ ਦੀਆਂ ਪਿੰਨੀਆਂ ਤੋਂ ਕਪੜਾ ਉਠਾ ਕੇ ਦਿਖਾਇਆ ਕਿ ਦੇਖ ਲੈ ਤੇਰੀ ਖੇਤੀ ਦੀ ਰਾਖੀ ਕਰਦੇ ਹੋਇਆ ਜੋ ਕੈਡੇ ਲਗੇ ਸੀ ਉਹ ਹੁਣ ਤੀਕ ਚੁਡੇ ਹੋਏ ਮੌਜੂਦ ਹਨ, ਐਸਾ ਦਿਖਾਉਨ ਨਾਲ ਉਹ ਕੰਬ ਗਿਆ, ਭੁਲ ਦੀ ਮੁਆਫੀ ਮੰਗੀ ਅਤੇ ਬਾਕੀ ਦੀ ਕਣਕ ਵੀ ਲਿਆ ਕੇ ਮਥਾ ਟੇਕਿਆ ਤੇ ਦਸਿਆ ਮਹਾਂਰਾਜ ! ਆਪ ਨੇ ਜੋ ਫੁਰਮਾਇਆ ਤੇ ਦਿਖਾਇਆ ਹੈ, ਸੱਚ ਹੈ ਮੈਨੂੰ ਤਾਂ ਪਰਤਾਵਣੇ ਵਾਸਤੇ ਐਸਾ ਕੀਤਾ ਸੀ, ਲੋਕੀ ਕਹਿੰਦੇ ਸਨ ਬਾਬਾ ਦਿਲ ਦੀਆਂ ਜਾਣਦਾ ਹੈ, ਹੁਣ ਮੈਨੂੰ ਵੀ ਪੂਰਾ ਭਰੋਸਾ ਹੋਇਆ ਕਿ ਲੋਕੀ ਠੀਕ ਕਹਿੰਦੇ ਹਨ। ਇਸ ਪਰਤਾਵੇ ਦੀ ਭੁੱਲ ਦੀ ਮੁਆਫੀ ਦੀਜੈ। ਇਸ

ਤਰ੍ਹਾਂ ਨਾਲ ਆਪਣੀ ਭੁਲ ਦੀ ਮੁਆਫੀ ਲੈ ਕੇ ਉਹ ਚਲਾ ਗਿਆ ਅਤੇ ਫੇਰ ਵੀ ਬਹੁਤ ਵੇਰ ਆ ਕੇ ਦਰਸ਼ਨ ਕਰਦਾ ਰਿਹਾ ਸੀ।

ਮਲਸੀਆਂ ਵਿਚ ਨਿਵਾਸ

ਚੁਹੜਕਾਣੇ ਤੋਂ ਚਲਦੇ ਹੋਏ ਆਪ ਜੀ ਬਹੁਤ ਥਾਈ ਨਿਵਾਸ ਕਰਦੇ ਰਹੇ। (ਉਹਨਾਂ ਥਾਵਾਂ ਤੇ ਜਿਆਦ ਵਿਚ ਯਾਦਗਾਰੀ ਅਸਥਾਨ (ਦਮਦਸੇ) ਵੀ ਬਣੇ ਸਨ। ਫਿਰ ਆਪ ਜੀ ਮਲਸੀਹਾਂ ਆਏ। (ਇਹ ਜਗਰਾਂ ਤੋਂ ਜਲੰਧਰ ਡਿਗੇ ਵਿਚ ਹੈ) ਇਥੇ ਆਣ ਵੇਲੇ ਸੋਢੀ ਸਰਮੁਖ ਸਿੰਘ ਨੇ ਆਪਣੇ ਘਰ ਜਾਣ ਦੀ ਬੇਨਤੀ ਕੀਤੀ ਜਦੋਂ ਸੋਢੀ ਜੀ ਵਿਦਾ ਹੋਏ ਤਦ ਬਾਬਾ ਗੰਡਾ ਸਿੰਘ ਪ੍ਰਤੀ ਬਦਾਮਾਂ ਦਾ ਪ੍ਰਸ਼ਾਦ ਤੇ ਮਿਸਰੀ ਦੀ ਪੁੜੀ ਭੇਟ ਕਰਨ ਨੂੰ ਤੋਂ ਇਕ ਸੈਰੇਬਾ ਦਿਤਾ ਕਿ ਸਾਡੀ ਵਲੂੰ ਸੋਢੀ ਗੰਡਾ ਸਿੰਘ ਨੂੰ ਪ੍ਰਣਾਮ ਕਰਨੀ ਤੇ ਬੇਨਤੀ ਕਰਣਾ ਕਿ :

"ਸ੍ਰੀ ਵਾਹਿਗੁਰੂ ਜੀ ਕਾ ਖਾਲਸਾ। ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

ਸੋਢੀ ਸਰਮੁਖ ਸਿੰਘ ਨੇ ਜਦ ਪ੍ਰਸ਼ਾਦ ਭੇਟ ਕਰ ਕੇ ਬਾਬਾ ਬੀਰ ਸਿੰਘ ਵਲੂੰ ਮਥਾ ਟੇਕਿਆ ਅਤੇ ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹਿ, ਬੁਲਾਈ ਤਦ ਬਾਬਾ ਗੰਡਾ ਸਿੰਘ ਨੇ ਇਸ ਬੇਨਤੀ ਤੇ ਫਤਹਿ ਦੀ ਨਿਮਸਕਾਰ ਅਤੇ ਫਤਹਿ ਬੁਲਾਈ ਦਾ ਇਹ ਅਰਥ ਸੁਣਾਇਆ—ਆਪ ਨੇ ਦਸਿਆ ਕਿ ਉਹਨਾਂ ਵਲੂੰ ਇਹ ਉਪਦੇਸ਼ ਹੈ ਕਿ ਜਿਵੇਂ ਬਦਾਮ ਦੇ ਉਪਰ ਕਰੜਾ ਛਿਲਕਾ ਤੋੜ ਕੇ ਅੰਦਰ ਤੋਂ ਗਿਰੀ ਕੱਢਿਣ ਕਰਦੀ ਹੈ, ਜਿਵੇਂ "ਜਾਂਤੀ ਅਭਮਾਨ ਦੀ ਸੋਚਣੀ ਛੜ ਕੇ (ਕਿ ਅਸੀਂ ਗੁਰੂ ਅੰਸ ਸੋਢੀ ਜਾਤ ਹੈ ਹਾਂ) ਕਿਵੇਂ ਅੰਤ੍ਰੀਵਸ੍ਤੁੱਧ ਆਤਮਾ ਨੂੰ ਪਰਮ ਆਤਮਾ ਦੀ ਅੰਸ ਸਮਝੀਏ।

ਫੇਰ ਜੋ ਉਹਨਾਂ ਨਾਲ ਮਿਸਰੀ ਪ੍ਰਸਾਦਿ ਭੇਜਿਆ ਹੈ, ਬਹੁਤੇ ਖੰਦਮ ਗਿਰੀ ਖਾਏ ਨਾਲ ਵੀ ਗਰੀ ਤੇ ਪਿਤ ਵਧ ਜਾਂਦੀ ਹੈ। ਪਰ ਮਿਸਰੀ ਮਿਲਾਏ ਕੇ ਵਰਤੇ ਨਾਲ ਬਦਾਮ ਦੀ ਵਰਤੋਂ (ਚਾਹੇ ਅਧਿਆਈ ਵਿਚ) ਬਹੁਤ ਗੁਣਕਾਰੀ ਹੁੰਦੀ ਹੈ। ਤਿਵੇਂ ਅੰਤਰ ਆਤਮੇ (ਸ਼ੁੱਧ ਆਤਮਾ ਨੂੰ ਪ੍ਰਮਾਤਮਾਂ ਦੀ ਅੰਸ) ਸਮਝਦੇ ਹੋਇਆ ਲੋਕੀ ਫਿਰ ਆਪਣੇ ਨੂੰ (ਅਹੰ ਬ੍ਰਹਮ ਅਸਮੀ) ਮੈਂ ਹੀ ਸ਼ੁਧ ਬ੍ਰਹਮ ਹਾਂ ਸਮਝਣ ਲਗਦੇ ਤੇ ਖੁਸ਼ਕ ਗਿਆਨੀ ਅਭਿਮਾਨੀ ਹੋ ਜਾਂਦੇ ਹਨ—ਪਰ ਗਰੀਬੀ ਗਦਾ ਹਮਾਰੀ" ਰੂਪ ਮਿਸਰੀ ਵੀ ਵਿਸਾਰਦ ਸਹਿਤ (ਮੁਖ ਭਗਤੀ ਵਰਤਨ ਵੈਰਾਗ, ਤੇ ਗਿਆਨ ਰੂਪ ਮਿਸਰੀ) ਗੁਰਮਤਿ ਅਨੁਸਾਰ ਮਨ ਜੀਵਾਂ ਅੰਤ ਉਹੀ ਰਖਦੇ ਹੋਇ ਗਿਆਨੀ ਪ੍ਰਵਾਨ ਹੁੰਦੇ ਹਨ।

ਤੀਜੀ ਗਲ ਜੋ "ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹਿ" ਕਹਿ ਭੇਜੀ ਹੈ ਇਸ ਦਾ ਅਰਥ ਇਹ ਸਮਝਣਾ ਹੈ ਕਿ ਜੋ ਖਾਲਸਾ, ਸ੍ਰੀ ਵਾਹਿਗੁਰੂ ਦੇ ਦਰਬਾਰ (ਸੱਤ ਸੰਗ) ਨਾਲ ਜੁੜਿਆ ਰਹੇਗਾ ਤੇ ਜਿਸ ਖਾਲਸਾ ਵਿਚ ਗੁਰਬਾਣੀ ਦੀ ਗੁਰਮਤ ਨੂੰ ਵਿਸ਼ਵਾਸ ਨਾਲ ਧਾਰਨ ਕੀਤਾ ਜਾਏਗਾ ਉਹੋ ਜੁਗੁ ਆਤਮਾ ਦੀ ਸਹੇਜ ਤੋਂ ਵਾਂਜੇ ਰਹਿ ਜਾਣਗੇ। ਪਰ ਜੋ ਮਨਮੁਖ (ਮਨ ਮਤੀਏ ਸਿਖ ਰੂਪ ਵਿਚ) ਲੋਕੀ ਹੋਣਗੇ ਫਿਰ ਸਰਮੁਖ ਸਿੰਘ ਨੂੰ ਨਹੀਂ ਸਗੁ ਇਸ ਵਿਚਾਰ ਨੂੰ ਸੁਣਨ ਵਾਲੇ [ਅਗੋਰੇ ਦੇ ਪਾਠਕ ਪੜ੍ਹ ਰਹੇ] ਸੱਜਨਾਂ ਨੂੰ ਨਿਹਾਲ ਕਰਨਾ ਕੀਤਾ ਹੈ।

Scanned with CamScanner

ਸੰਤ ਭਾਗ ਸਿੰਘ ਜੀ ਦੇ ਪਹਿਲੀ ਵੇਰ ਦਰਸ਼ਨ ਦੀ ਵਾਰਤਾ ਸੁਣਾਈ

ਇਕ ਵੇਰ ਸੰਤ ਬੀਰ ਸਿੰਘ ਜੀ ਨੇ ਸੰਤ ਸਭਾ (ਭਰੇ ਦੀਵਾਨ) ਵਿਚ ਬੈਠੇ ਹੋਇਆ ਆਪਣੀ ਰਸਨਾ ਤੋਂ ਸੁਣਾਇਆ ਕਿ ਜਿਸ ਵੇਲੇ ਅਸੀਂ ਸਿਖ ਫੌਜ ਵਿਚ ਹੁੰਦੇ ਹੋਇ ਜ਼ਿਲਾ ਪਿਸ਼ਾਵਰ ਦੇ ਇਲਾਕੇ ਦੇ ''ਪੰਜਤਾਰਾ'' ਨਗਰ ਨੇੜੇ ਸਿੰਘਾਂ ਦਾ ਤੁਰਕਾ ਨਾਲ ਯੁੱਧ ਹੋਇਆ ਸੀ ਅਸੀਂ ਵੀ ਨਾਲੇ ਸੀ। ਸਿੰਘ ਬਹੁਤ ਥੋੜੀ ਗਿਣਤੀ ਵਿਚ ਅਤੇ ਤੁਰਕ ਬਹੁਤ ਗਿਣਤੀ ਦੇ ਸਨ। ਲੜਦੇ ਲੜਦੇ ਸਿੰਘਾਂ ਨੂੰ ਪੈ ਉਖੜ ਗਏ, ਤੁਰਕਾਂ ਦਾ ਜੋਰ ਪੈ ਗਿਆ ਸੀ ਤੇ ਸਿਖਾਂ ਦੇ ਨੱਸ ਜਾਣ ਦੀ ਸਾਨੂੰ ਕੋਈ ਖਬਰ ਨਹੀਂ ਲਗੀ। ਪਿਛੇ ਪਰਤ ਕੇ ਦੇਖਿਆ ਤਾਂ ਕੋਈ ਸਿਖ ਨਹੀਂ ਸੀ ਅਤੇ ਸਾਡੇ ਮਗਰ ਤੁਰਕਾਂ ਦਾ ਘੋਰਾ ਪੈ ਗਿਆ ਸੀ। ਇਸ ਵੇਲੇ ਸਾਡੇ ਮਨ ਵਿਚ ਇਹ ਡਰ ਪੈਦਾ ਹੋ ਗਿਆ ਕਿ ਤੁਰਕ ਸਾਨੂੰ ਪਕੜ ਕੇ ਬੇ-ਧਰਮ ਨਾ ਕਰ ਦੇਣ (ਪਤਤ ਨਾ ਕਰ ਦੇਣ) ਤਦ ਅਸੀਂ ਉਥੇ ਹੀ ਥਾੜੀਆਂ ਦੇ ਉਹਲੇ ਬੈਠ ਕੇ ਅਰਦਾਸ ਬੇਨਤੀ ਕੀਤੀ ਕਿ ਹੇ ਸਚੇ ਪਾਤਸ਼ਾਹ ਜੀ, ਇਸ ਵੇਲੇ ਆਪ ਹੀ ਸਹਾਇਤਾ ਕਰ ਕੇ ਆਪਣੇ ਸਿਖ ਨੂੰ ਬਚਾ ਸਕਦੇ ਹੋ। ਕਿਰਪਾ ਕਰੀਏ ਜੋ ਮਲੇਛ ਹਮ ਕੋ ਦੇਖ ਨ ਸਕੈਂ।

ਬਾਬਾ ਬੀਰ ਸਿੰਘ ਜੀ ਨੇ ਸੰਗਤ ਪ੍ਰਥਾਏ ਦਸਿਆ–ਕਿ ਐਸੀ ਬੇਨਤੀ ਕਰਦੇ ਹੋਇਆ ਸਹਿਜ ਹੀ ਕੇ ਅਸੀਂ ਅੰਤਰ ਆਤਮੇ ਧਿਆਨ ਵਿਚ ਸਿਰ ਨਿਵਾਏ ਅਰਦਾਸ ਕਰਕੇ ਸਿਰ ਚੁਕਿਆ ਤਾਂ ਅਚਨਚੇ ਸੰਤ ਭਾਗ ਸਿੰਘ ਜੀ ਦੇ ਦਰਬਨ ਹੋਇ ਤੇ ਦਰਬਨ ਦਿੰਦੇ ਸਾਰ ਉਹ ਲੋਪ ਹੋ ਗਏ। ਸਾਨੂੰ ਭਰੋਸਾ ਹੋਇਆ ਕਿ ਜ਼ਰੂਰ ਸਹੈਤਾ ਹੋਵੇਗੀ, ਅਤੇ ਤੱਤਕਾਲ ਹੋਈ ਵੀ।

ਸਾਰੀ ਤੁਰਕ ਸੈਨਾ ਨੂੰ ਅਸੀਂ ਦੇਖਦੇ ਰਹੇ, ਲੰਘਦੀ ਗਈ ਤੇ ਸਾਨੂੰ ਦੇਖ ਨਹੀਂ ਸਕੇ। ਇਹ ਪਰਿਭਾ ਮੋਕਾ ਸੀ ਕਿ ਅਸੀਂ ਨਹੀਂ ਜਾਣਿਆ ਜੋ ਇਹ ਕੌਣ ਹਨ, ਤੇ ਦਿਖਾਈ ਦੇ ਗਾਏ ਹਨ। ਇਸੇ ਅਸਚਰਜ ਕੌਤਕ ਨਾਲ ਸਾਨੂੰ ਵਿਸ਼ਵਾਸ ਵੱਧ ਗਿਆ ਕਿ ਗੁਰੂ ਸਿਖ ਦੇ ਸਦਾ ਅੰਗ ਸੰਗ ਅਤੇ ਹਰ ਥਾਂ ਸਹਾਇਕ ਹੁੰਦਾ ਹੈ ਜੋ ਸਿਖ ਵੀ ਪੂਰਨ ਵਿਸ਼ਵਾਸ ਨਾਲ ਅਰਦਾਸ ਕਰੇ, ਤਦ ਉਢੇਂ ਅਸੀਂ ਖੁਰਾਣੇ ਆਪਣੀ ਫੌਜ ਵਿਚ ਵਾਪਸ ਆਏ ਤੇ ਕੁਝ ਮਹੀਨੇ ਹੋਰ ਬਿਤਾਏ।

ਜਦੋਂ ਕੁਝ ਮਹੀਨੇ ਬਿਤਾਏ, ਤਦ ਸਾਵਣ ਦੇ ਮਹੀਨੇ ਬਰਸਾਤਾਂ ਸ਼ੁਰੂ ਹੋਣ ਵੇਲੇ ਸਾਰੇ ਸਾਥੀ ਫੌਜੀਆਂ ਨੂੰ ਦੋ ਦੇ ਮਹੀਨੇ ਦੀ ਛੁਟੀ ਮਿਲੀ। ਅਸੀਂ ਵੀ ਛੁਟੀ ਲੈ ਕੇ ਆਪਣੇ ਘਰ ਨੂੰ ਪਰਤਣ ਦਾਰ ਸਹਿਜੇ ਸਹਿਜੇ ਮਾਰਗ ਉਲੰਘਦੇ ਹੋਏ ''ਬੱਕੜਾਲੇ ਦੀ ਖੱਡ'' ਨੇੜੇ (ਜਿਲਾ ਜਿਹਲਮ) ਵਿਚ ਪੁਜੇ ਅਤੇ ਇਥੋਂ ਨੇੜੇ ਹੀ ਖਿਚਨ ਚੋਰ ਨਗਰ ਤੋਂ ਨੇੜੇ ਇਕ ਰਸਤਾ ਜੋ ਰਾਵਲਪਿੰਡੀ ਨੂੰ ਜਾਂਦਾ ਤੇ ਇਸ ਰਸਤਾ ਰਾਹੀ (ਸੰਤ ਭਾਗ ਸਿੰਘ ਜੀ) ਨੂੰ ਜਾਂਦਾ ਸੀ। ਇਸ ਤੱਤ ਸਾਰ ਪੁਸਤਕ ਦੇ ਲੇਖਕ (ਗਿਆਨੀ ਈਸ਼ਰ ਸਿੰਘ ਨਾਰੰ ਦਾ ਖਿਚਨ ਚੋਰ ਸੁਸਰਾਲ ਪਿੰਡ ਸੀ ਅਤੇ ਸਾਰਾ ਇਲਾਕਾ ਦੇਖਿਆ ਹੋਇਆ ਸੀ। ਪਿਛੇ ਵੀ ਲਿਖਿਆ ਹੈ। ਇਥੇ ਬਹੁਤ ਸਾਰੀ ਸੰਗਤ ਸਮੇਤ ਘੋੜੇ ਤੇ ਸਵਾਰ ਹੋਇ ਸੰਤ ਭਾਗ ਸਿੰਘ ਜੀ ਦੇ ਦਰਬਨ ਹੋਏ ਕਿ ਇਸ ਵੇਰੀ ਉਨੇ ਸਾਹਿਬ ਬਾਬਾ ਸਾਹਿਬ ਸਿੰਘ ਮਹਾਂਰਾਜ ਦੇ ਦਰਬਨ ਕਰ ਕੇ ਵਾਪਸ ਆਪਣੇ ਡੇਰੇ ਪਿੰਡ ਨੂੰ ਜਾ ਰਹੇ ਸਨ। ਸਾਨੂੰ ਕੋਈ ਪਤਾ ਨਹੀਂ ਸੀ ਇਹ ਕੌਣ ਅਤੇ ਕਿਢੇਂ ਆਏ ਤੇ ਕਿਥੇ ਜਾ ਰਹੇ ਹਨ।

ਬਾਬਾ ਬੀਰ ਸਿੰਘ ਦਸਦੇ ਕਿ ਸਾਡਾ ਮਨ ਖਿਚਿਆ ਗਿਆ ਅਤੇ ਐਸਾ ਜਾਣਿਆ ਕਿ ਇਨ੍ਹਾਂ ਦੇ ਦਰਬਨ ਕਿਤੇ ਅਗੇ ਵੀ ਹੋਇ ਹਨ, ਐਸੀ ਹੀ ਸੂਰਤ ਵਿਚ ਸਨ।

ਬਾਬਾ ਬੀਰ ਸਿੰਘ ਨੇ ਸੰਤ ਸਭਾ ਵਿਚ ਸਜੇ ਹੋਇਆ ਫੇਰ ਫੁਰਮਾਇਆ ਕਿ ਉਢੇਂ ਉਹ ਆਪਣੀ ਸਿਖ ਸੰਗਤ ਸਮੇਤ ਦੇਖਾ ਅਗੇ ਲੰਘ ਗਏ ਸਨ ਅਤੇ ਪਿਛੇ ਰਹੇ ਕੁਝ ਸਿਖਾਂ ਪਾਸੋਂ ਪੁਛਣ ਤੇ ਉਨ੍ਹਾਂ ਨੇ ਦਸਿਆ ਕਿ ਇਹ ਸੰਤ ਭਾਗ ਸਿੰਘ ਜੀ ਕੁਰੀ ਵਾਲੇ ਉਨ੍ਹੇ ਤੋਂ ਸ੍ਰੀ ਬਾਬਾ ਸਾਹਿਬ ਬੋਦੀ ਜੀ ਦੇ ਦਰਬਨ ਕਰ ਕੇ ਵਾਪਸ ਆਏ, ਆਪਣੇ ਨਗਰ ਕੁਰੀ ਨੂੰ ਜਾ ਰਹੇ ਹਨ, ਤਦ ਸਾਡਾ ਮਨ ਤੜਫ ਉਠਿਆ ਕਿ ਨੇੜੇ ਹੁੰ ਕੇ ਕਿਉਂ ਨਾ ਨਮਸਕਾਰ ਕੀਤੀ ਤੇ ਅਸੀਸਾਂ ਪਾਈਆਂ। ਇਥੋਂ ਹੀ ਸਾਡੇ ਮਨ ਵਿਚ ਬਾਬਾ ਭਾਗ ਸਿੰਘ ਦੇ ਦੁਬਾਰਾ ਦਰਬਨ ਦੀ ਖਿਚ ਪੈਦਾ ਹੋਸੀ ਅਤੇ ਫਿਰ ਐਸੀ ਅਵਸਥਾ ਆ ਬਣੀ ਸੀ ਜਿਵੇਂ ਕਬੀਰ ਸਾਹਿਬ ਨੇ ਫੁਰਮਾਇਆ ਹੈ :

ਕਬੀਰ ਬਿਰਹੋਂ ਭੁਯੰਗਮੁ ਮਨ ਬਸੈ ਮੰਤੁ ਨਾ ਮਾਨੈ ਕੋਇ।
ਰਾਮ ਬਿਉਗੀ ਨ ਜੀਐ – ਜੀਐ ਤਾ ਬਾਉਰਾ ਹੋਇ। (੧੩੬੯)

ਅਸੀਂ ਕੁਝ ਛੁਟੀ ਦੇ ਦਿਨ ਘਰ ਬਿਤਾਏ ਫਿਰ ਸਭ ਕੁਝ ਤਿਆਗ ਕੇ ਸੰਤ ਭਾਗ ਸਿੰਘ ਜੀ ਦੇ ਦਰਬਨਾਂ ਨੂੰ ਕੁਰੀ ਵਲ ਚਲ ਪਏ ਅਤੇ ਜਾਏ ਕੇ ਦਰਬਨ ਕੀਤੇ। ਉਹ ਸਿਖ ਸੰਗਤ ਵਿਚ ਆਪਣੇ ਮੁਖਾਰ ਵਿੰਦ ਤੋਂ ਗੁਰਮਤ ਦ੍ਰਿੜਾਉਣ ਨੂੰ ਗੁਰੂ ਸ਼ਬਦ ਦੀ ਵੀਚਾਰ ਸੁਣਾਂਦੇ ਪਏ ਸਨ। ਸਾ ਤੋ ਨਿਮਸਕਾਰ ਕਰਦੇ ਸਾਰ ਉਹ ਪ੍ਰਸੰਨ ਹੋਏ ਮੁਸਕਰਾਏ ਅਤੇ ਫੁਰਮਾਇਆ, ਸੁਣ ਭਈ ਸਿਖਾ :

''ਪੰਜ ਤਾਰਾ ਦੀ ਲੜਾਈ ਵੇਲੇ ਜਦੋਂ ਤੂੰ ਅਕੇਲਾ ਹੀ ਰਹਿ ਗਿਆ ਸੀ ਤੈਨੇ ਅਰਦਾਸ ਬੇਨਤੀ ਕੀਤੀ, ਹੇ ਸਚੇ ਪਾਤਸ਼ਾਹ ਮੇਰੀ ਇਸ ਵੇਲੇ ਰਖਿਆ ਕਰੀਏ ਮੇਰਾ ਧਰਮ ਅਤੇ ਸਿਖੀ ਸਿਦਕ ਬਚ ਗਿਆ ਤੈਂ ਆਪਣਾ ਸਰੀਰ ਹੀ ਆਪ ਦੇ ਸਮਰਪਨ ਕਰ ਕੇ ਗੁਰੂ ਸੇਵਾ ਵਿਚ ਸਫਲ ਕਰਾਂਗਾ–ਤੇਰੀ ਬੇਨਤੀ ਦਰਗਹੋ ਪ੍ਰਵਾਨ ਹੋਈ। ਤਬ ਸ੍ਰੀ ਅਕਾਲ ਪੁਰਖ ਕੀ ਆਗਿਆ ਤੁਮਾਰੀ ਰਖਿਆ ਵਾਸਤੇ ਹਮ ਕੋ ਹੁਈ। ਤੂ ਜੀ ਨੈ ਤੁਮਾਰੀ ਰਖਿਆ ਕਰੀ। ਅਬ ਤੁਮ ਭੀ ਆਪਣੀ ਪ੍ਰਤਿਗਿਆ ਪੂਰਨ ਕਰੋ। ਅਬ ਤੁਮ ਬ੍ਰਤ ਦੇਹ ਸੇ ਆਏ ਹੋ। ਜੋ ਮਾਨਤਾ ਮੰਨੀ ਹੈ ਉਹ ਪੂਰੀ ਕਰੋ।

ਬਾਬਾ ਬੀਰ ਸਿੰਘ ਨੈ ਫੇਰ ਫੁਰਮਾਇਆ ਕਿ ਸਮਾਂ ਪਾ ਕੇ ਜਦੋਂ ਸੰਤ ਭਾਗ ਸਿੰਘ ਉਨੈ ਸਾਹਿਬ (ਪਿਛੇ ਮਹਲੇ ਸਮੇਂ) ਬਾਬਾ ਸਾਹਿਬ ਸਿੰਘ ਦੇ ਦਰਸ਼ਨ ਨੂੰ ਗਏ ਸੀ ਅਸੀਂ ਵੀ ਨਾਲੇ ਸੀ। ਜਾ ਕੇ ਵਖੀ ਬੜਾ ਪੁਰਬਕ ਨਿਮਸਕਾਰ ਕੀਤੀ ਅਤੇ ਬਹੁਤ ਦਿਨ ਉਥੇ ਰਹਿ ਕੇ ਹੋਲੇ ਮਹਲੇ ਦਾ ਸਮਾਗਮ ਦੇਖਿਆ ਸੀ।

ਉਹ ਕੈਸਾ ਅਸਚਰਜ ਦ੍ਰਿਸ਼ ਸੀ। ਕਿਤੇ ਸੰਗਤ ਵਿਚ ਗੁਰਸ਼ਬਦ ਵਿਆਖਿਆ ਕੋਈ ਵਿਦਵਾਨ ਵਖਾ ਰਿਹਾ ਹੈ। ਕਿਤੇ ਕੋਈ ਵਿਦਵਾਨ ਪੰਡਿਤ ਸ੍ਰੀ ਭਵਗਤ ਪੁਰਾਣ ਵਿਚੋਂ ਕਥਾ ਸੁਣਾਂਦੇ ਪਏ ਅੰਤੇ ਕਿਤੇ ਕੋਈ ਗ੍ਰਿਹਸਥੀ ਗੁਰਬਾਣੀ ਦਾ ਅਲਾਹੀ ਕੀਰਤਨ ਕਰ ਰਹੇ ਹਨ। ਸੰਗਤ ਦਾ ਕੋਈ ਹਿਸਾਬ ਨਹੀਂ ਸੀ। ਕੋਈ ਸੰਤ ਮਹਾਂਪੁਰਖ ਵਾਸਤੇ ਚੁਬਾਰਿਆਂ ਵਿਚ ਪਏ ਪੈਰਾਂ ਨਾਲ ਆਟਾ ਗੁੰਨ੍ਹਦੇ ਅਤੇ ਬੋਲਦੇ ਤੇ ਕਹੀਆਂ ਨਾਲ ਪਰਚਦੇ ਸਨ, ਮੈਂ ਕੜੇ ਮਾਈ ਭਾਈ ਕਈ ਲੋਹਾਂ ਦੇ ਪਾਸ ਬੈਠੇ ਪ੍ਰਸ਼ਾਦੇ ਪਕਾਂਦੇ ਅਤੇ ਬੜੇ ਬੜੇ

Scanned with CamScanner

ਦੇਖਚਿਆਂ ਵਿਚ ਦਾਲ ਭਾਜਾ ਤਿਆਰ ਕਰਦੇ, ਮੁਸਦਿਆਂ ਨਾਲ ਹਿਲਾਂਦੇ ਸੀ ਤੇ ਲੂਣ ਮਿਰਚ ਮਸਾਲਾ ਰਲਾਂਦੇ ਸੀ । ਐਸਾ ਅਸਚਰਜ ਤੇ ਮਹਾਨ ਲੰਗਰ ਦੀ ਤਿਆਰੀ ਦਾ ਦ੍ਰਿਸ਼ ਅਸੀ ਕਦੀ ਸਰਕਾਰੀ ਫੋਜ ਵਿਚ ਵੀ ਨਹੀਂ ਡਿਠਾ ਸੀ ਜੋ ਉਨੇ ਸਾਹਿਬ ਬਾਬਾ ਸਾਹਿਬ ਜੀ ਦੇ ਲੰਗਰ ਵਿਚ ਡਿਠਾ ਸੀ । ਕਿ ਹਜ਼ਾਰਾਂ ਬੀਆਂ ਪੰਗਤਾਂ ਨੂੰ ਬੜੀ ਪ੍ਰਸੰਨਤਾ ਨਾਲ ਪ੍ਰਸ਼ਾਦ ਛਕਣਾ ਮਿਲਦਾ ਸੀ ।

ਹੋਲੇ ਮਹਲੇ ਦੇ ਦਿਨ-ਭਰੇ ਦੀਵਾਨ ਵਿਚ ਸ੍ਰੀ ਬਾਬਾ ਸਾਹਿਬ ਸਿੰਘ ਜੀ ਰਤਨ ਜੜਤ ਮਖਮਲੀ ਸਿੰਘਾਸਨ ਪਰ ਬਿਰਾਜਮਾਨ ਤੇ ਚਵਰ ਝੁਲਦਾ ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਆਕਾਸ਼ ਮੰਡਲ ਵਿਚ ਅਨਗਿਣਤ ਤਾਰਿਆਂ ਵਿਚ ਪੂਰਨਮਾਸ਼ੀ ਦਾ ਚੰਦਰਮਾਂ ਪ੍ਰਕਾਸ਼ਮਾਨ ਹੁੰਦਾ ਹੈ । ਭਾਵ ਕਿ ਉਸ ਸਮੇਂ ਦੀ ਪ੍ਰਭਤਾ ਤੇ ਅਸਚਰਜਤਾ ਜੋ ਪੂਰਨ ਰੂਪ ਵਿਚ ਤਾਂ ਦਸੀ ਜਾਣੀ ਬਹੁਤ ਮੁਸ਼ਕਲ ਹੈ, ਇਤਨਾ ਹੀ ਕਹਿਣਾ ਬਣਦਾ ਸੀ :

ਕਹਿ ਰਵਿਦਾਸ ਅਕਥ ਕਥਾਂ ਬਹੁ ਕਾਇ ਕਰੀਜੈ ।
ਜੈਸਾ ਤੂੰ ਤੈਸਾ ਤੂੰ ਹੀ ਕਿਆ ਉਪਮਾ ਦੀਜੈ ।। (੯੫੮)

ਬਾਬਾ ਬੀਰ ਸਿੰਘ ਜੀ ਨੇ ਆਪਣੀ ਨਿਕਟ ਵਰਤੀ ਸਿਖ ਸੰਗਤ ਨੂੰ ਦਸਿਆ ਕਿ ਅਸੀਂ ਸਾਰੇ ਸੰਤ ਭਾਗ ਸਿੰਘ ਜੀ ਸਮੇਤ ਪ੍ਰਸ਼ਾਦ ਭੇਟਾ ਕਰ ਕੇ ਜਦੋਂ ਬਾਬਾ ਜੀ ਮਹਾਰਾਜ (ਬਾਬਾ ਸਾਹਿਬ ਸਿੰਘ ਜੀ) ਨੂੰ ਪਹਿਲੀ ਵੇਰ ਨਿਮਸਕਾਰ ਕੀਤੀ ਆਪ ਬਹੁਤ ਪ੍ਰਸੰਨ ਹੋਏ, ਤੇ ਵਾਕ ਫੁਰਮਾਇਆ ਨੇ–

ਭਾਗ ਹੋਆ ਗੁਰ ਸੰਤੁ ਮਿਲਾਇਆ
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ

ਸੇਵ ਕਰੀ ਪਲੁ ਚਸਾ ਨਾ ਵਿਛੜਾਂ, ਜਨ ਨਾਨਕ ਦਾਸ ਤੁਮਾਰੇ ਜੀਉ !
ਹਉ ਘੋਲੀ ਜੀਉ ਘੋਲਿ ਘੁਮਾਈ, ਜਨ ਨਾਨਕ ਦਾਸ ਤੁਮਾਰੇ ਜੀਉ ।(੯੭)

ਇਹ ਵਾਕ ਉਚਾਰੇ ਮਗਰੂੰ ਬਾਬਾ ਸਾਹਿਬ ਜੀ ਨੇ ਅਪਨੇ ਹੱਥ ਪਰ ਹੱਥ ਮਾਰ ਕੇ ਬੜੀ ਪ੍ਰਸੰਤਾ ਨਾਲ–ਜੀ ਆਇਆਂ–ਆਖਦੇ ਹੋਇਆਂ ਸੁਖ ਸਾਂਤ ਪੁਛੀ । ਫੇਰ ਮੁਸਕਰਾਂਦੇ ਹੋਇਆਂ ਸੰਤ ਭਾਗ ਸਿੰਘ ਵੱਲ ਦੇਖਿਆ–ਅੱਖ ਨਾਲ ਅੱਖ ਮਿਲਾਕੇ ਬਚਨ ਕੀਤਾ ਕਿ–"ਭਾਈ ਭਾਗ ਸਿੰਘ ਜੀ ਅਸੀ ਤੁਸਾਡੇ ਟੋਹਲੀਏ ਹਾਂ । ਇਹ ਵਾਕ ਸੁਣਦੇ ਸਾਰ ਮੁਸਕ੍ਰਾਂਦੇ ਹੋਇਆਂ ਸੰਤ ਭਾਗ ਸਿੰਘ ਨੇ ਸਮੂਹ ਸਨਮੁਖ ਸਜੀ ਸਿਖ ਸੰਗਤ (ਜਿਸ ਵਿਚ ਕਿ ਵੈਦੀ, ਤ੍ਰੈਹਣ ਭਲੇ ਅਤੇ ਪ੍ਰਮੁਖ ਸੰਵੀ ਸਾਹਿਬਜਾਦੇ ਵੀ ਬੈਠੇ ਸਨ) ਵਲ ਦੇਖਿਆ–ਤੇ ਪੁਛਿਆ–

"ਕਹੋ ਭਾਈ ਗੁਰਸਿਖੋ ! ਤੁਸਾਡਾ ਗੁਰੂ ਸਾਡਾ ਟੋਹਲੂਆ ਹੋਇਆ ਤਾਂ ਤੁਸੀ ਸਾਡੇ ਕੀ ਲਗਦੇ ਹੋਇ ?" ਪਰ ਸਾਰੇ ਹੀ ਹਸ ਪਏ ਤੇ ਕਿਸੇ ਨੇ ਕੋਈ ਉਤਰ ਨਹੀਂ ਦਿਤਾ ਸੀ ।

ਐਸਾ ਦੇਖ ਸੁਣ ਕੇ ਵੀ ਅਸੀ ਹੈਰਾਨ ਹੋਇ ਕਿ ਕਿਸੇ ਦੀ ਮਜਾਲ ਨਹੀਂ ਸੀ ਜੋ ਕੋਈ ਮੰਦਕਰਮੀ–ਗੁਰ ਦਰਬਾਰ ਵਿਚ ਆ ਕੇ ਬੈਠ ਸਕੇ । ਅਗਰ ਕਿਸੇ ਵਿਭਚਾਰੀ ਬਾਬਤ ਇਹ ਪਤਾ ਲਗੇ ਕਿ ਇਸਨੇ ਕਿਸੇ ਦੀ ਧੀ ਭੈਣ ਦੀ ਪਤ ਲੁਟੀ ਹੈ ਤਦ ਉਸਦੀ ਰੋਡੇ ਉਤੇ ਦੀ ਲਤਾਂ ਕੱਟਾਂ ਦਿੰਦੇ ਸੀ,

ਭੁ ਭੀਤ ਹੋਇ ਕੁਕਰਮੀ ਸਾਹਮਣੇ ਹੋਣ ਦੀ ਜੁਰਅਤ ਨਹੀਂ ਕਰਦੇ ਸਨ । ਤੇ ਚੋਰੀ ਯਾਰੀ ਤੋਂ ਤੋਬਾ ਕਰਦੇ ਹੋਇ ਸ਼ੇਵਕ ਬਣ ਜਾਂਦੇ ਸਨ ।

ਬਾਬਾ ਬੀਰ ਸਿੰਘ ਨੇ ਦਸਿਆ ਅਸੀ ਬਹੁਤ ਦਿਨ ਉਨੇ ਸਾਹਿਬ ਰਹਿ ਕੇ ਸੀ ਬਾਬਾ ਸਾਹਿਬ ਸਿੰਘ ਜੀ ਦੇ ਦਰਸ਼ਨ ਅਤੇ ਉਪਦੇਸ਼ ਸਰਵਨ ਕਰਕੇ ਲਾਭ ਉਠਾਇਆ, ਤੱਦ ਨਾਲ ਗਏ ਆਏ ਕੁਝ ਸਿਖਾਂ ਨੇ ਸਾਡੇ ਤੋਂ ਪੁਛਿਆ ਸੀ ਕਿ ਬਾਬਾ ਸਾਹਿਬ ਸਿੰਘ ਨੇ ਜੋ ਆਪ ਦੇ ਗੁਰੂ ਸੰਤ ਭਾਗ ਸਿੰਘ ਜੀ ਆਪਣੇ ਹੋਲੇ ਪੁਤੀ ਐਸਾ ਬਚਨ ਕਿਉ ਕਹਿਆ ਕਿ ਅਸੀ ਤੁਸਾਡੇ ਭਾਈ ਟੋਹਲੂਏ ਹਾਂ–ਤਦ ਉਤਰ ਵਿਚ ਅਸੀਂ ਉਨਾਂ ਨੂੰ ਦਸਿਆ ਕਿ–

"ਸਭ ਤੇ ਪਹਿਲੇ ਗੁਰੂ ਨਾਨਕ ਦੇਵ ਨੇ ਸੰਤ ਮਹਿਮਾਂ ਵਿਚ ਫੁਰਮਾਇਆ ਹੈ"–

"ਵਾਹੁ ਮਹਿੰਡਾ ਤਲੀ ਖਾਕੁ ਜੋ ਮਿਲੈ ਤਾਂ ਮਸਤਿਕ ਲਾਈਐ" (੪੬੯)

ਤਿਵੇਂ ਸ੍ਰੀ ਕ੍ਰਿਸ਼ਨ ਭਗਵਾਨ ਨੇ ਸ੍ਰੀ ਮੱਧ ਭਾਗਵਤ ਪੁਰਾਣ ਦੇ ੧੧ਵੇਂ ਸਕੰਧ ਮੈਂ ਉਧੋ ਪ੍ਰਤੀ ਫੁਰਮਾਇਆ ਸੀ–ਸਲੋਕ ਦਾ ਭਾਵ ਇਹ ਹੈ–

"ਹੇ ਉਧਵ ਸਰਬ ਜਗਤ ਕਾ ਈਸ਼ਰ ਪੂਰਨ ਕਾਮ ਹੋ ਕੇ ਵੀ ਤਿਨਾਂ ਮਹਾਤਮਾਂ ਸੰਤ ਜਨੋ ਕੇ ਪੀਛੇ ਪੀਛੇ ਮੈਂ ਫਿਰਤਾ ਹੂੰ (ਜੋ ਮੇਰੇ ਹੋ ਚੁਕੇ ਹੈ) ਇਸ ਵਾਸਤੇ ਕਿ ਉਨ੍ਹਾਂ ਦੇ ਚਰਨਾਂ ਦੀ ਧੂੜ ਮੇਰੇ ਸੀਰ ਪਰ ਪੈ ਜਾਏ ਤੇ ਮੇਰਾ ਸ਼ਰੀਰ ਪਵਿਤਰ ਹੋ ਜਾਵੇ । ਦੂਜਾ–ਐਸੇ ਨਿਰਇਛਤ ਸੰਤ ਮੇਰੇ ਪਰ ਕੋਈ ਆਗਿਆ ਕਰੇ ਤਦ ਪਾਲਨ ਕਰਕੇ ਖੁਸ਼ ਹੋਵਾਂ–ਕਿ ਐਸੇ ਸੰਤ ਮੈਨੂੰ ਬਹੁਤ ਪਿਆਰੇ ਹੈ–(ਬਾਬਾ ਬੀਰ ਸਿੰਘ ਨੇ ਦਸਿਆ) ਤਿਵੈ ਹੀ ਬਾਬਾ ਸਾਹਿਬ ਸਿੰਘ ਜੀ ਨੇ ਅਪਨੇ ਪਰਮ ਪਿਆਰੇ ਸ਼ੇਵਕ ਸੰਤ ਭਾਗ ਸਿੰਘ ਜੀ ਦੀ ਵਡਿਆਈ ਪ੍ਰਗਟਾਉਣ ਨੂੰ ਐਸਾ ਬਚਨ ਕੀਤਾ–ਕਿ ਅਸੀਂ ਤੁਹਾਡੇ ਟੋਹਲਏ ਹਾਂ"

"ਤਿਵੈਂ ਇਕ ਹੋਰ ਵੀ ਗੁਰੂਮੁੱਖ ਵਾਕ ਪ੍ਰਵਾਨ ਹੈ ਦਸਮੇਸ਼ ਜੀ ਦਾ ਹੈ ।"

"ਰਹਿਣੀ ਰਹੈ ਸੋਈ ਸਿਖ ਮੇਰਾ–ਓਹ ਸਾਹਿਬ ਮੈਂ ਉਸ ਕਾ ਚੇਰਾ"

ਬਾਬਾ ਬੀਰ ਸਿੰਘ ਜੀ ਨੇ ਦਸਿਆ ਕਿ ਇਨਾਂ ਉਕਤ ਗੁਰੂ ਵਾਕਾਂ ਦੇ ਮੰਤਵ ਅਨੁਸਾਰ ਬਾਬਾ ਸਾਹਿਬ ਸਿੰਘ ਜੀ ਨੇ ਸੰਤ ਭਾਗ ਸਿੰਘ ਜੀ ਦੇ ਆਦਰ ਵਜੋਂ ਸੰਤ ਮਹਿਮਾਂ ਨੂੰ ਪ੍ਰਗਟਾਣਾ ਸੀ ਐਸਾ ਸੁਣ ਕੇ ਸੰਗਤ ਨੇ ਬਾਬਾ ਜੀ ਦਾ ਧੰਨਵਾਦ ਕੀਤਾ ਕਿ ਸਾਡਾ ਭਰਮ ਦੂਰ ਕੀਤਾ ਹੈ ।

ਬਾਬਾ ਸਾਹਿਬ ਸਿੰਘ ਜੀ ਵਲੋਂ ਅਨੋਖੀ ਮੰਗ

ਸੰਤ ਬਾਬਾ ਬੀਰ ਸਿੰਘ ਜੀ ਨੇ ਦਸਿਆ ਕਿ ਉਕਤ ਬਚਨ ਬਿਲਾਸ ਜੋ ਸੰਤ ਭਾਗ ਸਿੰਘ ਜੀ ਤੇ ਬਾਬਾ ਸਾਹਿਬ ਸਿੰਘ ਵਿਚਕਾਰ ਹੋਇ ਮਗਰੂੰ ਜਦੋਂ ਦੀਵਾਨ ਦੀ ਸਮਾਪਤੀ ਸਮੇਂ ਦਰਬਾਰ ਤੋਂ ਲੋਕੀ ਆਪਣੀ ਆਪਣੀ ਥਾਵਾਂ ਤੇ ਜਾ ਰਹੇ ਸਨ ਤਦ ਪਹਿਲੇ ਬਾਬਾ ਬੇਦੀ ਸਾਹਿਬ ਸਿੰਘ ਜੀ ਨੇ ਮੋਰੀ ਵਲ ਦੇਖਿਆ–ਫਿਰ ਸੰਤ ਭਾਗ ਸਿੰਘ ਜੀ ਪੁਤੀ ਕਿਹਾ ਕਿ ਇਹ ਸਿਖ (ਬੀਰ ਸਿੰਘ) ਸਾਨੂੰ ਦੇ ਦੇਵੇ–ਲੰਗਰ ਦੀ ਕਿਤਾ ਏਹਨੀ ਕਰਿਆ ਕਰੇਗਾ–ਤਦ ਸੰਤ ਭਾਗ ਸਿੰਘ ਜੀ ਨੇ ਸਤਿ ਬਚਨ ਆਖ ਕੇ ਪ੍ਰਵਾਨ ਕੀਤਾ ਤੇ ਸਾਨੂੰ ਬਾਬਾ ਜੀ ਦੀ ਲੰਗਰ ਦੀ ਸੇਵਾ ਵਾਸਤੇ ਉਨੇ ਹੀ ਛੜਿਆ ਤੇ ਆਪ ਜੀ ਕੁਝ ਦਿਨਾਂ ਮਗਰੋਂ ਪਠੋਹਾਰ ਨੂੰ ਤੁਰੀ ਨਗਰ (ਅਪਨੇ ਅਸਥਾਨ) ਚਲੇ ਗਏ ਸੀ ।

Scanned with CamScanner

ਕਰੜੀ ਪ੍ਰੀਖਿਆ ਦਾ ਆਰੰਭ

ਬਾਬਾ ਬੀਰ ਸਿੰਘ ਜੀ ਨੇ ਦਸਿਆ ਕਿ ਅਸੀਂ ਲੰਗਰ ਦੀ ਸੇਵਾ ਸੰਭਾਲ ਲਈ ਸੀ ਤੇ ਤਨ ਮਨ ਕਰਕੇ ਜੁਟ ਪਏ ਸੀ, ਪਰ ਕੁਝ ਦਿਨਾਂ ਬਾਦ ਮੈਨੂੰ ਬਸਤ੍ਰਾਂ ਦੀ ਲੋੜ ਪਈ ਤੇ ਉਹ ਉਨ੍ਹਾਂ ਦੇਣੇ ਬੰਦ ਕਰ ਦਿਤੇ। ਫਿਰ ਅਸੀਂ ਲੰਗਰ ਦੀ ਸੇਵਾ ਤੋਂ ਵਿਹਲ ਪਾ ਕੇ ਲੋੜਵੰਦ ਗੁਰਸਿਖਾਂ ਦਾ ਪ੍ਰਬੰਧ ਕਰਨ ਬੈਠ ਗਏ (ਕਛਿਹਰਾ) ਇਸ ਸ਼ਰਤ ਤੇ ਸਿਲਾਈ ਸ਼ੁਰੂ ਕੀਤੀ ਕਿ ਸਿਲਾਈ ਤੋਂ ਬਾਦ ਪਹਿਲੇ ਅਠ ਪਹਿਰ (ਇਕ ਦਿਨ ਤੇ ਰਾਤ) ਨਵੀਂ ਪੁਸ਼ਾਕ ਅਸੀ ਖੁਦ ਪਹਿਰੇ ਬਾਦ ਮਾਲਕ ਨੂੰ ਦਿਤਾ ਕਰਾਂਗੇ। ਇਸ ਤਰ੍ਹਾਂ ਨਾਲ ਨਵੀਂ ਪੁਸ਼ਾਕ ਪਹਿਰ ਕੇ ਅਸੀਂ ਲੰਗਰ ਦੀ ਸੇਵਾ ਤੇ ਦੀਵਾਨ ਵਿਚ ਵੀ ਦਰਸ਼ਨ ਵਾਸਤੇ ਜਾਂਦੇ ਰਹੇ, ਅਤੇ ਲੰਗਰ ਦੀ ਸੇਵਾ ਵੀ ਨਿਭਾਉਂਦੇ ਰਹੇ ਸੀ।

ਨੋਟ : ਬਾਬਾ ਬੀਰ ਸਿੰਘ ਇਹ ਜ਼ਿਕਰ ਅਪਨੀ ਭਰੀ ਸੰਗਤ ਵਿਚ ਸੁਣਾ ਰਹੇ ਸਨ ਤੇ ਨਾਲ ਹੀ ਦਸਿਆ–ਹੇ ਭਾਈ ਗੁਰਸਿਖੋ ! ਸਤਿਗੁਰੂ ਕੀ ਸੇਵਾ ਬਹੁਤ ਕਠਨ ਹੈ ਤਦੇ ਗੁਰੂ ਅਮਰਦਾਸ ਜੀ ਨੇ ਫੁਰਮਾਇਆ ਸੀ।

"ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ" (੨੧)

ਪਰ ਗੁਰਸਿਖਾਂ ਵਾਸਤੇ ਇਸਤੋਂ ਉਤਮ ਹੋਰ ਕੋਈ ਤੱਪ ਨਹੀਂ ਹੈ। ਗੁਰ ਸੇਵਾ ਹੀ ਸਫਲ ਤਪ ਹੈ। ਜਿਸ ਦੀ ਸੇਵਾ ਕੀਤੇ ਨਾਲ ਪ੍ਰਮੇਸ਼ਰ ਆਪ ਪ੍ਰਸੰਨ ਹੁੰਦੇ ਹਨ, ਕਬੀਰ ਜੀ ਦਾ ਇਕ ਇਹ ਪ੍ਰਸਿਧ ਫੁਰਮਾਨ ਹੈ–

"ਕਬੀਰ ਮੇਰੇ ਮਨ ਅਸਚਰਜ ਹੈ ਜੋ ਗੁਰ ਕਉ ਕਹਿਤੇ ਔਰ
ਹਰਿ ਰੂਠੇ ਗੁਰ ਠੌਰ ਹੈ–ਗੁਰੂ ਰੂਠੇ ਨਹੀ ਠੌਰ।" ਬਾਹਰ ਦਾ ਪ੍ਰਸੰਗ)

ਭਾਵ–ਜੋ ਕੋਈ ਗੁਰੂ ਨੂੰ ਪ੍ਰਮੇਸਰ ਤੋਂ ਵਖਰਾ–ਆਮ ਸੰਸਾਰੀ ਮਨੁਖਾਂ ਵਾਂਗੂੰ ਸਮਝਦਾ ਹੈ ਉਹ ਦੇ ਉਤੇ ਅਸਚਰਜ ਹੈ–ਅਫਸੋਸ ਹੈ ਕਿ ਉਹ ਭੁਲੜ ਹੈ, ਅਨੁਜਾਨ ਹੈ। ਉਹ ਨਹੀਂ ਸਮਝਦਾ ਕਿ ਕਿਸੇ ਅਯੋਗ ਕੰਮ ਕੀਤੇ ਉਤੇ ਪ੍ਰਮੇਸ਼ਰ ਨਰਾਜ ਹੋ ਜਾਏ ਤਦ ਗੁਰੂ ਐਸੇ ਸੇਵਕ ਦੀ ਹਾਮੀ ਭਰ ਕੇ ਬਖਸ਼ਦਾ ਸਕਦਾ ਹੈ। ਪਰ ਗੁਰੂ ਨਰਾਜ ਹੋਣ ਨਾਲ ਉਸ ਸਿਖ ਦੀ ਪ੍ਰਮੇਸਰ ਵੀ ਭੁਲ ਨਹੀਂ ਬਖਸ਼ਦਾ ਐਸੇ ਅੱਲਰ ਬਲਕ ਬਾਬਾ ਬੀਰ ਸਿੰਘ ਨੇ ਅਪਨੇ ਪ੍ਰਬਾਂਣੇ ਸੰਗਤ ਨੂੰ ਸੁਣਾ ਕੇ ਹੈਰਾਨ ਕੀਤਾ।

ਦਮਦਮੇ ਦੀ ਸੇਵਾ ਤੇ ਪ੍ਰੀਖਿਆ

ਬਾਬਾ ਬੀਰ ਸਿੰਘ ਜੀ ਨੇ ਦਸਿਆ ਕਿ ਲੰਗਰ ਦੀ ਸੇਵਾ ਛੁਡਾਂਇ ਕੇ ਸ੍ਰੀ ਬਾਬਾ ਸਾਹਿਬ ਸਿੰਘ ਜੀ ਨੇ ਦਮਦਮੇ ਦੀ ਉਸਾਰੀ ਦੀ ਸੇਵਾ ਸੌਂਪੀ। ੧੭੦੦ ਸਿੰਘ ਮੇਰੀ ਇਸ ਸੇਵਾ ਵਿਚ ਮੇਰੇ ਨਾਲ ਰਹੇ, ਜੋ ਜੋ ਕੰਮ ਕਿਸੇ ਦੇ ਸਪੁਰਦ ਅਸੀ ਕਰਦੇ ਰਹੇ ਸਾਰੇ ਹੀ ਪ੍ਰੇਮ ਨਾਲ ਸੇਵਾ ਨਿਭਾਉਂਦੇ ਸਨ। ਇਸ ਸੇਵਾ ਵਿਚ ੧੭੦੦ ਸਿੰਘਾਂ ਦੇ ਲੰਗਰ ਵਾਸਤੇ ਇਕ ਮਹੀਨਾ ਭਰ-ਪੂਰਾ ਖਰਚਾ ਮਿਲਿਆ, ਫਿਰ ਅਠ ਪਹਿਰ ਪਿਛੋਂ ਪ੍ਰਬਾਦਾ ਛਕਣਾ ਪੈਦਾ ਰਿਹਾ, ਤਦ ਵੀ ਚੰਗਾ ਨਿਰਬਾਹ ਹੋਇਆ। ਉਪੰਤ ਚਾਰ ਪੰਜ ਦਿਨ, ਡੂ ਕਿ ਤੀਕ ਵੀ ਕੁਝ ਨ ਮਿਲਦਾ ਸੀ। ਇਹ ਸਾਰੇ ਸਿੰਘ ਜੰਗਲ ਵਿਚੋਂ ਲਕੜੀ ਅਤੇ ਪੱਥਰ ਦਾ ਕੁੰਨਾ ਲੈ ਕੇ ਆਉਂਦੇ ਸਨ। ਜੋ ਕਿ ਦਸਮੇ ਦੀ ਤਿਆਰੀ ਵਿਚ ਖੂਬ ਹੋਣਾਂ ਸੀ। ਤਦ ਕਈ ਦਿਨ ਬਿਨਾ ਕੁਝ ਖਾਧੇ ਦੇ ਕੰਮ ਕਰਨਾ ਮੁਸ਼ਕਿਲ ਹੋ ਗਿਆ ਤੇ ਸਿਖਾਂ ਵਿਚੋਂ ਕੁਝ ਸਿੰਘ ਕੰਮ ਛੋਡ ਕੇ ਚਲੇ ਗਏ ਸੀ-ਫਿਰ ਦੇਵਾ ਹਿਸਾ ਤੇ ਫਿਰ ਭੁਖ ਦੇ ਮਾਰੇ ਕੋਈ ਵੀ ਨ ਰਿਹਾ ਸੀ, ਜੋ ਕੋਈ ਰਿਹਾ ਸੀ ਉਹ ਵਡੇ ਤੜਕੇ ਉਠ ਕੇ ਤਪ ਸਾਧਨਾਂ ਵਿਚ ਲਗ ਜਾਂਦੇ ਸਨ। ਇਸ ਤਰ੍ਹਾਂ ਨਾਲ ਕਰੜੀ ਪ੍ਰੀਖਿਆ ਵਿਚ ਸਾਨੂੰ ਤਕਰੀਬਨ ਸਾਢੇ ਤਿੰਨ ਮਹੀਨੇ ਲਗ ਗਏ ਸਨ। ਇਸ ਤਰ੍ਹਾਂ ਨਾਲ ਕਰੜੀ ਪ੍ਰੀਖਿਆ ਵਿਚ ਸਾਨੂੰ ਤਕਰੀਬਨ ਸਾਢੇ ਤਿੰਨ ਮਹੀਨੇ ਲਗ ਗਏ ਸਨ। ਇਸ ਤਰ੍ਹਾਂ ਨਾਲ ਕਰੜੀ ਪ੍ਰੀਖਿਆ ਵਿਚ ਸਾਨੂੰ ਤਕਰੀਬਨ ਸਾਢੇ ਤਿੰਨ ਮਹੀਨੇ ਲਗ ਗਏ ਸਨ।

ਬਾਬਾ ਜੀ ਨੇ ਦਸਿਆ–ਕਿ ਇਤਨੀ ਕਰੜੀ ਪ੍ਰੀਖਿਆ ਵੇਲੇ ਸਾਨੂੰ ਤਾਂ ਬਾਬਾ ਸਾਹਿਬ ਸਿੰਘ ਜੀ ਕੁਛ ਜ਼ਰੂਰ ਹੀ ਬਖਸ਼ਿਆ ਤੇ ਮਨ ਭੁਲਾਇਆ ਨਹੀਂ ਸੀ। ਬਹੁਤ ਭੁਖ ਲਗੀ ਵੇਲੇ ਅਸੀਂ ਦੋ ਇਟਾਂ ਕਲ ਦੇ ਪੋਟ ਨਾਲ ਬੰਨ ਲੈਂਦੇ ਅਤੇ ਪਾਣੀ ਪੀ ਕੇ ਸੇਵਾ ਕਰਦੇ ਰਹੇ, ਤੇ ਐਸੀ ਸੇਵਾ ਉਹ ਆਪ ਹੀ ਕਰਾਉਦੇ ਹੋਇ ਸਭ ਕੁਝ ਜਾਣਦੇ ਸੀ ਤੇ ਸੇਵਾ ਦਮਦਮੇ ਸਾਹਿਬ ਦੀ ੧੧ ਮਹੀਨਿਆਂ ਵਿਚ ਮੁਕੰਮਲ ਹੋਈ। ਸ੍ਰੀ ਬਾਬਾ ਜੀ ਦੇਖ ਕੇ ਬਹੁਤ ਪ੍ਰਸੰਨ ਹੋਇ। ਜੋ ਜੋ ਸੇਵਕ ਸਾਡੇ ਨਾਲ ਅਖੀਰ ਤੀਕ ਨਿਭੇ ਸੀ ਸਭ ਨੂੰ ਅਸੀਸਾਂ ਤੇ ਕੀਤੀ, ਕੜੇ-ਦੁਧੀ ਮੋਹਰਾਂ ਜਾਂ ਘੋੜਾ ਦੁਸਾਲਾ–ਜੋ ਕਿਸੇ ਮੰਗਿਆ ਸਭ ਨੂੰ ਮਿਲਿਆ ਸੀ। ਜਦ ਇਸ ਸੇਵਕ (ਮੈਂ ਬੀਰ ਸਿੰਘ) ਨੂੰ ਭੁਲਾਇਆ ਤੇ ਕ੍ਰਿਪਾ ਭਰੀ ਨਜ਼ਰ ਨਾਲ ਵੇਖਦੇ ਹੋਏ ਕਿਹਾ–ਮੰਗ ਲੈ ਵੀਰ ਸਿੰਘ ! ਜੋ ਤੇਰੀ ਇਛਾ ਹੈ। ਮੇਰੇ ਪਾਸ ਐਸੀ ਕਿਸੇ ਵਸਤੂ ਦੀ ਥੁੜ ਨਹੀਂ ਜੋ ਤੈਨੂੰ ਨ ਦਿਤੀ ਜਾ ਸਕੇ ? ਕਿਤੇ ਤੇਰੇ ਤੋਂ ਵੱਧ ਕੋ ਹੋਰ ਕੋਈ ਪਿਆਰਾ ਵੀ ਮੈਨੂੰ ਨਹੀਂ ਹੈ। ਇਸ ਵਾਸਤੇ ਜੋ ਜੀ ਚਾਹੇ ਮੰਗ ਲੈ।

ਬਾਬਾ ਸਾਹਿਬ ਸਿੰਘ ਜੀ ਦੇ ਕਿਰਪਾ ਭਰੇ ਬਚਨ ਸੁਣਦੇ ਸਾਰ ਸੰਤ ਵੀਰ ਸਿੰਘ ਦਸਦੇ ਅਸੀਂ ਸਿਰ ਨਿਵਾ ਲਿਆ ਤੇ ਇਹੋ ਮੰਗਿਆ–ਜੋ ਫਰੀਦ ਜੀ ਨੇ ਮੰਗਿਆ ਸੀ।

"ਤੇਰੀ ਪਨਹ ਖੁਦਿਏ ਤੂੰ ਬਖਸ਼ੰਦਗੀ,
ਮੈਂ ਫਰੀਦੇ ਚੋਰੁ ਦੀਜੈ ਬੰਦਗੀ।" (੪੯੯)

ਜਦ ਏਹੀ ਪਾਤਸ਼ਾਹ ਨੇ ਬਖਸ਼ਸ਼ ਕਰਨ ਦੇ ਉਤਸ਼ਾਹ ਵਿਚ ਮੇਰੇ ਤੋਂ ਫੇਰ ਪੁਛਿਆ–ਕਹੁ ਬੀਰ ਸਿੰਘ, ਬੰਦਗੀ ਦੀ ਬਖਸ਼ਸ਼ ਤਾਂ ਹੋਈ ਪਈ ਹੈ, ਹੋਰ ਜੋ ਕੁਝ ਖਾਹਸ਼ ਹੋਵੇ–ਦਸੀਏ ! ਤਦ ਅਸੀਂ ਬੇਨਤੀ ਕੀਤੀ ਸਾਹਿਬ ਜੀਓ ! ਇਸ ਬੰਦਗੀ ਦੀ ਪ੍ਰਪਕਤਾ ਵਾਸਤੇ ਜੀ ਕਰਦਾ ਹੈ, ਕਿਸੇ ਪਹਾੜ ਦੀ ਕੈਦਰਾ ਵਿਚ ਓਹਲੇ ਬੈਠ ਕੇ ਤਪ ਸਾਧਨਾਂ, ਤਪਸਿਆ ਕਰੀਏ। ਇਸ ਦੇ ਜਵਾਬ ਵਿਚ ਆਪ ਨੇ ਫੁਰਮਾਇਆ—

"ਸੁਣ ਭਾਈ ਸਿਖਾ ! ਜੇ ਕਰ ਹੋਰ ਜਨਮ ਧਾਰਣੇ ਦੀ ਅਭਲਾਖਾ ਹਈ ਤਾਂ ਤਪ ਕਰ ! ਤੂੰ ਭਾਈ ਬਾਬਾ ਸਿੰਘ ਦੇ ਉਪਦੇਸ ਕੋ ਭਲੀ–ਪ੍ਰਕਾਰ ਜਾਨਤਾ ਹੈ, ਅਰ ਨਿਰਸੰਦੇਹ ਤੂੰ ਆਤਮ ਸਰੂਪ ਅਪਨੇ ਕੋ ਸਰੀਰ ਨੂੰ ਤਪਾਂਦਾ ਰਹੇ। ਤੱਤਵੇਤਾ ਪੁਰਖ ਨੂੰ ਸੀਰ ਤਪਾਵਨ ਦੀ ਕੋਈ ਲੋੜ ਬਾਕੀ ਨਹੀਂ ਰਹੀ ਜਾਂਦੀ।

ਬਾਬਾ ਬੀਰ ਸਿੰਘ ਨੇ ਹੋਰ ਦਸਿਆ–ਕਿ ਤਪ ਸਾਧਨਾਂ ਕਰਨ ਦੀ ਮੇਰੀ ਰੁਚੀ ਨੂੰ ਬਦਲ ਕੇ ਆਪ ਨੇ ਫੁਰਮਾਇਆ–ਕਿ ਹੁਣ ਤੇਰੇ ਵਾਸਤੇ ਇਹੋ ਕਰਨਾਂ ਯੋਗ ਹੈ ਕਿ ਹਾਥੀ ਦੀ ਅੰਬਾਰੀ ਵਿਚ ਜਾਂ ਪੈਦਲ ਹੀ ਸਫਾਰੀ ਕਰਦਾ ਰਹਿ ਜਾ ਸਿਘਾਸਨ ਤੇ ਬੈਠਾ ਸੇਵਕਾਂ ਨੂੰ ਹੁਕਮ ਚਲਾਵਦਾ ਤੇ ਲੰਗਰ ਗੁਰੂ ਦਾ ਚਲਾਂਦਾ ਰਹੁ। ਕੋਈ ਐਸਾ ਤਪ ਨਹੀਂ ਜੋ ਇਸ ਤਪ ਤੋਂ ਵਧੀਕ ਹੋਵੇ–ਫੇਰ ਫੁਰਮਾਇਆ, ਅਬ ਤੂੰ

ਨਿਸਚਿੰਤ ਹੋ ਕੇ ਪਲੰਘ ਪਰ ਬੈਠਾ ਸਾਧ ਸੰਗਤ ਪ੍ਰੇਮੀ ਸਿੱਖਾਂ ਕੋ ਦਰਸ਼ਨ ਦੇਹ ! ਸਭ ਸੇਵਕਾਂ ਪਰ ਤੁਮ ਕਰਕੇ ਮੇਹਰ ਕਰਾਂਦਾਂ ਰਹੁ ! "ਮੈਂ' ਆਪ ਹੀ ਤੇਰਾ ਲੰਗਰ ਕਰੂੰਗਾ, ਮੈਂ' ਹੀ ਘੋੜੇ ਹਾਥੀ ਕੀ ਲਿਦ ਹਟਾਯ ਆਦਿਕ ਸਭ ਸੇਵਾ ਕਰੂੰਗਾ-ਮੈਂ' ਹੀ ਤੇਰੇ ਸਰਬ-ਕਾਰਜ ਰਾਸ ਕਰੂੰਗਾ। ਹੇ ਸਿਖ ! ਖੀਸਾ ਮੇਰਾ ਮੇ ਹਾਥ ਤੇਰਾ" ਜੋ ਜਿਸ ਨੂੰ ਤੇਰੀ ਇਛਾ ਹੋਵੇ ਬਖਸ਼ੀਸ ਕਰ ! ਬੈਠ ਕੇ ਅਨੰਦ ਭੋਗ, ਪ੍ਰਭੂ ਦੇ ਕਾਮ ਨਹੀਂ ਕਰਨੇ ਇਕ ਤੋਂ ਕਰਜਾ ਨਹੀਂ ਉਠਾਵਨਾਂ। ਦੂਜਾ ਰਣਜੀਤ ਸਿੰਘ ਦੀ ਅੰਸ ਜੁਹਣ ਨਹੀਂ' ਕਰਦੀ। ਜੇ ਰਣਜੀਤ ਸਿੰਘ ਕੀ ਅੰਸ ਰੁਹਿਣ ਕਰੇਗਾ, ਤਬ ਪੋਟ ਜਲ ਜਾਇਗੀ-ਅਬ ਤੂੰ ਕਿਸੇ ਬਾਤ ਕੀ ਚਿੰਤਾ (ਚਿੰਤ) ਨ ਕਰ ! ਕੇਵਲ ਪਕੇ ਫਲ ਕਾ ਭੋਗਤਾ ਬਨਿਆ ਰਹੁ ! ਫੀਲ ਘੋੜਾ ਰਥ, ਦਲ ਚਾਰ ਪ੍ਰਕਾਰ ਕੀ ਸੈਨਾ ਤੇਰੀ ਆਗਿਆ ਮੈ ਹਾਜਰ ਰਹੇਗੀ। ਤੂੰ ਬੈਠਾ ਹੁਕਮ ਕਰਤਾ ਰਹੁ !

(ਸੰਤ ਬੀਰ ਸਿੰਘ ਜੀ ਨੇ ਅਪਨੇ ਨਿਕਟ ਅਤੇ ਸਨਮੁਖ ਬੈਠੀ ਸੰਗਤ ਨੂੰ ਦਸਿਆ) ਬਾਬਾ ਸਾਹਿਬ ਸਿੰਘ ਜੀ ਦਾ ਬਾਰ ਬਾਰ ਮੈਨੂੰ ਇਹੀ ਹੁਕਮ ਹੋਇਆ ਕਿ ਤੂੰ ਏਹਾ ਹੁਕਮ ਕਰਤਾ ਤੇ ਭੁਖ ਭੋਗਤਾ ਰਹੇ। ਕਿਉਂਕਿ ਕਰਮ ਦੇਖਾ ਭੋਗਨੀ ਹੀ ਪੜਤੀ ਹੈ-ਇਹ ਬਚਨ ਅਸੀ ਸਿਰ ਪਰ ਧਾਰਣ ਕਰ ਲਿਆ ਤੇ ਨਿਮਸਕਾਰ ਕੀਤੀ, ਹੋਰ ਤਪ ਸਾਧਨ ਦਾ ਖਿਆਲ ਹੀ ਛਡ ਦਿਤਾ ਤੇ ਉਨ੍ਹਾਂ ਦੇ ਹੁਕਮ ਦੀ ਪਾਲਨਾਂ ਵਿਚ ਹੀ ਅਜੇ ਤੀਕ ਸਮਾਂ ਬਤੀਤ ਹੋ ਰਿਹਾ ਹੈ :

ਨੋਟ-ਸੰਤ ਬਾਬਾ ਬੀਰ ਸਿੰਘ ਪ੍ਰਥਾਏ ਇਤਨੀ ਬਖਸ਼ਸ਼ ਭਏ ਵਰਦਾਨ ਦਾ ਜ਼ਿਕਰ ਬੀਰ ਮਿ੍ਰਤੋਸਰ ਕੁਰ ਬਿਲਾਸ ਸਫਾ ੧੦੭੩-੭੪-੭੫ ਤਿਨਸਕੈਧ ੨੨ ਧਿਆਏ ਦੀ ਲਿਖਤ ਵਿਚ ਲਿਖਿਆ ਹੈ।

ਸੰਤ ਬੀਰ ਸਿੰਘ ਜੀ ਨੂੰ ਵਰਦਾਨ ਤੇ ਮਲੇਛ ਬੁੱਧੀ ਹੋਇ ਖਾਲਸੇ ਨੂੰ ਸਰਾਪ

ਸ੍ਰੀ ਬਾਬਾ ਸਾਹਿਬ ਸਿੰਘ ਇਕ ਦਿਨ ਦੀਵਾਨ ਸਜਾਏ ਬੈਠੇ ਸਨ। ਬੇਸ਼ੁਮਾਰ ਸਿਖ ਸੰਗਤ ਵਿਚਾਰ ਆਪ ਬ੍ਰੇਭਤ ਸਨ ਤੇ ਬੈਠੇ ਬੈਠੇ ਆਪ ਦੀ ਨਜ਼ਰ ਊਨੈ ਤੋਂ ਦੂਰ ਉਤਰ ਦੀ ਤਰਫ ਇਕ ਟਿਬੇ ਉਤੇ ਜਾ ਟਿਕੀ, ਆਪਨੇ ਵਰਸਾਇਆ-ਕੁਝ ਮਿੰਘ ਉਟੋ ਤੇ ਕਸੀਸਾਂ (ਕਹੀਆਂ) ਲਿਜਾ ਕੋ ਇਸ ਟਿਬੇ ਨੂੰ ਗਿਰਾਵੇਂ ਪਧਰੀ ਕਰ ਦਿਉ। ਸੰਤ ਬੀਰ ਸਿੰਘ ਜੀ ਐਸਾ ਬਚਨ ਸੁਣਦੇ ਸਾਰ ਹੀ ਉਠ ਖੜੇ ਤੇ ਕਹੀ ਲੈ ਕੇ ਟਿਬੇ ਵਲ ਚਲੇ ਗਏ। ਇਨ੍ਹਾਂ ਦੇ ਨਾਲ ਹੀ ਪੰਜ ਸਿੰਘ ਹੋਰ ਵੀ ਉਠ ਕੇ ਗਏ। ਟਿਬਾ ਸਾਢ ਕਰਨਾ ਸ਼ੁ ਕਰ ਦਿਤਾ। ਤਿੰਨ ਦਿਨ ਤੀਕ ਇਹ ਸੇਵਾ ਜਾਰੀ ਰਖੀ, ਪਰ ਅਜੇ ਤੀਕ ਟਿੱਬਾ ਸਾਰਾ ਪਧਰਾ ਨਹੀਂ ਹੋਇਆ।

ਤੀਜੇ ਦਿਨ ਤੀਜੇ ਪਹਿਰ ਵੇਲੇ ਇਨ੍ਹਾਂ ਦੀ ਲੱਤ ਉਤੇ ਕਸੀ (ਕਹੀ) ਦੀ ਚੋਟ ਨਾਲ ਲਹੂ ਵਗਣ ਲਗ ਗਿਆ ਅਤੇ ਖੂੰਨ ਜਾਰੀ ਸੀ। ਪਰ ਇਨ੍ਹਾਂ ਨੇ ਸੇਵਾ ਨਾ ਛਡੀ ਤੇ ਬਾਕੀ ਦੇ ਸਾਥੀ ਗਰਮੀ ਅਤੇ ਥਕਾਵਟ ਨਾਲ ਘਬਰਾ ਕੇ ਚਲੇ ਗਏ ਸੀ। ਇਨ੍ਹਾਂ ਸਿੰਘਾਂ ਨੇ ਬਾਬਾ ਸਾਹਿਬ ਸਿੰਘ ਜੀ ਨੂੰ ਸਾਰੀ ਗਲ ਬਾਤ ਸੁਣਾਈ, ਤਦ ਆਪ ਜੀ ਉਸੇ ਵੇਲੇ ਰੁਾਟ ਤਿਆਰ ਕਰਵਾਇਆ ਅਤੇ ਸਵਾਰ ਹੋ ਕੇ ਬੀਰ ਸਿੰਘ ਜੀ ਪਾਸ ਵਲੇ ਚਲੇ। ਇਸ ਵੇਲੇ ਹੋਰ ਵੀ ਬਹੁਤ ਸਾਰੇ ਸਿਖ ਸਰਦਾਰ ਤੇ ਸੇਵਕ ਬਹੁਤੇ ਨਾਲ ਗਏ ਸਨ। ਜਦੋਂ ਆਪ ਰੁਾਟ

ਬੀਰ ਸਿੰਘ ਨੂੰ ਦੇਖ ਫੁਮਾਇਆ-"ਭਾਈ ਵੀਰ ਸਿੰਘਾ ਤੂੰ ਸਾਨੂੰ ਹੁਣ ਦੁਖ ਦੇਂਦਾ ਹੈਂ-ਅਬ ਬੱਸ ਕਰ ਦੇਹ ਸਾਨੂੰ ਹੋਰ ਦੁਖ ਨ ਦਿਹ !"

ਜਦ ਐਸੇ ਬਚਨ ਸੁਣੇ ਤਦ ਸੇਵਾ ਵਿਚ ਜੁਟੇ ਹੋਏ ਬੀਰ ਸਿੰਘ ਜੀ ਨੇ ਦੇੜ ਕੇ ਨਿਮਸਕਾਰ ਕੀਤੀ ਅਤੇ ਦਰਿਆ-ਹੋ ਦੀਨਬੰਧੂ ! ਜੋ ਆਪ ਨੇ ਸੇਵਾ ਬਖਸ਼ੀ ਹੈ ਉਹ ਕਰਦਾ ਪਿਆ ਹਾਂ-ਹੋਰ ਆਪ ਦੀਆਂ ਆਪ ਹੀ ਜਾਣਦੇ ਹੋ ! ਮੈਨੂੰ ਆਪਣੇ ਸ੍ਰੀਰ ਦੀ ਹੋਰ ਕੋਈ ਸੋਝੀ ਨਹੀਂ' ਕਿ ਮੈਂ' ਇਸ ਸ੍ਰੀਰ ਵਿਚ ਹੁੰਦਾ ਹੋਇਆ ਵੀ ਕੁਝ ਸਬੰਧ ਨਹੀਂ' ਸਮਝ ਰਿਹਾਂ ਮੈਂ' ਇਸ ਤੋਂ ਅਲਿਗ ਹੋ ਕੇ ਸੇਵਾ ਵਿਚ ਲਗ ਪਿਆ ਹਾਂ, ਤੈਂ ਸਰੀਰ ਦੀ ਕੋਈ ਪੀੜਾ ਨਹੀਂ' ਸਮਝਦਾ।

ਭਾਈ ਬੀਰ ਸਿੰਘ ਦੇ ਨਿਮਰਤਾ ਅਤੇ ਪਿਆਰ ਭਰੇ ਬਚਨ ਸੁਣ ਕੇ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਨੇ ਫੁਰਮਾਇਆ-"ਜੋ ਤੇਰਾ ਸੀਸ ਹੈ, ਉਹ ਮੇਰਾ ਸੀਸ ਹੈ, ਇਸ ਵਿਚ ਹੁਣ ਕੋਈ ਭੇਦ ਨਹੀਂ, ਅੰਤਰ ਨਹੀਂ' ਹੈ (ਐਸਾ ਆਪ ਨੇ ਜਤਾਇਆ) "ਮੈਂ' ਤੂੰ-ਅਤੇ ਤੂੰ ਮੈਂ' ਹਾਂ ! ਸਿਰਫ ਸਰੀਰ ਦੀ ਦੂਈ ਪ੍ਰਤੀਤੀਆਂ ਕਰ ਕੇ ਦੋ ਸਰੀਰ ਪ੍ਰਤੀਤ ਹੋ ਰਹੇ ਹਨ। ਵਾਸਤਵ ਵਿਚ ਇਕ ਹਾਂ। ਕੋਈ ਭੇਦ ਨਹੀਂ ਹੈ। ਏਹ ਫੁਰਮਾਇਆ :

"ਇਸ ਰੀਤੀ ਸੋ ਜੋ ਮੈਂ' ਹਾਂ, ਸੋ ਤੂੰ ਹੈਂ-ਜੋ ਤੂੰ ਹੈਂ ਸੋ ਮੈਂ' ਹੂੰ।"

ਏਹ ਬਚਨ ਕੀਤਾ-ਤੇਸਾ ਸੀਸ ਦਿਤਾ ਹੈ ਲਾਹੌਰ ਦੇ ਥੰਨੈ ਪਰ, ਮਲੇਛ ਪੰਥ ਦੀਆਂ ਜੜ੍ਹਾਂ ਉਖਾੜਨ ਵਲਭੇ-ਆਸੀਂ' ਤੁਹਾਨੂੰ ਗੁਰੂ ਭੇਗ ਬਹਾਦਰ ਜੀ ਦੀ ਪਦਵੀ ਬਖਸ਼ੀ ਹੈ-ਹਜ਼ੂਰ ਨੇ ਐਸੇ ਹੋਰ ਵੀ ਬਹੁਤ ਵਰਲਾ ਦਿਤੇ ਤੇ ਕੰਠ ਨਾਲ (ਗਲੇ ਨਾਲ) ਲਗਾ ਕੇ ਪਿਆਰ ਭਰੇ ਬਚਨਾਂ ਨਾਲ ਕਿਹਾ :

"ਬੈਰ ਹਰੀ ਹੋ ਪ੍ਰਾਨ ਪਿਆਰੇ ॥ ਸਿਖ ਸਖਾ ਬਹੁ ਤੈਨੈ ਤਾਰੇ ॥
ਮੈਂ' ਸਰਬਸ ਸਭੀ ਤਹਿ ਦੀਨਾ ॥ ਜਾਹੁ ਅਮਰੁਪ ਰਹੁ ਸਦ ਲੀਨਾ ॥
ਮਮ ਦਰਸਨ ਕੋ ਜੋ ਨਰ ਚਾਹੈ ॥ ਤੋਰੇ ਦਰਸ ਕਰੈ ਸੁਖ ਪਾਹੈ ॥
ਤੂੰ ਬੋਧਬ ਗੁਰ ਕੋ ਸੁਖ ਦਾਈ ॥ ਸਿਖ ਸੰਗਤ ਬਹੁ ਲਿਹ ਤਰਾਈ ॥
ਮੈਂ' ਅਬ ਤੁਮਰੋ ਰੂਪ ਸੁਧਾਰਾ ॥ ਜਾਂਹੋ ਨਿਰਖ ਜਗ ਉਤਰੋ ਪਾਰਾ ॥
ਮਲੇਛ ਪੰਥ ਕੋ ਮੂਲ ਉਖਾਰੋ ॥ ਨਿਜ ਸਿਰ ਦੇਤ ਨ ਸੰਕਾ ਧਾਰੋ ॥
ਜਿਮ ਗੁਰ ਤੇਗ ਬਹਾਦਰ ਸ੍ਵਾਮੀ ॥ ਸਗਲ ਘਟਾ ਕੋ ਅੰਤਰਯਾਮੀ ॥
ਜਿਸ ਸਿਰ ਦੇਤ ਨ ਸੰਕਾ ਧਾਰੀ ॥ ਤੁਰਕਨ ਕੀ ਜੜ ਮੂਲ ਉਖਾਰੀ ॥
ਸੀਸ ਦੇਤ ਨਹਿ ਸੀ ਉਚਾਰੀ ॥ ਸਾਕਾ ਕੀਨ ਜਗਤ ਮੈਂ' ਭਾਰੀ ॥
ਤਿਲਕ ਜੰਞੂ ਕੀ ਟੇਕ ਸੋ ਰਾਖੀ ॥ ਸੋਸ ਮਹੋਸ ਦਿਨੋਸ ਸੁ ਸਾਖੀ ॥
ਤਿਮ ਤੁਮ ਮਲੇਛ ਪੰਥ ਕੋ ਨਾਸ ॥ ਕੀਜੋ ਧਰ ਨਿਜ ਰਿਦ ਬਿਸਵਾਸ ॥
ਮਮ ਆਇਸ ਕੋ ਧਰ ਉਰ ਮਾਂਹੀ ॥ ਤਜ ਸੰਕਾ ਬਿਚਰੋ ਜਗ ਮਾਂਹੀ ॥

ਦਰਿਹਾ-ਇਸ ਪ੍ਰਕਾਰ ਵਰਦਾਨ ਦੇ ਨਿਜ ਸਿਖ ਕੀਨ ਨਿਹਾਲ ॥
ਪੁਰ ਗਮਨੇ ਨਿਜ ਪਦ ਪ੍ਰਭੂ ਸ੍ਰੀ ਅਜੀਤ ਸਿੰਘ ਲਾਲਾ ॥ (੭)

ਨੋਟ–ਇਹ ਸਾਰਾ ਪ੍ਰਸੰਗ ਭ ਸਕੰਦ, ੨੪ ਅਧਿਆਏ ਉਤਰਾਰਧੋ–ਸ੍ਰੀ ਬੀਰ ਮ੍ਰਿਗੇਸ਼ ਗੁਰ ਵਿਲਾਸ
ਦੇ ਸਫਾ ੧੦੨੬-੮੦-੯੧ ਅਨੁਸਾਰ ਲਿਖਿਆ ਹੈ ਜਿਸ ਤੋਂ ਇਹ ਸਾਬਤ ਹੈ ਕਿ ਉਸ ਵੇਲੇ
ਦੇ ਰਾਜ ਦਰਬਾਰ ਅਤੇ ਹੋਰ ਕਾਰ ਵਿਹਾਰੀ ਬਹੁਤੇ ਸਿਖ ਖਾਲਸਾ ਰੂਪ ਹੁੰਦੇ ਵੀ ਗੁਰਸਿਖ
ਮਰਯਾਦਾ ਤੋਂ ਖਾਲੀ, ਬੇ-ਅੰਮ੍ਰਤਵੀਏ ਤੇ ਮਨ-ਮਤੀਏ ਵੇਖੇ ਸਨ ਤਦੇ ਐਸੇ ਲੋਕਾਂ ਨੂੰ ਮਲਨ ਬਿਰਤੀ
ਰਖਦਿਆਂ ਨੂੰ ਮਲੇਛ ਖਾਲਸਾ ਦਸਿਆ ਹੈ। ਇਸ ਵਾਸਤੇ ਕਿ ਆਪ ਸ੍ਰੀ ਹਜ਼ੂਰ ਵਾਲਾ
ਸਾਹਿਬ ਸਿੰਘ ਜੀ ਨੇ ਸ੍ਰੀ ਅੰਮ੍ਰਿਤ ਪੁਰ ਜਾ ਕੇ ਸ੍ਰੀ ਕੇਸ ਗੜ੍ਹ ਤਖਤ ਅਸਥਾਨ ਪਰ ਪੰਜ
ਪਿਆਰਿਆਂ ਤੋਂ ਅੰਮ੍ਰਿਤ ਛਕਿਆ ਤੇ ਰਹਿਤ ਮਰਿਯਾਦਾ ਤੇ ਧਾਰਨੀ ਸਨ। ਉਹ ਗੁਰੂ
ਗੋਬਿੰਦ ਸਿੰਘ ਦੇ ਇਨ੍ਹਾਂ ਵਾਕਾਂ ਅਨੁਸਾਰ ਰਹਿਤ ਰਖ ਕੇ ਗੁਰਸਿਖਾਂ ਨੂੰ ਹੀ ਸ੍ਰੇਸ਼ਟ ਸਦੂਹ(ਸ੍ਰੇਸ਼ਟ
ਖਾਲਸਾ ਰੂਪ) ਮੰਨਦੇ ਸਨ–ਗੁਰੂਵਾਕ ਐਸੇ ਹਨ :

ਰਹਿਤ ਪਿਆਰੀ ਮਹਿ ਕਉ ਸਿਖ ਪਿਆਰੇ ਨਾਹੀ ॥ [ਰਹਿਤ ਨਾਮਾ]

ਅਵਰਾ–ਕੇਸ ਧਰੇ ਪਾਹੁਲ ਬਿਨਾਂ ਭੇਖੀ ਪੁਰਖ ਸਿਖ ॥

ਮੋਰੋ ਦਰਸ਼ਨ ਨਾਹਿ ਤਿਸ ਪਾਪੀ ਤਿਆਗੋ ਭਿਖ ॥

ਉਕਤ ਗੁਰੂ ਫੁਰਮਾਨ ਅਨੁਸਾਰ ਉਸ ਵਕਤ ਦੇ ਖਾਲਸਾ ਪੰਥ ਵਿਚ ਐਸੀ ਗਿਰਾਵਟ ਆਈ
ਸਮਝ ਕੇ ਹੀ ਬਾਬਾ ਸਾਹਿਬ ਸਿੰਘ ਜੀ ਨੇ ਦੂਰ ਦ੍ਰਿਸ਼ਟੀ ਨਾਲ ਹੋਣ ਵਾਲੀ ਭਾਵੀ ਨੂੰ ਭਵਿਖ ਵਖਾਂ ਦੇ
ਅਨੁਸਾਰ ਦਰਸਾਇਆ ਹੈ–ਅਤੇ ਇਸ ਬੀਤ ਰਹੀ ਸਦੀ ਵਿਚ ਜਿਸ ਦਿਨ ਤੋਂ ਵੋਟਾਂ ਦੀ ਵਾਧੇ ਦੀ ਗਿਣਤੀ
ਪ੍ਰਾਪਤ ਕਰਨ ਦੀ (ਰਾਜਸੀ ਅਤੇ ਧਾਰਮਕ ਅਸਥਾਨਾਂ ਦੇ ਪ੍ਰਬੰਧ ਵਿਚ ਪ੍ਰਮੁਖਤਾ ਪਾਣ ਦੀ) ਹਿਰਸ ਵਧੀ
ਹੈ, ਗੁਰੂ ਮਰਿਆਦਾ ਦਾ ਪਾਲਨ ਅਤੇ ਸਿਖ ਇਤਿਹਾਸ ਤੋਂ ਅਨਜਾਣ ਪੁਣੇ ਨੇ ਸਿਖ ਸਮੂਹ ਦੇ (ਖਾਲਸਾ
ਕਹਾਉਣ ਵਾਲਿਆਂ) ਤੋਂ ਉਹੀ ਕੁਝ ਕਰਾ ਵਖਾਇਆ ਹੈ–ਜਿਸ ਦਾ ਵਰਣਨ ਕਰਨਾ ਵੀ ਆਪਣੀ ਕਲਮ
ਤੋਂ ਬਾਹਰ ਦੀ ਗਲ ਹੈ। ਅਗਰ ਇਸ ਹੱਥ ਪੁਸਤਕ (ਤੱਤ ਸਾਰ ਬੀਰ ਮ੍ਰਿਗੇਸ਼) ਨੂੰ ਪੜਦੇ ਹੋਇ ਪਾਠਕ
ਨੂੰ ਮੂੜ ਸੁਧ ਸਰੂਪ ਖਾਲਸਾ ਹੋਣ ਦੀ ਪ੍ਰੇਰਨਾ ਮਿਲੇ, ਅੰਮ੍ਰਿਤ ਧਾਰੀ ਤੇ ਰਹਿਤ ਮਰਿਆਦਾ ਦੇ ਪਾਲਕ
ਕਰਦੇ ਹੋਇਆਂ ਗੁਰਬਾਣੀ ਅਨੁਸਾਰ "ਗੁਰਮਤ ਧਾਰਣੀ" ਹੋਣ ਦੀ ਪ੍ਰੇਰਨਾ ਮਿਲੇ ਤਦ ਹੀ ਆਪਣੀ
ਇਸ ਕੀਤੀ ਮਿਹਨਤ ਦੀ ਸਫਲਤਾ ਉਤੇ ਮਾਨਸਕ ਤੇ ਆਤਮਕ ਪ੍ਰਸੰਤਤਾ ਮਿਲੀ ਜਾਣੀ ਜਾਏਗੀ–ਅਤੇ ਹੋਰ
ਹੋਰ ਸਮਾਚਾਰ ਲਿਖਿਆ ਪੜੀਏ।

ਦੀਰਘ ਦਰਸੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੇ ਹੋਰ ਵਿਸ਼ੇਸ਼ ਉਚਾਰਨ ਕੀਤੇ ਫੁਰਮਾਨ

ਫੇਰ ਇਕ ਵੇਰ [ਸਦਾ ਵਾਂਗੂੰ] ਬਾਬਾ ਬੀਰ ਸਿੰਘ ਜੀ, ਬਾਬਾ ਸਾਹਿਬ ਸਿੰਘ ਜੀ ਦੇ ਦਰਸ਼ਨ ਨੂੰ
ਊਨੇ ਗਏ, ਭਰੇ ਦੀਵਾਨ ਵਿਚ ਮਖਮਲੀ ਸਿੰਘਾਸਨ ਪਰ ਆਪ ਜੀ ਬੈਠੇ ਸਸ਼ੋਭਤ ਸਨ। ਆਪ ਦੇ ਭਤੀਜੇ
[ਬਾਬਾ ਕਾਹਨ ਸਿੰਘ] ਜੋ ਇਸ ਵੇਲੇ ਸ੍ਰੀ ਹਜ਼ੂਰ ਦੇ ਕੁਲਕਲਾਂ ਮੰਤਰੀ ਦੇ ਰੂਪ ਵਿਚ ਸਨ। ਇਹ ਵੀ ਆਪ
ਹੋਰ ਭੇਦੀ ਸੋਚੀ ਭਲੇ ਤ੍ਰੋਹਣ ਗੁਰੂ ਅੰਸਾਂ ਸਾਹਿਬਜ਼ਾਦੇ ਤਾਬਿਆਦਾਰੀ ਵਿਚ ਦੀਵਾਨ ਸਮੇਂ ਬੈਠੇ ਸਨ, ਤਾਂ

ਅਚਾਨਕ ਹੀ ਸੀ ਬਾਬਾ ਸਾਹਿਬ ਸਿੰਘ ਜੀ ਨੇ ਦੀਵਾਨ ਸਮੇਂ ਬੈਠੇ ਵੇਲੇ ਵੇਖ ਕੇ ਐਸਾ ਬਚਨ ਫੁਰਮਾਇਆ।
"ਹੁ ਦੇਹੀ ਸੋਚੀ ਭਲੇ ਸਾਹਿਬ ਜਾਇਓ! ਅਬ ਸੈਸਾਰ ਮੈ ਬਡੀ ਅਗ ਲਗ ਰਹੀ ਹੈ। ਚਾਰੋਂ
ਓਰ ਬੜੀ ਜਲਤੀ ਬਲਤੀ ਪਵਨ ਆਵਤੀ ਹੈ–ਨ ਰਣਿਜੀਤ ਸਿੰਘ ਕਾ ਪੀਛਾ–ਨ ਮੇਰਾ
ਪੀਛਾ"–ਰਣਿਜੀਤ ਸਿੰਘ ਭੀ ਐਤ ਗਿਆ, ਮੈ ਭੀ ਐਤ ਗਿਆ, ਮੁਝ ਕੋ ਔਰ ਕਿਸੀ ਉਰ ਸੇ
ਠੰਢੀ ਪਵਨ ਨਹੀ ਆਤੀ ਹੈ, ਏਕ ਭਾਈ ਭਾਗ ਸਿੰਘ ਕੇ ਬੈਠੇ ਕੀ ਓਰ ਸੇ ਠੰਢੀ ਪਵਨ ਆਤੀ
ਹੈ–ਇਕ ਭਾਈ ਵੀਰ ਸਿੰਘ ਕੁੰ ਦੇਖ ਕੇ ਮੇਰੀਆਂ ਅਖੀਆਂ ਠੰਡੀਆਂ ਹੋਤੀਆਂ ਹੈ।"*

ਇਸ ਤਰ੍ਹਾਂ ਦੇ ਬਚਨ ਹੁੰਦੇ ਸੁਣਦੇ ਰਹਿੰਦੇ, ਬਾਬਾ ਕਾਹਨ ਸਿੰਘ ਜੀ (ਭਤੀਜੇ) ਦੀ ਸਰਧਾ ਵੀ
ਬਾਬਾ ਬੀਰ ਸਿੰਘ ਪ੍ਰਤੀ ਵਧ ਚੁਕੀ ਸੀ। ਅਤੇ ਇਸ ਸਰਧਾ ਭਾਵਨਾ ਵਿਚ ਪ੍ਰਤਾਵੇ ਹਿਤ (ਬਾਇਦ) ਬਾਬਾ
ਕਾਹਨ ਸਿੰਘ ਨੇ ਕਿਹਾ ਕਿ ਪਹਿਲੇ ਜਮਾਨੇ ਦੇ ਗੁਰਸਿਖਾਂ ਵਿਚ ਕੁਝ ਐਸੇ ਵੀ ਹੋਏ ਸੁਣੇ ਹਨ ਜੋ ਗੁਰੂਆਂ
ਦੇ ਦਿਲਾਂ ਦੇ ਵਿਚਾਰਾਂ ਨੂੰ ਬਿਨਾ ਬੋਲੇ ਦੇ ਸਮਝਦੇ ਰਹੇ ਅਤੇ ਹੁਕਮ ਮੰਨਦੇ ਰਹੇ ਹਨ ਪਰ ਅਜਕਲ ਐਸਾ
ਹੋਣੋਂ ਨਹੀਂ ਹੈ।

ਭਾਈ ਵੀਰ ਸਿੰਘ ਜੀ ਨੇ ਹੁਣੇਹੀ ਇਸ ਗਲ ਦਾ ਇਸ ਵੇਲੇ ਕੋਈ ਉਤਰ ਨਾ ਦਿਤਾ ਸੀ
ਪਰ ਜਾਂਦੀ ਵੇਰ ਤੁਸੀ ਦਿਨ ਬਾਬਾ ਕਾਹਨ ਸਿੰਘ ਨੂੰ ਕਿਹਾ–ਕੱਲ੍ਹ ਦੀਵਾਨ ਵਿਚ ਸਜੇ ਹੋਇਆਂ ਜੋ ਕੁਝ
ਵਲ ਬਾਬਾ ਸਾਹਿਬ ਸਿੰਘ ਆਪ ਪ੍ਰਤੀ ਕਹਿਣਗੇ, ਚੁਪ ਰਹਿਣਾ ਅਤੇ ਕੋਈ ਮਨਮਰਜੀ ਦਾ ਉਤਰ ਨ
ਦਿਓ–ਬੇਲਲ ਝੁਣ ਕੇ ਸਿਰ ਨਿਵਾ ਲੈਣਾ ਹੈ। ਪਰ ਭਰੇ ਦੀਵਾਨ ਵਿਚ ਬੈਠੇ ਹੋਇਆ ਹਜ਼ੂਰ ਬਾਬਾ
ਸਾਹਿਬ ਸਿੰਘ ਜੀ ਨੇ ਕਾਹਨ ਸਿੰਘ ਜੀ (ਭਤੀਜੇ) ਪ੍ਰਤੀ ਕੁਝ ਬਚਨ ਕੀਤਾ ਤਾਂ ਇਹਨਾਂ ਕੋਈ ਉਤਰ
ਨ ਦਿਤਾ–ਫਿਰ ਦੋ ਵੇਰੀ ਹੋਰ ਇਨ੍ਹਾਂ ਪ੍ਰਤੀ ਕੁਝ ਕਰਨ ਦਾ ਹੁਕਮ ਹੋਇਆ ਅਤੇ ਇਨਕਾਰ ਕੀਤਾ ਨੇ। ਇਨ੍ਹਾਂ
ਨੂੰ ਭਾਈ ਵੀਰ ਸਿੰਘ ਦਾ ਕਿਹਾ ਯਾਦ ਨ ਰਿਹਾ ਅਤੇ ਭਾਵੀ (ਹੋਣਹਾਰ) ਨੇ ਇਨਕਾਰ ਕਰਾ ਦਿਤਾ ਸੀ।
ਜ ਭਰੀ ਸਭਾ ਵਿਚ ਕੁਝ ਰੋਹ ਵਿਚ ਬੋਲਦੇ ਹੋਇਆਂ–ਆਪ ਜੀ ਨੇ ਫੁਰਮਾਇਆ :

ਜੋ ਕੋਣ ਹੋਤਾ ਹੈ, ਹਮਾਰਾ ਹੁਕਮ ਨਾ ਮਾਨਨੈ ਵਾਲਾ? ਇਸ ਕੋ ਧਕੇ ਦੇ ਕੇ ਦੀਵਨ ਸੇ ਬਾਹਰ
ਕਰ ਦੇਵੂ। ਐਸਾ ਸੁਣਦੇਸਾਰ ਬਾਬਾ ਕਾਹਨ ਸਿੰਘ ਨੂੰ ਬਾਬਾ ਬੀਰ ਸਿੰਘ ਦਾ ਕੱਲ ਕੀਤਾ ਬਚਨ
ਯਾਦ ਆਇਆ ਤੇ ਚੁਪ ਹੋ ਰਹੇ–ਐਸੇ ਹੀ ਹਜ਼ੂਰ ਵੀ ਚੁਪ ਹੋ ਰਹੇ ਸਨ। ਇਹ ਸਾਰੀ ਗਲ-ਬਾਤ
ਆਪ ਨਾਲ ਬੀਤੀ ਕਾਹਨ ਸਿੰਘ ਜੀ ਨੇ ਭੋਰੇ ਆ ਕੇ ਬਾਬਾ ਬੀਰ ਸਿੰਘ ਨੂੰ ਸੁਣਾਈ ਕਿ ਆਪ
ਦਾ ਕਿਹਾ ਨ ਯਾਦ ਰਿਹਾ ਅਤੇ ਸ੍ਰੀ ਹਜ਼ੂਰ ਦੇ ਸਨਮੁਖ ਇਨਕਾਰ ਕਰ ਦਿਤਾ ਸੀ ਚੁਪ ਨ ਰਿਹਾ
ਗਿਆ ਤੇ ਐਸਾ ਨਰਾਦਰ ਹੋਇਆ ਹੈ।

ਫੇਰ ਇਕ ਦਿਨ ਦੀਵਾਨ ਸਜਿਆ ਸੀ ਬਾਬਾ ਕਾਹਨ ਸਿੰਘ ਪ੍ਰਤੀ ਹੁਕਮ ਹੋਇਆ ਸਣੇ ਦਸਤੇ
੫੦ ਰਸੀਆ (ਕਹੀਆਂ) ਤਿਆਰ ਕਰਾ ਲਿਆਵੇ। ਜਦ ਤਿਆਰ ਹੋ ਕੇ ਆਈਆਂ ਤਦ ਬਾਬਾ
ਸਾਹਿਬ ਸਿੰਘ ਨੇ ਫੁਰਮਾਇਆ–ਇਨ੍ਹਾਂ ਕਹੀਆਂ ਦੇ ਨਾਲ ਬੋਲਦਾਰ (ਮਜ਼ੂਰ) ਲਗਾ ਕੇ ਕਿਲ੍ਹੇ ਊਨੇ ਨੂੰ

* ਦੀਰਘ ਦਰਸੀ ਬਾਬਾ ਸਾਹਿਬ ਸਿੰਘ ਨੇ ਅਨੁਭਵ ਕਰ ਲਿਆ ਸੀ ਕਿ ਰਣਿਜੀਤ ਸਿੰਘ ਦੇ
ਪਿਛੋਂ ਐਸਾ ਰਾਜਸੀ ਪ੍ਰਬੰਧਕ ਨਹੀਂ ਦਿਸਦਾ ਅਤੇ ਇਨ੍ਹਾਂ ਦੇ ਪਿਛੇ ਇਨ੍ਹਾਂ ਦੇ ਸਾਹਿਬਜ਼ਾਦਿਆਂ
ਵਿਚੋਂ ਕਿਸੇ ਨੂੰ ਵੀ ਐਸਾ ਨਹੀਂ ਦਿਸਿਆ ਸੀ ਤਦ ਐਸਾ ਕਿਹਾ ਹੋਣਾ ਹੈ।

Scanned with CamScanner

ਗਿਰਫਤਾਰ ਵਿਉ–ਇਹ ਹੈਰਾਨ ਕਰਨ ਵਾਲਾ ਹੁਕਮ ਸੀ। ਕਾਹਨ ਸਿੰਘ ਨੇ ਬੇਨਤੀ ਕੀਤੀ ਕਿ ਬੜੀ ਮਿਹਨਤ ਅਤੇ ਸ਼ੌਂਕ ਨਾਲ ਇਹ ਕਿਲਾ ਤਿਆਰ ਕਰਾਇਆ ਗਿਆ ਸੀ–ਇਹ ਖਬਰ ਗਿਰਾਉਣ ਦੀ ਲੋਕੀਂ ਦੂਰ-ਦੂਰ ਤੀਕ ਸੁਣ ਕੇ ਵਜਾ ਪੁਛਣਗੇ ਅਤੇ ਹੈਰਾਨ ਹੋਣਗੇ। ਸਾਨੂੰ ਤਾਂ ਜੋ ਹੁਕਮ ਹੋਵੇ ਮੰਨਣਾ ਹੈ, ਪਰ ਤੁਣ ਆਪ ਦੀ ਆਗਿਆ ਜਿਵੇਂ ਹੋਵੇ। ਤਦ ਫੇਰ ਬਚਣ ਹੋਇਆ–ਅਛਾ, ਤਾਂ ਹੁਣ ਇਨ੍ਹਾਂ ਨੂੰ ਡੇਰੇ ਖਾਲੀ ਵਿਚ ਰਖਵਾ ਦੇਵੋ–ਸਮਾਂ ਆਣੇ ਪਰ ਇਨ੍ਹਾਂ ਨਾਲ ਹੀ ਕਿਲਾ ਗਿਰਾਇਆ ਜਾਏਗਾ–ਇਹ ਵਾਕ ਹਜ਼ੂਰ ਤੋਂ ਬਾਅਦ ਪੂਰੇ ਤੋਰ ਪਰ ਸਤਿ ਹੋਏ ਅਤੇ ਅੰਗਰੇਜ਼ਾਂ ਨੇ ਇਨ੍ਹਾਂ ਕਹੀਆਂ ਨਲਿ ਹੀ ਕਿਲਾ ਗਿਰਿਆ ਸੀ।

ਦੋਖੋ ਕਰਤਾਰ ਦੇ ਰੰਗ ਉਸ ਵੇਲੇ ਭਾਵੀ ਨੇ ਕਾਹਨ ਸਿੰਘ ਜੀ ਤੋਂ ਐਸਾ ਨ ਕਰਾਇਆ ਵਰਨਾਂ ਉਸ ਵੇਲੇ ਕਿਲ੍ਹੇ ਦੀ ਗਿਰਾਵਟ ਨਾਲ ਉਨ੍ਹਾਂ ਸਾਹਿਬ ਵਿਚ ਬਾਬਾ ਕਲਾਧਾਰੀ ਦਰਬਾਰ ਦੀ ਏਅਦਥੀ ਅਤੇ ਹਜ਼ੂਰ ਦੇ ਰੰਗ ਮਹੱਲ ਅਦਿਕ ਕੀਮਤੀ ਇਮਾਰਤਾਂ ਅੰਗਰੇਜ਼ਾਂ ਨੇ ਨਹੀਂ ਗਿਰਾਣੀਆਂ ਸਨ। ਪਰ ਭਾਵੀ ਕਰਤਾਰ ਦੀ ਐਸੀ ਹੀ ਸੀ ਤੇ ਹਜ਼ੂਰ ਦੇ ਭਵਿਖਤ ਵਾਕ ਸਤਿ ਹੋਏ ਸੀ।

ਨੋਟ :–ਇਹ ਜਿਕਰ ਵਿਸਥਾਰ ਨਾਲ ਅਸੀਂ (ਰਾਜਾ ਜੋਗੀ ਪੁਸਤਕ ਵਿਚ ਵੀ ਲਿਖਿਆ ਹੈ–ਕਿ ਅੰਗ੍ਰੇਜ਼ਾਂ ਦੀ ਕੁਟਲ ਨੀਤੀ ਸੀ, ਬਾਬਾ ਸਾਹਿਬ ਸਿੰਘ ਜੀ ਸਦਾ ਵਿਰੁੱਧ ਰਹੇ ਅਤੇ ਮਹਾਰਾਜਾ ਰਣਜੀਤ ਸਿੰਘ ਨੂੰ ਸਮਝਾਂਦੇ ਵੀ ਰਹੇ ਸੀ ਪਰ ਉਸ ਨੇ ਏਨੀ ਪ੍ਰਵਾਹ ਨ ਕੀਤੀ, ਅਤੇ ਜਦੋਂ ਸਿਖ ਰਾਜ ਖਤਮ ਹੋਇਆ ਸੀ ਅਤੇ ਅੰਗਰੇਜ਼ਾਂ ਨੇ ਪੂਰੇ ਪੰਜਾਬ ਪਰ ਕਬਜ਼ਾ ਕਰ ਲਿਆ ਸੀ–ਉਸ ਵੇਲੇ ਸ੍ਰੀ ਬਾਬਾ ਸਾਹਿਬ ਦੇ (ਤੀਜੇ) ਸਭ ਤੋਂ ਛੋਟੇ ਹੋਣਹਾਰ ਤੇ ਅਣਖੀ ਸਪੁਤਰ (ਸਾਹਿਬਜ਼ਾਦੇ) ਬਾਬਾ ਬਿਕ੍ਰਮ ਸਿੰਘ ਨੇ ਕੁਝ ਤੋਪਾਂ ਤੇ ਹੋਰ ਜੰਗੀ ਸਾਮਾਨ ਜਮ੍ਹਾਂ ਕਰ ਕੇ ਲਾਹੌਰ ਪਰ ਮੁੜ ਕੇ ਕਬਜ਼ਾ ਕਰਨ ਦੀ ਵਿਉਂਤ ਬਣਾਈ ਸੀ ਇਸ ਖਿਆਲ ਨਾਲ ਕਿ ਮਹਾਰਾਜਾ ਰਣਜੀਤ ਸਿੰਘ ਦੀ ਸਰਪਰਸਤੀ ਸਾਡੇ ਪਿਤਾ ਬਾਬਾ ਸਾਹਿਬ ਸਿੰਘ ਨੇ ਕੀਤੀ ਤਾਂ ਹੁਣ ਨਾਬਾਲਗ ਮਹਾਰਾਜਾ ਦਲੀਪ ਸਿੰਘ ਦੀ ਸਰਪਰਸਤੀ ਕਰਨ ਦਾ ਸਾਡਾ ਹੱਕ ਹੈ–ਅੰਗਰੇਜ਼ਾਂ ਦਾ ਦਖਲ ਲਾਹੌਰ ਦਰਬਾਰ ਵਿਚ ਨਹੀਂ ਹੋਣਾ ਚਾਹੀਏ।

ਇਸ ਵਿਉਂਤ ਦੀ ਖਬਰ ਗਦਾਰ, ਕੁਝ ਲੋਕਾਂ ਨੇ ਅੰਗਰੇਜ਼ਾਂ ਤੀਕ ਪਹੁੰਚਾ ਦਿਤੀ ਅਤੇ ਉਹਨਾਂ ਨੇ ੫੦੦ ਘੋੜ ਸਵਾਰ ਰਸਾਲੇ ਨਾਲ ਘੇਰਾ ਪਾ ਕੇ ਬਾਬਾ ਬਿਕ੍ਰਮ ਸਿੰਘ ਜੀ ਨੂੰ ਹੁਸ਼ਿਆਰ ਪੁਰ ਤੋਂ ਗ੍ਰਿਫਤਾਰ ਕਰ ਕੇ–ਸ੍ਰੀ ਅੰਮ੍ਰਿਤਸਰ ਲਿਜਾ ਕੇ ਨਜ਼ਰਬੰਦ ਕਰ ਦਿਤਾ ਸੀ। ਇਧਰ ਉਨ੍ਹਾਂ ਨੇ ਕਿਲ੍ਹੇ ਪਰ ਦੱਲਾ ਬੋਲ ਕੇ ਤੋਪਾਂ ਨਾਲ ਗਿਰਾਇਆ ਅਤੇ ਹੋਰ ਸਾਮਾਨ 'ਤੇ ਕਬਜ਼ਾ ਕੀਤਾ ਤੇ ਉਹਨਾਂ ਹੀ ਕਹੀਆਂ ਨਾਲ ਕਿਲ੍ਹੇ ਨੂੰ ਢਵਇਆ ਸੀ। ਇਹ ਭਾਵੀ ਇਸ ਤਰ੍ਹਾਂ ਨਾਲ ਵਰਤੀ ਜੋ ਹੋਣੀ ਹੋਕੇ ਰਹਿੰਦੀ ਹੈ ਕਿਸੇ ਤਰ੍ਹਾਂ ਟਲਦੀ ਨਹੀਂ!

ਦੋਹਰਾ : ਭਾਵੀ ਸਦਾ ਅਮਿਟ ਹੈ ਮੇਟ ਨ ਸਕੈ ਕੋਇ।
ਈਸ ਏਕ ਸਮਰਥ ਹੈ ਜੋ ਚਾਹੈ ਸੋ ਹੋਇ॥ (ਗੁਰਬਿਲਾਸ ਸਫਾ ੧੦੮)

ਗੁਰ ਬਿਲਾਸ ਗ੍ਰੰਥ ਕਾਰ ਫਲੁ –

ਅਮੋਲਕ ਬਚਨ–ਦੋਹਿਰਾ ਹਰ ਸਿਮਰਨ ਜਿਹ ਘਰ ਵਿਖੈ ਸੰਤ ਸ੍ਰੇਵ ਹੈ ਨੀਤ
ਰਹਿਨਹਾਰ ਤਹ ਦੇਵ ਹੈ ਸਤਪ੍ਰਤੀਤ ਧਰ ਚੀਤ

ਸੰਗਠਾ–ਹਰ ਸਿਮਰਨ ਜਿਹ ਨਾਹਿ-ਸੰਤ ਚਰਣ ਜਿਹ ਨ ਪਰੈ
ਥਾਨ ਮਸਾਨ ਸੋ ਅਹਿ ਰਹਿਨ ਹਾਰ ਤਿਹ ਭੂਤ ਹੈ

ਦੋਹਰਾ–ਜਾਪ ਨਦੀ ਅਰ ਮੋਘਲਾ ਚਲੈ ਬਿਹੰਗਮ ਚਾਲ॥
ਜਿਹ ਜਿਹ ਸਾਧੂ ਪਗ ਧਰੈ ਤਿਹ ਤਿਹ ਕਰਤ ਨਿਹਾਲ॥ (੧੦੮੫)

ਸੰਤ ਭਾਗ ਸਿੰਘ ਜੀ ਬਾਬਾ ਸਾਹਿਬ ਸਿੰਘ ਦੇ ਦਰਸ਼ਨ ਨੂੰ

ਸੰਮਤ ੧੯੮੬ ਵਿਚ ਬਾਬਾ ਸਾਹਿਬ ਸਿੰਘ ਜੀ ਦੇ ਵਿਚਕਾਰਲੇ ਸਾਹਿਬ੍ਹਾਦੇ (ਬਾਬਾ ਟੇਕ ਸਿੰਘ ਜੀ) ਵਲਾਣਾ ਕਰ ਗਏ ਸਨ ਅਤੇ ਇਨ੍ਹਾਂ ਦੇ ਚਲਾਣੇ ਦੀ ਖਬਰ ਟੁਣ ਕੇ ਸੰਤ ਭਾਗ ਸਿੰਘ ਪਰਚਾਣੀ ਨੂੰ ਉਨ੍ਹੇ ਸਾਹਿਬ ਗਏ, ਪਰ ਉਨ੍ਹੇ ਦੇ ਨੇੜੇ ਪੁਜਣ ਤੇ ਪਤਾ ਲਗਾ ਜੋ ਬਾਬਾ ਸਾਹਿਬ ਨੂੰਹ ਪੂਰੇ ਗਏ ਹੋਏ ਹਨ, ਤਦ ਇਨ੍ਹਾਂ ਵੀ ਉਥੇ ਨੂਰਪੁਰੇ ਹੀ ਜਾ ਕੇ ਦਰਸ਼ਨ ਕੀਤੇ। ਨਿਮਸਕਾਰ ਮਗਰੋਂ ਬਾਬਾ ਟੇਕ ਸਿੰਘ ਦੇ ਅਕਾਲ ਚਲਾਣੇ ਪਰ। ਰਬ ਦੀ ਰਜਾਏ ਪ੍ਰਗਟ ਕਰ ਕੇ ਬੈਠੇ ਦੋਵੇ ਸਨ, ਤਦ ਨੇੜੇ ਟੋਹੀਆਂ ਚਿੜੀਆਂ ਨੇ ਬਹੁਤ ਚੀਂ-ਚੀਂ ਕਰ ਕੇ ਸ਼ੋਰ ਮਚਾਇਆ ਸੀ। ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘਨੇ ਉਨ੍ਹਾਂ ਪ੍ਰਤੀ ਕਿਹਾ–"ਕਿਉਂ ਚਿੜੀਓ! ਤੁਹਾਡੇ ਵੀ ਚਚੇ ਮਰ ਗਏ ਹਨ ਜੋ ਰੋ ਰੋ ਕੇ ਵਿਰਲਾਪ ਕਰਦੀਆਂ ਹੋ।"

ਇਸ ਵੇਲੇ ਸੰਤ ਭਾਗ ਸਿੰਘ ਜੀ ਨੇ ਦੋਵੇਂ ਹਥ ਜੋੜ ਕੇ ਏਨਤੀ ਕੀਤੀ। ਸਾਹਿਬ ਜੀਓ! ਕੀ ਆਪ ਜੀ ਥੀ ਏਹੇ ਟੇਕ ਸਿੰਘ ਦਾ ਬਹੁਤ ਹੀ ਮੋਹ ਹੋਇਆ ਹੈ? ਤਦ ਆਪ ਜੀ ਨੇ ਸੰਤ ਭਾਗ ਸਿੰਘ ਪ੍ਰਤੀ ਉਤਰ ਦਿਤਾ ਕਿ ਸਾਨੂੰ ਕਿਸੇ ਦੀ ਮੋਹ ਨਹੀਂ ਕਿਸ ਦਾ ਮੋਹ ਹੋਣਾ ਹੈ?–ਹੇ ਭਾਗ ਸਿੰਘ ਜੀ ਮੈਨੂੰ ਬੋਲੁੰਠ ਪਿਆਰਾ ਹੈ, ਨ ਲਖਮੀ ਪਿਆਰੀ ਹੈ ਨ ਸ੍ਰੀਰਾਮ, ਕ੍ਰਿਸ਼ਨ ਆਦਿਕ ਅਵਤਾਰਾਂ ਕੋ ਸ੍ਰੀਰ ਹੀ ਪਿਆਰੇ ਹੈਂ ਨ ਲਉ ਕਸ਼ ਫੁਲ੍ਹਮਲ ਪਿਆਰੇ ਹੈ? ਹੋਰ ਕੀ ਕਹਿਣਾ ਹੈ–ਹੇ ਭਾਦੀ ਭਾਗ ਸਿੰਘ ਮੈਂ ਰੋ ਨੂੰ ਆਪਣੇ ਪ੍ਰਾਨ, ਅਤੇ ਸ੍ਰੀਰ (ਚਿ) ਆਦਿਕ ਵੀ ਪਿਆਰੇ ਨਹੀਂ ਹੈ, ਜਿਤਨੈ ਕਿ ਮੈਨੂੰ ਸੰਤ ਜਨ (ਪ੍ਰਮੇਸ਼ਵਰ ਦੇ ਭਗਤ) ਪਿਆਰੇ ਹੈਂ ਸਾਹਿਬ ਸਦਾ ਟੇਕ ਸਿੰਘ ਇਕ ਸੰਤ ਪੁਰਖ ਸਤਿਵਾਦੀ ਸੀ–ਆਪਣਾ ਤਨ-ਮਨ ਮੋਰੇ ਅਰਪਨ ਕਰ ਰਖਿਆ ਸੀ ਵੱਡਾ ਮਹਾਨ ਪੁਰਖ ਸੀ।

ਹੇ ਸੰਤ ਭਾਗ ਸਿੰਘ ਜੀ ਤੁਹਾਡੇ ਜੈਸੇ ਸੰਤ ਜਨਾਂ ਤੋਂ ਬਿਨਾਂ ਸਾਡੇ ਮਨ ਨੂੰ ਹੋਰ ਕੋਈ ਨਹੀਂ ਖਿੜਾ ਸਕਦਾ। ਨ ਮੋਹ ਸਕਦਾ ਹੈ। ਕੇਵਲ ਆਪ ਜੈਸੇ ਮਹਾਂ-ਪੁਰਖ ਸੰਤ ਹੀ ਮੈਨੂੰ ਖਿਚ ਕੇ ਆਪਣੀ ਰਖਿਆ ਹਿਤ ਨੇੜੇ ਵਿਚ ਬਾਰ ਬਾਰ ਲਿਆ ਸਕਦੇ ਹਨ। ਇਸ ਵਿਚ ਤੁਸੀਂ ਕੋਈ ਸੰਦੇਹ ਨ ਕਰੀਏ।

ਬਾਬਾ ਸਾਹਿਬ ਸਿੰਘ ਜੀ ਨੇ ਫੇਰ ਫੁਰਮਾਇਆ–ਚਾਹੇ ਮੈਂ ਤ੍ਰਿਗੁਣ ਅਤੀਤ ਅਤੇ ਮਨ ਬਾਣੀ ਮੁੰਤੇ, ਪਰੇ ਪਰੇ ਹਾਂ ਤਦ ਵੀ ਭਲੀ ਪ੍ਰਕਾਰ ਕੇ ਸੰਤਾਂ ਮਹਾਂਪੁਰਖਾ ਨੂੰ ਆਨੰਦਤ ਕਰਨ ਵਾਲਾ ਸ੍ਰੀਰ ਧਾਰ ਕੇ ਆਪ ਜੈਸੇ ਮਹਾਂਪੁਰਖਾ ਦੇ ਪਿਛੇ ਪਿਛੇ ਫਿਰਨਾ ਪਸੰਦ ਕਰਦਾ ਹਾਂ। ਇਸ ਤਰ੍ਹਾਂ ਦੇ ਸੰਤ ਭਾਗ ਸਿੰਘ ਪ੍ਰਤੀ ਬਚਨ ਕਰਨ ਮਗਰੋਂ ਵੈਰਾਗ ਚਿਤ ਹੁੰਦੇ ਹੋਏ ਹੀ ਚੁਪ ਕਰ ਗਏ।

ਦੂਜ ਦਿਨ ਮੀਤ ਜਾਂਣ ਪਰ ਇਥੇ ਨੂਰੇ ਪੂਰੇ ਬੈਠੇ ਹੋਇਆ ਹੀ ਭਰੇ ਦੀਵਾਨ ਵਿਚ ਫੇਰ

Scanned with CamScanner

ਫੁਰਮਾਇਆ–ਹੇ ਭਾਈ ਭਾਗ ਸਿੰਘ–ਅਸੀਂ ਤੁਸੀਂ ਮਿਲੇ ਹੋਏ ਸਾਂ ਅੰਤਰ ਆਤਮੇ ਸਰੂਪ ਕਰ ਕੇ ਥਿੜੇ ਹਾਂ, ਪਰ ਸ਼ਰੀਰ ਕਰ ਕੇ ਸਾਡਾ ਤੁਸਾਡਾ ਮੇਲ ਫੇਰ ਨਹੀਂ ਹੋਣਾ ਹੈ–ਜਾਉ ਬੇਸ਼ਕ ਖੁਸ਼ੀ ਨਾਲ ਜਾਉ !

ਹੁਣ ਤਾਂ :

''ਨਦੀਆ ਵਾਹੁ ਵਿਛੁਨੀਆ ਮੇਲਾ ਸੰਜੋਗੀ ਰਾਮ'' ॥

ਇਤਾਦਿਕ ਵੈਰਾਗ ਭਰੇ, ਅਤੇ ਪ੍ਰੇਮ ਭਰੇ ਬਚਨਾਂ ਨਾਲ ਆਪ ਨੇ ਭਾਈ ਭਾਗ ਸਿੰਘ ਜੀ ਨੂੰ ਵਿਦ ਕੀਤਾ ਤੇ ਉਹ ਵੀ ਪੂਰਨ ਪ੍ਰੇਮ ਨਾਲ ਅਤੇ ਵੈਰਾਗ ਚਿਤ ਹੁੰਦੇ ਹੋਏ ਆਪਣੇ ਨਗਰ ਨੂਰੀ ਨੂੰ ਰਵਾਨੇ ਹੋਏ। ਪਿਆਰੇ ਦੇ ਦੂਜ ਦਰਸ਼ਨ ਨਹੀਂ ਹੋਣਗੇ, ਜੋ ਉਹਨਾਂ ਨੇ ਫੁਰਮਾਇਆ ਹੈ ਕਿ ਆਤਮਾ ਕਰ ਕੇ ਮਿਲੇ ਹਾਂ ਪਰ ਸ਼ਰੀਰਕ ਵਿਛੋੜਾ ਹੈ।

ਭਵਿਖਤ ਬਚਨ ਵੀ ਉਚਾਰੇ ਸਨ

ਸੰਤ ਭਾਗ ਸਿੰਘ ਅਜੇ ਨੂਰਪੁਰੇ ਤੋਂ ਚਲੇ ਨਹੀਂ ਗਏ ਸੀ ਤਾਂ ਇਕ ਦਿਨ ਦੀਵਾਨ ਵਿਚ ਏਹੋ ਬਾਬਾ ਜੀ ਨੇ ਇਨ੍ਹਾਂ ਪ੍ਰਤੀ ਵੇਖ ਕੇ ਫੁਰਮਾਇਆ ਸੀ :

'ਹੇ ਭਾਈ ਭਾਗ ਸਿੰਘ–ਅਸੀਂ ਕਿਆ ਕਰੇਂ–ਚਾਰੇਂ ਓਰਸੇ ਅਗ ਲਗ ਰਹੀ ਹੈ ਧਰਮ ਰੂਪੀ ਪੰਖੀ ਆਧਰਮ ਰੂਪੀ ਅਗਨੀ ਦੇ ਰੂੰਡ ਵਿਚ ਪੈ ਕੇ ਦਸਧ ਹੋਇਆ ਚਾਹੁੰਦਾ ਹੈ। ਵੇਖੋ ਬਹੁਤ ਬੁਰਾ ਸਮਾਂ ਆਇਆ ਹੈ ਚਾਰੇਂ ਓਰਸੇ ਮੇਰੀ ਦੇਹ ਜਰੀ ਜਾਤੀ ਹੈ।' ਏਕ ਤੁਹਾਡੇ ਪੁਤਰ ਕੀ ਓਰ ਸੇ ਸਰਦ ਪਉਣ ਆਵਤੇ ਹੈ। ਨਹੀਂ ਤੋਂ ਔਰ ਕਿਸੀ ਓਰ ਸੇ ਠੰਢੀ ਪਵਨ ਨਹੀਂ ਆਵਤੇ–ਇਕ ਵੀਰ ਨੂੰ ਦੇਖ ਕੇ ਮਿਲੀਆਂ ਅਖਾਂ ਕੁਝ ਠੰਢੀਆਂ ਹੁੰਦੀਆਂ ਹੈ।

ਫੇਰ ਕਿਹਾ :

ਭਾਈ ਭਾਗ ਸਿੰਘ ਜੀ ਸੰਤ ਮਹਾਤਮਾ ਸਭ ਲੋਪ ਹੋਇ ਜਾਇਰੀ, ਜੋ ਕਹੂੰ ਲੁਕੇ ਛਿਪੇ ਮਹਾਤਮਾ ਹੋਵਣਗੇ ਭੀ–ਤਬ ਨਿਰਾਦਰ ਮੁਰਦੇਂ ਸੋ ਪਾਵਨਗੇ। ਅਰ ਕਾਮੀ ਕ੍ਰੋਧੀ ਪਰ-ਨਾਰ ਗਾਮੀ ਤਸਕਰ (ਵੱਢੀ ਸਮਾਨ–ਸੰਸਾਰ ਵਿਚ ਸਿਧ ਬਣ ਕੇ ਪੂਜਾ ਕਰਾਵੇਂਗੇ ਘੋਰ ਕਲੂ ਜਬ ਆਵੈਗੀ–ਸਾਧ ਨ ਮੰਨੈ ਕੋਇ– ( ) ਕਾਮੀ ਕ੍ਰੋਧੀ ਮਸਕਰਾ ਤਿਨ ਕੀ ਪੂਜਾ ਹੋਇ।

ਹੇ ਸੰਤ ਭਾਗ ਸਿੰਘ ਜੀ, ਜੋ ਅਗਿਆਨੀ ਪੁਰਖ ਮੇਰੇ ਸੰਤ ਪਿਆਰਿਆਂ ਨੂੰ ਦੁਖਾਵੇ ਹਨ-ਉਹ ਮੇਰੇ ਨੂੰ ਸਹਾਰਿਆ ਨਹੀਂ ਜਾਂਦਾ ਤੇ ਮੈਨੂੰ ਵੀ ਰਖਿਆ ਹਿਤ ਆਉਂਣਾ ਪੈਂਦਾ ਹੈ।

ਨੂਰਪੁਰੇ ਤੋਂ ਸ੍ਰੀ ਹਜ਼ੂਰ ਉਨ੍ਹੰ ਵਿਚ ਆਏ

ਸੰਤ ਭਾਗ ਸਿੰਘ ਦੇ ਚਲੇ ਜਾਣ ਦੇ ਅਗਲੇ ਦਿਨ ਬਾਬਾ ਸਾਹਿਬ ਸਿੰਘ ਉਨ੍ਹੰ ਵਾਪਸ ਆਣ ਦਾ ਹੁਕਮ ਦੇ ਦਿਤਾ। ਦੀਵਾਨ ਵਿਚ ਸੁਭਾਇਮਾਨ ਸਨ। ਆਪ ਦੇ ਸਾਹਿਬਜ਼ਾਦੇ ਬਾਬਾ ਬਿਕ੍ਰਮ ਸਿੰਘ ਵੀ ਹਜ਼ੂਰ ਦੇ ਸਨਮੁਖ ਆਏ ਬੈਠੇ, ਨਿਮਸਕਾਰ ਕੀਤੀ ਤਦ ਪਿਆਰ ਵਿਚ ਭਰੇ ਹੋਇਆ ਇਨ੍ਹਾਂ ਵਲ ਦੇਖ ਕੇ ਫੁਰਮਾਇਆ :

ਐ ਬਿਕ੍ਰਮ ਸਿੰਘ ਅਸੀਂ ਤੇਰੇ ਉਤੇ ਬਹੁਤ ਪ੍ਰਸੰਨ ਹਾਂ–ਮੰਗ ਲੈ ਜੋ ਕੁਝ ਜੀ ਕਰੇ। ਜੋ ਤੇਰੀ ਇੱਛਾ ਹੋਵੇ ਅਸੀਂ ਸਭ ਕੁਝ ਦੇਣ ਤੋਂ ਵੀ ਸੰਕੋਚ ਨਹੀਂ ਕਰਾਂਗੇ। ਜਦੋਂ ਐਸੇ ਪ੍ਰੇਮ ਭਰੇ ਬਚਨ ਆਪਣੇ ਚਿਤ ਦੇ ਵਾਰ ਬਿਕ੍ਰਮ ਸਿੰਘ ਨੇ ਸੁਣੇ ਤਦ ਪ੍ਰਸੰਨ ਮੁਖ ਪਿਤਾ ਜੀ ਅਗੇ ਬੇਨਤੀ ਕੀਤੀ–ਸਾਹਿਬ ਜੀਉ–ਜੇਕਰ ਪ੍ਰਸੰਨ ਹੋਏ ਹੋ ਅਤੇ ਦੇਣਾ ਚਾਹੋ–ਤਦ–ਟੋਕ ਸਿੰਘ ਦਾ ਘੋੜਿਆਂ ਵਾਲਾ ਤਬੇਲਾ ਮੈਨੂੰ ਬਖਸ਼ ਦੇਵੋ !

ਜਦ ਇਤਨੀ ਬਾਤ ਬਾਬਾ ਬਿਕ੍ਰਮ ਸਿੰਘ ਕੀ ਸੁਣੀ ਤਦ ਬੜੇ ਉਦਾਸ ਚਿਤ ਹੋ ਕੇ ਸਾਹਿਬ ਜੀ ਨੇ ਫਿਰਾ–ਔਹ ! ਬੜਾ ਅਸਚਰਜ ਹੈ, ਵਡਾ ਅਸਚਰਜ ਹੈ—ਐਸ ਪੰਜ ਵੈਰ ਬਚਨ ਕੀਤੇ–ਮਗਰੋਂ ਸਾਹਿਬ-ਜਾਦੇ ਬਿਕ੍ਰਮ ਸਿੰਘ ਪ੍ਰਤੀ ਫਿਹਾ—''ਲੈ ਲੋਵੋ ਸਾਹਿਬਜਾਦਿਆ—ਟੋਕ ਸਿੰਘ ਕਾ ਤਬੇਲਾ ਲੈ ਲੋ। ਪਰ ਤੇਰੇ ਪਾਸ ਰਹੇਗਾ ਨਹੀਂ* ਤੇਰੇ ਪਾਸ ਕੁਛ ਭੀ ਨਹੀਂ ਰਹੇਗਾ ਮੈਂ ਸਾ ਆਖਦੇ ਹੋਇ ਉਦਾਸ ਚਿਤ ਹੋ ਫਿਰ ਅਗਲਾਂ ਵਿਚ ਚਲੇ ਗਏ ਸੀ।

ਮਹਿਲਾਂ ਵਿਚ ਜਾਂਦਿਆਂ ਹੀ ਬਾਬਾ ਬਿਕ੍ਰਮ ਸਿੰਘ ਦੀ ਮਾਤਾ ਨੂੰ ਆਖਿਆ–ਲੈ ਭਗਵਾਨੇ ਤੂੰ ਦੋਸ ਹੋਸ ਕਹਿੰਦੀ ਸੀ ਕਿ ਆਪਣੇ ਲਾਇਕ ਪੁਤਰੋਂ ਕੋ ਛੋੜ ਕਰ ਆਪ ਨੇ ਏਕ 'ਜਾਟ ਸਿਖ' ਕੋ ਗੁਰਆਈ ਦੀ ਪਦਵੀ ਕੈਸੇ ਬਖਸ਼ੀ ਹੈ, ਇਹੀ ਗੁਰਆਈ ਕੀ ਪਦਵੀ ਦੇਣੇ ਨੂੰ ਕਾਮ ਵਰ ਮੰਗਣੇ ਨੂੰ ਕਿਹਾ ਸੀ। ਪਰ ਉਸ ਦੀ ਸਮਝ ਨੇ ਸਾਡੇ ਤੋਂ ਟੋਕ ਸਿੰਘ ਕਾ ਤਬੇਲਾ ਮੰਗਿਆ ਸੀ, ਤਦ ਅਸੀ ਕਹਿਆ ਇਕ ਤਬੇਲਾ ਕੀ ਸਾਡਾ ਵੀ ਤੂੰ ਸਭ ਕੁਝ ਲੈ ਲੈ, ਪਰ ਤੇਰੇ ਪਾਸ ਰਹੇਗਾ ਕੁਝਵੀ ਨਹੀਂ* । ਐਸਾ ਨਿਡਰਤਾ ਭਰਿਆ ਵਰਨ ਕਰ ਕੇ ਆਪ ਜੀ ਨੇ ਮੌਨ ਧਾਰ ਲਿਆ ਫਿਰ ਕੁਝ ਚਿਰ ਤੀਕ ਕੁਝ ਨ ਕਿਹਾ।

ਫੇਰ ਇਕ ਦਿਨ ਹਜ਼ੂਰ ਨੇ ਭਭੀਖਣ ਕਾਹਨ ਸਿੰਘ ਨੂੰ ਬੁਲਾ ਕੇ ਭਰੀ ਸਭਾ ਵਿਚ ਆਖਿਆ, ਕਿ ਲੰਗਰ ਦੇ ਕੜਾਹੇ ਦੇਗੇ ਤਵੇਂ ਸਭ ਕੁਝ ਪੁਟਵਾਏ ਕੇ, ਧੋਇ ਮੰਜਵਾਏ ਇਕ ਥਾਇ ਰਖਾਇ ਦੇਵੋ ਇਨ ਕੋ, ਲਗਾਰ ਵਾਲਾ ਆਇਗਾ ਆਪੇ ਲੈ ਜਾਏਗਾ। ਐਸਾ ਵਾਕ ਸੁਣ ਕੇ ਸਾਰੇ ਹੈਰਾਨ ਸਨ, ਪਰ ਆਪ ਦੇ ਤੇਜ ਪ੍ਰਤਾਪ ਅਗੇ ਕੁਝ ਪੁਛਗਿਛ ਕਰਨ ਤੋਂ ਸਾਰੇ ਅਸਸਰਥ ਸਨ। ਭਤੀਜੇ (ਬਾਬਾ ਕਾਹਨ ਸਿੰਘ) ਨੇ ਹੁਕਮ ਦੀ ਪਲਣਾ ਕੀਤੀ ਅਤੇ ਸਾਰੇ ਬਰਤਨ ਇਕ ਥਾਂਏ ਕਰਾ ਚਿਤ ਸਨ ਤੇ ਡੇਰੇਦਾਰਾਂ ਸਰਦਾਰਾਂ ਅਤੇ ਹੋਰ ਟੱਕਰਾਂ ਨੂੰ ਸੁਥੀਆਂ ਰਸਦਾਂ ਵਿਤੀਆਂ ਜਾਣ ਲਗੀਆਂ ਸਨ। ਇਸ ਕਾਰਵਾਈ ਤੋਂ ਲੋਕੀ ਨਿਰਾਸ਼ ਸਨ ਕਿ ਸਾਇਦ ਸ੍ਰੀ ਹਜ਼ੂਰ ਸਦਖੰਡ ਜੰਮਨ ਦੀ ਤਿਆਰੀ ਕਰ ਰਹੇ ਹਨ।

ਥੋੜੇ ਹੀ ਦਿਨ ਬਾਅਦ ਬਾਬਾ ਸੰਤ ਬੀਰ ਸਿੰਘ ਦਰਬਨ ਨੂੰ ਆਇ ਤਦ ਭਰੇ ਦੀਵਾਨ ਵਿਚ ਲੋਕਿਕ ਹੁੰਦਿਆਂ ਇਨ੍ਹਾਂ ਪੁਤੀ ਫੁਰਮਾਇਆ–ਲੈਵੋ ! ਭਾਈ ਵੀਰ ਸਿੰਘ ਇਹ ਆਪਣੀਆਂ ਲੋਹਾਂ ਦੇਗਾਂ–ਬਾਲ ਲੋ ! ਇਸ ਹੁਕਮ ਨੂੰ ਸੁਣਦਿਆਂ, ਸੀਸ ਨਿਵਾਇਆ ਅਤੇ ਕੁਝ ਦਿਨ ਉਨ੍ਹੇ ਰਹਿ ਕੇ ਆਪਣੇ ਡੇਰੇ ਤੇ ਕਾਬਾਦ (ਸੰਤ ਪੁਰੇ) ਵਿਚ ਚਲੇ ਆਇ ਸੀ। ਪੰਡਤ ਸ਼ੇਰ ਸਿੰਘ ਕਰਤਾ ਗੁਰ ਬਿਲਾਸ ਨੂੰ ਲਿਖਿਆ ਕਿ ਕੇ ਏਤੀ ਜੋਤ ਸਮਾਉਣ ਤੋਂ ਬਾਅਦ ਉਨ੍ਹਾਂ ਵੇ ਹੁਕਮ ਅਨੁਸਾਰ ਗੁਰੂ ਕਾ ਲੰਗਰ ਚਾਲੂ ਕੀਤੇ ਜਾਣ 'ਤੇ ਕੇ ਬੀਰ ਸਿੰਘ ਜੀ ਦੇ ਤਪੇ ਬਲ ਸੇਵਾ ਸਿਦਕ ਨਾਲ ਵਾਧਾ ਹੋਇਆ ਹੈ।

* ਇਹ ਵਾਕ ਆਪ ਤੋਂ ਬਾਅਦ ਪੂਰਾ ਹੋਇਆ ਸੀ, ਜਦੋਂ ਅੰਗਰੇਜ਼ ਨੇ ਬਾਬਾ ਬਿਕ੍ਰਮ ਸਿੰਘ ਜੀ ਨੂੰ ਕੁਝ ਸਾਲ ਤੀਕ ਨਜ਼ਰਬੰਦ ਕਰ ਰਖਿਆ।

ਅਸਚਰਜ ਕੌਤਕ ਵਰਤਿਆ

ਸੰਤ ਬੀਰ ਸਿੰਘ ਸਾਹਿਬ ਊਨੇ ਸਾਹਿਬ ਤੋਂ ਵਾਪਸ ਆਏ ਸੀ ਤਦ ਇਨ੍ਹਾਂ ਪੂਰੀ ਬਾਬਾ ਸਾਹਿਬ ਸਿੰਘ ਜੀ ਦੀਆਂ ਬਖਸ਼ਸ਼ਾਂ ਦੀ ਚਰਚਾ ਦੀ ਫੈਲ ਚੁਕੀ ਸੀ, ਮੰਗਤਾਂ ਦੀ ਆਵਾਜਾਈ ਪਹਿਲੇ ਤੋਂ ਵਧੇਰੇ ਹੋ ਪੂਰੇ ਵਿਚ ਸ਼ੁਰੂ ਹੋ ਗਈ ਤੇ ਖਰਚੇ ਵਾਸਤੇ ਅਨ ਦਾਨਾ ਤੇ ਹੋਰ ਵਸਤੂਆਂ ਸ੍ਰੀ ਤਰਨ ਤਾਰਨ ਤੋਂ ਮੰਗਵਾਈਆਂ ਜਾਂਦੀਆਂ ਸਨ।

ਇਨ੍ਹਾਂ ਦਿਨਾਂ ਵਿਚ ਗੁਲਾਬਾ ਨਾਮ ਦਾ ਇਕ ਸ਼ਾਹੂਕਾਰ ਜੋ "ਰਾਏ ਸਿਖਾਣੇ" ਪਿੰਡ ਦਾ ਸੀ ਤੇ ਇਸ ਦਾ ਰੁਪਿਆ ਪੈਸਾ ਉਧਾਰ ਲੈ ਕੇ ਕਹਿਲਾ ਲੰਗੂ-ਰਾਇ ਸਿਆਣਾ ਵੋਟੀਆਂ ਅਤੇ ਨੋਟੇਗਾਬਾਵ ਦੇ ਲੋਕ ਵਰਤਦੇ ਹੁੰਦੇ ਸਨ। ਇਸ ਨੇ ਇਕ ਦਿਨ ਆ ਕੇ ਸ੍ਰੀ ਸੰਤ ਬੀਰ ਸਿੰਘ ਅਗੇ ਬੇਨਤੀ ਕੀਤੀ ਕਿ ਮੇਰੇ ਪਾਸ ਛੋਲਿਆਂ (ਚਨਿਆਂ) ਦੇ ਕੋਠੇ ਭਰੇ ਪਏ ਹਨ ਉਹ ਵਰਤੀਏ, ਜਦੋਂ ਆਪ ਦੀ ਮਰਜ਼ੀ ਦੱਵੇ ਰੁਪਏ ਦੇ ਦੇਣੇ।

ਤਦ ਸੰਤ ਮਹਾਰਾਜ ਨੇ ਕਿਹਾ–ਸਾਡੇ ਕੋਲ ਇਤਨਾ ਅੰਨ ਖਰੀਦਣ ਲਈ ਰੁਪਏ ਨਹੀਂ ਅਤੇ ਉਧਾਰ ਅਸੀ ਲੈਣਾ ਨਹੀਂ ਹੈ, ਪਤਾ ਨਹੀਂ ਕਿਸ ਵੇਲੇ ਹਠ ਕਰ ਕੇ ਮੰਗ ਬੈਠੇ ਤੇ ਦੇ ਨ ਸਕੀਏ। ਠੀਕ ਨਹੀਂ ਹੋਣਾ। ਤਦ ਫੇਰ ਉਸ ਦੇ ਬਾਰ ਬਾਰ ਕਹਿਣ 'ਤੇ ਪੰਜ ਸੌ ਰੁਪਏ ਦੇ ਛੋਲੇ ਉਸ ਪਾਸੋਂ (ਭਾਉ ਸਸਤਾ ਹੀ ਸੀ) ਖਰੀਦ ਲਏ ਗਏ ਅਤੇ ਕੁਝ ਮਹੀਨੇ ਹੀ ਬੀਤੇ ਸਨ ਕਿਸੇ ਦਾ ਭਰਮਾਇਆ ਹੋਇਆ ਉਸ (ਗੁਲਾਬੇ ਸ਼ਾਹੂਕਾਰ) ਨੇ ਧਰਨਾ ਮਾਰਿਆ ਮੰਗ ਕੀਤੀ ਕਿ ਮੈਨੂੰ ਰੁਪਿਆਂ ਦੀ ਲੋੜ ਹੈ ਗਈ ਹੈ, ਸਾਰੇ ਛੋਲੇ ਬਹੁਤ ਮਹਿੰਗੇ ਹੋ ਗਏ ਹਨ। ਜਿਤਨੇ ਵਰਤੇ ਗਏ ਹਨ ਇਤਨੇ ਪੈਸੇ ਦੇਣੇ ਤੇ ਬਾਕੀ ਦੇ ਛੋਲੇ ਵਾਪਸ ਕਰ ਦਿਉ। ਇਸ ਦੇ ਹਠ ਪਰ ਇਸ ਨੂੰ ਬਹੁਤ ਸਮਝਾਇਆ ਕਿ ਅਸੀ ਸਾਧੂ ਹਾਂ ਇਤਨੇ ਰੁਪਏ ਕਿਥੇ ਅਜੇ ਨਹੀਂ ਦਿਤੇ ਜਾਂਦੇ। ਪਰ ਉਸ ਨੇ ਇਕ ਨ ਮੰਨੀ ਅਤੇ ਸੰਤ ਜੀ ਨੇ ਆਪਣੇ ਤੋਂ ਬੇਖਾਨੀਏ ਸਿਵ ਵਜੀਰ ਸਿੰਘ ਨੂੰ ਕਿਹਾ ਕਿ ਸਾਡਾ ਖੜੀਆ (ਛੋਲਾ) ਜੋ ਕਿਲੀ ਨਾਲ ਟੰਗਿਆ ਹੈ ਲੈ ਆ। ਉਹ ਲਾਹੇ ਸੋਚ ਵਿਚ ਪੈ ਗਿਆ ਕਿ ਉਸ ਵਿਚ ਤਾਂ ਸਿਰਫ ਦੋ ਰੁਪਏ ਹਨ। ਇਹ ਕੀ ਬਣਿਆ ?

ਹੁਣ ਸੰਤ ਬੀਰ ਸਿੰਘ ਨੇ ਫੇਰ ਕਿਹਾ—ਢਿਲ ਕਰ ਰਿਹਾ ਹੈਂ ਛੇਤੀ ਖੜੀਆ (ਛੋਲੀ) ਲਿਆ ਤਦ ਭਾਈ ਵਜੀਰ ਸਿੰਘ ਨੇ ਕਿਲੀ ਨਾਲੋਂ ਖੜੀਆ ਲਿਆ ਕੇ ਅਗੇ ਧਰੀ ਤੇ ਗੁਲਾਬੇ ਸ਼ਾਹੂਕਾਰ ਨੂੰ ਕਿਹਾ ਲੈ ਗੁਲਾਬਿਆ ਆਪਣੇ ਰੁਪਏ ਜਿਤਨੇ ਹੈ ਗਿਣ ਲੈ। ਐਸਾ ਆਖ ਕੇ ਢੇਲੀ ਤੋਂ ਮੁਠੀਆਂ ਭਰ ਭਰ ਕੇ ਉਸ ਦੇ ਅਗੇ ਰਖਦੇ ਗਏ ਤੇ ਉਸ ਨੇ ਆਪਣੇ ੪੦੦ ਰੁਪਏ ਗਿਣ ਕੇ ਲੈ ਲਏ, ਅਤੇ ਆਖਿਆ-ਬਸ ਜੀ ਮੇਰੇ ਰੁਪਏ ਆ ਗਏ। ਹੁਣ ਬਾਬਾ ਬੀਰ ਸਿੰਘ ਨੇ ਫੇਰ ਵਜੀਰ ਸਿੰਘ ਨੂੰ ਉਹ ਖੜੀਆ ਵਾਪਸ ਕੀਤੇ ਤੇ ਉਸ ਨੇ ਅੰਦਰ ਜਾ ਕੇ ਦੇਖਿਆ ਉਸ ਵਿਚ ਸਿਰਫ ਪਹਿਲੇ ਦੋ ਹੀ ਦੋ ਰੁਪਏ ਹਨ, ਕਿਲੀ ਨਾਲ ਟੰਗਾ ਰਿਹਾ ਪਰ ਹੈਰਾਨੀ ਵਿਚ ਭਰਿਆ ਪਿਆ ਸੀ ਇਹ ਕੀ ਕੌਤਕ ਵਰਤਿਆ ਹੈ।

ਇਧਰ ਇਹ ਹੋ ਬੀਤੀ ਅਤੇ ਉਧਰ ਊਨੇ ਜਾਹਿਬ ਵਿਚ ਸ੍ਰੀ ਬਾਬਾ ਸਾਹਿਬ ਸਿੰਘ ਜੀ ਨੇ ਜੋ ਭੋਗ ਦੀਵਾਨ ਵਿਚ ਬੈਠੇ ਕੀਰਤਨ ਸੁਣ ਰਹੇ ਸਨ, ਆਪਣੇ ਸੇਵਕ ਤੋਂ ਖਾਨੀਏ ਆਲਮ ਸਿੰਘ ਨੂੰ ਕਿਹਾ-ਜਾਂ ਵੇ ਸਿਖ-ਆਲਮ ਸਿੰਘਾਂ ਤੋਸ਼ੇਖਾਨੇ ਸੋ ਪਾਂਚ ਸੌ ਰੁਪਏ ਕੀ ਇਕ ਥੈਲੀ ਫੈਤੀ ਲਿਆ ਦਿਹ। ਉਸ ਨੇ ਲਿਆਂਦੀ ਅਤੇ ਸ੍ਰੀ ਹਜ਼ੂਰ ਨੇ ਆਪਣੇ ਹੱਥ ਵਿਚ ਲੈ ਕੇ ਉਤੇ ਚਾਦਰ ਉਤ੍ਰ ਕੇ ਝੁਕਲ ਮਾਰ ਕੇ ਕੁਝ ਚਿਰ

ਦੁਖ ਭਾਪ ਬੈਠੇ ਰਹੇ। ਸੰਗਤ ਹੈਰਾਨ ਸੀ ਕਿ ਇਹ ਕੀ ਕੌਤਕ ਹੈ। ਕਦੀ ਆਪ ਨੇ ਮੋਹਰਾਂ ਨੂੰ ਨਹੀਂ ਹੱਥ ਵਿਚ ਲਿਆ ਤੇ ਰੁਪਏ ਦੀ ਮੰਗ ਕੀਤਾ ਹੈ। ਥੋੜੇ ਚਿਰ ਪਿਛੋਂ ਬੁਕਲ ਖੋਹਲ ਕੇ ਉਹੀ ਥੈਲੀ (ਖਾਲੀ ਸੀ) ਆਲਮ ਸਿੰਘ ਨੂੰ ਮੋੜ ਦਿਤੀ। ਤੇ ਉਸ ਨੇ ਜਿਥੋਂ ਲਿਆਂਦੀ ਉਥੇ ਜਾ ਰਖੀ। ਇਹ ਜਿਕਰ ਬਾਅਦ ਵਿਚ ਸੰਗਤਾਂ ਦੇ ਪੁਛਣ ਪਰ ਦਸਿਆ।

ਇਧਰ ਐਸਾ ਕੌਤਕ ਵਰਤਿਆ ਤੇ ਉਧਰ ਗੁਲਾਬੇ ਨੇ ਰੁਪਿਆ ਗਿਣ ਲੈ ਕੇ ਫੇਰ ਮਿੰਨਤ ਕੀਤੀ ਕਿ ਮੈਨੂੰ ਮੁਆਫ ਕੀਤਾ ਜਾਏ। ਮੈਂਦੇ ਲੋਕਾਂ ਦੇ ਭਰਮਾਇਆ ਹੋਇਆ ਐਸਾ ਕੀਤਾ ਹੈ। ਰੁਪਿਆ ਮੈਂ ਵਾਪਸ ਕਰ ਦੀ ਤਿਆਰ ਹਾਂ ਜਿਥੇ ਚਾਹੋ ਵਰਤੋਂ ਅਤੇ ਜਦੋਂ ਚਾਹੋ ਦੇ ਦੇਣਾ, ਪਰ ਸੰਤ ਸਾਹਿਬ ਨੇ ਕਿਹਾ–ਹੁਣ ਸਾਨੂੰ ਕੋਈ ਲੋੜ ਨਹੀਂ ਹੈ ਤੂੰ ਬਚਨ ਕਰ ਕੇ ਖਿਸਕ ਗਿਆ ਹੈ। ਬਚਨ ਕਰ ਕੇ ਨ ਪਾਲਨਾ ਵਡਾ ਪਾਪ ਹੈ ਅਤੇ ਕੋਈ ਲੋੜ ਨਹੀਂ ਹੈ ਤੂੰ ਬਚਨ ਕਰ ਕੇ ਖਿਸਕ ਗਿਆ ਹੈ। ਬਚਨ ਕਰ ਕੇ ਨ ਪਾਲਨਾ ਵਡਾ ਪਾਪ ਹੈ ਅਤੇ ਬਚਨ ਕਰ ਕੇ ਪਾਲਨ ਜੈਸਾ ਹੋਰ ਕੋਈ ਪੁੰਨ ਨਹੀਂ ਹੈ ਹੁਣ ਰੁਪਿਆ ਲੈ ਜਾਹ! ਸਾਨੂੰ ਤੇਰੇ ਰੁਪਏ ਦੀ ਲੋੜ ਨਹੀਂ ਹੈ। ਉਹ ਬਰਮਿੰਦਾ ਹੋ ਕੇ ਚਲਾ ਗਿਆ ਸੀ।

ਨੋਟ : ਪਾਠਕਾਂ ਨੂੰ ਇਸ ਸਾਖੀ ਨਾਲ ਹੈਰਾਨੀ ਨਹੀਂ ਹੋਣੀ ਚਾਹੀਏ। ਗੁਰੂ ਵਾਕ ਹੈ। "ਰਿਧ ਸਿਧ ਸਭ ਭਗਤਾਂ ਚਰਨੀ ਲਾਗੀ।" ਜੋ ਚਾਹੁਣ ਦੱਬ ਦੇ ਪਿਆਰੇ ਕਰ ਸਕਦੇ। ਕਈ ਮਿਸਲਾ ਹਨ, ਪਰ ਇਥੇ ਗ੍ਰੰਥ ਵਧਣ ਦੇ ਡਰ ਤੋਂ ਨਹੀਂ ਲਿਖ ਸਕਿਆ। ਸਿਰਫ ਇਹ ਦਸਣਾ ਹੈ ਕਿ ਸ੍ਰੀ ਬਾਬਾ ਸਾਹਿਬ ਸਿੰਘ ਜੀ ਨੇ ਸ੍ਰੀ ਬਾਬਾ ਬੀਰ ਸਿੰਘ ਪਰ ਬਖਸ਼ਸ਼ ਕਰਨ ਵੇਲੇ ਇਹ ਫੁਰਮਾਇਆ ਸੀ ਕਿ ਕਿਸੇ ਰਾਜੇ ਰਾਣੇ ਪਾਸ ਨਹੀਂ ਜਾਣਾ। ਗੁਰੂ ਆਪੇ ਕਾਰਜ ਸਾਰੇਗਾ। ਜੇਬ ਸਾਡੀ ਤੇ ਹੱਥ ਤੁਹਡਾ ਹੋਇਗਾ ਕਿਸੇ ਗਲ ਦੀ ਤੋਟ ਨਹੀਂ ਆਵੇਗੀ। ਇਸ ਵਾਕ ਨੂੰ ਆਪਣੀ ਮੌਜੂਦਗੀ ਵਿਚ ਬਾਬਾ ਸਾਹਿਬ ਸਿੰਘ ਨੇ ਪਹਿਲੀ ਵੇਰ ਹੀ ਕਰ ਵਿਖਾਇਆ ਤੇ ਆਪਣੇ ਤੋਂ ਬਾਅਦ ਤਾਂ ਜੋ ਪਰਤਾਪ, ਅਤੇ ਮਾਨ ਸਤਿਕਾਰ ਬਾਬਾ ਬੀਰ ਸਿੰਘ ਦਾ ਵਧਿਆ ਹੈ, ਇਹ ਉਨ੍ਹਾਂ ਦੀ ਬਖਸ਼ਸ਼ ਹੀ ਜਾਣਦੇ ਰਹੇ ਸੀ।

ਨੁਰੰਗਾਬਾਦ ਮੈਂ
ਪਹਿਲੇ ਪਹਿਲ ਡੇਰੇ ਸੰਤ ਪੁਰੇ ਦੀ ਵਿਥਿਆ

ਸ੍ਰੀ ਬਾਬਾ ਸਾਹਿਬ ਸਿੰਘ ਜੀ ਤੋਂ ਬਖਸ਼ਸ਼ ਦਾ ਵਰਦਾਨ ਪਾ ਕੇ ਜਦੋਂ ਸੰਤ ਬੀਰ ਸਿੰਘ ਜੀ ਨੇ ਜੋ ਨੰਦੂਪੁਰਾ 'ਚ ਲੰਗਰ ਜਾਰੀ ਕੀਤਾ ਸੀ ਉਸ ਵੇਲੇ ਦੀ ਥੋੜੀ ਕਥਾ ਗੁਲਾਬੇ ਦੀ ਕਰਤੂਤ ਵਾਲੀ ਵਰਨਣ ਕੀਤੀ ਹੁਣ ਉਪਰੰਤ ਸ੍ਰੀ ਤਰਨ ਤਾਰਨ ਦੇ ਇਕ ਸ਼ਾਹੂਕਾਰ (ਚਤ੍ਰ ਰਾਮ ਨਾਮੀ) ਨੇ ਸ੍ਰੀ ਬਾਬਾ ਜੀ ਪਾਸ ਬੇਨਤੀ ਕੀਤੀ ਮਹਾਰਾਜ ਮੇਰੀ ਹਾਲਤ ਬਹੁਤ ਪਤਲੀ ਹੋ ਗਈ, ਵਪਾਰ ਵਿਚ ਘਾਟਾ ਪੈ ਗਿਆ ਹੈ ਮੇਰੀ ਕਾਰਜ ਰੋਜ਼ੀ ਕਜ ਰਹੀ ਹੈ ਮੈਂ ਹੁਣ ਮਰ ਚਲੀ) ਹੈ। ਕਿਰਪਾ ਕਰ ਕੇ ਬਚਾਈਏ। ਰੋ ਰੋ ਕੇ ਬੇਨਤੀ ਕੀਤੀ। ਤਬ ਸਾਹਬ ਨੇ ਬੀਬ ਸਿੰਘ ਨੇ ਧੀਰਜ ਦਿਤਾ ਕਿ ਘਬਰਾਉ ਨਹੀਂ ਅਸੀਂ ਘਿਉ ਲਾ ਕੇ (ਚੋਪੜ ਕੇ) ਤੈਨੂੰ ਤੇਰੇ ਪੈਰੀ ਖੜੀ ਨੂੰ ਬਚਾ ਲਵਾਂਗੇ ਤੂੰ ਫਿਕਰ ਨਾ ਕਰ। ਅਤੇ ਇਥੋਂ ਦੇ ਲੰਗਰ ਵਾਸਤੇ ਜੋ ਜੋ ਵਸਤੂ ਤੈਨੂੰ ਦਿਤੀ ਜਾਏਗਾ–ਉਹ ਘਟ ਨਾ ਤੋਲੀ ਤੇ ਵਧ ਹੀ ਤੋਲ ਕੇ ਭੇਜਦਾ ਰਹੀਂ–ਅਤੇ ਪੂਰਨਮਾਸ਼ੀ ਵਾਲੇ ਦਿਨ ਸਾਡੀ ਰਕਮ ਚੁਕਤੀ ਲੈ ਜਾਇਆ ਕਰੀ।

Scanned with CamScanner

ਉਸ ਨੇ ਇਹ ਮਨਜ਼ੂਰ ਕੀਤਾ ਤੇ ਚੋਹੜੇ ਅਰਸੇ ਅੰਦਰ ਹੀ ਉਸ ਦਾ ਕਾਰੋਬਾਰ ਫੇਰ ਚਮਕ ਪਿਆ ਸੀ, ਉਸ ਦੇ ਸਾਲੇ "ਜਸੂਰਾਮ ਤੇ ਮਸੂਰਾਮ" ਇਸ ਦੇ ਕਾਰਿੰਦੇ ਸਨ। ਇਹ ਵੀ ਭਲੇ-ਲੋਕ ਤੇ ਸੋਚਾ ਬੁਰ ਵਧ ਹੀ ਤੋਲ ਕੇ ਤੇਰੇ ਵਿਚ ਭੇਜਿਆ ਕਰਦੇ ਸੀ। ਪਰ ਚੜਤ ਰਾਮ ਦੇ ਪੁਤਰ ਦੇਵੇ' ਜਦੋਂ ਸਭ ਕੁਝ ਤਦ ਉਨ੍ਹਾਂ ਨੇ ਆਪਣੇ ਮਾਮਿਆਂ ਨੂੰ ਹਟਾ ਦਿਤਾ ਕਿ ਇਹ ਸੌਦਾ ਵਧ ਤੋਲ ਕੇ ਭੇਜਦੇ ਤੇ ਵਰਸ ਨੂੰ ਨੁਕਸਾਨ ਪੁਚਾਇਆ ਹੈ। ਕੁਦਰਤ ਕਰਤਾਰ ਦੀ ਕਿ ਇਨ੍ਹਾਂ ਦੋਹਾਂ (ਚੜਤ ਰਾਮ ਦੇ ਪੁਤਰਾਂ) ਦੀ ਸਿਆਣਪ ਨੂੰ ਪਿਤਾ ਦੀ ਗਲ ਨਾ ਮੰਨੀ ਤੇ ਸੌਦਾ ਘਟ ਤੋਲ ਤੋਲ ਕੇ ਭੇਜਿਆ ਕਰਦੇ ਸੀ।

ਨਤੀਜੇ ਵਜੋਂ ਚੋਹੜੇ ਮਹੀਨਿਆਂ ਵਿਚ ਹੀ ਚੜਤ ਰਾਮ ਦੀ ਸਾਰੀ ਸਮਗ੍ਰੀ ਦਾ ਨੁਕਸਾਨ ਹੋਣਾ ਸ਼ੁਰੂ ਹੋ ਗਿਆ ਤੇ ਉਹ ਫੇਰ ਉਸੇ ਪਹਿਲੀ ਹਾਲਤ ਵਿਚ ਹੀ ਲਾਚਾਰ ਹੋ ਗਿਆ ਸੀ। ਇਹ ਹਰਜਾ ਉਸ ਸਾਰੇ ਇਲਾਕੇ ਵਿਚ ਫੈਲ ਗਈ ਸੀ ਕਿ ਸੰਤ ਸਾਹਿਬ ਦੇ ਤੋਰੇ ਨਾਲ ਸੌਦਾ ਭਾਉ ਵੇਲੇ ਚੜਤ ਰਾਮ ਨੂੰ ਉਸ ਫਲ ਪਾਇਆ ਸੀ। ਇਸ ਦੇ ਬਹੁਤ ਸਿਆਣੇ ਪੁਤਰਾਂ ਨੇ ਲਾਲਰ ਵਸ ਹੋ ਕੇ ਸਭ ਕੁਝ ਫੇਰ ਗਵਾ ਲਿਆ ਹੈ। ਪੰਡਤ ਸ਼ੇਰ ਸਿੰਘ ਨੇ ਇਸ ਸਾਖੀ ਦੇ ਅੰਤ ਵਿਚ ਇਹ ਸੁੰਦਰ ਬਚਨ ਅੰਕਤ ਕੀਤੇ ਹਨ।

ਦੋਹਿਰਾ–ਸੰਤ ਸੇਵ ਜਗ ਸਫਲ ਹੈ ਕਰਤ ਜੋਊ ਚਿਤ ਲਾਇ॥
ਸਰਬ ਪੁੰਨ ਫਲ ਮਿਲਤ ਤਹ ਯਾਮੈ ਸੰਸਾ ਨਾਹਿ॥
ਗ੍ਰੰਥ ਬੀਰ ਮ੍ਰਿਗੇਸ ਸਵਾ ੧੦੬੭–੩ ਸਕੰਧ ੨੭ ਧਿਆਰੇ

ਊਨੇ ਸਾਹਿਬ ਤੋਂ ਬਖਸ਼ਸ਼ਾਂ ਪਾ ਕੇ ਆਏ ਵੇਲੇ ਦੀ ਸੰਤ ਬਾਬਾ ਬੀਰ ਸਿੰਘ ਦੀ ਅਵਸਥਾ ਦੀ ਸਾਖੀ

ਸੰਤ ਬੀਰ ਸਿੰਘ ਜਦੋਂ ਸ੍ਰੀ ਬਾਬਾ ਸਾਹਿਬ ਸਿੰਘ ਤੋਂ ਵਰਦਾਨ ਪਾ ਕੇ ਆਏ ਸਨ ਤਾਂ ਆਪ ਦੇ ਪਾਸ ਸਿਰਫ ਦੋ ਕਛੈਹਰੇ, ਇਕ ਕਾਲੇ ਭੂਰੇ ਰੰਗ ਦੀ ਕੰਬਲੀ। ਸੀਸ ਪਰ ਇਕ ਦਸਤਾਰ, ਇਕ ਤੋਲੀਆ, ਇਹੋ ਕੁਝ ਪਾਸ ਸੀ, ਬਹੁਤ ਵਿਰਕਤੀ ਦੀ ਹਾਲਤ ਵਿਚ ਆਏ ਅਤੇ ਇਕ ਥਾਂ ਟਿਕ ਕੇ ਨਾ ਬੈਠੇ, ਵਚੇ ਕਿਸੇ ਨਗਰ ਦੇ ਨੇੜੇ ਬਾਹਰ ਜਾ ਕੇ ਦਰਖਤ ਦੇ ਹੇਠਾਂ ਹਰਟ ਵਾਲੇ ਖੂਹ ਪਰ ਬੈਠਿਆ ਕਰਦੇ, ਆਪ ਜੀ ਦੀ ਆਤਮਕ ਸ਼ਕਤੀ ਇਤਨੀ ਪ੍ਰਬਲ ਸੀ ਕਿ ਜਿਥੇ ਬੈਠਦੇ, ਉਸ ਪਿੰਡ ਦੇ ਕੁਵੇ, ਜਵਾਨ, ਇਸਤਰੀ, ਮਰਦ (ਕੋਈ ਨ ਕੋਈ ਸੰਤ ਆਇਆ ਸੁਣ ਕੇ) ਦਰਸ਼ਨ ਨੂੰ ਖਿਚੇ ਆਉਂਦੇ ਅਤੇ ਜੋ ਕੁਝ ਪ੍ਰਬਾਦਿ ਪਾਣੀ ਟੋਟੀ ਲਿਆ ਛਕਾਂਦਾ ਸੀ, ਚੋਬਾ ਹਿਸਾ ਛਡਦੇ ਬਾਕੀ ਵੰਡ ਦਿਤਾ ਕਰਦੇ ਜਾਂ ਵਧਿਆ ਅੰਨ ਪਸ਼ੂਆਂ ਨੂੰ ਜਾਂ ਜੰਗਲੀ ਜਾਨਵਰਾਂ ਨੂੰ ਖੁਆ ਦਿੰਦੇ ਰਹੇ।

ਇਕ ਵੇਰ ਫਿਰਦੇ ਫਿਰਦੇ ਇਕ ਐਸੇ ਜੰਗਲ ਵਿਚ ਚਲੇ ਗਏ ਜਿਥੇ ਦੂਰ ਤੀਕ ਪੁਰਖ ਤਾਂ ਕੀ ਪੰਛੀ ਵੀ ਗਰਮੀ ਕਰ ਕੇ ਮਰਦੇ ਜਾ ਰਹੇ ਸਨ, ਆਪ ਜੀ ਵੀ ਇਕ ਟਿਛ ਹੇਠਾਂ ਕੁਝ ਪਿਆਸ ਨਾਲ ਵਿਆਕੁਲ ਹੋਇ ਬੈਠੇ ਸਨ। ਟਿਤਨੇ ਵਿਚ ਇਕ ਸਿਖ ਚੁਪ ਵਿਚ (ਮਹਾਂ ਪੁਰਸ਼) ਪ੍ਰਗਟ ਹੋ ਕੇ ਆਏ ਅਤੇ ਅਖਾਂ ਮੀਚ ਬੈਠੇ ਬੈਠੇ ਵਿਆਕੁਲ ਸੰਤ ਬੀਰ ਸਿੰਘ ਅਗੇ ਪਾਣੀ ਦਾ ਲੋਟਾ ਅਤੇ ਪ੍ਰਸ਼ਾਦਾ ਤਿਆਰ ਕਰ ਆਖਿਆ–ਲੈ ਭਾਈ ਸਿਖਾਂ ! ਅਸੀ ਤੈਨੂੰ ਢੂੰਡ ਕੇ ਲਭਿਆ ਹੈ ਤੂੰ ਭੁਖਾ ਤਿਹਾਇਆ ਇਥੇ ਬੈਠਾ ਹੈਂ ਪ੍ਰਸ਼ਾਦਾ ਛਕ ਤੇ ਪਾਣੀ ਪੀ ਲੈ।

ਇਹ ਬਚਨ ਸੁਣਦੇ ਸਾਰ ਸੰਤ ਜੀ ਨੇ ਅੱਖਾਂ ਖੋਹਲ ਕੇ ਆਏ ਮਹਾਂਪੁਰਖ (ਗੁਰਸਿੱਖ ਰੂਪ) ਦੇ ਦਰਸ਼ਨ ਕਰਕੇ ਬੇਨਤੀ ਕੀਤੀ ਆਖਿਆ–ਮਹਾਰਾਜ ਕਿਉ ਭਰਮਾਂਦੇ ਹੋ–ਖੋਜਿਆ ਹੈ–ਦਸਦੇ ਹੋ, ਆਪ ਤਾਂ ਉਹੀ ਅੰਤਰਯਾਮੀ ਹੋ ਜੋ ਸਦਾ ਆਪਣੇ ਸੇਵਕਾਂ ਦੀ ਸਾਰ ਲੈਂਦੇ ਆਏ ਹੋ। ਮੈਨੂੰ ਭਰਮਾਣੇ ਨਾਲ, ਮੈਂ ਭੁਖਾ ਭਰਮਾਣਾ ਨਹੀਂ' ਐਸਾ ਆਖਕੇ ਭੁਖੇ ਪਿਆਸੇ ਬੀਰ ਸਿੰਘ ਜੀ ਨੇ ਨਮਸਕਾਰ ਕੀਤੀ–ਜਦੋਂ ਗਰਦਨ ਉਠਾ ਕੇ ਦੇਖਿਆ ਤਾਂ ਪ੍ਰਤਖ ਸ੍ਰੀ ਬਾਬਾ ਸਾਹਿਬ ਸਿੰਘ ਰੂਪ ਵਿਚ ਦਰਸ਼ਨ ਦਿਤੇ ਅਤੇ ਫੇਰ ਲੰਘ ਗਏ ਸਨ। ਸੰਤ ਬਾਬਾ ਬੀਰ ਸਿੰਘ ਐਸੇ ਦਰਸ਼ਨਾਂ ਮਗਰੋਂ ਬਹੁਤ ਵੈਰਾਗਵਾਨ ਹੋਇ, ਪ੍ਰਬਾਦਿ ਛਕਿਆ ਤੇ ਆਪਣੇ ਮੰਜ-ਮੰਗ ਹੀ ਬਾਬਾ ਸਾਹਿਬ ਸਿੰਘ ਜੀ ਨੂੰ ਜਾਣਦੇ ਰਹੇ ਸਨ ਤੇ ਉਹ ਵੀ ਸ੍ਰੀਰ ਹੁੰਦਿਆਂ ਅਤੇ ਸ੍ਰੀਰ ਤਿਆਗੀ ਬਾਅਦ ਵੀ ਆਪਣੇ ਬਚਨ ਦੀ ਪਾਲਣਾ ਵਿਚ ਇਹਨਾਂ ਦੇ ਅੰਗ ਸੰਗ ਰਹੇ ਸੀ। ਐਸੀ ਅਵਸਥਾ ਵਿਚ ਹੀ ਪਹਿਲੇ ਪਹਿਲ ਨੈਰਗਾਬਾਦ ਸੰਤ ਪੁਰਾ ਵਸਾਇਆ ਤੇ, ਲੰਗਰ ਚਲਾਇਆ ਸੀ।

ਮਹਾਰਾਜਾ ਰਣਜੀਤ ਸਿੰਘ ਊਨੇ ਸਾਹਿਬ ਆਏ

ਪਾਠਕਾਂ ਨੇ ਪਿੱਛੇ ਬਹੁਤ ਵਾਰ ਪੜਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਧਰਮੀ ਬਾਬਾ ਸਾਹਿਬ ਸਿੰਘ ਦੀ ਬਖਸ਼ਸ਼ ਦਾ ਪਾਤਰ ਹੋ ਕੇ ਹੀ ਇਸ ਪਦਵੀ ਪ੍ਰਾਪਤ ਹੋਇਆ ਸੀ, ਤੇ ਕਦੀ ਕਦੀ ਦਰਸ਼ਨ ਵਲ ਨੂੰ ਊਨੇ ਸਾਹਿਬ ਵੀ ਆਉਂਦਾ ਸੀ। ਇਕ ਵਾਰ ਮਹਾਰਾਜਾ ਸਾਹਿਬ ਊਨੇ ਆ ਕੇ ਬਾਬਾ ਜੀ ਪਾਸ ਕੁਝ ਦਿਨ ਰਹੇ ਸੀ। ਇਸ ਮਿਲਣੀ ਵੇਲੇ ਕਈ ਸਰਦਾਰਾਂ, ਨਵਾਬਾਂ ਦਾ ਜਿਥੇ ਜ਼ਿਕਰ ਲਾਹੌਰ ਦਰਬਾਰ ਨਾਲ ਜਿਹਾ ਹੁੰਦਾ ਸੀ ਦਸਿਆ ਕਰਦਾ ਸੀ। ਪਰ ਇਕ ਦਿਨ ਸੰਤਾਂ ਮਹਾਤਮਾਂ ਦਾ ਜ਼ਿਕਰ ਚਲਿਆ ਤਦ ਮਹਾਰਾਜਾ ਸਾਹਿਬ ਨੇ ਬੇਨਤੀ ਕੀਤੀ ਕਿ ਮੈਨੂੰ ਕਿਸੇ ਐਸੇ ਸੰਤ ਮਹਾਤਮਾਂ ਦਾ ਦਰਸ਼ਨ ਕਰਾਵੋ, ਜੋ ਸਦਾ ਲੇਖੇ ਦੇ ਰੰਗ ਵਿਚ ਰਤਿਆ ਤੇ ਅਲਮਸਤ-ਨਾਮ ਖੁਮਾਰੀ ਵਿਚ ਥੋ ਪ੍ਰਵਾਹ ਰਹਿੰਦਾ ਹੋਵੇ, ਤਦ ਸ੍ਰੀ ਬਾਬਾ ਜੀ ਨੇ ਕੁਰਮਾਇਆ ਐਸੇ ਮਹਾਂਪੁਰਖ ਦਾ ਦਰਸ਼ਨ ਕਰਨਾ ਹੋਈ ਤਾਂ ਹੋਠਾਂ (ਕਾਲਿੰਦੀ) ਖੱਡ ਦੇ ਕਿਨਾਰੇ ਬੈਠੇ ਪਾ ਕੇ ਬੈਠੇ ਸੰਤ ਦੇ ਜਾ ਕੇ ਕਰੀਏ। ਤਦ ਮਹਾਰਾਜਾ ਸਾਹਿਬ ਨੇ ਬਹੁਤ ਕੁਝ ਤੋਹਫੇ, ਮੋਹਰਾਂ ਦੀਆਂ ਥੈਲੀਆਂ ਤੇ ਦੁਸ਼ਾਲੇ ਲਿਜਾਕੇ ਭੇਟਾ ਕੀਤੇ, ਦੇਖਿਆ ਕਿ ਆਪਣੀ ਮਸਤੀ ਵਿਚ ਮਸਤ ਤੇ ਸਰਦੀ ਵਿਚ ਵੀ ਖਲ ਬੈਠੇ, ਸਿਰਫ ਅਗੇ ਅੰਗੀਠਾ ਜਲ ਰਿਹਾ ਸੀ, ਮਹਾਂਨ ਇਸ ਗੁਰੂ ਵਾਕ ਅਨੁਸਾਰ–ਆਪਦੀ ਅਵਸਥਾ ਦੇ ਦੁਖੀ ਹੋਵੇ' ਚੁਪ ਭੀ ਕਰ ਜਾਹਿ–

"ਪ੍ਰਵਾਹ ਨਾਹੀਂ ਕਿਸੇ ਕੇਰੀ ਬਾਝ ਸਚੇ ਨਾਇ॥"

ਮਹਾਰਾਜਾ ਸਾਹਿਬ ਦੇ ਨਾਲ ਹੋਰ ਵੀ ਕੁਝ ਉਸ ਦੇ ਐਹਲਕਾਰ (ਸੇਵਕ) ਸਨ ਜਿੰਨ੍ਹਾਂ ਦੀ ਬੋਲ ਚਾਲ ਤੇ ਮਹਾਰਾਜਾ ਸਾਹਿਬ ਦੀ ਸਮਾਧੀ ਖੁਲੀ, ਚੌਹੁ ਤਰਫੀਂ ਦੇਖਿਆ ਗਿਆ ਸੰਤ ਸਾਹਿਬ ਨੂੰ ਮੁਸਕਰਾਂਦੇ ਹੋਏ ਤੇ ਮਹਾਰਾਜਾ ਸਾਹਿਬ ਨੂੰ ਪਹਿਚਾਣਨਾਲ ਬਹੁਤ ਹੈਰਾਨੀ ਵਾਪਰੀ ਕਿ ਇਹ ਤਾਂ ਸਰਦਾਰ ਅਮੀਰ ਸਿੰਘ ਬੈਠਾ ਹੈ ਨਾਲ ਮਹਾਰਾਜਾ ਸਾਹਿਬ ਨੂੰ ਆਪ ਦੀ ਇਹ ਅਵਸਥਾ ਦੇਖ ਕੇ ਅਸਚਰਜਤਾ ਵਿਚ ਕੁਝ ਸਮਾਂ ਕੁਝ ਨਾ ਸਮਝਿਆ ਪਰ ਸੰਤ ਸਾਹਿਬ ਨੇ ਸਾਹਮਣੇ ਧਰੀ ਥੈਲੀ ਵਿਚੋਂ ਮੋਹਰਾਂ ਦੀਆਂ ਮੁਠਾਂ ਖੱਡ ਦੇ ਪਾਣੀ ਵਗਦੀ ਨਦੀ (ਕਲਿੰਦੀ) ਵਿਚ ਸੁਟੀਆਂ ਤੇ ਆਖਿਆ-ਬਾਬਾ ਸਾਹਿਬ ਸਿੰਘ ਦੀਉ ਦੇ ਹੈ, ਤੇ ਦੁਸ਼ਾਲਾ ਵੀ ਕਬੂਲ ਨਾ ਕੀਤਾ।

Scanned with CamScanner

ਬਸ ਇਤਨੀ ਕੁਝ ਬੇਪ੍ਰਵਾਹੀ ਤੇ ਨਾਮਖੁੱਮਾਰੀ ਵੀ ਮਸਤੀ ਵਿਚ ਮਸਤਾਨੇ ਸਰਦਾਰ ਜੀ ਨੂੰ ਮਾਰ ਟੇਕਿਆ ਤੇ ਹੈਰਾਨੀ ਵਿਚ ਭਰੇ ਹੋਇਆ ਨੇ ਸਭ ਕੁਝ ਹੋਈ ਵਾਰਤਾ ਨੂੰ ਮਹਾਰਾਜ ਸ੍ਰੀ ਬਾਬਾ ਸਾਹਿਬ ਸਿੰਘ ਨੂੰ ਦੱਸਿਆ ਤੇ ਫੇਰ ਵਾਪਸ ਲਾਹੌਰ ਨੂੰ ਚਲੇ ਗਏ ਸਨ।

ਤਵਾਰੀਖੀ ਸਮਾਚਾਰ

ਹੁਣ ਪਾਠਕਾਂ ਦੀ ਜਾਣਕਾਰੀ ਵਾਸਤੇ ਇਥੇ ਥੋੜੇ ਤਵਾਰੀਖੀ ਸਮਾਚਾਰ ਦਸਣੇ ਵੀ ਬਹੁਤੀ ਯਕ। ਇਤਹਾਸਕ ਸੋਝੀ ਰਖਦੇ ਵਿਦਵਾਨਾਂ ਨੂੰ ਪਤਾ ਹੈ ਕਿ ਮਹਾਂਰਾਜਾ ਰਣਜੀਤ ਸਿੰਘ ਅਤੇ ਸੰਧਾਵਾਲੀਏ ਸਰਦਾਰਾਂ ਦੀ ਨੇੜੇ ਦੀ ਰਿਸ਼ਤੇਦਾਰੀ ਵੀ ਸੀ ਅਤੇ ਲਾਹੌਰ ਬਰਬਾਰ ਦੀ ਚੋਰ ਖਾਹੀ ਵਿਚ ਸੰਧਾਵਾਲੀਏ ਸਰਦਾਰ ਅਮੀਰ ਸਿੰਘ ਤੇ ਇਨ੍ਹਾਂ ਦੇ ਸਪੁਤਰਾ ਨੂੰ ਬਹੁਤ ਜਾਗੀਰਾਂ ਤੇ ਦੂਤਬੇ ਮਿਲੇ ਹੋਏ ਸਨ। ਪਰ 'ਸਭ ਦਿਨ ਹੋਤ ਹੈਂ ਨ ਏਕ ਹਾਂ ਸਮਾਨ ਕੋ' ਵਾ-ਦਿਨਨ ਕੋ ਫੇਰ ਤਬ ਮੋਰ ਹੋਤ ਮਾਟੀ ਕੋ, ਕਹਾਵਤ ਹੈ ਕਿ ਸਮੇਂ ਪਰਬਤ ਸੋਨੇ ਦਾ ਮੈਨਿਆ ਜਾਂਦਾ ਹੈ, ਪਰ ਜਿਸ ਪਾਸ ਅੱਸੀ ਮਿਕਦਾਰ ਦਾ ਸੋਨਾ ਵੀ ਹੋਏ, ਤੇ ਬਦਕਿਸਮਤੀ ਦੇ ਦਿਨ ਆਏ ਵੇਲੇ ਉਹ ਸੋਨਾ ਵੀ ਮਿਟੀ ਹੋ ਜਾਂਦਾ ਹੈ। ਅੱਸੀ ਹੀ ਵਾਰਤਾ ਇਸ ਇਤਹਾਸ ਖਾਨਦਾਨ ਨਾਲ ਵਾਪਰੀ ਸੀ। ਜ਼ਿਕਰ ਇਓਂ ਹੈ।

ਇਸ ਖਾਨਦਾਨ ਦੇ ਮੋਢੀ ਸੰਧਾਵਾਲੀਏ ਸਰਦਾਰ ਚੰਦਾ ਸਿੰਘ ਦੇ ਬੇਟੇ ਸ੍ਰ: ਦੀਵਾਨ ਸਿੰਘ ਅਤੇ ਇਨ੍ਹਾਂ (ਸਰਦਾਰ ਦੀਵਾਨ ਸਿੰਘ) ਦੇ ਬੇਟੇ ਸਰਦਾਰ ਅਮੀਰ ਸਿੰਘ ਸਨ। ਫਿਰ ਇਨ੍ਹਾਂ (ਸ: ਅਮੀਰ ਸਿੰਘ) ਦੇ ਬੇਟੇ ਸਰਦਾਰ ਲਹਿਣਾ ਸਿੰਘ, ਸਰਦਾਰ ਵਸਾਵਾ ਸਿੰਘ, ਸ੍ਰ: ਬੁਧ ਸਿੰਘ ਸ: ਅਤਰ ਸਿੰਘ ਅਤੇ ਸਰਦਾਰ ਸ਼ੈਮਲ ਸਿੰਘ ਸਾਰੇ ਹੀ ਮਹਾਂਰਾਜਾ ਰਣਜੀਤ ਸਿੰਘ ਦੀ ਅਗਿਆ ਵਿਚ ਲਾਹੌਰ ਦਰਬਾਰ ਦੀ ਸੇਵਾ ਕਰਦਿਆਂ ਨੂੰ ਬਹੁਤ ਜ਼ਾਗੀਰਾਂ ਤੇ ਉਚੇ ਉਚੇ ਅਹੁਦੇ (ਮਰਤਬੇ) ਪ੍ਰਾਪਤ ਸਨ। ਇਹ ਖਾਨਦਾਨ ਪਹਿਲੇ ਤੋਂ ਰਾਜਿਆ ਪੁਜਿਆ ਸੀ, ਪਰ ਸੰਨ 1807 ਵਿਚ ਕਸੂਰ ਦੇ ਪਠਾਣਾਂ ਨਾਲ ਲੜਦਿਆਂ ਨੂੰ ਚੰਗੀ ਬਹਾਦਰੀ ਵਿਖਾਈ ਤੇ ਜਿਤ ਪ੍ਰਾਪਤ ਕੀਤੀ ਸੀ। ਇਸ ਤੋਂ ਵਖਰੇ ਚਨਾਬ ਤੇ ਸਿੰਧ ਦੀਆਂ ਮੁਹਿੰਮਾਂ ਵਿਚ ਨਾਲੋਂ ਨਾਲ ਰਹਿ ਕੇ ਫਤੇ ਦੇ ਝੰਡੇ ਵਜਾਏ ਮੁੜੇ ਸਨ, ਬਹੁਤ ਕੁਝ ਵਾਧੂ ਇਨਾਮ ਮਿਲੇ ਸਨ।

ਫੇਰ ਜੰਮੂ ਦੀ ਫਤੇਯਾਬੀ ਪਿਛੋਂ ਇਨ੍ਹਾਂ ਦੀ ਬਹਾਦਰੀ ਨੂੰ ਮੁਖ ਰਖਦੇ ਹੋਇਆ ਇਨ੍ਹਾਂ ਨੂੰ 'ਧਨਵਾਦ' ਨੌਨਾਰ ਤੇ ਰਤਾ ਅਤਾਲ ਦੀਆਂ, ਇਕ ਲੱਖ ਦੀਆ ਜ਼ਾਗੀਰਾਂ ਹੋਰ ਮਿਲੀਆਂ ਸਨ, ਪਰ ਕਿਸੇ ਦੀ ਵਫਾ ਨੂੰ ਨ ਸਹਾਰਨ ਵਾਲੇ ਕੁਟਲ ਦੰਦੇ ਵੀ ਹਰ ਥਾਂ ਮੌਜੂਦ ਹੁੰਦੇ ਹਨ। ਐਸੇ ਬੈਦਿਆਂ (ਡੁੰਗਰਾ ਡਗਦਾ) ਨੇ ਸ. ਅਮੀਰ ਸਿੰਘ ਬਾਬਤ ਕਈ ਝੂਠੀ ਮੂਠੀ ਉਜਾਂ ਲਾ ਕੇ ਮਹਾਰਾਜਾ ਰਣਜੀਤ ਸਿੰਘ ਨੂੰ ਇਨ੍ਹਾਂ ਦੇ ਖਿਲਾਫ ਭੜਕਾ ਦਿਤਾ ਤੇ ਮਹਾਰਾਜਾ ਸਾਹਿਬ ਨੇ ਸਭ ਜਾਗੀਰਾਂ ਜਬਤ ਕਰ ਲਈਆਂ ਸਨ। ਇਸੇ ਵੇਲੇ ਇਨ੍ਹਾਂ ਨੂੰ ਸ੍ਰੀ ਬਾਬਾ ਸਾਹਿਬ ਸਿੰਘ ਬੇਦੀ ਜੀ ਤੋਂ ਬਗੈਰ ਹੋਰ ਕੋਈ ਐਸਾ ਪ੍ਰਤਾਪੀ ਨਹੀਂ ਦਿਸਿਆ ਸੀ ਜੋ ਇਨ੍ਹਾਂ ਦੀ ਬੇਗੁਨਾਹੀ ਦਾ ਯਕੀਨ ਕਰਾ ਕੇ ਮਹਾਰਾਜਾ ਰਣਜੀਤ ਸਿੰਘ ਤੋਂ ਜਗੀਰਾਂ ਵਾਪਸ ਕਰਵਾ ਸਕਦਾ ਹੈ। ਤਦ ਸਰਦਾਰ ਅਮੀਰ ਸਿੰਘ ਨੇ ਉਨ੍ਹੇ ਸਾਹਿਬ ਆਕੇ ਬਾਬਾ ਸਾਹਿਬ ਸਿੰਘ ਜੀ ਪਾਸ ਸਾਰੀ ਦਾਸਤਾਨ ਦੱਸ ਸੁਨਾਈ ਤੇ ਬਾਬਾ ਜੀ ਨੇ ਵੀ ਭਰੋਸਾ ਦਿਤਾ ਅਤੇ ਇਹ ਵੀ ਬਾਬਾ ਜੀ ਦੀ ਸੇਵਾ ਵਿਚ ਹੀ ਡਾਕ ਮਰ ਗਈ ਜੁੱਟ ਗਏ ਸਨ, ਨਾਲੇ ਕੁਝਨਾ ਗੁਰੂ ਦਰਬਾਰ ਵਿਚ ਸਤਿਸੰਗ ਦਾ ਰੰਗ ਮਾਣਨ ਲਗੇ ਸੀ।

ਨੋਟ: ਇਹ ਜਿਕਰ ਇਥੇ 'ਗੁਰਜਸ ਤੁਲਾਸ' ਕਵੀ ਲਾਲਾ ਰਾਮ ਸੇਵਾ ਪੰਥੀ ਦੇ ਅਧਾਰ ਤੇ ਕੀਤਾ ਲਿਖਿਆ ਹੈ ਪਰ ਰਾਜਾ ਜੋਗੀ ਪੁਸਤਕ ਵਿਚ ਅਸੀ ਬਹੁਤ ਵਿਸਤਾਰ ਨਾਲ ਦਸਿਆ ਹੈ। (ਲੇਖਕ)

ਇਨਾਂ ਹੀ ਦਿਨਾ ਵਿਚ ਹਜ਼ੂਰ ਬਾਬਾ ਸਾਹਿਬ ਸਿੰਘ ਜਦੋਂ ਸ੍ਰੀ ਅੰਮ੍ਰਿਤਸਰ ਗਏ ਸੀ ਸੇਵਾ ਵਿਚ ਇਹ ਵੀ ਨਾਲੇ ਹੀ ਹਾਜ਼ਰ ਸਨ ਅਤੇ ਮਹਾਰਾਜਾ ਰਣਜੀਤ ਸਿੰਘ ਵੀ ਇਨਾਂ ਹੀ ਦਿਨਾਂ ਵਿਚ ਸ੍ਰੀ ਅੰਮ੍ਰਿਤਸਰ ਦਰਬਾਰ ਵਿਖ਼ਨਾਨ ਨੂੰ ਪਧਾਰੇ ਸਨ। ਇਓਂ ਹੀ ਦੋ ਪਾਸੀ ਮੇਲ ਮਿਲਾਪ ਹੋਇ ਵੇਲੇ ਸ੍ਰੀ ਬਾਬਾ ਜੀ ਨੇ ਸਰਦਾਰ ਅਮੀਰ ਸਿੰਘ ਬਾਬਤ ਸਾਰੀ ਅਸਲੀਅਤ ਸਮਝਾ ਕੇ ਮਹਾਰਾਜਾ ਰਣਜੀਤ ਸਿੰਘ ਨੂੰ ਰਜਾਮੰਦ ਕਰ ਲਿਆ ਤੇ ਉਸਨੂੰ ਸਾਰੀਆਂ ਜਾਗੀਰਾਂ ਵਾਪਸ ਕਰ ਦਿਤੀਆਂ ਸਨ।

ਸਰ ਲਿਪਲ ਗ੍ਰਿਫਨ (ਅੰਗਰੇਜ ਇਤਿਹਾਸਕਾਰ) ਆਪਣੀ ਪੁਸਤਕ 'ਤਜ਼ਕਰਾ ਰਊਸਾਇ ਪੰਜਾਬ' ਵਿਚ ਲਿਖਦਾ ਹੈ ਕਿ ਇਹ ਜਾਗੀਰਾਂ ਸਿਰਫ ਇਕ ਲੱਖ ਦੀ ਆਮਦਨੀ ਦੀਆਂ ਹੀ ਨਹੀਂ ਸਨ ਬਲਕਿ ਸਰਦਾਰ ਅਮੀਰ ਸਿੰਘ ਦੇ ਸਪੁਤਰ ਸਰਦਾਰ ਬੁਧ ਸਿੰਘ ਸਰਕਾਰੀ ਫੌਜ ਦੀ ਕਮਾਨ ਕਰਦੇ ਜਦੋਂ ਬਹਾਵਲ ਪੁਰ ਦੀ ਮੁਹਿੰਮ ਉਤੇ ਗਏ ਸਨ ਤੇ ਪੂਰੀ ਬਹਾਦਰੀ ਵਿਖਾ ਕੇ ਫਤਿਆਬੀ ਨਾਲ ਜਦ ਮੁੜੇ ਸਨ ਇਨ੍ਹਾਂ ਨੂੰ ਪਹਿਲੀ ਜਾਗੀਰ ਸ: ਅਮੀਰ ਸਿੰਘ ਨੂੰ ਵਾਪਸ ਤਾਂ ਕੀਤੀ ਪਰ ਖੁਸ਼ ਹੋਕੇ ਹੋਰ ਜਾਗੀਰਾਂ ਬਖਰਗਸ਼ ਕਾਰਨ ਤੇ ਨਰਾਲੀ ਆਦਿ ਬਖਸ਼ੀਸ਼ ਕੀਤੀਆਂ, ਜੋ ਕਾਗਜੀ ਤੌਰ ਪਰ ਤਾਂ ਇਹ ਸਾਰੀ ਜਾਗੀਰ ਛੇ ਲੱਖ ਰੁਪੈ ਦੀ ਸਾਲਾਨਾ ਆਮਦਨ ਦੀ ਸੀ, ਪਰ ਲਿਪਲ ਗਰਿਫਨ ਨੇ ਉਰਦੂ ਤਸਕਰਾ ਰਊਸਾਏ ਪੰਜਾਬ ਦੇ ਸਫਾ ੬੪੮ ਤੋਂ ੬੬੭ ਤੀਕ ਵਿਚ ਸਿਧਾਰ ਨਾਲ ਲਿਖਿਆ ਕਿ ਇਹ ਜਾਗੀਰ ਦਸ ਲੱਖ ਆਮਦਨੀ ਤੋਂ ਘਟ ਨਹੀਂ ਸੀ।

ਇਹ ਉਰਤ ਜਾਗੀਰਾਂ ਵਾਪਸ ਹੋਇ ਵੇਲੇ ਸ੍ਰੀ ਬਾਬਾ ਜੀ ਨੇ ਸਰਦਾਰ ਅਮੀਰ ਸਿੰਘ ਜੀ ਨੂੰ ਸਹਿਤ ਸਹਿਤ ਅਸੀਸਾਂ ਦਿੰਦੇ ਮੁਜ ਘਰ ਭੇਜ ਦਿਤਾ ਸੀ। ਅਤੇ ਉਨਾਂ ਉਤੇ ਫੇ ਬਾਬਾ ਜੀ ਦੇ ਦਰਬਾਰ ਦ, ਅਤੇ ਔਰਸਾਨ ਦਾ ਪ੍ਰੇਮ ਰੰਗ ਚੜ੍ਹਿਆ ਸੀ। ਇਨਾਂ ਨੇ ਸਾਰੀਆਂ ਜਾਗੀਰਾਂ ਆਪਣੇ ਦੋਹਤਾਰ ਸਪੁਤਰਾਂ ਨੂੰ ਵੰਡ ਵੰਡਾ ਕੇ ਮੁਜ ਸ੍ਰੀ ਬਾਬਾ ਜੀ ਪਾਸ ਉਨੈ ਚਲੇ ਗਏ, ਤੇ ਸਤਿਸੰਗ ਦਾ ਰੰਗ ਮਾਣਦੇ ਐਸੀ ਬੇਪ੍ਰਵਾਹੀ ਤੇ ਮਸਤਾਨੀ ਅਵਸਥਾ ਵਿਚ ਹੋ ਚੁਕੇ ਸਨ ਕਿ ਸ੍ਰੀ ਬਾਬਾ ਜੀ ਨੇ ਉਸ ਵੇਲੇ ਦੇ ਸੰਤਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਪੁਛ ਉਤੇ ਅਤੇ ਦਰਬਨ ਦੀ ਖਾਹਸ਼ ਉਤੇ ਇਨਾਂ (ਸਰਦਾਰ ਅਮੀਰ ਸਿੰਘ ਜੀ) ਨੂੰ ਹੀ ਉਸ ਸੰਤ ਅਤੇ ਨਾਮ ਖੁਮਾਰੀ ਵਿਚ ਮਸਤ ਜਾਣਦੇ ਹੋਇਆਂ ਇਨ੍ਹਾਂ ਪਾਸ ਭੇਜਿਆ ਸੀ ਤੇ ਮਹਾਰਾਜਾ ਸਾਹਿਬ ਨੇ ਵੀ ਐਸੇ ਹੀ ਅਨੁਭਵ ਕਰ ਕੇ ਨਿਮਸਕਾਰ ਕੀਤੀ ਤੇ ਆਪਣੀ ਜ਼ਬਾਨੀ ਇਨ੍ਹਾਂ ਦੀ ਤਾਰੀਫ ਵੀ ਵਾਲ ਸਾਹਿਬ ਪਾਸ ਕੀਤੀ ਸੀ।

ਕੁੱਝ ਸਿੱਖਾਂ ਨੇ ਪੁਛਿਆ

ਸੰਤ ਬੀਰ ਸਿੰਘ ਪਾਸੋ ਇਕ ਦਿਨ ਕੁਝ ਸਿਖਾਂ ਨੇ ਪੁਛਿਆ ਕਿ 'ਗੁਲਾਬੀ ਬਾਹ' ਨੇ ਜਦੋਂ ਆਪ ਜੀ ਨੂੰ ਪੈਰੀ ਪੈਣੀ ਸਨ, ਤੇ ਆਪ ਜੀ ਨੇ ਅੰਦਰ ਤੋਂ ਖੜੀਆਂ ਮੰਗਵਾ ਕੇ ਉਸ ਵਿਚੋਂ ਕੱਢ ਦਿਤੇ ਸਨ ਇਹ ਕੀ ਭੇਤ ਸੀ- ਕਿ ਆਪ ਜੀ ਉਸ ਨੂੰ ਕਹਿੰਦੇ ਰਹੇ ਸੀ ਜੋ ਅਜੇ ਟੁਪਏ ਨਹੀਂ ਹੈ, ਫੇਰ ਦੇਣੇ ਦਿਨਾਂ ਬਾਦ ਮੰਗਵਾਏ। ਇਸ ਦੇ ਉਤਰ ਵਿਚ ਸੰਤ ਬੀਰ ਸਿੰਘਜੀ ਨੇ ਕਿਹਾ-ਕਿ ਪਿਛਲੇ ਬੀਤੇ ਦੋਤ ਦੋ ਮਹੀਨੇ ਜਦੋਂ ਅਸੀਂ ਸਿੱਖਿਆ ਦਾ ਅਧਾਰ ਹੋ ਫੇਰ ਵੀ ਕੁਝ ਭੇਟਾ ਕਰਨ ਨੂੰ ਜੋ ਉਨੈ ਭੇਜਿਆ ਸੀ, ਜਦ ਸਿਖਾਂ ਨੇ ਉਨੈ ਸਾਹਿਬ

Scanned with CamScanner

ਜਾ ਕੇ ਬਾਬਾ ਸਾਹਿਬ ਸਿੰਘ ਦੇ ਡੇਟ ਕੀਤੀ ਅਤੇ ਸਾਡੀ ਵਲੂੰ ਵੀ ਨਿਮਸਕਾਰ ਕੀਤਾ ਸੀ ਉਸ ਵੇਲੇ ਬੜੇ ਭਾਰੀ ਦੀਵਾਨ ਸਜਿਆ ਪਿਆ ਸੀ ਤੇ ਸਾਡੀ ਵਲੂੰ ਭੇਜੇ ਸਿਖਾਂ ਵਲ ਦੇਖ ਕੇ ਬਾਬਾ ਜੀ ਨੈ ਉਸ ਵੇਲੇ ਬੜੇ ਕਿਉਂ ਵੇ ਸਿਖੋ ! 'ਹਮ ਨੈ ਥੀਰ ਸਿੰਘ ਕੇ ਪ੍ਰਤੀ ਕਹਿ ਦੀਆਂ ਹੂਕਮਾਇਆ ਸੀ ਤੇਰੀ ਖੁਸ਼ੀ ਨਾਲ ਪ੍ਰਸੰਤਾ ਆਵੇ, ਉਤਨਾਂ ਕਢ ਕਢ ਕੇ ਵਰਤੀ ਜਾਹੁ। ਪਰੰਤੂ ਕਿਸੇ ਸੇ ਕਰਜਾ ਨ ਲੈਂ, ਜਿਸਨੇ ਸੋ ਮੇਰਾ ਕਹਿਆ ਹੂਆ ਬਚਨ ਯਾਦ ਨ ਰਖਿਆ, ਕਰਜਾ ਦੁਕ ਲੀਆ। ਉਸ ਕਰਜਾਈ ਗੁਲਾਬੇ ਨੈ ਸਭ ਭਾਈ ਕੋ ਆਏ ਕੇ ਦਿਕ ਕੀਆ, ਤੇ ਬਿਨਾਂ ਦੇ ਰੁਪੈ ਕੇ ਭਾਈ ਕੀ ਖੜੀਆਂ ਮੇ ਏਕ ਕਾਨੀ ਕੋਡੀ ਵੀ ਨਹੀਂ ਵੀ। ਅਬ ਜੇ ਭਾਈ ਦੇ ਖੜੀਏ ਵਿਖੇ ਰੁਪਐ ਮੈਂ ਨ ਪਾਂਵਦਾ ਤਬ ਭਾਈ ਕਾ ਭਾਈ ਪੂਰਾ ਨਿਕਲ ਜਾਂਵਦਾ। ਜਾਹੁ ਜਾਏ ਕੇ ਉਸ ਨੂੰ ਕਹੋ ਕਿ ਦੇਰ ਕਥੀ ਤੁਖ ਨੈ ਕਰਜਾ ਨਹੀਂ ਚੁਕਣਾ। ਇਤਨਾ ਬਚਨ ਕਰ ਕੇ ਆਪ ਚੁਪ ਹੋ ਗਏ ਸਨ। ਇਹ ਹੁਕਮਾਨ ਉਨ੍ਹਾਂ ਸਿਖਾਂ ਨੈ ਆ ਕੇ ਮੈਂਨੂੰ (ਥੀਰ ਸਿੰਘ ਨੂੰ) ਸੁਣਾਇਆ ਸੀ ਤੇ ਫੇਰ ਮੈਨੇ ਕਦੀ ਵੀ ਕਿਸੇ ਤੋਂ ਕਰਜਾ ਨਹੀਂ ਸੀ ਚੁਕਿਆ ਤੇ ਪੂਰਨ ਭਰੋਸੇ ਨਾਲ ਅਜ ਤੀਕ ਸੋਚਾ ਉਨ੍ਹਾਂ ਦੇ ਵਾਕਾਂ ਅਨੁਸਾਰ ਚਲਦੀ ਪਈ ਹੈ ਤੋਟ ਕਿਸੇ ਗੱਲ ਦੀ ਨਹੀਂ ਹੈ।

ਨੋਟ : ਇਹ ਸਾਖੀ ੩ ਸੈਕਧ ੩੦ ਧਿਆਏ ਥੀਰ ਸ੍ਰਿਗੋਸ਼ ਸਵਾ ੧੧੧੪ ਤੋਂ ਲਿਖੀ ਹੈ।

ਸੰਤ ਪੁਰੇ (ਨੌਰੰਗਾਬਾਦ) ਵਿਚ ਬਾਬਾ ਜੀ ਦਾ ਦਮਦਮਾ

ਸਿੱਖਾਂ ਦੇ ਪ੍ਰਸ਼ਨ ਦੇ ਉਤਰ ਵਿਚ ਫੇਰ ਇਕ ਦਿਨ ਸੰਤ ਥੀਰ ਸ੍ਰਿਘ ਜੀ ਨੈ ਦਸਿਆ ਕਿ ਸੰਮਤ ੧੮੯੦ ਵਿਚ ਬਾਬਾ ਸਾਹਿਬ ਸ੍ਰੀ ਨਨਕਾਣੇ ਸਾਹਿਬ ਦੀ ਯਾਤਰਾ ਨੂੰ ਜਾਂਦੇ ਲਾਹੌਰ ਨੇੜੇ ਆਇ ਜੀ ਤਥ ਪਤਾ ਹੋਣ ਤੇ ਮਹਾਰਾਜਾ ਰਣਜੀਤ ਸਿੰਘ ਨੈ ਆ ਕੇ ਸ਼ਤਿਕਾਰ ਵਲੂੰ ਨਿਮਸਕਾਰ ਕੀਤੀ ਤੇ ਬੇਨਤੀ ਕਰ ਮਨਾ ਲਿਆ ਜੋ ਵਾਪਸੀ ਪਰ ਇਕ ਦਿਨ ਲਾਹੌਰ ਟਿਕਣਗੇ। ਪਰ ਵਾਪਸੀ ਉਤੇ ਜਦੋਂ ਪਤਾ ਕਰਾਇਆ ਗਿਆ ਕਿ ਅਮਕੇ ਦਿਨ ਕਿਸੇ ਵੈਰੀ ਜਾਂ ਸ਼ਾਮ ਤੀਕ ਇਏ ਆ ਜਾਣਗੇ।

ਇਧਰ ਇਸ ਦਿਨ ਦੇ ਇਨਤਜਾਮ ਵਾਸਤੇ ਮਹਾਰਾਜਾ ਸਾਹਿਬ ਨੈ ਸਰਦਾਰ ਚੁਚ ਸ੍ਰਿਘ ਤੇ ਸੁੱਧ ਸ੍ਰਿਘ ਨੂੰ ਤ੍ਰੈਮੇਵਾਰੀ ਸੋਂਪੀ, ਪਰ ਸ਼ਾਮ ਤੀਕ ਬਾਬਾ ਜੀ ਨਹੀਂ ਆਏ ਤੇ ਇਹ ਵੇਂਵੇ ਹੀ ਸ਼ਰਮਾਂ ਪੀ ਕੇ ਮਦਦੇਸ਼ ਹੋ ਕੇ ਸੋ ਗਏ ਤੇ ਦਰਿਆ ਕੰਢੇ ਦੀਆਂ ਬੇੜੀਆਂ ਖਿਚਵਾ ਕੇ ਉਰਾਰੇ ਪਾਸੇ ਕਰਾ ਲਈਆਂ ਕਿ ਬਿਨਾਂ ਬੇੜੀਆਂ ਉਹ ਕਿਵੇਂ ਆ ਸਕਣਗੇ ਤੇ ਜਦੋਂ ਉਹ ਆਂਉਣਗੇ ਸਾਢੇ ਬੇੜੀਆਂ ਦੀ ਮੰਗ ਵੇਲੇ ਪਤਾ ਹੋਣ ਪਰ ਸੋਵਾ ਸੰਭਾਲ ਕਰਾ ਲਵਾਂਗੇ। ਪਰ ਬਾਬਾ ਜੀ ਜਦੋਂ ਆਏ ਸੀ ਕੋਈ ਅਗਵਾਈ ਕਰਨ ਵਾਲਾ ਵੀ ਨਹੀਂ ਸੀ ਤੇ ਨ ਬੇੜੀਆਂ ਹੀ ਕੰਢੇ ਤੇ ਸਨ ਜਿਨਾਂ ਕਰਕੇ ਸਾਨੂੰ ਲਾਉ ਲਸ਼ਕਰ ਸਮੇਤ ਦਰਯਾ ਤੋਂ ਪਾਰ ਹੋ ਕੇ ਰਾਤ ਦਾ ਬਿਸ਼ਰਾਮ ਕਰਦੇ।

ਇਸ ਗੱਲ ਨੂੰ ਬਾਬਾ ਸਾਹਿਬ ਜੀ ਨੈ ਸਹਿਨ ਨ ਕੀਤਾ, ਅਪਨਾ ਨਿਰਾਦਰ ਜਾਣ ਕੇ ਕੁਝ ਕੋਹਾਂ ਤੋਂ ਜਾ ਕੇ ਬਿਨਾਂ ਬੇੜੀਆਂ ਤੋਂ ਦਰਿਆਂ ਰਾਵੀ ਪਾਰ ਕਰ ਡੇਰਾ ਕੀਤਾ, ਇਹ ਵੇਖੋ ਹੀ ਹੋਇਆ ਕਿ ਮਾਨੋ ਦਰਿਆ ਰਾਵੀ ਨੈ ਆਪ ਨੂੰ ਰਸਤਾ ਦੇ ਦਿਤਾ ਤੇ ਪਾਣੀ ਗੋਡੇ ਤੀਕ ਹੋਇਆ ਵੇਖ ਕੇ ਆਪ ਜੀ ਦਾ ਬਿਨਾਂ ਕਿਸੇ ਤਕਲੀਫ ਦੇ ਸਾਰਾ ਸਮਾਜ ਪਾਰ ਹੋ ਗਿਆ ਸੀ ਪਰ ਕੁਦਰਤ ਸਤਾਰ ਦੀ ਕਿ ਵਰ ਦਰਿਆ ਰਾਵੀ ਆਪਣੇ ਪੂਰੇ ਚੜਾਓ ਤੇ ਹੋ ਗਈ । ਦਰਿਆਏ ਪਾਰ ਡੇਰਾ ਕਾਰਨ ਵੇਲੇ ਸਾਰੀਆਂ ਨੂੰ ਹੁਕਮ ਕੀਤਾ ਕਿ ਕੋਈ ਅਨ ਜਲ ਨਾ ਛਕੇ ਨਾ ਹੀ ਘੋੜਿਆਂ ਨੂੰ ਘਾਹ ਦਾਣਾ ਦਿਤਾ ਜਾਇ, ਕਿ ਅਸੀਂ ਅਜ ਸਾਰਿਆਂ ਦੀ ਮੁਕਾਣ ਦੇਣੀ ਹੈ। (ਭੁਖੇ ਰਹਿਣਾ ਹੈ)

ਦੂਸੇ ਦਿਨ ਸਵੇਰ ਨੂੰ ਕੂਚ ਕਰਕੇ ਆਪ ਜੀ ਤਰਨ ਤਾਰਨ ਆ ਕੇ ਮੁਕਾਮ ਕੀਤਾ ਤੇ ਓਧਰ ਜਦੋਂ ਉਨ੍ਹਾਂ ਸਰਦਾਰਾਂ ਨੂੰ ਸਵੇਰੇ ਨਬਾ ਉਤਰੇ ਵੇਲੇ ਪਤਾ ਹੋਇਆ ਤਦ ਪਛਤਾਂਦਿਆਂ ਨੈ ਆ ਕੇ ਭੁਲ ਦੀ ਖਿਮਾ ਭਾਹੀ ਪਰ ਬਾਬਾ ਜੀ ਨੈ ਚੱਕੇ ਮਰਵਾ ਕੇ ਦੋਹਾਂ ਨੂੰ ਦਰਬਾਰ ਤੋਂ ਬਾਹਰ ਕਢਾ ਦਿਤਾ। ਜੋ ਭੁਲ ਬਖਸ਼ਾਵਨ ਨੂੰ ਗਏ ਪਰ ਉਦਣਾ ਸਰਾਪ ਲੈ ਕੇ ਆਏ ਤੇ ਮਹਾਂਰਾਜਾ ਰਣਜੀਤ ਸ੍ਰਿਘ ਦੀ ਕਰੋਪੀ ਦਾ ਕਾਰਨ ਵੀ ਬਣੇ ਸਨ।

ਨੋਟ : ਪੰਡਤ ਗਿਰ ਸ੍ਰਿਘ ਨੈ ਸਵਾ ੧੧੧੭ ਥੀਰ ਸ੍ਰਿਗੋਸ਼ ਵਿਚ ਲਿਖਿਆ ਹੈ ਕਿ ਇਹ ਬਰਾਬ ਦੀ ਵਰਤੋਂ ਦਾ ਹੀ ਪ੍ਰਭਾਵ ਸੀ ਕਿ ਛਿਨਵੇਂ ਕਰੋੜ ਜਾਵਦ ਅਤੇ ਚਕਰਵਰਤੀ ਰਾਜਾ ਜਨਮੇਜਾ ਦੇ ਪੁਤਰ ਵੀ ਇਸੇ ਬਰਾਬ ਦੇ ਨਸ਼ੇ ਨੈ ਬਰਬਾਦ ਕੀਤੇ ਸੀ।

ਇਧਰ ਜਦੋਂ ਸ੍ਰੀ ਬਾਬਾ ਸਾਹਿਬ ਸ੍ਰਿਘ ਜੀ ਦਾ ਡੇਰਾ ਤਰਨ ਤਾਰਨ ਸਾਹਿਬ ਆ ਕੇ ਉਤਰਿਆ ਸੀ ਤਦ ਇਵੇਂ ਦੇ ਪ੍ਰਸਿਧ (ਨੌਣਾਂ ਸ੍ਰਿਘ) ਨਿਹੰਗ ਨੈ ਆਪਣੇ ਸਾਥੀਆਂ ਤੇ ਚੇਲਿਆਂ ਨੂੰ ਭੜਕਾਇਆ ਕਿ ਗੁਰੂ ਕੇ ਘਰ ਆਏ ਉਤਰਿਆ ਹੈ। ਆਪਣਾ ਪ੍ਰਭਾਵ ਪਾਏਗਾ ਹੁਣੇ ਉਨ੍ਹਾਂ ਦੇਣਾ ਚਾਹੀਏ। ਤਦ ਭੜਕੇ ਹੋਏ ਇਕ ਨਿਹੰਗ ਨੈ ਬੰਦੂਕ ਦਾਗ ਦਿਤੀ ਤੇ ਗੋਲੀ ਕੰਨਾਂ ਦੇ ਕੋਲ ਤੋਂ ਹੋ ਕੇ ਨਿਕਲ ਗਈ। ਗੁਰੂ ਨਿਰੰਕਾਰ ਨੈ ਰਖਿਆ ਕੀਤੀ ਤੇ ਜਾਨ ਬਚ ਗਈ, ਇਨ੍ਹਾਂ ਦੀ ਐਸੀ ਕਰਤੂਤ ਵੇਖ ਕੇ ਬਾਬਾ ਸਾਹਿਬ ਦੇਸ ਨਾਲ ਭਰੇ ਹੋਇਆਂ ਫੁਰਮਾਇਆ ਜਾਹੁ ਦੇ ਅਕਾਲੀਓ ਰੰਗਾਲੀਓ ਅਸੀਂ ਤਾਂ ਤੁਹਾਡੀ ਪੁਊਸਤਤੀ ਕਰਾਂ ਨੂੰ ਇਥੇ ਆਏ ਸੀ ਪੂੰਨੂ ਤੁਸਾਡੇ ਭਾਗ ਖੋਟੇ ਹਨ। ਅਸੀਂ ਕੀ ਕੀਤਾ ਜੋ ਤੁਸੀਂ ਬੰਦੂਕ ਦੀ ਗੋਲੀ ਨਾਲ ਸਾਨੂੰ ਮਾਰਨਾ ਚਾਹਿਆ ਹੈ।

ਬਾਬਾ ਥੀਰ ਸ੍ਰਿਘ ਜੀ ਨੈ ਪ੍ਰਥਨ ਕਰਤਾ ਸਿਖਾਂ ਨੂੰ ਦਸਿਆ ਕਿ ਨਿਹੰਗਾ ਪ੍ਰਤੀ ਐਸੇ ਕਰੜੇ ਵਚਨ ਕਰਕੇ ਫਿਰ ਮੇਰੀ ਵਲ ਵੇਖਿਆ ਤੇ ਪੁਛਿਆ– ਵੇ ਵੀਰ ਸ੍ਰਿਘਾਂ ਤੇਰਾ ਡੇਰਾ ਇਵੇਂ ਕਿਤਨੇ ਕੁ ਦੂਰ ਹੈ ਜੋ ਚਲੀਏ। ਤਦ ਅਸੀਂ ਨਾਲੇ ਸੀ, ਬੇਨਤੀ ਕੀਤੀ ਪਾਤਸ਼ਾਹ ਜੀਉ ! ਇਵੇਂ ਮੇਰੀ ਟੁਟਿਆ ਨੇੜੇ ਹੀ ਹੈ, ਆਪ ਚਰਨ ਪਾਕੇ ਪਵਿਤ੍ਰ ਕਰੀਏ। ਇਹ ਬੇਨਤੀ ਪ੍ਰਵਾਨ ਦੋਈ ਅਤੇ ਕਿਹਾ ਆਪ ਜੀ ਨੈ ਜ਼ਰੂਰ ਚਲਨਾ ਹੈ ਤਿਆਰੀ ਕਰ ਕੇ ਚਾਲੇ ਪਾਈਏ।

ਹੁਣ ਬਾਬਾ ਥੀਰ ਸ੍ਰਿਘ ਨੈ ਪੁਛ ਕਰਨ ਵਾਲੇ ਪਰੇਮੀਆਂ ਨੂੰ ਦਸਿਆ ਕਿ ਇਧਰ ਅਸੀਂ ਆਪਣੇ ਸੇਵਕਾਂ ਪਰੇਮੀਆਂ ਨੂੰ ਪਹਿਲੇ ਹੀ ਭੇਜ ਦਿਤਾ ਕਿ ਉਹ ਖੁਲਾ ਲੰਗਰ, ਕੜਾਹ ਪ੍ਰਸ਼ਾਦਿ, ਦਾਲ ਭਾਜੀ ਅਤੇ ਥੀਰ ਪੂੜੇ ਆਦਿਕ ਤਿਆਰ ਕਰਾ ਰਖਣ ਕਿ ਸ੍ਰੀ ਹਜੂਰ ਬਾਬਾ ਸਾਹਿਬ ਸ੍ਰਿਘ ਜੀ ਦੇ ਆਣੇ ਵੇਲੇ ਵੰਡ ਪੰਗਤਾਂ ਲਗਾ ਜਾਣ ਤੇ ਸਿੱਖ ਸੰਗਤਾਂ ਪ੍ਰਸੰਨਤਾ ਨਾਲ ਪ੍ਰਸ਼ਾਦਾ ਛਕ ਸਕਣ। ਤਦ ਐਸਾ ਹੀ ਹੋਇਆ ਸੀ। ਇਵੇਂ ਠੀਕ ਕਿ ਗਰਮ ਪਾਣੀ ਦੇ ਵੇਗਾਵਰੇ ਵੀ ਭਰਵਾਏ ਗਏ ਸੀ ਕੋਈ ਇਸ਼ਨਾਨ ਕਣੇ– ਪੰਜ ਇਸ਼ਨਾਨਾਂ ਕਰੇ (ਹੱਥ ਪੈਰ ਹੀ ਧੋਵੇ) ਤਾ ਕੋ ਐਸਾ ਕਰਨ ਵਿਚ ਕਿਸੇ ਨੂੰ ਢਿਲ ਨ ਹੋਵੇ ਕਿਉਂਕਿ ਸਰਦੀਆਂ ਦੇ ਦਿਨ ਸਨ।

ਹੁਣ ਬਾਬਾ ਸਾਹਿਬ ਸ੍ਰਿਘ ਜਦੋਂ ਸ੍ਰੀ ਤਰਨ ਤਾਰਨ ਤੋਂ ਕੁਝ ਕਰਕੇ ਨੌਰੰਗਾਬਾਦ ਨੇੜੇ ਪੁਜੇ ਸਭ ਡੇਰੇ ਸੰਤ ਪੁਰੇ ਦੀ ਸੰਗਤ ਨੈ ਜੋਦੀਆਂ ਦੀ ਧਾਰਨਾ ਵਿਚ ਖੁਲੇ ਸ਼ਬਦਾਂ ਦੇ ਉਚਾਰਨ ਨਾਲ ਅਗਵਾਈ ਕੀਤੀ ਤੇ ਸ਼ਤਿਕਾਰ ਨਾਲ ਡੇਰੇ ਸੰਤ ਪੁਰੇ ਇਨ੍ਹਾਂ ਨੂੰ ਲਿਆਏ ਸੀ। ਆਉਂਦੇ ਸਾਰ ਹੀ ਆਪ ਜੀ ਦੇ ਵਾਸਤੇ ਨੈ ਵੱਡੇ ਨਵੀਨ ਬਿਸਤਰਾ ਤੇ ਪਲੰਘ ਦਾ ਵਢੋਨਾ ਕਰਾ ਰਖਿਆ ਗਿਆ ਸੀ ਉਸ ਉਤੇ ਮਹਾਂਰਾਜ ਨੂੰ ਇਸ਼ਨਾਨ ਕਰਾਇਆ ਸੀ। ਗਰਮ ਜੱਲ ਨਾਲ ਚਰਨ ਧੁਲਾਏ ਗਏ ਤੇ ਕਈ ਭਤਾਂ ਦੇ ਸਵਾਦਿਸਟ ਭੋਜਨ

Scanned with CamScanner

ਦਾ ਪਰੋਸਿਆ ਥਾਲ ਜਦੋਂ ਸਾਹਿਬਾਂ ਦੇ ਹਜ਼ੂਰ ਲਿਆ ਰਖਿਆ ਗਿਆ ਤਦ ਆਪਨੇ ਪੁਛਿਆ ਕਿ ਕੀ ਸਾਰੀ ਸਾਥ ਦੀ ਸਮੂਹ ਸਿਖ ਸੰਗਤ ਭਾਈ ਵੀ ਪ੍ਰਸਾਦਿ ਪਰੋਸਿਆ ਗਿਆ ਹੈ ਕਿ ਅਜੇ ਨਹੀਂ- ਤਦ ਅਸੀਂ ਬੇਨਤੀ ਕੀਤੀ–ਸਾਹਿਬ ਜੀਉ ! ਸਭ ਸੰਗਤਾਂ ਨੂੰ ਪੰਗਤਾਂ ਵਿਚ ਬਿਠਾਇਆ ਗਿਆ ਤੇ ਪ੍ਰਸਾਦਿ ਪ੍ਰੋਸਿਆ ਗਿਆ ਹੈ।

ਐਸਾ ਸੁਣ ਕੇ ਸਾਹਿਬ ਬਹੁਤ ਪ੍ਰਸੰਨ ਹੋਇ ਸੀ ਤੇ ਪ੍ਰਸ਼ਾਦਾ ਛਕ ਮਗਰੂੰ ਏਅੰਤ ਅਸੀਸਾਂ ਦੇਕੇ ਦਾਸ (ਬੀਰ ਸਿੰਘ) ਨੂੰ ਨਿਵਾਜਿਆ ਸੀ। ਜੋ ਸਾਧ ਸੰਗਤ ਜੀਓ ਇਥੇ ਇਕ ਰਾਤ ਬਿਸ੍ਰਾਮ ਕਰਨ ਮਗਰੂੰ ਆਪ ਸ੍ਰੀ ਹਜ਼ੂਰ ਰੋਇੰਦਵਾਲ ਦੇ ਰਸਤੇ ਊਨੇ ਸਾਹਿਬ ਨੂੰ ਚਲੇ ਗਏ ਸੀ ਤੇ ਅਸੀਂ ਇਸ ਪਵਿਤਰ ਸਥਾਨ ਤੇ (ਜਿਥੇ ਬਾਬਾ ਪੈਰ ਧਰੇ ਪੂਜਾ ਆਸਨ ਥਾਪਨ ਕੀਆ) ਅਸੀਂ ਯਾਦਗਾਰੀ ਦਮਦਮਾ ਉਸਾਰਿਆ ਸੀ ਜੋ ਅਜ ਤੀਕ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੀ ਸ਼ਕਤੀ ਦਾ ਪ੍ਰਤੀਕ ਤੇ ਯਾਦਗਾਰੀ ਇਤਿਹਾਸਕ ਅਸਥਾਨ ਹੈ । ਐਸੀ ਕਥਾ ਦਮਦਮੇ ਸਾਹਿਬ ਦੀ ਸੁਣ ਕੇ ਪਰੇਮੀ ਸਿਖਾਂ ਦੇ ਮਨ ਜਾਦ ਗਦ ਹੋਇ ਤੇ ਨਿਮਸਕਾਰ ਕਰ ਕੇ ਧੰਨਵਾਦੀ ਬਣੇ ਕਿ ਆਪ ਜੀ ਨੇ ਇਸ ਅਸਥਾਨ ਦੀ ਮਹੱਤਤਾ ਤੋਂ ਜਾਣੂ ਕਰਾਇਆ ਹੈ। ਤਦ ਬਾਬਾ ਬੀਰ ਸਿੰਘ ਵੀ ਐਸੇ ਵੈਰਾਗ ਭਰੇ ਦਿਲ ਨਾਲ ਅਪਨੇ ਸਾਰੇ ਨਿਕਟਵਰਤੀਆਂ ਨੂੰ ਤੇ ਸਰੇਤੀਆਂ ਨੂੰ ਇਹੋ ਸਮਝਾਇਆ ਕਿ ਸਾਡੀ ਇਸ ਵਕਤ ਦੀ ਜੋ ਪ੍ਰਸਿਧੀ ਅਤੇ ਸੋਭ ਪੁਰੇ ਲੰਗਰ ਵਲੂੰ ਮੇਵਾ ਦਾ ਜੋ ਅਨੂਠਾ ਪ੍ਰਵਾਹ ਜਾਰੀ ਹੈ ਇਹ ਸਭ ਕੁਝ ਗੁਰੂ ਬਾਬਾ ਸਾਹਿਬ ਸਿੰਘ ਜੀ ਦੀ ਪ੍ਰਸੰਨਤਾ ਮਹਾਨਤਾ ਅਤੇ ਉਨ੍ਹਾਂ ਦੀ ਆਸ਼ੀਰਵਾਦ ਤੇ ਅਸੀਸਾਂ ਸਦਕਾ ਹੈ।

ਬਾਬਾ ਸਾਹਿਬ ਸਿੰਘ ਜੀ ਦਾ ਚਲਾਣਾ

ਮਿਤ ੧੮੯੦ ਵਿਚ ਸ੍ਰੀ ਬਾਬਾ ਸਾਹਿਬ ਨੇ ਸ੍ਰੀ ਨਨਕਾਣੇ ਸਾਹਿਬ ਦੀ ਆਖਰੀ ਯਾਤਰਾ ਕੀਤੀ ਮਗਰੂੰ ਸ੍ਰੀ ਤਰਨ ਤਾਰਨ ਅਤੇ ਨੋਰੰਗਾਬਾਦ (ਸੰਤਪੁਰੇ ਭੋਰੇ ਤੋਂ ਹੋ ਕੇ ਊਨੇ ਸਾਹਿਬ ਆਏ ਤਦ ਆਪ ਨੇ ਚਿਰਾਂ ਪਿਛੋਂ ਆਪਨੀ ਰਾਜਧਾਨੀ ਵਿਚ ਆਏ ਵੇਲੇ ਨਗਰ ਵਾਸੀਆਂ ਨੇ ਬਹੁਤ ਖੁਸ਼ੀ ਪ੍ਰਗਟਾਈ, ਅਤੇ ਤਰ੍ਹਾਂ ਦੇ ਭੇਟਾ ਅਰਪਨ ਕਰ ਕਰ ਕੇ ਨਿਮਸਕਾਰਾਂ ਕਰਦੇ ਅਤੇ ਅਸੀਸਾਂ ਪਾਂਦੇ ਰਹੇ ਸੀ । ਪਰ ਆਪ ਸ੍ਰੀ ਬਾਬਾ ਜੀ ਨੇ ਸਿਵਾਇ ਦੀਵਾਨ ਵਿਚ ਬ੍ਰਿਜਮਾਨ ਹੋ ਕੇ ਸੰਗਤਾਂ ਪ੍ਰਤੀ, ਆਪਨੇ ਸਾਹਿਬ ਜਾਣਿਆਂ ਪ੍ਰਤੀ ਕੁਝ ਸਿਖਿਆਦਾਇਕ ਉਪਦੇਸ਼ ਸੁਣਾਇਆ ਕਰਦੇ ਸਨ ਬਾਕੀ ਸਾਰਾ ਸਮਾਂ ਇਕਾਂਤ ਅਪਨੇ ਨਿਵਾਸ ਅਸਥਾਨ ਵਿਚ ਸਬੰਭਿਤ ਹੁੰਦੇ ਤੇ ਸਿਮਰਨ ਧਿਆਨ ਵਿਚ ਬਹੁਤ ਜੁੜੇ ਰਹਿੰਦੇ ਰਹੇ ।

ਕਦੀ ਕਦੀ ਦੀਵਾਨ ਵਿਚ ਸਜੇ ਹੋਇਆਂ ਇਹਨਾਂ ਵੈਰਾਗ-ਮਈ ਸ਼ਬਦਾਂ ਦਾ ਉਚਾਰਨ ਵੀ ਕਰਦੇ ਹੁੰਦੇ ।

ਚਲ ਚਲ ਗਇਆਂ ਪੰਖਿਆਂ ਜਿਨਾਂ ਵਸਾਏ ਤੁੱਲ ॥
ਸਰ ਭਰਿਆ ਭੀ ਚਲਸੀ ਥਕੇ ਕਵਲ ਇਕਲ ॥
ਆਖੀ ਸਿਖਾਂ ਚੰਦਰੀ ਚਲਣ ਅੱਜ ਕਿ ਕਲ ॥ (੧੩੮੧)

ਕਦੀ ਐਸਾ ਉਚਾਰਨ ਕਰਦੇ

ਫਰੀਦਾ ਕਿਟੇ ਤੈਂਡੇ ਮਾਪਿਉ ਜਿਨੀ ਤੂੰ ਜਾਣਿਓਹਿ ॥
ਤੈਂ ਪਾਸੋਂ ਉਹ ਲਦ ਗਏ ਤੂੰ ਅਜੇ ਨ ਪਤੀਣਿਓਹਿ ॥ (੧੩੮੧)

ਫੇਰ

ਗੋਰ ਨਿਮਾਣੀ ਸਭ ਕਰੇ ਨਿਘਰਿਆਂ ਘਰ ਆਉ ॥
ਸਰਪਰ ਮੈਂ ਥੇ ਆਵਣਾ ਮਰਣੇ ਨ ਭਰਿਓਹੁ ॥( )

ਨੋਟ: ਇਹ ਜਿਕਰ ਬਾਬਾ ਬੀਰ ਸਿੰਘ ਦੀ ਜ਼ਬਾਨੀ ਪਿਛੇ ਵੀ ਲਿਖਿਆ ਹੈ। ਹੁਣ ਫੇਰ ਸੰਖੇਪ ਹੀ ਦਸਿਆ ਹੈ :

ਐਸੀ ਅਵਸਥਾ ਆਉਣ ਤੋਂ ਪਹਿਲੇ ਹੀ ਲੰਗਰ ਚੰਦ ਕਰਾ ਕੇ ਸਭ ਤੇਦੇਦਾਰਾਂ ਸਰਦਾਰਾਂ ਨੂੰ ਮੁਲਾਜਿਆਂ ਤੇ ਸੂਬੀਆਂ ਰਸਦਾਂ ਕਰਾ ਦਿਤੀਆਂ ਤੇ ਬਹੁਤਿਆਂ ਨੂੰ ਸਿਰੋਪਾਓ ਦੀ ਬਖਸ਼ਸ਼ ਨਾਲ ਛੁਟੀਆਂ ਦੇ ਘਰਾਂ ਭੇਜਦਾ ਦਿਤਾ ਸੀ । ਇਸ ਤਰ੍ਹਾਂ ਨਾਲ ਨਵੇਂ ਸੰਮਤ ੧੯੯੧ ਤੀਕ ਆਪ ਜੀ ਨੇ ਕੁਝ ਮਹੀਨੇ ਵਿਤਾਏ ਤੇ ਇਕ ਦਿਨ ਆਪਣੇ ਭਤੀਜੇ ਕਾਨ ਸਿੰਘ ਨੂੰ ਬੜੇ ਤੇਜਬਵੀ ਟੁਭਾਉ ਨਾਲ ਹੁਕਮ ਕੀਤਾ ਕਿ ਦੇਗੋ ਕੜਾਹੇ ਲੋਹਾਂ ਪੁਟਵਾ ਕੇ ਧਰਾ ਕੇ ਰਖ ਦਿਉ। ਇਨਾਂ ਨੂੰ ਚਲਾਉਣ ਵਾਲਾ ਆ ਕੇ ਲੈ ਜਾਇਗਾ। ਤੁਸੀਂ ਦੇਰ ਤੋਂ ਇਨਕਾਰ ਨਹੀਂ ਕਰਨਾ ।

ਫਿਰ ਥੋੜੇ ਹੀ ਦਿਨਾਂ ਪਿਛੋਂ ਸੰਤ ਬੀਰ ਸਿੰਘ ਊਨੇ ਗਏ, ਦਰਸ਼ਨ ਕੀਤੇ ਪਰ ਸ੍ਰੀ ਹਜ਼ੂਰ ਨੇ ਕਿਹਾ ਬੀਰ ਸਿੰਘਾ। ਬਰਤਨ ਅਮਾਨਤ ਹੈ ਤੇਰੇ ਇਹ ਲੈ ਜਾ ਕੇ ਤੁਸੀਂ ਖੁਲਾ ਲੰਗਰ ਚਲਾਈਏ। ਤਦ ਆਗਿਆ ਮੰਨ ਕੇ ਉਹ ਵਾਪਸ ਆਪਣੇ ਡੇਰੇ ਆਏ ਸੀ, ਲੰਗਰ ਜਾਰੀ ਕੀਤਾ ਤੇ ਬਾਬਾ ਜੀ ਨੇ ਸਿਖ ਸੰਗਤਾਂ ਨੂੰ ਆ ਕੇ ਸੁਣਾਇਆ ਕਿ ਅਸੀਂ ਹੁਕਮ ਦੀ ਪਾਲਣਾ ਕੀਤੀ ਹੈ।

ਕੁਝ ਸਿਖਿਆ ਤੇ ਅੰਤਮ ਅਸੀਸਾਂ

ਸ੍ਰੀ ਬਾਬਾ ਸਾਹਿਬ ਸਿੰਘ ਜੀ ਨੇ ਬਾਬਾ ਬੀਰ ਸਿੰਘ ਜੀ ਨੂੰ ਵਿਦਾਇਗੀ ਦਿਤੇ ਮਗਰੂੰ ਇਕ ਦਿਨ (ਹਰ ਮਹੀਨੇ ਦਵਾਦਸੀ ਸੀ) ਸਮੂਹ ਪਰਵਾਰ ਤੇ ਸਿਖ ਸੰਗਤ ਜੋ ਜੁੜੀ ਬੈਠੀ ਸੀ ਨੂੰ ਸੰਬੋਧਨ ਕੀਤਾ ਕਿ ਕਲ ਹਾਡ ਸੁਦੀ ਤੋਦਸੀ ਨੂੰ ਅਸੀਂ ਸ੍ਰੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਸਰੀਰਕ ਦੇਲਾ ਛਡਨਾ ਹੈ, ਤਸੀਂ ਚੋਰਾਸੀ ਵਿਚ ਦੁਖਨ ਨਹੀਂ ਕਰਨਾ । ਸਾਡਾ ਨ ਆਵਣਾ ਐਸਾ ਹੀ ਸਮਝੀਏ ਕਿ ਤਪਦੀ ਧਰਤੀ ਉਤੇ ਬੱਦਲ ਬਣਕੇ ਪਕਸ ਜੋਤ ਵਿਚ ਸਮਾਣਾ ਹੈ। ਸਾਡਾ ਆਵਣਾ ਐਸਾ ਹੀ ਸਮਝੀਏ ਕਿ ਤਪਦੀ ਧਰਤੀ ਉਤੇ ਬੱਦਲ ਬਣਕੇ ਆਂਵਦੇ, ਉਹ ਵਸ ਕੇ ਠੰਡਾ ਪਾਂਦੇ ਚਲੇ ਜਾਂਦੇ ਹਨ। ਤਿਵੇਂ ਸਮੇਂ ਸਮੇਂ ਗੁਰ ਅਵਤਾਰ ਅਤੇ ਸੰਤ ਮਹਾਂਪੁਰਖ ਹੁਕਮ ਅਨੁਸਾਰ ਆਂਵਦੇ ਅਤੇ ਆਪਣੇ ਮਨੋਹਰ ਉਪਦੇਸ਼ਾਂ ਨਾਲ ਸ਼ਰਿਆਰਗ ਤੇ ਲੋਕਾਂ ਨੂੰ ਚਲਾਂਦੇ ਖੁਸ਼ ਆਪਣੇ ਧਾਮ ਨੂੰ ਚਲੇ ਜਾਂਦੇ ਹਨ।

ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਨੇ ਦਸਿਆ ਕਿ ਜਿਵੇਂ ਨਿਮੀਂ ਨਿਮੀ ਬਰਸ਼ਾਤ ਜਾਂ ਘਣੇ ਬੱਦਲ ਬਰਸ਼ਨ ਤੋਂ ਪਹਿਲੇ ਆਪਨੇ ਖੇਤਾਂ ਨੂੰ ਵੱਟਾਂ ਬੰਨ ਕੇ ਜਿਨਾਂ ਨੇ ਸਵਾਰਿਆ ਹੁੰਦਾ ਹੈ । ਪਾਣੀ ਉਥੇ ਠਹਿਰ ਦਾ ਤੇ ਕਾਲ ਮੀਨੇ ਵਿਲ ਵਿਚ ਵਸਾਂਦੇ ਤੇ ਉਸ ਸਿਖਿਆ ਅਨੁਸਾਰ ਜੀਵਨ ਬਿਤਾਂਦੇ ਹਨ ਉਹ ਦੱਹੀਂ ਜਹਾਨੀ ਬੋਭਾ ਪਾਂਦੇ ਹਨ। ਗੁਰੂ ਵਾਕ ਹੈ :

"ਸੱਚੇ ਮਾਰਗ ਚਲਦਿਆਂ ਉਸਤਤ ਕਰੇ ਜਹਾਨ" ॥

Scanned with CamScanner

ਅਤੇ ਦਰਗਾਹੋ ਉਸਲੇ ਮੁਖ ਜਾਂਦੇ ਹਨ। ਦੁਬਾਰਾ ਸ੍ਰੀ ਹਜੂਰ ਬਾਬਾ ਸਾਹਿਬ ਸਿੰਘ ਨੇ ਵਿਰ ਫੁਰਮਾਇਆ ਕਿ ਸਾਡੇ ਪਿਛੇ ਰੁਦਨ ਨਹੀਂ ਕਰਨਾ, ਸ੍ਰੀਗੁਰੂ ਗਰੰਥ ਸਾਹਿਬ ਜੀ ਕੋ ਪਾਠ ਕਰਣੇ, ਵੰਡ ਖਾਣਾ,ਗੁਰੂ ਪਰਮੇਸ਼ਰ ਦੇ ਅਰਪਣ ਕੀਤਾ ਜਾਣਨਾ।

ਇਸ ਵੇਲੇ ਸੰਗਤ ਨੇ ਵੈਰਾਗ ਵਿਚ ਭਰੇ ਹੋਇਆ ਬੇਨਤੀ ਕੀਤੀ ਸਾਹਿਬ ਜੀਓ! ਸਾਡੀ ਬਾਂਹ ਕਿਸ ਨੂੰ ਪਕੜਾਏ ਚਲੇ ਹੋ। ਤਦ ਫੁਰਮਾਇਆ ਸੁਣੋ ਭਾਈ ਗੁਰਸਿਖੋ ! ਹਮ ਭੀ ਜਿੰਮੀਦਾਰ ਕੇ ਘਰ ਤੇ ਸਰੂਪਾਂਤਰ ਧਾਰ ਕੇ ਮਧਰ ਦੇਸ਼ (ਮਾਂਝੇ ਦੀ ਧਰਤੀ) ਮੇ ਆਪਨੀ ਜਗਾਹ ਅਸਥਾਪਨ ਕਰਕੇ ਤਿਸ ਕੋ ਧਰ ਤੇ ਸੰਗਤੋਂ ਕੀ ਬਹਾਂ ਪਕੜਾਏ ਚਲੇ ਹੈ (ਇਹ ਜ਼ਿਕਰ ਸਵਾ ੧੧੨੫ ਬੀਰ ਮ੍ਰਿਗੋਜ਼ ਪਰ ਹੈ)।

ਫੇਰ ਅਪਨੇ ਸਾਹਿਬਜ਼ਾਦਿਆਂ ਨੂੰ ਕਿਹਾ, ਹੋ ਸਾਹਿਬਜਾਦਿਓ ! ਪਰਾਇਆ ਧਨ ਔਰ ਇਸਤਰੀ (ਪਰਾਈ) ਕੋ ਬਿਖ ਜਾਣ ਕੇ ਤਿਆਗ ਦੇਨਾ। ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਕੂੰ ਵਸ ਕਰਨਾ, ਸ੍ਰੀ ਪਰਮੇਸ਼ਰ ਕਾ ਸਿਮਰਨ ਕਰਨਾ, ਕਿਸੀ ਕਾ ਬੁਰਾ ਚਿੰਤਨ ਨਹੀਂ ਕਰਨਾ। ਜਬ ਤੁਮ ਕਿਸੀ ਕਾ ਬੁਰਾ ਕਰੋਗੇ ਤੁਮਕੋ ਕਿਸੀ ਕਾ ਭੀ ਨਹੀਂ ਹੋਵੇਗਾ। ਗੁਰੂ ਵਾਕ ਹੈ :

ਪਰ ਕਾ ਬੁਰਾ ਨ ਰਾਖੋ ਚੀਤ ॥ ਤੁਮ ਕੋ ਦੁਖ ਨਹੀਂ ਭਾਈ ਮੀਤ ॥

ਇਹ ਧਨ ਪਦਾਰਥ ਆਦਿਕ ਸਰਬ ਜਗਤ ਕੂੰ ਸੁਪਨ ਸਮਾਨ ਸਮਝਨਾ, ਅਸਥਿਰ ਨਹੀਂ ਰਹਿਣੇ, ਹਾਨ ਲਾਭ ਮੈਂ ਸਮਾਨ ਰਹਿਣਾ। ਜਿਵੇਂ ਆਕਾਸ਼ ਦੇ ਬੱਦਲ ਦੇਖਦਿਆਂ ਦੇਖਦਿਆਂ ਲੀਨ ਹੋ ਜਾਂਦੇ ਹਨ ਤਿਵੇਂ ਇਹ ਸਰਬ ਜਗਤ ਦੀ ਦੇਖ ਦੇਖ ਜਾਣਨਾ। ਸਤ ਵਸਤੂ ਸਦਾ ਨਿਜ ਆਤਮਾ ਹੀ ਹੈ ਜੋ ਪਰਮਾਤਮ ਸਰਬ ਵਿਆਪੀ ਦੀ ਅੰਸ਼ ਹੈ, ਔਸਾ ਨਿਸਚੇ ਕਰਕੇ ਜਾਣਨਾ। ਇਸਨਾਨ ਨਾਮ ਦਾਨ ਨਿਤ ਕਰਨਾ। ਗੁਰਬਾਣੀ ਕੀਰਤਨ, ਨਿਤ ਨਮਿਤ ਆਦਿਕ ਸੁਭ ਕਰਨੇ ਜ਼ਰੂਰੀ ਹਨ। ਹਰ ਵਕਤ ਗੁਰੂ ਸ਼ਬਦ ਦਾ ਅਭਿਆਸ ਕਰਤੇ ਰਹਿਣਾ। ਗੁਰੂ ਜੀ (ਗੁਰੂ ਗ੍ਰੰਥ ਜੀ) ਕੋ ਸਾਖਿਆਤ ਬ੍ਰਹਮ ਸਰੂਪ ਜਾਣ ਕੇ ਬਚਨ ਸ਼ਤਿ ਕਰ ਜਾਣਨੇ ਤੇ ਸਭ ਕਾਰ ਮੈਂ ਗੁਰੂ ਕਾ ਭਰੋਸਾ ਰਖਣਾ ਅਤੇ ਸਦਾ 'ਸਤਿਨਾਮ-ਵਾਹਿਗੁਰੂ' ਦਾ ਸਿਮਰਣ ਕਰਨਾ। ਇਤਆਦਿਕ ਸੁਭ ਕਰਮੋਂ ਕਾ ਕਭੀ ਤਿਆਗ ਨਹੀਂ ਕਰਨਾ। ਸਤ ਬੋਲਣਾ, ਮਿਥਿਆ ਨਹੀਂ ਬੋਲਣਾ, ਸਾਧੂ ਸੰਤ ਸਿਖ ਅਭਿਆਗਤ, ਬ੍ਰਿਧ, ਗੁਰੂ ਆਦਿਕ ਸਿਖ ਕੀ ਸੇਵਾ ਮੇ ਹਾਜਿਰ ਰਹਿਣਾ, ਕਿਸੀ ਤਕਰਾਰ ਨਹੀਂ ਕਰਨਾ। ਸਦਾ ਹੀ ਬ੍ਰਿਧ ਮਾਤਾ ਗੁਰੂ ਜੀ ਕੀ ਆਗੇ ਨਿਵ ਚਲਣਾ। ਆਗਿਆ ਮਾਨਤੇ ਰਹਿਣਾ।

ਬਸ ਇਤਨਾ ਹੀ ਸਰਬ ਵੇਦ ਸ਼ਾਸਤਰ ਕਾ ਸਾਰ ਹਮ ਨੇ ਤੁਮ ਕੋ ਉਪਦੇਸ਼ ਕਰ ਦੀਆ ਹੈ। ਇਸ ਤੇ ਉਪਰ ਔਰ ਕੋਈ ਉਪਦੇਸ਼ ਨਹੀਂ ਹੈ। ਹਮਾਰੇ ਇਸ ਉਪਦੇਸ਼ ਕੋ ਜਿਤਨਾ ਧਾਰ ਕੋ ਕਮਾਉਗੇ, ਉਤਨਾ ਹੀ ਸੁਖ ਔਰ ਕੋਈ ਉਪਦੇਸ਼ ਨਹੀਂ ਹੈ। ਹਮਾਰੇ ਇਸ ਉਪਦੇਸ਼ ਕੋ ਜਿਤਨਾ ਧਾਰ ਕੋ ਕਮਾਉਗੇ, ਉਤਨਾ ਹੀ ਸੁਖ ਕੋ, ਧਨ ਕੋ, ਧਾਮ ਕੋ ਪਾਉਗੇ। ਇਸ ਲੋਕ ਮੈਂ ਸੁਖੀ ਔਰ ਪਰਲੋਕ ਮੈ ਭੀ ਪਰਮ ਸੁਖ ਕੋ ਪ੍ਰਾਪਤੀ ਹੋਵੋਗੇ। ਖੋਟੀ ਸੰਤਾਨ ਕੁਲ ਮੈਂ ਪੈਦਾ ਨਹੀਂ ਹੋਵੋਗੀ। ਅੰਤ ਕੋ ਸ੍ਰੀ ਗੁਰੂ ਜੀ ਕੀ ਪੁਰੀ ਮੈਂ ਪ੍ਰਾਪਤੀ ਹੋਵੋਗੇ। ਸ਼ਰਿਰ ਜਿਥੇ ਨ ਕੋਈ ਦੁਖ ਹੈ, ਨ ਹੀ ਦਰਿਦਰ ਹੈ, ਨ ਕੋਈ ਵਿਘਨ ਹੈ, ਸਦਾ ਅਨੰਦ ਹੀ ਅਨੰਦ ਹੈ। ਅਜਿਹਾ ਪਦ ਜੋ ਹੈ ਉਹ ਸਦਾ ਹੀ ਅਸਰੀਰ ਹੈ (ਸਰੀਰ ਰਹਿਤ ਹੈ) ਜਬ ਜਬ ਧਰਮ ਮੈਂ ਗਿਲਾਨੀ ਹੋਤੀ ਹੈ, ਤਬ ਤਬ ਕਰਕੇ ਪ੍ਰਿਥਵੀ ਭਾਰੀ ਹੋ ਜਾਤੀ ਹੈ, ਪਰਜਾ ਦੇ ਜੀਵ ਦੁਖੀ ਹੋ ਜਾਤੇ ਹੈਂ। ਰਾਜਾ ਦਵੈਖ ਬੜ ਆਸਤੇ ਗੁਰੂ ਅਵਤਾਰ ਵਿਰੋਧ ਕਰ ਕਟ ਕਟ ਕੇ ਮਰਨ ਲਗਤੇ ਹੈ। ਤਬ ਜਗਤ ਜੀਵਾਂ ਕੂੰ ਸੁਖ ਦੇਣ ਕੋ ਫੇਰ ਅਪਣੇ ਪਰਮ ਧਾਮ ਮੈਂ ਚਲੇ ਜਾਤੇ ਹੈ। ਪ੍ਰਗਟ ਹੋਤੇ ਅਤੇ ਸੰਸਾਰੀ ਜੀਵਾਂ ਨੂੰ ਧਰਮ ਦਾਮਾਰਗ ਦਸ ਕੇ ਫੇਰ ਅਪਣੇ ਪਰਮ ਧਾਮ ਮੈਂ ਚਲੇ ਜਾਤੇ ਹੈ।

ਇਸ ਤਰ੍ਹਾਂ ਦਾ ਵਿਸਥਾਰ ਪੂਰਵਕ ਉਪਦੇਸ਼ ਜੋ ਸਿਖਿਆ ਰੂਪ ਵੀ ਹੈ- ਸ੍ਰੀ ਹਜ਼ੂਰ ਨੇ ਆਪਣੇ ਅੰਤ ਸਮੇਂ ਸ੍ਰੀ ਦਮਦਮਾ ਸਾਹਿਬ ਬੈਠੀ ਸੰਗਤ ਅਤੇ ਸਾਹਿਬਜ਼ਾਦਿਆਂ ਪ੍ਰਤੀ ਸੁਣਾਇਆ। ਜੋ ਬੀਰ ਮ੍ਰਿਗੇਸ਼ ਦੇ ਸਵਾ ੧੧੨੬ ਤੋਂ ਉੱਪਰ ਅਖਤਾਂ ਵਿਚ ਹੀ ਲਿਖਿਆ ਹੈ। ਇਸ ਉਤਮ ਉਪਦੇਸ਼ ਨੂੰ ਸਾਰਿਆਂ ਨਿਕਟ ਬੈਠਿਆਂ ਨੇ ਸੁਣਿਆ ਤੇ ਮੁਕਤ

ਤੇ ਹੁਣ ਆਪਣੇ ਪ੍ਰੀਤਮ ਸੰਤ ਭਾਗ ਸਿੰਘ ਵੀ ਵਿਛੜ ਰਹੇ ਹਨ। ਤਦ ਆਪ ਤੋਂ ਰਿਹਾ ਨ ਗਿਆ ਤੇ ਵੈਰਾਗ ਭਰੇ ਮਨ ਨਾਲ ਬੇਨਤੀ ਕੀਤੀ– ਸਾਹਿਬ ਜੀਓ, ਆਪ ਇਤਨੀ ਜਲਦੀ ਤਿਆਰੀ ਨ ਕਰੋ, ਚਾਰ ਸਾਲ ਤਾਂ ਸਾਨੂੰ ਹੋਰ ਦਰਸ਼ਨ ਦੇਨਾ ਕਰੀਏ। ਹੁਣ ਇਸ ਵੇਲੇ ਦੀ ਵੈਰਾਗ ਭਰੀ ਬੇਨਤੀ ਟੁਣ ਕੇ ਸੰਤ ਭਾਗ ਸਿੰਘ ਮੁਸਕਰਾਏ ਤੇ ਫੁਰਮਾਇਆ ਚੰਗਾ– ਭਾਈ ਬੀਰ ਸਿੰਘਾ ਤੇਰੇ ਇਸ ਵੇਲੇ ਦੀ ਕਹੀ ਮੰਨ ਲੈਂਦੇ ਅਸੀਂ ਚਾਰ ਸਾਲ ਹੋਰ ਰਹਾਂਗੇ, ਸੰਤ ਬੀਰ ਸਿੰਘ ਬਹੁਤ ਪ੍ਰਸੰਨ ਹੋਇ ਤੇ ਉਹ ਕੁਝ (ਘਾਸ ਦਾ ਆਸਣ) ਉਠਾ ਕੇ ਨਦੀ ਵਿਚ ਜਾ ਕੇ ਰੋਹੜ ਦਿਤਾ। ਫਿਰ ਬਹੁਤ ਿ ਨ ਸੰਤ ਭਾਗ ਸਿੰਘ ਪਾਸ ਰਹਿ ਕੇ ਅਗੰਮੀ ਲੋਂਦੇ ਆਪਨੇ ਡੇਰੇ ਨੂੰ ਗੁਰੂਗਾਬਾਦ ਸੰਤ ਪੁਰੇ ਨੂੰ ਚਲੇ ਗਏ ਸਨ।

ਸਰਦਾਰ ਜਵਾਹਰ ਸਿੰਘ ਦਰਸ਼ਨ ਨੂੰ ਆਏ

ਇਨ੍ਹਾਂ ਹੀ ਦਿਨਾਂ ਵਿਚ ਸਰਦਾਰ ਹਰੀ ਸਿੰਘ ਨਲੂਏ ਦਾ ਪੁਤਰ ਸਰਦਾਰ ਜਵਾਹਰ ਸਿੰਘ ਵੀ ਦਰਸ਼ਨ ਨੂੰ ਕੁਰੀ ਆਏ। ਬਹੁਤ ਕੁਝ ਭੇਟਾ ਅਰਪਨ ਕੀਤੀਆਂ। ਸੰਤ ਭਾਗ ਸਿੰਘ ਤਾਂ ਹੁਣ ਆਪਣੇ ਤੇਰੇ ਛੋੜਾ ਟਿਕਦੇ, ਫੇਰ ਨਦੀ ਕਿਨਾਰੇ ਹੀ ਇਕਾਂਤ ਵਾਸੀ ਰਹਿਣ ਲਗੇ ਸਨ, ਕਿ ਜਿਸ ਦਿਨ ਤੋਂ ਬਾਬਾ ਸਾਹਿਬ ਸਿੰਘ ਦੀ ਜੋਤੀ ਜੋਤ ਸਮਾਏ ਦੀ ਗੱਲ ਸੁਣੀ ਸੀ, ਵਧੇਰੇ ਉਦੇ ਹੀ ਸਿਮਰਨ ਧਿਆਨ ਵਿਚ ਸਮਾਧੀ ਲਾਏ ਰਖਦੇ ਸੀ ਤੇ ਡੇਰੇ ਵਿਚ ਸੰਗਤ ਦੀ ਆਵਾਜਾਈ ਵਧ ਗਈ ਸੀ। ਸਰਦਾਰ ਜਵਾਹਰ ਸਿੰਘ ਨੇ ਮਾਸ਼ੂਸ ਕੀਤਾ ਕਿ ਸੰਗਤ ਦੇ ਟਿਕਾਓ ਅਤੇ ਸਤਿਸੰਗ ਵਾਸਤੇ ਹੁਣ ਇਥੇ ਇਕ ਹਾਲ ਕਮਰਾ ਜਰੂਰੀ ਚਾਹੀਏ। ਤੱਦ ਆਪ ਜੀ ਨੇ ਸ਼ੁਰੂ ਕਰਾ ਦਿਤਾ। ਇਸ ਹਾਲ ਕਮਰੇ ਦੀਆਂ ਕੰਧਾਂ ਉਚੇਰੀਆਂ ਹੋਈਆਂ ਤੇ ਛੱਤ ਪੈਣ ਹੀ ਵਾਲੀ ਸੀ, ਉਧਰੋਂ ਸੰਤ ਭਾਗ ਸਿੰਘ ਦੀ ਸਮਾਧੀ ਖੁਲੀ ਤੇ ਡੇਰੇ ਵਿਚ ਆ ਕੇ ਦੇਖਿਆ ਜੋ ਹਾਲ ਉਸਾਰਿਆ ਪਿਆ ਸੀ।

ਪੁਛਿਆ ਇਹ ਕਿਸ ਨੇ ਤਿਆਰ ਕਰਾਇਆ। ਿਵਕਾਂ ਨੇ ਦਸਿਆ ਕਿ ਇਹ ਸ੍ਰ: ਜਵਾਹਰ ਸਿੰਘ ਨੇ ਸੇਵਾ ਕਰਾਈ ਹੈ ਕਿ ਸੰਗਤ ਦੇ ਸਤਿਸੰਗ ਅਤੇ ਆਰਾਮ ਵਾਸਤੇ ਚਾਹੀਏ। ਤਦ ਆਪ ਜੀ ਨੇ ਭੇਤ ਪਾਣ ਤੋਂ ਟੋਕ ਦਿਤਾ ਅਤੇ ਸਾਰੀਆਂ ਪ੍ਰਤੀ ਸੁਣਇਕੇ ਫੁਰਮਾਇਆ– ਜਿਤਨੀ ਕੁ ਉਸਾਰੀ ਕੀਤੀ ਹੈ ਇਹਨਾ ਹੀ ਬਿਨਾ ਛੱਤ ਦੇ ਰਹਿਣ ਦਿਤਾ ਜਾਏ। ਇਸ ਵਾਸਤੇ ਕਿ ਇਕ ਸਮਾਂ ਅੈਸਾ ਆਏਗਾ ਕਿ ਇਥ ਦਾ ਇਹ ਸਰਾਏ ਅਲੋਛ ਗਿਰਾਏ ਦੇਵੇਗੇ ਤਿਸ ਦੇ ਤਦਨੰਤਰ ਤੇਜਬਲ ਪਾਏਕੇ ਜਦੋਂ ਹਮਾਰੇ ਸਿਖ ਨੀਂਹਾਂ ਉਤੇ ਨਵੀਂ ਉਸਾਰੀ ਕਰਕੇ ਸੁੰਦਰ ਗੁਰਦਵਾਰਾ ਬਨਾਵੇਗੇ, ਜਿਸ ਕੀ ਜੋ ਸ਼ਰਧਾ ਹੋਵੇਗੀ ਪੂਰੀ ਸ਼ਰਧਾ ਕੋ ਧਾਰਕੇ ਕੋਈ ਸੇਵਾ ਕਰੇਗਾ ਕਾਮਨਾ ਪੂਰੀ ਹੋਇਆ ਕਰੇਗੀ। ਐਸਾ ਸੁਣ ਕੇ ਸ੍ਰ: ਜਵਾਹਰ ਸਿੰਘ ਨੇ ਲੰਮ ਥੰਮ ਕਰਾਇਆ ਤੇ ਕੰਧਾਂ ਉਸੇ ਤਰਾਂ ਖੜੀਆਂ ਰਹਿਣ ਦਿਤੀਆਂ।

ਨੋਟ : ਮੈਂ ਇਸ ਪੁਸਤਕ ਦੇ ਲੇਖਕ (ਗਿਆਨੀ ਈਸ਼ਰ ਸਿੰਘ ਨਾਰਾ) ਨੇ ਜੋ ਪੋਠੋਹਾਰ (ਜਿਲਾ ਰਾਵਲਪਿੰਡੀ) ਨਾਰਾ ਪਿੰਡ ਦੇ ਰਹਿਣ ਵਾਲਾ ਹਾਂ– ਬਹੁਤ ਸਾਲ ਹੋਇ ਸਰ ਰਾਜਾ ਬਾਬਾ ਜੁਵਾਵਰ ਸਿੰਘ ਜੀ ਬੇਦੀ (ਸਾਹਿਬਜ਼ਾਦੇ ਬਾਬਾ ਖੇਮ ਸਿੰਘ ਜੀ ਬੇਦੀ ਦੇ) ਅਪਨੇ ਨਾਲ ਕੁਰੀ ਲੈ ਗਏ ਸਨ ਉਥੇ ਸਾਲ ਦੇ ਸਾਲ ਹੋਲਾ ਮਹਲਾ ਮਨਾਇਆ ਜਾਂਦਾ ਸੀ। ਤਦ ਦਾਸ ਨੇ ਉਥੇ ਬਗੀਚੇ ਵੀ ਲਗੇ ਹੋਏ ਵੇਖੇ ਸਨ ਉਹ ਕੰਧਾਂ ਉਸਾਰੀਆਂ ਦੇਖੀਆਂ ਸਨ, ਪਰ ਕਾਰਨ ਪਤਾ ਨਹੀਂ ਸੀ। ਹੁਣ ਉਹ ਇਲਾਕਾ ਪਾਕਿਸਤਾਨ 'ਚ ਹੈ ਪਤਾ ਨਹੀਂ ਉਥੇ ਦੇ ਮੁਸਲਮ ਲੀਗੀ ਲੁਟੇਰਿਆਂ ਨੇ ਉਸ ਧਾਰਮਕ ਅਸਥਾਨ ਦੀ ਕੀ ਦਸਾ ਕੀਤੀ ਹੋਣੀ ਹੈ। ਪਰ ਇਹ ਪੁਸਤਕ ਲਿਖਦੇ ਹੋਇਆਂ ਬੀਰ ਮ੍ਰਿਤੇਸ ਗੁੰਫ ਦੇ ਸਭ

੧੭੭੨ ਉਤੇ ਜਦੋਂ ਇਹ ਪ੍ਰਸੰਗ ਪੜਿਆ ਤਦ ਉਸ ਬਿਨਾਂ ਛਤ ਦੇ ਉਸਾਰੇ ਹਾਲ ਦਾ ਨਕਸ਼ਾ ਮੇਰੇ ਸਾਹਮਣੇ ਆ ਗਿਆ ਤੇ ਹੈਰਾਨੀ ਦੀ ਹਦ ਨ ਰਹੀ ਕਿ ਆਤਮਵਰਸੀ (ਦੂਰ ਦੀ ਸੋਚੀ ਰਖਦੇ) ਸੰਤ ਭਾਗ ਸਿੰਘ ਦੇ ੧੭੦ ਸਾਲ ਪਹਿਲੇ ਦੇ ਕਹੇ ਬਚਨ– ਪਾਕਿਸਤਾਨ ਬਣੇ ਨਾਲ ਸੰਤ ਸਾਬਤ ਹੋਏ ਹਨ, ਹੁਣ ਅਸੀਂ ਤਾਂ ਸ਼ਾਇਦ ਦੇਖ ਨਹੀਂ ਸਕਾਂਗੇ, ਪਰ ਦੂਜਾ ਵਾਕ ਵੀ ਸਚਾ ਹੋ ਕੇ ਰਹੇਗਾ ਕਿ ਖਾਲਸੇ ਦਾ ਤੇਜ ਵਧੇਗਾ ਭਾਵ ਉਸ ਪਾਸੇ ਫਿਰ ਕਦੇ ਸਿਖਾਂ ਦਾ ਅਧਿਕਾਰ (ਮਹਾਰਾਜਾ ਰਣਜੀਤ ਸਿੰਘ ਵਾਂਗੂੰ) ਹੋਇਆ ਤਾਂ ਜ਼ਰੂਰ ਉਸ ਅਸਥਾਨ ਦੀ ਉਸਾਰੀ ਵੀ ਹੋਇਕੇ ਰਹੇਗੀ। ਗੁਰੂ ਕੀ ਗੁਰੂ ਹੀ ਜਾਣੇ– ਜੋ ਪੜ੍ਹਿਆ ਹੈ ਉਸ ਆਧਾਰ ਤੇ ਪਾਠਕਾਂ ਦੀ ਲਿਦਰਸਪੀ ਵਾਸਤੇ ਲਿਖਿਆ ਹੈ (ਲੇਖਕ)।

ਸੰਤ ਭਾਗ ਸਿੰਘ ਦੇ ਦਰਸ਼ਨ ਨੂੰ ਸੰਤ ਬੀਰ ਸਿੰਘ ਫਿਰ ਸਾਲ ਬ ਸਾਲ ਖ ਸਾਲ ਤੀਕ ਕੁਰੀ ਜਾਂਦੇ ਰਹੇ, ਪਰ ਅਪਨੇ ਕੀਤੇ ਵਾਕਾਂ ਅਨੁਸਾਰ ਪੂਰੇ ਚਾਰ ਸਾਲ ਬਾਦ ਹਾੜ ਦੀ ਪੰਚਮੀ ਨੂੰ ਸੰਮਤ ੧੯੮੫ ਵਿਚ ਸੰਤ ਸਾਹਿਬ ਭਾਗ ਸਿੰਘ ਜੀ ਅਕਾਲ ਚਲਾਣਾ ਕਰ ਗਏ ਸਨ।

ਸੰਤ ਭਾਗ ਸਿੰਘ ਦੀ ਬਰਸੀ ਦਾ ਸਮਾਚਾਰ

ਸੰਤ ਭਾਗ ਸਿੰਘ ਜੀ ਦੀ ਬਰਸੀ ਤੋਂ ਪਹਿਲਾਂ ਹੀ ਸੰਤ ਬੀਰ ਸਿੰਘ ਫੇਰ ਕੁਰੀ (ਪੋਠੋਹਾਰ) ਵਿਚ ਜਾ ਕੇ ਉਨ੍ਹਾਂ ਦੀ ਯਾਦ ਵਿਚ ਅਖੰਡ ਪਾਠ ਪ੍ਰਾਰੰਭ ਕਰਾ ਕੇ ਯੱਗ (ਭੰਡਾਰਾ) ਸ਼ੁਰੂ ਕਰਾ ਦਿਤਾ ਸੀ। ਰਾਜਾ ਗੁਲਾਬ ਸਿੰਘ ਸੰਮੂ ਵਾਲੇ ਨੂੰ ਪਤਾ ਹੋਇਆ ਤਾਂ ਉਸ ਨੇ ਵੀ ਸੰਤ ਬੀਰ ਸਿੰਘ ਜੀ ਤੋਂ ਆਗਿਆ ਲੈ ਕੇ ਇਸ ਜੱਗ ਵਿਚ ਬਹੁਤ ਖੁਲੇ ਦਿਲ ਨਾਲ ਿੱਸਾ ਪਾਇਆ। ਰਾਜਾ ਗੁਲਾਬ ਸਿੰਘ ਨੇ ਬਖਸ਼ੀ ਰਾਜਾ ਸ਼ਿਵ ਅਕਬਪੁਰੀਏ ਨੂੰ (ਜੁ ਇਸਦੇ ਮਾਤਿਹਤ ਸੀ)ਲਿਖ ਭੇਜਿਆ ਜੋ ਹਰ ਤਰ੍ਹਾਂ ਦੀ ਲੰਗਰ ਭੰਡਾਰੇ ਵਾਸਤੇ ਵਸਤੂਆਂ ਤਿਯਾਰ ਕਰਾਵਾਂਦਾ ਰਿਹਾ ਸੀ। ਇਸ ਸਮਾਗਮ ਪਰ ਦੂਰ ਨੇੜੇ ਤੋਂ ਸੰਤ ਮਹਾਤਮਾਂ ਕਈ ਸ਼ਿਪੁਦਾਵਾਂ ਦੇ ਆਏ ਤੋਂ ਵਧੇ ਅਲਾਕੇ ਦੇ ਹਜ਼ਾਰਾਂ ਲੋਕਾਂ ਨੇ ਸੰਤ ਸਮਾਗਮ ਵਿਚ ਸ਼ਾਮਲ ਹੋ ਕੇ ਸਤਿਸੰਗ ਦਾ ਲਾਭ ਲਿਆ ਤੇ ਕਈ ਤਰ੍ਹਾਂ ਦੇ ਮਿਠਾਈਆਂ ਆਦਿਕ ਮਾਲ ਪੂੜੇ ਖੀਰ ਦਾ ਪ੍ਰਸਾਦਾ ਮਨ ਭਾਂਵਦਾ ਛਕਦੇ ਰਹੇ ਸੀ। ਪੰਜ ਅਖੰਡ ਪਾਠਾਂ ਦੇ ਭੋਗ ਪਵਾਏ ਗਏ ਅਤੇ ਸਾਧੂ ਸਾਪ੍ਰਦਾਇਕ ਸੰਤਾਂ ਨੂੰ ੧੦-੧੦ ਰੁਪੈ ਨਕਦੀ ਅਤੇ ਕੋਹੜੇ ਬਸਤਰ ਵੀ ਦਿਤੇ ਗਏ ਸੀ। ਇਸ ਸਾਰੇ ਸਮਾਗਮ ਦੀ ਸਮਾਪਤੀ ੩ ਮਹੀਨੇ ਦੇ ਜੋੜ ਮੇਲੇ ਬਾਦ ਮਾਘ ਮਹੀਨੇ ਦੇ ਸ਼ੁਕਲਾ ਪੱਖ ਦੀ ਪੰਚਮੀ ਨੂੰ ਕਰਾਈ ਗਈ, ਜੋ ਸੰਮਤ ੧੯੮੫ ਦਾ ਹੀ ਸਾਲ ਸੀ।

"ਫੁਰੀ" ਸੰਤ ਭਾਗ ਸਿੰਘ ਦੇ ਡੇਰੇ ਤੋਂ ਚਲਣ ਵੇਲੇ ਜੋ ਕੁਝ ਚੜਾਵਾ ਨਕਦੀ ਬਸਤਰ ਅਤੇ ਬਰਤਨ ਆਦਿਕ ਸਮੂਹ ਅਲਾਕੇ ਦੀਆਂ ਸੰਗਤਾਂ ਵਲੋਂ ਸੰਤ ਬੀਰ ਸਿੰਘ ਜੀ ਪ੍ਰਤੀ ਭੇਟਾ ਅਰਪਨ ਹੁੰਦੀ ਰਹੀ ਸੀ ਉਹ ਸਭ ਕੁਝ ਆਪਨੇ ਸੰਤ ਭਾਈ ਹੋਰਾ ਸਿੰਘ (ਸਪੁਤਰ ਭਾਈ ਚੜਤ ਸਿੰਘ ਦੇ) ਹਵਾਲੇ ਕਰ ਦਿਤੀ ਤੇ ਹੁਣ ਸੰਤ ਭਾਗ ਸਿੰਘ ਤੋਂ ਬਾਦ ਡੇਰੇ ਵਿਚ ਹੈਗਾ ਸੀ।

ਇਸ ਵੇਲੇ ਕੁਝ ਸਿਖਾਂ ਨੇ ਪੁਛ ਕੀਤੀ ਕਿ ਸੰਤ ਭਾਗ ਸਿੰਘ ਦੇ ਵਡੇ ਚੇਲੇ ਪਹਿਲੇ ਤੋਂ ਆਪ ਹੋ ਕੇ ਹੁਣ ਅਸੀਂ ਆਏ ਸੀ, ਤਦ ਭਾਈ ਟੇਜਾ ਸਿੰਘ ਨੇ ਸੰਤ ਭਾਗ ਸਿੰਘ ਪਾਸ ਬੇਨਤੀ ਕੀਤੀ ਕਿ ਆਪ ਦੇ ਵਡੇ ਭਾਈ ਬੀਰ ਸਿੰਘ ਬਹੁਤ ਪੁਰਾਪੀ ਪੁਰਖ ਹਨ, ਬਾਦਦ ਵਿਚ ਇਦੇ ਰਹਿਕੇ ਸਾਡਾ ਕੀ ਬਣੂੰਗਾ ?

Scanned with CamScanner

ਤਦ ਸੰਤ ਭਾਗ ਸਿੰਘ ਨੈ ਸਾਨੂੰ ਕਿਹਾ ਸੀ ਕਿ ਇਨ੍ਹਾਂ ਨੂੰ ਨਿਰਾਸਾ ਨਹੀਂ ਕਰਨਾ। ਸਨੂੰ ਇਨ੍ਹਾਂ ਦੀ ਬਹੁ ਫਜ਼ਨਾ, ਤੇ ਇਥੋਂ ਜੋ ਕੁਝ ਹੈ ਉਹ ਦੇਚਾ ਸਿੰਘ ਵਾਸੰਤੇ ਹੀ ਰਹੇ। ਫਿਰ ਦੇਚਾ ਸਿੰਘ ਦੀ ਬਹੁ ਮੈਨੇ ਦੇ ਫਜ਼ਾਈ ਸੀ ਅਤੇ ਅਸੀਂ ਵੀ ਪ੍ਰਵਾਨ ਕਰ ਕੇ ਉਨਾਂ ਦੀਆਂ ਖੁਸ਼ੀਆਂ ਦੇ ਪਾਤਰ ਬਣੇ ਸੀ। ਇਸ ਵਾਸਤੇ ਅਸੀਂ ਸਭ ਕੁਝ ਇਨ੍ਹਾਂ ਦੇ ਹਵਾਲੇ ਕਰਨਾ ਹੀ ਮੁਨਾਸਬ ਸਮਝਿਆ ਤੇ ਕੀਤਾ ਹੈ। ਸੰਤ ਬੀਰ ਸਿੰਘ ਵਾਸੰਤੇ ਅਸੀਂ ਭਰ੍ਹਾਂ ਦਾ ਇਤਨਾ ਤਿਆਗ ਕੀਤੇ ਦਾ ਲੋਕਾਂ ਪਰ ਬਹੁਤ ਪ੍ਰਭਾਵ ਪਿਆ, ਲੋਕਾ ਨੈ ਧੰਨ ਧੰਨ ਆਖਿਆ ਤੇ ਇਹ ਜ਼ਿਕਰ ਗ੍ਰੰਥ ਬੀਰ ਮ੍ਰਿਤੋਸ਼ ਸਫਾ ੧੧੫੧ ਤੋਂ ਲਿਖਤ ਹੈ।

ਨੋਟ : ਪਾਠਕਾਂ ਨੈ ਪਿਛੇ ਪੜ੍ਹਿਆ ਵੀ ਹੋਣਾ ਤੇ ਵੇਰ ਹੁਣ ਦਸਣਾ ਹੈ ਕਿ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਬੇਦੀ ਜੀ ਦੇ ਤਿੰਨ ਸਾਹਿਬਜ਼ਾਦੇ ਸਨ, ਵਡੇ ਬਾਬਾ ਬਿਸ਼ਨ ਸਿੰਘ ਜੀ, ਇਨ੍ਹਾਂ ਤੋਂ ਛੋਟੇ ਬਾਬਾ ਭੋਗ ਸਿੰਘ ਤੇ ਇਨ੍ਹਾਂ ਤੋਂ ਛੋਟੇ ਬਾਬ ਬਿਕ੍ਰਮ ਸਿੰਘ ਜੀ ਸਨ। ਬਾਬਾ ਸਾਹਿਬ ਸਿੰਘ ਦੀ ਮੌਤ ਦਰੀ ਵਿਚ ਹੀ ਵਿਚਲੇ ਸਾਹਿਬਜ਼ਾਦੇ ਭੋਗ ਸਿੰਘ ਜੀ ਚਲਾਣਾ ਕਰ ਗਏ ਸਨ, ਸ੍ਰੀ ਹਜ਼ੂਰ ਦੀ ਸੰਮਤ ੧੮੯੧ ਵਿਚ ਸਚਖੰਡ ਪਧਾਰੇ, ਅਤੇ ਆਖਰੀ ਅੰਤ ਸਮੇਂ ਜੁ ਕੁਝ ਧਾਰਮਕ ਤੇ ਰਾਜਨੀਤਕ ਸਿਖਿਆ ਸ੍ਰੀ ਹਜ਼ੂਰ ਨੈ ਬਾਬਾ ਬਿਸ਼ਨ ਸਿੰਘ ਤੇ ਬਾਬਾ ਬਿਕ੍ਰਮ ਸਿੰਘ ਜੀ ਨੂੰ ਦਿਤੀਆਂ ਸਨ ਉਹ ਵੀ ਪਾਠਕਾਂ ਨੈ ਪੜੀਆਂ ਹਨ, ਪਰ ਬਾਬਾ ਬਿਸ਼ਨ ਸਿੰਘ ਜੀ ਦੇ ਇਸ ਸਾਲ ਦਸਣੇ ਅਗਹੁੰ ਉਨ੍ਹਾਂ ਸਿਖਿਆਵਾਂ ਤੇ ਬਾਬਾ ਬਿਕ੍ਰਮ ਸਿੰਘ ਜੀ ਨੈ ਕਿਵੇਂ ਤੀਕ ਅਮਲ ਕੀਤਾ ਅਤੇ ਹੀ ਕੁਝ ਹੋ ਬੀਤਿਆ ਸੀ ਹੁਣ ਪਾਠਕਾਂ ਨੈ ਉਹ ਪੜ੍ਹਨਾ ਹੈ।

ਗ੍ਰੰਥ ਸ੍ਰੀ ਬੀਰ ਮ੍ਰਿਤੋਸ਼ ਗੁਰ ਬਿਲਾਸ ਦੇਵ ਤਰੁ ਦੇ ਸਫਾ ੧੧੫੨ ਦੇ ੪ ਸਕੰਧ ੧ ਧਿਆਏ ਉਪਰਾਰਧ ਤੋਂ ਹੂਬਹੂ ਲਿਖਤ ਲਿਖੀ ਹੈ ਇਹ ਹੈ :–

ਨੋਟ : ਇਹ ਪ੍ਰਸੰਗ ਜੋ ਪਾਠਕਾਂ ਨੈ ਹੁਣ ਪੜਣਾਂ ਹੈ ਇਹ ਤਵਾਰੀਖੀ (ਇਤਿਹਾਸਕ) ਅਤੇ ਸ੍ਰੀ ਵਾਹ ਸਾਹਿਬ ਸ੍ਰਿੰਘ ਜੀ ਦੇ ਸਾਹਿਬਜ਼ਾਦਿਆਂ ਜਾਂ ਘਰਾਣੇ ਨਾਲ ਤੇ ਬਾਬਾ ਬੀਰ ਸ੍ਰਿੰਘ ਨਾਲ ਜਿੰਨ ਸਬੰਧ ਰਖਦਾ ਹੈ ।ਇਸ ਵਾਸਤੇ ਉਸੇ ਪੁਰਾਤਨ ਲਿਖਤ ਨੂੰ ਹੂ-ਬ-ਹੂ ਪੇਸ਼ ਕਰਨਾ ਹੈ ਜਿਸ ਤੋਂ ਆਪਣੀ ਇਸ ਸਮੇਂ ਦੀ ਪੰਜਾਬੀ ਵਿਚ ਲਿਖੇ ਨਾਲ (ਦਾਸ) ਲੇਖਕ ਉਤੇ ਇਹ ਦੋਸ਼ ਨ ਆਵੇ ਕਿ ਕਿਸੇ ਇਕ ਪੱਖ ਦੀ ਵਿਸ਼ੇਸ਼ਤਾ ਨੂੰ ਵਧੇਰੇ ਪੇਸ਼ ਕਰਨਾ ਚਾਹਿਆ ਹੈ। ਪਾਠਕਾਂ ਨੈ ਪੜ੍ਹ ਕੇ ਆਪ ਹੀ ਵਿਚਾਰ ਕੇ ਸਮਝ ਲੈਣਾ ਹੈ ਕਿ ਅਸਲੀਅਤ ਕੀ ਸੀ ਤੇ ਕਿਵੇਂ ਬੀਤੀ। ਜੋ ਪੁਰਾਤਨ ੧੫੦ ਸਾਲ ਦੇ ਲਗਭਗ ਦੀ ਲਿਖਤ ਹੈ ਤੇ ਵਿਦਵਾਨ ਪੰਡਤ ਸ਼ੋਰ ਸ੍ਰਿੰਘ ਨੈ ਕੁਝ ਵੇਲੇ ਤੋਂ ਕੁਝ ਵੇਲੇ ਬਾਦ ਲਿਖੀ ਹੈ—ਇਉਂ ਸ਼ੁਰੂ ਕੀਤਾ ਹੈ :

ਦੋਹਿਰਾ– ਉਪਕਾਰੀ ਸ੍ਰੀ ਸਤਿਗੁਰੂ ਦੀਨਾਂ ਨਾਥ ਦਿਆਲ ॥
ਬੰਧਨ ਕਾਟਨ ਹਾਰ ਪ੍ਰਭ ਹਰਤ ਕਰਨ ਉਰ ਸਾਲ ॥ (੧੧੫੨)

ਅਥ ਕਥਾ ਪ੍ਰਸੰਗ –

ਸ੍ਰੀ ਗੁਰੂ ਸਾਹਿਬ ਸ੍ਰਿੰਘ ਜੀ ਕੇ ਜੇਸ਼ਟ ਪੁਤਰ ਬਾਬਾ ਬਿਸ਼ਨ ਸ੍ਰਿੰਘ ਬੜੇ ਸੂਰਬੀਰ ਧਨਵਾਨ ਸਾਹੇ ਤੀਨ ਟਾਂਕ ਕਾ ਧਨਸ਼ ਰਖਾਵਨੇ ਵਾਲੇ ਹੈ। ਤਥਾ ਗੁਪਤ ਪ੍ਰਗਟ ਹੋ ਜਾਣਾ ਪੂਰਨੀ ਕੀ ਅਸਵਾਰੀ ਕਰਕੈ ਉਸਾਤਰ ਵਿਖੇ ਖਿਣ ਮਾਤਰ ਮੈਂ' ਪ੍ਰਾਪਤ ਹੋ ਜਾਣਾ, ਵਾਕਯਸਤਿਯ ਆਦਿਕ ਸ਼ਕਤੀ ਸਕਤੀਉਂ ਕੇ ਸਿੰਧ ਪੂਰਬ ਥੇ। ਤਿਨ ਕੇ ਬੇਟੇ ਬਾਬਾ ਅਤਰ ਸ੍ਰਿੰਘ ਭੀ ਵੈਸੇ ਹੀ ਸੂਰਬੀਰ ਹੋਤੇ ਭਏ।

ਸਭ ਗੁਰੂ ਸਾਹਿਬ ਸ੍ਰਿੰਘ ਜੀ ਪਰਮ ਧਾਮ ਕੋ ਚਲੇ ਗਏ, ਸਾਹਿਬ ਕੀ ਧਰਮ ਸ਼ਾਂਤ ਸੇ ਉਤਰ ਬਾਬਾ ਬਿਸ਼ਨ ਸ੍ਰਿੰਘ ਜੀ ਬੀ ਜਬ ਮੰਡੀਂਠ ਵਾਸੀ ਹੋ ਜਾਤੇ ਭਏ, ਤਿਸ ਤੇ ਅੰਨੇਤਰ ਬਾਬਾ ਅਤਰ ਸ੍ਰਿੰਘ ਨੈ (ਜਿਨ੍ਹਾਂ) ਦਖਣੀ ਲੈਂਣੇ' ਕਾ ਬੀਚਾਰ ਕੀਆ । ਤਬ ਬਾਬਾ ਬਿਕਰਮ ਸ੍ਰਿੰਘ ਕੀ ਸੈਨਾ ਸਾਥ ਚੱਧ ਮੈਂ' ਬਾਬਾ ਅਤਰ ਸ੍ਰਿੰਘ ਭੈਂਠੇ ਵਾਸ ਨੈ ਗਏ, ਤਬ ਬਾਬਾ ਅਤਰ ਸ੍ਰਿੰਘ ਕੀਆਂ ਮੁਆਣੀਆਂ ਕੋ ਬਾਬਾ ਬਿਕ੍ਰਮ ਸ੍ਰਿੰਘ ਨੈ ਨਜ਼ਰਬੰਦ ਕਰ ਲੀਆ । ਸਰਬ ਪੁਕਾਰ ਸੇ ਉਨ ਕੋ ਦੁਖ ਦੈਣੇ ਕੀ ਇਛਾ ਕਰੀ। ਔਰ ਜਿਤਨਾ ਘਰ ਬਾਰ ਉਨਕਾ ਥਾ ਸੋ ਸਾਰਾ ਜ਼ਬਤ ਕਰ ਲੀਆ। ਵਰਤੂ ਮਾਤਰ ਉਨਕਾ ਸਭ ਕੁਝ ਲੂਟ ਕਰ ਆਪਣੇ ਵਰਤੇ ਕੀਆ।

ਬਾਬਾ ਖੇਮ ਸ੍ਰਿੰਘ ਉਸ ਕਾਲ ਮੈਂ' ਛੋਟੇ ਹੀ ਥੇ। ਇਨ ਕੋ ਏਕ ਸਿੱਖ ਲੈ ਕੈ ਭਾਗ ਗਿਆ, ਤੇ ਬਾਬਾ ਸੰਪੂਰਨ ਸ੍ਰਿੰਘ ਤਦੈ ਅਛੈ ਤਕੜੈ ਥੇ। ਯੇ ਭਾਗ ਲਵਪੁਰ (ਲਾਹੌਰ) ਮੈਂ ਚਲੇ ਆਏ। ਜਬ ਐਸੀ ਉਨ ਸਾਥ ਵਰਤੀ ਤਬ ਭੀਤਰ ਸੇ (ਬਾਬਾ ਅਤਰ ਸ੍ਰਿੰਘ ਕੀ ਮੁਆਣੀਉਂ ਨੈ) ਕਿਸੀ ਪ੍ਰਕਾਰ ਕੈ ਚਿਠੀ ਗੁਰੂ ਬੀਰ ਸ੍ਰਿੰਘ ਜੀ ਕੋ ਓਰ ਲਿਖੀ। ਤਥਾ ਅਪਨੈ ਦੁਖ ਕਾ ਸਾਰਾ ਸਮਾਂਚਾਰ ਲਿਖਿਆ । ਜਬ ਚਿਠੀ ਗੁਰੂ ਬੀਰ ਸ੍ਰਿੰਘ ਕੇ ਪਾਸ ਪਹੁੰਚੀ ਤੋ ਬਾਬਾ ਦੇਸ ਸ੍ਰਿੰਘ ਕੋ ਵੀ ਵਹੁ ਸਿਖ ਨੋਟੰਗਾਬਾਦ ਲੈ ਆਇਆ।

ਤਬ ਚਿਠੀ ਮਹਾਰਾਜ ਨੈ ਬਚਾਈ (ਪੜਾਈ) ਬੀਚ ਵਿੱਠੀ ਕੇ ਕਿਆ ਲਿਖਿਆ ਹੈ–

"ਹੈ ਗੁਰੂ ਜੀ ਆਪ ਸ੍ਰੀ ਗੁਰੂ ਸਾਹਿਬ ਸ੍ਰਿੰਘ ਜੀ ਕੀ ਰਚੀ ਪਰ ਬੈਠੇ ਹੋ ਕੈਸੇ ਹਮਾਰੇ ਗੁਰੂ ਸਾਹਿਬ ਸ੍ਰਿੰਘ ਨੈ ਉਨ ਕੀ ਗਾਦੀ ਪਰ ਬਿਰਾਜਮਾਨ ਹਮ ਕੋ ਆਪ ਭੀ ਉਹੀ ਰੂਪ ਹੋ। ਹਮਾਰੇ ਸਾਥ ਬਾਬਾ ਬਿਕਰਮ ਸ੍ਰਿੰਘ ਨੈ ਇਹ ਦਬਾ ਕੀ ਹੈ। ਹਮ ਭਾਂ ਆਪ ਕੋ ਪੂਛਨਾ ਕਰਨੈ ਅਰਥ ਵੇਰੀ ਸੀ ਲਿਖੀ ਹੈ। ਜਿਤਨਾ ਦੁਖ ਹਮ ਕੋ ਹੋ ਰਹਿਯੋ ਹੈ ਉਤਨਾਂ ਹਮ ਕਹ ਨਹੀਂ ਸਕਤੀ ਹੈਂ। ਆਪ ਅੰਤਰਜਾਮੀ ਹੋ ਸਭ ਕੁਛ ਜਾਨਤੇ ਹੋ। ਹਮ ਆਪ ਕੀਆ ਗਾਊਆਂ ਹਾਂ। ਜਿਉਂ ਜਾਨੈ ਤਿਉ ਹਮਾਰੀ ਇਨ ਸੇ ਰਖਿਯਾ ਕਰੋ। ਅਬ ਇਸ ਕਾਲ ਮੈ ਆਪ ਸੇ ਬਿਨਾਂ ਰਖਕ ਸਹਾਇਕ ਔਰ ਕੋਈ ਨਹੀਂ ਹੈ।"

ਪੂਰਬ ਕਾ ਸਾਰਾ ਸਮਾਚਾਰ ਚਿਠੀ ਕਾ ਸੁਣਕੈ ਦਯਾ ਕਰਕੈ ਗੁਰੂ ਕੈ ਨਿਤਰ ਕਮਲ ਮੈਂ ਜਲ ਆ ਜਾਤਾ ਭਇਆ। ਬਚਨ ਕੀਆ ਕਿ ਦੋਖੋ ਕਾਲ ਕੀ ਗਤੀ, ਕੈਸੀ ਵਿਖਮ ਹੈ। ਸੋ ਕਹਾਂ ਬਾਬਾ ਬਿਸ਼ਨ ਸ੍ਰਿੰਘ ਸੁਰਬੀਰ, ਸਰਬ ਪ੍ਰਕਾਰ ਸੇ ਸਮਰਥ, ਉਨਕੇ ਮਹਿਲੋਂ' ਕੀ ਓਰ ਕੋਈ ਚੋਟੀ ਦ੍ਰਿਸ਼ਟੀ ਕਰਨੇ ਦੇਖ ਭੀ ਨਹੀਂ ਸਕਤਾ ਥਾ,ਪਾਨੀ ਮਾਂਗੇ ਤਬ ਕੋਵੜੇ ਆਦਿਕ ਸੇ ਭਰਥਤ ਅਰਕ ਆਦਿਕ ਪੀਨੈ ਕੋ ਵਾਸਤੇ ਦਾਸੀਆਂ ਹਾਜਰ ਰਹਤੀ ਥੀ, ਐਂ ਅਭ ਉਨ ਕੋ ਪਾਨੀ ਬੀ ਨਹੀਂ ਮਿਲਤਾ ਹੈ।

ਔਰ ਪੁਨਾ ਗੁਰੂ ਜੀ ਬੀਚਾਰ ਕੀਆ, ਕਿ ਕੇਵਰ ਨੌ ਨਿਹਾਲ ਸ੍ਰਿੰਘ ਕੀ ਮਕਾਨ ਦੇਨੈ ਕੋ ਜਾਨਾ ਹੈ। ਨਾਲੇ ਮਕਾਨ ਨੌਨਿਹਾਲ ਸ੍ਰਿੰਘ ਕੀ ਦੇ ਆਈਏ, ਨਾਲੇ ਬਾਬਾ ਸੰਪੂਰਨ ਸ੍ਰਿੰਘ ਕਾ ਨਿਆ ਕਰਾਏ ਆਈਏ (ਬਾਬਾ ਸੰਪੂਰਨ ਸ੍ਰਿੰਘ ਬਾਬਾ ਖੇਮ ਸ੍ਰਿੰਘ ਕੇ ਵਡੇ ਭਰਾਤਾ ਸਨ) ਐਸਾ ਬੀਚਾਰ ਕਰਕੈ ਤਤਕਾਲ ਲਵਪੁਰ ਕੀ ਤਿਆਰੀ ਕਰ ਦਈ ਤੋਂ ਸਾਹਿਬ (ਬੀਰ ਸ੍ਰਿੰਘ) ਸਾਹਾ ਵਿਲਾਵਲ ਮੈਂ' ਆਏ ਉਤਰੇ।

ਅਗੇ ਬਾਬਾ ਸੰਪੂਰਨ ਸ੍ਰਿੰਘ ਸਭ ਸਰਦਾਰਾਂ ਕੇ ਪਾਸ ਫਰਯਾਦ ਕਰ ਰਹਾ ਥਾ ਕਿਸੀ ਨੈ ਭੀ ਉਠ

ਕੀ ਫਰਿਆਦ ਨ ਸੁਣੀ ਤਬ ਹਾਰ ਕੇ ਬਾਬਾ ਸੰਪੂਰਣ ਸਿੰਘ ਮੰਮਣ ਬੁਰਜ ਕੇ ਨੀਹੇ ਵਿਖਾ ਬਨਾਇਕੇ ਕਿ ਕੋ ਸਿਰ ਚੜ ਕੇ ਮਰਣ ਵਾਂਸਤੇ ਵਿਖਾ ਪਨ ਚੜ ਦੇਂਹਾ ਕਿਸੀ ਨੇ ਭੀ ਬਾਬੇ ਦੇ ਧੀਰਜ ਨਾ ਦੀਆ। ਨ ਕਿਸੀ ਨੈ ਬਾਬੇ ਕਾ ਹਾਲ ਪੁਟਿਆ। ਹਜਾਰੇ ਲੋਕ ਤਮਾਸ਼ਾ ਦੇਖਣੇ ਵਾਲੇ ਇਕਠੇ ਹੋ ਜਾਏ ਹਏ। ਨ ਦੋਣੇ ਕੀ ਤਿਆਰੀ ਕਰੀ, ਤਬ ਅੰਤਰਜਾਮੀ ਗੁਰੂ ਬੀਰ ਸਿੰਘ ਨੈ ਆਪਣੇ ਸਿਖੋ ਕੇ ਹਾਥ ਕਹਿ ਭੇਜਿਆ, ਕਿ ਬਾਬਾ ਤੂੰ ਧੀਰਜ ਕਰ। ਤੈਨੂੰ ਗੁਰੂ ਜੀ ਅਦਾਲਤ (ਨਿਆਂ) ਦਿਲਾਏਗੇ। ਤੂੰ ਦਗਧ ਨ ਹੋ। ਉਨ ਜਿ ਕੀ ਬਾਤ ਸੁਣ ਕੇ ਬਾਬਾ ਜਿਖਾ ਸੋ ਉਤਰ ਪਿਆ।

ਜਬ ਚੰਦ ਕੌਰ ਕੇ ਪਾਸ ਕਿਲੇ ਵਿਚ ਨੌਨਿਹਾਲ ਸਿੰਘ ਭੀ ਮਕਾਨ ਦੇਣੇ ਵਾਸਤੇ ਗਏ ਤੇ ਕੌਰਾ ਗੁਰੂ ਜੀ ਕੇ ਅਪਨਾ ਅਪਨਾ ਦੁਖ ਰੋਇਕੇ ਕਹਿਤ ਭਏ। ਤਬ ਸਾਹਿਬ ਤਿਸ ਕੋ ਧੀਰਜ ਦੇਤੇ ਭਏ। ਤਦਨੰਤਰ ਜਬ ਗੁਰੂ ਜੀ ਆਵਨੈ ਲਗੇ, ਤਬ ਰਾਨੀ ਚੰਦ ਕੌਰਾਂ ਨੈ ਬਹੁਤ ਸਾ ਪਦਾਰਥ ਬਸਨ ਆਦਿਕ ਮਹਾਰਾਜ ਕੇ ਆਗੇ ਰਖਤੀ ਭਈ। ਤਬ ਸਾਹਿਬ ਜੀ ਨੈ ਬਚਨ ਕੀਆ–ਹਮ ਉਜਰ ਖਾਹੀ ਹੈ ਵਾਸਤੇ ਆਏ ਹਾਂ ਕਿ ਕਾਰ ਭੇਟ ਲੈਣ ਆਏ ਹਾਂ? ਦੂਸਰਾ ਹਮ ਨੈ ਸਾਹਸੀਆਂ ਕਾ ਧਨ ਲੈਣਾ ਨਹੀ ਹੈ–ਕਾਹੇ ਤੇ–(ਕਿਹਾ) ਕਿ ਤੇਰੇ ਰਾਜ ਵਿਖੇ ਬੜਾ ਅੰਧੇਰ ਪੜ ਰਹਿਯੋ ਹੈ।

ਜੋਨ ਸੇ ਜੋਰਾਵਰ ਹੈ ਬਡੇ ਜਾਲਮ ਹੈਂ। ਸੋ ਗਰੀਬ ਕੋ ਲੂਟ ਲੂਟ ਕਰ ਮਾਰ ਮਾਰ ਕਰ ਖਾਤੇ ਹੈਂ। ਨ ਕਿਸੀ ਕਾ ਧਨ ਰਹਿਣੇ ਪਾਵਤੇ ਹੈ, ਨ ਕਿਸੀ ਕੀ ਔਰਤ ਰਹਿਣੀ ਪਾਵਤੀ ਹੈ। ਦੇਖੀਏ ਕੈਸਾ ਅੰਧੇਰ ਤੇਰੇ ਰਾਜ ਮੈਂ ਪਰ ਗਿਆ ਹੈ। ਏਕ ਤੋ ਨਿਰ ਅਪਰਾਧ ਬਾਬਾ ਅਤਰ ਸਿੰਘ ਕੋ ਬਾਬਾ ਬਿਬਰਮ ਸਿੰਘ ਕੋ ਮਰਵਾਏ ਦੀਓ ਹੈ। ਔਰ ਦੂਸਰਾ ਉਨ ਕਾ ਘਰ ਬਾਰ ਲੂਟ ਲੀਆ ਹੈ। ਤੀਸਰਾ ਉਨ ਕਾ ਜਿਤਨਾ ਮਾਲ ਜਾਗੀਰ ਥਾ ਸੋ ਸਾਰਾ ਜਬਤ ਕਰ ਲੀਆ ਹੈ। ਚੌਥਾ ਬਾਬੇ ਅਤਰ ਸਿੰਘ ਕੀਆਂ ਸੁਆਣੀਆਂ ਕੋ ਤੁਮਨੈ ਬਾਹ ਬਦੇ ਕੋ ਕੈਦ ਕਰ ਲੀਆ ਹੈ। ਇਸ ਪ੍ਰਕਾਰ ਕਾ ਉਨ ਗਉਆਂ ਕੋ ਦੁਖ ਹੋ ਰਿਹਾ ਹੈ। ਜੋ ਜਿਸ ਕੇ ਰਾਜ ਮੈਂ ਜਿਸ ਕਿਸੇ ਗਰੀਬ ਪਰ ਜੁਲਮੀ ਹੋਵੈ, ਔਰ ਰਾਜਾ ਤਿਸਕੀ ਅਦਾਲਤ (ਇਨਸਾਫ) ਤਿਸਕੇ ਪਲੈ ਨ ਪਵੈ ਤਬ ਐਸੇ ਪਾਪੋਂ ਸੇ ਉਸ ਰਾਜਾ ਕਾ ਰਾਜ ਨਖ਼ਟ ਹੋ ਜਾਤਾ ਹੈ।

ਫੇਰ ਕਿਹਾ :

ਦੇਖੋ–ਬਾਬਾ ਸੰਪੂਰਨ ਸਿੰਘ ਤੁਮਾਰੇ ਦੁਆਰੇ ਆਣ ਕੇ ਬਿਨਾਂ ਅਦਾਲਤ ਪੜਨੈ ਸੇ (ਕਿਹਾ ਇਨਸਾਫ ਮਿਲੇ ਏ) ਜਲਣੇ ਲਗਾ ਹੈ ਏਕ ਤੋ ਗੁਰੂ ਕੀ ਅੰਸ ਹੈ. ਦੂਸਰਾ ਨਿਰਅਪਰਾਧ ਹੈ, ਦੁਖੀ ਹੋ ਰਿਹਾ ਹੈ। ਤਬ ਬਿਨਾਂ ਅਦਾਲਤ ਕਿਸੇ ਨੈ ਭੀ ਨ ਕਹਿਆ ਕਿ ਤੂੰ ਬਾਬਾ ਮਤ ਜਲ, ਤੇਰੇ ਕੋ ਅਦਾਲਤ ਹੋ ਦੇਵੇਗੀ। ਯਾ ਸਰਕਾਰ ਸੇ ਦਿਵਾਵੇਂਗੇ ਇਨ ਲਛਨੋ ਸੇ ਮਾਲੂਮ ਹੋਤਾ ਹੈ, ਹੈ, ਹੋਰਨਾ ਕਾਬੇਤਾ ਜਲ ਮੈਂ ਡੁਬਾ ਹੈ, ਔਰ ਤੁਮਾਰਾ ਰੜੇ ਮੈਂ ਡੁਬੇਗਾ। ਅਬ ਅਠ ਦੋਲ ਕਾ ਟੁਹਾਰਾ ਆਵਣਾ ਹੈ, ਇਸ ਕੋ ਆਓ ਭੀ ਭਲਾ ਕੋਈ ਭੀ ਰਹਿਣਾ ਨ ਪਵੇਗਾ।

ਫੇਰ ਕਿਹਾ :

ਅਸੀਂ ਜੱਟ ਹਾਂ, ਜੋ ਕੋਈ ਕਿਸੀ ਓਰ ਢੀਮ ਸੁਹਾਗੇ ਸੋ ਬਾਹਰ ਰਹਿ ਭੀ ਜਾਵੇ ਪਰਾਹੀ ਮਾਰ ਫੋੜ ਦੇਤੇ ਹਾਂ। ਕਰਾਂਗੇ ਮੈਦਾ। ਦੁਰਣ ਬਨਾਇਕੇ, (ਭਾਵ ਹਰ ਪਾਸੇ ਦੁਖ ਵਰਤ ਗਈ ਹੈ ਜਾਂ ਕੰਬ ਗਏ ਸੀ) ਨਹੀਂ ਤਾਂ ਦਲੀਆ ਤਾਂ ਕਰ ਹੀ ਡਾਗਾਂਗੇ। (ਕਿੰਚਤ ਕੋਪ ਸਹਿਤ (ਏਤਾ ਕੱਹਿ (ਵਰ) ਸਾਚੇ ਕਰੜੇ ਬਚਨ ਸ੍ਰੀ ਗੁਰੂ ਜੀ ਕੇ ਸੁਣ ਕੇ ਸਾਰੀ ਭੂੰਮੀ ਅਚਲੈ ਸਹਿਤ ਚਲਾਏ ਮਾਨ ਹੋ ਗਈ।

ਮਹਾਰਾਜਾ ਖੜਕ ਸਿੰਘ ਕੀ ਰਾਣੀ ਚੰਦ ਕੌਰਾਂ ਸਹਿਤ ਸਭਾ ਸਭ ਕਾਂਪਣੇ ਲਗ ਜਾਤੀ ਭਈ, ਸ੍ਰੀ ਗੁਰੂ ਜੀ ਕੇ ਤੋਜ ਕੋ ਉਸ ਸਮਾਂ ਕੋਈ ਭੀ ਸਹਾਰਨੈ ਕੋ ਸਮਰਥ ਨ ਹੋਤਾ ਭਯਾ। ਕੋਈ ਭੀ ਨਾ ਸਾਹਮਣੇ ਮੁੰਡ ਸਕੀ ਕੇ ਤੋਜ ਕੋ ਉਸ ਸਮਾਂ ਕੋਈ ਭੀ ਸਹਾਰਨੈ ਕੋ ਸਮਰਥ ਨ ਹੋਤਾ ਭਯਾ। ਕੋਈ ਭੀ ਨਾ ਸਾਹਮਣੇ ਮੁੰਡ ਸਕੀ। ਤਦਨੰਤਰ ਸਭਾ ਸਹਿਤ ਰਾਣੀ ਸਾਹਿਬ ਨੈ ਬੇਨਤੀ ਕਰੀ। ਹੇ ਸੱਚੇ ਪਾਤਸ਼ਾਹ ਜੀਉ ਮੁੰਡ ਪਿਛਲਾ ਅਪਰਾਧ ਤੂ ਖਿਮਾਂ ਕਰੋ, ਤੇ ਆਪ ਆਪਣੇ ਅਸਥਾਨ ਮੈਂ ਚਲ ਕੇ ਸੁਖ ਪੂਰਬਕ ਬਿਰਾਜੋ। ਆਪ ਕੋ ਦੇਖਤੇ ਦੇਖਤੇ ਅਬੀ ਬੰਦੋਬਸਤ ਹੋ ਜਾਵੇ ਹੈ। ਐਸੇ ਕਹਿਕੇ ਬੇਨਤੀ ਬਹੁਤ ਸੀ ਕਰਕੇ ਗੁਰੂ ਬੀਰ ਸਿੰਘ ਕੋ ਫਿਰਾ ਕੀਆ। ਉਨਕਾ ਪਦਾਰਥ (ਭੇਟਾ ਆਦਿਕ) ਮਹਾਰਾਜ ਨੈ ਕਬੂ ਨ ਲੀਆ, ਅੰਗੀਕਾਰ ਨ ਕੀਆ। ਰਾਣੀ ਸਾਹਿਬ ਸੇ ਬਿਦਾ ਹੋ ਕੇ ਆਪ ਜੀ ਅਪਣੇ ਡੇਰੇ ਕੋ ਚਲੇ ਗਏ।

ਪੁਨਾ ਰਾਣੀ ਸਾਹਿਬ ਨੈ ਹੁਕਮ ਦੀਆ, ਅਤਰ ਸਿੰਘ ਗੁਲਾਬ ਸਿੰਘ ਆਦਿਕੋਂ ਕੋ ਕਿ ਜੋ ਕੁਝ ਮੁਲਖ ਬਾਬੇ ਸੰਪੂਰਨ ਸਿੰਘ ਕਾ ਬਾਬੇ ਬਿਛਮ ਸਿੰਘ ਨੈ ਛੀਨ ਲੀਆ ਹੈ ਸੋ ਸਾਰਾ ਦਵਾ ਦੀਆ ਜਾਵੇ। ਤਬ ਪੰਜ 'ਕੌਂਸਲ' ਨੈ (ਭਾਵ ਪੰਜ ਪ੍ਰਮੁੱਖ ਦਰਬਾਰੀਆਂ ਦੀ ਕਮੇਟੀ ਨੈ) ਆਪਸ ਵਿਚ ਵਿਚਾਰ ਕਰ ਕੈ ਅੰਮ੍ਰਤੂ ਫਰੈਗੀ ਕੋ ਬੁਲਾਏ ਕੇ ਕਿਹਾ ਕਿ ਰਾਣੀ ਸਾਹਿਬ ਕਾ ਹੁਕਮ ਹੈ–ਤੂੰ ਅਲਸੀਆ ਦਖਣੀ ਮੈਂ ਜਾਇਕੈ ਬਾਬੇ ਬਿਰਮ ਸਿੰਘ ਸੇ ਬਾਬੇ ਸੰਪੂਰਨ ਸਿੰਘ ਕੋ ਬਾਬੇ ਅਤਰ ਸਿੰਘ ਕਾ ਮਾਲ ਮੁਲਖ ਸਭ ਕਾ ਸਭ ਵਿਚਾਏ ਆਉ। ਤਬ ਅੰਮ੍ਰਤੂ (ਜਨਰਲ ਵੈਂਤੂਰੇ) ਫਰੈਂਗੀ ਨੈ ਕਹਿਆ–ਮਹਾਂਰਾਜ, ਦੁਹ ਆਪ ਕੋ ਗੁਰੂ ਘਰਾਣੈ ਹੈ ਆਜ ਦੁਹ ਆਪ ਕੈ ਮਾਨਨੈ ਯੋਗ ਹੈ। ਆਪ ਸੇ ਬਡੇ ਉਚੇ ਹੈਂ। ਜਿਨਕੈ ਆਗੇ ਆਪ ਭੀ ਨਿਵਤੇ ਹੈ ਆਜ ਵੇਹਤੇ ਹੈਂ। ਆਜ ਦੁਹ ਆਪ ਸੇ ਭੀ ਬਡੇ ਰਾਜਾ ਹੈਂ ਔਰ ਆਜ ਅਦਾਲਤ ਫੌਜਦਾਰੀਤਬਾ ਰੰਜਹੀ ਉਨ ਕੈ ਹਾਥ ਮੈਂ ਹੈ।

ਮੈਨੈ ਜਾਇਕੈ ਆਪ ਦਾ ਹੁਕਮ ਸੁਣਾਇਆ, ਔਰ ਉਨੈ ਨੈ ਨਾ ਮਾਨਾ, ਤਬ ਮੈਨੈ ਫਿਰ ਏਛ ਲਸ਼ਕੱਅੰਵਾਜੀ ਕਰੀ, ਗੋਲੀ ਗੋਲਾ ਵਗੈਰਾ ਚਲਾਇਆ, ਤਬ ਆਪ ਮੋਰੇ ਪਰ ਕੋਪ ਕਰੇਗੀ। ਇਸ ਸੇ ਯੋਹ ਵਰ ਅਛੀ ਹੈ-ਰਾਣੀ ਸਾਹਿਬ ਔਰ ਆਪ ਪੰਚ ਕੌਂਸਲ ਕੇ ਸਾਰੇ ਸਰਦਾਰ ਲਿਖਤ ਕਰਕੈ, ਆਪਨੀਆਂ ਮੋਹਰਾਂ ਛਾਪਾਂ ਲਾ ਕੇ ਦੇਵੋ, ਕਿ ਜੋ ਤੂੰ ਕਹੇਂਗਾ, ਕਰ ਆਵੇਂਗਾ, ਤੁਝ ਕੋ ਮਾਫ। ਤਬ ਮੈਂ ਜਾਤਾ ਹੂੰ। ਜਲਲ ਅੰਮ੍ਰਤੂ ਕੀ ਬਾਤ ਸੁਣ ਕੇ ਸਭ ਨੈ ਅੱਛੀ ਸਮਝ ਕੋ ਲਿਖਤ ਕਰ ਕੇ ਮੋਹਰਾਂ ਲਗਾਇ ਦਿਤੀਆਂ। ਤੈਨੂੰ ਦੇ ਕੈ ਅੰਮ੍ਰਤੂ ਫਰੈਗੀ ਕੇ ਭੇਜਿਆ। ਤਬ ਅੰਮ੍ਰਤੂ ਫਰੈਗੀ ਨੈ ਜਾਇਕੈ ਦਖਣੀ ਸੇ ਬਾਹਰ ਡੇਰਾ ਲਵਾਇ ਕੇ ਬਾਬੇ ਬਿਕ੍ਰਮ ਸਿੰਘ ਕੇ ਪਾਸ ਅਪਨਾ ਦੂਤ ਭੇਜਿਆ, ਤੇ ਸਾਥ ਹੀ ਅੰਮ੍ਰਤੂ ਕੇ ਬਾਬੇ ਸੰਪੂਰਣਸਿੰਘ ਕੇ ਕਰ ਦੀਆ। ਕਿ ਬਾਬਾ ਜੀ ਆਪ ਬਡੇ ਹੋ ਸ੍ਰੀ ਗੁਰੂ ਸਾਹਿਬ ਸਿੰਘ ਕੇ ਲਾਇਕ ਬੇਟੇ ਹੋ, ਦੁਹ ਮਹਾਰਾਜ ਪਾਤਸ਼ਾਹ ਰਣਜੀਤ ਸਿੰਘ ਕੇ ਗੁਰੂ ਥੇ ਤੈਸੇ ਆਪ ਸਰਕਾਰ ਕੇ ਘਰਾਣੇ ਕੇ ਤਥਾ ਸਾਰੇ ਸਿੰਘਾਂ ਕੇ ਗੁਰੂ ਹੈਂ। ਯੋਹ ਕਿਹਾ :-

ਸਰਕਾਰ ਨੈ ਬੇਨਤੀ ਕਰ ਭੇਜੀ ਹੈ, ਜੋ ਬਾਬੇ ਸੰਪੂਰਣ ਸਿੰਘ, ਬਾਬੇ ਅਤਰ ਸਿੰਘ ਕੇ ਬੇਟੇ ਕਾ ਜੋ ਦੁਖ ਆਪ ਨੈ ਲੀਆ ਹੈ, ਸੋ ਦੇ ਡਾਰੋ। ਤਥਾ ਜੋ ਸਵਾਣੀਆਂ ਆਪ ਨੈ ਕੈਦ ਕਰੀ ਹੁਈ ਹੈ ਉਨਕੋ ਵੀ ਛੋਡ ਦੇਵੋ। ਔਰ ਜਿਲਕੇ ਰਾਜੀਨਾਮੇਂ ਕੀ ਰਸੀਦ ਲੈ ਭੇਜ ਦੇਵੋ।

ਜਬ ਦੂਤ ਨੈ ਬਡੀ ਨਿਮ੍ਰਤਾ ਸੇ ਜਾਇ ਕੇ ਅੰਮ੍ਰਤੂ ਕੀ ਓਰ ਸੇ ਬਾਬਾ ਬਿਕ੍ਰਮ ਸਿੰਘ ਜੀ ਕੇ ਆਗੇ ਕਿਹਾ ਤਬ ਸਰਦਾਰ ਆਸ਼ਾ ਸਿੰਘ ਸਹਿਤ ਬਾਬਾ ਜੀ ਨੈ ਬਡੇ ਗੁਸੇ ਹੋ ਕੇ ਤਿਸ ਦੂਤ ਕੋ ਉਤਰ ਦੇਤੇ ਭਏ।

Scanned with CamScanner

ਹਮ ਤੋ ਏਕ ਕੁਝ ਸੂਝੀ ਕੇ ਨਕੇ ਪਰ ਪਾਨੈ ਮਾਤ੍ਰ ਭੀ ਨਹੀਂ ਦੇਂਗੇ। ਹੂੰ ਭਲਾ ਲੋਕ ਹੈ ਤੇ ਜੈਸਾ ਆਇਆ ਹੈ ਤੈਸਾ ਆਪਨੀ ਪਤ ਆਵਰੂ ਲੈ ਕੇ ਚਲਾ ਜਾਹੁ। ਜਾਇਕੇ ਸਰਕਾਰ ਮੈਂ ਕਹਿ ਦੇਵਹੁ ਕੁਛ ਨਹੀਂ ਹੋਤਾ ਹੈਂ। ਔਰ ਨ ਉਨਕੀ ਦਿਸਤ੍ਰੀਆਂ ਕੋ ਛੋਡਤੇ ਹੈਂ ਜੋ ਕੀਆ ਚਾਹਤੇ ਹੋ ਕਰ ਲੇਵਹੁ। ਤਬ ਇਸ ਤੂਕ ਕੋ ਅੰਤੁਰੇ ਪੈ ਜਾਏ ਕਹਿਆ। ਅੰਤੁਰੇ ਨੈ ਸੋਚ ਕੇ ਦੂਜੀ ਵਾਰ ਪਰਵਾਨਾ ਲਿਖ ਕੇ ਦੂਤ ਹੱਥ ਭੇਜਿਆ। ਕਿ ਮਹਾਰਾਜ ਜੀ ਆਪ ਸਭ ਸਿਖਾਂ ਕੋ ਗੁਰੂ ਹੈਂ ਕਰਾਮਤ ਸਾਹਿਬ ਹੋ। ਮੈਂ ਆਪ ਕੇ ਉਪਰ ਵਸਤੋਵਾਨੀ ਨਹੀਂ ਕਰ ਸਕਤਾ ਹੂੰ। ਔਰ ਮੈਂ ਸਰਕਾਰ ਕਾ ਨੌਕਰ ਹੂੰ। ਸਰਕਾਰ ਕਾ ਹੁਕਮ ਵੀ ਨਹੀਂ ਫੇਰ ਸਕਤਾ ਹੂੰ। ਆਪ ਕੇ ਵਾਸਤੇ ਬਹੁਤ ਅਛਾ ਹੈ, ਜੈਸੇ ਮੈਂ ਕਹਿਤਾ ਹੂੰ, ਤੈਸੇ ਆਪ ਮਾਨ ਲੇਵੋ। ਜੋ ਇਹ ਮੇਰਾ ਕਹਿਨਾ ਨਹੀਂ ਮਾਨਤੇ ਹੋ, ਤਬ ਮੇਰਾ ਇਸਮੈਂ ਕੋਈ ਕਸੂਰ ਨਹੀਂ ਹੈ। ਮੈਂ ਤੋ ਸਰਕਾਰੀ ਨੌਕਰ ਹੂੰ। ਮੈਨੈ ਤੋ ਸਰਕਾਰੀ ਹੁਕਮ ਦੀ ਤਮੀਲ ਕਰਨੀ ਹੋਵੇਗੀ। ਫਿਰ ਆਪ ਅਬ ਜੁਧ ਅਖਤਿਆਰ ਕਰੋ। ਜੁਧ ਕੇ ਵਾਸਤੇ ਤਿਆਰ ਹੋ ਜਾਵਹੁ।

ਜਬ ਦੂਸਰੀ ਵੇਰ ਦੂਤ ਨੈ ਬਾਬੇ ਕੋ ਬਹੁਤ ਸਮਝਾਇਆ, ਤਬ ਬਾਬੇ ਨੈ ਕਹਿਆ ਕਿ ਹਮ ਤੁਮਕੋ ਏਕ ਬਾਹਰ ਕਹਿ ਚੁਕੇ ਹੈਂ, ਹੂੰ ਜੈਸਾ ਆਇਆ ਹੈ ਤੈਸਾ ਭਲਾ ਮਾਣਸ ਹੋ ਕੇ ਚਲਾ ਜਾਹੋ। ਜੋ ਤੇਰੇ ਦਿਲ ਮੈਂ ਜੁਧ ਕਰਨੈ ਕਾ ਜੋਰ ਘਮੰਡ ਹੈ ਤੋ ਜੁਧ ਕਰ ਕੇ ਦੇਖ ਲੈ। ਫਿਰ ਦੂਤ ਨੈ ਅੰਤੁਰੇ ਸੇ ਆਏ ਕਹਿਆ। ਤੀਸਰੀ ਬਾਰ ਫਿਰ ਅੰਤੁਰੇ ਨੈ ਦੂਤ ਕੇ ਹੱਥ ਪਰਵਾਨਾ ਭੇਜਿਆ। ਤਬ ਭੀ ਬਾਬੇ ਨੈ ਨਹੀਂ ਮਾਨਾ, ਤਬ ਅੰਤੁਰੇ ਨੈ ਦਖਣੀ ਕੀ ਓਰ ਤੋਪਖਾਨਾ ਸੀਧਾ ਕਰ ਦੀਆ। ਤਬਾ ਤੋਪ ਕੇ ਬਤੀ ਲਗਾਏ ਦਈ। ਤੋਪਖਾਨੈ ਕੇ ਦੋ ਤੀਨ ਫੇਰ ਕੀਏ, ਉਢੇ ਕਰਕੇ ਗੋਲੇ ਮਾਰੇ। ਤਬ ਮਾਰੇ ਦਹਿਸ਼ਤ ਕੇ ਆਇ ਸਭ ਕੋ ਪਿਸਾਚ ਨਿਕਲੇ, ਕੰਬ ਚੋਤੀਆਂ ਕੋ। ਉਸ ਸਮੈਂ ਮੈਂ ਝਟ ਹੀ ਉਢੇ ਚੜਿਕੇ ਲਗੇ ਪਲੂ ਫੇਰਨੈ। ਤਬ ਬਾਹਰ ਸੇ ਤੋਪ ਫੈਦ ਹੂਈ। ਅੰਤੁਰੇ ਕੋ ਆਇ ਕੇ ਮਿਲੇ ਤਬ ਅੰਤੁਰੇ (ਜਨਰਲ) ਨੈ ਕਹਿਆ– ਬਾਬਾ ਜੀ ਯੁਧ ਕੀ ਬਾਤ ਬਹੁਤ ਬੁਰੀ ਹੈ। ਆਪ ਨੈ ਯੁਧ ਕਰਨਾ ਅਖਤਿਆਰ ਕੀਆ ਥਾ, ਅਬ ਕਿਉਂ ਨਹੀਂ ਯੁਧ ਕਰਤੇ ਹੋ।

ਅਛਾ ਪਹਿਲੇ ਸੁਆਣੀਆਂ ਕੋ ਛੋਡਹੁ। ਕੈਦ ਸੇ ਨਿਕਾਲੋ। ਜਬ ਸੁਆਣੀਆਂ ਬਾਹਰ ਆਇ ਗਈਆਂ, ਤਬ ਸੁ, ਆਣੀਉ ਸੇ ਔਰ ਬਾਬੇ ਸੰਪੂਰਣ ਸਿੰਘ ਸੇ ਕਹਿਆ-ਬਾਬਾ ਜੀ ਇਸ ਵਕਤ ਜਿਤਨੀ ਆਪ ਕੀ ਵਸਤੂ ਮਾਤ੍ਰ ਕਾ ਨੁਕਸਾਨ ਹੂਆ ਹੈ, ਸੋ ਆਪ ਇਨ ਸੇ ਪੂਰਾ ਕਰ ਲੇਵਹੁ ਫਿਰ ਪਿਛੈ ਕੁਛ ਨਹੀਂ ਬਨੇਗਾ। ਇਸ ਪ੍ਰਕਾਰ ਸੇ ਆਪ ਬੈਠ ਕੇ ਮਕਾਨੋਂ ਸੇ ਆਦਿ ਲੈ–ਗੰਹਣੇ ਪੂੰਠੀਆਂ ਪ੍ਰਯੰਤ ਸਭੀ ਕੁਛ ਜਾਇਦਾਦ ਸੰਪੂਰਣ ਸਿੰਘ ਕੋ ਦਿਵਾਏ ਕਰ ਫਿਰ ਦੋਨੂੰ ਬਿਠਾਇ ਕਰ ਆਪੋ ਆਪਨੀ ਜਗਾਹ ਮੈਂ। ਪੂਰਾ ਦੋਨੂੰ ਕੋ ਰਜਮੰਦੀ ਕੀ ਰਸੀਦ ਲੈ ਕਰ ਸਰਕਾਰ ਮੈਂ ਆਇ ਕਰ ਪੇਸ਼ ਕਰੀਆਂ। ਸੰਮਤ ੧੯੬੭ ਮੈਂ।

ਪੁਨਾਂ ਬਾਬੇ ਖੇਮ ਸਿੰਘ ਔਰ ਇਸ ਕੀ ਮਾਈ ਨੈਂਦੰਗਾਬਾਦ ਮੈਂ ਆਵਤੇ ਭਏ। ਗੁਰੂ ਬੀਰ ਸਿੰਘ ਜੀ ਕੇ ਪਾਸ ਆਏ। ਕਿਤਨਾ ਕੁ ਕਾਲ ਤਹਾਂ ਨਿਵਾਸ ਕੀਆ। ਜਬ ਗੁਰੂ ਬੀਰ ਸਿੰਘ ਜੀ ਬਾਬੇ ਖੇਮ ਸਿੰਘ ਜੀ ਕੇ ਛੋਟੇ ਜੈਸੇ ਕੋ ਗੋਦ ਮੈਂ ਲੈ ਕੇ ਬੈਠੇ, ਬਾਬਾ ਸਾਹਿਬ ਸਿੰਘ ਸਾਹਿਬ ਕਾ ਪੜਪੋਤਰਾ,ਔਰ ਬਾਬਾ ਬਿਛਨ ਸਿੰਘ ਸਾਹਿਬ ਜੀ ਕਾ ਪੋਤਰਾ ਜਾਨ ਕੇ ਪੂਰਬਲੀ ਪ੍ਰੀਤ ਬੀਚਾਰ ਕੇ ਬਾਲਕ ਚੁਪ ਬਾਬਾ ਖੇਮ ਸਿੰਘ ਸੇ ਬੜਾ ਪ੍ਰੇਮ ਕੀਆ ਕਰੇਂ। ਗੋਦ ਮੈਂ ਲੈ ਕੇ ਬੇਠਾ ਕਰੇਂ। ਤਬ ਬਾਬਾ ਖੇਮ ਸਿੰਘ ਰੋ ਰੋੜ ਨੀਲੀ ਝੂਲੀ ਵਾ ਕਹਿਹਰਾ ਥਾ।

ਪੁੰਨਾ ਕਿਤਨੈ ਕਾਲ ਮਿਛੇ ਬਾਬਾ ਖੇਮ ਸਿੰਘ ਨੈ ਗੁਰੂ ਜੀ ਕੇ ਆਗੈ ਅਰਜ ਕਰੀ ਕਿ ਮਹਾਰਾਜ ਜੀ ਮੁਝਕੋ ਅੰਮ੍ਰਿਤ ਛਕਾਵਹੁ। ਤਬ ਗੁਰੂ ਜੀ ਨੈ ਬਚਨ ਕੀਆ ਕਿ ਬਾਬਾ ਜੀ ਅਸੀਂ ਜੱਟ ਹਾਂ, ਤੇ ਆਪ ਸਾਹਿਬਜਾਦੇ ਹੋ। ਤੁਸਾਂ ਕਿਸੀ ਗੁਰਦਵਾਰੇ ਜਾਇਕ ਕਿਸੀ ਸਾਹਿਬਜਾਦੇ ਸੇ ਅਥਵਾ ਕਿਸੀ ਉਤਮ ਸਿਖ ਸੇ ਅੰਮ੍ਰਿਤ ਛਕ ਲੈਣਾ। ਤਬ ਪੁੰਨਾ ਬਾਬਾ ਖੇਮ ਸਿੰਘ ਨੈ ਹਥ ਜੋੜ ਕੇ ਕਹਿਆ, ਮਹਾਰਾਜ ਜੀ ਆਪ ਸੇ ਉਤਮ ਹੋਰ ਹੋਵੇਗਾ। ਮੇਰੀ ਤਾਂ ਸ਼ਰਧਾ ਆਪ ਕੇ ਪਾਸੋਂ ਅੰਮ੍ਰਿਤ ਛਕਣੇ ਕੀ ਹੈ। ਔਰ ਕਿਸੀ ਪਾਸੋ ਨਹੀਂ ਹੈ। ਇਸ ਪ੍ਰਕਾਰ ਸੇ ਗੁਰੂ ਜੀ ਪਾਸੋਂ ਅੰਮ੍ਰਿਤ ਛਕਣੇ ਵਾਸਤੇ ਬੜਾ ਹਠ ਬਾਬਾ ਖੇਮ ਸਿੰਘ ਨੈ ਕੀਆ। ਤਬ ਬਾਬੇ ਖੇਮ ਸਿੰਘ ਕੋ ਅਤਿ ਹੱਠ ਦੇਖ ਕੇ ਗੁਰੂ ਜੀ ਆਪ ਅੰਮ੍ਰਿਤ ਛਕਾਵਤੇ ਭਏ। ਦੇਖੋ ਮਹਾਂਤਮਾ ਪੁਰਖੋ ਕਾ ਅੰਗ ਪਰਨਾ, ਜੋ ਸੰਕਲਪ ਬਾਬੇ ਬਿਛਨ ਸਿੰਘ ਕੋ ਬਾਬਾ ਸਾਹਿਬ ਸਿੰਘ ਜੀ ਕੀਪੱਗ ਬੰਧਾ ਕੇ ਜਗਤ ਕੀ ਬਡਾਈ ਕਰੈ ਕਾ ਕੀਆ ਥਾ। ਸੋ ਸੰਕਲਪ ਬਾਬਾ ਬਿਛਨ ਸਿੰਘ ਜੀ ਕੇ ਪੋਤਰੇ ਬਾਬਾ ਖੇਮ ਸਿੰਘ ਪਰ ਆਏ ਸੁਫਲ ਕੀਆ। ਵਰਿਤ੍ਹਾਰਥ ਕੀ ਅੰਤਿ ਸਤ ਪੁਰਖ ਸਤਿਯ ਪ੍ਰਤਗਯ ਹੋਤੇ ਹੈਂ। (ਉਕਤ ਸਾਰੀ ਕਥਾ 'ਚਰਿਤ੍ਰ' ਕਾ ਭਾਵ ਕਿ ਸੰਤ ਪੁਰਖ ਪ੍ਰਤਗਿਆ ਪਾਲਨ ਵਿਚ ਸਤਹੁੰਦੇ ਹੈ)।

ਇੰਸੇ ਸਤਿ ਸੰਕਲਪ ਹੋਤੇ ਹੈਂ। ਸੋਈ ਜਗ ਕੀ ਬਡਾਈ ਬਾਬੇ ਖੇਮ ਸਿੰਘ ਕੋ ਦੇਤੇ ਭਏ।

ਤਬ ਬਾਬਾ ਖੇਮ ਸਿੰਘ ਕੀ ਓਰ ਦੇਖ ਕੇ ਬਾਬਾ ਸੰਪੂਰਨ ਸਿੰਘ ਭੀ ਗੁਰੂ ਬੀਰ ਸਿੰਘ ਸੇ ਅੰਮ੍ਰਿਤ ਛਕਤਾ ਭਇਆ।

ਹੈ ਤਾਂ ਬਾਬ ਸੰਪੂਰਨ ਸਿੰਘ ਬੜਾ, ਤੇ ਬਾਬਾ ਖੇਮ ਸਿੰਘ ਛੋਟਾ ਹੈ, ਪੰਤੂ ਸਾਹਿਬ ਕੀ ਦਾਤ ਸੋ ਕਿਸੀ ਕਾ ਰੋਕ ਨਹੀਂ ਚਲਤੇ ਹੈ। ਬਾਬਾ ਸੰਪੂਰਨ ਸਿੰਘ ਕਾ ਭੀ ਅੰਮ੍ਰਿਤ ਛਕਨੈ ਕਾ ਧੱਕ ਦੇਖ ਕੇ ਸਾਹਿਬ ਨੈ ਚਕ ਕੀਆ ਥਾ- ਕਿ ਬਾਬਾ ਜੀ- ਅਬ ਕਾਹੇ ਕੋ ਹੱਠ ਕਰਤੇ ਹੋ। ਜੋ ਲੈਨੈ ਯੋਗ ਵਸਤੂ ਥੀ, ਸੋ ਤੋ ਤੁਮਰਾ ਛੋਟਾ ਭਾਈ ਲੈ ਗਿਆ ਹੈ, ਅਬ ਕਿਆ ਹੈ। ਤਬ ਦੋਨੂੰ ਸਾਹਿਬਜਾਦਿਆਂ ਕੋ ਬਡੀ ਖੁਸ਼ੀ ਹੋਤੀ ਭਈ। (ਇਹ ਪ੍ਰਸੰਗ ਬੀਰ ਮ੍ਰਿਗੇਸ਼ ਗ੍ਰੰਥ ਸਫਾ ੧੧੫੬ ਤੀਕ ਹੈ।

ਸੋਰਠਾ : ਉਭੈ ਹੁਪ ਕੋ ਬੰਧ ਕਾਟੇ ਸ੍ਰੀ ਗੁਰੂਦੇਵ ਜੂ ॥
ਕਰਤ ਪ੍ਰਭੂ ਸੇ ਬੰਧ ਤਾਹਿ ਨਮੋ ਭਰਥੈਂਤ ਕੋ ॥ ੩ ਤਤ ਸੱਤ ॥

ਨੋਟ:੧ ਉਕਤ ਲਿਖਤ ਤੋਂ ਸਾਬਤ ਹੈ ਕਿ ਸ੍ਰੀ ਹਜੂਰ ਬਾਬਾ ਸਾਹਿਬ ਸਿੰਘ ਜੀ ਤੋਂ ਪ੍ਰਾਪਤ ਕੀਤੀ ਬਖਸ਼ਸ਼ ਬਾਬਾ ਬੀਰ ਸਿੰਘ ਜੀ ਨੈ ਬਾਬਾ ਖੇਮ ਸਿੰਘ ਜੀ ਪ੍ਰਤੀ ਸਮਰਪਤ ਕੀਤੀ, ਤੇ ਇਨ੍ਹਾਂ ਵੀ ਅਖੀਰ ਦਮ ਤੀਕ ਸਿਖ ਧਰਮ ਪ੍ਰਚਾਰ, ਕਰਦੇ ਹੋਇਆਂ ਧਨੀ, ਪੋਠੋਹਾਰ, ਪਸ਼ਾਵਰ, ਫਰੰਟੀਅਰ ਤੀਕ ਦੇ ਲੱਖਾਂ ਹਿੰਦੂਆਂ ਨੂੰ ਗੁਰਮੰਤ੍ਰ ਸੁਣਾ ਕੇ ਸਹਿਜਧਾਰੀ ਬਣਾਇਆ, ਤੇ ਹਜ਼ਾਰਾਂ ਸਹਿਜਧਾਰੀਆਂ ਨੂੰ ਕੇਸਧਾਰੀ ਬਣਾ ਕੇ ਅੰਮ੍ਰਿਤ ਛਕਾ ਕੇ ਰਹਿਤਵਾਨ ਸਜਾਇਆ ਸੀ। ਸਰਕਾਰੀ ਰੀਕਾਰਡ ਮੁਤਾਬਕ ੪੦ ਤੋਂ ਵੱਧ ਪੰਜਾਬੀ ਦੇ ਸਕੂਲ ਪ੍ਰਾਇਮਰੀ ਤੇ ਕੁਝ ਮਿਡਲ ਸਰਕਾਰੀ ਤੌਰ ਤੇ ਧਾਰੀ ਕਰਾ ਕੇ ਪੰਜਾਬੀ ਦਾ ਪ੍ਰਚਾਰ ਵਧਾਇਆ। ੧੦੦ ਤੋਂ ਵਧੀਕ ਯੂ. ਪੀ. ਤੋਂ ਯਤੀਮ ਬੱਚੇ ਮੰਗਵਾ ਕੇ ਪਾਲਿਆ, ਪੜਾਇਆ, ਸਿਖ ਸਜਾਇਆ, ਉਨ੍ਹਾਂ ਬਚੀਆਂ ਬਚਿਆਂ ਦੇ ਵਿਆਹ ਕਰਾਏ ਸੀ। ਹੋਰ ਸਰਕਾਰ ਦਰਬਾਰ ਤੋਂ ਜੋ ਸਤਿਕਾਰ ਖੁਦ ਵੀ ਪਾਇਆ ਤੇ ਸਿਖ ਕੌਮ ਦਾ ਮਾਨ ਵਧਾਇਆ ਸੀ ਉਹ ਸਾਰੇ ਸਮਾਚਾਰ ਇਤਿਹਾਸਕ ਹੁਪ ਦੇ (ਦਾਸ ਲੇਖਕ ਨੈ) "ਪੰਜਾਬ ਦਾ ਰਤਨ" (ਬਾਬਾ ਖੇਮ ਸਿੰਘ) ਨਾਮ ਦੀ ਪੁਸਤਕ ਵਿਚ ਲਿਖੇ ਹਨ ਕਿ ਬਾਬਾ ਬੀਰ ਸਿੰਘ ਤੋਂ ਬਖਸ਼ਸ਼ ਪਾ ਕੇ ਕਿਸ ਚੰਦ ਤੀਕ ਉਸ ਨੂੰ ਸਫਲ ਕਰ ਵਿਖਾਇਆ ਨੈ।

Scanned with CamScanner

ਨੋਟ-੨: ਤਿਵੇਂ ਹੀ ਉਕਤ ਲਿਖਤ ਤੋਂ ਪਾਠਕਾਂ ਨੂੰ ਬਾਬਾ ਬਿਕ੍ਰਮ ਸਿੰਘ ਜੀ ਵਲੋਂ ਜੋ ਵਧੀਕੀ ਕੀਤੀ ਗਈ ਹੈ ਉਸ ਦਾ ਪ੍ਰਸੰਗ ਪੜ੍ਹਿਆ ਹੈ ਇਸ ਕਰਤਵ ਨਾਲ ਬਾਬਾ ਜੀ ਨੇ ਆਪਣੇ ਘਰਾਣੇ ਦੀ ਪ੍ਰਭੂਤਾ ਨੂੰ ਦੇਖਣ ਕੀਤਾ ਹੈ ਇਸ ਦੀ ਜ਼ਿੰਮੇਦਾਰੀ ਨਿਰੀ ਪੂਰੀ ਉਨ੍ਹਾਂ ਉਤੇ ਹੀ ਆਂਵਦੀ ਹੈ। ਬਾਹਦ ਦੀਆਂ ਸੰਤਾਨਾਂ (ਉਨ੍ਹਾਂ ਦੀ ਅੰਸ ਵੰਸ) ਸਾਹਿਬਜ਼ਾਦਿਆਂ ਨੇ ਆਪਣੇ ਨੂੰ ਆਪਣੇ ਸ਼ੁਭ ਆਚਰਣ ਨਾਲ, ਬਹੁਤ ਰੋਸ਼ਨ ਕੀਤਾ ਤੇ ਮਾਲਵੇ ਦੇ ਇਲਾਕੇ ਵਿਚ ਗੁਰਮਤ ਪ੍ਰਚਾਰ ਵਧਾਇਆ ਸੀ।

ਪਰ ਅੰਗਰੇਜ਼ੀ ਰਾਜ ਵੀਤੇ ਵਰਗੂੰ ਦਾਸ ਲੇਖਕ ਵਲੂੰ ੧੦ ਸਾਲ ਦੀ ਖੋਜ ਪੜਣੋਲ ਮਗਰੋਂ ਲਿਖੀ ਤੇ ੧੯੫੪ ਵਿਚ ਪਹਿਲੀ ਵੇਰ ਛਾਪੀ ਪੁਸਤਕ ਰਾਜਾ ਜੋਗੀ (ਇਤਿਹਾਸ ਬਾਬਾ ਸਾਹਿਬ ਸਿੰਘ ਜੀ) ਨੂੰ ਪੜੇ ਨਾਲ ਪ੍ਰਭਾਵਤ ਹੋ ਕੇ ਉਨੇ ਵਿਚ ਸ਼ਲੋਭਤ ਇਸ ਵੇਲੇ ਬਾਬਾ ਮਧਸੂਦਨ ਸਿੰਘ ਜੀ ਨੇ ਨਵੇਂ ਸਿਰੇ ਅਪਨੇ ਘਰ ਦੀ ਮਰਯਾਦਾ ਮੁਤਾਬਕ (ਸਿਖ ਧਰਮ ਪ੍ਰਚਾਰ ਦਾ ਜੋ ਬੀੜਾ ਚੁਕਿਆ ਅਤੇ ਦੇਸ਼ ਵਿਦੇਸ਼ ਵਿਚ ਫਿਰਕੇ ਵੀਤੇ ੩੨ ਸਾਲਾਂ ਵਿਚ ਤੋਂ ਹੁਣ ਸੰਨ ੧੯੮੭ ਤੀਕ ਆਪਣੇ ਘਰਾਣੇ ਦੀ ਪ੍ਰਭਤਾ ਨੂੰ ਖੂਬ ਚਮਕਾਇਆ ਅਤੇ ਵਡਿਆਇਆ, ਜਿਸ ਦੀ ਤਾਰੀਫ ਵਿਚ ਲੇਖਕ ਪਾਸੋਂ ਇਸ ਥਾਂਏ ਲਿਖਣਾ ਅਸੰਭਵ ਹੈ। ਹਰ ਸਾਲ ੧੫ ਚੇਤ ਨੂੰ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦਾ ਜਨਮ ਉਤਸਵ ਉਨੇ ਸਾਹਿਬ ਵਿਚ ਅਤੇ ਜੂਨ ਜੁਲਾਈ ਵਿਚ ਉਨਾਂ ਦਾ ਜੋਤੀ ਜੋਤ ਸਮਾਏ ਦਾ ਸਾਲਾਨਾ ਪੁਰਬ 'ਮਨਮੁਰਾਂ' (ਜਿਲਾ ਲੁਧਿਆਨਾ) ਵਿਕ ਦੇਖੇ ਨਾਲ ਸਬੰਧ ਰਖਦਾ ਹੈ। ਆਸ ਹੈ ਇਹ ਪ੍ਰਚਾਰ ਲੜੀ ਇਸੇ ਤਰ੍ਹਾਂ ਹਮੇਸ਼ਾਂ ਜਾਰੀ ਰਹੇਗੀ। ਹੁਣ ਅਗੇ ਦੇ ਸਫਿਆਂ ਪਰ ਬਾਬਾ ਬੀਰ ਸਿੰਘ ਜੀ ਦਾ ਪਿਛੇ ਛਡਿਆ ਮਜਮੂਨ ਫੇਰ ਸ਼ੁਰੂ ਹੈ ਪ੍ਰੇਮ ਨਾਲ ਪੜ੍ਹੀਏ।

(ਬੀਰ ਮ੍ਰਿਗੇਸ਼ ਗੁਰ ਬਿਲਾਸ ਸਫਾ ੧੧੫੭ ਤੋਂ ਸ਼ੁਰੂ ਪ੍ਰਮੰਗ)
ਪੋਠੋਹਾਰ ਦੇ ਕਈ ਪਿੰਡਾਂ ਵਿਚ ਬਾਬਾ ਬੀਰ ਸਿੰਘ ਦਾ ਦੌਰਾ

(ਪੰਡਿਤ ਸ਼ੇਰ ਸਿੰਘ ਲਿਖਦੇ) ਅਸੀਂ ਪਿਛੇ ਛਡੇ ਪ੍ਰਸੰਗ ਨੂੰ ਫੇਰ ਸ਼ੁਰੂ ਕਰਦੇ ਹਾਂ–

ਕੁਰੀ ਵਿਚ, ਸੰਤ ਬਾਬਾ ਬੀਰ ਸਿੰਘ ਜੀ ਨੇ ਸੰਤ ਭਾਗ ਸਿੰਘ (ਆਪਣੇ ਪ੍ਰੀਤਮ) ਦੀ ਬਰਸੀ ਉਤੇ ਸਮਾਗਮ ਸ਼ੁਰੂ ਕਰਵਾਇਆ ਹੋਇਆ ਸੀ, ਬਖਸ਼ੀ ਰਾਜਾ ਸਿੰਘ (ਮਕਬ ਪੁਰੀਆ) ਜਿਸ ਦੇ ਸਪੁਤਰ ਰਾਵਲਪਿੰਡੀ ਤੇ ਗੋਲੜਿਆਂ ਦਾ ਇਲਾਕਾ ਸੀ, ਇਹ ਵੀ ਬਰਸੀ ਦੇ ਜੋੜ ਮੇਲੇ ਸਮਾਗਮ ਤੇ ਹਾਜ਼ਰ ਰਿਹਾ। ਤਿਵੇਂ ਰਾਜਾ ਗੁਲਾਬ ਸਿੰਘ ਤੇ ਚਤਰ ਸਿੰਘ ਅਟਾਰੀ ਵਾਲਾ ਦੋਵੇਂ ਸ਼ਾਮਲ ਹੋਇ। ਸਾਰੇ ਚਾਰ ਮਹੀਨੇ ਤੀਕ ਇਸ ਪਹਿਲੀ ਬਰਸੀ ਦਾ ਸਮਾਗਮ ਚਾਲੂ ਰਿਹਾ। ਹਜ਼ਾਰ-ਸਾਧੂ ਜੋ ਕਈ ਸੰਪ੍ਰਦਾਵਾਂ ਦੇ ਸਨ ਤੇ ਸਾਰੇ ਲੋਕੀਂ ਧੰਨੀ ਪੋਠੋਹਾਰ ਦੇ ਜੋ ਜੋ ਵੀ ਆਇ ਸਭਨਾ ਨੇ ਰਜ ਰਜ ਕੇ ਮੰਨਿ ਭਾਂਵਦਾ ਪ੍ਰਸ਼ਾਦਾ ਛਕਿਆ। ਸਾਰੀ ਫੇਰ ਸਮੂਚ ਸੰਤਾਂ ਮਹੰਤਾਂ ਤੇ ਹਿਤੈਦਾਰਾਂ ਨੂੰ ਸਿਰਪਾਓ ਅਤੇ ੧੦-੧੦ ਰੁਪੈ ਨਕਦੀ ਦੀ ਭੇਟਾ ਦੇ ਕੇ ਵਿਦਾ ਕੀਤਾ ਗਿਆ ਸੀ ਜੋ ਧੰਨ ਧੰਨ ਆਖਦੇ ਗਏ।

ਮਹਾਨ ਤਿਆਗ ਦੀ ਮੂਰਤ

ਉਕਤ ਸਮਾਗਮ ਦੀ ਪੂਰਨ ਨਿਰ-ਵਿਘਨ ਸਮਾਪਤੀ ਮਗਰੋਂ ਜਦੋਂ ਕੁਰੀ ਤੋਂ ਚਲਨ ਲਗੇ ਤਾਂ ਇਸ ਭਾਰੀ ਸਮਾਗਮ ਵਿਚ ਬਾਹਰੋਂ ਆਈਆਂ ਸਿਖ ਸੰਗਤਾਂ ਵਲੂੰ ਬੇ-ਸੁਮਾਰ ਨਕਦੀ ਬਸਤਰ ਤੇ ਬਰਤਨ

ਆਦਿਕ ਦਾ ਜੋ ਚੜ੍ਹਾਵਾ (ਭੇਟ) ਆਇਆ ਸੀ ਉਹ ਤੁਰਨ ਤੋਂ ਪਹਿਲੇ ਸਭ ਕੁਝ ਆਪ ਜੀ ਨੇ ਵਿਚੇ ਹੋਰੇ ਵਿਚ ਪਹਿਲੇ ਦੇ ਰਹਿ ਰਹੇ ਸ਼ਿਵਾਦਾਰ ਸੰਤ ਭਾਈ ਦੇਵਾ ਸਿੰਘ ਦੇ ਸਪੁਤਰ ਭਾਈ ਚਤਰ ਸਿੰਘ ਦੇ ਹਵਾਲੇ ਕੀਤਾ। ਲੋਕੀ ਹੈਰਾਨ ਹੋਇ ਤੇ ਕਈਆਂ ਨੇ ਪੁਛਿਆ– ਬਾਬਾ ਜੀਓ ! ਸੰਤ ਭਾਗ ਸਿੰਘ ਦੇ ਵਡੇ ਚੇਲੇ ਸ਼ੁਰੂ ਤੁੰ ਆਪ ਹੋ ਫਿਰ ਇਹ ਸਭ ਕੁਝ ਆਪ ਨੇ ਖਰਚ ਕੀਤਾ, ਅਤੇ ਚੜਾਵਾ ਭੀ ਆਪ ਦੇ ਅਗੇ ਭੇਟਾ ਹੁੰਦਾ ਰਿਹਾ ਫਿਰ ਐਸਾ ਕਿਉਂ ਕੀਤਾ ? ਤਦ ਸ੍ਰੀ ਬਾਬਾ ਜੀ ਨੇ ਫਰਮਾਇਆ ਕਿ ਸਾਨੂੰ ਪੂਜਯ ਸੰਤ ਭਾਗ ਸਿੰਘ ਦਾ ਹੁਕਮ ਸੀ ਕਿ ਸਾਡੇ ਬਾਹਦ ਇਦੇ ਦਾ ਸਭ ਕੁਝ ਇਨ੍ਹਾਂ ਭਾਈ ਦੇਵਾ ਸਿੰਘ ਦੇ ਸਪੁਤਰ ਭਾਈ ਚਤਰਸਿੰਘ ਦੇ ਹੀ ਹਵਾਲੇ ਕਰਨਾ। ਇਸ ਵਾਸਤੇ ਐਸਾ ਕੀਤਾ ਹੈ, ਆਪ ਦੇ ਐਸੇ ਤਿਆਗ ਨੂੰ ਦੇਖ ਕੇ ਲੋਕੀ ਧੰਨ ਧੰਨ ਆਖਦੇ ਗਏ ਸੀ।

ਇਹ ਕਈ ਮਹੀਨੇ ਦੀ ਸਮਾਪਤੀ ਮਗਰੋਂ ਕੁਰੀ ਤੋਂ ਜਾਂਦੇ ਹੋਇ ਬਾਬਾ ਬੀਰ ਸਿੰਘ ਤਖਤ ਪੜੀ ਦੇ ਮੱਠ ਲਾਇਕ ਸਿੰਘ ਜੀ ਨੂੰ ਜਾ ਕੇ ਮਿਲੇ ਉਨ੍ਹਾਂ ਨਾਲ ਪਿਆਰ ਸੀ ਤੇ ਜਦੋਂ ਵੀ ਇਧਰ ਕੁਰੀ (ਸੰਤ ਭਾਗ ਸਿੰਘ ਜੀ ਪਾਸ) ਆਂਵਦੇ ਇਨਾਂ ਨੂੰ ਜਰੂਰ ਮਿਲਦੇ ਉਕਤ ਤਖਤ ਪੜੀ ਪਿੰਡ ਰਾਵਲ ਪਿੰਡੀ ਤੋਂ ਗੁਜਰਖਾਨ ਤੇ ਲਾਹੌਰ ਜਾਂਦੀ ਸੜਕ ਕਿਨਾਰੇ ਹੈ ਅਤੇ ਮਾਨਕਿਆਲਾ ਰੇਲਵੇ ਸਟੇਸ਼ਨ ਤੋਂ ਪਛਮ ਵਲ ੭ ਮੀਲਾਂ ਤੇ ਹੈ। ਇਥੇ ਸੰਤ ਲਾਇਕ ਸਿੰਘ ਦਾ ਡੇਰਾ ਸੀ ਜੋ ਸੰਤ ਪ੍ਰਧਾਨ ਸਿੰਘ (ਵਰਤਮਾਨ ਕਰਨੀ ਕਮਾਈ ਵਾਲੇ) ਦਾ ਚੇਲਾ ਸੀ।

ਸੰਤ ਪ੍ਰਧਾਨ ਸਿੰਘ ਬਾਬਤ ਤਾਂ ਇਉਂ ਦਸਿਆ ਨੇ–ਕਿ ਇਹ ਚਲਦੇ ਹੋਇਆਂ ਅਪਨਾਂ ਜਾਮਾਂ (ਲੀਰਾਂ ਕੁਤੜਾ) ਸੰਵੱਚ ਕੇ ਚਲਦੇ ਸਨ। ਇਕ ਨਿਹੰਗ ਸਿੰਘ ਅਭਿਮਾਨੀ ਨੇ ਤਰਕ ਨਾਲ ਕਿਹਾ ਦੇਖੀ ਵਰਤਾ ਤਾਂ ਨਹੀਂ ਜੋ ਛਿਟਾਂ ਪੈਣਗੀਆਂ, ਤੇ ਐਸਾ ਕਰਦੇ ਹੋ। ਤਦ ਆਖਿਆ ਇਸ ਵਾਸਤੇ ਕਿ ਜਿਸ ਵਲੀ ਨਾਲ ਲਗੀ, ਓਹ ਮਸਤਾਨੀ ਹੋ ਜਾਂਦੀ, ਤਦ ਨਿਹੰਗ ਨੇ ਆਪਣਾ ਸਲੋਤਰ (ਸੋਟਾ) ਅਗੇ ਕਰਕੇ ਕਿਹਾ ਇਸ ਨਾਲ ਛੁਹਾ ਦਿਓ ਜੋ ਦੇਖਾਂ ਕੀ ਹੁੰਦਾ ਹੈ। ਬੱਸ ਇਤਨਾ ਸੁਣਕੇ ਪ੍ਰਧਾਨ ਸਿੰਘ ਜੀ ਨੇ ਜਾਮਾਂ ਛੁਹਾਇਆ ਹੀ ਸੀ ਕਿ ਉਹ ਨਿਹੰਗ ਸਿੰਘ ਸ਼ਰਾਬੀਆਂ ਵਾਂਗ ਬੇ-ਹੋਸ਼ ਹੋ ਕੇ ਡਿਗ ਪਿਆ। ਚਾਰ ਦਿਨ ਤੀਕ ਜਿਉਂ ਤੁਰੂ ਉਹੋ ਹੀ ਪਿਆ ਰਿਹਾ, ਫਿਰ ਸੰਤ ਜੀ ਆਏ ਤਦ ਉਹ ਹੋਸ਼ ਵਿਚ ਆਇਆ ਤੇ ਇਨਾਂ ਦੇ ਮਗਰ-ਮਛ ਹੀ ਚੁਪ ਚੁਪੀਤਾ ਟੁਰ ਪਿਆ ਤੇ ਫੇਰ ਉਹ ਇਨ੍ਹਾਂ ਜੋਗਾ ਹੀ ਹੋ ਗਿਆ ਤੇ ਮੋਇਆ ਵਿਚ ਰਿਹਾ ਸੀ। ਐਸੇ ਸਮਰੱਥ ਬ੍ਰਹਮ ਗਿਆਨੀ ਸੰਤ ਪ੍ਰਧਾਨ ਸਿੰਘ ਜੀ ਸਨ।

ਬਾਬਾ ਬੀਰ ਸਿੰਘ ਨੇ ਆਪਨੀ ਮਾਤਾ ਜੀ ਨੂੰ ਬੁਲਾਇਆ

ਕੁਰੀ, ਸੰਤ ਭਾਗ ਸਿੰਘ ਜੀ ਦੇ ਵਦਸੀ ਸਮਾਗਮ ਤੋਂ ਵਾਪਸ ਆ ਕੇ ਆਪ ਨੇ ਵੰਦਾ ਭੇਜ ਕੇ ਆਪਨੇ ਤੇ ਆਪਨੀ ਮਾਤਾ ਜੀ ਨੂੰ ਬੁਲਾਇਆ, ਬੜੇ ਪਿਆਰ ਤੇ ਸਤਿਕਾਰ ਨਾਲ ਉਨ੍ਹਾਂ ਦਾ ਨਿਵਾਸ ਕਰਾਇਆ। ਉਹ ਵੀ ਆਪਣੇ ਸਪੁਤਰ ਦਾ ਡੇਰਾ ਬਹੁਤ ਪਸਾਰਾ ਅਤੇ ਪ੍ਰਤਾਪ ਪੂਰਨ ਦੇਖ ਕੇ ਪ੍ਰਸੰਨ ਹੋਇ ਕੁਝ ਦਿਨਾਂ ਕਹੇ ਮਗਰੋਂ ਉਨ੍ਹਾਂ ਦੀ ਖਾਹਸ਼ ਮੁਤਾਬਕ ਵੇਰ ਉਸੇ ਤਰ੍ਹਾਂ ਦੁਬਾਰਾ ਵਿਚ ਬਿਠਾ ਕੇ ਹੀ ਵਿਦਾ ਕੀਤਾ ਜੀ ਪਰ ਏਤੇ ਸਮੇਂ ਅਰਸੇ ਬਾਹਦ ਪਤਾ ਲਗਾ ਜੋ ਮਾਤਾ ਜੀ ਵੀਮਾਰ ਹੋ ਗਏ ਹਨ, ਉਮਰ ਵੀ ਵਾਹੀ ਹੋ ਗਈ ਸੀ ਤੇ ਨਿਆਸਰਾਰ ਕੀਤੇ ਮਗਰੋਂ ਸਰੀਰਕ ਮੁੱਖ ਦੀ ਪ੍ਰਭੂ ਕੀਤੀ ਉਹਨਾਂ ਵਿਚ ਆਪ ਆਪਣੇ ਹੀ ਤੇ ਕਿਹਾ ਕੀਤਾ ਜੋ ਆਪ ਆਇ ਹੈ। ਮੇਰਾ ਹੁਣ ਆਖਰੀ ਸਮਾਂ ਆਇਆ ਦਿਸਦਾ ਹੈ [illegible]

Scanned with CamScanner

ਕਿਹਾ ਇਸ ਵੇਲੇ ਹਰ ਪਾਸੇ ਤੋਂ ਸੁਰਤ ਸ਼ਬਦ ਵਿਚ ਹੋਵੇ ਤੇ ਵਾਹਿਗੁਰੂ ਦਾ ਨਾਮ ਅੰਤਰਮੁਖੀ ਸਿਮਰਨ ਕਰੀਏ ਤੇ ਮੈਂ ਇਹ ਕਰਦੇ ਹੋਇਆਂ ਹੀ ਅਪਨੇ ਸਪੁਤਰ (ਸ੍ਰੀ ਬਾਦਲ ਜੀ) ਦੇ ਦੇਖਦੇ ਦੇਖਦੇ ਹੀ ਪ੍ਰਮ ਮਾਤਾ ਧਰਮ ਕੌਰ ਜੀ ਚਲਾਣਾ ਕਰ ਗਏ। ਇਹ ਦਿਨ ਮਹੀਨਾ ਅਜ ਸੰਮਤ ੧੯੯੫ ਸ਼ਾਮ ਦਾ ਵੇਲਾ ਸੀ। ਬਾਬਾ ਬੀਰ ਸਿੰਘ ਜੀ ਨੇ ਅਪਨੀ ਹਥੀ ਸ੍ਰੀ ਮਾਤਾ ਦਾ ਗੁਰਮਤ ਅਨੁਸਾਰ ਦਾਹ ਸੰਸਕਾਰ ਕੀਤਾ। ਕੀਰਤਨ ਕਰਾਇਆ ਅਰਦਾਸ ਕਰਾਈ ਦੇ ਦਿਨ ਭੋਗ ਸਮੇਂ ਬਹੁਤ ਕੁਝ ਦਾਨ ਕੀਤਾ। ਜਗ ਭੰਡਾਰਾ ਕਰਾਇਆ, ਫਿਰ ਅਪਨੇ ਡੇਰੇ ਨੌਰੰਗਾਬਾਦ ਆ ਕੇ ਵੀ ਮਾਤਾ ਜੀ ਨਮਿਤ ਅਖੰਡ ਪਾਠ ਤੇ ਭਾਰੀ ਜਗ ਭੰਡਾਰ ਕਰਾਇਆ।

ਅਲਾਕੇ ਵਿਚ ਅੰਮ੍ਰਿਤ ਪ੍ਰਚਾਰ ਵਾਸਤੇ ਦੌਰਾ

ਸੰਮਤ ੧੯੯੫ ਵਿਚ ਸ੍ਰੀ ਮਾਤਾ ਜੀ ਦੇ ਅੰਤਮ ਸੰਸਕਾਰ ਤੇ ਜੱਗ ਭੰਡਾਰਾ ਕੀਤੇ ਅਗਲੇ ਮੰਤ ਬਾਬਾ ਜੀ ਬਹੁਤ ਅਰਸਾ ਆਪਨੇ ਡੇਰੇ ਸੰਤ ਪੁਰੇ ਹੀ ਰਹੇ। ਫਿਰ ਅਲਾਕੇ ਦੀਆਂ ਵਖ ਵਖਰੇ ਆਈਆਂ ਸੰਗਤਾਂ ਦੀ ਬੇਨਤੀ ਪ੍ਰਵਾਨ ਕਰ ਕੇ ਅਲਾਕੇ ਵਾਰ ਮਾਝੇ ਤੇ ਦੁਆਬੇ ਦਾ ਦੌਰਾ ਸ਼ੁਰੂ ਕੀਤਾ। ਆਪ ਜੀ ਰੁਹਲੀ (ਜਿਲਾ ਅੰਮ੍ਰਿਤਸਰ) ਵਿਚ ਜਦੋਂ ਗਏ ਉਦੋਂ ਦੇ ਸਰਦਾਰ ਸੱਦਾ ਸਿੰਘ ਤੇ ਉਹਦੇ ਬੇਟੇ ਦੂਜ ਸਿੰਘ ਨੇ ਬਹੁਤ ਸੇਵਾ ਕੀਤੀ। ਧਾਰਮਕ ਰੁਚੀਆਂ ਰਖਦੇ ਤੇ ਸਿਮਰਨ ਭਗਤੀ ਦੀ ਲਗਨ ਵਾਲੇ ਸਨ।

ਇਕ ਦਿਨ ਦੀਵਾਨ ਦੀ ਸਮਾਪਤੀ ਅਰਦੂ ਬੂੜ ਸਿੰਘ ਨੇ ਪੁਛਿਆ ਬਾਬਾ ਜੀਓ ਇਕ ਮਨ ਅੰਤਰ ਮੁਖੀ ਸਿਮ੍ਰਨ ਕਰਨਾ ਚੰਗਾ ਹੈ, ਜਾਂ ਸੰਗਤ ਵਿਚ ਬੈਠੇ ਕਥਾ, ਕੀਰਤਨ ਦਾ ਸੁਣਨਾਂ ਚੰਗਾ ਹੈ। ਉਤਰ ਵਿਚ ਬਾਬਾ ਜੀ ਨੇ ਫੁਰਮਾਇਆ ਕਿ ਜਿਵੇਂ ਖੂਹ ਦੇ ਪਾਣੀ ਨਾਲ ਆਪਣੀ ਖੇਤੀ ਹੀ ਸਿੰਜੀਂ ਜਾਂਦੀ ਹੈ। ਉਹ ਦੀ ਫਸਲ ਉਗਦੀ ਦਾ ਫਲ ਵੀ ਜਰੂਰ ਹੁੰਦਾ ਹੈ ਤਿਵੇਂ ਇਕਾਂਤ ਵਿਚ ਬੈਠੇ ਸਿਮ੍ਰਨ ਕੀਤੇ ਦਾ ਫਲ ਕੇਵਲ ਅਪਨੇ ਪ੍ਰਬਾਏ ਹੀ ਹੁੰਦਾ ਹੈ, ਉਹ ਕੇਵਲ ਅਪਨਾ ਭਲਾ ਹੀ ਕਰਦਾ ਤੇ ਮਾਨਸਿਕ ਆਨੰਦ ਮਾਣਦਾ ਹੈ।

ਗੁਰਬਾਨੀ ਦੀ ਕਥਾ ਹੋਰ ਵਧੇਰੇ ਲਾਭਦਾਇਕ ਹੈ, ਅਗਰ ਨਿਰਮਲ ਮਨ ਨਾਮ ਰਸੀਆ ਵਿਦਵਾਨ ਕੋਈ ਕਥਾ ਕਰਦਾ ਹੋਵੇ ਤਾਂ ਉਹ ਟਿੱਕਵੀਂ ਸੰਗਤ ਦੇ ਸਦੇਤਿਆਂ ਦੇ ਮਨਾਂ ਵਿਚ ਇਵੇਂ ਅੰਮ੍ਰਿਤਮਈ ਬਾਣੀ ਦੇ ਅਰਥ ਭਾਵ ਨੂੰ ਸ੍ਰਿਜਦਾ ਹੈ, ਜਿਵੇਂ ਨਿਮੀ ਨਿਮੀ ਬਾਰਸ਼ ਦੀਆਂ ਬੂੰਦਾਂ ਪੋਲੀ ਜਮੀਨ ਵਿਚ ਜਿਥੇ ਜਿਥੇ ਪੋਂਦੀਆਂ ਹਨ ਯਸਦੀਆਂ ਜਾਂਦੀਆਂ ਹਨ। ਪਰ ਕੀਰਤਨ ਪ੍ਰਵਾਹ ਇਕ ਐਸੀ ਭਰਵੀਂ ਮੀਂਹ ਦੀ ਬੂਛਾੜ ਹੁੰਦੀ ਹੈ ਜੋ ਰੋਹਿ ਟਿਬੇ ਵਾਲੇ ਤੇ ਉਚੇ ਨੀਵੇਂ ਤੇ ਪਧਰੇ ਖੇਤਾਂ ਨੂੰ ਇਕੋ ਜਿਹਾ ਤਰ ਬਤਰ ਕਰਦੀ ਹੈ। ਕੀਰਤਨ ਨਿਰਮੋਲਕ ਹੀਰਾ ਹੈ। ਇਸ ਕਰ ਕੇ ਗੁਰੂ ਜੀ ਨੇ ਫੁਰਮਾਇਆ ਹੈ। ਕੀਰਤਨ ਕਰਦੇ ਤੇ ਮਿਲ ਕੇ ਬਸ ਪੜਦੇ ਹੋਇਆਂ ਜਾਂ ਸੁਣਦੇ ਹੋਇਆਂ ਵਾਂ ਸਹਿਜੇ ਹੀ ਬਿਰਤੀ ਅੰਤਰ ਮੁਖ ਹੋ ਜਾਂਦੀ ਹੈ। ਭਾਵੇਂ ਤਿੰਨ ਭਗਤੀ ਦੀ ਹੀ ਸਿਮਰਨ ਭਗਤੀ ਲਾਭਦਾਇਕ ਹੈ, ਜਿਸ ਵੇਲੇ ਵੀ ਜੈਸਾ ਮਨ ਮੰਨ ਜਾਇ, ਐਸਾ ਹੀ ਕਰਨਾ ਚਾਹੀਏ। ਐਸਾ ਉਤਰ ਸੁਣ ਕੇ ਸਮੂਹ ਸੰਗਤ ਨਿਹਾਲ ਹੋਈ ਪਰ ਬੂਝ ਸਿੰਘ ਤਾਂ ਸਤੁਰਿਆ ਜਿਆ ਸੀ।

ਇਥੇ ਵੀ ਬਹੁਤਿਆਂ ਨੇ ਅੰਮ੍ਰਿਤ ਪਾਨ ਕੀਤਾ ਤੇ ਰਹਿਤਵਾਨ ਸਿੰਘ ਸਜ ਗਏ ਸਨ।

ਅਪਨੀ ਮਾਤਾ ਜੀ ਦੇ ਚਲਾਣੇ ਦੇ ਅੰਤਮ ਸੰਸਕਾਰ ਦੀ ਸਮਾਪਤੀ ਮਗਰੋਂ ਆਪ ਜੀ ਨੇ ਪ੍ਰਚਾਰ ਵਾਸਤੇ ਅਲਾਕੇ ਦਾ ਦੌਰਾ ਸ਼ੁਰੂ ਕੀਤਾ ਸੀ, ਆਪ ਸ੍ਰੀ ਨਨਕਾਣੇ ਸਾਹਿਬ ਦੀ ਯਾਤ੍ਰਾ ਨੂੰ ਗਏ, ਉਦੋਂ ਵੀ ਫੇਰੀ ਪਾਤਸ਼ਾਹੀ ਦੇ ਗੁਰਦਵਾਰੇ ਨੇੜੇ ਆਪ ਜੀ ਦਾ ਯਾਦਗਾਰੀ ਅਸਥਾਨ ਦਮਦਮਾ ਹੈ, ਨਨਕਾਣੇ ਸਾਹਿਬ ਤੋਂ

ਆਪਜੀ ਅੰਮ੍ਰਿਤਸਰ ਆਕੇ ਦਰਬਨ ਇਸਨਾਨ ਕੀਤੇ। ਇਥੋਂ ਆਪ ਰਾਜਾ ਸਾਂਸੀ ਨੂੰ ਗਏ। ਅਗੇ ਕੋਈ ਸਰਦਾਰ ਮੰਡੂਰ ਨਹੀਂ ਸੀ ਤੇ ਸਰਦਾਰਨੀਆਂ ਨੇ ਆਪਣਾਂਆਂ ਟੋਹਲਣਾਂ ਰਾਹੀ ਕਹਿ ਭੇਜਿਆ ਅਸੀ ਸਤਨ ਤਿਆਰ ਹਾਂ, ਸਾਡੇ ਲਈ ਬਾਹਰ ਜਾਣਾ ਮੁਸ਼ਕਿਲ ਹੈ– ਲੰਗਰ ਵਾਸਤੇ ਰਸਦ ਭੇਜੀ ਜਾਂਦੀ ਹੈ, ਤਿਆਰ ਕਰਾਕੇ ਲਾ ਲਵੋ। ਹੋਰ ਕੋਈ ਸੇਵਾ ਹੋਵੇ ਤਾਂ ਹੁਕਮ ਕਰਨਾ।

ਸ੍ਰੀ ਬਾਬਾ ਜੀ ਇਸ ਵੇਲੇ ਲਾਹੌਰ ਵਿਚ ਵਰਤ ਰਹੀ ਹਾਲਤ ਪ੍ਰਤੀ ਸੀ ਕਿ ਫੌਜਰਿਆਂ ਦਾ ਤੇ ਮੁੰਡਾਰਿਆਂ ਦੀ ਆਪੋ ਵਿਚ ਖਟ ਪਟ ਲਗੀ ਰਹਿੰਦੀ ਹੈ। ਆਪ ਜੀ ਨੇ ਮੋੜਵਾ ਉਤਰ ਦਿਤਾ ਤੁਹਾਡੇ ਵਿਚਕੇ ਸਤਰ ਤੇ ਪਰਦੇ ਨਹੀਂ ਰਹਿਣੇ, ਅਜਿਹੇ ਹਾਲਾਤ ਬਣਦੇ ਜਾ ਰਹੇ ਦਿਸਦੇ ਹਨ, ਤੇ ਐਸੇ ਦਿਨ ਆਉਣ ਵਾਲੇ ਹਨ ਕਿ ਤੁਹਾਨੂੰ ਸਾਡੇ ਘੋੜੇ ਬੰਨਣ ਵਾਲਿਆਂ ਥਾਵਾਂ ਵਿਚ ਰਹਿਣਾ ਪਵੇਗਾ।

ਇਹ ਬਚਨ ਸੁਣ ਕੇ ਸਰਦਾਰਨੀਆਂ ਡਰ ਗਈਆਂ, ਤੇ ਆਪ ਜੀ ਨੇ ਉਦੋਂ ਡੇਰਾ ਚੁਕਾ ਕੇ ਦੂਜੇ ਥਾਂ ਜਾ ਡੇਰਾ ਕੀਤਾ। ਇਸ ਗਲ ਦਾ ਪਤਾ ਸਰਦਾਰ ਸ਼ਮਸ਼ੇਰ ਸਿੰਘ ਦੀ ਮਾਤਾ ਨੂੰ ਹੋਇਆ ਤਾਂ ਉਹ ਆਪਣੇ ਪੁਤਰ ਤੇ ਨੌਕਰਾਂ, ਨੌਕਰਾਨੀਆਂ ਨੂੰ ਨਾਲ ਲੈ ਕੇ ਪਹਿਰ ਰਾਤ ਗਈ ਨੂੰ ਮਿਝਾਲਾ ਬਾਲ ਕੇ ਬਾਬਾ ਜੀ ਪਾਸ ਗਈ ਤੇ ਬੇਨਤੀ ਕੀਤੀ।

ਸ੍ਰੀ ਬਾਬਾ ਜੀ ਮੈਂ ਵਿਧਵਾ ਹਾਂ, ਮੇਰਾ ਇਕੋ ਇਕ ਪੁੱਤਰ ਹੈ, ਆਪ ਨੇ ਬੜਾ ਕਰੜਾ ਬਚਨ ਕੀਤਾ ਹੈ ਕਿ ਕੋਈ ਉਤੇ ਤਰਸ ਕਰੋ। ਤਾਂ ਬਾਬਾ ਜੀ ਨੇ ਵਚਨ ਕੀਤਾ ਇਸ ਨੂੰ ਵਾਹਿਗੁਰੂ ਬਲਦੀ ਅਗ ਵਿਚੋਂ ਸਲਵੇਗਾ। ਇਸ ਵੇਲੇ ਸਰਦਾਰ ਸ਼ਮਸ਼ੇਰ ਸਿੰਘ ਦੀ ਮਾਤਾ ਨੇ ਲੰਗਰ ਤਿਆਰ ਕਰਾ ਕੇ ਸਮੂਹ ਨਾਲ ਲੈਕੇ ਸਮੇਤ ਬਾਬਾ ਜੀ ਨੂੰ ਛਕਾਇਆ, ਤੇ ਜਾਂਦੀ ਵੇਰ ਬਾਬਾ ਜੀ ਨੇ ਸ੍ਰ: ਸਮਸ਼ੇਰ ਸਿੰਘ ਨੂੰ ਆਪਣੀ ਛਤਰ ਛਾਇ ਬਖਸ਼ ਕੀਤੀ ਤੇ ਅਸੀਸਾਂ ਪਾ ਕਰ ਘਰ ਵਾਪਸ ਆਇ।

ਰਾਜਾ ਸਾਂਸੀ ਦੇ ਸਰਦਾਰਾਂ ਦੀ ਬੰਸਾਵਲੀ

ਰਾਜਾ ਸਾਂਸੀ ਦੇ ਸਰਦਾਰਾਂ ਦੀ ਤੇ ਮਹਾਂਰਾਜਾ ਰਣਜੀਤ ਸਿੰਘ ਦੀ ਇਕੋ ਜਾਤ ਗੋਤ ਸੀ ਇਨਾਂ ਦੇ ਵਡੇ ਸਰਦਾਰ ਦੁੱਦਾ ਸਿੰਘ ਨੇ ਗੁਰੂ ਗੋਬਿੰਦ ਸਿੰਘ ਪਾਸੋਂ ਅੰਮ੍ਰਿਤ ਪਾਨ ਕੀਤਾ ਸੀ। ਸ੍ਰ: ਦੁੱਦਾ ਸਿੰਘ ਦੇ ਪੁਤਰ (ਨੰਦ ਸਿੰਘ ਤੇ ਚੰਦਾ ਸਿੰਘ ਸਨ) ਸਰਦਾਰ ਨੰਦ ਸਿੰਘ ਦੇ ਬੇਟੇ ਚੜਤ ਸਿੰਘ ਤੇ ਮਹਾਂ ਸਿੰਘ ਦੇ ਪੋਤਰੇ ਰਣਜੀਤ ਸਿੰਘ ਸਨ। ਅਤੇ ਸਰਦਾਰ ਚੰਦਾ ਸਿੰਘ ਦੇ ਸਪੁੱਤ ਸ੍ਰ. ਦੀਦਾਰ ਸਿੰਘ ਤੇ ਇਸ ਦੇ ਪੁਤਰ ਫੁਲਾ ਸਿੰਘ ਤੇ ਸ੍ਰ: ਲਹਿਣਾ ਸਿੰਘ ਸੈਧਾ ਵਾਲੀਏ ਸਨ।

ਸਰਦਾਰ ਬੁੱਧ ਸਿੰਘ ਦੇ ਸ਼ਮਸ਼ੇਰ ਸਿੰਘ ਸਨ ਜਿਨਾਂ ਨੂੰ ਬਾਬਾ ਬੀਰ ਸਿੰਘ ਨੇ ਦਸਤਾਰ ਦੀ ਬਖਸ਼ਸ਼ ਕੀਤੀ ਸੀ। ਤਿਵੇਂ ਸਰਦਾਰ ਲਹਿਣਾ ਸਿੰਘ ਦੇ ਦੋ ਪੁਤਰ (ਸ: ਠਾਕਰ ਸਿੰਘ ਤੇ ਪ੍ਰਤਾਪ ਸਿੰਘ ਸਨ। ਠਾਕਰ ਸਿੰਘ ਦੇ ਪੋਤਰੇ ਸਰਦਾਰ ਰਘਬੀਰ ਸਿੰਘ ਰਾਜਾ ਸਾਂਸੀ ਵਾਲੇ ਅਤੇ ਇਨ੍ਹਾਂ ਦੇ (ਸਰਦਾਰ ਹਰਿੰਦਰ ਸਿੰਘ ਜੀ ਹੈ) ਸਪੁਤਰ ਮੇਜਰ ਹਰਿੰਦਰ ਸਿੰਘ ਐਮ. ਐਲ. ਏ. (ਫਿਰ ਪੰਜਾਬ ਸਰਕਾਰ ਵਿਚ ਮੰ: ਸਰਦਾਰ ਰਘਬੀਰ ਸਿੰਘ ਦੇ ਦਰਸਨ ਦਾਸ (ਲੇਖਕ) ਨੇ ੧੯੩੪ ਸੰਨ ਵਿਚ ਮੰਤ ਤੇਜਾ ਸਿੰਘ

ਅਸਤੁਆਣੇ ਵਾਲਿਆਂ ਦੇ ਨਾਲ ਹੁੰਦਿਆਂ ਉਨ੍ਹਾਂ ਦੀ ਸ਼ੁਰੂਆਤ ਮਿਲ ਸੰਭਾਉਲੀ (ਜੂ ਪੀ) ਵਿਚ ਕੰਮ ਕਰਦੇ ਸਨ। ਉਹ ਵੀ ਚੰਗੇ ਧਾਰਮਕ ਖਿਆਲਾਂ ਦੇ ਸਨ।

ਇਸੇ ਤਰ੍ਹਾਂ ਅਲਾਕੇ ਵਾਰ ਪ੍ਰਚਾਰ ਕਰਦੇ ਬਾਬਾ ਬੀਰ ਸਿੰਘ ਜੀ ਸੰਮਤ ੧੯੯੯ ਵਿਚ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਨਿਸ਼ਾਨ ਸਾਹਿਬ ਡਿਗ ਪਏ ਸੀ, ਉਸ ਵਕਤ ਬਾਬਾ ਜੀ ਨੇ ਬਚਨ ਕੀਤਾ ਕਿ ਇਹ ਦਰਬਾਰ ਸਾਹਿਬ ਦੇ ਨਿਸ਼ਾਨ ਨਹੀਂ ਡਿਗੇ, ਇਹ ਸਿਖਾਂ ਦਾ ਰਾਜ ਡਿਗਣ ਦੇ ਆਸਾਰ ਹਨ। ਸਿਖ ਰਾਜ ਦੇ ਖਾਤਮੇ ਦੀਆਂ ਨਿਸ਼ਾਨੀਆਂ ਹਨ ਸੋ ਦੁਖ ਸਾਲਾਂ ਬਾਅਦ ਐਸਾ ਹੀ ਹੋਇਆ ਸੀ।

ਸ੍ਰੀ ਬਾਬਾ ਜੀ ਸ੍ਰੀ ਅੰਮ੍ਰਿਤਸਰ ਤੋਂ ਵਾਪਸ ਅਪਨੇ ਡੇਰੇ ਨੌਰੰਗਾਬਾਦ ਸੰਤ ਪੁਰੇ ਆਏ। ਕੁਝ ਅਰਸਾ ਰਹੇ ਅਤੇ ਵੇਰ ਅਲਾਕੇ ਵਾਰ ਪ੍ਰਚਾਰ ਕਰਦੇ ਹੋਇ ਮਾਝੇ ਦੁਆਬੇ ਵਿਚ ਦਾ ਦੌਰਾ ਸ਼ੁਰੂ ਕੀਤਾ।

ਬਾਬਾ ਬੀਰ ਸਿੰਘ ਜੀ ਮਲਸੀਹਾਂ ਵਿਚ

ਸੰਤ ਬਾਬਾ ਬੀਰ ਸਿੰਘ ਜੀ ਦਾ ਐਸਾ ਪ੍ਰਚਾਰ ਮਾਝੇ ਅਤੇ ਦੁਆਬੇ ਵਿਚ ਦੋ ਸਾਲ ਤੀਕ ਜਾਰੀ ਰਿਹਾ। ਅਗਰ ਹਰ ਇਕ ਪਿੰਡ ਵਿਚ ਬੀਤੀ ਵਾਰਤਾ ਨੂੰ ਅੰਕਤ ਕੀਤਾ ਜਾਏ ਤਾਂ ਇਸ ਹਥ ਪ੍ਰਸਤਕ ਦਾ ਆਕਾਰ ਵੀ ਗਰੰਥ ਗੁਰੂ ਬਿਲਾਸਾ ਬੀਰ ਮ੍ਰਿਗੇਸ਼ ਜਿਤਨਾ ਹੋ ਜਾਣ ਦਾ ਡਰ ਹੈ। ਇਸ ਵਾਸਤੇ ਅਸੀਂ ਇਤਨਾ ਹੀ ਇਥੇ ਸੰਖੇਪ ਦਸਦੇ ਹਾਂ ਕਿ ਬਾਬਾ ਬੀਰ ਸਿੰਘ ਜੀ ਦੇ ਪ੍ਰਚਾਰ ਦੇ ਕੀਤੇ ਵੇਰਿਆਂ ਵੇਲੇ ਜਿਥੇ ਜਿਸ ਵੀ ਜਿਸ ਪਿੰਡ ਵਿਚ ਨਿਵਾਸ ਕੀਤਾ ਸੀ। ਦੋਵੀ ਵਿਰਲੀ ਥਾਂ ਵੱਡ ਕੇ ੩੬੦ ਯਾਦਗਾਰੀ ਅਸਥਾਨ ਬਾਬਾ ਜੀ ਦੇ ਨਾਮ ਦੇ ਗੁਰਦਵਾਰੇ ਕਾਇਮ ਹਨ। ਤਾਂ ਪਾਠਕਾਂ ਨੂੰ ਸਹਿਜੇ ਹੀ ਜਾਣਕਾਰੀ ਹੋ ਜਾਣੀ ਚਾਹੀਦੀ ਕਿ ਉਸ ਵੇਲੇ ਦੀਆਂ ਸਿਖ ਸੰਗਤਾਂ ਵਿਚ ਆਪ ਦੇ ਗੁਰਮਤ ਪ੍ਰਚਾਰ ਤੇ ਉਚੇ ਸੁਚੇ ਆਚਾਰ ਵਿਹਾਰ ਦਾ ਕਿਤਨਾ ਪ੍ਰਭਾਉ ਪੈ ਚੁਕਾ ਸੀ ਕਿ ਇਤਨੀ ਗਿਣਤੀ ਦੀਆਂ ਯਾਦਗਾਰਾਂ, ਅਥਵਾ ਦਮਦਮੇ ਗੁਰਦਵਾਰੇ ਸਥਾਪਤ ਕੀਤੇ ਜਾਂਦੇ ਰਹੇ ਸੀ।

ਪਾਠਕਾਂ ਨੂੰ ਪਿਛੇ ਪੜ੍ਹ ਲਿਆ ਹੈ ਕਿ ਬਾਬਾ ਜੀ ਦੇ ਬੇਅੰਤ, ਸ਼ਰਧਾਲੂ ਪ੍ਰੇਮੀ ਸਿਖ ਅਤੇ ਸ਼ੁਭਚਿੰਤਕ ਸੋਵਕ ਹੈ ਗੇ ਸਨ, ਬਹੁਤਿਆਂ ਉਤੇ ਬਖਸ਼ੀਸਾਂ ਵੀ ਕੀਤੀਆਂ ਤੇ ਨਿਕਟ ਵਰਤੀਆਂ ਵਿਚੋਂ ਸੰਤ ਬਾਬਾ ਖੁਦਾ ਸਿੰਘ ਜੈਸੇ ਉਚ ਕੋਟਿ ਦੇ ਸਨ, ਪਰ ਗੁਰੂ ਨਾਨਕ ਦੇਵ ਜੀ ਦੀ ਅੰਸ਼ ਬੰਸ, ੧੪ਵਾਂ ਥਾਂ ਬਾਬਾ ਖੇਮ ਸਿੰਘ ਜੀ ਵੱਦੀ ਤੇ ਜੋ ਨਾਮ ਅੰਮ੍ਰਿਤ ਦੀ ਦਾਤ ਨਾਲ ਸੰਤ ਸ਼ਕਤੀ ਦੀ ਬਖਸ਼ਸ਼ ਕੀਤੀ ਸੀ ਉਹਦੀ ਪ੍ਰੰਪਰਾ ਵਿਚ ਸਿਖ ਸੰਗਤਾਂ ਨੂੰ ਜਾਣੂ ਕਰਾਣ ਵਾਸਤੇ ਸੰਮਤ ੧੯੦੦ ਵਿਚ ਅਲਾਕੇ ਵਾਰ ਪ੍ਰਚਾਰ ਕਰਦੇ ਕਰਦੇ ਹੋਲੇ ਮਹਲੇ ਵਾਸਤੇ ਬਾਬਾ ਬੀਰ ਸਿੰਘ ਮਲਸੀਹਾਂ ਆਇ। ਜਿਥੇ ਕਿ ਬਾਬਾ ਖੇਮ ਸਿੰਘ ਤੇ ਸ੍ਰੀ ਪੂਰਨ ਸਿੰਘ ਜੀ ਇਥੇ ਰਹਿੰਦੇ ਸਨ। ਇਹ ਜ਼ਿਕਰ ਨੂੰਥ ਬੀਰ ਮ੍ਰਿਗੇਸ਼ ਜੁਰਬਿਲਾਸ ਦੇ ਸਫਾ ੧੪੭੯ ਉਤੇ ਮੌਜੂਦ ਲਿਖਿਆ ਹੈ :

(ਬਾਬਾ ਬੀਰ ਸਿੰਘ) "ਇਸ ਪ੍ਰਕਾਰ ਆਪਣੇ ਪਿਆਰੇ ਸਿਖਾਂ ਕੋ ਸਤਨਾਮ ਦਾ ਉਪਦੇਸ਼ ਦੇ ਕੈ ਸਤਿਪਦ ਕੋ ਪ੍ਰਾਪਤ ਕਰਤੇ ਹੁਏ ਮਲਸੀਹਾਂ ਨਗਰ (ਜਿਲਾ ਜਲੰਧਰ) ਮੈਂ ਬਾਬਾ ਖੇਮ ਸਿੰਘ ਜਾ ਪ੍ਰਭਾ ਵਧਾਵਨੇ ਵਾਸਤੇ ਤਹਾਂ ਜਾਇਕੈ ਦੋਲਾ ਮਹਲਾ ਕਰਤੇ ਭਏ"।

ਉਸ ਪਹਿਲੇ ਜਸਾਨੇ ਵਿਚ ਹੋਲਾ ਮਹਲਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਵੇਲੇ ਤੋਂ ਸ੍ਰੀ ਅਨੰਦਪੁਰ ਵਾਲੂ ਸੀ। ਗੁਰੂ ਸਾਹਿਬ ਤੋਂ ਬਾਦ ਅਲਾਕੇ ਵਾਰ ਸਿਖ ਸੰਗਤਾਂ ਦੋਲਾ ਮਹਲਾ ਅਨੰਦਪੁਰ ਆਉਂਦੀਆਂ, ਅਤੇ ਉਥੇ ਵਾਰਗਾ ਹੋ ਕੇ ਤੁਜੇ ਦਿਨ ਵਾਪਸ ਹੋਈਆਂ ਸੰਗਤਾਂ ਉਨ੍ਹੇ ਸਾਹਿਬ ਜਾ ਕੇ ਬਾਬਾ ਸਾਹਿਬ ਸਿੰਘ ਹਾਹਿਬ ਦੇ ਦਰਸ਼ਨ ਕਰਦੀਆਂ ਅਤੇ ਇਥੇ ਵੀ ਹੋਲਾ ਮਨਾਇਆ ਜਾਂਦਾ ਸੀ। ਬਹੁਤ ਉਤਸਾਹ ਹੁੰਦਾ ਸਮਾਗਮ ਹੁੰਦਾ ਸੀ, ਪਰ ਬਾਬਾ ਸਾਹਿਬ ਸਿੰਘ ਦੇ ਜੋਤੀ ਜੋਤ ਸਮਾਏ ਮਗਰੂੰ ਬਾਬਾ ਬਿਛਨ ਸਿੰਘ ਤੇ ਉਹਤੋ ਬਾਬਾ ਸ੍ਰੀ ਪੂਰਨ ਸਿੰਘ ਤੇ ਬਾਬਾ ਖੇਮ ਸਿੰਘ ਨਾਲ (ਦਾਦਾ ਸਰੂਪ ਦੇਵੀ) ਬਾਬਾ ਬਿਕ੍ਰਮ ਸਿੰਘ ਵਲੋਂ ਤੇ ਵਰਤਾਰਾ ਵਰਤਿਆ ਗਿਆ ਸੀ, ਜਿਨ੍ਹਾਂ ਦੋਹਾਂ ਖਾਨਦਾਨਾਂ ਦਾ ਸਬੰਧ ਮਿਲ ਬੈਠਣਾ ਤੇ ਵਰਤਾਰਾ ਟੁੱਟ ਗੇ ਵਰਤਾਰਾ ਵਰਤਿਆ ਗਿਆ ਸੀ। ਇਸ ਵਾਸਤੇ ਹੁਣ ਬਾਬਾ ਸੰਪੂਰਨ ਸਿੰਘ ਅਤੇ ਬਾਬਾ ਖੇਮ ਸਿੰਘ ਜੀ ਨੇ ਵੀ ਉਕਤ ਬਜ਼ੁਰਗਾਂ ਦੀ ਰਵਾਇਤ ਦੀ ਰੀਤ ਨੂੰ ਕਾਇਮ ਰਖਿਆ ਤੇ ਹੋਲਾ ਮਹਲਾ ਮਲਸੀਹਾਂ ਮਨਾਇਆ ਕਰਦੇ ਸਨ ਜਿਸ ਥਾਂ ਰਲਾਕੀ ਇਸ ਰੀਤ ਨੂੰ ਕਾਇਮ ਰਖਿਆ ਤੇ ਹੋਲਾ ਮਹਲਾ ਮਲਸੀਹਾਂ ਮਨਾਇਆ ਕਰਦੇ ਸਨ ਜਿਸ ਤੋਂ ਬਾਬਾ ਬੀਰ ਸਿੰਘ ਇਥੇ ਆਇ ਤੇ ਹਫ਼ਤਾਂ ਦੇ ਇਕੱਠ ਵਿਚ ਬਾਬਾ ਖੇਮ ਸਿੰਘ ਜੀ ਨੂੰ ਸਲਾਹਿਆ ਸੀ।

ਮਲਸੀਹਾਂ ਵਿਚ ਬਾਬਾ ਜੀ ਜਾ ਕਈ ਦਿਨ ਮੁਕਾਮ ਰਿਹਾ, ਆਪ ਜੀ ਦੇ ਧਰਮ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਸ੍ਰੈਂਕੜੇ ਲੋਕਾਂ ਨੇ ਅੰਮ੍ਰਿਤ ਛਕਿਆ ਜੋ (ਪੰਜ ਤਿਆਰ ਬਰ ਤਿਆਰ ਸਿੰਘ ਰਾਹੀਂ) ਤਿਆਰ ਕੀਤਾ ਗਿਆ ਸੀ ਤੇ ਅੰਮ੍ਰਿਤ ਛਕਾਏ ਨਾਲ ਨਾਮ ਮੰਤ੍ਰ ਦਾ ਉਪਦੇਸ਼ ਦ੍ਰਿੜ ਕਰਾਉਣ ਦੀ ਵਿਧੀ ਤੋਂ ਬਾਬਾ ਖੇਮ ਸਿੰਘ ਜੀ ਨੂੰ ਨਾਲੋ ਨਾਲ ਜਾਣੂ ਕਰਾਇਆ ਅਤੇ ਸਮੂਹ ਸੰਗਤਾਂ ਵਿਚ ਇਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਦੇ ਰੂਪ ਸੋਭੀ ਸਾਧੂ ਸਿੰਘ ਨੇ ਆਪ ਦਾ ਬਹੁਤ ਮਾਨ ਸਤਿਕਾਰ ਕੀਤਾ। ਇਵੇਂ ਵਿਦਾਇਗੀ ਪਾ ਕੇ ਬਾਬਾ ਜੀ ਸ੍ਰੀ ਕਰਤਾਰਪੁਰ ਜਾ ਕੇ ਵਿਸਾਖੀ ਦਾ ਮੇਲਾ ਕੀਤਾ। ਜਿਥੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ (ਭਾਈ ਗੁਰਦਾਸ ਜੀ ਹੱਥੋਂ ਲਿਖੀ) ਮੌਜੂਦ ਹੈ ਤੇ ਜਿਥੇ ਬਾਬਾ ਜੀ ਨੇ ਸੰਗਤਾਂ ਨੂੰ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕੀਤੇ। ਕੜਾਹ ਪ੍ਰਸਾਦਿ ਅਤੇ ੧੨੫ ਰੁਪਏ ਸਤਿਕਾਰ ਵਜੋਂ ਸਮਰਪਤ ਕੀਤੇ। ਇਵੇਂ ਦੇ ਪ੍ਰਬੰਧ ਨੇ

ਵਿਅਕਤੀ ਦਾ ਸਬੂਤ ਹੈ ਤੇ 'ਗੁਰ ਸਿਖ ਮੀਤ ਚਲੈ ਗੁਰ ਚਾਲੀ' ਇਨ੍ਹਾਂ ਨੂੰ ਗੁਰਮਤ ਪ੍ਰਚਾਰ ਦੀ ਸ਼ਤਿਰੂਪੀ ਸਮਾਨ ਚਾਲੀ ਚਲਦੇ ਦੇਖ ਕੇ ਅਤੇ 'ਗੁਰਸਿਖ ਗੁਰੂ ਹੈ ਏਕੋ ਮਿਲ ਗੁਰ ਉਪਦੇਸ਼ ਚਲਾਈ' ਐਸਾ ਅਨੁਭਵ ਕਰਦੇ ਹੋਇਆਂ ਹੀ ਲੋਕੀ ਇਨ੍ਹਾਂ ਨੂੰ ਸ੍ਰੀ ਬਾਬਾ ਬੀਰ ਸਿੰਘ ਅਥਵਾ ਗੁਰੂ ਬੀਰ ਸਿੰਘ ਨਾਮ ਨਾਲ ਵੀ ਯਾਦ ਕੀਤਾ ਕਰਦੇ ਸਨ।

ਇਸ ਵੇਲੇ ਸਿੱਖ ਰਾਜ ਲਾਹੌਰ ਦਰਬਾਰ ਵਿਚ ਕੀ ਵਰਤਾਰਾ ਵਰਤ ਰਿਹਾ ਸੀ

ਮਹਾਂਰਾਜਾ ਰਣਜੀਤ ਸਿੰਘ ਨੇ ਇਕ ਸੁਕਰਚੱਕੀਆਂ ਮਿਸਲ ਦੀ ਸਰਦਾਰੀ ਸੰਭਾਲੇ ਮਗਰੋਂ ਬਾਬਾ ਸਾਹਿਬ ਸਿੰਘ ਜੀ ਬੇਦੀ ਦੀਆਂ ਅਸੀਸਾਂ ਦਾ ਪਾਤਰ ਬਣ ਕੇ ਜਿਸ ਹੁਸ਼ਿਆਰੀ, ਦਲੇਰੀ ਅਤੇ ਸਿਆਣਪ ਨਾਲ ੧੨ ਮਿਸਲਾਂ ਨੂੰ ਖਤਮ ਕਰਕੇ ਇਕੋ 'ਖਾਲਸਾ ਰਾਜ' ਕਾਇਮ ਕੀਤਾ ਸੀ ਉਹ ਤਵਾਰੀਖੀ ਸਾਖਯ ਬੇ-ਸ਼ੁਮਾਰ ਲੇਖਕਾਂ ਨੇ ਕਈ ਇਤਿਹਾਸਕ ਪੁਸਤਕਾਂ ਵਿਚ ਦਰਸਾਏ ਹਨ। ਪਰ ਸੰਨ ੧੮੩੯ (ਮੁਤਾਬਕ ਸੰਮਤ ੧੮੯੬) ਦੀ ੨੭ ਜੂਨ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਮਗਰੋਂ ਲਾਹੌਰ ਦਰਬਾਰ ਵਿਚ ਅੰਦਰੂਨੀ ਤੌਰ ਤੇ ਅੰਗਰੇਜ਼ਾਂ ਨਾਲ ਮਿਲੇ ਹੋਇਆ ਡੋਗਰਾਂ ਭਰਾਵਾਂ ਨੇ ਰਾਜ ਘਰਾਣੇ ਵਿਚ ਆਪਣੀਆਂ ਕੁਟਿਲ ਚਾਲਾਂ ਨਾਲ ਫੁਟ ਪਾਣੀ ਸ਼ੁਰੂ ਕਰ ਦਿਤੀ ਸੀ।

ਮਹਾਂਰਾਜਾ ਰਣਜੀਤ ਸਿੰਘ ਨੇ ਅਪਨੇ ਬਹਿਜਾਦੇ ਖੜਕ ਸਿੰਘ ਨੂੰ ਅਪਨਾਂ ਜਾ ਨਸ਼ੀਨ ਪੰਜਾਬ ਦਾ ਬਾਦਸ਼ਾਹ ਥਾਪਿਆ ਸੀ। ਇਹ ਗਲ ਡੋਗਰਿਆਂ ਨੂੰ ਪਸੰਦ ਨਹੀਂ ਸੀ ਉਨ੍ਹਾਂ ਨੂੰ ਇਹ ਉਮੀਦ ਸੀ ਕਿ ਮਹਾਂਰਾਜਾ ਸਾਹਿਬ– ਰਾਜਾ ਧਿਆਨ ਸਿੰਘ ਦੇ ਬੇਟੇ ਰਾਜਾ ਹੀਰਾ ਸਿੰਘ ਨੂੰ ਬਹੁਤ ਅਪਣਾਂਦੇ ਹਨ ਇਸ ਨੂੰ ਤਖਤ ਦਾ ਵਾਰਸ ਬਨਾਣਗੇ, ਪਰ ਹੋਇਆ ਇਸ ਦੇ ਉਲਟ ਤੇ ਮਹਾਰਾਜਾ ਖੜਕ ਸਿੰਘ ਤਖਤ ਤੇ ਬੈਠਦੇ ਸਨ। ਰਾਜਾ ਧਿਆਨ ਸਿੰਘ ਨੇ ਇਸ ਨਾ ਉਮੇਦੀ ਵਿਚ ਫੁਟ ਦਾ ਬੀਜ ਬੋਣਾ ਸ਼ੁਰੂ ਕਰ ਦਿਤਾ ਸੀ।

ਮਹਾਂਰਾਜਾ ਖੜਕ ਸਿੰਘ, ਦਾ ਵਜੀਰ ਭਾਂ ਰਾਜਾ ਧਿਆਨ ਸਿੰਘ ਹੀ ਬਣਿਆ ਪਰ ਇਸ ਦੀ ਬਜਾਏ ਜਿਆਦਾ ਆਪਣੇ ਇਕ ਵਿਸ਼ਵਾਸ਼ੀ ਸ਼ੇਵਕ ਚੇਤ ਸਿੰਘ ਦੀ ਗਲ ਮਹਾਰਾਜ ਖੜਕ ਸਿੰਘ ਜ਼ਿਆਦਾ ਮੰਨਦਾ ਸੀ। ਇਸ ਗੱਲ ਤੋਂ ਰਾਜਾ ਧਿਆਨ ਸਿੰਘ ਬਹੁਤ ਦੁਖੀ ਸੀ। ਜਿਸ ਤੇ ਉਸ ਨੇ ਪੰਹਿਲੇ ਮਹਾਰਾਜਾ ਖੜਕ ਸਿੰਘ, ਕੰਵਰ ਨੌਨਿਹਾਲ ਸਿੰਘ ਤੇ ਇਸ ਦੀ ਮਾਤਾ ਨੂੰ ਗਲਤ ਤੇ ਬੇਬੁਨਿਆਦ ਗਲਾਂ ਦੇ ਸਿਖਾਵੇ ਨਾਲ ਇਕ ਦੂਜੇ ਉਤੇ ਸ਼ਕੀ ਬਨਾਇਆ, ਤੇ ਫੋਜਾਂ ਵਿਚ ਗਲਤ ਪ੍ਰਾਪੋਗੰਡਾ ਸ਼ੁਰੂ ਕਰਾ ਦਿਤਾ ਕਿ ਮਹਾਰਾਜਾ ਖੜਕ ਸਿੰਘ ਤੇ ਚੇਤ ਸਿੰਘ ਅੰਗਰੇਜ਼ਾਂ ਨਾਲ ਮਿਲ ਗਏ ਹਨ ਤੇ ਲਾਹੌਰ ਦਰਬਾਰ ਦੀ ਆਮਦਨੀ ਵਿਚੋਂ ਕੁਝ ਹਿੱਸਾ ਅੰਗਰੇਜ਼ਾਂ ਨੂੰ ਦੇਣਾ ਚਾਹੁੰਦੇ ਹਨ। ਹਾਲਾਂ ਕਿ ਰਾਜਾ ਧਿਆਨ ਸਿੰਘ ਨੇ ਖੁਦ ਉਹਦ ਸਾਸ਼ਕਾਲ ਸ਼ੁਰੂ ਕੀਤੀ ਰਖੀ ਸੀ। ਰਾਜਾ ਧਿਆਨ ਸਿੰਘ ਨੇ ਮਹਾਂਰਾਜਾ ਖੜਕ ਸਿੰਘ ਦੀ ਮੌਹਰ ਲਾ ਕੇ ਅਤੇ ਮਹਾਂ ਰਾਜੇ ਦੇ ਜਾਹਲੀ ਦਸਖਤ ਕਰਕੇ ਇਕ ਚਿੱਠੀ ਸਿਖ ਸਰਦਾਰਾਂ ਨੂੰ ਵਿਖਾਈ ਜਿਸ ਤੇ ਇਸਦਾ ਜਾਲ ਕਲ ਗਿਆ ਤੇ ਇਸਨੇ ਇਕ ਦਿਨ ਪ੍ਰਭਾਤ ਵੇਲੇ ਕੰਵਰ ਨੌਨਿਹਾਲ ਸਿੰਘ ਹੱਥੋਂ ਚੇਤ ਸਿੰਘ ਨੂੰ ਕਤਲ ਕਰਾ ਦਿਤਾ।

ਆਪਣੇ ਵਿਸ਼ਵਾਸੀ ਚੇਤ ਸਿੰਘ ਨੂੰ ਕੰਵਰ ਨੌਨਿਹਾਲ ਸਿੰਘ ਹੁਣੇ ਮਾਰੇ ਜਾਣਾ ਡਿੱਠਾ ਤਦ ਮਹਾਂ-ਰਾਜਾ ਖੜਕ ਸਿੰਘ ਬਹੁਤ ਦੁਖੀ ਹੋਇਆ ਅਤੇ ਕੰਵਰ ਨੌਨਿਹਾਲ ਸਿੰਘ ਅਪਣੇ ਬੇਟੇ ਨੂੰ ਦੁਖੀ ਹਿਰਦੇ ਨਾਲ ਕਿਹਾ–

"ਤੂੰ ਕੌਰ ਨਹੀਂ ਦੇਤ ਹੈਂ। ਕੋਈ ਚੰਗਾ ਆਦਮੀ ਆਪਨੇ ਮਾਤਾ ਪਿਤਾ, ਸੰਤ ਅਤੇ ਗੁਰੂ ਦੀ ਅਵਗਿਆ ਨਹੀਂ ਕਰਦਾ। ਪਰ ਤੂੰ ਚੇਤ ਸਿੰਘ ਨੂੰ ਮਾਰ ਕੇ ਮੈਨੂੰ ਦੁਖੀ ਕੀਤਾ ਹੈ, ਇਸ ਲਈ ਹੁਣ ਲਾਹੌਰ ਦਰਬਾਰ ਵਿਚ ਤੇਰਾ ਮਾਣ ਸਤਿਕਾਰ ਨਹੀਂ ਰਹੇਗਾ। ਜਿਹੜੀ ਤਲਵਾਰ ਤੂੰ ਚੇਤ ਸਿੰਘ ਉਤੇ ਚਲਾਈ ਹੈ, ਇਹ ਹੁਣ ਚਲਦੀ ਹੀ ਰਹੇਗੀ"। (ਇਹ ਜ਼ਿਕਰ ਗ੍ਰੰਥ ਬੀਰ ਮ੍ਰਿਗੇਖ ਵਿਚ ਪੰਡਤ ਸ਼ੇਰ ਸਿੰਘ ਦੀ ਕਲਮ ਦਾ ਲਿਖਿਆ ਹੈ)।

ਐਸੀ ਹਾਲਤ ਵਿਚ ਮਹਾਂਰਾਜਾ ਖੜਕ ਸਿੰਘ ਨੇ ਨਿਰਾਸ਼ ਹੋਕੇ ਤਖਤ ਤਾਜ ਛਡ ਦਿਤਾ ਤੇ ਲਾਹੌਰੀ ਦਰਵਾਜੇ ਦੀ ਬਾਹੀ ਹਵੇਲੀ ਰਿਹਾਇਸ਼ ਰਖ ਲਈ। ਮਹਾਂਰਾਜਾ ਖੜਕ ਸਿੰਘ ਨੇ ਜਦੋਂ ਤਖਤ ਤਾਜ ਛਡਿਆ ਤਦ ਕੰਵਰ ਨੌਨਿਹਾਲ ਸਿੰਘ ਨੂੰ ਤਖਤ ਉਤੇ ਬਿਠਾਕੇ ਪੰਜਾਬ ਦਾ ਬਾਦਸ਼ਾਹ ਅਤੇ ਰਾਜਾ ਧਿਆਨ ਸਿੰਘ ਨੂੰ ਮੁਖੀ ਵੱਡਾ ਵਜੀਰ ਹੋਣ ਦਾ ਐਲਾਨ ਕੀਤਾ ਗਿਆ। ਪਰ ਮਹਾਂਰਾਜਾ ਖੜਕ ਸਿੰਘ ਨੂੰ ਜਿੰਦਾ ਰਖਣਾ ਕਿਵੇਂ ਪਸੰਦ ਸੀ? ਰਾਜਾ ਧਿਆਨ ਸਿੰਘ ਨੇ ਜੋਹਰ ਦਵਾ ਦਿਤਾ ਉਸ ਨੂੰ ਵੀ ਖਤਮ ਕਰਵਾ ਦਿਤਾ ਗਿਆ ਸੀ। ਮਹਾਂਰਾਜਾ ਖੜਕ ਸਿੰਘ ਦੀ ਮੌਤ ਇਨ੍ਹਾਂ ਹਾਲਤਾਂ ਵਿਚ ਸੰਮਤ ੧੮੯੭ (ਮੁਤਾਬਕ ੧੮੪੦) ਵਿਚ ਹੋਈ।

ਇਸ ਵੇਲੇ ਕੰਵਰ ਨੌਨਿਹਾਲ ਸਿੰਘ ਦੀ ਉਮਰ ੧੯ ਸਾਲਾਂ ਦੀ ਸੀ ਜਦੋਂ ਤਖਤ ਉਤੇ ਬੈਠਾ ਸੀ। ਇਸ ਨੂੰ ਵਿਸ਼ਵਾਸ਼ ਸੀ ਕਿ ਡੋਗਰੇ ਭ੍ਰਾਤਾ ਮੇਰੀ ਵਫਾਦਾਰੀ ਕਰਨਗੇ, ਪਰ ਮਹਾਂਰਾਜ ਖੜਕ ਸਿੰਘ ਦੇ ਅੰਤਮ ਸੰਸਕਾਰ ਮਗਰੋਂ ਵਾਪਸ ਮੁੜਿ ਆ ਸੀ ਤਾਂ ਗੁਲਾਬ ਸਿੰਘ ਦੇ ਪੁਤਰ ਮੀਆਂ ਉਧਮ ਸਿੰਘ ਦੀ ਬਾਂਹ ਵਿਚ ਬਾਂਹ ਪਾਈ ਹੋਈ ਸੀ ਇਹ ਜੋੜੀ ਰੂਪ ਜਦੋਂ ਹਜ਼ੂਰੀ ਬਾਗ ਲਾਹੌਰੀ ਡੇਉੜੀ 'ਚੋਂ ਲੰਘ ਰਹੀ ਸੀ, ਤਾਂ ਉਤੋਂ ਡੇਉੜੀ ਦਾ ਛਜਾ ਧਮਾਕੇ ਨਾਲ ਗਿਰਾਇਆ ਗਿਆ। ਉਧਮ ਸਿੰਘ ਤਾਂ ਥਾਂਏ ਮਰ ਗਿਆ ਪਰ ਕੰਵਰ ਨੌਨਿਹਾਲ ਸਿੰਘ ਨੂੰ ਥੋੜ੍ਹਾ ਜਖਮੀ ਹਾਲਤ ਵਿਚ ਕਿਲ੍ਹੇ ਅੰਦਰ ਪੁਚਾਇਆ ਗਿਆ, ਤੇ ਬਾਹਰ ਡੋਗਰਿਆਂ ਦਾ ਪਹਿਰਾ ਲਗਾ ਕੇ ਇਸ ਦੀ ਮਾਤਾ ਚੰਦ ਕੌਰ ਨੂੰ ਵੀ ਅੰਦਰ ਨ ਜਾਣ ਦਿਤਾ ਤੇ ਨਾ ਹੀ ਮਾਂ ਪੁਤਰ ਦਾ ਮੇਲ ਹੋ ਸਕਿਆ। ਅੰਦਰ ਹੀ ਉਸ ਨੂੰ ਵੀ ਮਰਵਾ ਦਿਤਾ ਗਿਆ।

ਕੰਵਰ ਦੀ ਮੌਤ ਪਿਛੋਂ ਇਸ ਦੀ ਮਾਤਾ ਚੰਦ ਕੌਰ ਰਾਜ ਕਾਜ ਸੰਭਾਸ਼ਨਾ ਚਾਹੁੰਦੀ ਸੀ ਪਰ ਡੋਗਰੇ ਭ੍ਰਾਤਾ ਭਾਹੀ ਖਾਨਦਾਨ ਨੂੰ ਖਤਮ ਕਰਨਾ ਚਾਹੁੰਦੇ ਸਨ। ਉਹ ਮਹਾਂਰਾਜਾ ਰਣਜੀਤ ਸਿੰਘ ਦੇ ਦੂਜੇ ਪੁਤਰ ਸ਼ੇਰ ਸਿੰਘ ਨੂੰ ਤਖਤ ਬਿਠਾਵਨਾ ਚਾਹੁੰਦੇ ਸਨ। ਇਸ ਵੇਲੇ ਸੰਧਾਵਾਲੀਏ ਸਰਦਾਰ ਰਾਣੀ ਚੰਦ ਕੌਰ ਦੇ ਹੱਕ ਵਿਚ ਅਤੇ ਸ਼ੇਰ ਸਿੰਘ ਦੇ ਵਿਰੁਧ ਹੋ ਗਏ ਸੀ। ਫੌਜਾਂ ਨੇ ਸ਼ੇਰ ਸਿੰਘ ਦੀ ਸਹੈਤਾ ਨ ਕੀਤੀ ਇਸਤੇ ਰਾਜ ਚੰਦ ਕੌਰ ਨੇ ਹੀ ਸੰਭਾਲ ਲਿਆ ਸੀ ਤੇ ਸ਼ੇਰ ਸਿੰਘ ਮੁੜ ਬਟਾਲੇ ਚਲਾ ਗਿਆ ਸੀ।

ਜਦੋਂ ਰਾਣੀ ਚੰਦ ਕੌਰ ਨੇ ਰਾਜ ਪ੍ਰਬੰਧ ਸੰਭਾਲ ਲਿਆ ਤਾਂ ਡੋਗਰਿਆਂ ਭ੍ਰਾਵਾ ਨੇ ਇਕ ਹੋਰ ਪ੍ਰਾਪੋਗੰਡਾ ਸ਼ੁਰੂ ਕੀਤਾ ਕਿ ਰਾਜਾ ਸ਼ੇਰ ਸਿੰਘ ਕਿਉਂ ਨ ਤਖਤ ਤੇ ਬੈਠੇ? ਦੂਜੇ ਰਾਣੀ ਦੀ ਹਜੂਮਤ ਰਹੀ ਤਾਂ ਸੰਧਾਵਾਲੀਏ ਸਰਦਾਰਾਂ ਦੀਆਂ ਤੁਹਾਨੂੰ ਜੁੱਤੀਆਂ ਬਾਜ਼ਨੀਆਂ ਪੋਣਗੀਆਂ। ਉਹ ਜਿਸ ਨੂੰ ਚਾਹੁੰਣਗੇ ਨੌਕਰ ਰਾਖਣ ਹੋਇਆ, ਜਿਸਤੋਂ ਕਈ ਫੌਜਾਂ ਸ਼ੇਰ ਸਿੰਘ ਦੇ ਹਕ ਵਿਚ ਹੋ ਗਈਆਂ ਸਨ ਤੇ ਬਟਾਲੇ ਤੋਂ ਸ਼ੇਰ ਸਿੰਘ ਨੂੰ ਮੁੜ ਬੁਲਾਇਆ ਗਿਆ। ਜੋ ੮੦੦ ਦੇ ਕਰੀਬ ਵੈਜੀ ਜਵਾਨ ਲੈ ਕੇ ਲਾਹੌਰ ਪੁਜਾ ਤੇ ਬਾਲਾਮਾਰ

Scanned with CamScanner

ਬਾਗ ਕੋਲ ਡੇਰਾ ਕੀਤਾ। ਇਧਰੋਂ ੧੪ ਜਨਵਰੀ ਸੰਨ ੧੮੪੧ ਵਿਚ ਸਿਖਾਂ ਦੀਆਂ ਚਾਰ ਪਲਟਨਾਂ ਤੇ ਰਸਾਲੇ ਅਤੇ ਤੋਪਖਾਨੇ ਬੁਧੂ ਦੇ ਆਵੇ ਕੋਲ ਜਾ ਕੇ ਸ਼ੇਰ ਸਿੰਘ ਨੂੰ ਮਿਲੇ ਜਿਨ੍ਹਾਂ ਨੇ ਤੋਪਾਂ ਦੀ ਸਲਾਮੀ ਦੇ ਕੇ ਸ਼ੇਰ ਸਿੰਘ ਨੂੰ ਲਾਹੌਰ ਦਾ ਬਾਦਸ਼ਾਹ ਮੰਨ ਲਿਆ।

ਦੂਜੇ ਪਾਸੇ ਰਾਣੀ ਚੰਦ ਕੌਰ ਨੇ ਵੀ ਆਪਣੀ ਫੌਜ ਮੰਗਵਾ ਲਈ ਤੇ ਆਪੇ ਵਿਚ ਇਹ ਲੜਾਈ ਘਮਸਾਨ ਦੀ ਤਿੰਨ ਦਿਨ ਜਾਰੀ ਰਹੀ, ਪਰ ਬਾਬਾ ਬਿਕ੍ਰਮ ਸਿੰਘ ਵੈਦੀ ਜੀ ਨੇ ਵਿਚ ਪੈ ਕੇ ਸੰਧੀ ਖਤਮ ਕਰਾ ਦਿਤੀ ਤੇ ਹੇਠ ਲਿਖਿਆਂ ਸ਼ਰਤਾਂ ਉਤੇ ਰਾਜੀਨਾਮਾ ਹੋਇਆ।

੧- ਲਾਹੌਰ ਦੇ ਤਖਤ ਉਤੇ ਸ਼ੇਰ ਸਿੰਘ ਬਿਠਾਇਆ ਜਾਏ।

੨- ਰਾਣੀ ਚੰਦ ਕੌਰ ਨੂੰ ਸੰਮੂ ਦੇ ਇਲਾਕੇ ਵਿਚ ੧੬ ਲੱਖ ਦੀ ਜ਼ਾਗੀਰ ਦਿਤੀ ਜਾਵੇ। ਜਿਸਦਾ ਪ੍ਰਬੰਧ ਰਾਜਾ ਗੁਲਾਬ ਸਿੰਘ ਕਰੇ।

ਇਹ ਸ਼ਰਤਾਂ ਦੋਹਾਂ ਪਾਸਿਆਂ ਦੇ ਪ੍ਰਵਾਨ ਕੀਤੀਆਂ ਤੇ ਮਹਾਂਰਾਜਾ ਸ਼ੇਰ ਸਿੰਘ ਨੂੰ ਅਤੇ ਰਾਜਾ ਧਿਆਨ ਸਿੰਘ ਨੂੰ ਫਿਰ ਮੁਖ ਮੰਤਰੀ ਬਣਾਇਆ ਗਿਆ ਸੀ।

ਰਾਣੀ ਚੰਦ ਕੌਰ ਦੀ ਸੰਮੂ ਵਿਚ ਮੌਤ

ਉਕਤ ਰਾਜੀਨਾਮੇ ਦੀਆਂ ਸ਼ਰਤਾਂ ਮੁਤਾਬਕ ਰਾਣੀ ਚੰਦ ਕੌਰ ਸੰਮੂ ਚਲੀ ਗਈ, ਤੇ ੧੯ ਲੱਖ ਦੀ ਜਾਗੀਰ ਦਾ ਪ੍ਰਬੰਧ ਰਾਣੀ ਚੰਦ ਕੌਰ ਵਲੋਂ ਰਾਜਾ ਗੁਲਾਬ ਸਿੰਘ ਨੇ ਸੰਭਾਲਿਆ ਪਰ ਇਹ ਤਾਂ ਇਕ ਥੋੜੇ ਸਮੇਂ ਵਾਸਤੇ ਰਾਣੀ ਨੂੰ ਭਰੋਸਾ ਸੀ। ਇਹ ਵੀ ਲਿਖਤੀ ਹਵਾਲਾ ਹੈ ਕਿ ਰਾਣੀ ਚੰਦ ਕੌਰ ਨੇ ਸ਼ੇਰ ਸਿੰਘ ਤੋਂ ਚਾਦਰ ਪਵਾ ਕੇ ਉਸ ਦੀ ਰਾਣੀ ਹੋ ਜਾਣਾ ਮੰਨ ਲਿਆ ਸੀ। ਪਰ ਇਹ ਗਲ ਡੋਗਰੇ ਗੁਲਾਬ ਸਿੰਘ ਨੂੰ ਪਸੰਦ ਨਹੀਂ ਸੀ। ਉਸਨੇ ਬੇ ਰਹਿਮੀ ਨਾਲ ਰਾਣੀ ਦੀਆਂ ਚਾਰ ਗੋਲੀਆਂ ਅਤੇ ਰਾਣੀ ਚੰਦ ਕੌਰ ਨੂੰ ਪੱਥਰਾਂ ਨਾਲ ਮਰਵਾ ਦਿਤਾ। ਇਸ ਵੇਲੇ ਸ਼ੇਰ ਸਿੰਘ ਖੁਦ ਵਜੀਰਾਬਾਦ ਵਿਚ ਆਇਆ ਹੋਇਆ ਸੀ ਪਰ ਲੋਕਾਂ ਵਿਚ ਭੁਲੇਖਾ ਪਾਣ ਵਾਸਤੇ ਤੇ ਆਪਣੇ ਭ੍ਰਾਤਾ ਗੁਲਾਬ ਸਿੰਘ ਨੂੰ ਬੇ ਕਸੂਰਾ ਸਾਬਤ ਕਰਨ ਵਾਸਤੇ ਰਾਜਾ ਧਿਆਨ ਸਿੰਘ ਨੇ ਉਨ੍ਹਾਂ ਤਿੰਨ ਗੋਲੀਆਂ ਨੂੰ ਮਰਵਾ ਦਿਤਾ (ਵਾਹੇ ਲਵਾਇਆ) ਕਿ ਜਿਨ੍ਹਾਂ ਹੱਥੀਂ ਸਾਜਸ਼ ਕਰਕੇ ਰਾਣੀ ਚੰਦ ਕੌਰ ਤੇ ੪ ਗੋਲੀਆਂ ਨੂੰ ਮਰਵਾਇਆ ਸੀ ਤੇ ਨਾਲ ਹੀ ਕੰਵਰ ਨੌਨਿਹਾਲ ਸਿੰਘ ਦੀ ਰਾਣੀ ਨੂੰ ਵੀ ਮਰਵਾ ਦਿਤਾ ਗਿਆ। ਹੁਣ ਕੋਈ ਟੁਕਾਵਟ ਤਾਂ ਰਹੀ ਨਹੀਂ ਸੀ ਡੋਗਰੇ ਰਾਜਾ ਗੁਲਾਬ ਸਿੰਘ ਨੇ ੧੬ ਲੱਖ ਦੀ ਜਗੀਰ ਖੁਦ ਸੰਭਾਲੀ (ਮਾਲਕ ਬਣ ਬੈਠਾ) ਤੇ ਰਾਣੀ ਚੰਦ ਕੌਰ ਦਾ ਸੰਸਕਾਰ ਸੰਮੂ ਵਿਚ ਹੀ ਕਰਾ ਦਿਤਾ ਜਿਥੇ ਹੁਣ ਠੀਕ ਉਸ ਦੀ ਸਮਾਧ ਹੈ।

ਇਤਿਹਾਸ ਦਸਦਾ ਹੈ ਕਿ ਮਹਾਂਰਾਜਾ ਸ਼ੇਰ ਸਿੰਘ ਨੇ ਕੁਝ ਚਿਰ ਰਾਜ ਪ੍ਰਬੰਧ ਚੰਗਾ ਚਲਾਇਆ ਪਰ ਸੰਧਾਵਾਲੀਏ ਸਰਦਾਰਾਂ ਨੂੰ ਜਿਹੜੇ ਕਿ ਮਹਾਂਰਾਜਾ ਰਣਜੀਤ ਸਿੰਘ ਤੇ ਲਾਹੌਰ ਦਰਬਾਰ ਦੇ ਸ਼ੁੱਰੂ ਫੈਲ ਖਾਹ ਸਨ ਇਨ੍ਹਾਂ ਨੂੰ ਮਹਾਂਰਾਜਾ ਖੜਕ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਦੀ ਬੇ-ਰਹਿਮੀ ਨਾਲ ਹੱਥੀ ਮੌਤ ਨੂੰ ਅੰਦਰੂਨੀ ਜਲਾ ਰਖਿਆਸੀ, ਭਾਵ ਦੁਖੀ ਕੀਤਾ ਹੋਇਆ ਸੀ। ਤੇ ਰਾਜਾ ਧਿਆਨ ਸਿੰਘ ਤੇ ਸ਼ੇਰ ਸਿੰਘ ਤੋਂ ਬਦਲਾ ਲੈਣ ਦਾ ਮਨ ਬਣਾ ਬੈਠੇ ਸਨ, ਪਰ ਸ਼ੇਰ ਸਿੰਘ ਵੀ ਸਮਝਦਾ ਸੀ ਕਿ ਜਿਸ ਤਰੀਕੇ ਨਾਲ, ਸ਼ਾਸਣ ਕਰਕੇ ਇਸ ਨੂੰ ਤਖਤ ਤੇ ਬਿਠਾਇਆ ਗਿਆ ਹੈ ਇਹ ਗਲ ਸੰਧਾਵਾਲੀਏ ਸਰਦਾਰਾਂ ਦੀ ਅਣਡਿੱਠ

ਸੀ ਅਤੇ ਉਨ੍ਹਾਂ ਪਾਸੋਂ ਉਸ ਨੂੰ ਖਤਰਾ ਵੀ ਜ਼ਰੂਰ ਸੀ। ਇਸ ਨੇ ਤਖਤ ਸੰਭਾਲੇ ਤੋਂ ਦੋੜੇ ਦਿਨਾਂ ਬਾਹਦ ਹੀ ਸਰਦਾਰ ਲਹਿਣਾ ਸਿੰਘ ਸੰਧਾਵਾਲੀਏ ਨੂੰ ਕੈਦ ਕਰ ਲਿਆ ਤੇ ਸਰਦਾਰ ਅਤਰ ਸਿੰਘ ਤੇ ਅਜੀਤ ਸਿੰਘ ਜਿਨਾਂ ਬਹੁਤ ਅਰਸਾ ਪਹਿਲੇ ਹੀ ਲਾਹੌਰ ਦਰਬਾਰ ਵਿਚ ਵਾਪਰਦੇ ਹਾਲਾਤ ਤੋਂ ਜ਼ਥਣ ਵਾਸਤੇ ਆਪਣੇ ਘਰ ਭੇਜ ਚੁਕੇ ਸਮੇਤ ਸਾਰੇ ਪ੍ਰਵਾਰ ਨੂੰ ਨੌਰੰਗਾਬਾਦ (ਬਾਬਾ ਬੀਰ ਸਿੰਘ ਜੀ ਪਾਸ) ਭੇਜ ਦਿਤਾ ਹੋਇਆ ਸੀ ਤੇ ਹੁਣ ਜਦੋਂ ਸਰਦਾਰ ਲਹਿਣਾ ਸਿੰਘ ਨੂੰ ਸ਼ੇਰ ਸਿੰਘ ਨੇ ਕੈਦ ਕਰ ਲਿਆ ਤਿਠਾ, ਤਾਂ ਦੋਵੇਂ ਸਰਦਾਰ (ਅਤਰ ਸਿੰਘ ਤੇ ਅਜੀਤ ਸਿੰਘ) ਵੀ ਨੱਠ ਕੇ ਅੰਗਰੇਜੀ ਇਲਾਕੇ ਵਿਚ ਚਲੇ ਗਏ ਸੀ।

ਮਹਾਂਰਾਜਾ ਸ਼ੇਰ ਸਿੰਘ ਸ੍ਰੀ ਅੰਮ੍ਰਿਤਸਰ ਗਿਆ

ਕੁਝ ਦਿਨਾਂ ਬਾਹਦ ਮਹਾਂਰਾਜਾ ਸ਼ੇਰ ਸਿੰਘ ਦਰਬਾਰ ਸਾਹਿਬ ਦੇ ਦਰਸ਼ਨ ਇਸ਼ਨਾਨ ਸ੍ਰੀ ਅੰਮ੍ਰਿਤਸਰ ਗਿਆ ਤਦ ਉਹਦੇ ਦੇ ਹੈਡ ਗ੍ਰੰਥੀ ਸਾਹਿਬ ਗਿਆਨੀ ਗੁਰਮੁਖ ਸਿੰਘ ਦੇ ਸਮਝਾਉਣ ਪਰ ਉਸ ਨੇ ਸ: ਲਹਿਣਾ ਸਿੰਘ ਨੂੰ ਰਿਹਾ ਕਰ ਦਿਤਾ ਅਤੇ ਸਰਦਾਰ ਅਤਰ ਸਿੰਘ ਅਤੇ ਅਜੀਤ ਸਿੰਘ ਨੂੰ ਵੀ ਅੰਗਰੇਜੀ ਇਲਾਕੇ ਵਿਚੋਂ ਵਾਪਸ ਬੁਲਾ ਕੇ ਰਾਜੀਨਾਮਾ ਕਰ ਲਿਆ। ਪਰ ਇਨ੍ਹਾਂ ਨੂੰ ਪਤਾ ਸੀ ਕਿ ਕਿਸੇ ਦਿਨ ਧਿਆਨ ਸਿੰਘ ਦੇ ਸਿਖਲਾਏ ਭੜਕਾਏ ਹੋਇਆਂ ਸਾਨੂੰ ਜ਼ਿੰਦਾ ਨਹੀਂ ਰਹਿਣ ਦੇਣਾ ਹੈ ਜਿਸ ਤੋਂ ਮੌਕਾ ਪਾ ਕੇ ਇਕ ਦਿਨ, ਜਦੋਂ ਕਿ ਮਹਾਂਰਾਜਾ ਸ਼ੇਰ ਸਿੰਘ ਬਾਹ ਬਿਲਾਵਲ ਪਾਸ ਬੈਠਾ ਪਹਿਲਵਾਨਾਂ ਦੀਆਂ ਕੁਸ਼ਤੀਆਂ ਵੇਖ ਰਿਹਾ ਸੀ ਤੇ ਇਸ ਦਾ ਪੁਤਰ ਕੰਵਰ ਪ੍ਰਤਾਪ ਸਿੰਘ 'ਪਦਾਨੀਏ' ਬਾਗ ਵਿਚ ਸੀ ਤਾਂ ਅਜੀਤ ਸਿੰਘ ਸੰਧਾਵਾਲੀਏ ਨੇ ਮੌਕਾ ਤਾੜ ਕੇ ੧੫ ਸਤੰਬਰ ੧੮੪੩ ਨੂੰ ਮਹਾਂਰਾਜਾ ਸ਼ੇਰ ਸਿੰਘ ਨੂੰ ਇਕ ਬੰਦੂਕ ਦਿਖਾਈ ਤੇ ਉਸ ਦਾ ਘੋੜਾ ਦਬਾ ਕੇ ਗੋਲੀ ਨਾਲ ਸ਼ੇਰ ਸਿੰਘ ਨੂੰ ਉਥੇ ਹੀ ਮਾਰ ਦਿਤਾ ਅਤੇ ਉਸਦੇ ਪੁਤਰ ਕੰਵਰ ਪ੍ਰਤਾਪ ਸਿੰਘ ਨੂੰ ਵੀ ਸ: ਲਹਿਣਾ ਸਿੰਘ ਨੇ ਜਾ ਕੇ ਕਤਲ ਕਰ ਦਿਤਾ। ਅਤੇ ਇਨ੍ਹਾਂ ਦੋਹਾਂ ਦੇ ਸਿਰ ਵਢ ਕੇ ਨੇਜਿਆ ਉਤੇ ਟੰਗ ਲਏ ਤੇ ਲਾਹੌਰ ਕਿਲੇ ਵਲ ਨੂੰ ਚਲੇ ਗਏ, ਅਤੇ ਅਗੇ ਜਾਂਵਿਆਂ ਹੀ ਧਿਆਨ ਸਿੰਘ ਡੋਗਰਾ ਮਿਲ ਗਿਆ ਤੇ ਸ: ਅਜੀਤ ਸਿੰਘ ਦੇ ਇਕ ਸਾਥੀ ਨੇ ਧਿਆਨ ਸਿੰਘ ਨੂੰ ਗੋਲੀ ਮਾਰ ਕੇ ਉਥੇ ਹੀ ਢੇਰ ਕਰ ਦਿਤਾ ਸੀ।

ਨਾਬਾਲਗ ਮਹਾਂਰਾਜਾ ਦਲੀਪ ਸਿੰਘ ਨੂੰ ਤਖਤ ਪਰ ਬਿਠਾਇਆ

ਅਜੀਤ ਸਿੰਘ ਸੰਧਾਵਾਲੀਏ ਨੇ ਰਾਜ ਮਹਿਲਾਂ ਵਿਚ ਜਾ ਕੇ ਸ਼ੇਰ ਸਿੰਘ ਤੇ ਕੰਵਰ ਪ੍ਰਤਾਪ ਸਿੰਘ ਦੇ ਕੱਟੇ ਹੋਏ ਸਿਰਾਂ ਦਾ ਵਟਿਆ ਸਿਰ ਵਿਖਾਇਆ ਅਤੇ ਸ਼ੇਰ ਸਿੰਘ ਦੇ ਲਹੂ ਦਾ ਤਿਲਕ ਲਾ ਕੇ ਪੰਜ ਸਾਲ ਦੇ ਨਿੱਕੇ ਜਹੇ ਮਹਾਂਰਾਜਾ ਦਲੀਪ ਸਿੰਘ ਨੂੰ ਸ਼ਾਹੀ ਤਖਤ ਤੇ ਬਿਠਾ ਦਿਤਾ।

ਇਸ ਕੱਲ ਦਾ ਪਤਾ ਹੀਰਾ ਸਿੰਘ ਡੋਗਰੇ ਨੂੰ ਹੋਇਆ ਕਿ ਮਹਾਂਰਾਜਾ ਸ਼ੇਰ ਸਿੰਘ ਉਸ ਦਾ ਪੁਤਰ ਕੰਵਰ ਪ੍ਰਤਾਪ ਸਿੰਘ ਤੇ ਰਾਜਾ ਧਿਆਨ ਸਿੰਘ ਵੀ ਮਾਰੇ ਗਏ ਹਨ ਤਾਂ ਉਹ ਬਹੁਤ ਤਭਲਿਆ, ਹੋਇਆ ਸੀ ਪਰ ਇਸਦੇ ਚਾਹੇ ਵੇਤ ਸਿੰਘ ਨੇ ਇਸ ਨੂੰ ਧੀਰਜ ਦੇ ਕੇ ਉਕਸਾਇਆ ਕਿ ਉਹ ਦੇਵੇ ਨਹੀਂ, ਮੌਕਾ ਦਾ ਬਦਲਾ ਲੈਣ ਲਈ ਮੌਕੇ। ਤਦ ਇਸ (ਹੀਰਾ ਸਿੰਘ) ਨੇ ਦੋਜਾਂ ਵਿਚ ਆਪਣੇ ਪੁਤਰ ਨੂੰ ਮਿਲਾਂ ਨਾਲ ਸਾਜ ਬਾਜ ਕਰ ਕੇ ਹਾਂ ਇਹ ਪ੍ਰਾਪੋਗੰਡਾ ਕਰਾਇਆ ਕਿ ਸੰਧਾਵਾਲੀਏ ਸਰਦਾਰਾਂ ਨੇ ਅੰਗਰੇਜਾਂ ਨਾਲ ਸਾਜ ਬਾਜ ਕਰ ਕੇ

Scanned with CamScanner

ਮਹਾਰਾਜਾ ਸ਼ੇਰ ਸਿੰਘ ਤੇ ਕੰਵਰ ਪ੍ਰਤਾਪ ਸਿੰਘ ਨੂੰ ਖਤਮ ਕੀਤਾ ਤੇ ਨਾਬਾਲਗ ਦਲੀਪ ਸਿੰਘ ਨੂੰ ਬਾਦਸ਼ਾਹ ਬਣਾ ਕੇ ਖੁਦ ਵਡਾ ਵਜ਼ੀਰ ਬਣਿਆ ਹੈ। ਐਸੀ ਹਾਲਤ ਵਿਚ ਜਦੋਂ ਕਿ ਅੰਗਰੇਜਾਂ ਦਾ ਦਖਲ ਲਾਹੌਰ ਦਰਬਾਰ 'ਚ ਸ਼ੁਰੂ ਹੋ ਗਿਆ ਤਦ ਫਿਰ ਰਾਜ ਦਾ ਕਾਇਮ ਰਹਿਣਾ ਮੁਸ਼ਕਿਲ ਹੋ ਜਾਏਗਾ। ਇਸ ਪ੍ਰਾਪੋਗੰਡਾ ਦਾ ਅਸਰ, ਸਿਖ ਫੌਜਾਂ ਨੇ ਕਬੂਲ ਕੀਤਾ ਤੇ ਕਿਲ੍ਹੇ ਨੂੰ ਘੇਰਾ ਪਾ ਲਿਆ ਜਦੋਂ ਕਿ ਸੰਧਾਵਾਲੀਏ ਸਰਦਾਰ ਵੀ ਕਿਲ੍ਹੇ ਵਿਚ ਸਨ ਸਾਰੀ ਰਾਤ ਦੁਪਾਸੀ ਗੋਲਾਬਾਰੀ ਹੁੰਦੀ ਰਹੀ। ਕਿਲ੍ਹੇ ਵਿਚ ਦੀ ਬਹੁਤ ਫੌਜ ਜਦੋਂ ਮਾਰੀ ਗਈ ਤੇ ਸੰਧਾਵਾਲੀਏ ਸ੍ਰ: ਲਹਿਣਾ ਸਿੰਘ ਨੂੰ ਗੋਲੀ ਲਗੀ ਵੇਲੇ ਇਹ ਨੱਠ ਪਿਆ ਸੀ, ਪਰ ਫੜਿਆ ਗਿਆ ਸੀ ਫੌਜ ਨੇ ਇਸ ਨੂੰ ਵੀ ਮਾਰ ਦਿਤਾ ਤੇ ਸਿਰ ਵੱਢ ਕੇ ਹੀਰਾ ਸਿੰਘ ਨੂੰ ਜਾ ਵਖਾਇਆ ਤੇ ਇਸੇ ਰਾਤ ਨੂੰ ਅਜੀਤ ਸਿੰਘ ਵੀ ਮਾਰਿਆ ਗਿਆ ਸੀ।

ਐਸੀ ਹਾਲਤ ਹੋਇ ਮਰਗੇ[ਏ] ਹੀਰਾ ਸਿੰਘ ਨੇ ਮਹਾਰਾਜ ਦਲੀਪ ਸਿੰਘ ਨੂੰ ਦੁਬਾਰਾ ਤਖਤ 'ਤੇ ਬਿਠਾ ਕੇ ਮਹਾਰਾਜਗੀ ਦਾ ਤਿਲਕ ਲਾਇਆ ਤੇ ਆਪ ਪ੍ਰਧਾਨ ਮੰਤ੍ਰੀ ਬਣ ਬੈਠਾ ਸੀ। ਉਕਤ ਲੜਾਈ ਵੇਲੇ ਕਿਲ੍ਹੇ ਵਿਚ ਹੀ ਗਿਆਨੀ ਗੁਰਮੁਖ ਸਿੰਘ ਹੈਡ ਗਰੰਥੀ ਸਾਹਿਬ ਅਤੇ ਮਿਸਰ ਬੇਲੀ ਰਾਮ ਵੀ ਮਾਰੇ ਗਏ ਸਨ।

ਪਿਤਾ ਰਾਜਾ ਧਿਆਨ ਸਿੰਘ ਦੇ ਮਾਰੇ ਜਾਣ ਨਾਲ ਡੋਗਰੇ (ਰਾਜਾ ਹੀਰਾ ਸਿੰਘ) ਦਾ ਜ਼ੋਰ ਫੌਜਾਂ ਵਿਚ ਫੇਰ ਚਲ ਚੁਕਾ ਸੀ ਤੇ ਸਿਖ ਫੌਜਾਂ ਨੇ ਇਸ ਨੂੰ ਮੁਖ ਮੰਤਰੀ ਮੰਨ ਲਿਆ ਸੀ ਕਿ ਇਸ ਨੇ ਸਿਖ ਸਰਦਾਰਾਂ ਤੇ ਸਿਪਾਹੀਆਂ ਨੂੰ ਬਹੁਤ ਤਰੱਕੀਆਂ ਤੇ ਔਹਦੀਆਂ ਦਾ ਲਾਲਚ ਦੇ ਕੇ ਵਸ ਕਰ ਲਿਆ ਸੀ ਤੇ ਸੰਧਾਵਾਲੀਏ ਸਰਦਾਰਾਂ ਨੇ ਛੋਟੇ ਦਲੀਪ ਸਿੰਘ ਨੂੰ ਤਖਤ ਪਰ ਬਿਠਾ ਕੇ ਖੁਦ ਵਜੀਰ ਬਣ ਕੇ ਤਾਕਤ ਹਾਸਲ ਕਰਨ ਦਾ ਜੋ ਜਤਨ ਕੀਤਾ ਸੀ ਉਹ ਸਾਰਾ ਬਿਅਰਥ ਗਿਆ ਤੇ ਤਾਕਤ ਡੋਗਰੇ ਹੀਰਾ ਸਿੰਘ ਦੇ ਹੱਥ ਫੇਰ ਆ ਚੁਕੀ ਸੀ। ਸਰਦਾਰ ਅਤਰ ਸਿੰਘ ਸੰਧਾਵਾਲੀਏ ਨੇ ਆਪਣਾ ਪ੍ਰਵਾਰ ਤਾਂ ਪਹਿਲੇ ਹੀ ਨੈਰੰਗਾਬਾਦ ਭੇਜ ਦਿਤਾ ਹੋਇਆ ਸੀ ਪਰ ਹੁਣ ਜਦੋਂ ਰਾਜਾ ਹੀਰਾ ਸਿੰਘ ਨੂੰ (ਛੋਟੇ ਮਹਾਰਾਜ ਦਲੀਪ ਸਿੰਘ ਦਾ) ਵਜ਼ੀਰ ਬਣ ਗਿਆ ਵੇਖਿਆ, ਤਾ ਆਪਣੇ ਬਚਾਉ ਦੇ ਖਾਤਰ ਨਠ ਕੇ ਅੰਬਾਲੇ ਚਲਾ ਗਿਆ ਸੀ।

ਇਸੇ ਤਰ੍ਹਾਂ ਇਸ ਵੇਲੇ ਰਾਜਾ ਹੀਰਾ ਸਿੰਘ ਨੇ ਕੰਵਰ ਕਸ਼ਮੀਰਾ ਸਿੰਘ ਨੂੰ ਫੜਨ ਵਾਸਤੇ ਫੌਜਾਂ ਭੇਜਿਆ ਤਾਂ ਉਨ੍ਹਾਂ ਉਤਰ ਰਾਜ ਕੁਮਾਰਾਂ ਵਿਰੁਧ ਲੜਨ ਤੋਂ ਨਾਂਹ ਕਰ ਦਿਤੀ। ਫਿਰ ਦੂਜੀ ਵੇਰ ਹੋਰ ਫੌਜਾਂ ਨੂੰ ਭੇਜਿਆ ਗਿਆ ਤੇ ਉਨ੍ਹਾਂ ਤੋਂ ਸਿਆਲ ਕੋਟ ਦਾ ਕਿਲਾ ਖਾਲੀ ਕਰਾ ਕੇ ਖੁਦ ਕਬਜਾ ਕਰ ਲਿਆ। ਰਾਣੀ ਜਿੰਦਾ ਤੇ ਭ੍ਰਾਤਾ ਜਵਾਹਰ ਸਿੰਘ ਨੂੰ ਕੈਦ ਕਰ ਲਿਆ ਸੀ। ਜਿਸ ਤੇ ਡਰਦੇ ਹੋਇਆਂ ਆਪਣੇ ਬਚਾਉ ਦੀ ਖਾਤਰ ਉਕਤ ਦੋਵੇਂ[ਏ] ਸਰਦਾਰ (ਕਸ਼ਮੀਰਾ ਸਿੰਘ ਤੇ ਪਸ਼ੋਰਾ ਸਿੰਘ ਆਪਣੇ ਸਾਥੀ ਜਵਾਨਾਂ ਸਮੇਤ ਬਾਬਾ ਬੀਰ ਸਿੰਘ ਪਾਸ ਨੈਰੰਗਾਬਾਦ ਚਲੇ ਗਏ ਸੀ।

ਰਾਜਾ ਹੀਰਾ ਸਿੰਘ ਵਲ੍ਹੋਂ ਸੰਤ ਬੀਰ ਸਿੰਘ ਪਰ ਫੌਜਕਸ਼ੀ

ਰਾਜਾ ਹੀਰਾ ਸਿੰਘ ਨੂੰ ਜਿਸ ਵੇਲੇ ਇਹ ਖਬਰ ਮਿਲੀ ਕਿ ਸਰਦਾਰ ਅਤਰ ਸਿੰਘ, ਸਰਦਾਰ ਕਸ਼ਮੀਰਾ ਸਿੰਘ ਤੇ ਪਸ਼ੋਰਾ ਸਿੰਘ ਆਪਣੀਆਂ ਆਪਣੀਆਂ ਮਾਤੋਹਤ ਫੌਜਾਂ ਸਮੇਤ ਬਾਬਾ ਬੀਰ ਸਿੰਘ ਪਾਸ ਨੈਰੰਗਾਬਾਦ ਚਲੇ ਗਏ ਹਨ ਉਸ ਨੂੰ ਬਹੁਤ ਫਿਕਰ ਹੋਇਆ, ਉਹ ਜਾਣਦਾ ਸੀ ਕਿ ਬਾਬਾ ਬੀਰ ਸਿੰਘ ਜੀ ਪਾਸ ਆਪਣੀਆਂ ਕਿਤਨੀਆਂ ਸੰਤ ਸਿਪਾਹੀ ਫੌਜਾਂ, ਖਾਲਸਾ ਤਿਆਰ ਬਰ ਤਿਆਰ ਰਹਿੰਦੇ ਅਤੇ ਕਿਹੜੇ ਕਿਹੜੇ ਦੀ ਫੌਜਾਂ ਦਾ ਵੀ ਉਹੋ ਇਕੱਠੀਆਂ ਹੋ ਜਾਣਾ ਇਸ ਵਾਸਤੇ ਬਹੁਤ ਖਤਰਾਂ ਸੀ ਤੇ ਉਪਾਓ ਸੋਚਣ ਲਗਾ ਸੀ।

ਇਸ ਤੋਂ ਪਹਿਲੇ ਡੋਗਰੇ ਭ੍ਰਾਵਾਂ ਨੇ ਲਾਹੌਰ ਦਰਬਾਰ ਵਿਚ ਆਪਣੇ ਪੁਤਰ (ਹੀਰਾ ਸਿੰਘ) ਨੂੰ ਬਾਦਸ਼ਾਹ ਬਣਾਨ ਦੇ ਖਿਆਲ ਨਾਲ ਮਹਾਰਾਜ ਖੜਕ ਸਿੰਘ, ਕੰਵਰ ਨੌਨਿਹਾਲ ਸਿੰਘ ਨੂੰ ਮਰਵਾ ਕਰ ਕੇ ਜੋ ਗਦਾਰੀ ਕੀਤੀ ਸੀ ਇਸੇ ਦੁਖ ਵਿਚ ਬਦਲੇ ਦੀ ਭਾਵਨਾ ਨਾਲ ਸੰਧਾਵਾਲੀਏ ਸਰਦਾਰਾਂ ਨੇ ਧਿਆਨ ਸਿੰਘ ਤੇ ਉਸ ਦੇ ਪੁਤਰ ਹੀਰਾ ਸਿੰਘ ਨੂੰ ਮਰਵਾਇਆ ਸੀ, ਪਰ ਹੀਰਾ ਸਿੰਘ ਦੇ ਮੁੜ ਪ੍ਰਧਾਨ ਮੰਤਰੀ ਬਣੇ ਨਾਲ ਸੰਧਾਵਾਲੀਆ ਦਲ ਤੇ ਉਸ ਦੇ ਸਾਥੀ ਵੀ ਸੰਧਾਵਾਲੀਆਂ ਦੇ ਸਖਤ ਖਿਲਾਫ ਹੋ ਗਏ ਸਨ। ਨਤੀਜਾ ਕੀ ਨਿਕਲਿਆ ਸੀ ਜੋ ਬਾਸਾਂ ਦੇ ਜੰਗਲ ਵਾਂਗੂ ਆਪਣੀ ਹੀ ਰਗੜ ਨਾਲ ਪ੍ਰਗਟਾਈ ਅੱਗ ਨਾਲ ਜਿਵੇਂ ਭਸਮ ਹੋ ਜਾਂਦੇ ਹਨ ਤਿਵੇਂ[ਏ] ਸਿਖ ਸਰਦਾਰਾਂ ਨੇ ਹੀਰਾ ਸਿੰਘ ਦੇ ਭੜਕਾਵੇ ਵਿਚ ਆ ਕੇ ਆਪਣੇ ਹੀ ਕਈ ਹਜਾਰਾਂ ਸਿੰਘ ਤੋਂ ਬਾਬਾ ਬੀਰ ਸਿੰਘ ਜੀ ਜੈਸੇ ਮਹਾਂਪੁਰਖ ਤੇ ਹਲਾ ਕਰਾਇਆ ਸੀ। ਕਈ ਹਜਾਰ ਦੀ ਸਿਖ ਸੰਗਤ ਅਤੇ ਫੌਜੀ ਤਾਕਤ ਦੇ ਹੁੰਦਿਆਂ ਵੀ ਜਿਨ੍ਹਾਂ ਨੇ ਅਗੋਂ ਟੱਕ ਨਹੀਂ[ਏ] ਉਠਾਇਆ ਤੇ ਸਰਦਾਰ ਅਤਰ ਸਿੰਘ ਅਤੇ ਕਸ਼ਮੀਰਾ ਸਿੰਘ ਤੇ ਪਸ਼ੋਰਾ ਸਿੰਘ ਨੂੰ ਬਚਾਉਣ ਦਾ ਜੋ ਜੋ ਭਰੋਸਾ ਦਿਤਾ ਸੀ ਨਿਬਾਹਿਆ ਅਤੇ ਬਹੀਰ ਹੋ ਗਏ ਸਨ। ਉਹ ਸਾਰੇ ਸਮਾਚਾਰ ਵਿਸਥਾਰ ਨਾਲ ਦਸਣੇ ਹਨ ਜੋ ਇਹ ਵੀ ਇਕ ਤੀਜਾ ਘਲੂਘਾਰਾ ਹੀ ਸੀ ਤੇ ਅੱਜ ਤੀਕ ਸਿਖ ਪੰਥ ਤੇ ਉਹਲੇ ਰਹਿਆਂ, ਇਤਿਹਾਸ ਇਸ ਤਰ੍ਹਾਂ ਸੀ।

ਤੀਜਾ ਘਲੂਘਾਰਾ ਜੋ ਸਿੱਖ ਫੌਜਾਂਵਲ੍ਹੂੰ ਸਿੱਖਾਂ ਉਤੇ ਹੀ ਸੀ

ਪਹਿਲੇ ਦੋ ਘਲੂਘਾਰੇ ਤਾ ਬਾਬਾ ਬੰਦਾ ਸਿੰਘ ਬਹਾਦਰ ਤੇ ਸਮੇਂ ਵਿਚ ਮੁਗਲਾਂ ਵਲ੍ਹੋਂ ਸਿਖਾਂ ਦੇ ਵਡਲੇਆਮ ਨੂੰ ਇਤਿਹਾਸ ਨੇ ਦਰਸਾਇਆ ਹੈ ਪਰ ਇਹ ਤੀਜਾ ਘਲੂਘਾਰਾ ਨਿਆਰਾ ਹੀ ਹੈ-ਜਿਨਹੇ ਨਾਲ ਪੜ੍ਹੀਏ ਤੇ ਵਿਚਾਰੀਏ ਕਿ ਕੀ ਕੁਝ ਬੀਤਿਆ ਹੈ। ਇਸ ਜ਼ਿਕਰ ਨੂੰ ਬੀਰ ਮ੍ਰਿਗੇਂਦ੍ਰ ਵਿਚ ਵੀ ਵਿਸਥਾਰ ਨਾਲ ਪੰਡਤ ਸ਼ੇਰ ਸਿੰਘ ਨੇ ਲਿਖਿਆ ਪਰ ਦਾਸ ਪਾਸ ਇਕ ਐਸੀ ਪੋਥੀ ਦੀ ਕਾਪੀ (ਸੰਤ ਕਰਤਾਰ ਸਿੰਘ ਜੀ ਪ੍ਰਸਿਧ ਸੇਵਾਦਾਰ ਗੋਇੰਦਵਾਲ ਗੁਰਦਵਾਰੇ ਦੀ ਸੇਵਾ ਕਰਾਉਣ ਵਾਲਿਆਂ ਪਾਸੋਂ) ਮਿਲੀ ਹੈ ਜਿਸ ਦੇ ਵਿਚ ਆਪਣੇ ਅਖੀਂ[ਏ] ਡਿਠੇ ਹਾਲ ਭਾਈ ਮੋਹਰ ਸਿੰਘ ਨੇ ਸੰਤ ਖੜਕ ਸਿੰਘ ਜੀ ਠਟੇ (ਦਮਦਮੇ ਬਾਬਾ ਬੀਰ ਸਿੰਘ ਜੀ) ਪਾਸੋਂ ਲਿਖਵਾਏ ਸੀ। ਉਹ ਬਹੁਤ ਦਿਲਚਸਪ, ਦਿਲ ਹਲਾ ਦੇਣ ਵਾਲੇ ਅਤੇ ਦਰਦਨਾਕ ਆਖੇ ਹਨ। ਅਸੀਂ[ਏ] ਉਸ ਦੇ ਸ਼ੁਰੂ ਤੋਂ ਅਖੀਰ ਤੀਕ ਦੇ ਵਿਸਥਾਰ ਪੂਰਬਕ ਬੀਤੇ ਸ਼ਮਾਚਾਰ ਹੂ ਬਹੂ ਹੀ ਲਿਖਣੇ ਮੁਨਾਸਬ ਸਮਝੇ ਹਨ, ਜੋ ਇਸ ਤਰ੍ਹਾਂ ਦੇ ਹਨ :

ਮਿਲੀ ਪੋਥੀ ਦਾ ਉਤਾਰਾ :

ੴ ਸਤਿਗੁਰ ਪ੍ਰਸਾਦਿ॥

ਸ੍ਰੀ ਸੁਤਰਾਵੀ ਬਾਬਾ ਜੀ ਬੀਰ ਸਿੰਘ ਆਣ ਉਤਰੇ। ਸਰਬਤ ਸਰਦਾਰਾਂ ਨੇ ਸਰਦਾਰ ਅਤਰ ਸਿੰਘ ਸੰਧਾਵਾਲੀਏ ਨੂੰ ਲਿਖਿਆ, ਤੂੰ ਆ ਜਾ, ਫਿਰ ਅੰਬਾਲਿਉਂ[ਏ] ਉਹ ਡੇਰੇ ਵਿਚ ਸੁਤਰਾਵੀਂ ਦਰਿਆ ਦੇ ਕੰਢੇ ਉਤੇ ਡੇਰੇਵਾਨ ਲਗਾ ਹੋਇਆ ਸੀ ਅਤੇ ਆਸ਼ਾ ਦੀ ਵਾਰ ਦਾ ਭੋਗ ਪਇਆ। ਬਾਬਾ ਜੀ ਉਠ ਕੇ ਭੋਗ ਦੀ

ਅਰਦਾਸ ਪੂਰਨ ਦੇ ਸੀ ਪਹਿਰ ਚੁਣਾਨੇ ਅੱਜੇ ਹੈਨ, ਭਾਈ ਮੋਹਰ ਸਿੰਘ ਕਹਿੰਦਾ ਮੈਂ ਕੋਲ ਹਾਂ ਮੈਂ ਹੈਰੇ ਇਹ ਗਲ ਦੱਸੀ, ਸਰਦਾਰ ਅਤਰ ਸਿੰਘ ਮੰਘਾਵਾਲੀ ਦਾ ਵੇੜਾ ਵਾਹੀ ਤੇ ਆਣ ਲਗਾ, ਅਸੀ ਬਾਬਾ ਜੀ ਖੜੇ ਹੈਨ। ਤੇ ਚਿਰਾਂ ਨੂੰ ਇਕ ਸਿਖ ਅਰਦਾਸ ਕੀਤੀ ਸਚੇ ਪਾਤਸ਼ਾਹ ਜੀ ਅਤਰ ਸਿੰਘ ਦਾ ਬੇੜਾ ਆਣ ਲਗਾ ਹੈ, ਤਾਂ ਬਾਬਾ ਜੀ ਬੋਲੇ ਬਾਂਹ ਪਕੜ ਕੇ ਉਤੇ ਚੜ੍ਹਾਂ ਲਿਆਓ। ਤਾਂ ਸਿਖ ਚੜ੍ਹਾ ਲਿਆਏ। ਤਾਂ ਦਿਨ ਨੇ ਬਾਬਾ ਜੀ ਅਗੇ ਰੁਪਿਆ ਦੀ ਪੋਟਲੀ ਰਖੀ। ਤਾਂ ਬਾਬਾ ਜੀ ਆਖਿਆ ਸੁਣ ਹੋ ਸਿਖਾਂ! ਤਾਂ ਇਸ ਟੁਕੜੇ ਮੰਗ ਕੇ ਤੇਰਾ ਟਬਰ ਪਾਲਿਆ ਹੈ ਤੂੰ ਕਟੁੰਬ ਨੂੰ ਇਸ ਬੇੜੇ ਤੇ ਚੜ੍ਹਾ ਕੇ ਪਾਰ ਲੈ ਜਾ। ਤਾਂ ਉਹ ਨੇ ਆਖਿਆ ਮਹਾਂਰਾਜ ਮੈਨੂੰ ਚਰਨਾਂ ਵਿਚ ਰਖੋ। ਤਾਂ ਸਾਹਿਬਾਂ ਆਖਿਆ ਸਾਡੇ ਕੋਲ ਕੋਈ ਕਿਲਾ ਕੋਟ ਨਹੀਂ ਅਸੀਂ ਕਿਵੇ ਰਖੀਏ ? ਤਾਂ ਫਿਰ ਉਸ ਆਖਿਆ ਮਹਾਂਰਾਜ ਮੈਨੂੰ ਧੱਕਾ ਨਾ ਦਿਓ ਤਾਂ ਬਾਬਾ ਜੀ ਨੇ ਆਖਿਆ ਫਰੰਗੀ ਦੇ ਰਾਜ ਵਿਚ ਲੱਖ ਜਾਹ ! ਤਾਂ ਉਸ ਆਖਿਆ ਮਹਾਂਰਾਜ ਮੇਰਾ ਸੀਸ ਤੁਹਾਡੀ ਭੇਟ ਹੋਇਆ, ਤਾਂ ਬਾਬਾ ਜੀ ਆਖਿਆ- ਅਤਰ ਸਿੰਘ, ਸਾਡਾ ਸੀਸ ਤੁਹਡੀ ਭੇਟ ਹੋਇਆ ।

ਬਾਬਾ ਜੀ ਸੱਚ ਆਖਦੇ ਹਨ। ਫਿਰ ਬੈਠ ਕੇ ਰੁਪਿਆ ਦੀ ਪੋਟਲੀ ਬਾਈ ਮੋਹਰ ਸਿੰਘ ਨੇ ਪੋਟਲੀ ਚੁਕ ਲਈ। ਅਤਰ ਸਿੰਘ ਉਠ ਕੇ ਆਪਣੇ ਡੇਰੇ ਚਲਾ ਗਿਆ । ਜਿਥੇ ਕਟੁੰਬ ਸੀ ਕਲੰਦਰੀ ਵਿਚ ਡੇਰੇ ਰਹੇ । ਸਭੀ ਸਰਦਾਰ ਡੇਰੇ ਦੇ ਸਰਦਾਰ ਅਤਰ ਸਿੰਘ ਨੂੰ ਮਿਲਣ ਆਏ । ਜਰਨਲ ਹਰੀ ਸਿੰਘ ਦਾ ਪੁਤਰ ਜਵਾਹਰ ਸਿੰਘ ਨਲਵਾ, ਦੀਵਾਨ ਵਸਾਖਾ ਸਿੰਘ, ਚੰਦਾ ਸਿੰਘ ਪਟੀਵਾਲਾ, ਡੇਰ ਸਿੰਘ ਸੰਧਾਵਾਲੀਆ, ਅਮੀਰ ਸਿੰਘ ਸਿਆਲ ਕੋਟੀਆ, ਸਰਦਾਰ ਹਰੀ ਸਿੰਘ, ਸਰਦਾਰ ਲਾਲ ਸਿੰਘ, ਦੁਖੜਾਂ ਵਾਲੀਆ, ਪਸ਼ੋਰਾ ਸਿੰਘ, ਕਸ਼ਮੀਰਾ ਸਿੰਘ ਸਰਦਾਰ ਮਹਾਰਾਜਾ ਰਣਜੀਤ ਸਿੰਘ ਦੇ ਪੁਤਰ ਦੇਰ ਸਭ ਮੁਖੀ ਸਰਦਾਰਾਂ ਨੇ ਕਿਹਾ ਅਤਰ ਸਿੰਘ ਭਲਾ ਕੀਤਾ ਤੂੰ ਆ ਗਿਆ ਹੈਂ। ਅਸੀਂ ਲਿਖਿਆ ਸੀ ਸਭ ਮਿਲ ਕੇ ਕੋਈ ਸਲਾਹ ਕਰੀਏ ਰਲ ਕੇ ਬੁਰਛਿਆਂ ਨੂੰ ਮਾਰੀਏ ।

ਸਾਖੀ ਹੋਰ ਚਲੀ– ਦਿਨ ਚੜਿਆ, ਦੀਵਾਨ ਲਗਾ ਹੋਇਆ ਹੈ। ਬਾਬਾ ਜੀ ਬਿਲਾਵਲ ਦੀ ਵੰਝੀ ਸੁਣਦੇ ਹੈਨ। ਪਲੰਘ ਦੇ ਪਿਛੋਂ ਕਸ਼ਮੀਰਾ ਸਿੰਘ ਤੇ ਪਸ਼ੋਰਾ ਸਿੰਘ ਆਣ ਏਨੇ ਅਤੇ ਸਭਰਾਵਾਂ ਦੇ ਦੇ ਸਿਖਾਂ ਫਰਯਾਦ ਕੀਤੀ । ਮਹਾਂਰਾਜ ਜੀ ਮੋਰਾ ਖਲਵਾੜਾ ਲੁਟ ਗਿਆ ਹੈ ਜੀ– ਤਾਂ ਸਾਹਿਬ ਕਹਿੰਦੇ ਹੈਨ ਤੈਨੂੰ ਕੀ ਹੋਇਆ ਹੈ, ਤਾਂ ਸਿਖ ਨੇ ਆਖਿਆ ਜੀ ਮੇਰਾ ਖਲਵਾੜਾ ਲੁਟ ਗਿਆ ਹੈ, ਤਾਂ ਸਾਹਿਬਾਂ ਨੇ ਕਿਹਾ- ਕਿਸ ਨੇ ਲੁਟਿਆ ਹੈ, ਤਾਂ ਉਸ ਆਖਿਆ ਜੀ ਸਰਦਾਰ ਦੇ ਛੋਟੇ ਦੇ ਸਿਖਾਂ- ਕਿਹੜਾ ਸਿਖ ਹੈ ? ਤਾਂ ਉਸ ਆਖਿਆ ਜੀ ਪਸ਼ੋਰਾ ਸਿੰਘ, ਰਣਜੀਤ ਸਿੰਘ ਦਾ ਪੁਤਰ। ਤਾਂ ਚੌਣ ਫੇਰ ਕੇ ਪਲੰਘ ਉਤੇ ਬੈਠਿਆਂ ਸਾਹਿਬਾਂ ਨੇ ਉਨ੍ਹਾਂ ਵਲ ਵੇਖਿਆ– ਵੇਖ ਕੇ ਆਖਿਆ ਤੁਹਾਨੂੰ ਕਾਹਦੀ ਲੋੜ ਸੀ ਉਸ ਦਾ ਵਰ੍ਹਾ ਚਿਨ ਮਾਰਿਆ ਗਿਆ, ਤਾਂ ਉਸ ਦਾ ਬਾਲ ਬੱਚਾ ਕੀ ਖਾਊਗਾ ? ਜਦ ਇਤਨੀ ਗੱਲ ਆਖੀ ਤਾਂ ਗੁਸਾ ਖਾ ਕੇ ਉਠ ਖੜੇਤੇ। ਉਠ ਖੜਾ ਹੋ ਧੌਸੇ ਤੇ ਚੋਟ ਮਾਰ ਦਿਤੀ। ਬਾਬਾ ਜੀ ਆਖਿਆ– ਮਾਈਆਂ ਆਣੇ ਦੀਆਂ ਪੈਂਡਾਂ ਸਿਰ ਤੇ ਚੁਕ ਲਿਆਉਂਦਿਆਂ ਹਨ। ਨਾਲੇ ਸ਼ਬਦ ਗਾਉਂਦੀਆਂ ਆਉਂਦੀਆਂ ਹਨ, ਤੇ ਤੁਹਾਨੂੰ ਕਿਸ ਗਲ ਦੀ ਲੋੜ ਸੀ। ਇਤਨੀ ਗੱਲ ਸੁਣ ਕੇ ਪਸ਼ੋਰਾ ਸਿੰਘ ਕਾਹੀਆਂ ਪਾ ਕੇ ਡੇਰਾ ਲੈ ਚਲਾ ਗਿਆ। ਲਾਹੌਰ ਖਬਰ ਹੋਈ ਦੋਸਾਂ ਮਗਰ ਫੜਨ ਵਾਸਤੇ ਲਗਾ ਤੁਰੀਆਂ।

ਵੱਤਾ ਤੁਹਾਨਾ ਤੇ ਸਰਦਾਰ-ਅਟਕ ਦੇ ਕਿਲੇ ਵਿਚ ਜਾ ਵੜਿਆ-ਛੇ ਮਹੀਨੇ ਲੜਿਆ। ਫਿਰ ਸਰਦਾਰ ਚਤਰ ਸਿੰਘ ਅਟਾਰੀ ਵਾਲਾ ਸਿਰ ਤੇ ਗੁਰੂ ਗ੍ਰੰਥ ਸਾਹਿਬ ਦੁਕ ਕੇ ਝੂਠੀ ਸੌਂਹ ਕਰਕੇ ਅਟਕ ਦੇ ਕਿਲੇ ਵਿਚੋਂ ਕਢਿਆ । ਕੋਲ ਗਊ ਖੜੀ ਕਰ ਲਈ । ਸਹੁੰ ਕਰਕੇ ਦਰਵਾਜ਼ੇ ਖੁਲਵਾਏ ਕੇ ਬਾਹਰ ਕੱਢ ਕੇ ਫੜ ਟੁਹਾਣੇ ਨੂੰ ਫੜਾ ਦਿਤਾ। ਤਾਂ ਉਸ ਨੇ ਭੋਰੇ ਬਲੇ ਲਾ ਕੇ ਉਸ ਨੂੰ ਮਾਰ ਦਿਤਾ।

ਅਗੇ ਸਾਖੀ ਹੋਰ ਚਲੀ–

ਸਭਰਾਵਾਂ ਪਿੰਡ ਸਾਰੀ ਪੰਚਾਇਤ ਮਿਲ ਕੇ ਇਕੱਠ ਕੀਤਾ ਅਤੇ ਸਲਾਹ ਕੀਤੀ–ਲਾਹੌਰ ਤੋਂ ਫੌਜਾਂ ਵਡ ਕੇ ਆਈਆਂ ਹਨ, ਜੋ ਕਰ ਇਥੇ ਲੜਾਈ ਹੋਈ ਤਾਂ ਸਾਡਾ ਪਿੰਡ ਸਾਰਾ ਲੁਟਿਆ ਜਾਏਗਾ। ਏਥੋਂ ਤੋਰ ਤੋਰ ਦਈਏ। ਬਾਬਾ ਜੀ ਅੰਤਰਜਾਮੀ, ਅਗੋ ਹੀ ਜਾਣਦੇ ਸਨ, ਕਿ ਸਭਰਾਵਾਂ ਦੇ ਬੇਈਮਾਨ ਹੋ ਗਏ ਹਨ। ਬਿਲਾਵਲ ਦੀ ਰੋਕੀ ਹੋਈ। ਪਹਿਰ ਦਿਨ ਚੜੇ ਭੋਰਾ ਪਿਆ ਅਰਦਾਸੀਆ ਭਾਈ ਲਹਿਨਾ ਸਿੰਘ ਜੀ ਨੇ ਅਰਦਾਸ ਕੀਤੀ । ਭਾਈ ਮੋਹਰ ਸਿੰਘ ਕਹਿੰਦਾ ਹੈ, ਮੈਂ ਕੋਲ ਖੜਾ ਹਾਂ। ਤਾਂ ਬਾਬਾ ਜੀ ਕਹਿੰਦੇ ਹੈਨ, ਵੰਬਦਾ ਨੂੰ ਓਰੇ ਆ– ਦੀਵਾਨ ਦੇ ਸਜੇ ਹੱਥ ਸਭਰਾਵਾਂ ਦੇ ਪੈਂਚ ਬੈਠੇ ਹਨ, ਤਾਂ ਚੌਬਦਾਰ ਨੇ ਪੰਚਾਇਤ ਨੂੰ ਲਿਆ ਕੇ ਬਾਬਾ ਜੀ ਅਗੇ ਖੜਾ ਕੀਤਾ। ਤਾਂ ਕਿਉਂ ਪੰਚੋ। ਤੁਸੀਂ ਸਰਬਤ ਨੇ ਧਰਮ ਸਾਲਾ ਵਿਚ ਪੰਚਇਤ ਇਕੱਠੀ ਕਰਕੇ ਕੀ ਸਲਾਹ ਕੀਤੀ ਹੈ ਕਿ ਬਾਬਾ ਜੀ ਨੂੰ ਤੋਰ ਦਈਏ । ਸਾਡਾ ਪਿੰਡ ਲੁਟਿਆ ਜਾਉਗਾ– ਸੋ ਉਸਾਡਾ ਤੁਸਾਡੇ ਪਿੰਡ ਪਿਆ, ਜੇਕਰ ਅਸੀਂ ਇਥੇ ਰਹਿੰਦੇ, ਸਾਡਾ ਗੁਰਦਵਾਰਾ ਬਣਦਾ, ਜੱਗ ਪੂਜੇ ਹੋਂਦ ਹੁੰਦੇ । ਭਜਨ ਬੰਦਗੀ ਹੁੰਦੀ । । ਅਨੇਕ ਮੰਗਲ ਹੁੰਦੇ ਫੇਰ ਉਢੋਂ ਤੋਰਾ ਕੁਝ ਕਰ ਕੇ ਭਾਉਵਾਲ ਨੂੰ ਆਏ।

ਸਾਖੀ ਹੋਰ ਚਲੀ–

ਲਾਹੌਰ ਹੀਰਾ ਸਿੰਘ ਤੇ ਜਿਲ੍ਹਾ ਬੁਹਮਣ, ਹੋਰ ਬੁਰਛੇ ਗੁਲਾਬ ਸਿੰਘ ਮਨਆਲੀਆ ਹੋਰ ਸਾਰੇ ਸਰਦਾਰ ਇਕੱਠੇ ਹੋ ਕੇ ਸੰਮਣ ਬੁਰਜ ਵਿਚ ਸਲਾਹ ਕੀਤੀ, ਕਿ ਤੁਸੀਂ ਪੈਸ ਰੁਪੈ ਪੂਤੇ ਖੈਰੂ ਦੀ ਨਾਲੀ ਲਓ– ਅਤਰ ਸਿੰਘ ਸੰਧਾਵਾਲੀਆ, ਕਸ਼ਮੀਰਾ ਸਿੰਘ ਅਤੇ ਬਾਬਾ ਬੀਰ ਸਿੰਘ- ਇਨ੍ਹਾਂ ਤਿੰਨਾਂ ਦੇ ਸਿਰ ਵੰਝ ਦੇ ਲਿਆਉ ਤਾਂ ਹੁਕਮ ਦਿਤਾ ਸਵੇਰੇ ਸਭ ਫੌਜ ਦਾ ਅਲੀਮਾ ਕਰੋ। ਇਤਨੇ ਕਰਕੇ ਸਲਾਮੀ ਲੈ । ਤਾਂ ਏਕ ਚਿਠੀ ਕਰਕੇ 'ਮੀਆਂ ਵੀਰ' (ਮੀਆਂ ਮੀਰ) ਹਾਜਰੀ ਲਈ । ਦੋਨੋ ਪਾਸੇ ਨਜੀਮਾਂ ਦੀਆਂ ਚਾਰ ਪਲਟਨਾਂ ਘੋੜਾ ਭਜਾ ਕੇ ਹੀਰਾ ਸਿੰਘ ਡੋਗਰੇ ਨੇ ਸਰਬਤ ਨੂੰ ਕਿਹਾ– ਸੰਤਾਂ ਕੋਹਾਂ ਵਿਚ ਅਲੀਮਾਂ ਖਲੋਤਾ ਹੈ। ਜੀ ਤੁਸੀਂ ਪੰਜ ਰੁਪੈ ਪੂਤੀ ਨਾਲੀ, ਸੁਚੇਤ ਸਿੰਘ ਮੋਰੇ ਚੋਚੇ ਮਾਰੇ ਤੇ ਵਿਤੋ ਸੀ। ਤੇ ਹੁਣ ਤੁਸੀਂ ਪੰਜ ਰੁਪੈ ਲੈ, ਅਤਰ ਸਿੰਘ, ਕਸ਼ਮੀਰਾ ਸਿੰਘ ਤੇ ਗੁਰੂ ਬੀਰ ਸਿੰਘ ਜੀ- ਇਨ੍ਹਾਂ ਦੇ ਸਿਰ ਲਿਆਉ । ਤਾਂ ਉਨ੍ਹਾਂ ਕਹਿਆ ਜਨੀਮਾਂ ਦੀਆਂ ਪਲਟਨਾਂ ਨੂੰ ਕਹੋ ! ਤਾਂ ਫਿਰ ਨਜੀਮਾਂ ਨੂੰ ਜਾ ਕੇ ਕਿਹਾ ਤਾਂ ਉਨ੍ਹਾਂ ਆਖਿਆ ਬੰਨ੍ਹੋ ਕੋਹਾਟ, ਟੱਕ ਦੇਹੋ ਮੁਲਤਾਨ· ਪਸ਼ੋਰਾ ਨੂੰ ਮੁਹਿੰਮ ਪਾ ਵਿਓ- ਅਸੀਂ ਉਧਰ ਜਾਵਾਂਗੇ, ਜਾ ਕੇ ਮਾਰਾਂਗੇ, ਮਰਾਂਗੇ, ਅਸੀਂ ਬਾਬੇ ਬੀਰ ਸਿੰਘ ਉਤੇ ਨਹੀਂ ਜਾਣਾ।

ਇਹ ਗਲ ਬਾਬਾ ਜੀ ਨੂੰ ਅਟਾਰੀ ਵਾਲੇ ਸ਼ਾਮ ਸਿੰਘ ਨੇ ਲਿਖ ਕੇ ਭੇਜੀ ਸੀ, ਸ਼ਾਮ ਸਿੰਘ ਲਿਖਦਾ ਹੈ ਸੰਤਾਂ ਕੋਹਾਂ ਵਿਚ ਖੜੇਮਾਂ ਫੇਜਾਂ ਨੂੰ ਹੀਰਾ ਸਿੰਘ ਨੇ ਜੋਰ ਲਾਇਆ, ਉਹਨਾਂ ਕਹਿਆ ਸੀ ਮੁਹਿੰਮ ਮਹਾਂਜੀ, ਚਾਬਿਆਂ ਵਲ ਨਹੀਂ ਜਾਣਾਂ। ਫੇਰ ਘੋੜਾ ਅਠੀਮਾਂ ਦੇ ਅੱਗੇ ਭਜਾਇਆ, ਹੀਰਾ ਸਿੰਘ ਡੋਗਰਾ ਨੇ ਬੁਰਛਿਆਂ ਨੂੰ ਸਮਝਾਇਆ-ਤਾਂ ਪੈਰਾਂ ਨੇ ਕਿਹਾ ਗਊ ਮਾਰਨ ਆਈ ਦੇ ਸਿੰਗ ਨਹੀਂ ਭੰਨਣ। ਨੰਦ ਵਿਚੋ ਵੜਾ ਕਰਕੇ ਖੋਤਾ । ਫੇਰ ਇਕਠੇ ਕਰਕੇ ਲਾਹੌਰ ਮਾਰਨ ਨੂੰ ਫਿਰਦਾ ਹੈ, ਮਾਝੇ ਦੀਆਂ ਮਾਈਆਂ ਕੈਹੀਆਂ, ਘਰ ਘਰ ਆਖਣ-ਜੱਟ ਵਿਗੜ ਖਲੋਤਾ ਹੈ, ਬਾਬਾ ਜੀ ਨੂੰ ਆਖਣ ਜੱਟ ਫਿਟ ਖਲੋਤਾ ਹੈ। ਮਾਰ

Scanned with CamScanner

ਲਓ। ਭਾਈ ਮੋਹਰ ਸਿੰਘ ਕਹਿੰਦਾ ਹੈ, ਸਿੰਘ ਕੈਂਹਦੇ ਹਨ ਮਾਰ ਲਓ : ਭਈਊ :– ਇਸ ਪੰਜਾਬ ਵਿਚ ਬਾਬੇ ਬੀਰ ਸਿੰਘ ਦੀ ਕਿਰਪਾ ਨਾਲ ਦੁੱਧ ਵਾਲਿਆਂ ਨੂੰ ਦੁੱਧ ਤੇ ਪੁੱਤ ਵਾਲਿਆਂ ਨੂੰ ਪੁੱਤ ਮਿਲਿਆ ਸਭ ਵਹੀ ਗਏ ਹਨ। ਇਸ ਮਾਝੇ ਵਿਚ ਬਾਬੇ ਦੀ ਕਿਰਪਾ ਨਾਲ ਕੜਾ ਕੈਨਾ ਤੇ ਹਾਥੀ ਅੰਮਾਰੀ ਭਈ ਹੁਏ। ਜਮਾਂਦਾਰ ਗੁਫਾਲ ਸਿੰਘ (ਖੁਸ਼ਾਲ ਸਿੰਘ) ਸਰਨਾਵਾਂ ਕਟ ਦੇਵੇ। ਉਸ ਨੇ ਆ ਕੇ ਅਰਜ਼ ਕੀਤੀ ਮੇਰਾ ਨਾਵਾਂ ਦਿਤਾ ਹੈ ਤਾਂ ਉਸਦਾ ਨਾਵਾਂ ਲਵਾ ਦੇਣਾ।–ਤੇਜਾ ਸਿੰਘ ਜਿਸਦਾ ਘੋੜਾ ਤੇ ਨਾਵਾ ਕਟ ਦੇਵੇ ਬਾਬਾ ਜੀ ਨੂੰ ਧਿਆਨ ਸਿੰਘ ਨੂੰ ਲਿਖਣਾ, ਇਹ ਦਾ ਘੋੜਾ ਤੇ ਨਾਵਾ ਲਵਾ ਦੇਣਾ। ਬਾਬਾ ਜੀ ਨੇ ਦੁਧ ਪੁਤ ਦੀ ਨੰਗਰ ਚਾੜ ਦਿਤੀ। ਸੋ ਮਾਝਾ ਖਿੜ ਖਲੋਤਾ।

ਜਿਤਨੇ ਪੁਰਖ ਮਾਈਆਂ ਇਹ ਕਹਿਣ ਸਭੇ–ਛਿਟ ਗਿਆ ਹੈ ਜੱਟ, ਮਾਰ ਲਓ। ਜਊ ਅਕਲ ਆਈ ਦੋ ਸਿੰਗ ਨਹੀਂ ਭੰਨਦੇ। ਗਿਲਾਂ ਦੇ ਵਿਲਾਕੇ ਵਿਚ ਭਾਊਵਾਲ ਦਾ ਕਿਲਾ ਸੀ, ਵੀਂਡਾ ਬਾਲੇਵਾਲ ਸੀ। ਤੇ ਉਸ ਨੂੰ ਹੀਰਾ ਸਿੰਘ ਨੇ ਹੁਕਮ ਭੇਜਿਆ। ਬਾਬਾ ਬੀਰ ਸਿੰਘ ਜੀ ਪਾਸ ਸੰਗਤ ਨਾ ਜਾਣ ਦਿਉ। ਉਸ ਨੇ ਠਾਣੇ ਸਭ ਵਰਜ ਦਿਤੇ ਸੀ। ਭੇਰੇ ਵਿਚ ਨਾ ਜਾਣ ਦਿਉ। ਕਿਸੇ ਨੂੰ ਮੱਥਾ ਨ ਟੇਕਣ ਦਿਓ–ਔਰ ਜੋ ਲਾਹੌਰੋਂ ਕਸ਼ਮੀਰਾ ਸਿੰਘ ਤੇ ਅਤਰ ਸਿੰਘ ਨੂੰ ਪਕੜਨ ਵਾਸਤੇ ਆਉਂਦੇ ਸੀ। ਬਾਬਾ ਜੀ ਆਂਹਦੇ ਸੀ– ਸਾਨੂੰ ਪਕੜਾ ਦਿਓ। ਸਾਰਾ ਵਸਾਖ ਦਾ ਮਹੀਨਾ ਕੋਈ ਨ ਕੋਈ ਪਕੜਨ ਵਾਸਤੇ ਆਉਂਦੇ ਸੀ। ਅਤਰ ਸਿੰਘ, ਕਸ਼ਮੀਰਾ ਸਿੰਘ ਤੇ ਪਿਸ਼ੋਰਾ ਸਿੰਘ ਇਨਾ ਤਿੰਨਾਂ ਨੂੰ ਪਕੜਾ ਦਿਉ। ਤਾਂ ਬਾਬਾ ਜੀ ਆਖਿਆ–ਇਹਨਾਂ ਨੂੰ ਟੁਕੜਾ ਖਾਣ ਨੂੰ ਦਿਉ, ਤੇ ਕਿਸੇ ਪਿੰਡ ਬਿਠਾ ਦਿਓ। ਜੇ ਮਾਰਨ ਵਾਸਤੇ ਆਵੇ! ਤੇ ਅਸੀਂ ਨਹੀਂ ਜੀ ਪਕੜਾਂਦੇ। ਅਸੀਂ ਆਪਣੇ ਸੀਸ ਨਾਲ ਦਿਆਗੇ।

ਫਿਰ ਚੀਮਾਂ ਸ. ਹੀਰਾ ਸਿੰਘ ਤੇ ਬੁਰਛਿਆ ਦਾ ਭੇਜਿਆ ਪਕੜ ਕੇ ਲਿਜਾਣ ਵਾਸਤੇ ਆਇਆ। ਭਾ: ਮੋਹਰ ਸਿੰਘ ਕਹਿੰਦਾ–ਮੈਨੂੰ ਬਾਬਾ ਜੀ ਦਾ ਹੁਕਮ ਇਹ ਸੀ ਕਿ ਦੁਆਬੇ ਦਾ ਗੁੜ–ਮੱਵਿਆਂ ਵਾਲਾ ਮਨੋਰ ਸਭ ਕੁਟ ਕੇ–ਭਾਈ ਹੋਰ ਵੀ ਲਾਚੀਆਂ ਬਦਾਮ ਸੋਰੀ ਗਿਰੀ, ਹੋਰ ਅਨੇਕ ਮੇਵੇ ਪਾਏ ਹੋਏ–ਉਸ ਗੁੜ ਨੂੰ ਛੋਟਾ ਛੋਟਾ ਕਰਕੇ ਥਾਲ ਭਰਕੇ ਬਾਬਾ ਜੀ ਅਗੇ ਰਖਣਾ। ਇਹ ਗੁੜ ਭਾਵਨਾ ਵਾਲੇ ਸੁਗਾਤਾਂ ਭੇਜਦੇ ਸਨ। ਬਾਬਾ ਜੀ ਉਹਦੇ ਵਿਚੋਂ ਦੋ ਤਿੰਨ ਡਲੀਆਂ ਆਪ ਛਕ ਲੈਂਦੇ, ਬਾਕੀ ਸਭਾ ਵਿਚ ਵਰਤਾ ਦਿੰਦੇ ਸੀ ਮੈਂ ਥਾਲ ਭਰ ਕੇ ਲਿਅ ਰਖਿਆ। ਉਸ ਵੇਲੇ ਚੀਮਾਂ ਸਰਦਾਰ ਆ ਬੈਠਾ। ਤਾਂ ਸਾਹਿਬਾਂ ਆਖਿਆ ਕਛੀਮਰਾ ਸਿੰਘ, ਪਸ਼ੋਰਾ ਸਿੰਘ ਨੂੰ ਸਦੋ। ਉਹ ਭੀ ਆਣ ਬੈਠੇ ਤਾਂ ਸਾਹਿਬਾਂ ਆਖਿਆ–ਸੁਣ ਓਏ ਚੀਮਿਆਂ–ਕੀ ਕਹਿੰਦਾ ਸਾਂ? ਤਾਂ ਚੀਮਾਂ ਸਰਦਾਰ ਕਹਿੰਦਾ ਹੈ–ਮੈਨੂੰ ਹੀਰਾ ਸਿੰਘ–ਜਿਲ੍ਹਾ ਔਰ ਬੁਰਛੇ ਸਰਦਾਰਾਂ ਨੂੰ ਮਿਲਣੇ ਭੇਜਿਆ ਹੈ, ਤਾਂ ਬਾਬਾ ਜੀ ਆਖਿਆ ਕੀ ਆਖਿਆ ਤੈਨੂੰ! ਤੂੰ ਵੀ ਸਿੱਖ ਦਾ ਪੁਤਰ ਸਿਖ ਹੈਂ ਤੇ ਸਾਡੇ ਪਾਸ ਝੂਠ ਨ ਆਖੀਂ ਕੀ ਆਖਿਆ ਹੈ ਭੁਗਤੇ ਨੇ–ਜੇ ਆਪ ਫੜ੍ਹਾ ਦੇਣ ਤਾਂ ਭਲਾ ਨਹੀਂ। ਤਾਂ ਮੈਂ ਆਪ ਆ ਕੇ ਅਤਰ ਸਿੰਘ, ਪਸ਼ੋਰਾ ਸਿੰਘ ਤੇ ਕਸ਼ਮੀਰਾ ਸਿੰਘ ਇਹਨਾਂ ਤਿੰਨਾਂ ਨੂੰ ਫੜ੍ਹ ਲਵਾਂਗਾ। ਤਾਂ ਬਾਬਾ ਜੀ ਬਹੁਤ ਰਰੋਹ ਵਿਚ ਆ ਗਏ। ਫਿਰ ਕਹਿੰਦੇ, ਹੁਣ ਉਹਨੂੰ ਕਹਿ ਦੇਵੀਂ ਨੇ: ਸੋ ਕੁਤਾ ਤੇਰੀ ਮਾਂ ਡੋਗਰੀ ਤੇ ਚੜੈ ਜੋ ਕਰ ਸਾਡੇ ਤੇ ਨਾ ਚੜ ਕੇ ਆਵੈ।

ਭਾਈ ਮੋਹਰ ਸਿੰਘ ਕਹਿੰਦਾ–ਮੈਂ ਕੋਲ ਬੈਠਾ ਹਾਂ–ਗੁਰੂ ਮਹਾਰਾਜ ਨੇ ਇਤਨੀ ਵਾਰਤਾ ਕਹੀ, ਸੁਣ ਉਏ ਸਰਦਾਰ ਚੀਮਾਂ, ਤੂੰ ਗੁਰੂ ਕਾ ਸਿੱਖ ਹੈਂ, ਤੇ ਪੁਤ ਸਿੱਖ ਦਾ ਹੈ ਇਸੇ ਤਰ੍ਹਾਂ ਹੀਰਾ ਸਿੰਘ ਨੂੰ ਕਹੀਂ।

ਤਿੰਨ ਦਿਨ ਸ਼ੁਭਰਾਵੀਂ ਡੇਰਾ ਰਿਹਾ–ਸਾਰੇ ਖਬਰ ਸੁਣ ਪਾਈ ਕਿ ਲਾਹੌਰ ਤੋਂ ਬਾਬਾ ਜੀ ਦੇ ਅਕਾਲ ਵਾਸਤੇ ਫੌਜਾਂ ਚੜ ਪਈਆਂ। ਸਿੱਖ ਸੰਤ ਸੁਣ ਸੁਣ ਸੁਣ ਮਾਝੇ ਵਿਚੋਂ ਪ੍ਰੀਤਵਾਨ ਚਲੇ ਆਏ। ਸਲਾਹ ਕੀਤੀ ਕਿ ਬਾਬਾ ਜੀ ਲੜਣਗੇ, ਤਾਂ ਧਰਮ ਯੁੱਧ ਕਰਾਂਗੇ।

ਸਰਦਾਰਾਂ ਦੀਆਂ ਚਾਰ ਪਲਟਨਾਂ ਲੜਣ ਵਾਸਤੇ ਕਠੀਆ ਹੋਈਆਂ, ਚਾਰ ਹਜਾਰ ਅਤਰ ਸਿੰਘ ਸੰਧਾਵਾਲੀਏ ਦੀ ਫੌਜ ਇਕਠੀ ਹੋਈ। ਯੁਧ ਕਰਨ ਵਾਸਤੇ। ਇਹ ਕੁਲ ਜਰਨੈਲੀ ਫੌਜ ੧੭ ਹਜਾਰ ਹੋ ਗਈ। ਇਕ ਹਥਨੀ ਚਾਂਦੀ ਦਾ ਹੁੱਦਾ ਪਾ ਕੇ ਸ਼ਾਮ ਸਿੰਘ ਅਟਾਰੀ ਵਾਲੇ ਨੇ ਭੇਜੀ। ਮੇਲਾ ਪਿਆਰੀ ਹਥਨੀ ਦਾ ਨਾਂ ਸੀ। ਪੰਜ ਹਾਥੀ ਸੀ ਇਕ ਚੰਦਾ ਸਿੰਘ ਪੱਟੀ ਵਾਲੇ ਦਾ, ਇਕ ਵਸਾਖਾ ਸਿੰਘ ਦਾ, ਇਕ ਜਵਾਹਰ ਸਿੰਘ ਰਹੀ ਸਿੰਘ ਨਲੂਏ ਦੇ ਪੁਤਰ ਦਾ, ਇਕ ਅਤਰ ਸਿੰਘ ਸੰਧਾਵਾਲੀਏ ਦਾ ਅਤੇ ਦੋਸੋ ਵਜਦੇ ਜਾਣ। ਪੰਜ ਦੋਸੋ ਬਾਬਾ ਜੀ ਦੇ ਅਗੇ, ਦਲੀਪ ਸਿੰਘ ਨਕੀਬ ਵਾਹਿਗੁਰੂ ਵਾਲਾ, ਗੁਰਾਂ ਦੇ ਅੱਗੇ ਅੱਗੇ, ਉਸ ਨੇ ਵਾਹਿਗੁਰੂ ਝੁਲਾਈ ਜਾਣਾ।

ਸਾਰਿਆਂ ਦੇ ਅੱਗੇ, ਖਾਲਸਾ ਜੀ–ਬੋਲੋ ਵਾਹਿਗੁਰੂ–ਘੋੜੇ ਦੇ ਉਤੇ ਸਭਨਾਂ ਦੇ ਅਗੇ ਉਚੀ ਸੁਰ ਦੂਰੇ ਆਖਣਾ ਖਾਲਸਾ ਜੀ ਬੋਲੋ ਵਾਹਿਗੁਰੂ! ਉਸਦੇ ਪਿਛੇ ਰਾਮ ਸਿੰਘ ਨਿਸ਼ਾਨ ਸਾਹਿਬੀਆ, ਹਰਸਾ ਸਿੰਘ ਧੰਨੀ, ਅਤੇ ਭੋਲਾ ਸਿੰਘ ਮਿਰਾਜ ਕਾ ਤੋਸਦੀ ਬਾਬੇ ਬਕਾਲੇ ਦਾ–ਦੋ ਸਜਹਥੀ ਸਿੰਘ ਧੌਸੇਈ, ਤਿਲਫਲੀ ਸਜਹਥੀ ਸਿੰਘ ਨੂੰ ਬਾਬਾ ਜੀ ਲਿਆ ਦਿਤਾ ਹੋਇਆ ਸੀ ਜਿਸ ਵੇਲੇ ਬਾਬਾ ਜੀ ਨੇ ਹਥਨੀ ਤੇ ਚੜਨਾ–ਭਾਈ ਲਹਿਣਾ ਸਿੰਘ ਅੰਮ੍ਰਿਤਸਰੀਆ ਚੌਰੀ ਕਰਨ ਵਾਲਾ, ਭਾਈ ਮੱਖਣ ਸਿੰਘ ਜਾਰੰਬੀ ਦਾ ਪੁਤਰ ਪੋਲ੍ਹਾ ਭੀ, ਉਸਨੇ ਲੈ ਲਈਆਂ ਅਰਦਾਸ ਭੀ ਉਸ ਨੇ ਕਰਨੀ। ਰਹਿਰਾਸ ਭੀ ਓਸ ਨੇ ਪੜ੍ਹਨੀ, ਜਦ ਬਾਬਾ ਜੀ ਘੋੜੀ ਚੜ੍ਹਣ ਤਾਂ। ਸਿੱਖ ਨਾਲ ਰਹਿੰਦੇ ਦੋਹੀਂ ਪਾਸੀਂ–ਫੜ੍ਹਣ ਵਾਸਤੇ ਭਾਈ ਕਿਰਪਾਲ ਸਿੰਘ, ਭਾਈ ਨਿਹਾਲ ਸਿੰਘ, ਇਹਨਾਂ ਦੋਹਾਂ ਨੂੰ ਨਾਲ ਰਖਨਾਂ, ਡੇਰਾ ਸਭਰਾਵਾਂ ਤੋਂ ਤੁਰ ਭਾਊਵਾਲ ਆਣ ਉਤਰਿਆ। ਸੰਗਤ ਕੋਈ ਨ ਆਵੇ। ਚੋਰੀ ਚੋਰੀ ਕੋਈ ਕੋਈ ਆਵੇ–ਮਥਾ ਟੇਕਣ ਵਾਸਤੇ। ਚੌਂਡਾ ਚਾਟੇਦਾਰ ਕਿਸੇ ਨੂੰ ਆਉਣ ਨ ਦੇਵੇ।

ਸ਼ਾਮ ਸਿੰਘ ਅਟਾਰੀ ਵਾਲੇ ਨੇ ਆਪਣੇ ਟਹਿਲੂਏ ਨੂੰ ਪ੍ਰਵਾਨਾ ਦੇ ਭੇਜਿਆ ਸੀ, ਲਾਹੌਰੋਂ ਫੌਜਾਂ ਚੜ ਪਈਆਂ ਹਨ, ਸ਼ਾਮ ਸਿੰਘ ਨੂੰ ਸਤਕਾਰ ਨੇ ਕਸੂਰ ਜੰਗਾ ਦਿਤੀ ਹੋਈ ਸੀ। ਉਥੇ ਸ਼ਾਮ ਸਿੰਘ ਨੇ ਤਾਲੀਲਦਾਰ ਆਪਣਾ ਚਾਚਾ ਖੁਸ਼ਾਲ ਸਿੰਘ ਛਡਿਆ ਹੋਇਆ ਸੀ ਨੂੰ ਪਰਵਾਨਾ ਲਿਖਕੇ ਭੇਜਿਆ। ਮਹਾਰਾਜ ਨੂੰ ਖਰਚ ਪੰਜੇ ਦੀ ਲੋੜ ਹੋਵੇ ਤਾਂ ਭੇਜਣਾ। ਸੰਗਤਾ ਆਉਣੇ ਬੰਦ ਹੋ ਗਈਆਂ ਹਨ। ਬਾਬਾ ਜੀ ਕਿਸੇ ਗੱਲੋਂ ਘੋਖੇ ਨ ਹੋਣ। ਉਸ ਪਰਵਾਨਾ ਪੜ੍ਹਕੇ ਦਾਰੂ ਸਿੱਕਾ, ਆਟਾ ਦਾਣਾ, ਲੂਣ ਤੇਲ ਗੜੇ ਲੰਦ ਕੇ ਰਾਤੋਰਾਤ ਭੇਜ ਦਿੱਤੇ।

ਰਾਹੇ ਦੇ ਕੰਵੇ ਗੁਰੂ ਮਹਾਰਾਜ ਲੰਗਰ ਕਰ ਰਹੇ ਸਨ। ਲੰਗਰ ਪੱਕ ਰਿਹਾ ਹੈ, "ਪਾਉਣ ਵਾਲ" ਭੇਰਾ ਆਣ ਲੱਗਾ ਹੈ। ਇਧਰ ਦੀਵਾਨ ਲੱਗਾ ਹੋਇਆ ਹੈ, ਸੰਗਤਾਂ ਬਰਤਪੜਤੀਆਂ ਹਨ। ਲਾਹੌਰੋਂ ਅਕਬਰ ਆਈ ਫੌਜਾਂ ਚੜ ਗਈਆਂ ਹਨ। ਸਰਦਾਰ ਆਂ ਕੇ ਆਪੋ ਵਿਚ ਸਲਾਹ ਕਰਦੇ ਹਨ ਕਿ ਸਾਨੂੰ ਆਗਿਆ ਦੇਣ ਤਾਂ ਅਸੀਂ ਅੱਗੇ ਜਾ ਕੇ ਲਿਆਓ। ਸੰਗਤ ਬਾਰੇ ਭੇਤ ਪਿਆ ਤਾਂ ਸਰਦਾਰ ਆਪੋ ਆਪਣੇ ਡੇਰੇ ਚਲੇ ਗਏ। ਇਧਰ ਮਹਾਰਾਜ ਪ੍ਰਭਾਵਿ ਫੁਰਦੇ ਕਹਿੰਦੇ ਹਨ, ਮੋਹਰ ਸਿੰਘ' ਦੁਪਹਿਰ ਵੇਲੇ ਰਵਾਬੀ ਲਿਆਓ। ਮੋਹਰ ਸਿੰਘ ਨੇ ਕਿਹਾ ਰਵਾਬੀ ਭਜ ਗਏ ਹਨ। ਮਾਰੇ ਨ ਜਾਈਏ। ਰਵਾਬੀਆਂ

Scanned with CamScanner

ਦੇ ਨਾਂ-ਪਿਉ ਦਾ ਨਾਂ ਦੱਲਾ, ਪੁਤ ਦਾ ਨਾਂ ਮਾਹੀਆ ਸੀ ਅਤੇ ਪੰਜ ਭਰਾ ਸੀ ਨਾਲੇ ਵਰਾਛ ਖਾਨ ਵਰਗੇ ਨਾਲੇ ਰਾਗ ਵੀ ਕਰਦੇ ਤਿੰਨ ਉਠ ਸੀ। ਇਕ ਖਚਰ ਤੇ ਖਿਦਮਤਗਾਰੀ ਤੋਸ਼ੇਖਾਨੇ ਨੂੰ ਲੱਦਣ ਵਾਲੇ ਸਨ। ਜਿਥੇ ਹੁਕਮ ਦਿਤੇ ਵਰਸ ਵਿਛਾਕੇ ਡੇਰਾ ਲਾ ਦਿੰਦੇ। ਭਾਈ ਰਤਿਜੋਧ ਸਿੰਘ ਤੇ ਹੋਰ ਸਿੰਘ ਵਾਰੀ ਪੱਖਾ ਝਲਦੇ ਸਨ।

ਬਾਬਾ ਜੀ ਆਖਿਆ ਰਬਾਬੀ ਭਜ ਗਏ ਹਨ, ਤਾਂ ਲਿਆ ਪੋਥੀ ਪੜ। ਭਾਈ ਮੋਹਰ ਸਿੰਘ ਕਹਿੰਦਾ ਮੈਂ ਚੋਕੀ ਭਾਹ ਕੇ ਖੁਦ ਪੋਥੀ ਪੜਦਾ ਹਾਂ। ਇਤਨੇ ਚਿਰ ਨੂੰ ਇਕ ਸਿੰਘ ਪਰਵਾਨਾ ਲੈ ਕੇ ਆਣ ਪੁਜਾ ਉਹ ਕਹਿੰਦੇ ਹੈ ਗੁਰੂ ਸਾਹਿਬ ਬ੍ਰਾਜੇ ਹੈਨ-ਜਾਂ ਜਾਗਦੇ ਹੈਨ ? ਤਾਂ ਮਾਈ ਕਹਿੰਦੀ ਹੈ ਨੂੰ ਕੀ ਕਹਿੰਦੇ ਹੈ ! ਤਾਂ ਬਾਬਾ ਜੀ ਸੁਤੇ ਘੁਰੜੇ ਮਾਰਦੇ ਸਨ। ਤਾਂ ਘੁਰੜੇ ਮਾਰਦੇ ਮੂੰਹ ਤੋਂ ਪਲਾ ਲਾਹ ਕੇ ਪੁਛਿਆ-ਕੇਹੜਾ ਹੈ, ਤਾਂ ਉਸ ਨੇ ਅੱਗੇ ਹੋ ਕੇ ਪਰਵਾਨਾ ਪਲੰਘ ਤੇ ਰੱਖ ਦਿਤਾ। ਭਾਈ ਮੋਹਰ ਸਿੰਘ ਕਹਿੰਦਾ ਹੈ ਮੈਂ ਪੜਨੋਂ ਹੱਟ ਕੇ ਬਚਨ ਸੁਣਨ ਲਗਿਆ, ਤਾਂ ਬਾਬਾ ਜੀ ਆਖਿਆ ਕੀ ਕਹਿੰਦਾ ਹੈ-ਤਾਂ ਉਸ ਨੇ ਆਖਿਆ-ਮੈਨੂੰ ਬਾਮ ਸਿੰਘ ਅਟਾਰੀ ਵਾਲੇ ਨੇ ਭੇਜਿਆ ਹੈ। ਬਾਮ ਸਿੰਘ ਸਿੱਖਾਂ ਸਾਰਿਆਂ ਨਾਲੋਂ ਸਿੱਖੀ ਭਾਵ ਬਹੁਤ ਰਖਦਾ ਸੀ।ਸਭ ਸਰਦਾਰਾਂ ਨਾਲੋਂ ਉਹ ਵਧ ਪ੍ਰੇਮ ਕਰਦਾ ਸੀ। ਬਾਮ ਸਿੰਘ ਨੇ ਲੰਗਰ ਵਾਸਤੇ ੫੦੦ ਰੁਪਏ ਜਾਗਰਿ ਮੁਨਬਾ ਵਾਲੇ ਨਾ ਲਾਈ ਹੋਈ ਸੀ। ਬਾਮ ਸਿੰਘ ਭਾਲੀਆ ਭੇਜਦਾ ਸੀ। ਸਰਬਤ ਸਰਦਾਰਾਂ ਦੀਆਂ ਅੰਗੂਰ ਮੇਵੇ ਸੌਗੀਆਂ ਭੇਜਦਾ ਸੀ। ਰਾਜਾ ਸੁਚੇਤ ਸਿੰਘ ਬਹੁਤ ਵਲਾਂ ਚੀਜ਼ਾਂ ਵਹਿੰਗੀਆਂ ਭੇਜਦਾ ਸੀ।

ਉਹ ਸਿੱਖ ਕਹਿੰਦਾ ਹੈ-ਪਰਵਾਨਿਆਂ ਉਤੇ ਵੀ ਇਹੋ ਲਿਖਿਆ ਹੋਇਆ ਹੈ ਮੈਨੂੰ ਬਜ਼ਾਰੀ ਵੀ ਇਹੋ ਕਹਿਆ ਹੈ-ਅਲੀਮਾਂ ਖੜਾ ਕੀਤਾ ਹੈ ਭੋਗਰੇ, ਉਹ ਕਹਿੰਦੇ ਹਨ, ਤਿਨੋਂ ਸਿਰ ਵੱਢਕੇ ਡੇਰਾ ਕਰੋਗੇ। ਬਾਬੇ ਵੀਰ ਸਿੰਘ, ਅਤਰ ਸਿੰਘ ਅਤੇ ਕਛ਼ਮੀਰਾ ਸਿੰਘ ਦਾ। ਗੁਰੂ ਮਾਂਗਟਾਂ ਤਕ ਮੈਂ ਨਾਲ ਆਇਆ ਹਾਂ। ਤੁਰੇ ਆਉਂਦੇ ਹਨ। ਤਾਂ ਸਭਨਾਂ ਸਰਦਾਰਾਂ ਅਰਜ ਕੀਤੀ, ਸਚੇ ਪਾਤਸ਼ਾਹ ਜੀ ਆਗਿਆ ਦਿਉ ਤਾਂ ਅਗੇ ਜਾ ਦਾਲ ਫੁਲਕਾ ਵੰਡੀਏ, ਸੰਗ ਕਰੀਏ। ਭਾਈ ਮੋਹਰ ਸਿੰਘ ਕਹਿੰਦਾ-ਮੈਂ ਕੋਲ ਖੜਾ ਹੈ। ਤਿੰਨਾਂ ਸਰਦਾਰਾਂ ਨੰਦ ਸਿੰਘ, ਵਹੀਰ, ਰਤਨ ਸਿੰਘ ਠੰਠੀ, ਟੁੰਡਾ ਲਾਟ ਸਾਢੇ ਚੌਨ ਕੇ ਨੇੜੇ ਸੋਚਿਆਂ ਤੇ ਰਖਿਆਂ ਹੋਇਆਂ ਹੈ, ਪਲੰਘ ਦੇ ਪਾਸ ਖਲੋਤਾ ਹੈ, ਤਾਂ ਸਾਹਿਬਾਂ ਬਚਨ ਕਰਦੇ ਹੈਨ-ਜਾਉ ਨੰਦ ਸਿੰਘ ਦਰਿਆ ਦੇਖ ਆਉ, ਤਾਰੂ ਹੋਏ ਤਾਂ ਆਣ ਕਹੋ। ਤਿੰਨ ਅਸਵਾਰ ਚਲੇ ਜਾਵੋ। ਜਿਥੇ ਤਾਰੂ ਹੋਵੋ, ਨੇੜੇ ਲੈ ਕੇ ਟੋਹਲਦੇ ਜਾਉ-ਜਿਵੇਂ ਕੰਢੇ ਦੇ ਨਾਲ ਤਾਰੂ ਹੋਵੋ ਤੇ ਆਣ ਕਹੋ। ਤਾਂ ਫੇਰ ਸਹਿਬ ਕਹਿੰਦੇ ਹਨ, ਗਿਲੇ ਤੁਹਾਡੇ ਦੇਖ ਵਿਚ ਬੈਠ ਗੁਫਾ ਵਿਚ ਗੁਰਦੁਆਰਾ ਬਣਾਵਾਂਗੇ। ਨੌਰੰਗਾਬਾਦ ਦੂਰ ਹੈ। ਤੁਸੀਂ ਜਾਣੋਂ ਔਖੇ ਹੁੰਦੇ ਹੋ। ਤੁਸੀਂ ਮੈਨੂੰ ਸੀ ਮੱਥਾ ਟੇਕਿਆ ਕਰੋ।

ਜਿਹੜੇ ਗਿਲਾਂ ਦੇ ਸਿੱਖ ਬੈਠੇ ਸੀ, ਤੇ ਉਹ ਵਾਹਿਗੁਰੂ ਵਾਹਿਗੁਰੂ ਕਹਿਣ ਲੱਗੇ ਤਾਂ ਸਾਹਿਬ ਕਹਿੰਦੇ ਹਨ। ਉਏ ਭਾਈ ਸਿੱਖੋ, ਅਸਾਂ ਸੀਸ ਏਥੇ ਹੀ ਦੇਣਾ ਹੈ, ਅਸੀਂ ਭਾਣਾ ਏਥੇ ਹੀ ਵਰਤਾਣਾ ਹੈ। ਜਿਹੜਾ ਬਾਮ ਸਿੰਘ ਅਟਾਰੀ ਵਾਲੇ ਦਾ ਸਿੱਖ ਅਰਦਾਸ ਲੈ ਕੇ ਆਇਆ ਸੀ-ਉਸ ਨੂੰ ਕਹਿੰਦੇ ਹੈਨ-ਜਾਂਕਿ ਬਾਮ ਸਿੰਘ ਨੂੰ ਕਹੋ। ਤੂੰ ਸਾਡੇ ਕੋਲ ਆਜਾ ਅੱਕੋਠੇ ਬੈਕੁੰਠ ਨੂੰ ਚਲੀਏ। ਜੋ ਕਰ ਤੂੰ ਨ ਆਵੇਂ ਮਗਰ ਪੰਥ ਵਿਚ ਜਾਵੇਂਗਾ। ਇਤਨਾ ਬਚਨ ਆਖ ਕੇ ਸਾਹਿਬ ਪਲੰਘ ਉਤੇ ਉਠ ਖੜੇ ਹੋਏ। ਭਾਈ ਮੋਹਰ ਸਿੰਘ ਪੋਥੀ ਪੜਦਾ ਸੀ। ਫਿਰ ਭਾਈ ਮੋਹਰ ਸਿੰਘ ਨੂੰ ਕਿਹਾ ਤੋਸ਼ੇਖਾਨਿਉਂ ਗਾਗਰ ਲਿਆਉ-ਸਾਫ ਇਸ਼ਨਾਨ ਕਰਾਓ।

ਭਾਈ ਵਾਲ ਪਿੰਡ ਦੇ ਹੋਠ ਢੈਨ ਸੀ। ਵਿਚ ਲਕ ਲਕ ਜਲ ਸੀ, ਅਤੇ ੨੦-੨੫ ਸਿਖ ਪਹਿਲੇ ਇਸ਼ਨਾਨ ਕਰਦੇ ਸੀ। ਤਾਂ ਇਕ ਸਿੱਖ ਸਭਰਾਵਾਂ ਦਾ ਦਹੀ ਦਾ ਮੱਖਾ ਲੈ ਆਇਆ ਹੈ, ਤਾਂ ਹੁਕਮ ਹੋਇਆ ਸਿੰਘਾ ਵਿਚੇ ਉਸਮੇਂ ਕਹਿੰਦਾ ਹੈ, ਉਹ ਸਾਹਿਬ ਦੇ ਹਜੂਰ ਲੈ ਆਇਆ, ਤਾਂ ਪਹਿਲਾਂ ਸਾਹਿਬਾਂ ਦਾਹੜਾ ਸੁਚੇਤ ਕੀਤਾ। ਵਿਚ ਹੀ ਲੈ ਆ, ਉਹ ਸਾਹਿਬ ਦੇ ਹਜੂਰ ਲੈ ਆਇਆ, ਤਾਂ ਪਹਿਲਾਂ ਸਾਹਿਬਾਂ ਦਾਹੜਾ ਸੁਚੇਤ ਕੀਤਾ। ਫਿਰ ਸਭਤੇ ਖਾਲਸੇ ਨੂੰ ਦਾਹੜੇ ਸੁਚੇਤ ਕੀਤੇ। ਫਿਰ ਹੁਕਮ ਹੋਇਆ-ਮੁਰਦੇ ਤਾਰੀ ਕੀਕਰ ਤਰੀ ਵੀ ਹੈ। ਤੁਕਮ ਹੋਇਆ ਮੋਹਰ ਸਿੰਘਾ, ਗਾਗਰ ਲੈ ਆਂਦੀ ਹੈ। ਮੋਹਰ ਸਿੰਘ ਆਖਿਆ ਗਾਗਰ ਹਾਜਰ ਹੈ। ਤੁਕਮ ਹੋਇਆ ਸਾਹਿਬ ਜਾ ਕੇ ਲੰਸੇ ਪੈ ਗਏ। ਕਹਿਣ ਲੱਗੇ, ਗਾਗਰ ਸਾਡੀ ਪਿੱਠ ਵੱਲੇ ਦਿਉ ਮੂੰਹੀ ਕਰਕੇ ਕਰਕੇ ਤੁਸੀਂ ਆਪ ਸਾਹਿਬ ਜਾ ਕੇ ਗਾਗਰ ਪਿੱਠ ਉਤੇ ਦੇ ਮੂੰਹੀ ਗਲੋਂ ਵਡ ਛਡੀ। ਉਸ ਵਕਤ ਕਿਹੜੇ ਕਿਹੜੇ ਭਾਈ ਮੋਹਰ ਸਿੰਘ ਨੇ ਗਾਗਰ ਪਿੱਠ ਉਤੇ ਦੇ ਮੂੰਹੀ ਗਲੋਂ ਵਡ ਛਡੀ। ਉਸ ਵਕਤ ਕਿਹੜੇ ਕਿਹੜੇ ਇਸ਼ਨਾਨ ਕਰਦੇ ਸੀ ?

'ਹਿੰਮਤ ਸਿੰਘ ਛਤਰੀ ਵਾਲਾ, ਦਤਰ ਸਿੰਘ ਝੀਮਾਂ, ਕ੍ਰਿਪਾਲ ਸਿੰਘ ਮਾਲੂਵਾਲੀਆ, ਅਤਰ ਸਿੰਘ ਭਾਗਰ ਸਿੰਘ ਪਵਰੀ ਵਾਲੇ, ਮੋਹਰ ਸਿੰਘ ਜੇਤੇ ਬਰਦਾਰ, ਹੋਰ ਬਹੁਤ ਸਿੰਘ ਇਸ਼ਨਾਨ ਕਛ਼ਣੇ ਬਾਹਰ ਆ ਨਿਕਲੇ। ਮਹਾਰਾਜ ਜੀ ਬਾਹਰ ਆ ਕੇ ਪਲੰਘ ਤੇ ਬੈਠ ਗਏ, ਤਾਂ ਉਹ ਤਿੰਨ ਅਸਵਾਰ ਆ ਨਿਕਲੇ। ਜਿਧਰੇ ਦਰਿਆ ਵੇਖਣ ਗਏ ਸੀ, ਰੁਦਤ ਸਿੰਘ ਠਟੀ, ਨੰਦ ਸਿੰਘ ਹੀਰ, ਉਹਨਾਂ ਕਿਹਾ ਸਚੇ ਪਾਤਸ਼ਾਹ-ਮੁਠਿਆਂ ਵਾਲੇ ਦਖਣ ਪਾਸੇ ਅਧ ਕੋਹ ਕੰਢੇ ਨਾਲ ਤਾਰੂ ਪਾਣੀ ਵਗਦਾ ਹੈ, ਤਾਂ ਬਾਬਾ ਜੀ ਆਖਿਆ ਜੋ ਕੁਝ ਕਰ ਵਿਓ। ਹੋਸੇ ਵਜ ਪਏ, ਤਦ ਹੋਦਾ ਪਾ ਕੇ ਮੋਲਾਂ ਪਿਆਰੀ ਹਥਨੀ ਆ ਖਲੋ ਗਈ। ਸਫੈਦ ਘੋੜੀ, ਭੰਦੀ ਘੋੜਾ, ਅੰਗੂਠ ਘੋੜਾ ਨੌਲਖਾ ਘੋੜਾ, ਅਤੇ ਸਤ ਕੋਤਲ ਮਹਾਰਾਜ ਦੇ ਹਜੂਰ ਆਣ ਖੜੇ। ਭਾਈ ਧਿਆਨ ਸਿੰਘ ਦੇਸਾ ਸਿੰਘ ਵਰੋਗਾ, ਦੁਲੀ ਵਰੋਗਾ, ਜਵਾਹਰ ਸਿੰਘ ਨਲੂਏ ਦਾ ਹਾਥੀ ਆ ਗਿਆ।

ਅਤਰ ਸਿੰਘ ਮੰਧਾਵਾਲੀਆ ਹਾਥੀ ਤੇ ਚੜ ਕੇ ਆ ਗਿਆ, ਦੀਵਾਨ ਵਸਾਖਾ ਸਿੰਘ ਹਾਥੀ ਤੇ ਚੜ ਕੇ ਆ ਗਿਆ ਸਰਬਤ ਸਰਦਾਰਾਂ ਸਮੇਤ ਮਹਾਂਰਾਜ ਮੁਠਿਆਂ ਵਾਲੇ ਨੂੰ ਚਲ ਪਏ। ੧੩ ਹਜਾਰ ਸੂਰਬੀਰ ਘੋੜ ਚੜੇ ਨਾਲ ਹਨ। ਪੰਜ ਸੌ ਮਸੂਬੀ ਸਿੰਘ ਅਗੇ ਦੋਸੋ ਵਜਾਂਦੇ ਸਨ ਹਰਸਾ ਸਿੰਘ ਭੋਲਾ ਸਿੰਘ ਮਾਲਵਾਲ ਦਾ ਪੋਂਸੀ-(ਦੋਂਸਾ ਵਜਾਣ ਵਾਲਾ) ਪੰਜ ਸੌ ਕੰਬਲੀਆਂ ਦਾ ਸੂਦਾਰ ਕ੍ਰਿਪਾਲ ਸਿੰਘ, ਝੁਰੋਵੀਆ, ਦੂਲ ਸਿੰਘ ਕਰਮ ਸਿੰਘ ਸਰਦਾਰ ਕੈਂਥਲ ਦੇ ਸਰਦਾਰ, ਭਾਨਾ ਵਰਤਾਣ ਲਈ ਮੁਠਿਆਂ ਵਾਲੇ ਬਾਬਾ ਤੁਰੇ।

ਕਸ਼ਮੀਰਾ ਸਿੰਘ ਸਰਦਾਰ ਰਣਜੀਤ ਸਿੰਘ ਦਾ ਲੜਕਾ, ਅਮੀਰ ਸਿੰਘ ਸ਼ਿਆਲ ਕੋਟੀਆ, ਬਾਲ ਸਿੰਘ ਗੁਜਰਾਂਵਾਲੀਆ, ਹਰੀ ਸਿੰਘ ਖਾਈਵਾਲਾ ੪੦੦੦ (ਚਾਰ ਹਜਾਰ) ਕਸ਼ਮੀਰਾ ਸਿੰਘ ਨੇ ਨਾਲ, ਵੇਰ ਮੁਖਤਿਆਰੀਆਂ ਦੀਆਂ ਪਲਟਨਾਂ ੪੦੦੦ (ਚਾਰ ਹਜਾਰ), ਸਰਦਾਰ ਕਸ਼ਮੀਰਾ ਸਿੰਘ ਦੀ ਫੌਜ। ੪੦੦੦ ਅਤਰ ਸਿੰਘ ਸੰਧਾਵਾਲੀਏ ਦਾ ਹਕੀਕਤ ਸਿੰਘ ਪਕਨੀਆ ਵਸਾਖਾ ਸਿੰਘ ਜਵਾਈ ਸਰਦਾਰ ਅਤਰ ਸਿੰਘ ਸੰਧਾਵਾਲੀਏ ਦਾ, ਜਵਾਲਾ ਸਿੰਘ ਝੀਜੋਵਾਲੀਆ ਅਤਰ ਸਿੰਘ ਦਾ ਜਵਾਈ ਸੇਰ ਸਿੰਘ ਮਲੂਏ ਦਾ ਪੁਤਰਾਂ ਸਮੇਤ, ਨਿਧਾਨ ਸਿੰਘ ਲੰਘਾ ਸਧੋਵਾਲੀਆ, ਸ਼ਮਾ ਸਿੰਘ ਰਨੀਲ, ਹਰੀ ਸਿੰਘ ਜੀ ਹੋਰ ੨੭ ਅਹਾਰ ਸਿੰਘ ਹੋਰ ਬਹੁਤ ਸਰਦਾਰ ਬਾਬਾ ਜੀ ਨਾਲ-ਸਿੰਘ ਸਾਹਿਬ ਬਾਬਾ ਦੀਪ ਸਿੰਘ ਜੀ ਹੋਰ ੨੭ ਮਹੰਤ ਬਹੁਤ ਹੈ।

ਭਾਈ ਟੋਲ ਸਿੰਘ ਲਾਲ ਸਿੰਘ, ਮਾਹਲੂਵਾਲੀਆ, ਮਹੰਤ ਸਰਾਵਾਂ ਦਾ, ਭੈਰਾ ਕਨਈਆਂ ਵਾ, ਭੈਰੋ ਭਾਈ ਨਥਈ ਸਿੰਘ, ਪੋਟੇਦਾਰੀਏ ਦਾ, ਭੈਰਾ ਮੁਖਾ ਸਿੰਘ ਬਰਕੀ ਦਾ, ਭੈਰਾ ਭਾਈ ਟੂਰ ਸਿੰਘ ਵਰਨਾ

Scanned with CamScanner

ਵਾਲਾ। ਨਿਕੀ ਫੌਜ ੪੦ ਸਿੰਘ ਭੁਯੰਰੀ, ਹੱਥੀ ਸਲੋਤਰ ਫੜੇ ਹੋਏ ਹੋਇ। ਭਾਈ ਨਦਾਣ ਸਿੰਘ ਲੰਗਰ, ਪਵੋਣ ਵਾਲਾ, ਪਠੋਹਾਰੀਏ ਮਲਕ ਪੁਰੀਏ ਭਾਈ ਲਾਲ ਸਿੰਘ ਮੁਨਸ਼ੀ, ਕਟੂਰ ਦਾ, ਦਤਾ ਦੇ ਵਾਲਾ ਗੁਰਸਾ ਸਿੰਘ ਮੁਨੇਬਾ ਸਰਦਾਰਾ ਸਮੇਤ ਡੇਰੇ ਨਾਲ, ਬਾਬਾ ਰੰਡਿਆ ਸਿੰਘ, ਕਟੂਰ ਦਾ, ਦਤਾ ਦੇ ਵਾਲਾ ਬਾਬਾ ਭੋਮਤ ਸਿੰਘ ਬੇਦੀ ਸਾਹਿਬਜ਼ਾਦੇ-੧੩੦੦੦ (ਤੇਰਾ ਹਜਾਰ) ਸਮੇਤ ਬਾਬਾ ਜੀ ਨੈਣਾਤੁਰੀਏ। ਚਲੋ ਜਾਂਦੇ ਹਨ। ਚੀਂਡਸਾ ਗਿਲਾਂ ਦੇ ਅਲਾਕੇ ਦੇ ਤਸੀਲਦਾਰ ਨੂੰ ਰਾਜੇ ਹੀਰਾ ਸਿੰਘ ਨੇ ਹੁਕਮ ਭੇਜਿਆ ਸਭ ਸੰਗਤ ਬੰਦ ਕਰ ਦਿਉ । ਕੋਈ ਮੱਥਾ ਟੇਕਣ ਨਾ ਆਵੇ । ਤਾਂ ਬਾਬਾ ਜੀ ਨੂੰ ਜਾਂਦਿਆਂ ਰਸਤੇ ਵਿਚ ਇਕ ਪਿੰਡ ਵਡਾਲੀ ਆਇਆ।

ਉਹਨਾਂ ਨੇ ਦੁਧ ਦੀਆਂ ਕਾਹੜਨੀਆਂ ਤੇ ਖੋਆ ਲਿਆਂਦਾ ਤੇ ਮੱਥਾ ਟੇਕਿਆ, ਤਾਂ ਸਾਹਿਬਾਂ ਆਖਿਆ ਤੁਸੀਂ ਸਾਡੇ ਗੁਆਂਢੀ ਹੋ ਅਸੀਂ ਤੁਹਾਡੇ ਕੋਲ ਡੇਰਾ ਲਾਓਣਾ ਹੈ ਤੁਸੀਂ ਡੇਰੇ ਦੀ ਦਹਿਲ ਸਫ਼ਾਈ ਕਰਿਆ ਕਰੋ। ਕੋਰੇ ਘੜੇ ਲਿਆਉ ਜਲ ਵਾਸਤੇ, ਬਾਬਾ ਜੀ ਵਡਾਲੀਉ ਤੁਰ ਕੇ ਚਚਲਣ ਲੱਘ ਮੁਲਿਆ ਵਾਲੇ ਦੇ ਦਖਣ ਵਥ ਜਾ ਖਲੋਤੇ। ਸਾਰਾ ਡੇਰਾ ਲਦਿਆ ਲਦਾਇਆ-ਜਿਥੇ ਦੂਸਰੇ ਦਿਨ ਦੇਹ ਟੁਣਦੀ ਸੀ। ਉਥੇ ਜਾ ਖੜੇ ਹੋਏ ਆਪ ਸਾਹਿਬ ਹਥਨੀ ਉਤੇ ਤੇ ਪੰਜ ਆਸੇ ਪਾਸੇ ਹਾਥੀ ਖੜੇ ਹਨ।

ਅਤਰ ਸਿੰਘ ਸੰਧਾਵਾਲੀਆ, ਹਰੀ ਸਿੰਘ ਨਲੂਏ ਦਾ ਜਵਾਹਰ ਸਿੰਘ, ਵਸਾਖਾ ਸਿੰਘ, ਵੰਦਾ ਸਿੰਘ ਪੋਟੀ ਵਾਲਾ, ਇਹ ਸਭ ਹਾਥੀ ਖੜੇ ਹਨ। ਭਾਈ ਮੋਹਰ ਸਿੰਘ ਕਹਿੰਦਾ ਹੈ। ਮੈਂ ਖੜਾ ਵੇਖਦਾ ਹਾਂ- ਬਹੁਤ ਚਿਰ ਲਗਾ ਖਲੋਤਿਆਂ। ਸਿੰਘ ਕਾਹਲੇ ਪੈ ਗਏ, ਸਭ ਡੇਰਾ ਧੁਪ ਨਾਲ ਤੜਵੇ। ਬਾਬਾ ਜੀ ਚੁਪ ਕਰ ਰਹੇ। ਸਿੰਘਾਂ ਆਖਿਆ ਡੇਰਾ ਕਰੋ।

ਭਾਈ ਮੋਹਰ ਸਿੰਘ ਤਿੰਨ ਘੜੀ ਖੜੇ ਰਹੇ । ਬਾਬਾ ਜੀ ਭਾਣਾ ਵਰਤਾਣ ਦਾ, ਜਾਣ ਕੇ ਚੁਪ ਕਰ ਰਹੇ। ਜਵਾਹਰ ਸਿੰਘ ਬੋਲਿਆ ਬਾਬਾ ਜੀ ਦਰਿਆ ਦੇ ਕੰਢੇ ਡੇਰਾ ਲਾਉ। ਤੁਹਾਡਾ ਵੀ ਦਰਸ਼ਨ ਹੋਊ, ਦਰਿਆ ਦਾ ਵੀ। ਫਰਸ਼ ਤੇ ਸ਼ਤਰੰਜੀਆਂ ਲਗ ਗਈਆਂ, ਬਾਬਾ ਜੀ ਗਦੀ ਤੇ ਬੈਠ ਗਏ। ਤੇ ਮੋਹਰ ਸਿੰਘ ਅਕਾਲ ਬੁੰਗੀ ਚੋਰ ਕਰਦਾ ਸੀ। ਸਭ ਸਰਦਾਰ ਦੀਵਾਨ ਵਿਚ ਏਨੇ ਸੀ। ਤਦ ਲਾਹੌਰੋਂ ਖਬਰ ਆਈ ਫੌਜਾਂ ਚਲੇ ਆਉਂਦੀਆਂ ਹਨ, ਤਿੰਨੇ ਸਿਰ ਵੱਢ ਲੈਣੇ ਹਨ, ਤਾਂ ਸਾਹ ਲਵਾਂਗੇ। ਬੁਰਛੇ ਕਹਿੰਦੇ ਹਨ ਗਾਂ ਮਾਰਨ ਆਈ ਦੇ ਸਿੰਗ ਨਹੀਂ ਭੰਨਣੇ। ਸਾਰੇ ਨਰ ਨਾਰੀਆਂ ਆਖਣ ਜੱਟ ਫਿਟ ਗਿਆ ਹੈ।

ਪ੍ਰੀਤਵਾਨ ਸਿੱਖ ਬਾਬਾ ਜੀ ਹਜੂਰ ਕੱਠੇ ਹੋ ਗਏ। ਉਹ ਆਖਣ ਕਿ ਬਾਬਾਂ ਜੀ ਯੁਧ ਕਰਨਗੇ। ਅਸੀਂ ਸਹਾਇਤਾ ਕਰਾਂਗੇ। ਭਾਈ ਮੋਹਰ ਸਿੰਘ ਕਹਿੰਦਾ ਮੈਂ ਕੋਲ ਖੜਾ ਹਾਂ-ਸਭਨਾਂ ਸਰਦਾਰਾਂ ਮਿਲ ਅਰਜ ਕੀਤੀ ਹੁਣ ਅਸੀਂ ਦਾਲ ਫੁਲਕਾ ਵੰਡੀਏ। ਲੜਾਈ ਕਰੀਏ। ਸ਼ਰਦਾਰ ਅਤਰ ਸਿੰਘ ਦੀ ਫੌਜ ੪੦੦੦ (ਚਾਰ ਹਜਾਰ) ਅਗੇ, ਪਿਛੇ ਕਸ਼ਮੀਰਾ ਸਿੰਘ ੪੦੦੦ (ਚਾਰ ਹਜਾਰ), ੫੦੦੦ (ਪੰਜ ਹਜਾਰ) ਫੌਜ ਬਾਬਾ ਜੀ ਦੀ ਤੇ ਸਰਦਾਰ ਨਲੂਏ ਦੀ। ਭਾਈ ਮੋਹਰ ਸਿੰਘ ਕਹਿੰਦਾ ਹੈ ਮੈਂ ਨੰਦ ਸਿੰਘ ਮੁਨਸ਼ੀ ਨੂੰ ਪੁਛਿਆ। ਬਖਸ਼ੀ ਰਾਜਾ ਸਿੰਘ, ਬਖਸ਼ੀ ਰਾਮ ਸਿੰਘ ਇਹ ਡੇਰੇ ਦੀ ਕਾਰ ਚਲਾਉਣ ਵਾਲੇ ਮੁਨਸ਼ੀ ਪਠੋਹਾਰੀਏ ਸੀ। ਪੰਜ ਸੌ ਮਜਹਬੀ ਸਿੰਘਾਂ ਦਾ ਡੇਰਾ ਸੀ। ਇਹਨਾਂ ਨੂੰ ਪੀਹਣ ਵਾਸਤੇ ਦਾਣੇ ਦੇਣੇ ਤੇ ਬਾਮ ਨੂੰ ਆਟਾ ਲੈ ਲੈਣਾ।

ਨਿੱਕੀ ਫੌਜ ਦੇ ੪੦ ਸਿੰਘ, ਹੱਥੀਂ ਨਿੱਕੇ ਨਿੱਕੇ ਸਲੋਤਰ ਫੜੇ ਹੋਏ, ਅਤੇ ਪੜਨ ਵਾਸਤੇ ਤਖਤੀਆਂ ਗਲ ਪਾਈਆਂ, ਨਗਰ ਦੇ ਲੋਕਾਂ ਨੇ ਪੜਨ ਵਾਸਤੇ ਇਹਨਾਂ ਨੂੰ ਬਾਬਿਆਂ ਪਾਸ ਛਡਿਆ ਸੀ।

ਸਾਥੀ ਘੜੇ ਸਨ, ਨਾਲੇ ਸੇਵਾ ਕਰਦੇ ਸਨ। ਜਿਥੇ ਕਿਤੇ ਹਲਾ ਗੁਲਾ ਹੋਏ, ਨਿੱਕੀ ਫੌਜ ਨੂੰ ਅੱਗੇ ਕਰਦੇ ਸੀ ਤੇ ਪਹਿਰ ਅਵਾਰੀ ਨਾਲ ਦਖਿਆਂ ਨੂੰ ਖਿਡਾਉਂਦੇ ਸੀ। ਬਾਬਾ ਜੀ ਅੱਗੇ ਦੀਵਾਨ ਲਗਾ ਤੇ ਮੋਰਚੇ ਵਾਲੇ ਵੱਡੇ ਵੱਡੇ ਦੀਵਾਨ ਚੌਬਦਾਰ, ਗੁਰਮੁਖ ਸਿੰਘ ਚੌਬਦਾਰ ਸਰਮੁਖ ਸਿੰਘ ਠੱਟੀ, ਬੁਧ ਸਿੰਘ ਸਾਹਮਣੇ ਬਾਬਾ ਜੀ ਦੇ ਖੜੇ ਰਹਿੰਦੇ ਸੀ। ਲਿਲਆਣੀ ਫੌਜਾਂ ਆਈਆਂ ਲਾਹੌਰੋਂ ਚੜ੍ਹ ਕੇ ਲੜਾਈਆਂ, ਇਹ ਸਾਹਮਣੇ ਆਕਰ ਲੜੇ। ਅਸੀਂ ਜਾ ਕੇ ਲੜਦੇ ਹਾਂ-ਤਾਂ ਸਾਹਿਬਾਂ ਕਿਹਾ-ਸਾਥੋਂ ਅਡਰਾ ਸਰਦਾਰ ਅਰਜ ਕੀਤੀ। ਸਾਨੂੰ ਹੁਕਮ ਦਿਓ, ਅਸੀਂ ਜਾ ਕੇ ਲੜਦੇ ਹਾਂ-ਤਾਂ ਸਾਹਿਬਾਂ ਕਿਹਾ-ਸਾਥੋਂ ਅਡਰਾ ਰਹੋ ਸਾਡੇ ਬਾਹਰ ਜਾਕਰ ਲੜੋ। ਅਸੀਂ ਅੰਨ ਰਾਂਦਾ ਕਰਕੇ ਦੇਹ ਛਡਦੀ ਹੈ। ਅਸੀਂ ਇਹ ਖਰੜਾ ਮਲੇਛ ਪੈਰ ਹੇ ਮਲੇ ਮਲਨਾ ਹੈ। ਅਸਾਂ ਹੁਕਮ ਨਹੀਂ ਦੇਣਾ।

ਫੇਰ ਜਾ ਮਾਝੇ ਵਿਚੋਂ ਫੌਜਾਂ ਆਈਆਂ, ਫਿਰ ਵਲਟੋਹੇ ਆਈਆ, ਫਿਰ ਸਰਦਾਰਾਂ ਅਰਜ ਕੀਤੀ ਜੀ ਪਾਤਸ਼ਾਹ ਸਾਨੂੰ ਪਕੜਨਗੇ। ਕੁਝ ਸਾਨੂੰ ਹੁਕਮ ਦਿਓ। ਫੇਰ ਗੁਰੂ ਜੀ ਦਾਹੜੇ ਪਰ ਹੱਥ ਫੇਰ ਕੇ ਫਰਮਾਇਆ ਹੈ ਹੁਣ ਸਾਨੂੰ ਹੁਕਮ ਦਿਆਂ ਮੇਰੇ ਵਿਚ ਕੁਝ ਬਲ ਨਹੀਂ ਹੈ। ਮੈਂ ਚਾਹਵਾਂ ਤਾਂ ਇਕ ਜੀਵ ਨੂੰ ਮਾਰਾਂ। ਮੈਂ ਤੁਹਾਨੂੰ ਹੁਕਮ ਦਿਆਂ ਮੇਰੇ ਵਿਚ ਕੁਝ ਬਲ ਨਹੀਂ ਹੈ। ਮੈਂ ਚਾਹਵਾਂ ਤਾਂ ਇਕ ਜੀਵ ਨੂੰ ਮਾਰਾਂ। ਜਿਥੇ ਜਿਥੇ ਹੈਨ ਸਭ ਉਥੇ ਸੋਂ ਜਾਣ। ਮੈਂ ਚਾਹੁਵਾਂ ਤੇ ਇਹਨਾਂ ਸਿੱਖਾਂ ਤੇ ਡੋਗਰਿਆਂ ਦਾ ਬੀ ਨਾ ਰਹੇ। ਸਾਰੀ ਪੰਜਾਬ ਇਹ ਕਹਿਕੇ ਸਿਖ ਹੋਈ ਸੀ, ਕਿਧਰ ਗਏ। ਪੈਰ ਧਰਨ ਨੂੰ ਥਾਂ ਨ ਲਭੇ। ਜਿਥੇ ਤੇ ਡੋਗਰਿਆਂ ਨੇ ਉਦਾਲਿਉਂ ਮੰਗਤ ਬੰਦ ਕਰ ਦਿਤੀ। ਕੋਈ ਦਰਸ਼ਨ ਕਰਨ ਨ ਆਵੇ।

ਸ਼ਾਮ ਸਿੰਘ ਅਟਾਰੀ ਵਾਲੇ ਦਾ ਚਾਚਾ ਖੁਸ਼ਾਲ ਸਿੰਘ, ਕਸੂਰ ਤੋਂ ਥੱਬੇ ਹੀ ਕਸੂਰ ਦੇ ਤਸੀਲਦਾਰ ਦੀ ਰਾਣੋਂ ਫੌਜ ਦੀ ਲੜਾਈ ਵਾਸਤੇ ਦਾਨੂ ਸਿਕਾ ਭੇਜ ਦਿਤਾ। ਫੌਜਾਂ ਚਾਹੇ ਉਪਰ ਉਪਰ ਉਤਰੀਆਂ ਜਿਲਾਂ ਦੀਆਂ ਪੰਚਾਇਤਾਂ ਜਾਣ ਮਿਲੀਆਂ।

ਬੁਰਛਿਆਂ ਵਿਚ ਮੁਖਤਿਆਰ ਸਿੰਘ ਸੁਨਿਆਲੀਆ, ਗੁਲਾਬ ਸਿੰਘ ਕਲਕਤੀਆ ਤੇ ਡੋਗਰਿਆਂ ਵਿਚ ਮੁਖਤਿਆਰ ਸਿੰਘ ਲਾਭ ਸਿੰਘ ਤੇਗਰਾ- ਇਨਾਂ ਪੁਛਿਆ ਗਿਲਾਂ ਦੀਆਂ ਪੰਚਾਇਤਾਂ ਨੂੰ, ਤੁਪਾਂ ਕੋਹੜੀ ਪਾਣੀ ਉਤਰਨ, ਤਾਂ ਇਹਨਾਂ ਆਖਿਆ- ਜੋ ਗਿਲਾਂ ਦੀ ਘਾਟੀ ਸਾਫ ਹੈ, ਤੁਪਖਾਨਾ ਉਥੇ ਉਤਰੇ। ਹੋਰ ਗੱਲਾਂ ਆਲੇ ਦੀ ਘਾਟੀ ਨੂੰ ਤੁਰੀਆਂ। ਅਗੇ ਮੰਡ ਦੀ ਘਾਟੀ ਨੂੰ ਤੇ ਸਹਸਲੇ ਦੀ ਘਾਟੀ ਤੇ ਤੋਰਕੀ ਘਾਟੀ ਨੂੰ ਤੇ ਸਹਸਲੇ ਦੀ ਘਾਟੀ ਨੂੰ ਤਾਂ ਸਭਨਾਂ ਸਰਦਾਰਾਂ ਗੁਰੂ ਜੀ ਪਾਸ ਅਰਜ ਕੀ, ਸੱਚੇ ਪਾਤਸ਼ਾਹ ਸਾਨੂੰ ਹੁਕਮ ਨਹੀਂ ਦਿਤਾ, ਸਾਨੂੰ ਬੁਰਛੇ ਦਾੜੀਉਂ ਫੜ ਕੇ ਲੈ ਜਾਣਗੇ, ਤਾਂ ਹੁਕਮ ਹੋਇਆ- ਚਾਂਦਲ ਦੇ ਵਿਚ ਰਹੋ।

ਹੁਕਮ ਹੋਇਆ ਬਿਨਾਂ ਹੁਕਮ ਕੋਈ ਸਸ਼ਤਰ ਨਾ ਚਲਾਏ। ਤਾਂ ਨਿਕੀ ਫੌਜ ਦੇ ਮੁਨਸੀ ਬਖਸ਼ੀ ਫੌਜ ਸਿੰਘ ਨੇ ਅਰਜ ਕੀਤੀ ਸਚੇ ਪਾਤਸ਼ਾਹ ਲੰਗਰ ਵਿਚ ਰਸਦ ਨਹੀਂ। ਕੀ ਹੁਕਮ ਹੈ, ਤਾਂ ਹੁਕਮ ਹੋਇਆ ਬੰਕਾ ਸਿੰਘ ਵਾਲੇ ਖਬਰ ਲਿਓ। ਤਾਂ ਦੋ ਅਸਵਾਰ ਘੋੜੇ ਦੁੜਾ ਕੇ ਗਏ। ਵੇਖ ਆਏ (ਕਿਹਾ) ਸਭੇ ਪਾਤਸ਼ਾਹ ਜੀ ਮਾਲਵੇ ਦੀਆਂ ਗਡੀਆਂ ਤੇ ਊਠ ਤੇ ਬਲਦ ਲੋਪੋ ਜਾਂਦੇ ਹਨ। ਆਟਾ ਦਾਣਾਂ ਦਾਲ ਛੋਲੇ ਲਦੇ ਹੋਏ ਹਨ ਤਾਂ ਹੁਕਮ ਹੋਇਆ ਜਾ ਕੇ ਘੋਰ ਕੇ ਲਿਆਉ ਤਾਂ ੫੦੦ ਸਵਾਰ ਘੋਰ ਕੇ ਲੈ ਆਏ। ਜੋ ਤੁਸਾਂ ਲਾਹੌਰ ਜਾ ਕੇ ਦੇਣੇ, ਇਥੇ ਦੇ ਦਿਉ। ਤਾਂ ਫੇਰ ਹੁਕਮ ਹੋਇਆ ਤੁਸਾਂ ਤੋਲਕੇ ਲਦੇ ਹਨ। ਉਨ੍ਹਾਂ ਵਿਚੋਂ ਜੋ ਉਨ੍ਹਾਂ ਉਲਟ ਦਿਤੇ ਜਿਨ੍ਹਾਂ ਮਰ ਜਾਣਾ ਸੀ ਉਨ੍ਹਾਂ ਦੇ ਪੈਸੇ ਨ ਤਰੇ, ਦੂਸਰਿਆਂ ਦੇ ਰੁਪਏ ਸੇ ਕੋਰੇ। ਸੋ ਡੇਰੇ ਵਿਚੋਂ ਨਿਕਲ ਆਏ ਨਿਕਲ ਗਏ। ਦੂਸਰੇ ਡੇਰੇ ਵਿਚ ਮਾਰੇ ਗਏ। ਵਿਚਾਰੇ ਮੁਫਤ

Scanned with CamScanner

ਮਾਰੇ ਗਏ। ਅਤੇ ਕਈ ਸਿਖ ਮਾਝੇ ਵਿਚੋਂ ਕਮਰ ਕੱਸੇ ਕਰ ਕੇ ਆਂਦੇ ਸਨ ਕਿ ਗੁਰਾਂ ਨਾਲ ਰਲ ਕੇ ਸੁਰਖਿਆ ਨਾਲ ਲੜਾਂਗੇ ਤੇ ਦੁਆਬੇ ਵਿਚੋਂ ਵੀ ਆਉਂਦੇ ਜਾਣ।

੧੭੦੦੦ ਤੋਰਾਂ ਹਜ਼ਾਰ ਸਰਦਾਰ ਆਣ ਇਕੱਠੇ ਹੋਏ। ਗੁਰੂ ਸਾਹਿਬ ਹੁਕਮ ਕਰਦੇ ਤਾਂ ਚੁਫਿਆਂ ਦਾ ਬੀਨ ਛਡਦੇ। ਗੁਰਾਂ ਹੁਕਮ ਨ ਦਿਤਾ, ਇਹ ਅਰਜ ਕਰਨ, ਪਾਤਸ਼ਾਹ ਜਾਂ ਸਾਸ ਸਾਸ ਤਾਂ ਆਸ ਆਪਣੇ ਚਰਨਾਂ ਵਿਚ ਰਖਨਾ। ਕੋਈ ਮੁਕਤੀ ਮੰਗਣ। ਇਹ ਬਚਨ ਕਹਿ ਕੇ ਮੋਰਚੇ ਵਿਚ ਜਾ ਬੈਠੇ। ਮੁਠਿਆਂ ਵਾਲੇ ਦੇ ਲੈਂਦੇ ਪਾਸੇ ਨੂੰ। ਬੁਰਛਿਆਂ ਆਣ ਮੋਰਚੇ ਬੱਧੇ। ਮੋਹਰੇ ਤੋਪਾਂ ਰਦ ਕਰ ਘੁੰਮਾ ਫੇਰੇ ਦੇ ਚਫੇਰੇ ਗੱਡ ਲਿਆ। ੮੦੦੦੦ ਫੌਜ ਅਸੀ ਹਜਾਰ ਫੌਜ ਅਸੀ ਤੋਪਾਂ, ਹੋਰ ਫੌਜ ਮਗਰੂੰ ਤੁਰੀ ਆਉਂਦੀ ਹੈ, ਅੰਮ੍ਰਿਤਸਰ ਵਲੋਂ ਤੇ ਲਾਹੌਰ ਵਲੋਂ ਹੋਰ ਜਿਧਰੋਂ ਕਿਧਰੋਂ ਫੌਜ ਚਲੀ ਆਉਂਦੀ ਹੀ।

ਭਾਈ ਮੋਹਰ ਸਿੰਘ ਗੁਰੂ ਬੀਰ ਸਿੰਘ ਦਾ ਤੋਸ਼ੇ ਖਾਨੀਆਂ (ਗੁਰੂ ਭਾਗ ਸਿੰਘ ਦਾ ਦੋਹਤਰਾ, ਪਿਤਾ ਬਾਗ ਸਿੰਘ, ਮਾਈ ਰੂਪਾਂ, ਨਾਨੀ ਕਰਮੋ, ਨਾਨਾ ਭਾਈ ਮਨਸਾ ਸਿੰਘ ਸਾਂਗੀ-ਬਾਬੇ ਸਾਹਿਬ ਸਿੰਘ ਪਾਸ ਰਹਿੰਦਾ ਸੀ) ਬਾਬੇ ਸਾਹਿਬ ਸਿੰਘ ਪਾਸ ਸਾਂਗ ਲਿਆਂਦੇ ਸੀ। ਦਿਹਾੜੀ ਵਿਚ ਦੋ ਚਾਰ ਵਾਰੀ। ਭਾਈ ਮਨਸਾ ਸਿੰਘ ਤੇ ਗੁਰੂ ਭਾਗ ਸਿੰਘ ਦੋਵੇ ਸਕੇ ਭਾਈ ਸਨ। ਕਪਰਾਂ ਵਾਲਾ ਭਾਈ ਮੋਹਰੀ ਪੰਜਵੇ ਪਾਤਸ਼ਾਹ ਦੇ ਸਿਖ ਹੋਏ ਹਨ।

ਮਾਝੇ ਵਿਚ ਭਾਈ ਫੇਰੂ ਤੇ ਬਾਰ ਵਿਚ ਭਾਈ ਮੋਹਰੀ ਵਡੇ ਕਲਾਵਾਨ ਹੋਏ ਹਨ। ਏਹਾ ਵੰਨੂ ਵਿਚੋਂ ਨਿਕਲਦਾ ਸੀ। ਭਾਈ ਮੋਹਰੂ ਦੀ ਖੰਸ ਵਿਚੋਂ ਗੁਰੂ ਭਾਗ ਸਿੰਘ ਤੇ ਮਨਸਾ ਸਿੰਘ ਹੋਏ। ਉਨ੍ਹਾਂ ਦੀ ਖੰਸ ਵਿਚੋਂ ਕੋਈ ਨ ਕੋਈ ਸੰਤ ਹੁੰਦਾ ਆਇਹੈ। ਦੋਵੇਂ ਭਾਈ ਮਨਸਾ ਸਿੰਘ ਤੇ ਭਾਗ ਸਿੰਘ ਉਨ੍ਹਾਂ ਦਾ ਦੋਹਤਰਾ (ਭਾਈ ਮੋਹਰ ਸਿੰਘ) ਲਿਖਾਉਂਦਾ ਹੈ ਸਾਖੀਆਂ।

ਭਾਈ ਮੋਹਰ ਸਿੰਘ ਕਹਿੰਦਾ– ਮੈਂ ਕੋਲ ਖੜਾ ਗੁਰੂ ਜੀ ਦੇ ਮੋਹਰੇ ਕੁਲਟਾਂ ਵਾਲੀਆਂ ਦੇ ਚਾਰ ਪਲਟਨਾਂ, ਹੋਰ ਸਭ ਪਲਟਨਾਂ, ਘੋੜ ਚੜੀਆਂ ਤੇ ਡੇਰਾ ਚਾਰਯਾਰੀ ਦਾ (ਡੇਗਰਾ ਚਾਰ ਯਾਰੀ ਦਾ) ਰਾਜੇ ਹੀਰਾ ਸਿੰਘ ਦਾ ਡੇਰਾ।

ਤਾਂ ਫੇਰ ਸਰਦਾਰਾਂ ਅਰਜ ਕੀਤੀ– ਜੀ ਮਹਾਰਾਜ ਹੁਣ ਆਗਿਆ ਦੇਵੋ ਸਾਨੂੰ, ਤੁਸੇ ਤੋਂ ਵਰਨ ਲਗੇ ਹਨ– ਤਾਂ ਹੁਕਮ ਸੋਇਆ- ਚਾਂਦਲ ਵਿਚ ਜਾਏ ਬੋਠੇ। ਅੱਧ ਵਿਚ ਮੋਰਚਾ ਗੁਰੂ ਜੀ ਦਾ ਪੰਜ ਹਜਾਰ ੫੦੦੦ ਫੌਜ, ਗੁਰੂ ਜੀ ਦੀ ਮਾਝਿਉ ਆਣ ਇਕੱਠੀ ਹੋਈ। ੪੦੦੦ ਚਾਰ ਹਜ਼ਾਰ ਫੌਜ ਅਤਰ ਸਿੰਘ ਦੀ ਲੋਹਦੇ ਪਾਸੇ, ਮੋਰਚਾ। ਚਾਰ ਹਜਾਰ ਪ੍ਰਕਤਿਆਂ ਦੀਆਂ ਪਲਟਨਾਂ। ਕਸ਼ਮੀਰਾ ਸਿੰਘ ਸਿਆਲ ਕੋਟ ਤੇ ਭੰਡ ਕੇ ਗੁਰੂ ਜੀ ਦੀ ਸ਼ਰਨ ਵਿਚ ਆਇਆ (ਹੁਕਮ ਹੋਇਆ) ਸਾਡੇ ਹੁਕਮ ਬਿਨਾਂ ਕੋਈ ਸ਼ਸਤਰ ਨ ਚਲਾਏ। ਬੁਰਛੇ ਕਹਿੰਦੇ ਹਨ, ਰਾਉ ਮਾਰਨ ਆਈ ਦੇ ਸਿੰਘ ਨਹੀਂ ਭੁੰਨਣੇ। ਜਾਣ ਫਿਟ ਗਿਆ ਹੈ। ਲਾਹੌਰ ਦੀ ਪਾਤਸ਼ਾਹੀ ਸਭ ਸਰਦਾਰ ਇਕਠੇ ਕਰਕੇ ਮਾਰਨ ਲਗਾ ਹੈ। ਸਾਰਾ ਮਾਝਾ ਇਹ ਕਹਿੰਦਾ ਹੈ, ਬਾਹਰਲਾ ਕਹਿੰਦਾ ਹੈ- ਮਾਰ ਲਵੋ। ਅਸੀਂ ਅੰਨ ਪਾਣੀ ਤਾਂ ਕਰਨਾ ਹੈ, ਜਦੋਂ ਤੈਂਨ ਸਿਰ ਵੱਢ ਲੈਣੇ। ਉਹਨਾਂ ਜਿਉਂ ਲਾਹੌਰ ਤੋਂ ਤੁਰੇ ਡੇਰਾ ਕਿਤੇ ਨਹੀਂ ਕੀਤਾ। ਇਹੋ ਕਹਿੰਦੇ ਹੈਨ ਤਿਨੈ ਮਾਰਨੇ ਹਨ, ਤਾਂ ਹੈਰਾ ਕਰਨਾ ਹੈ।

ਭਾਈ ਮੋਹਰ ਸਿੰਘ ਕਹਿੰਦਾ ਜਦੋਂ ਜਦੋਂ ਤੁਕਾਲਾਂ ਵੇਲਾ ਹੋਇਆ- ਮੈਂ ਪਾਸ ਹੀ ਖੜਾ ਸੀ, ਵਸਾਖਾ ਸਿੰਘ, ਮਨਬਾ ਸਿੰਘ, ਆ ਕੇ ਕਹਿਣ ਲਗਾ ਸਚੇ ਪਾਤਸ਼ਾਹ ਬੁਰਛੇ ਕਹਿੰਦੇ ਹਨ- ਪਲੋਰਾ ਸਿੰਘ ਤੇ

ਸ਼ਮਸ਼ੇਰ ਸਿੰਘ ਤੇ ਬਾਬਾ ਬੀਰ ਸਿੰਘ, ਇਨ੍ਹਾਂ ਤਿਨਾਂ ਦੇ ਸਿਰ ਵੱਢ ਕੇ ਅੰਨ ਪਾਣੀ ਖਾਣਾ ਹੈ। ਗੁਰੂ ਜੀ ਵਾਰਤ ਉਤੇ ਹੱਥ ਫੇਰ ਕੇ ਕਹਿਣ ਲਗੇ। ਸੁਣ ਵਸਾਖਾ ਸਿੰਘ! ਮੇਰਾ ਗੁਰੂ ਸਾਹਿਬ ਸਿੰਘ, ਚਾਹੇ ਬੁਰਛਿਆਂ ਤੂੰ ਪਹਾੜੀਆਂ ਦਾ ਇਕ ਜੀ ਨ ਛਡੇ, ਤਾਂ ਬਾਬਾ ਜੀ ਕਹਿੰਦੇ ਹਨ, ਬੋਹਲ ਸਿੰਘ ਮਸਾਲਚੀ ਨੂੰ ਬੁਲਾਉ ਤਾਂ ਮੋਰ ਸਿੰਘ ਨੈ ਕਿਹਾ, ਬੋਹਲ ਸਿੰਘ ਭਜ ਗਿਆ ਹੈ, ਤਾਂ ਸਾਹਿਬਾਂ ਆਖਿਆ ਤੂੰ ਹੀ ਮਸਾਲ ਜਗਾ ਦਿਉ। ਤਾਂ ਦੋ ਮਸਾਲਾਂ ਜਗਾਈਆਂ। ਤਾਂ ਨੌਦ ਸਿੰਘ ਬਖਸ਼ੀ ਆਇਆ ਤਾਂ ਸਾਹਿਬ ਉਸ ਨੂੰ ਕਹਿਣ ਲਗੇ ਵਜ਼ਾਹ ਪ੍ਰਸਾਦਿ ਦੀ ਵਸਤ ਬਹੁਤ ਬਹੁਤ ਦਿਉ। ਸਿਖ ਖਾਲਸਾ ਬਹੁਤ ਆਇਆ ਹੈ– ਕੜਾਹ ਪ੍ਰਸਾਦਿ ਵਰਤਣੇ।

ਸਾਹਿਬ ਕਹਿੰਦੇ ਨੈ ਬਖਸ਼ੀ ਨੌਦ ਸਿੰਘ, ਕੋਰੇ ਘੜੇ ਮੰਗਾ ਕੇ ਦਾਲ ਉਬਾਲ ਦਿਉ। ਵਡੇ ਦੇਗੇ ਖਿਚਿਆ ਕੇ ਡੋਲਿਆਂ ਦੀਆਂ ਘੁਘਨੀਆਂ ਉਬਾਲੋ। ਮਹਾਰਾਜ ਸਿੰਘ ਨੂੰ ਕਹੋ, ਸਾਰੀ ਰਾਤ ਪ੍ਰਸਾਦ ਪਕਦਾ ਰਹੀ। ਤੇ ਘੁਘਣੀਆਂ ਉਬਾਲੇ ਬਹੁਤੀਆਂ। ਬਾਬਾ ਜੀ ਵਾਸਤੇ ਥਾਲ ਆਇਆ। ਪੰਗਤਾਂ ਲਗ ਗਈਆਂ। ਪ੍ਰਸਾਦ ਛਕਣ ਲਗੇ।

ਜਦ ਪ੍ਰਸਾਦਿ ਛਕ ਕੇ ਚੁਲਾ ਕੀਤਾ, ਹਲਚਲ ਮਚਿਆ ਹੋਇਆ ਸੀ, ਇਕ ਆਉਂਦੇ ਇਕ ਜਾਂਦੇ ਹਨ- ਭਾਈ ਜਸ ਹੋਰੀ ਰਾਗੀ ਆਏ ਨਾਲ ਭਗਤ ਸਿੰਘ ਰਾਗੀ ਅਤੇ ਸੰਤ ਸਿੰਘ ਰਾਗੀ, ਨਿਹਾਲ ਸਿੰਘ ਝੰਡੀਵਾਲਾ, ਭਾਈ ਮੋਹਨ ਮੋਹਨ ਸਿੰਘ ਰਾਗੀ, ਰਬਾਬ ਵਾਲਾ ਅਤੇ ਸੁੰਦਰ ਸਿੰਘ ਰਾਗੀ, ਇਹ ਸਾਰੇ ਭਾਈ ਨੰਦ ਸਿੰਘ ਹੋਰੀ ਚੌਕੀ ਦੇ ਰਾਗੀ। ਭਾਈ ਲਾਲਾ ਕਾਹਨਾਂ ਤੇ ਜੱਸ ਇਹ ਅਡਣਬਾਹੀਏ, ਭਾ: ਬਲਾਕਾ ਸਿੰਘ ਰਾਗੀ ਗਰੰਥਸਰ ਵਾਲਾ ਉਸ ਦੀ ਚੌਕੀ ਦੇ ਰਾਗੀ, ਭਾਈ ਕਿਸ਼ਨ ਸਿੰਘ, ਗੰਡਾ ਸਿੰਘ ਸੂਰਮਾਂ ਰਾਗੀ, ਸਭ ਰਾਗੀ ਪੂਰੀ ਵਾਲੇ ਨਿਹਾਲ ਸਿੰਘ. ਪੂਰੀ ਵਾਲਾ ਜਵਾਹਰ ਸਿੰਘ, ਸਿਤਾਰ ਵਾਲਾ ਮਹਾਂ ਸਿੰਘ ਤੰਬੇਵਾਲਾ ਵਜੀਰ ਸਿੰਘ ਸਰੰਦੇ ਵਾਲਾ, ਇਹ ਦੋ ਚੌਕੀਆਂ ਵਡੀਆਂ ਸੀ। ਹੋਰ ਬਹੁਤ ਚੌਕੀਆਂ ਅਠ ਪਹਿਰ ਕੀਰਤਨ ਹੁੰਦਾ ਰਿਹਾ।

ਫਿਰ ਭਾਈ ਜੱਸ ਹੋਰੀ ਕਲਿਆਨ ਦੀ ਚੌਕੀ ਲਗੇ ਕਰਨ। ਪਹਿਰਰਾਤ ਗਈ ਸ਼ਬਦ ਦਾ ਭੋਗ ਪਾਇਆ। ਫਿਰ ਹੋਰ ਚੌਕੀ ਆਈ। ਚੋਥਾਂ ਘੜੀਆਂ ਰਾਤ ਗਈ, ਭੋਗ ਪਾਇਆ ਫਿਰ ਬਾਬਾ ਜੀ ਪਲੰਘ ਉਤੇ ਬੁਜ ਗਏ। ਦੋਏ ਘੜੀਆਂ ਉਤੇ ਅਧੀ ਰਾਤ ਵਜੀ ਸੀ। ਛਾਹ ਵੇਲੇ ਇਸ਼ਨਾਨ ਕਰਨ ਵਾਸਤੇ ਉਠੇ। ਮਹਾਰਾਜ ਸਿੰਘ ਜੀ ਤੇ ਮਲੋਵਾਲੀਆਂ ਨਿਹਾਲ ਸਿੰਘ- ਇਨ੍ਹਾਂ ਪੰਦਰਾਂ ਸੇਰ ਚਿੱਟੇ ਕਣਕ ਆਪ ਪੀਹੀ। ਅੱਧੀ ਰਾਤ ਉਠ ਕੇ, ਫਿਰ ਬਾਬਾ ਜੀ ਨੂੰ ਇਸ਼ਨਾਨ ਕਰਾਉਣਾ। ਪਿਠਲੀਆਂ ਦਾ ਬਾਲ ਪਕਾਉਣਾ, ਫਿਰ ਦੋ ਲੰਗਰ ਜਾ ਕੇ ਲੰਗਰ ਪਕਾਉਣਾ। ਉਸ ਵੇਲੇ ਇਸ਼ਨਾਨ ਕਰਾਉਣ ਵਾਲੇ ਸੇਵਾਦਾਰਾਂ ਦੇ ਨਾਂ ਭਾਈ ਨਿਹਾਲ ਸਿੰਘ ਮਾਹਲੂ ਵਾਲੀ। ਹਿੰਮਤ ਸਿੰਘ ਛਤਰੀ ਬਰਦਾਰ, ਚਤਰ ਸਿੰਘ ਚੀਮਾਂ, ਖੁਸ਼ਹਾਲ ਸਿੰਘ ਪਾਲੀਵਾਲਾ। ਖਜਾਨਸਿੰਘ ਹਿਤਪਨਾ, ਮੋਹਨ ਸਿੰਘ ਟੋਸਵਾਂ, ਇਹ ਇਸ਼ਨਾਨ ਕਰਾਉਣ ਵਾਲੇ। ਅਮਰ ਸਿੰਘ ਹੁਡਵਾਲੀਆ, ਗੱਦੀ ਵਡਾਉਣ ਵਾਲਾ। ਇਹ ਖਿਦਮਤ ਗਾਰ, ਬਾਬੇ ਦੇ ਹਜੂਰ ਰਹਿਣ ਵਾਲੇ ਨਰੈਣ ਸਿੰਘ ਕਲਰ ਵਾਲਾ (ਪਠੋਹਾਰੀ) ਕਿਰਪਾਲ ਸਿੰਘ ਮਾਲੂਵਾਲੀਆ, ਇਹ ਦਸਤਾਰ ਦੁਰਾ ਕੇ ਰਖਾਉਣ ਵਾਲੇ ਸਨ। ਬਘੇਲ ਸਿੰਘ ਖਿਦਮਤਗਾਰ ਵਸਾਵਾ ਸਿੰਘ ਨਿਹੰਗ, ਸ਼ਸਤ੍ਰਾਂ ਵਾਲਾ ਪਹਿਰੇਦਾਰ, ਬੰਦੂਕੀ ਤੇ ਪਹਿਰੇ ਵਾਲਾ ਪਥਰ ਕਲੀ ਕੋੜਾ ਸਿੰਘ।

ਬਾਬਾ ਸਾਹਿਬ ਇਸ਼ਨਾਨ ਕਰਕੇ ਉਠੇ– ਭਾਈ ਮੋਹਰ ਸਿੰਘ ਕਹਿੰਦਾ ਹੈ– ਖਾਲਸਾ ਜੀ ਮੈਂ ਕੋਲ

Scanned with CamScanner

ਖੜਾ ਹਾਂ– ਸਾਧ ਸੰਗਤ ਜੀ ਪੰਜ ਪੈਸੇ ਇਕ ਨਰੈਲ (ਨਾਰੀਅਲ) ਬਾਲ ਵਿਚ ਰਖ ਕੇ ਅਰਦਾਸ ਕਰਕੇ ਅਗੇ ਮੱਥਾ ਟੇਕਿਆ । ਪੰਜ ਪੁਕਾਰਮਾਂ ਨੂੰ ਅਗੇ ਆਖਿਆ ਭਾਈ ਸਿਖਾਂ– ਗੁਰੂ ਨਾਨਕ ਦੇਵ ਜੀ ਦੀ ਸੰਗਤ ਦਸ ਦੇਵੋ, ਪਰ ਸਾਹਿਬ ਜੀ ਦਾ ਖਾਲਸਾ, ਬਾਬੇ ਸਾਹਿਬ ਸਿੰਘ ਜੀ ਨੇ ਇਨ੍ਹਾਂ ਦੇਹਾਂ ਦੀ ਬਾਂਹ ਸਾਨੂੰ ਫੜਾਈ ਸੀ, ਅਸੀਂ ਤੇਰੇ ਹਥ ਫੜਾਈ, ਖਾਲਸਾ ਪੰਥ ਉਦੋਂ ਲਗੇ, ਜਦੋਂ ਬਾਜ਼ੂ ਬਰਦਾਰ ਬਾਜ਼ੂ ਫੜ ਸਾਨੂੰ ਵਰਤਾਇਆ । ਉਸ ਕਿਸੇ ਪਾਸ ਕਰਦ ਦੀ ਚੁੰਜ ਉਤੇ ਪਾਉਣ ਜੋਗਾ ਨ ਰਹੂਗੀ, ਕਿਸੇ ਸਿਖ ਪਾਸ । ਬਾਂਹ ਖੜੀ ਕਰਕੇ ਪੁਕਾਰ ਕਰਨਗੇ ਜਦੋਂ ਸਿਖ ਗੁਰੂ ਗੁਰੂ ਕਰਨਗੇ । ਫਿਰ ਗੁਰੂ ਸਾਹਿਬ ਕਿਹਾ– ਜਾਉ ਲੰਗਰ ਪਕਾਉ । ਆਪ ਹੁਕਮ ਦੇ ਕੇ ਵਾਰ (ਆਸਾ ਦੀ ਵਾਰ) ਦੀ ਵੱਲੀ ਲਗੇ ਸੁਣਨ ।

ਆਸਾ ਦੀ ਵਾਰ ਸੁਣਦੇ ਸਭ ਸਰਦਾਰ ਪਾਸ ਬੈਠੇ ਹਨ । ਮੋਰਚਿਆਂ ਵਿਚੋਂ ਸਿਖ ਆਉਂਦੇ ਹਨ । ਬਾਬਾ ਜੀ ਦਾ ਹੁਕਮ ਮੰਗਦੇ ਹਨ, ਜੀ ਬੁਰਛਿਆਂ ਤੋਪਾਂ ਆਣ ਭਾਹੀਆਂ ਹੈਨ ਤਾਂ ਬਾਬਾ ਸਾਹਿਬ ਹੁਕਮ ਨਹੀਂ ਦਿੰਦੇ । ਫਿਰ ਆਸਾ ਦੀ ਵਾਰ ਦਾ ਭੋਗ ਪਿਆ । ਸਭ ਸਰਦਾਰ ਕੋਲ ਬੈਠੇ ਹਨ । ਮਹਾਰਾਜ ਜੀ ਲੰਗਰ ਕਰ ਰਹੇ ਹਨ । ਕੜਾਹ ਪ੍ਰਸ਼ਾਦਿ ਹੁੰਦਾ ਹੈ, ਵਡੀ ਛੋਤੀ ਕਰ ਰਹੇ ਹਨ । ਭਾਈ ਮੋਹਰ ਸਿੰਘ ਕਹਿੰਦਾ ਮੈਂ ਕੋਲ ਖੜਾ ਹਾਂ । ਚੋਰੀ ਕਰਦਾ ਹਾਂ । ਤਿਨ ਮਾਈਆਂ ਬਾਬਾ ਜੀ ਦੇ ਦਰਸ਼ਨ ਕਰਨ ਆਇਆਂ ਹਨ ਤਾਂ ਸਾਹਿਬ ਕਹਿੰਦੇ ਹਨ ਜਾਉ ਮਾਈਉ ਮੁੜ ਜਾਉ ਘਰਾਂ ਨੂੰ ਤਾਂ ਫਿਰ ਗੁਲਾਬ ਸਿੰਘ ਮੁਲਕਾਲੀਏ ਦਾ ਆਦਮੀ ਆਇਆ– ਕਹਿੰਦਾ ਹੈ ਭਾਈ ਜੀ ਚਾੜ੍ਹੀਆਂ ਤੋਂ ਲਾਂਭੇ ਹੋ ਜਾਉ । ਸਾਨੂੰ ਕਸ਼ਮੀਰਾ ਸਿੰਘ, ਅਤਰ ਸਿੰਘ ਸੈਪਾਵਾਲੀਏ ਚ ਸਿਰ ਵੱਢ ਲੈਣ ਦਿਉ । ਸਭਨਾਂ ਸਰਦਾਰਾਂ ਨੂੰ ਪਕੜਨ ਵਾਸਤੇ ਭੇਜਿਆ ਹੈ, ਮੇਰਾ ਸਿੰਘ ਮਜੀਠੀਆ, ਕਰਮ ਸਿੰਘ ਡਾਡੇਵਾਲੀਆ ਲਾਭ ਸਿੰਘ ਭੋਗਰਾ, ਤੇਜ ਸਿੰਘ ਤੇ ਹੋਰ ਸਭ ਸਰਦਾਰਾਂ ਨੂੰ ਘਲਿਆ ਹੈ ਤੁਸੀਂ ਚਾੜ੍ਹੀਆਂ ਲਾਂਭੇ ਹੋਵੋ । ਅਸੀਂ ਇਨ੍ਹਾਂ ਨੂੰ ਪਕੜ ਲਈਏ । ਅਜੇ ਇਤਨੀ ਬਾਤ ਕਹੀ ਸੀ, ਤਾਂ ਸਾਹਿਬ ਕਹਿੰਦੇ ਹਨ– 'ਜਾਉ ਉਹੋ ਚਲੇ ਜਾਉ ।'

''ਬਾਂਹ ਜਿਨਾਂ ਦੀ ਪਕੜੀਏ ਸਿਰ ਦੀਜੈ ਬਾਂਹ ਨ ਛੋੜੀਏ ।
ਗੁਰ ਤੇਗ ਬਹਾਦਰ ਬੋਲਿਆ ਧਰ ਪਈਏ ਧਰਮ ਨ ਛੋੜੀਏ ।',

ਤਾਂ ਉਨਾਂ ਸਰਦਾਰਾਂ ਬੁਰਛਿਆਂ ਦੇ ਸਭਨਾਂ ਸਰਦਾਰਾਂ ਨੂੰ ਆਖਿਆ– ਇਹ ਭਾਇਆ ਵਾਲ ਹੋਵੇ (ਸਾਹੇਬਾਨ ਹੋਣਾਂ) ਸਭ ਸਰਦਾਰ ਬੈਠੇ ਹਨ । ਦੂਰਜ ਦੀ ਟਿਕੀ ਚੜੀ ਨਹੀ ਨਿਕਲੀ ਹੈ । ਪਹਿਲਾ ਗੋਲਾ ਹੱਥ ਉਚਾ ਚੱਕ ਦੇ ਉਤੋਂ ਦੀ ਦਰਯਾ ਵਿਚ ਜਾ ਤਿਰਾ । ਸਾਂ ਸਾਂ ਕਰਦਾ ਲੰਘ ਗਿਆ । ਸਿਸ-ਵੇਲੇ ਗੋਲਾ ਚਲਿਆ– ਸਭ ਸਰਦਾਰ ਸੋਚ ਪਾਂਣੀ ਗਏ ਹੋਏ ਸੀ । ਸਭ ਭਜ ਕੇ ਸਾਹਿਬਾਂ ਦੇ ਪਾਸ ਆ ਗਏ । ਸਰਦਾਰ ਕਸ਼ਮੀਰਾ ਸਿੰਘ ਮੱਥਾ ਟੇਕਿਆ ਹੈ– ਦੂਜਾ ਗੋਲਾ ਕਸ਼ਮੀਰਾ ਸਿੰਘ ਤੁਰਮ-ਵਜਾਉਣ ਵਾਲੇ ਨੂੰ ਆਣ ਲਗਾ । ਉਸ ਨੂੰ ਉਡਾ ਕੇ ਦਰਿਆ ਵਿਚ ਆ ਸੁਟਿਆ । ਸਭ ਡੇਰਾ ਉਡਣ ਲਗ ਪਿਆ । ਸਰਦਾਰ ਕੋਲ ਬੈਠੇ ਹੈਨ, ਜੋ ਸਿਖ ਗੋਲਿਆਂ ਦਾ ਦਖਾਵਾਨ ਸੀ, ਗੋਲੇ ਉਤੋਂ ਦੀ ਲੰਘਣ । ਸਾਹਿਬ ਕਲਾ ਢੇਰ ਦੇਣ । ਧੁਪ ਅਗੇ ਪਿਛੇ ਹੋ ਜਾਏ । ਗੋਲੇ ਉਤੋਂ ਦੀ ਲੰਘ ਕੇ ਦਰਿਆ ਵਿਚ ਹੀ ਜਾ ਪੈਣ । ਸਿਖ ਮੋਰਚਿਆਂ ਵਿਚੋਂ ਅਣ ਕਹਿਣ ਸਚੇ ਪਾਤਸ਼ਾਹ ਸਾਨੂੰ ਹੁਕਮ ਦਿਉ । ਅਸੀਂ ਯੁਧ ਕਰੀਏ । ਪਰ ਉਨਾਂ ਲੜਨ ਦਾ ਹੁਕਮ ਨ ਦਿਤਾ ।

ਸ਼ਾਹਿਬਾਂ ਹੁਕਮ ਦਿਤਾ ਕੜਾਹ ਪ੍ਰਸ਼ਾਦਿ ਲਿਆਵੋ ! ਸਾਹਿਬ ਬਾਰ ਬਾਂਰ ਆਖਣ ਕੜਾਹ ਪ੍ਰਸ਼ਾਦ ਲਿਆਵੋ ਜਲਦੀ । ਪਰ ਪਾਰੀਅਲ ਦਾ ਆਟਾ ਭੁਜਾ ਨਹੀਂ, ਬਾਬਾ ਜੀ ਸੜੀ ਤੋਜੀ ਕਰ ਰਹੇ ਹਨ– ਸ਼ਾਹ

ਤੋਰ ਪਿਆ ਗੋਲਿਆਂ ਨਾਲ ਉਡੇ । ਬੁਰਛੇ ਲਗ ਪਏ ਡੇਰਾ ਲੁਟਣ । ਭਾਈ ਮੋਹਰ ਸਿੰਘ ਕਹਿੰਦਾ ਮੈਂ ਪਾਸ ਵੇਖਦਾ ਹਾਂ । ਜਾਂ ਤਿਨ ਘੜੀਆਂ ਦਿਨ ਚੜ੍ਹ ਆਇਆ– ਤਾਂ ਚਾਰ ਜਣੇ ਕੜਾਹ ਪ੍ਰਸ਼ਾਦਿ ਚੁਕ ਕੇ ਲਿਆਏ । ਬਾਬਾ ਜੀ ਦੇ ਅਗੇ ਲਿਆ ਰਖਿਆ । ਅਰਦਾਸੀਏ ਨੇ ਅਰਦਾਸ ਕਰਕੇ ਪੰਜ ਸੇਰ ਦਾ ਗੋਲਾ ਵੰਡ ਦੋ ਬਾਬਾ ਜੀ ਦੇ ਹਥਾਂ ਤੋ ਰਖ ਦਿਤਾ । ਤਿਨਾਂ ਸਿਖਾਂ ਤੇ ਬਾਬਾ ਜੀ ਨੇ ਪ੍ਰਸਾਦਿ ਵਰਤਾਇਆ । ਉਸ ਵੇਲੇ ਸੈਪਾ ਸਿੰਘ, ਕਰਨੈਲ ਸਿੰਘ ਦਾ ਭਨੋਵਾ ਬਿਸ਼ਨ ਸਿੰਘ ਮਾਰਿਆ ਹੋਇਆ ਬਾਬਾ ਜੀ ਅਗੇ ਲਿਆ ਸੁਟਿਆ । ਆ ਕੇ ਕਿਹਾ– ਸਾਨੂੰ ਮਰਵਾਉਣ ਵਾਸਤੇ ਇਕੱਠੀਆਂ ਕੀਤਾ ਹੈ-ਜਾਂ ਆਪ ਉਠੋ ਜਾਂ ਸਾਨੂੰ ਹੁਕਮ ਦਿਉ, ਤਾਂ ਬਾਬਾ ਜੀ ਸਣੋ ਸਰਦਾਰਾਂ ਉਠ ਖਲੋਤੇ ।

ਸੰਤ ਕੋਰਲ ਬਾਬਾ ਜੀ ਅਗੇ ਖੜੇ ਹਨ । ਸੋਨੇ ਚਾਂਦੀ ਦੀਆਂ ਕਾਠੀਆਂ ਵਾਲੇ, ਕਸਤੂਰੀ ਘੋੜੀ ਚਾਂਦੀ ਘੋੜੀ, ਗੌਣ ਘੋੜਾ, ਨੌ ਲਖਾ ਘੋੜਾ, ਅੰਬਾਲਵੀ ਘੋੜੀ, ਹੋਰ ਸਰਦਾਰਾਂ ਦੇ ਆਹਮਣੇ ਘੋੜੇ । ਖਲੋਤੇ ਹਨ । ਬਾਬਾ ਜੀ ਉਠ ਕੇ ਸਾਹਮਣੇ ਘੋੜਿਆਂ ਦੇ ਤੁਰ ਪਏ, ਮੋਹਰ ਸਿੰਘ ਜੋੜੇ ਬਰਦਾਰ ਨੂੰ ਜੋੜਾ ਪਵਾਇਆ ਹੋਰ ਸਭ ਸਰਦਾਰ ਜੋੜੇ ਪਾਏ, ਘੋੜਿਆਂ ਪਾਸ ਆਏ ਖੜੇ ਹੋਏ । ਤਾਂ ਸਾਹਿਬਾਂ ਦੇ ਹੁ-ਬਹੁ ਚਾਂਦੀ ਘੋੜੀ ਬਣੀ । ਮਹਾਰਾਜ ਘੋੜੀ ਤੇ ਅਸਵਾਰ ਹੋ ਜਾਉ । ਤਾਂ ਸਾਹਿਬਾਂ ਆਖਿਆ ਘੋੜੀ ਪਏ ਹਟਾ ਦਿਉ । ਫਿਰ ਉਨ੍ਹਾਂ ਕੌਣ ਘੋੜਾ ਅਗੇ ਕੀਤਾ ਫਿਰ ਸਾਹਿਬਾਂ ਕਿਹਾ ਅਗੂੰ ਹਟਾ ਦਿਉ । ਫਿਰ ਝੰਬੀ ਘੋੜੀ ਨੂੰ ਗੋਲਾ ਲਗਾ ਉਡ ਗਈ ।

ਸਰਦਾਰ ਕਸ਼ਮੀਰਾ ਸਿੰਘ ਤੇ ਅਤਰ ਸਿੰਘ, ਤੇ ਹੋਰ ਸਰਦਾਰਾਂ ਬਾਬਾ ਜੀ ਨੂੰ ਕਿਹਾ ਆਪ ਨਹੀਂ ਰਵੂਦੇ ਸਾਨੂੰ ਹੁਕਮ ਦਿਉ । ਅਸੀਂ ਬੁਰਛਿਆਂ ਨਾਲ ਯੁਧ ਕਰੀਏ । ਬਾਬਾ ਜੀ ਪਾਸਾ ਮੋੜ ਸਾਹਮਣੇ ਆ ਖਲੋਤੇ । ਬਾਬਾ ਜੀ ਨੇ ਕਿਹਾ– ਮੈਂ ਕੀ ਤੁਹਾਨੂੰ ਹੁਕਮ ਦੇਣਾਂ ਜੇ ਕਰ ਤੁਰਕ ਦੇਣਾਂ ਜੇ ਕਰ ਤੁਰਕ ਹੋਣ ਤਾਂ ਵੀ ਤੁਹਾਨੂੰ ਹੁਕਮ ਦੇਵਾਂ ਕਿ ਦੀਨ ਮਜ਼ਹਬ ਦਾ ਯੁੱਧ ਹੋਣ ਲਗਾ ਹੈ, ਫਰੰਗੀ ਹੋਣ ਤਾਂ ਆਖਾਂ ਯੁਧ ਕਰੋ । ਜੈਸੇ ਸਿਖ ਤੁਸੀਂ ਐਸੇ ਸਿਖ ਉਹ ! ਕਿਹਦੇ ਉਤੇ ਤੁਹਾਨੂੰ ਹੁਕਮ ਦੇਵਾਂ ।

ਅਗੂੰ ਸਿਖਾਂ ਕਿਹਾ ਇਹ ਇਹ ਤਾਂ ਤੁਰਕ ਹੈਨ ਔਰੰਗਜੇਬ ਦੇ,-ਦੂਹਾਂ ਤੁਰਕਾਂ ਦੀਆਂ ਅਤੇ ਖਰੜੇ ਸਿਖਾਂ ਦੇ ਹੈਨ । ਤਾਂ ਵੀ ਸਾਹਿਬ ਕਹਿੰਦੇ ਹਨ ਚੁਪ ਤਾਂ ਸਿਖਾਂ ਦਾ ਹੈ, ਤਾਂ ਬਾਬਾ ਜੀ ਕਿਹਾ ਸਭ ਜਨਮ ਭੁਲਾ ਹੋਵੇ, ਜੇਹੜਾ ਸਾਡੇ ਤੇਰੇ ਦਾ ਇਨ੍ਹਾਂ ਸਿਖਾਂ ਅਗੇ ਹਥਿਆਰ ਖੜੇ ਕਰੇਗਾ । ਛਡ ਦਿਉ ਘੋੜੇ ਤੇ ਟੁਟ ਪਿਉ ਹਥਿਆਰ ।

੧੩੦੦੦ ਤੇਰਾ ਹਜ਼ਾਰ ਫੌਜ ਸ਼ਸਤਰਾਂ ਸਹਿਤ ਘੋੜਿਆਂ ਉਤੇ ਚੜੇ ਹੋਏ ਸਨ । ਘੋੜਿਆਂ ਦੀਆਂ ਕਾਠੀਆਂ ਵੜੀਆਂ ਹੋਇਆਂ ਹਨ, ਖੜੇ ਦੇਖ ਰਹੇ ਹਨ, ਇਹ ਕਹਿ ਰਹੇ ਹਨ ਸਾਨੂੰ ਹੁਕਮ ਦੇਵੋ । ੧੩੦੦੦ ਵੈਰ ਵਿਰੋਧੀ ਹੋਈ ਹੈ । ਪੰਜ ਹਜਾਰ ੫੦੦੦ ਬਾਬਾ ਜੀ ਦੇ ਨਾਲ ਮਾਝਿਓਂ ਦੁਆਬਿਓਂ ਇਕੱਠੀ ਹੋ ਗਈ ਹੈ- ਜਦੋਂ ਦੀ ਬਾਬਾ ਜੀ ਨੇ ਹੁਕਮ ਯੁਧ ਕਰਨਲੀ ੪੦੦੦ ਫੌਜ਼ ਕਸ਼ਮੀਰਾ ਸਿੰਘ ਦੇ ਨਾਲ ਹੈ ਮੁਕਤਿਆਂ ਦੀਆਂ ਫੌਜਾਂ ਭਜ ਕੇ ਆਈਆਂ ਹਨ । ੪੦੦੦ ਫੌਜ਼ਾਂ ਅਤਰ ਸਿੰਘ ਸਰਦਾਰ ਦੇ ਨਾਲ ਰਾਜੇਸਾਂਸੀ ਤੋਂ ਆਈ ਹੋਈ, ਹੋਰ ਅਗੋਂ ਪਿਛੋਂ ਆ ਕੇ ਇਕਠੀ ਹੋ ਗਈ ।

ਸਦੋਂ ਅਤਰ ਸਿੰਘ ਦਾ ਭਰਾ ਤੇ ਭੁਤੀਜਾ ਦੇਖੇ ਵੱਢ ਕੇ ਬੁਰਛਿਆਂ ਨੇ ਲਾਹੌਰ ਵਿਚ ਮਾਰ ਦਿਤੇ

Scanned with CamScanner

ਸੀ । ਲਹਿਣਾ ਸਿੰਘ ਭਰਾ ਤੇ ਅਜੀਤ ਸਿੰਘ ਭਤੀਜਾ, ਸੈਮਣ ਬੁਰਜ ਵਿਚ ਵਡੇ ਰਾਜਾ ਹੀਰਾ ਸਿੰਘ ਤੇ ਜਿਨੇ ਬੁਰਛੇ ਤੇ ਜਲਾ ਪੰਡਤ ਵਜ਼ੀਰ ਸਭਨਾਂ ਮਿਲ ਕੇ ਮਾਰੇ। ਇਨ੍ਹਾਂ ਨੂੰ ਕਿਉਂ ਮਾਰਿਆ ਸੀ ? ਉਨ੍ਹਾਂ ਨੇ ਰਾਜਾ ਸ਼ੇਰ ਸਿੰਘ ਤੇ ਧਿਆਨ ਸਿੰਘ ਤੇ ਸ਼ੇਰ ਸਿੰਘ ਦਾ ਪੁਤਰ ਵੀ ਮਾਰਿਆ । ਇਸ ਕਰ ਕੇ ਇਨ੍ਹਾਂ ਚਿਪ ਚੜੀ ਕਸ਼ਮੀਰਾਂ ਸਿੰਘ ਤੇ ਕਸ਼ਮੀਰਾ ਸਿੰਘ ਦੋਵੇਂ ਸਾਰੀ ਫੌਜ ਦੇ ਸਾਥ ਸਿਆਲਕੋਟ ਦੇ ਕਿਲ੍ਹੇ ਵਿਚ ਘੇਰ ਕੇ ਬੁਰਛੇ ਤੇ ਰਾਜਾ ਹੀਰਾ ਸਿੰਘ ਛੇ ਮਹੀਨੇ ਲੜਦੇ ਰਹੇ । ਊਚੇਂ ਭਜ ਕੇ ਬਾਬਾ ਜੀ ਸਾਥ ਆ ਗਏ । ਸੋ ਇਸ ਕਰ ਕੇ ਬੜਾ ਕਰੋਧ ਕਰਕੇ ਦੇਖ ਰਹੇ । ਬਾਬਾ ਜੀ ਆਗਿਆ ਦੇਣ ਤਾਂ ਬੁਰਛਿਆਂ ਨੂੰ ਗਾਜਰਾਂ ਵਾਂਗ ਵਢ ਦੇਈਏ ।

ਬਾਬਾ ਜੀ ਹੁਕਮ ਦਿਤਾ ਜਿਨ੍ਹਾਂ ਸਾਡੇ ਨਾਲ ਖੁਲੀਂ· ਦਰਵਾਜੀ ਬੈਕੁੰਠ ਧਾਮ ਜਾਣਾ ਹੈ, ਛੜ ਚਿਉ ਘੋੜੇ ਵਾਂਗਾਂ, ਤੇ ਸੂਟ ਚਿਉ ਸ਼ਸਤ੍ਰ ਸਾਡੇ ਸਾਹਮਣੇ । ਬੁਰਛਿਆਂ ਦੇ ਸਾਹਮਣੇ ਹਥ ਖੜਾ ਨਹੀਂ ਕਰਨਾ। ਅਸਾਂ ਵਰੂ ਦਿਨ ਬੈਕੁੰਠ ਦੀ ਤਿਆਰ ਕੀਤੀ ਹੋਈ ਹੈ। ਦਸ ਮਣ ਅੰਨ ਰੰਧਾ ਕੀਤਾ ਨ ਕੀਤਾ। ਅਸਾਂ ਇਹ ਖਰੜਾ ਭੰਨਣਾ ਸੀ, ਸਗੋਂ ਅਲੰਛ ਪੰਥ ਦੇ ਮੱਥੇ ਮਾਰਿਆ· ਚਲੋ ਖਾਲਸਾ ਜੀ ! ਜਿਨੇ ਸਾਡੇ ਪਾਸ ਖੁਲੀ ਦਰਵਾਜ਼ੀ ਬੈਕੁੰਠ ਜਾਣਾ। ਇਤਨੀ ਬਾਤ ਕਹਿ ਕੇ ਸਰਬ ਨੂੰ ਹੁਕਮ ਦਿਤਾ ਛਡ ਚਿਉ ਘੋੜੇ ਸ਼ਸਤ੍ਰ । ਹੱਥ ਚੁਕ ਸੂਟ ਚਿਉ । ਜੋ ਕੋਈ ਸਾਡੇ ਸਿਖ ਹੋਇ ਕੇ ਸ਼ਸਤ੍ਰ ਸਾਹਮਣੇ ਕਰੇਗਾ, ਸੋ ਸਤ ਜਨਮ ਭੂਤਨਾਂ ਹੋਏ ਹੋਏ ਮਰੇਗਾ ।

ਇਤਨੀ ਕਹਿ ਕੇਤੇ ਤੋਪਾਂ ਸਾਹਮਣੇ ਹੋ ਕੇ ਤੁਰ ਪਏ । ਪਰ ਤੁਰਦਿਆਂ ਹੋਇਆਂ ਬਾਬਾ ਜੀ ਨੇ ਇਹ ਸ਼ਬਦ ਬੋਲਿਆ—

ਚਲੋ ਸਹੀਉ ਚਲ ਵੇਖਣ ਚਲੀਏ ਆਥਕ ਸੂਲੀ ਚੜਦੇ।
ਸੂਲੀ ਚੜਦੇ ਕਰਨ ਮਜ਼ਾਕਾਂ ਮੋਤੋਂ ਮੂਲ ਨ ਡਰਦੇ ॥

ਇਤਨਾ ਕਹਿਕੇ ਸਰਬਤ ਸੰਗਤ ਨੂੰ ਹੁਕਮ ਦਿਤਾ· ਚਲੋ ਸਿਖੋ ਜਿਨ੍ਹਾਂ ਸਾਡੇ ਸਾਥ ਚਲਣਾ ਬੈਕੁੰਠ ਨੂੰ । ਅਰ ਜਿਸਨੂੰ ਜਾਨ ਪਿਆਰੀ ਹੈ ਸੋ ਭਜ ਕੇ ਚਲੇ ਜਾਉ ਘਰ । ਜਾਂ ਇਤਨੀ ਬਾਤ ਸਾਹਿਬਾਂ ਨੇ ਕਹੀ, ਸਰਬਤ ਸੰਗਤ ਜਿਤਨੀ ਖ਼ੁਤਵਾਨ ਸੀ । ਉਹ ਬਾਬਿਆਂ ਦੇ ਸਾਥ ਤੁਰ ਪਈ, ਜਿਨ੍ਹਾਂ ਜਾਨਾਂ ਪਿਆਰਿਆਂ ਕੀਤੀਆਂ ਉਹ ਨੱਠ ਭਜ ਕੇ ਚਲੇ ਗਏ । ਦੋ ਸਿਖ ਬਾਬਾ ਜੀ ਨੇ ਆਪਨੀਆਂ ਕੱਛਾਂ ਹੇਠ ਲੈ ਲਏ। ਡੇਰੇ ਵਿਚੋਂ ਨਿਕਲ ਕੇ ਸਾਹਮਣੇ ਤੋਪਾਂ ਦੇ ਛਾਤੀ ਭਾਹ ਕੇ ਬੈਠ ਗਏ । ਅਰ ਭਾਰੀ ਦੀਵਾਨ ਲਗ ਗਿਆ। ਰਾਗੀ ਚੌਕੀ ਕਰਨ ।

ਸਰਦਾਰ ਕਸ਼ਮੀਰਾ ਸਿੰਘ, ਅਤਰ ਸਿੰਘ, ਤੇ ਹੋਰ ਸਰਬਤ ਖਾਲਸਾ, ਚਾਰ ਚੁਫੇਰੇ ਬੈਠ ਗਈਆਂ। ਅੱਠ ਦਸ ਹਜ਼ਾਰ ਦੀਵਾਨ ਲਗਾ ਹੋਇਆ ਸੀ, ਕਿਉਂਕਿ ਭਾਰੀ ਰੌਲਾ ਪਿਆ ਹੋਇਆ ਸੀ । ਜਦੋਂ ਸਾਹਿਬ ਡੇਰੇ ਵਿਚੋਂ ਨਿਕਲ ਤੁਰੇ ਤਾਂ ਰਸਤੇ ਵਿਚ ਆਉਂਦਿਆਂ ਕਈ ਇਕ ਤੋਪਾਂ ਨਾਲ ਉਡ ਗਏ । ਤੇ ਦੀਵਾਨ ਲਗਾ ਪੰਜ ਦਸ ।ਸਖਾਂ ਨੂੰ ਉਡਾਈ ਜਾ ਰਿਹਾ ਸੀ, ਸਾਹਿਬਾਂ ਨੇ ਲੜਨ ਦਾ ਹੁਕਮ ਨ ਦਿਤਾ । ਤੇ ਦੀਵਾਨ ਲਗਾ ਕੇ ਬੈਠ ਗ ਏ ਕਸ਼ਮੀਰਾ ਸਿੰਘ ਦੀ ਜਿਤਨੀ ਫੌਜ ਸੀ, ਦਰਯਾ ਵਿਚ ਜਾ ਪਈ। ਪ੍ਰੀਤਵਾਨ ਕੋਲ ਬੈਠ ਗਏ। ਜਿਹੜੇ ਦਰਿਆ ਵਿਚ ਪਏ ਕਈ ਡੂਬ ਗਏ, ਕਈ ਪਾਰ ਲਗ ਗਏ । ਜਿਹੜੇ ਪਾਰ ਤੋਰ ਕੇ ਨਿਕਲਣ ਉਨ੍ਹਾਂ ਨੂੰ ਪਾਰੋਂ ਤੋਪਾਂ ਮਾਰਨ । ਕਪੂਰਥਲੇ ਦੀਆਂ ਫੌਜਾਂ । ਉਹ ਆਰ ਪਾਰ ਦੋਹੀ ਤਰਫੀ ਫੌਜ ਡੋਹੀ ਹੋਈ। ਫੇਰਨੀ

ਮਾਰ ਕੇ ਬੈਠ ਰਹੇ ਤੇ ਤੋਪਾਂ ਲੈਦੂਕਾਂ ਚਲ ਰਹੀਆਂ ਸਨ । ਸਰਦਾਰ ਚਾਰ ਚੁਫੇਰੇ ਬੈਠ ਗਏ । ਸਜੇ ਪਾਸੇ ਅਤਰ ਸਿੰਘ ਮੈਖਾਵਾਲੀਆ ਬੈਠ ਗਿਆ । ਜਵਾਲਾ ਸਿੰਘ ਭਕਨੇ ਵਾਲਾ । ਦੋਨੋਂ ਜਵਾਈ ਤੇ ਦੋਨੂੰ ਟਹਿਲ ਵਾਲੇ ਸ਼ੇਰ ਸਿੰਘ ਨਿਧਾਨ ਸਿੰਘ ਦੇ ਭਾਈ ਨਾਲ ਬੈਠੇ ਹਨ।

ਸਾਹਿਬਾਂ ਦੇ ਖੱਬੇ ਪਾਸੇ ਸਰਦਾਰ ਜਵਾਹਰ ਸਿੰਘ ਨਲੂਆਂ, ਤੇ ਕਸ਼ਮੀਰਾ ਸਿੰਘ ਬੈਠੇ ਹਨ। ਦੂਰ ਸਿੰਘ ਪੋਟੀਵਾਲਾ, ਅਮੀਰ ਸਿੰਘ ਸਿਆਲ ਕੋਟੀਆ, ਹਰੀ ਸਿੰਘ ਖਾਈਵਾਲਾ ਹੋਰ ਸਰਦਾਰ ਸਿੰਘ, ਸਾਰੂ ਸਾਹਿਬਾਂ ਦੇ ਮੂੰਜੇ ਖੱਬੇ ਆਸੇ ਪਾਸੇ ਬੈਠੇ ਹਨ, ਚੌਤਰਫੀ ਸੰਗਤਾਂ ਬੈਠੀਆਂ ਹਨ ਭਾਈ ਮਲ ਸਿੰਘ ਨੰਕਿਆਂਵਾਲਾ ਭੀ ਆ ਬੈਠਾ । ਇਕ ਸਿਖ ਪੁਛਿਆ ਤੁਸੀਂ· ਆਪਣਾ ਸ਼ਸਤਰ ਨਹੀਂ· ਲਿਆਏ। ਤਾਂ ਦੋਕੜੀ ਮਾਰ ਕੇ ਹੋਠ ਗਏ। ਤਾਂ ਕਿਹਾ ਸਾਡਾ ਸਸਤਰ ਇਹੀ ਹੈ। ਤਦੋਂ ਗੋਲਾ ਵੱਜਾ ਤੇ ਉਡ ਗਏ। ਇਤਨੇ ਚਿਰਾਂ ਨੂੰ ਲਾਲ ਸਿੰਘ ਕਨਈ ਨੇ ਆਣ ਕੇ ਫਤੇ ਬੁਲਾਈ ਤੇ ਮੱਥਾ ਟੇਕਿਆ ਜਦ ਸਿਖਾਂ ਚੁਕਿਆ ਤਾਂ ਮੋਇਆ ਪਿਆ ਸੀ। ਸਾਹਿਬਾਂ ਦੇ ਸਾਹਮਣੇ ਰਾਗੀਆਂ ਦੀ ਚੌਕੀ ਬੈਠ ਗਈ।

ਦੋਹੀ ਕਰਦੇ ਹਨ ਭਾਈ ਲਹਿਣਾ ਸਿੰਘ, ਭਾਈ ਮਖਣ ਸਿੰਘ ਗੁੱਥੀ ਅੰਮ੍ਰਿਤਸਰੀਆ, ਭਾਈ ਮਖਣ ਸਿੰਘ ਕੋਲ ਨੈਣਾ ਈ ਸੀ ਜਿਉਂ· ਰੋਲੀ ਕੁਕਦੀ ਆਈ ਲਹਿਣਾ ਸਿੰਘ ਦੀ ਅਖ ਵਿਚ ਵਜੀ। ਦਰ ਜਾ ਪਿਆ । ਗੁਰੂ ਜੀ ਦੇ ਕੋਲ ਆਣਾ ਅਖ 'ਚੋਂ ਡਿਗ ਪਿਆ । ਸਿਖਾਂ ਲੋਥ ਦੂਰ ਲਾਂਡੇ ਕਰ ਦਿਤੀ । ਤਦੋਂ ਇਕ ਹੋਰ ਸਿਖ ਉਠ ਕੇ ਚੋਰੀ ਕਰਨ ਲਗ ਪਿਆ । ਉਸ ਨੂੰ ਭੀ ਗੋਲਾ ਲਗਾ ਉਡ ਗਿਆ । ਚੌਥਾ ਉਠਿਆ ਉਹ ਵੀ ਉਡ ਗਿਆ । ਜਿਹੜਾ ਉਠੇ ਉਹੀ ਗੋਲੇ ਨਾਲ ਉਡਦਾ ਜਾਏ। ਅੱਠ ਸਿਖ ਚੋਰੀ ਕਰਨ ਵਾਲੇ ਉਡ ਗਏ । ਜਿਹੜਾ ਗੋਲਾ ਆਵੇ ਪੰਜ ਦਸ ਸਿਖਾਂ ਨੂੰ ਉਡਾ ਕੇ ਲੈ ਜਾਵੇ। ਕਦੀ ੧੫ ਕਦੀ ੨੦, ਡੇਰਾ ਸਾਰਾ ਉਡਦਾ ਜਾਏ । ਸਿਖ ਸਾਧ ਸੰਤ ਸਭੀ ਦੋਕੀਆਂ ਲਾ ਕੇ ਭਜਨ ਬੰਦਗੀ ਕਰਦੇ ਰਹੇ । ਬਾਣੀ ਪੜ੍ਹਦੇ ਰਹੇ। ਕੋਈ ਜਪੁਜੀ ਪੜਦਾ, ਕੋਈ ਸੁਖਮਨੀ, ਕੋਈ ਅਕਾਲ ਉਸਤਤ ਕਈ ਸ੍ਰੀ ਵਾਹਿਗੁਰੂ ਦਾ ਜਾਪ ਕਰ ਰਹੇ ਹਨ। ਇਸੀ ਤਰ੍ਹਾਂ ਭਜਨ ਵੰਦਗੀ ਦੀ ਧੁੰਨ ਲਗ ਰਹੀ ਹੈ।

ਸੰਗਤ ਉਡਦੀ ਜਾਏ, ਤੇ ਲੋਥਾਂ ਦੇ ਅੰਬਾਰ ਲਗ ਗਏ । ਹੋਠਾਂ ਉਤੇ ਲੋਥਾਂ ਪਈਆਂ ਸਾਰਾ ਡੇਰਾ ਹੀ ਉਡ ਗਇਆ ! ਬੁਰਛੇ ਕਿਹਾ ਲੁਟੀ ਜਾਣ । ਤਿਸ ਵੇਲੇ ਗੁਰੂ ਜੀ ਨੇ ਹੁਕਮ ਦੇ ਕੇ ਘੋੜੇ ਫੁਡਾ ਦਿਤੇ ਘੋੜੇ ਹਿਣਕਦੇ ਸਭ ਉਠ ਨੱਠੇ । ਤਾਂ ਬੁਰਛਿਆਂ ਨੇ ਸਭੀ ਘੋੜੇ ਪਕੜ ਲਏ । ਕਲੰਦਰੀਆਂ ਲਗੀਆਂ ਹੋਈਆਂ ਹਨ। ਮਖਮਲੀ ਤੇ ਦਰਿਆਈ ਦੀਆਂ ਡੰਬੂ ਤੇ ਕਨਾਤਾਂ ਸਭ ਲੁਟ ਗਏ। ਡੇਰਾ ਸਭ ਚੌੜ ਹੋ ਗਿਆ। ਤਾਂ ਸਾਹਿਬਾਂ ਪੁਛਿਆ ਭਾਈ ਲਾਲ ਸਿੰਘ ਤੇ ਰੀਡਾ ਸਿੰਘ ਸੋਢੀ ਕਿਥੇ ਹਨ ? ਭਾਈ ਲਾਲ ਸਿੰਘ ਪੁਰਖ ਗੁਰਸਿਖ ਸੀ। ਭਾਈ ਸੁਹੇਲ ਸਿੰਘ ਮਾਨੁਵਾਲੀਆ, ਖਬੀ ਕਛ ਹੋਠ ਸੀ । ਜਿਉਂ· ਰੌਲਾ ਪੈਂਦ ਦਾ ਡੇਰਾ ਭਾਈ ਸੁਮੇਲ ਸਿੰਘ ਦੀ ਲੱਤ ਦੇ ਨਾਲ ਹੀ ਘਸਰ ਕੇ ਗੁਰੂ ਜੀ ਦੇ ਮੋਡੇ ਨਾਲ ਆ ਵਜਾ । ਲੱਤ ਦੇ ਹਡ ਭੰਨ ਦੇ ਗੋਡਾ ਉਡਾ ਲੈ ਗਿਆ । ਪੱਟ ਦੀ ਦੇ ਉਂਗਲ ਖਲਹੋਠਲੇ ਪਾਸੇ ਰਹਿ ਗਈ। ਗੋਲਾ ਮਾਸ ਤੇ ਚਲੀ ਉਡਾ ਕੇ ਲੈ ਗਿਆ । ੮੦ ਜਵਾਨ (ਅਸੀ) ਨਿਕੀ ਫੌਜ ਦੇ ਹਥੀ ਤਖਤੀਆਂ ਪੜਨ ਨੂੰ ਗੁਰੂ ਜੀ ਨੇ ਹੁਕਮ ਦਿਤਾ- ਜਾਉ ਨਿਕਉ ਪਲੇਘ ਚੁਕ ਕੇ ਲਿਆਉ ਲੋਥਾਂ ਦੇ ਢੇਰ ਲਗ ਗਏ । ਗੁਰੂ ਜੀ ਉਹਾਂ ਉਠ ਕੇ ਪਹੀਆ ਹੁਆ ਕੇ ਬੈਠੇ ਗਏ, ਪੰਛੰਘ ਦੇ ਉਤੇ, ਤੋਪਾਂ ਦੇ ਸਾਹਮਣੇ ਹਿਕ ਭਾਹ ਕੇ, । ਆਪਸ ਵਿਚ ਸਿਖਾਂ ਪੁਛਿਆ ਗੁਰੂ ਜੀ ਦੀ ਖਬਰ ਦਿਉ, ਜਵਾਬ ਤੋਪਾਂ ਦੇ ਗੋਲਾ ਵਜ ਕੇ ਗੁਰੂ ਜੀ ਦੀ ਲੱਤ ਉਡ ਗਈ, ਡੂਬੇ ਤੋਬਾਖਨਾ ਲੁਟ ਲੈ ਹਥਾਲ ਫਾਹੇ ਹੋਠ ਜਾ ਬੈਠੇ

Scanned with CamScanner

ਨੰਦ ਸਿੰਘ ਮੁਨਸ਼ੀ ਸੱਤ ਸੌ ਰੁਪਿਆ ਲੈ ਕੇ ਗੁਰਾਂ ਦੀ ਤਰਫ ਤੁਰਿਆ। ਅਗੋਂ ਬੁਰਛੇ ਮਿਲੇ, ਕਹਿਣ ਲਗੇ, ਜੋ ਤੇਰੇ ਪਾਸ ਰੁਪਿਆ ਹੈ ਸਾਨੂੰ ਦਿਹ। ਤਾਂ ਨੰਦ ਸਿੰਘ ਨੇ ਕਹਿਆ– ਗੁਰੂ ਮਾਰਿਓ! ਤਬ ਉਸਦੇ ਟੋਏ ਖੋਹਣ ਲਗ ਪਏ। ਤਲਵਾਰ ਮਾਰ ਕੇ ਸਿਰ ਵੱਢ ਦਿਤਾ। ਦੂਜਾ ਦੂਜੇ ਨੂੰ ਮਾਰ ਦੇਵੇ। ਇਸ ਤਰ੍ਹਾ ਕਈ ਬੁਰਛੇ ਆਪਸ ਵਿਚ ਵੱਢ ਕੇ ਮਰ ਗਏ।

ਭਾਈ ਲਾਲ ਸਿੰਘ ਕੁਜਰਾਂਵਾਲੀਆਂ, ਬਾਬਾ ਰੀਡਾ ਸਿੰਘ ਨੈਵੀ, ਬਾਬਾ ਬੇਅੰਤ ਸਿੰਘ ਦੇਵੀ, ਗੁਰਵਿਆਕ ਸਿੰਘ ਜਿਹਲਮੀਆਂ, ਸਾਹਿਬਾਂ ਨੇ ਪੁਛਿਆ ਕਿਦੇ ਹੈਨ– ਸਿਖਾਂ ਕਹਿਆ ਜੀ ਉਹ ਤੋਪਾਂ ਨਾਲ ਉਡ ਗਏ। ਤਦੋਂ ਸਾਹਿਬਾਂ ਪੁਛਿਆ ਭਾਈ ਨਿਧਾਨ ਸਿੰਘ ਕਿਥੇ ਹੈ ? ਤਾਂ ਸਿਖਾਂ ਕਿਹਾ ਨਿਧਾਨ ਸਿੰਘ ਸੋਹਣ ਸਿੰਘ, ਲਡੂਰਾ ਕਿਧਾਰਾ ਸਿੰਘ ਪੁਤਰ ਮਹਿਤਾਬ ਸਿੰਘ ਨੌਰੰਗਾਬਾਦੀਆ ਮਹਾਂ ਸਿੰਘ ਬਾਹਨ ਸਿੰਘ ਬਾਵਾ ਬੁਢਾ ਸਿੰਘ ਅਤਰ ਸਿੰਘ ਤੇ ਕਿਰਪਾਲ ਸਿੰਘ, ਮਾਲੂਵਾਲੀਆਂ ਖੁਸ਼ਾਲ ਸਿੰਘ, ਮੋਹਰ ਸਿੰਘ, ਸੋਡੀ-ਬਰਦਾਰ (ਸਾਹਿਬਾਂ ਦਾ ਭਰਾ ਦਲ ਸਿੰਘ, ਪੰਜ ਗੋਲੀਆਂ ਵਜੀਆਂ (ਗੋਲੀਆਂ ਵਜੀਆਂ) ਇਹ ਸਾਰੇ ਉਡ ਗਏ ਸਿਖਾਂ ਕਿਹਾ।

ਤਦੋਂ ਸਾਹਿਬਾਂ ਦਾ ਭਰਾ ਵਡਾ ਗੁਰਮੁਖ ਸਿੰਘ, ਘੋੜੇ ਤੇ ਅਸਵਾਰ ਹੋਇਆਂ ਆਇਆਂ ਸਾਹਿਬਾਂ ਨੂੰ ਕਹਿਣ ਲਗਾ– ਸਾਨੂੰ ਮਰਨ ਵਾਸਤੇ ਇਕੱਠਾ ਕੀਤਾ ਸੀ, ਜੋ ਲੜਨ ਦਾ ਹੁਕਮ ਨਹੀਂ ਦੇਣਾ ਸੀ। ਤੁਸੀਂ ਹੁਕਮ ਦਿਉ ਤੇ ਸਾਡਾ ਹੱਥ ਵੇਖੋ। ਤਾਂ ਸਾਹਿਬਾਂ ਆਖਿਆ- ਛਡ ਦੇ ਘੋੜਾ ਉਤਰ ਜਾ ਉਤੋਂ। ਇਹ ਸੁਣ ਕੇ ਉਤਰਨ ਲਗਾ ਪੈਰ ਰਕਾਬੇ ਸੀ, ਤੋਪ ਦਾ ਗੋਲਾ ਲਗਾ ਦੜ ਜਾਏ ਪਿਆ। ਕਿਥੇ ਤੀਕ ਕਹੀਏ ਖਾਲਸਾ ਤੋਪਾਂ ਨਾਲ ਉਡਿਆ ਹੈ। ਅੱਠ ਹਜ਼ਾਰ ਉਡਿਆ ਕਿ ਦਸ ਹਜ਼ਾਰ ਉਡਿਆ।

ਦੀਵਾਨ ਵਿਚ ਬੈਠਿਆਂ ਜਾਂ ਸਾਹਿਬਾਂ ਨੂੰ ਗੋਲ ਵੱਜਾ ਤਦ (ਸਰਕਾਰ ਰਣਜੀਤ ਸਿੰਘ ਦਾ ਪੜ੍ਹ) ਕਸ਼ਮੀਰਾ ਸਿੰਘ ਭਜ ਕੇ ਦਰਿਆ ਦੇ ਚੜ੍ਹਦੇ ਪਾਸੇ ਨਿਕਲਣ ਲਗਾ, ਉਦੋਂ ਦੀਵਾਨ ਦੀਨਾਨਾਥ ਦਾ ਭਤੀਜਾ ਪਹਿਰੇ ਤੇ ਖਲੋਤਾ ਸੀ, ਫੌਜ ਦਾ ਅਫਸਰ, ਲੋਕਾਂ ਦੇਖ ਕੇ ਆਖਿਆ ਇਹ ਸਰਕਾਰ ਦਾ ਪੁਤਰ ਹੈ ਨਿਕਲ ਜਾਣ ਦਿਉ ਫਿਰ ਉਨ੍ਹਾਂ ਕਿਹਾ ਸਰਦਾਰ ਜੀ ਹਥਿਆਰ ਦੇ ਕੇ ਨਿਕਲ ਜਾਉ। ਫਿਰ ਕਸ਼ਮੀਰਾ ਸਿੰਘ ਇਕ ਸਿਖ ਨੂੰ ਪੈਂਡਾ ਫੜਾਉਣ ਲਗਾ ਤਾਂ ਇਕ ਸਿਖ ਨੇ ਬੋਲੀ ਮਾਰੀ। 'ਸਰਕਾਰ ਰਣਜੀਤ ਸਿੰਘ ਦਾ ਪੁਤਰ ਐਡਾ ਸਰਦਾਰ ਤੇ ਨਾਮ ਕਸ਼ਮੀਰਾ ਸਿੰਘ ਤੈ ਹੱਦੇ ਸਸ਼ਤਰ ਦਿੰਦਾ ਹੈ। ਇਤਨਾ ਸੁਣਦਿਆਂ ਉਸੇ ਪੈਂਡੇ ਨਾਲ ਤਿੰਨ-ਚਾਰ ਵੱਢੇ। ਜਾਂ ਪੈਂਡਾ ਚਲਾਉਂਦਿਆ ਵੇਖਿਆਂ ਤਾਂ ਬੁਰਛਿਆਂ ਨੇ ਬੰਦੂਕ ਨਾਲ ਮਾਰ ਦਿਤਾ ; ਉਸ ਦੀ ਮਾਂ ਰੋਂਦੀ ਧਾਹੀਂ ਮਾਰਦੀ ਨੇ ਲੋਥ ਚੁਕਦਾ ਕੇ ਸਭਰਾਵੀ ਜਾ ਡੁਕਿਆ।

ਜਾਂ ਬੁਰਛੇ ਸਰਦਾਰਾਂ ਨੇ ਸੁਣਿਆ ਕਿ ਬਾਬਾ ਜੀ ਦੇ ਗੋਲਾ ਵਜਾ ਹੈ ਤੇ ਗੁਲਾਬ ਸਿੰਘ ਮੁਲਿਆਲੀਏ ਨੂੰ ਬੁਰਛਿਆਂ ਕਿਹਾ- ਤੂੰ ਡੇਰੇ ਦਾ ਵਾਕਫ ਹੈ। ਤੂੰ ਵਰਾ ਦਿਨ ਡੇਰੇ ਵਿਚ ਰਿਹਾ ਹੈ ਤੂੰ ਜਾ ਕੇ ਅਤਰ ਸਿੰਘ ਨੂੰ ਪਕੜ ਕੇ ਲਿਆ। ਤੇਰਾ ਖਾਨਾ ਬੰਦ ਕਰਵਾ ਦਿਤਾ। ਦਸ ਅਰਦਲੀ ਲੈ ਕੇ ਸਾਹਿਬਾਂ ਦੇ ਸਾਹਮਣੇ ਆਣ ਖੜਾ ਹੋਇਆ। ਅਜੀਤ ਸਿੰਘ ਦਾ ਚੌਬਾ ਘੋੜਾ ਹੇਠਾਂ ਆ ਕੇ ਬੋਲੀ ਮਾਰੀ-ਆਉ ਭਾਈ ਜੀ ਬਚੇੜਾ ਲੜੇ ਹੋ ਆਉ ਤੁਹਾਨੂੰ ਲਾਹੌਰ ਦੀ ਬਾਣੇਦਾਰੀ ਦਵਾਈਏ ਤਾਂ ਇਤਨੀ ਬਾਤ ਸੁਣ ਕੇ ਸਾਹਿਬਾਂ ਅਗੇ ਅਤਰ ਸਿੰਘ ਨੇ ਹੱਥ ਜੋੜੇ-ਜੀ ਸੱਦੋ ਪਾਤਸ਼ਾਹ ਮੈਨੂੰ ਕੀ ਹੁਕਮ ਹੈ ? ਮੈਂ ਫੜਨੈ ਨੂੰ ਆਇ ਹੈਂ, ਤਾਂ ਸਾਹਿਬਾਂ ਹੁਕਮ ਦਿਤਾ- ਆਪਣੀ ਵੰਹੀ ਨੂੰ ਸਾਥ ਲੈ ਮਰੀਂ। ਕਿਸੀ ਗਰੀਬ ਉਤੇ ਦੱਥ ਨ ਕਰੀਂ।

ਜਵਾਹਰ ਸਿੰਘ ਨਲੂਏ ਨੂੰ ਤੇ ਅਤਰ ਸਿੰਘ ਸਰਦਾਰ ਨੂੰ ਦੋਹਾਂ ਨੂੰ ਹੁਕਮ ਦਿਤਾ– ਜਾਉ ਉਠੋ! ਜਾ ਨਿਕਲੀ ਬਾਤ ਸੁਣੀ ਤਾਂ ਜਵਾਹਰ ਸਿੰਘ ਨ ਉਠਿਆ, ਸਾਹਿਬਾਂ ਕੋਲ ਬੈਠਾ ਰਿਹਾ। ਅਤਰ ਸਿੰਘ ਸਰਦਾਰ ਤੇ ਫੌਜ ਲੈ ਕੇ ਚੜ੍ਹਾਈ, ਸ਼ੇਰ ਸਿੰਘ ਤੇ ਨਿਧਾਨ ਸਿੰਘ ਇਹ ਪੰਜੇ ਭਰਾ ਫੌਜਾਂ ਵਾਲੀ ਉਠੇ। ਵਡੇ ਚਿਪੇ ਹੋਇ। ਤੇ ਫੌਜ ਲੈ ਕੇ ਚੜ੍ਹਾਈ, ਸ਼ੇਰ ਸਿੰਘ ਤੇ ਨਿਧਾਨ ਸਿੰਘ ਇਹ ਪੰਜੇ ਭਰਾ ਫੌਜਾਂ ਵਾਲੀ ਉਠੇ। ਵਡੇ ਚਿਪੇ ਹੋਇ। ਤੇ ਫੌਜ ਤਮਾਰਾ ਬੁਕਿਆ–ਤਮਾਰੇ ਨੇ ਇਕ ਅੱਗ ਲਾ ਦਿਤੀ। ਤਾਂ ਕਾਰਬੀਨ ਲੈ ਕੇ ਲਕ ਵਿਚੋਂ ਕਢ ਕੇ ਮੂੰਹ ਨੂੰ ਲਾ ਕੇ ਘੋੜਾ ਦਬਿਆ ਤੇ ਹੱਥ ਫੇਰਦਾ ਹੈ। ਚਾਰਾ ਜੀ ਨਾ ਮਾਰੀ ਨ ਮਾਰੀ। ਨਾਲੇ ਘੋੜੇ ਦੀ ਲਗਾਮ ਮਾਰੀ। ਉਹ ਮੂੰਹ ਅਗੇ ਹੱਥ ਫੇਰਦਾ ਹੈ ਨਿਕਲ ਜਾਵਾਂ- ਐਸੇ ਪੁਕਾਰਦੇ ਹੀ ਅਗੋਂ ਕਿਹਾ (ਤੇਰੀ ਡੈਣ ਨੂੰ) ਨਿਕਲੀਦਾ ਹੈ ਕਿ ਘੋੜਾ ਭਜਾ ਲੈ ਨਿਕਲ ਜਾਵਾਂ- ਐਸੇ ਪੁਕਾਰਦੇ ਹੀ ਅਗੋਂ ਕਿਹਾ (ਤੇਰੀ ਡੈਣ ਨੂੰ) ਫੇਰੀ ਜਿਹੇ ਚਾਰੇ ਦੀ, ਮੇਰੇ ਬੀਰ ਦਾ ਘੋੜਾ ਹੇਠ ਲਿਆਵੈ- ਪੰਜੇ ਤਲਵਾਰਾਂ ਧੂਹ ਕੇ ਸ਼ੀਹਾਂ ਵਾਂਗੂੰ ਜਾਪੇ।

ਜਾ ਪੈਸੇ ਤਲਵਾਰਾਂ ਲੈ ਕੇ ਜਾ ਪਏ, ੮੦ ਹਜਾਰ ਫੌਜ ਤੋਪਾਂ ਛੱਡ ਕੇ ਦੋ ਪੈਲੀਆਂ ਪਿਛਾਂਹ ਨੂੰ ਤਰ ਗਈ। ਪੈਸਾਂ ਅੱਗੇ ਬੁਰਛਿਆਂ ਦੇ-ਜਾ ਪਿਛਾਂਹ ਮੁੜ ਕੇ ਵੇਖਿਆ ਇਹ ਤਾਂ ਅਤਰ ਸਿੰਘ ਪੈਸਾਂ ਸਿੰਘਾਂ ਨਾਲ ਆ ਰਿਹਾ ਹੈ ਦੇਖਕੇ ਮਨ ਵਿਚ ਬੜਾ ਗੁਸਾ ਕੀਤਾ ਹੈ, ਇਹਨਾਂ ਨੇ ਸਰਦਾਰ ਗੁਲਾਬ ਸਿੰਘ ਮਾਰ ਦਿਤਾ ਹੈ। ਵਡਾ ਕਹੋਪ ਕਰਕੇ ਮੁੜਕੇ ਬੰਦੂਕਾਂ ਗੁਬਾਰੇ, ਛਡਕੇ ਛਰਲੇ ਮਾਰਨ ਲਗ ਪਏ, ਤਰ ਤਰ ਕਰਨ। ਕਿਹ ਵਿਚੋਂ ਦੋ ਕਿਸੇ ਵਿਚ ਸਭ ਗੋਲੀਆਂ ਲੰਘੀਆਂ। ਇਸੇ ਤਰ੍ਹਾਂ ਗੋਲੀਆਂ ਨਾਲ ਪੰਜੇ ਭੁੰਨ ਦਿਤੇ। ਤੇਂ ਬੰਦੂਕਾਂ ਸਮੂਹ ਮਾਰ ਮਾਰ ੧੨-੧੩ ਹਜਾਰ ਫੌਜ ਮਾਰ ਦਿਤੀ।

ਸਰਦਾਰ ਅਤਰ ਸਿੰਘ ਮਾਰਿਆ ਗਿਆ

ਜਾਂ ਅਤਰ ਸਿੰਘ ਮਾਰਿਆ ਗਿਆ ਤਾਂ ਇਕ ਬੁਰਛਾ ਸਿਰ ਵੱਢ ਕੇ ਲਾਹੌਰ ਨੂੰ ਘੋੜੇ ਦੌੜਾ ਕੇ ਲੈ ਗਿਆ। ਡੇਰਹੇ ਤੋਂ ਇਨਾਮ ਲੈਣ ਵਾਸਤੇ। ਹੁਣ ਬੈਦੂਕ ਨਹੀਂ ਸੀ ਕੋਈ ਟੋਪ ਚਲਦੀ ਸੀ। ਫਿਰ ਮੁੜ ਕੇ ਘੋੜੇ ਚੜੇ ਚਾਰਯਾਰੀ, ਬੰਦੂਕਾਂ ਵਿਚ ਵੀ ਛਰਲੇ, ਤੋਪਾਂ ਵਿਚ ਵੀ ਛਰਲੇ, ਜਮੂਰਿਆਂ ਵਿਚ ਵੀ ਛਰਲੇ, ਲਾਮਾਰ ਕੇ ਟੋਰਾ ਭੁੰਨ ਸੁਟਿਆ ਲੋਥਾਂ ਦੇ ਅੰਬਾਰ ਲਗ ਗਏ। ਇਕ ਕਰਮ ਸਿੰਘ ਸਰਦਾਰ ਗੁਰੂ ਜੀ ਦਾ ਨਿਸ਼ਾਨੇ ਮਾਰੇ। ਜਾਂ ਗੁਰੂ ਜੀ ਦਾ ਪਟ ਤੇ ਲੱਤ ਗੋਡਾ ਉਡ ਗਏ। ਪਹਿਰ ਦਿਨ ਚੜੇ ਸਾਹਿਬਾਂ ਨੂੰ ਗੋਲਾ ਲਗਾ ਨਾਲੇ ਅਤਰ ਸਿੰਘ ਮਾਰਿਆ ਗਿਆ। ਪੈਂਨੀ ਦੇ ਦੋ ਇੰਚ ਖਲ ਜੁੜੀ ਰਹੀ। ਚਾਰ ਸਿੰਘ ਖਤਰੀਆਂ ਤੇ ਹੋਰ ਸਿੰਘ ਬੈਠਦੇ ਹਨ। ਬਬਦੀ ਨਹੀਂ। ਲਠੇ ਦੀ ਚਾਦਰ ਨਾਲ ਬੈਠਦੇ ਹਨ। ਚਾਰ ਸਿੰਘ ਕਹਿੰਦਾ ਹੈ ਮੈਂ ਲਠੇ ਦੀ ਚਾਦਰ ਨਾਲ ਲੈ ਕੇ ਬੈਠਦਾ ਹਾਂ, ਬਬਦੀ ਨਹੀਂ। ਮੁਤ ਅੱਡੇ ਖੋ ਜਾਵੇ।

ਸਾਹਿਬਾਂ ਆਖਿਆ ਲੱਤ ਵਢ ਦੇਵੋ। ਪਰ ਨਾਲਾ ਲਾ ਲਵਾਂਗਾ। ਭਾਈ ਮੋਹਰ ਸਿੰਘ ਕਹਿੰਦਾ ਜੀ ਲਤ ਵੱਢਨ ਨੂੰ ਜੀ ਨਹੀਂ ਕਰਦਾ। ਕੀਕਰ ਵਢੀਏ। ਲਤ ਫਿਰ ਛੱਡ ਦਿਤੀ। ਤਾਂ ਫਿਰ ਸਾਹਿਬਾਂ ਨੇ ਬੰਦੂਕ ਰਖ ਕੇ ਦੇਖੜੀ ਲਾ ਲਈ। ਸਤਾਰਾਂ ਗੋਲੀਆਂ ਸਰੀਰ ਵਿਚ ਲਗੀਆਂ।

ਭਾਈ ਮੋਹਰ ਸਿੰਘ ਕਹਿੰਦਾ ਹੈ–ਖਾੜਾ ਦੁਰਾਡਾ ਕਾਲੀ ਵਾਲਾ ਗੋਲਾ ਹੈ। ਸਜੀ ਵੱਖੀ ਵਿਚ ਮੋਹਰੇ ਗੋਲਾ ਲੰਗਾ। ਸਿਖ ਜਖਮ ਨੂੰ ਢੁੰਗਦੇ ਹਨ ਕਿ ਲਹੂ ਬਾਹਰ ਨਿਕਲ ਜਾਵੇ। ਹੁਣ ਢੁੰਗ ਕੇ ਲਹੂ ਬਾਹਰ ਕਢਦਾ। ਲਹੂ ਬਾਹਰ ਨਾ ਆਵੇ। ਜਖਮਾਂ ਦਾ ਸਾਰਾ ਅੰਦਰ ਪੈ ਗਿਆ ਕਿਸ਼ਨ ਸਿੰਘ ਤੇ ਜੀਵਨ ਸਿੰਘ ਹੋਰ ਕਈ ਸਿੰਘ ਢੁੰਗਣ ਵਾਲੇ। ਫੇਰ ਸਾਹਿਬਾਂ ਕਿਹਾ ਜਲ ਲਿਆਓ। ਨੈਹਣਾ ਮੋਹਰ ਸਿੰਘ ਨੂੰ ਜਾਏ, ਬੈਦੂਕਾਂ ਨਾਲ ਉਡਦਾ ਜਾਏ।

Scanned with CamScanner

ਫਿਰ ਸਾਹਿਬਾਂ ਨੇ ਮਹਾਂਰਾਜ ਸਿੰਘ ਨੂੰ ਯਾਦ ਕੀਤਾ, ਇਤਨਾ ਕਿਹਾ ਮਹਾਰਾਜ ਸਿੰਘ ਨੂੰ ਤਾਂ–ਸ਼ਿੱਖ ਦੁਣ ਕੇ ਭਜੇ ਗਏ ਥੇ। ਭਾਈ ਮੋਹਰ ਸਿੰਘ ਕਹਿੰਦਾ ਹੈ ਮੈਂ ਤੋਸ਼ੇਖਾਨੇ ਗਿਆ, ਦੋ ਪੌੜੀਆਂ ਚੜ੍ਹ ਇਕ ਸੈਖ ਮਿਲਿਆ ਹੋਰ ਸਭ ਤੋਸ਼ਖਾਨਾ ਬੁਰਛਿਆਂ ਨੇ ਲੁੱਟ ਲਿਆ, ਮੈਨੂੰ ਤੁਰੇ ਜਾਂਦੇ ਨੂੰ ਪੈਰ ਚੁਕਦੇ ਰਸਤੇ ਵਿਚ ਮਿਲੇ। ਤਾਂ ਓਹਨਾ ਮੇਰੀ ਪੱਗ ਲਾਹ ਲਈ। ਤਾਂ ਇਕ ਬੁਰਛਾ ਤਲਵਾਰ ਧੂਹ ਕੇ ਆ ਗਿਆ। ਤੋਸ਼ੇਖਾਨੇ ਦੇ ਦੂਹੇ ਵਿਚ ਖੜਾ ਹੀ ਕੋਲ ਦਰਗਾਹ ਸਿੰਘ ਸਿੱਖ ਸੀ। ਵੇ ! ਚਿਲਾ ਪਿਆ–ਮੈਂ ਉਸ ਨੂੰ ਕਿਹਾ ਡਰ ਨਾਹੀਂ। ਇਹ ਤੋਸ਼ਾਖਾਨਾ ਲੁਟਣ ਵਾਸਤੇ ਆਇਆ ਹੈ–ਡਰਾਉਂਦਾ ਹੈ ਤਦੋਂ ਉਸ ਨੂੰ ਪੱਗ ਲਾਹ ਲਈ। ਨਾਲੇ ਪੌਥੀਆਂ ਖੋਹ ਲਈਆਂ। ਤਦੋਂ ਮੁਸਲਮਾਨ ਇਕ ਇਕ ਬੁਰਛਾ ਸੀ। ਤਾਂ ਉਸ ਨੇ ਬੁਰਛਿਆਂ ਨੂੰ ਕਿਹਾ ਤੁਸੀਂ ਸਿੱਖ ਦੀ ਪੱਗ ਕਿਉਂ ਲਾਹੀ ? ਤਾਂ ਉਸ ਨੇ ਕੰਹੀ ਕੋ ਨੇਰੀ ਪੱਗ ਦਬਾਈ। ਤਦੋਂ ਮੈਂ ਕਿਹਾ ਹੋਰ ਸਭ ਬਾਸਤਰ ਪੌਥੀਆਂ ਲੈ ਲਵੋ, ਮੈਨੂੰ ਮੇਰੇ ਗੁਰੂ ਦੀ ਨਿਸ਼ਾਨੀ ਸੈਂਖ ਦੇਵਉ। ਤਾ ਮੁਸਲਮਾਨ ਨੇ ਕਹਿਕੇ ਮੈਨੂੰ ਸੰਖ ਦਿਵਾ ਦਿਤਾ, ਤਦ ਉਸ ਨੇ ਮੈਨੂੰ ਪੁਛਿਆ ਤੂੰ ਕਿਥੇ ਜਾਣਾ ਹੈ ? ਮੈਂ ਕਿਹਾ ਲੰਗਰ ਨੂੰ ਜਾਣਾ ਹੈ, ਤਦ ਉਸ ਨੇ ਕਿਹਾ ਮੈਂ ਤੈਨੂੰ ਛਡ ਆਉਂਦਾ ਹਾਂ ਤੈਨੂੰ ਇਕਲੇ ਨੂੰ ਕੋਈ ਬੁਰਛਾ ਮਾਰ ਦੇਵੇਗਾ।

ਅਗੇ ਚੜਤ ਸਿੰਘ ਲਾਂਗਰੀ ਮਿਲਿਆ, ਲੰਗਰ ਨੂੰ ਲੈ ਗਿਆ। ਅਗੇ ਬੁਰਛੇ ਸਣੇ ਤੁਰੀ ਫਲਟੌਹੇ ਨੂੰ ਪੈਰ ਲਾ ਉਲਟਾਉਂਦਾ ਹੈ ਤਾਂ ਪੰਜਾਬ ਸਿੰਘ ਲਾਂਗਰੀ ਨੇ ਦੇਖ ਕੇ ਕਿਹਾ ਗੁਰੂ ਮਾਰਿਆ–ਗੁਰੂ ਦੀਆਂ ਦੇਗਾਂ ਨੂੰ ਜੁਤੀਆਂ ਲਾਉਂਦਾ ਹੈ। ਜਾਂ ਇਤਨੀ ਬਾਤ ਸੁਣੀ ਤਾਂ ਗੁਸਾ ਕਰਕੇ ਵੱਖੀ ਵਿਚ ਪੱਕਾ ਕਲਾ ਮਾਰੀ, ਉਹ ਵਜਦੇ ਸਾਰ ਸਿਮੀਂ ਤੇ ਡਿਗ ਪਿਆ ਸੋ ਮਾਰ ਘਤਿਆ ਤਾਂ ਉਸੀ ਤਰ੍ਹਾਂ ਫੇਰ ਮਰਾ ਲੋਧਣ (ਉਲਟਾਉਣ) ਤਾਂ ਸੁਧਾ ਸਿੰਘ ਸੁਭਰਾਏ ਲਾਂਗਰੀ ਨੇ–ਉਏ ਬਾਬੇ ਮਾਰਿਆ ਤੂੰ ਟਦਦਾ ਨਹੀਂ ?

ਪ੍ਰਸਾਦਿ ਪਕਾ ਕੇ ਸਾਰਾ ਢੋਰ ਲਾਇਆ ਹੋਇਆ ਹੋਇਆ–ਦੁਆਲੇ ਲਾਂਗਰੀ ਬੈਠੇ ਹੋਏ। ਮਹਾਂਰਾਜ ਸਿੰਘ ਦੇ ਸਿਰ ਨਾਲ ਸਿਰ ਜੁੜਿਆ ਹੋਇਆ ਸੁਧ ਸਿੰਘ ਲਾਗਰੀ, ਤਾਂ ਜਪੁਜੀ ਦਾ ਪਾਠ ਕਰਦਾ ਹੈ। ਜਦ ਫੇਰ ਉਸ ਬੁਰਛੇ ਨੇ ਫਲਟੌਹੇ ਨੂੰ ਪੈਰ ਲਾਇਆ ਤਾਂ ਸੁਧ ਸਿੰਘ ਲਾਂਗਰੀ ਨੇ ਕਿਹਾ–ਦੇ ਗੁਰੂ ਮਾਰਿਆ–ਤਾਂ

ਮਹਾਰਾਜ ਸਿੰਘ ਕਿਹਾ-ਪਰਮਾਤਮਾ ਸਿੰਘ ਵਾਹਿਗੁਰੂ ਨਹੀਂ ਕਹਿੰਦਾ–ਵਾਹਿਗੁਰੂ ਜਪਾਉਣ ਦਾ ਵੇਲਾ ਨਹੀਂ ਜਪ ਜੀ ਦਾ ਪਾਠ ਕਰਦਾ ਹੈ। ਤਾਂ ਤੂੰ ਕਾਹਨੂੰ ਪੜਦਾ ਹੈ, "ਮੈਨੂੰ ਕੀ ਗਤ ਕਹੀ ਨ ਜਾਏ"

ਤਾਂ ਮਹਾਰਾਜ ਸਿੰਘ ਨੂੰ ਕਿਹਾ ਜੀ, "ਸਚੇ ਪਾਤਿਸ਼ਾਹ ਮੇਰਾ ਸੀਸ, ਆਪ ਦੇ ਚਰਨਾਂ ਵਿ ਲੱਗੇ। ਜਾਂ ਇਤਨੀ ਬਾਤ ਕਹੀ ਤਾਂ ਜਿਉ ਗੋਲਾ ਛੁਟਿਆ ਹੈ, ਸਾਰੀ ਸਿਰ ਦੀਘੋਪੜੀ ਉਡਾ ਕੈ ਲੈ ਗਿਆ। ਲਗਦੇ ਸਾਰ ਪਿਛਾਂਹ ਡਿਗ ਪਿਆ। ਪ੍ਰਾਨ ਨਿਕਲ ਗਏ। ਤਾਂ ਮਿਜ ਨਿਕਲ ਕੈ ਪ੍ਰਸਾਦਿ ਉਡ ਜਾਏ ਪਈ। ਇਕ ਗੋਲਾ ਛੁਟਿਆ–ਜਿਉ ਲਗਾ-ਉਹ ਲਾਂਗਰੀ ਦੀ ਅੱਡੀ ਵਿਚ ਉਧਲ ਕੈ ਗੋਡੇ ਵਿਚ ਸੁਟ ਦਿਤਾ।

ਚੜਤ ਸਿੰਘ ਲਾਂਗਰੀ ਨੇ ਮਹਾਂਰਾਜ ਸਿੰਘ ਨੂੰ ਕਲਾਵਾ ਭਰ ਕੈ ਚਾਹੀ ਦੇ ਨਾਲ ਸਾਰੇ ਬਠਾਇਆ। ਮਹਾਂਰਾਜ ਸਿੰਘ ਜੀ ਜਿਤਨਾ ਆਟਾ ਸੀ, ਸਾਰੇ ਨੂੰ ਪਕਾ ਕੈ ਹਟੇ। ਸੋਂਕੜੇ ਮਣਾਂ ਕੜਾਹ ਪ੍ਰਸਾਦਿ, ਸੋਂਕੜੇ ਮਣਾਂ ਘੁੰਘਣੀਆਂ, ਸੋਂਕੜੇ ਮਣਾਂ ਦਾਲਾਂ, ਗੁਰੂ ਜੀ ਨੇ ਕਿਹਾ ਖਾਲਸਾ (ਨੰਗਾ) ਨੰਗਾ ਛਕੇਗਾ। ਮਠਿਆਈਆਂ ਕੜਾਹ ਪ੍ਰਸਾਦਿ ਦੇ ਢੇਰ ਲਗ ਗਏ। ਗੁਰੂ ਜੀ ਨੇ ਮਹਾਰਾਜ ਸਿੰਘ ਨੂੰ ਕਿਹਾ-

ਵਡੇ ਸੋਂਕੜੇ ਮਣਾਂ ਕੜਾਹ ਪ੍ਰਸ਼ਾਦਿ ਕਰੋ। ਅਤੇ ਅੰਨ ਪਕਾਓ। ਸੋ ਖਾਲਸਾ ਐਸਾ ਆਇਆ ਜਿਉਂ ਆਂਧੀ ਹਿਆਂ ਹੀ ਟੁੰਪਾਂ ਭਾਹ ਦਿਤੀਆਂ ਭਾਈ ਮੋਹਰ ਸਿੰਘ ਕਹਿੰਦਾ ਹੈ।

ਖਸਾਨ ਸਿੰਘ ਬਾਸਰ ਕਾ ਤੇ ਜਵਾਹਰ ਸਿੰਘ ਮਰਾਨੀਆਂ ਭਜਾ ਜਾਂਦਾ ਹੈ ਦਰਿਆ ਨੂੰ ਤਾਂ ਮੈਂ ਪੁਛਿਆ ਬਾਬਾ ਜੀ ਕੀ ਖਬਰ ਵਿਉ। ਕੋਲੂੰ ਭੋਲਾ ਸਿੰਘ ਨੌਰਗਾਬਾਦੀਆ ਬੋਲਿਆ ਉਸ ਨੇ ਪੁਛਿਆ ਬਾਬਾ ਜੀ ਕੀ ਖਬਰ ਵਿਉ। ਉਹਨਾਂ ਕਿਹਾ ਬਾਬਾ ਜੀ ਗਏ ਹਨ ? ਅਸਾਂ ਅਸਾਂ ਭੀ ਕਾਹਨੂੰ ਜੀਣਾ ਹੈ, ਇਤਨੀ ਕਹਿਕੈ ਜਿਉਂ ਦਰਿਆ ਵਿਚ ਛਾਲ ਮਰ ਚਿਤੀ। ਅਗੇ ਇਕ ਸਰਦਾਰ ਦੀ ਟੋਹਲਣ ਜਹਿਣੇ ਪਾਏ ਹੋਏ ਕੰਢੇ ਕੰਢੇ ਜਿਉ ਇਕ ਬੁਰਛ, ਬਾਂਹ ਫੜੀ, ਕਹਿਣ ਲੱਗੇ ਨਾਲ ਚਲ। ਜਿਉਂ ਉਸ ਧੁਹਿਆ ਹੈ ਲੈ ਕੇ ਨਾਲ ਚਲੀ ਇਕ ਬੁਰਛ, ਬਾਂਹ ਫੜੀ, ਕਹਿਣ ਲੱਗੇ ਨਾਲ ਚਲ। ਜਿਉਂ ਉਸ ਧੁਹਿਆ ਹੈ ਲੈ ਕੇ ਨਾਲ ਦਰਿਆ ਵਿਚ ਰੁੰਮ ਹੋ ਗਈ।

ਸਿਖ ਸੋਚਦੇ ਹਨ ਤੋਪਾਂ ਨਹੀਂ ਚਲੀਆਂ ਜਾਦੀਆਂ, ਦਰਿਆਂ ਵਿਚ ਤੁਬਦੇ ਜਾਣ। ਸੁਖਾ ਸਿੰਘ ਰਾਹੀ ਸੁਧ ਵਾਲਾ– ਨਿਕੀ ਵੇਜ ਦੇ ੮੦ ਸਿੱਖ, ਹਥੀਂ ਸਲੋਤਰ ਤੇ ਤਖਤੀਆਂ ਫੜੀਆਂ ਹੋਈਆਂ, ਪੰਜ ਸੌ ਮਰਾਠੀ ਸਿੰਘ, ਭਾਈ ਸੁਹੇਲ ਸਿੰਘ ਦਾ ਡੇਰਾ ੨੦੦ ਸਿੱਖ ਨਿਕਲੇ ਦਾ, ਜਵਾਰ ਸਿੰਘ ਨਲੂਏ ਦਾ ਡੇਰਾ, ਸਭੀ ਨਾਲ ਸਿੰਘ ਦਾ ਡੇਰਾ, ਸ਼ੇਰ ਸਿੰਘ ਦਾ ਡੇਰਾ, ਨਿਧਾਨ ਸਿੰਘ ਦਾ ਡੇਰਾ, ਕੰਥਲੀਆਂ ਦਾ ਡੇਰਾ, ਅਤੇ ਸਿੰਘ ਦਾ ਡੇਰਾ, ਇਹਨਾਂ ਡੇਰਿਆਂ ਵਿਚੋਂ ਕਈ ਮਰੇ, ਕਈ ਬਚੇ। ਕੁੰਟਾ ਵਾਲੀਆ ਪੜਿਆਲ ਦੇ ਵਿਚ ਭਾਈ ਟੇਕ ਸਿੰਘ ਚੋਲੇ ਸਨ–ਉਹਨਾਂ ਭਾਈ ਟੇਕ ਸਿੰਘ ਨੂੰ ਚੁਕ ਕੇ ਮੁਠਿਆਂ ਵਾਲਾਂ ਵਾਲੇ ਜਲ ਬਹਾ ਲਿਆ।

ਭਾਈ ਮੋਹਰ ਸਿੰਘ ਕਹਿੰਦਾ ਹੈ–ਮੈਂ ਢਾਹੇ ਉਪਰ ਖਲੋਕੇ ਵਾਜਾਂ ਮਾਰੀਆਂ–ਗੁਰੂ ਜੀ ਗੁਰੂ ਮਹਾਰਾਜ ਸਿੰਘ ਨੂੰ ਕਿਹਾ ਚਲੋ। ਸਾਹਿਬ ਯਾਦ ਕਦਦੇ ਹੈਨ। ਅੰਤ ਵੇਲੇ ਦਾ ਦਰਬਨ ਕਰੀਏ। ਗੁਰੂ ਜੀ ਨੇ-ਮਹਾਂਰਾਜ ਸਿੰਘ ਨੂੰ ਕਿਹਾ–ਭਾਈ ਮੋਹਰ ਸਿੰਘ ਜੀ ਬੈਠ ਜਾਉ। ਤਦ ਮੈਂ ਬੈਠ ਗਿਆ। ਮੋਹਰ ਸਿੰਘ ਰਹੀਰਾ ਹੈ-ਤਦ ਤਿੰਨ ਬੁਰਛੇ ਆਏ। ਤਲਵਾਰਾਂ ਪਕੜੀਆਂ ਹੋਈਆਂ। ਤਲਵਾਰਾਂ ਦੀਆਂ ਉਨ੍ਹਾਂ ਚੋਭਾਂ ਸਣੀਆਂ, ਮਹਾਰਾਜ ਸਿੰਘ ਨੂੰ। ਹੋਰ ਕਈ ਲਾਂਗਰੀ ਜਿਤਨੇ ਸੀ ਸਭ ਨੂੰ ਮਾਰ ਕੈ ਉਠਾ ਦਿਤਾ। ਪੱਗਾਂ ਲਈਆਂ, ਕਹਿਣ ਲੱਗੇ ਤੁਹਾਡੇ ਸਿਰ ਵਿਚ ਵਾਸਲੀਆਂ ਹਨ। ਕੇਸ ਖੋਹਲ ਦਿਤੇ। ਦੋਵੇ ਸਿੰਘ ਪਠੋਹਾਰੀਏ, ਮਹਾਰਾਜ ਸਿੰਘ ਨੂੰ ਮਿਲਣ ਆਏ। ਪੁਛਦੇ ਫਿਰਦੇ ਕਿਥੇ ਮਹਾਰਾਜ ਸਿੰਘ, ਕਿਥੇ ਮਹਾਂਰਾਜ ਸਿੰਘ ਇਸ ਸੁਹੇ ਪੁਛਾਰਦੇ ਆਏ ਤਦੋਂ ਇਕ ਸਿੱਖ ਨੇ ਆਖਿਆ ਗੁਰੂ ਮਹਾਰਾਜ ਸਿੰਘ ਜਾਂਦੇ ਹਨ। ਤਦੋਂ ਉਹਨਾਂ ਦੇਖਕੇ ਮਹਾਂਰਾਜ ਸਿੰਘ ਨੂੰ ਘੋੜੇ ਤੇ ਚੜਾ ਲਿਆ, ਘੋੜਾ ਭਜਾ ਕੈ ਲੈ ਚਲੇ। ਘੋੜੇ ਦੀ ਲਗਾਮ ਖਿਚ ਕੈ ਮਹਾਂਰਾਜ ਸਿੰਘ ਨੂੰ ਘੋੜਾ ਖੜਾ ਕਰ ਲਿਆ।

ਭਾਈ ਮੋਹਰ ਸਿੰਘ ਕਹਿੰਦਾ ਹੈ–ਮਹਾਂਰਾਜ ਸ੍ਰਿੰਘ ਨੇ ਮੁੜ ਕੇ ਮੇਰੀ ਤਰਫ ਦੇਖਿਆ ਮੈਨੂੰ ਮੋਹਰ ਸਿੰਘ ਜਾਓ-ਕਾਜੂ ਲਾਂਗਰੀ ਨੂੰ ਘੋੜੇ ਤੇ ਚੜਾ ਲਿਆ। ਸੁਧ ਸਿੰਘ ਸਭਰਾਏ, ਪੰਜਾਬ ਸਿੰਘ ਸਾਹੀ, ਸਿਖ, ਖੁਹਾਲੀ ਵਾਲਾ ਦੋਵੇ ਲਾਂਗਰੀ ਸਨ। ਪ੍ਰਵਾਹ ਕਰ ਆਓ। ਤਦੋਂ ਮੈਂ ਕਿਹਾ ਜੀ ਮੈਂ ਇੰਨ੍ਹਾਂ ਨੂੰ ਕਿਥੇ ਮਿਲਾਂਗਾ। ਤੁਹਾਨੂੰ ਕਿਥੇ ਮਿਲਾਂਗਾ। ਮਹਾਂਰਾਜ ਸ੍ਰਿੰਘ ਨੇ ਕਿਹਾ-ਚੜਤ ਸਿੰਘ ਲਾਂਗਰੀ ਮਲੱਵਲੀ ਨੂੰ ਨਾਲ ਲੈ ਜਾਹ। ਤਦ ਅਸੀ ਉਹਨਾਂ ਨੂੰ ਪ੍ਰਵਾਹ ਕਰਕੇ ਕਾਕੂ ਸਿੰਘ ਲਾਂਗਰੀ ਨੂੰ ਘੋੜੇ ਤੇ ਚੜ੍ਹਾ ਕੇ ਲੈ ਆਏ। ਜਿਥੇ ਸਾਹਿਬਾਂ ਦਾ ਦੀਵਾਨ ਲਗਾ ਸੀ ਆ ਪਹੁੰਚੇ। ਮੁੜ ਕੇ ਮਹਾਂਰਾਜ ਸਿੰਘ ਜੀ ਮੈਨੂੰ ਅਨੰਦਪੁਰ ਮੋਹਰ ਸਿੰਘ ਗੁਰੂ ਜੀ ਦੀ ਟੋਹਲ ਵਾਸਤੇ ਸਿੱਖਾਂ ਨੂੰ ਲੈ ਚਲੇ।

Scanned with CamScanner

ਤਦੋ ਭਾਈ ਮੋਹਰ ਸਿੰਘ ਕਹਿੰਦਾ ਮੈਂ ਆਪਣੀ ਚਾਦਰ ਲਹਿਣਾ ਸਿੰਘ ਲਾਂਗਰੀ ਤੇ ਸੁਟ ਸਿੰਘ, ਇਨ੍ਹਾਂ ਦੋਵਾਂ ਨੂੰ ਚਾਦਰਾਂ ਦੀਆਂ ਮੁਠਾਂ ਫੜਾਈਆਂ, ਸਾਹਿਬਾਂ ਤੇ ਛਾਇਆ ਕਰਨ ਵਾਸਤੇ। ਹਰਸਾ ਸਿੰਘ ਲਗਾਂਗੀ ਤੇ ਹੋਰ ਵੀ ਸੰਗਤ ਹੈਨ, ਤਾਂ ਸਾਹਿਬਾਂ ਆਖਿਆ ਮੋਹਰ ਸਿੰਘਾ, ਤਾਂ ਮੈਂ ਆਖਿਆ ਜੀ ਅਗੇ ਪਾਤਸ਼ਾਹ। ਤਾਂ ਸਾਹਿਬ ਕਹਿੰਦੇ ਹਨ ਮੋਹਰ ਸਿੰਘਾ ਤੋਇਖਾਨੇ ਦੀ ਖਬਰ ਦਿਉ। ਤਾਂ ਮੈਂ ਆਖਿਆ ਜੀ ਅਗੇ ਪਾਤਸ਼ਾਹ, ਡੇਰਾ ਤਾਂ ਲੁਟਿਆ ਗਿਆ ਹੈ। ਦੇਗ਼ਾਂ ਦੀਆਂ ਗਿਟਕਾਂ ਰਹਿ ਗਈਆਂ ਹਨ। ਤਾਂ ਮੈਂ ਕਿਹਾ ਜੀ ਅਪਨੇ ਪਾਸ ਹੀ ਰਖਦੇ ਸੀ ਤਾਂ ਸਾਹਿਬਾਂ ਆਖਿਆ ਤੁਹਾਡਾ ਦਲਿਦਰ ਗਿਆ, ਦਲਿਦਰ ਗਿਆ, ਦਲਿਦਰ ਗਿਆ–ਤਾਂ ਫੇਰ ਜਿਹੜਾ ਪੁਤਰ ਮੰਗੀ ਉਹਨੂੰ ਬੋਗਾ ਦਾ ਪ੍ਰਸਾਦਿ ਦਿੰਦੇ। ਮੈਨੂੰ ਕਹਿੰਦੇ ਸੀ ਮੋਹਰ ਸਿੰਘ ਫੇਰ ਲਿਆ ਫੇਰ ਕਿਹਾ ਮੋਹਰ ਸਿੰਘ ਦੋ ਕਰੋੜ ਦਾ ਡੇਰਾ ਸੀ, ਸੋ ਮਲੇਛ ਪੈਰ ਦੇ ਮੱਥੇ ਲਗਾ।

ਤਦ ਫੇਰ ਕਿਹਾ ਮੋਹਰ ਸਿੰਘਾ ਜਲ ਛਕਾ–ਮੋਹਰ ਸਿੰਘ ਕਹਿੰਦਾ ਮੈਂ ਚੁਫੇਰੇ ਨਿਗਾਹ ਮਾਰ ਕੇ ਵੇਖਿਆ–ਭਾਈ ਸੁਹੇਲ ਸਿੰਘ ਕੋਲ ਛੋਟਾ ਜਿਹਾ ਗੜਵਾ ਸੀ· ਲੈ ਕੇ ਭਜਾ। ਸਾਹਿਬਾਂ ਕਿਹਾ ਦਰਿਆ ਦਾ ਪਾਣੀ ਪਰਦਾ ਨਹੀਂ । ਖੂਹ ਨੂੰ ਭਜਾ। ਭਜੇ ਜਾਂਦੇ ਨੂੰ ਇਕ ਮੁਸਲਮਾਨ ਵਾਕਫ ਮਿਲਿਆ ਉਸ ਨੇ ਪੁਛਿਆ ਸਾਹਿਬਾਂ ਦੀ ਖਬਰ ਦਿਓ। ਇਕ ਮੋਹਰ ਸਿੰਘ ਸੋਨੀ ਘੋੜੇ ਚੜਿਆ ਮੀਰ ਪੁਰੀਆ ਚਾਰਯਾਰੀ ਦਾ ਸੀ। ਤੋਪਾਂ ਚਲੀਆਂ ਤਾਂ ਉਹ ਭਜ ਕੇ ਚਾਰਯਾਰੀ ਡੇਰਿਆਂ ਨਾਲ ਜਾ ਰਲਿਆ ਸੀ। ਉਸ ਨੇ ਆਪਣਾ ਟਹਿਲੀਆ ਘਲਿਆ, ਤਦ ਮੈਂ ਕਹਿਆ ਗੁਰੂ ਜੀ ਜਲ ਮੰਗਦੇ, ਮੇਰੇ ਨਾਲ ਚੱਲ ਮੈਨੂੰ ਖੂਹ ਦਸ। ਮੈਂ ਫਿਰ ਸਾਹਿਬਾਂ ਦੀ ਖਬਰ ਦੇਵਾਂਗਾ। ਉਹ ਤੇ ਮੈਂ ਦੋਵੇ ਭਜੇ ਮੁਠਿਆਂ ਵਾਲੇ ਕੋਲ ਪਹੁੰਚੇ। ਤਾਂ ਚਾਰ ਬੁਰਛੇ ਮਿਲੇ ਤਾਂ ਕਿਹਾ ਸਿਖਾ ਤੂੰ ਗੁਰੂ ਵ'ਰ ਸਿੰਘ ਦੇ ਡੇਰੇ ਵਿਚੋਂ ਜ਼ਰਵਾ ਲੁਟ ਕੇ ਲਿਆਇਆ ਹੈਂ? ਤਾਂ ਮੈਂ ਕਿਹਾ ਕਿ ਸਾਹਿਬਾਂ ਨੇ ਮੈਨੂੰ ਜਲ ਲੈਣ ਵਾਸਤੇ ਭੇਜਿਆ ਹੈ। ਜਾਂ ਇਤਨੀ ਬਾਤ ਕਹੀ ਤਾਂ ਉਹਨਾਂ ਨੇ ਮੈਨੂੰ ਕੁਝ ਲਿਆ ਗੜਵਾ ਖੋਹਣ ਲੱਗੇ । ਮੈਂ ਛਡਾ ਨਾ । ਤਿੰਨ ਜਣਿਆਂ ਨੇ ਮੇਰੀਆ ਉਂਗਲਾ ਮਰੋੜ ਦਿਤੀਆਂ। ਵਖੀਆਂ ਵਿਚ ਬੰਦੂਕਾਂ ਦੀਆਂ ਮੋਹਰੀਆਂ ਲਗੀ ਮਾਰਨ। ਮਾਰ ਮਾਰ ਕੇ ਥੋ ਸੁਲਤ ਕਰ ਦਿਤਾ। ਮੈਂ ਗਡਵਾ ਖਾ ਕੇ ਖਾ ਕੇ ਭਿਗ ਪਿਆ। ਗੜਵਾ ਖੋਹ ਕੇ ਲੈ ਗਏ, ਮਾਰ ਮਾਰ ਕੇ ਮਿੱਟੀ ਘਟੇ ਵਿਚ ਜੋਹਲ ਦਿਤਾ।

ਅਮੀਰ ਨਾਂ ਸੀ ਉਸ ਮੁਸਲਮਾਨ ਮੁੰਡੇ ਦਾ। ਉਸ ਨੇ ਬਾਹੋਂ ਪਕੜ ਉਠਾਇਆ ਘਟਾ ਪੁੰਝਿਆ, ਫਿਰ ਮੁੰਡਾ ਨੱਠ ਗਿਆ। ਭਾਈ ਮੋਹਰ ਸਿੰਘ ਕਹਿੰਦਾ ਹੈ ਫਿਰ ਮੈਂ ਜੀ ਕੇ ਅਰਾਧਨਾ ਕੀਤੀ। ਜੀ ਲੈ ਪਾਤਸ਼ਾਹ- ਮੈਨੂੰ ਅੰਤ ਸਮੇ ਦਾ ਵਿਛੋੜਾ ਪੈ ਗਿਆ, ਮੈਂਦੇ ਤੇ ਕਿਰਪਾ ਕਰੋ। ਐਸੇ ਕਿਸੇ ਨੂੰ ਪੁਰ ਦੇ ਤੇਰੇ, ਜੋ ਮੈਨੂੰ ਨਾਲ ਲੈ ਕੇ ਆਪ ਪਾਸ ਲੈ ਚਲੋ।

ਜਾਂ ਇਤਨੀ ਬੇਨਤੀ ਕਰਕੇ ਪਿੰਡ ਦੀ ਤਰਫ ਦੇਖਿਆ, ਤਾਂ ਦੋ ਸਿੱਖ ਤੁਰਲੋਕ ਸਿੰਘ ਨੂਣੇਵਾਲਾ, ਇਕ ਕਾਹਨ ਸਿੰਘ ਨੌਨੀਆਂ· ਇਨ੍ਹਾਂ ਦੋਹਾਂ ਮੈਨੂੰ ਦੂਰੋਂ ਦੇਖਿਆ, ਕਿ ਬੁਰਛੇ ਮਾਰ ਰਹੇ ਹਨ, ਭਰਵੇ ਹੋਣੇ ਨ ਆਉਣ। ਤੇ ਮੈਂ ਉਠ ਕੇ ਉਹਨਾਂ ਪਾਸ ਪੁਜ ਗਿਆ। ਮੈਨੂੰ ਉਨ੍ਹਾਂ ਪੁਛਿਆ ਤੂੰ ਕਿਧਰੋਂ ਆਇਆ ਹੈਂ, ਮੈ ਕਿਹਾ ਸਾਹਿਬਾਂ ਨੇ ਮੈਨੂੰ ਜਲ ਲੈਣ ਭੇਜਿਆ ਸੀ ਤਾਂ ਉਹਨਾਂ ਕਿਹਾ·-ਆਉ, ਤੈਨੂੰ ਜਲ ਦਵਾਏ। ਉਹਨਾਂ ਮੈਨੂੰ ਕਿਹਾ ਜੋ ਕੋਈ ਪੁਛੇ ਤਾਂ ਸਾਹਿਬਾਂ ਦਾ ਨਾਂ ਨ ਲਈ : ਇਹ ਕਹੀਂ ਮੈਂ ਘੋੜੇ ਚੜਿਆਂ ਵਿਚੋਂ ਹਾਂ। ਸਾਹਿਬਾਂ ਦਾ ਨਾਂ ਲਿਆ ਤਾਂ ਬੁਰਛੇ ਤੈਨੂੰ ਮਾਰ ਦੇਣਗੇ। ਮੈਂ ਕਿਹਾ ਜੀ ਮੈਂ ਕੁਝ ਨਹੀਂ ਕਹਿੰਦਾ ਜੋ ਕਹਿਣਾ ਹੈ ਤੁਸੀਂ ਰਹਿ ਦਿਉ।

ਇਤਨੀ ਬਾਤ ਕਹਿ ਕੇ ਪਿੰਡ ਵਿਚ ਜਾ ਵੜੇ। ਅਤੇ ਭਾਈ ਟੇਕ ਸਿੰਘ ਜੀ ਘਰ ਬੈਠੇ ਹਨ। ਮੈਂ

ਨੂੰ ਮੱਥਾ ਟੇਕਿਆ ਤਾਂ ਮੈਨੂੰ ਪੁਛਿਆ ਭਾਈ ਮੋਹਰ ਸਿੰਘ ਕਿਧਰੋਂ ਆਇਆ ਹੈ ਤਾਂ ਮੈਂ ਕਹਿਆ ਗੁਰੂ ਜੀ ਜਲ ਮੰਗਦੇ ਹਨ। ਜਲ ਲੈਣ ਵਾਸਤੇ ਆਇਆ ਹਾਂ ਤਾਂ ਸਿੰਘ ਸਾਹਿਬ ਪੁਛਿਆ- ਗੁਰਾਂ ਦੀ ਖਬਰ ਦਿਉ। ਤਾਂ ਮੋਹਰ ਸਿੰਘ ਕਿਹਾ ਜੀ ੧੭ ਗੋਲੀਆਂ ਲਗੀਆਂ ਹਨ। ਇਕ ਤੋਪ ਦੇ ਗੋਲੇ ਨਾਲ ਖੱਬਾ ਗੋਡਾ ਉਡ ਗਿਆ ਹੈ। ਤੇ ਰਸਤੇ ਵਿਚ ਮੈਨੂੰ ਬੁਰਛਿਆਂ ਨੇ ਬਹੁਤ ਕੁਟਿਆ ਹੈ। ਗਡਵਾ ਖੋਹ ਲਿਆ ਹੈ, ਮੈਰੇ ਹੱਥੋਂ ਗਿਆ ਹੈ। ਤੇ ਰਸਤੇ ਵਿਚ ਮੈਨੂੰ ਭੀ ਜਲ ਵੀ ਸਾਹਿਬਾਂ ਵਾਸਤੇ ਪੁਹੁੰਚਾ ਦਿਓ। ਮੈਂ (ਬੰਦੂਕ ਦੀਆਂ) ਮੋਹਰੀਆਂ ਦਾ ਫਿਰਾ ਮੈਨੂੰ ਵੀ ਤੇ ਜਲ ਵੀ ਸਾਹਿਬਾਂ ਵਾਸਤੇ ਪੁਹੁੰਚਾਏ ਦਿਓ। ਤਾਂ ਭਾਈ ਟੇਕ ਸਿੰਘ ਨੇ ਕਿਹਾ ਉਠ ਉਏ 'ਕਾਹਨ ਸਿੰਘ' ਘੜਾ ਲੈ ਕੇ ਜਲ ਮੰਗਿਆ ਹੋਇਆ ਹਾਂ

ਸਾਹਿਬਾਂ ਨੇ ਪੁਛਿਆ ਮਖਣ ਸਿੰਘ ਤੂੰਥੀ ਅੰਮ੍ਰਿਤਸਰੀਆ–ਤਾਂ ਉਸ ਨੈ ਆਖਿਆ- ਜੀ ਹਾਜਰ ਹਾਂ। ਸਾਹਿਬਾਂ ਆਖਿਆ ਲਹਿਣਾ ਸਿੰਘ ਦਾ ਜਲ ਪ੍ਰਵਾਹ ਕਰੋ। ਤਾਂ ਉਸ ਨੈ ਕਿਹਾ– ਸਤ ਬਚਨ ਜੀ।

ਭਾਈ ਲਾਲ ਸਿੰਘ ਗੁਜਰਾਂਵਾਲੀਆਂ, ਭਾਈ ਪਾਲ ਸਿੰਘ ਲੋਹਕਿਆਂ ਵਾਲੇ, ਮਉਡ ਬਾਬਾ ਰੰਡਾ ਸਿੰਘ, ਸੋਢੀ ਸਾਹਿਬ, ਸੰਗਤਪੁਰੀਆ, ਬਖਸ਼ੀ ਨੰਦ ਸਿੰਘ, ਬਾਬਾ ਬੇਅੰਤ ਸਿੰਘ ਵੱਡੀ ਸਾਹਿਬ, ਮੋਹਰ ਸਿੰਘ, ਜੋੜੇ ਬਰਦਾਰ, ਤੋਬੇਖਾਨੇ। ਸੋਹਣ ਸਿੰਘ ਲਵੇਰਾ, ਭਿਰਪਾਲ ਸਿੰਘ ਅਤਰ ਸਿੰਘ ਮੰਹ ਸਿੰਘ ਤੇ ਅਹਿਤਾਬ ਸਿੰਘ, ਭਾਈ ਧਿਆਨ ਸਿੰਘ, ਤਬੇਲੀਆ, ਇਨ੍ਹਾਂ ਤੁੰ ਆਦਿ, ਲੈ- ਸਾਹਿਬਾਂ ਨੈ ਕਿਹਾ- ਭਾਈ ਮਖਣ ਸਿੰਘ ਜੀ ਸਭ ਕੋ ਜਲ ਪ੍ਰਵਾਹ ਕਰੋ। ਔਰ ਭਾਈ ਕਿਸ਼ਨ ਸਿੰਘ ਨੂੰ ਭੇਜਿਆ।

ਭਾਈ ਕਿਸ਼ਨ ਸਿੰਘ ਜੀ ਹੋਰ ਸਿੰਘ ਨਾਲ ਲੈ ਕੋ ਜਿਥੇ ਸਿੰਘ ਸ਼ਹੀਦ ਹਨ, ਸਭ ਕੋ ਜਲ ਪ੍ਰਵਾਹ ਕਰੋ। ਬਾਮ ਸਿੰਘ ਝੁਤਨੀਆਂ ਨੂੰ ਨਾਲ ਲੈਕੋ ਜਲ ਪ੍ਰਵਾਹ ਕਰੇ ਤਾਂ ਕਿਹਾਸੱਚੇ ਪਾਤਸ਼ਾਹ ਜੀ ਜਿਹੜੇ ਸਿੰਘ ਟੋਟੇ ਹੋਇ ਹੋਇ ਹਨ ਉਨ੍ਹਾਂ ਦਾ ਕੀ ਇਲਾਜ ਕਰੀਏ । ਤਦੋਂ ਸਾਹਿਬਾਂ ਕਿਹਾ–ਏਵੇਂ ਏਉ ਸਿੰਘ ਹੋ ਕਰ ਟੁਰੇ ਹੈ ਕਰ ਲੱਤਾਂ ਬਾਹਾਂ ਟੋਟੇ ਹੋਇ ਜੋ ਹਨ ਉਹ ਡੁਰਿਆਂ ਵਿਚ ਪਾ ਕੇ ਜਲ ਪ੍ਰਵਾਹ ਕਰ ਦਿਉ।

ਤਦ ਸਾਹਿਬਾਂ ਨੈ ਪੁਛਿਆ– ਕਿਨੈ ਕੂ ਵਜੈ ਹਨ ਤਦੋਂ ਖਾਲਸੇ ਨੈ ਕਿਹਾ ਦੋ ਘੜੀਆਂ ਘਟ ਦੁਪੈਹਰ ਵਜੀ ਹੈ। ਉਸ ਵੇਲੇ ਕਈ ਬੁਰਛੇ ਸਾਹਿਬਾਂ ਦੇ ਕੋਲ ਚਲੇ ਆਉਂਦੇ ਹਨ। ਕਈ ਮੁਜ ਜੋਚੇ ਹਨ। ਕਈ ਘੋੜੇ ਚੜ੍ਹੇ ਕਈ ਪਿਆਦੇ– ਚਾਰ ਚੁਫੇਰੇ ਸਾਹਿਬਾਂ ਦੇ ਪ੍ਰਵਾਰ ਪੈ ਗਿਆ ਹੈ। ਕਈ ਹਸਦੇ ਹੈਨ ਕਈ ਰੋਂਦੇ ਹੈਨ। ਕਈ ਭਲੀ ਮਨਾਉਂਦੇ ਹਨ। ਕਈ ਬੁਰਾ ਮਨਾਉਂਦੇ ਹਨ। ਮੁਠਿਆਂ ਵਾਲੇ ਉਹ ਮਰੋਡ ਪੈ ਵਿਚੋਂ ਉਹ ਵੇਖਣ ਆਉਂਦੇ ਹਨ। ਸਾਹਿਬ ਜੀ ਚੌਕੜੀ ਮਾਰ ਕੇ ਬੈਠੇ ਹਨ। ਸਾਹਿਬਾਂ ਦੇ ਉਸ(ਵੇਲੇ) ਜੋਧ ਸਿੰਘ ਚੋਰ ਬਰਦਾਰ ਨੈ ਨੇੜੇ ਹੋ ਕੇ ਪੁਛਿਆ– ਜੀ ਸੱਚੇ ਪਾਤਸ਼ਾਹ- ਆਪ ਨੂੰ ਪੀੜ ਹੁੰਦੀ ਹੋਵੇਗੀ ਤਾਂ ਗੁਰੂ ਜੀ ਨੈ ਉਸਦੇ ਕਸ ਕੋ ਚੁਪੇੜ ਮਾਰੀ ਤੇ ਮੁਖ ਤੋਂ ਕਿਹਾ ਕਿਓ ਸਾਲਿਆ- ਮੈਂ ਦਿਹ ਹਾਂ- ਉਏ ਸਾਲਿਆ ਮੈਂ ਦਿਹ ਹਾਂ। ਜੋ ਸ਼ਿਖਾ ਸੰਦੇਹ ਹੈ।

ਸੈਂਕੜੇ ਸਿਖ ਰਲੇ ਹੋਏ ਤੇ ਸਿੰਘਾਂ ਦਾ ਜਲ ਪ੍ਰਵਾਹ ਕਰ ਰਹੇ ਹਨ। ਗੁਰੂ ਜੀ ਦਾ ਮੁਖ ਪਹਾੜ ਵੱਲ ਪਾਸੇ ਹੈ। ਪਿੱਠ ਦਖਣ ਪਾਸੇ ਹੈ। ਇਕ ਸਿਖ ਪਿਛਾਡੀ ਕੋਲ ਖੜਾ ਹੈ। ਹੱਥ ਜੋੜ ਕੇ- ਉਚੀ ਅਵਾਜ ਕਰਕੇ ਕਿਹਾ– ਜੀ ਸੱਚੇ ਪਾਤਸ਼ਾਹ ਮੇਰੀ- ਅਰਜ ਸੁਣੋ ਇਧਰ ਰੋਲਾ ਪਿਆ ਹੋਇਆ ਹੈ। ਟੋਲੇ ਵਿਚ ਕੁਝ ਟੁਟੀ ਦਾ ਵੀ ਨਹੀਂ। ਉਧਰ ਸਿਖ ਆ ਕੇ ਕਿਹਾ ਜੀ- ਸੱਚੇ ਪਾਤਸ਼ਾਹ ਹੋਰ ਸਭ ਲੋਕਾਂ ਜਲ ਪ੍ਰਵਾਹ ਕਰ ਆਏ ਹੈਨ ਤੇ ਜਿਹੜੇ ਜ਼ਖਮੀ ਸੀ, ਉਹ ਰਹ ਗਏ। ਤਾਂ ਉਹ ਸਿਖ ਦਖਣ ਦੇ ਪਾਸੇ ਘੜੀ ਘੜੀ ਅਰਜ ਕਰਦਾ ਹੈ ਤਦੋਂ ਫਿਰ ਸਾਹਿਬਾਂ ਨੂੰ ਉਸ ਸਿਖ ਨੈ ਕਿਹਾ ਜੀ ਸੱਚੇ ਪਾਤਸ਼ਾਹ ਮੇਰੀ ਅਰਜ ਸੁਣੋ! ਤਿਨ ਚਾਰ ਸਿਖਾਂ ਨੈ ਫਿਰ ਅਰਜ ਕਰੀ। ਕਈ ਘੜੀਆਂ ਖੜਿਆਂ ਖੜਿਆਂ ਨੂੰ ਗੁਜਰੀਆਂ। ਤਾਂ ਸਾਹਿਬਾਂ ਨੈ ਉਸ ਵੱਲ ਤਰਸ ਮੁਖ ਕਰ ਕੇ ਕਿਹਾ– ਹੋ ਸਿਖਾ ਤੂੰ ਕੀ ਕਹਿਣਾ ਹੈ। ਉਸ ਕਿਹਾ ਸੱਚੇ ਪਾਤਸ਼ਾਹ ਬੇਤੰਨ ਹੋ ਕੇ ਮੇਰੀ ਅਰਜ ਸੁਣੋ- ਵਿਤਨੀ ਬਾਤ ਸੁਣ ਕੇ ਭਾਈ ਮੋਹਰ ਸਿੰਘ ਕਹਿੰਦਾ ਹੈ-

ਖਾਲਸਾ ਜੀ ਸਾਹਿਬਾਂ ਨੈ ਸਣੇ ਲੱਤ ਉਡੀ ਹੋਈ ਉਭਰ ਕੇ ਚੌਕੜੀ ਦੇ ਕੋ ਉਸ ਭਰਵ ਵਲ ਮੁਖ ਕਰ ਲਿਆ। ਉਸ ਨੂੰ ਕਿਹਾ ਸੁਣਾਉ ਭਾਈ ਤੂੰ ਕੀ ਕਹਿਨਾ ਹੈ ? ਅਸੀਂ ਹੈਂਤਨ ਹਾਂ ਤੂੰ ਅਰਜ ਗੁਜਾਉ ਤਾਂ ਉਸ ਆਖਿਆ ਜੀ ਸਚੇ ਪਾਤਸ਼ਾਹ ! ਆਹ ਕੀ ਹੋਇਆ ਹੈ ਮੈਨੂੰ ਨਿਸ਼ਚਾ ਹੈ-ਸ੍ਰੀ ਗੁਰੂ ਗੋਬਿੰਦ ਸਿੰਘ ਕੋ ਅਵਤਾਰ ਗੁਰੂ ਬੀਰ ਸਿੰਘ ਜੀ ਹੋਏ ਹੈਨ। ਖਾਲਸਾ ਪੰਥ ਪ੍ਰਗਟ ਕਰਨਗੇ, ਇਹ ਕੀ ਛਾਡ ਹੋਈ ਹੈ,

ਸੁਣੋ ਸੁਰੂ ਜੀ ਕਿਹਾ ਸੁਣ ਉਏ ਸਿਖਾ–ਮੈਂ ਜਨਕ ਵੇਲੇ ਦਾ ਜਾਮਨ ਸੀ, ਉਸ ਵਕਤ ਨਰਕ ਵਿਏਂ ਕੱਢੇ ਸੀ, ਹੁਣ ਫਿਰ ਕੁੰਡੀ ਨਰਕ ਵਿਚ ਪਾਏ ਚਲਿਆ ਹਾਂ। ਤਿਨ ਵਾਰੀ ਹਿੱਕ ਨੂੰ ਹੱਥ ਮਾਰਿਆ – ਨੂੰ ਮੇਰੇ ਨਾਲ ਬੀਅਦੀ ਕੀਤੀ ਹੈ- ਜਿਵੇਂ ਮੈਂ ਕਢੇ ਸੀ ਉਵੇ ਪਾਏ ਚਲਿਆ ਹਾਂ।

ਉਸ ਨੈ ਕਿਹਾ ਸੱਚੇ ਪਾਤਸ਼ਾਹ ਹੋਰ ਮੈਂ ਸੁਣਿਐ- ਸਤ ਪਾਤਸ਼ਾਹੀਆਂ ਦੇ ਕੋ ਖਾਲਸੇ ਪੰਥ ਦੀ ਸੰਭ ਰਖੀ ਹੋਇ ਹੈ, ਤਾਂ ਤੁਸੀਂ ਚਹਿੰਦੇ ਹੋ ਮੈਂ ਕੁੰਡੀ ਨਰਕ ਵਿਚ ਪਾਏ ਚਲਿਆ ਹਾਂ। ਤਾਂ ਗੁਰੂ ਸਾਹਿਬ ਕਿਹਾ ਮੈਂ ਸਤ ਸੀਸ ਦੇ ਕੋ ਖਾਲਸੇ ਪੰਥ ਦੀ ਨੀਂਹ ਰਖੀ ਹੋਈ ਹੈ। ਤਿਸਰ ਲਿੰਗ ਨੈ ਗੁਰੂ ਨਾਨਕ ਜੀ ਕੋ ਸਭ ਠੱਠੀ ਡੰਗ ਦੀਆਂ ਦੇ ਕਰ, ਸਤ ਪਾਤਸ਼ਾਹੀਆਂ ਲੈ ਲਈਆਂ ਸਨ। ਭਾਈ ਬਾਲੇ ਨੈ ਕੋਲੂੰ ਕਿਹਾ– ਤੁਸੀਂ ਕਹਿੰਦੇ ਸੀ ਦਸਵਾਂ ਜਾਮਾਂ ਧਾਰ ਕੋ ਪੰਥ ਪ੍ਰਗਟ ਕਰਾਂਗੇ। ਸੋ ਹੁਣ ਤੁਸੀਂ ਸਤ ਪਾਤਸ਼ਾਹੀਆਂ ਤੁਰਕ ਨੂੰ ਦੇ ਵਿਤੀਆਂ ਹਨ। (ਮੋਹਰ ਸਿੰਘ ਕਹਿੰਦਾ ਖਾਲਸਾ ਜੀ ਮੈਂ ਕੋਲ ਖੜਾ ਹਾਂ- ਸਿਖ ਅਰਜ ਕਰਦਾ ਹੈ) ਤਾਂ ਗੁਰੂ ਨਾਨਕ ਜੀ ਨੈ ਕਿਹਾ- ਭਾਈ ਬਾਲਾ ਸਭ ਸੀਸ ਤੁਰਕ ਨੂੰ ਦੇ ਕੋ ਤੁਰਕ ਤੋਂ ਲਵਾਂਗੇ।

ਉਹ ਸਿਖ ਗੁਰੂ ਢੀਰ ਸਿੰਘ ਅਗੇ ਅਰਜ ਕਰਦਾ ਹੈ, ਸੱਚੇ ਪਾਤਸ਼ਾਹ ਪਹਿਲਾ ਸੀਸ ਗੁਰੂ ਅਰਜਨ ਦੇਵ ਨੈ ਦਿਤਾ। ਦੂਜਾ ਸੀਸ ਗੁਰੂ ਹਰਿਕ੍ਰਿਸ਼ਨ ਜੀ ਨੈ, ਤੀਸਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੈ ਸਾਹਿਬ ਸੰਗਿਵਿੰਘ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੇ ਚਾਰ ਸੀਸ। ਇਹ ਸੱਤ ਸੀਸ, ਤੁਸੀਂ ਕਹਿੰਦੇ ਹੋ ਤੁੰਡੀ ਨਰਕ ਭੇਜ ਚਲੇ ਹੋ ਇਹ ਕੀ ਬਾਤ ਹੈ ਕਿਰਪਾ ਕਰਕੇ ਕਹੋ ? ਤਾਂ–

ਸਾਹਿਬ ਕਹਿੰਦੇ ਹੈਨ– ਸੁਣ ਉਏ ਸਿਖਾ- ਸੱਤ ਸੀਸ ਜੋ ਕਰ ਖਾਲਸੇ ਦੀ ਨੀਂਹ ਰਖੀ ਹੋਈ ਹੈ- (ਭਾਈ ਮੋਹਰ ਸਿੰਘ ਕਹਿੰਦਾ ਹੈ) ਉਹ ਸਿੰਘ ਬੜਾ ਅਕਲ ਵਾਲਾ ਸੀ। ਜਿਸ ਨੈ ਇਹ ਅਰਜਾਂ ਕੀਤੀਆਂ ਤਾਂ ਸਾਹਿਬਾਂ ਆਖਿਆ ਖਾਲਸਾ ਪੰਥ ਹੋਵੇਗਾ। ਤਾਂ ਸਾਹਿਬਾਂ ਆਖਿਆ ਬੜੀ ਬੇ ਅਦਬੀ ਹੋਈ ਹੈ- ਜਿਸ ਤਰ੍ਹਾਂ ਮਾਰਨ ਵਾਸਤੇ ਆਏ ਹੋਂ ਇਸੀ ਤਰ੍ਹਾਂ ਰਲ ਕੇ ਬਖਸ਼ਾਉਣਗੇ ਔਰ ਅਰਜਾਂ ਕਰਨਗੇ ਤਦੋਂ ਸਾਹਿਬਾਂ ਆਖਿਆ- ਜਿਸ ਤਰ੍ਹਾਂ ਸਿਖਾਂ ਨੂੰ ਮਾਰਨ ਆਏ ਹੈਨ ਇਸੇ ਤਰ੍ਹਾਂ ਬਖਸ਼ਾ ਲੈਣ- ਇਕ ਇਕ ਸਿਖ ੨੫ ਨੂੰ ਸ਼ਸਤਰ ਲਵਾ ਕੇ ਬਖਸ਼ਾਉਣਗੇ - ਜੋ ਤਨਖਾਹ ਲਵਾ ਕੇ ਨ ਬਖਸ਼ਾਉਣਗੇ - ਤਾਂ ਕੁੰਡੀ ਨਰਕ ਪਾਇ ਚਲਿਆ ਹਾਂ। ਜਿਸ ਨੈ ਕੁੰਡੀ ਨਰਕੋਂ ਨਹੀਂ ਬਚਣਾ ਉਹ ਨ ਬਖਸ਼ਵਾਏ।

ਸਾਹਿਬ ਕਹਿਣ ਲਗੇ, ਸੁਣ ਉਏ ਸਿਖਾ ! ਜਨਕ ਰੂਪ ਧਾਰ ਕੇ ਨਰਕ ਵਿਏਂ ਕਢੇ ਸੀ ਤੂੰਤੇ ਹੁਣ ਜਿ। ਤਰੇਤਾ ਯੁਗ ਦਾਪਰ ਤੇ ਕਲਯੁਗ , ਚੜ੍ਹਿਆ ਉਨ੍ਹਾਂ ਜੀਵਾਂ ਨੂੰ ਤੁਸੀਂ ਸੁਖੀ ਹੋ ਜਾਂ ਦੁਖੀ ਹੋ ? ਅਸੀਂ ਸਭ ਤਰ੍ਹਾਂ ਸੋ ਸੁਖੀ ਹਾਂ। ਇਕ ਔਨ ਨਹੀਂ ਮਿਲਦਾ ਤਦੋਂ ਅਸੀਂ ਨਿਰੰਕਾਰ ਅਗੇ ਅਰਜ ਕੀਤੀ ਤਾ ਤੁਮ ਹੋਇਆ ਮੇਰੀ ਜੋਤ ਹੈ ਮਾਤਲੋਕ ਵਿਚ ਗੁਰੂ ਨਾਨਕ ਦੇਵ ਜੀ ਦਾ ਰੂਪ ਮੈਂ ਹੀ ਧਾਰਨ ਕੀਤਾ ਹੈ। ਜਿਵੇਂ ਜਿਵੇਂ ਸਿਖਾਂ ਨੂੰ ਜਨਮ ਦਿਤਾ ਸੀ ਉਵੇ ਉਵੇ ਜਾ ਕੇ ਸਰਬ ਸਿਖਾਂ ਨੂੰ ਉਪਦੇਸ਼ ਦਿਤਾ। ਜਿ੍ਹਾਂ ਨੈ ਮੇਰਾ ਕਿਹਾ ਮੰਨਿਆ ਮੈਂਵਾ ਕੀਤੀ– ਗੁਰੂ ਅੰਗਦ ਦੇਵ ਜੀ ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਕਿਹਾ ਸਾਰੇ ਮੇਰੇ ਹੀ ਰੂਪ ਹੋਣਗੇ।

ਸ੍ਰੀ ਗੁਰੂ ਅਰਜਨ ਦੇਵ ਜੀ- ਸ੍ਰੀ ਗੁਰੂ ਹਰਿਗੋਬਿੰਦ, ਸ੍ਰੀ ਹਰਿ ਰਾਏ ਜੀ, ਸ੍ਰੀ ਗੁਰੂ ਹਰੀ ਕ੍ਰਿਸ਼ਨ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਇਹ ਸਾਰੇ ਮੇਰੇ ਹੀ ਰੂਪ ਧਾਰੇ ਹੈਂ। ਮਨੁਖਾ ਤਨ ਆਗਿਆ ਲੈ ਕੇ ਇਹ ਜਾਮਾ ਧਾਰਿਆ ਸੀ। ਜਾਮਨੀ ਤਾਰ ਚਲਿਆ ਹਾਂ। ਜੋ ਤਨਖਾਹ ਲਵਾ ਲੈਣਗੇ, ਉਹ ਬਖਸ਼ੇ ਜਾਣਗੇ।

Scanned with CamScanner

ਭਾਈ ਮੋਹਰ ਸਿੰਘ ਕਹਿੰਦਾ ਹੈ ਮੈਂ ਕੋਲ ਹਾਂ, ਸਰਵਾਰ ਹਰੀ ਸਿੰਘ ਨਲੂਏ ਦਾ ਪੁਤਰ ਜਵਾਹਰ ਸਿੰਘ ਜਲ ਲੈ ਕੇ ਪੁਜੇ, ਪੀਚਾ ਪਾਉਣ ਲਗ ਪਿਆ। ਸਾਹਿਬਾਂ ਦਾ ਰੂਪ ਵੇਖ ਕੇ, ਤਾਂ ਸਾਹਿਬਾਂ ਆਖਿਆ- ਭਾਈ ਮਖਣ ਸਿੰਘ ਸਾਡਾ ਸਰੀਰ ਪਲੰਘ ਉਤੇ ਛੁਟ ਪੁਟ ਜਾਏ, ਤੁਸੀਂ ਨਹੀਂ। ਅਸ ਸਸਕਾਰ ਨਹੀਂ ਕਰਨਾ - ਪਲੰਘ ਸਣੇ ਜਲ ਪ੍ਰਵਾਹ ਕਰ ਦੇਣਾ - ਉਪਰ ਕੋਈ ਬਸਤਰ ਨਹੀਂ ਪਾਉਣਾ।

ਭਾਈ ਮੋਹਰ ਸਿੰਘ ਕਹਿੰਦਾ ਹੈ– ਚਵਾਲੀਏ ਭਾਈ ਕਾਹਨ ਸਿੰਘ ਓਹ ਉਦੋਂ ਹੀ ਸੀ। ਉਹ ਦੇ ੨੭ ਸੇਵਾਦਾਰ ਦਾਣੇ ਦਾ ਮੁਲ ਲੈਣ ਵਾਸਤੇ ਥਹੇ ਸੀ - ਅਜੇ ਉਨ੍ਹਾਂ ਦਾ ਮੁਲ ਤਾਇਆ ਨਹੀਂ ਸੀ। ਉਹ (ਮੁਕਿਆ ਨਹੀਂ ਸੀ) ਤਾ ਇਤਨੇ ਚਿਰਾਂ ਨੂੰ ਇਕ ਦੇ ਰੋਲਾ ਵਜਾ - ਤੇ ਦੱਖੀ ਲੱਤ ਤੇ ਦੱਖੀ ਬਾਂਹ ਟੁਟ ਉਡ ਗਏ - ਤਾ ਤੁਸਹੇ ਭਰਾ ਨੈ ਕਿਹਾ- ਚਲ ਮੈਨੂੰ ਘਰ ਲੈ ਚਲੋ, ਲੱਤ ਤੇ ਦੱਖੀ ਬਾਂਹ ਟੁਟੇ ਆਖਿਆ ਦਸ ਮਣ ਅੰਨ ਰੰਧਾ ਕਰਕੇ ਦੇਹ ਛਡਨੀ ਹੈ - ਫਿਰ ਉਸ ਨੈ ਕਿਹਾ ਓਹ ਦੇਖ! ਮੈਨੂੰ ਜਿਵੇ ਹੈਨ ਬੈਕੁੰਠ ਨੂੰ ਚਲੇ - ਮੈਨੂੰ ਜਲ ਪ੍ਰਵਾਹ ਕਰ ਮੈਂ ਇਨ੍ਹਾਂ ਦੇ ਨਾਲ ਜਾ ਰਲਾਂ।

ਗੁਰੂ ਜੀ ਨੂੰ ਸਭੇ ਉਡੀਕਦੇ ਹਨ - ਦੋਵੇ ਘੜੀ ਨੂੰ ਗੁਰੂ ਜੀ ਨੇ ਉਨ੍ਹਾ ਦੇ ਨਾਲ ਜਾਏ ਰਲਨਾ ਹੈ। ਤਾ ਉਨ੍ਹਾ ਆਖਿਆ ਗੁਰੂ ਜੀ ਤਾਂ ਬੈਠੇ ਬਿਲਾਸ ਕਰਦੇ ਹਨ ਤਾ ਉਸ ਆਖਿਆ ਗੁਰੂ ਜੀ ਨੇ ਦੋਵ ਘੜੀਆਂ ਨੂੰ ਜਾਏ ਮਿਲਣਾ ਹੈ - ਮੈਨੂੰ ਦਿਹਦੇ ਹਨ।

ਮਹਾਰਾਜ ਸਿੰਘ ਜੀ ਜਿਉਂ ਲੈਗਰ ਤੋਂ ਆਏ ਉਸ ਵੇਲੇ ਪੱਖੀ ਗੁਰੂ ਜੀ ਦੇ ਮੁਖ ਤੇ ਚਲ ਰਹੀ ਸੀ। ਗੁਰੂ ਜੀ ਦੀਵਨ ਵਿਚ ਕਹਿੰਦੇ ਸੀ- ਦਿਹ ਭਾਰੀ ਹੋ ਗਈ ਹੈ, ਕਹਿਆ ਨਹੀਂ ਮੰਨਦੇ। ਟੋਲੀ ਵੇਹ ਧਾਰ ਕੇ ਪਹਾੜ ਦੀ ਚੋਟ ਵਿਚ ਜਾਏ ਬੈਠਨਾਂ ਹੈ, ਪਹਾੜ ਦੀ ਚੋਟ ਵਿਚੋਂ ਤਦ ਨਿਕਲਣਗੇ ਜਦੋਂ ਕਾਹੂ ਤੇ ਭਬੂ (ਸਫਾ ੧੯ ਪਰ ਦੇਖਨਾ) ਦਾ ਯੁਧ ਹੋਵੇਗਾ। ਪਹਾੜ ਦੀ ਕੰਢੀ ਉਤੇ ਨਿਕਲ ਕੇ ਬੈਠਾਂਗੇ।

ਭਾਈ ਮਖਣ ਸਿੰਘ ਨੂੰ ਪੁਛਿਆ- ਗੁਰੂ ਜੀ ਨੈ ਦਿਨ ਕਿਨਾ ਵਜਾ ਹੈ- ਤਦੋਂ ਉਸ ਕਿਹਾ ਜੀ ਦੋ ਘੜੀਆਂ ਉਤੇ ਦੁਪੈਹਰ ਵਜੇ ਹੈ। ਸਾਹਿਬਾ ਆਖਿਆ ਭਾਈ ਜਸੂ (ਜਸ ਰਬਾਬੀ) ਕਿਥੇ ਹੈ? ਤਾਂ ਮਾਲਸੇ ਨੈ ਆਖਿਆ– ਜੀ ਉਹ ਤੋਪਾਂ ਦੇ ਗੋਲਿਆਂ ਤੋਂ ਡਰਦੇ ਢਾਹੇ ਹੇਠ ਬੈਠੇ ਹਨ ਸਰੰਦੇ ਸਭ ਘੋਹੇ ਗਏ ਹਨ। ਸਾਹਿਬਾਂ ਆਖਿਆ ਖਾਲਸਾ ਜੀ ਸਦ ਲਿਆਉ - ਭਾਈ ਮਖਣ ਸਿੰਘ ਭੱਜਾ ਗਿਆ, ਤਾਂ ਸਾਹਿਬ ਆਪ ਉਚੀ ਦੇ ਕੇ ਵਾਜ਼ ਮਾਰੀ। ਮਖਣ ਸਿੰਘ ਮੁੜ ਆ। ਦੋਹ ਕਿਸੇ ਸਿਖ ਨੂੰ ਭੇਜ ਦਿਉ। ਤਦੋਂ ਦੋਹ ਸਿਖ ਜਾ ਕੇ ਭਾਈ ਜਸ ਨੂੰ ਸਦ ਕੇ ਲਿਆਇਆ - ਭਾਈ ਜਸ ਜੀ ਆ ਬੈਠੇ - ਭਾਈ ਜਸ ਜੀ ਮਾਰੂ ਦੇ ਸ਼ਬਦ ਪੜ੍ਹੋ - ਭਾਈ ਜਸ ਜੀ ਲਗੇ ਸ਼ਬਦ ਪੜਨ - ਮੈਂ ਕੋਲ ਹਾਂ (ਭਾਈ ਮੋਹਰ ਸਿੰਘ ਕਹਿੰਦਾ) ਉਸ ਵੇਲੇ ਇਹ ਸ਼ਬਦ ਪੜਿਆ ਮਾਰੂ ਦਾ :

"ਖੁਲਿਆ ਕਰਮ ਕਿਰਪਾ ਭਈ ਠਾਕੁਰ....." ( )

ਦੂਜਾ ਸ਼ਬਦ ਪੜਿਆ :

"ਸੇਵਕ ਕੀ ਓੜਕ ਨਿਭਹੀ ਪ੍ਰੀਤੀ" ॥ ( )

ਗੁਰੂ ਜੀ ਨੈ ਜਲ ਛਕਿਆ ਭਾਈ ਮੋਹਰ ਸਿੰਘ ਕਹਿੰਦਾ ਹੈ, ਸਿਖ ਮੈਨੂੰ ਇਸ਼ਾਰੇ ਕਰਦੇ ਹੈਂ ਨਾਲੇ ਸਾਹਿਬਾਂ ਨੂੰ ਜਲ ਛਕਾਉਂਦਾ ਹਾਂ, ਤਾਂ ਸਾਹਿਬਾਂ ਦਾ ਅੰਤ ਸਮਾਂ ਆਇਆ, ਸਾਹਿਬਾਂ ਨੈ ਸਰਦੱਰ ਖਾਲਸੇ ਨੂੰ ਮੰਜੀ ਵੱਡੇ ਕੀ ਜੋ ਜੋ ਜ਼ਖਮੀ ਜੀ ਭੰਨੇ ਟੁਟੇ, ਦਰਸ਼ਨ ਦਿਤਾ - ਫਿਰ ਮਲ ਮਲ ਦਾ ਦੁਪੱਟਾ ਤਾਣ ਤਾਣ ਕੇ ਇਸ਼ਨਾਨ ਕਾਈ - ਲੱਤ ਉਡੀ ਨਾਲ ਲਤ ਨਿਸਲੀ ਕਰ ਗਈ ! ਸਾਹਿਬ ਲਗੇ ਵੇਹ ਛਡਣ - ਗੁਰੂ ਕੇ ਲਗੇ ਵੇਹ ਛਡਣ ! ਪਹਿਲੇ ਚਰਨਾਂ ਤੋਂ ਸਵਾਸ ਖਿਚੇ ! ਚਰਨ ਨ ਹਿਲੇ , ਫਿਰ ਗੋਗੜ (ਢਿੱਡ) ਵਿਚੋਂ ਖਿਚ ਕੇ ਮੁਖ ਵਿਚ ਲਿਆਂਦੇ :

ਮਹਾਰਾਜ ਸਿੰਘ ਜੀ ਪਖੀ ਝਲ ਰਹੇ ਸੀ : ਮੁਖ ਵਿਚ ਸਵਾਸ ਲਿਆ ਕੇ ਮੁਖ ਉਤੋਂ ਪਲਾ ਲਾਹ ਕੇ, ਨੇਤਰ ਉਘਾੜਕੇ ਸਾਹਮਣੇ ਸਭ ਕੋ ਨੇਤਰਾਂ ਸੇ ਦੀਦਾਰ ਦਿਤਾ। ਮਹਾਰਾਜ ਸਿੰਘ ਦੇ ਨੇਤਰਾਂ ਦਾ ਤੇ ਗੁਰੂ ਜੀ ਦੇ ਨੇਤਰਾਂ ਦਾ ਦੋ ਇੰਚ ਦਾ ਫਰਕ ਹੈ, ਉਹ ਬਾਹੀ ਨਾਲ ਕੁਥੇ ਹੁੰਦੇ ਪਖੀ ਕਰਦੇ ਸਨ :

ਭਾਈ ਮੋਹਰ ਸਿੰਘ ਕਹਿੰਦਾ– ਖਾਲਸਾ ਜੀ ਮੈਂ ਵੇਖਦਾ ਹਾਂ : ਸਾਹਿਬਾ ਨੈ ਨੇਤਰਾਂ ਦੀ ਜੋਤ- ਮਹਾਰਾਜ ਸਿੰਘ ਦੇ ਨੇਤਰਾਂ ਦੇ ਰਸਤੇ ਨਿਤ ਵਿਚ ਜੋਤ ਸਮਾ ਗਈ : ਸਾਹਿਬਾ ਆਖਦੇ ਹੁੰਦੇ ਸੀ, ਜੋ ਸੰਗਤ ਮੱਥਾ ਟੇਕਣ ਆਉਂਦੀ ਸੀ, ਆਪ ਪਹਿਲਾਂ ਹੀ ਮਹਾਰਾਜ ਸਿੰਘ ਨੂੰ ਮੱਥਾ ਟਿਕਾਉਂਦੇ ਸੀ : ਭਾਈ ਮੋਹਰ ਸਿੰਘ ਕਹਿੰਦਾ ਉਸ ਵੇਲੇ ਜਿਹੜੇ ਸਿਖ ਹੈਂ ਇਕ ਭਾਈ ਮੋਹਰ ਸਿੰਘ, ਇਕ ਮਖਣ ਸਿੰਘ, ਸਵਾਹਰ ਸਿੰਘ ਨਲੂਆ, ਇਕ ਮਹਾਰਾਜ ਸਿੰਘ ਜੀ ਜੋਧ ਸਿੰਘ ਅਕਾਲ ਝੰਡੀਆ; ਹੋਰ ਸਰਬਤ ਖਾਲਸਾ ਚਾਰ ਚੁਫੇਰੇ ਬੈਠਾ ਸੀ : ਦੂਸਰੇ ਨੂੰ ਦੂਸਰਾ ਕੰਨਾ ਵਿਚ ਗਲਾਂ ਕਰ ਰਹੇ ਹਨ : ਤਾਂ ਗੁਰੂ ਜੀ ਸਮਾਏ ਗਏ ਹਨ :

ਬੁਰਛੇ ਸੀਸ ਵਢਣ ਨੂੰ ਫਿਰਦੇ ਹੈਂ : ਗੁਰੂ ਮਹਾਰਾਜ ਸਿੰਘ ਤੇ ਜਵਾਹਰ ਸਿੰਘ ਮਖਣ ਸਿੰਘ ਤੇ ਹੋਰ ਸਰਬਤ ਸੰਗਤ ਕੋ ਕਿਹਾ, ਚਲੋ ਖਾਂ ਖਾਲਸਾ ਜੀ- ਛੇਤੀ ਕਰੋ, ਗੁਰਾਂ ਨੂੰ ਜਲ ਪ੍ਰਵਾਹ ਕਰੋ। ਸਿਰਾਣੇ ਵੰਞਲੇ ਹੀ ਸਿੰਘ ਜੀ ਸੀਸ ਦਿਤਾ। ਪੈਰ ਦੇ ਪਾਸੇ ਭਾਈ ਮੋਹਰ ਸਿੰਘ ਜੀ ਨੈ ਸੀਸ ਦਿਤਾ ਇਕ ਪਾਸੇ ਗੁਰੂ ਮਹਾਰਾਜ ਸਿੰਘ, ਜੀ ਨੈ ਸੀਸ ਦਿਤਾ ਹੋਰ ਸਰਬਤ ਖਾਲਸਾ ਚਾਰ ਚੁਫੇਰੇ ਹੋ ਗਏ । ਬੁਰਛਿਆਂ ਨੂੰ ਖਬਰ ਹੋਈ। ਤਦੋਂ ਮੁਠਿਆਂ ਵਾਲੇ ਪੁਜ ਕੇ ਦਰਿਆ ਦੇ ਉਰੇ ਪਲੰਘ ਟੱਕ ਲਿਆ। ਘੋੜੇ ਚੜਿਆਂ ਦਾ ਜੋ ਡੇਰਾ ਸੀ ਭੱਜ ਕੇ ਆ ਗਏ। ਹੋਰ ਜੋ ਬਚਿਆਂ ਖੁਚਿਆਂ ਟਿਕਾ ਸੀ- ਦਰਸ਼ਨ ਕਰਨ ਨੂੰ ਆਏ। ਆ ਕੇ ਇਹ ਕਿਹਾ ਸਾਫ਼ਾਂ ਜੋ ਪਾਪ ਦੋਣਾ ਸੀ ਹੋਇਆ ਹੈ, ਇਥਨੇ ਇਹ ਰੋਂਦੇ ਹੈਂ ਉਥਨੇ ਉਹ ਰੋਂਦੇ ਹੈਂ। ਔਰ ਜਿਹੇ ਕਹਿੰਦੇ ਹੈਨ ਅਸਾਂ ਅਪਣੇ ਪੈਰ ਤੇ ਆਪ ਕੁਹਾੜਾ ਮਾਰਿਆ ਹੈ ਸਾਨੂੰ ਕਸਮ ਲੈ ਕੇ ਗੁਰਾਂ ਦੇ ਦਰਸ਼ਨ ਕਰਾਓ। ਸੋਹਾਂ ਸੁਗੰਧਾਂ ਆਪੋ ਵਿਚ ਕਰ ਰਹੇ ਹਨ।

ਸਿੰਘ ਪਲੰਘ ਲਾਹੁੰਦੇ ਨਹੀਂ । ਸਿੰਘ ਇਹ ਕਹਿੰਦੇ ਹੈਂ ਤੁਸਾਂ ਗੁਰੂ ਜੀ ਦੇ ਸੀਸ ਦੀ ਬੇਅਦਬੀ ਕਰੋਗੇ। ਉਨ੍ਹਾਂ ਨੈ ਅਗੋਂ ਕਿਹਾ ਅਸੀਂ ਬੇ-ਅਦਬੀ ਕਰਨ ਨਹੀਂ ਰਹੇ ਹਾਂ ? ਫਿਰ ਗੁਰੂ ਸਾਹਿਬ ਦਾ ਪਲੰਘ ਸਾਹਿਬਾਂ ਅਤੇ ਮੁਖ ਉਤੋਂ ਦੁਪਟੇ ਦਾ ਪੜਦਾ ਲਾਹ ਦਿਤਾ। ਚਾਰ ਚੁਫੇਰੇ ਫੌਜ ਖੜੀ ਹੋਈ ਹੈ। ਗੁਰੂ ਜੀ ਦੇ ਮੁਖ ਤੇ ਲਾਲੀ ਦਗ ਦਗ ਕਰ ਰਹੀ ਹੈ। ਦਰਸ਼ਨ ਕਰ ਬੜਾ ਬੈਰਾਗ ਕੀਤਾ। ਪਲੰਘ ਦੁਕ ਦਰਿਆ ਤੇ ਲੈ ਗਏ। ਫੇਰ ਜਾ ਕੇ ਖੜੇ ਹੋ ਗਏ - ਭਾਈ ਮੋਹਰ ਕਹਿੰਦਾ –

ਓ ਖਾਲਸਾ ਜੀ ਦਰਿਆ ਵੇਖ ਕੇ ਸਭ ਸਿਖ ਠੱਲ ਗਏ - (ਕਹਿੰਦਾ) ਇਕ ਮੈਂ ਤੇ ਜਵਾਹਰ ਸਿੰਘ ਰਹੇ। ਤਦੋਂ ਜਵਾਹਰ ਸਿੰਘ ਸਰਦਾਰ ਨੈ ਕਿਹਾ ਢਡੇ ਸਿੰਘੋ ! ਸਿੰਘ ਤੁਬਦੇ ਹੈਨ ! ਪਲੰਘ ਲਏ ਕੇ ਤਦੋਂ ਸਾਰੇ ਸਿੰਘ ਆਏ ਮੁਤ ਕੇ : ਪਲੰਘ ਲੈ ਕੇ ਢਾਹਾ ਉਤਰਨ ਲਗੇ ਉਤਰਦੇ ਸਾਰ ਸਿੰਘ ਲਗੇ ਜਲ ਵਿਚ

Scanned with CamScanner

ਤੁਖਣ : ਟੱਬਾਂ ਵਿਚੋਂ ਪਲੰਘ ਤੁਟ ਗਿਆ : ਗੁਰੂ ਜੀ ਦਾ ਸੀਸ ਪਲੰਘ ਉਤੋਂ ਲਾਂਭੇ ਹੋ ਗਿਆ (ਲਾਂਬ ਗਿਆ) ਬਾਹਰੋਂ ਆਵਾਜ਼ ਮਾਰੀ ਸਰਦਾਰ ਜਵਾਹਰ ਸਿੰਘ ਨੇ : ਮੋਹਰ ਸਿੰਘਾਂ ਪਲੰਘ ਨੂੰ ਗੁਰੂ ਦੀ ਤਰਫ਼ ਕਰਨ ਲੱਗਾ– ਪਲੰਘ ਜਲ ਵਿਚ ਪ੍ਰਵਾਹ ਦਿਤਾ : ਤਾਂ ਮੈਂ'ਕੜੇ ਹੀ ਸਿਖ ਲਗੇ ਦਰਿਆ ਵਿਚ ਰੁੜਨ ਮਾਰਨ : ਜਵਾਹਰ ਸਿੰਘ ਸਰਦਾਰ ਨੇ ਅਵਾਜ਼ ਮਾਰੀ ਕਿਉਂ ਸਿਖੋ ! ਸਿਖਾਂ ਨੇ ਕਿਹਾ ਵੜੋ : ਸਿਖਾਂ ਨੂੰ ਡੁਬ ਕੇ ਮਰਨ ਨ ਦਿਓ : ਜਿਨ੍ਹਾਂ ਨੂੰ ਨਾਲ ਲਿਜਾਣਾ ਸੀ ਉਨ੍ਹਾਂ ਨੂੰ ਨਾਲ ਲੈ ਗਏ ਵੜੋ : ਸਿਖਾਂ ਨੂੰ ਡੁਬ ਕੇ ਮਰਦੇ ਹੋ : ਸਿਖਾਂ ਨੇ ਹੁਹ ਕੇ ਬਾਹਰ ਲੈ ਆਂਦੇ, ਤਾਂ ਜਵਾਹਰ ਸਿੰਘ ਨੇ ਕਿਹਾ– ਤੁਸੀਂ ਕਾਹਨੂੰ ਹਨ ਉਹਨਾਂ ਨੂੰ ਜਾਣ ਦਿਓ : ਜਿਹੜੇ ਰਾਜੀ ਹਨ ਉਨ੍ਹਾਂ ਨੂੰ ਹੁਹ ਕੇ ਲੈ ਆਉ :

ਜ਼ਖਮੀ ਜਲ ਪ੍ਰਵਾਹ ਕਰ ਦਿਤੇ : ਜੋ ਰਾਜੀ ਸੀ ਉਨ੍ਹਾਂ ਨੂੰ ਕੱਢ ਲਿਆਏ : ਤਦੋਂ ਵਾਪਸ ਸਿੰਘ ਨੇ ਕਿਹਾ– ਸ਼ਾਮ ਸਿੰਘ ਨੂੰ–ਉਹ ਦੇਖ ਗੁਰੂ ਜੀ ਜਾ ਰਲੇ ਸ਼ਾਰੀ ਸੰਗਤ ਵਿਚ : ਸਾਰੀ ਸ਼ਾਮ ਸੰਗਤ ਨੂੰ : ਸਾਧ ਸੰਗਤ ਮਿਲ ਕੇ ਨਾਲ ਲੈ ਕੇ ਬੈਠੰਠ ਨੂੰ ਚਲੇ ਹੈ- ਮੈਨੂੰ ਝੂਕ ਕੇ ਜਲ ਪ੍ਰਵਾਸ ਕਰ- ਮੈਂ ਵੀ ਨਾਲ ਜਾਵਾਂ ਰਲਾਂ : ਉਹ ਦੇਖ ਮੈਨੂੰ ਵਿਸਦੇ ਹਨ ਤਾਂ ਭਾਸ ਸਿੰਘ ਨੇ ਕਿਹਾ ਖਾਲਸਾ ਜੀ ਇਹ ਵਚਨ ਮੇਰੇ ਨਾਲ ਮੇਰੇ ਭਾਈ ਜੀ ਨੇ ਕੀਤੇ ਹੋਂ ਇਸ ਨੂੰ ਲੈ ਜਾਵੋ :

ਭਾਈ ਮੋਹਰ ਸਿੰਘ ਕਹਿੰਦਾ–ਮੈਂ' ਪਲੰਘ ਨੂੰ ਗੁਰੂ ਤਰਫ ਧਕਦਾ ਸੀ ਪਰ ਪਲੰਘ ਬਹੇਤੇ ਵਿਚ ਜਾ ਲੱਗਾ । ਗੁਰੂ ਜੀ ਬਹੇਤੇ ਤੋਂ ਦੂਸਰੇ ਪਾਸੇ ਤੇ ਪਲੰਘ ਦੂਸਰੇ ਪਾਸੇ ਪੈ ਗਿਆ । ਗੁਰੂ ਜੀ ਦਾ ਸੀਸ ਪਲਾ ਦੀ ਤਰਫ ਤੇ ਚਰਨ ਦਖਣ ਦੀ ਤਰਫ । ਮੈਂ' ਚਰਨ ਜਾਏ ਫੜੇ । ਚਰਨਾਂ ਤੇ ਮੈਂ' ਮਥਾ ਟੇਕਿਆ । ਮੈਂ' ਵੀ ਜਿਵੀ ਪਾਏ ਲਵਾਂ । ਕਦੀ ਗੋਗੜ (ਪੇਟ) ਨੂੰ ਕਦੀ ਸੀਸ ਜਾਏ ਜਵੀ ਪਾਵਾਂ । ਇਹ ਮੇਰੇ ਮਨ ਵਿਚ, ਆਈ, ਸਹਿਬਾਂ ਦੀ ਜੋਤ ਮੇਰੇ ਵੇਖਦੇ ਮਹਾਰਾਜ ਸਿੰਘ ਦੀ ਜੋਤ ਵਿਚ ਮਿਲਗੀ ।

ਮਖਣ ਸਿੰਘ ਜੀ, ਸਰਦਾਰ ਜਵਾਹਰ ਸਿੰਘ ਹੋਰ ਸਰਬਤ ਸੰਗਤ ਏਨ ਕੇ ਬੜਾ ਵੈਰਾਗ ਕਰ ਰਹੀ । ਫਿਰ ਸੰਗਤ ਨੇ ਸੰਗਤ ਨੂੰ ਆਖਿਆ–ਚਲੋ ਖਾਲਸਾ ਜੀ ਨੰਦੇੜ ਗੋਬਾਦ ਨੂੰ ਚਲੀਏ। ਤਦੇ ਜਵਾਹਰ ਸਿੰਘ ਮੁਠਿਆਂ ਵਾਲੇ ਪਿੰਡ ਜਾਏ ਵੜਿਆ । ਸੱਜੇ ਮੋਢੇ ਤੇ ਗੋਲੀ ਵਜੀ ਦੋਵੇ ਟੁਟੇ ਡੰਨੇ ਸਭ ਚਲੇ ਗਏ। ਗੁਰੂ ਮਹਾਰਾਜ ਸਿੰਘ ਜੀ ਨਾਲ ਲਾਂਗਰੀ ਤੇ ੪੦ ਕੁ ਸਿੰਘ ਹੋ ਕੇ ਨੰਦੇੜ ਗੋਬਾਦ ਨੂੰ ਤੁਰ ਪਏ। ਜਦ ਮੁਠਿਆਂ ਵਾਲੇ ਆਏ, ਤਾਂ ਬੈਠ ਗਏ । ਪੰਜਾਬ ਸਿੰਘ ਖਤਰਾਣੀਆਂ ਸਰਦਾਰ ਇਕ ਹੱਥ ਕੜਾ ਲੈਨੇ ਦਾ, ਇਕ ਹੱਥ ਸੋ ਰੁਪਿਆ ਰੱਖਿਆ ਹੋਇਆ ਹੈ । ਉਹ ਕਹਿੰਦਾ ਹੈ ਗੁਰੂ ਮਹਾਰਾਜ ਸਿੰਘ ਨੂੰ ਦੇਵਣਾ ਹੈ । ਤੇ ਉਹ ਕਹਿਦਾ ਹੈ, ਸਾਹਿਬਾਂ ਦਾ ਸੋ ਰੁਪਿਆ ਸੁਖਿਆ ਸੀ ਚਾਹੇ ਸੋ ਰੁਪਿਆ ਲੈ ਲਵੋ ਚਾਹੇ ਕੜਾ ਲੈ ਲਵੋ ।

ਠੀਂਵਸਾ ਬਾਣੇਦਾਰ ਗਿਲਾਂ ਦੇ ਅਲਾਕੇ ਦਾ ਉਸ ਨੇ ਲੰਗਰ ਦੇ ਵਲਟੋਏ ਤੇ ਕੜਾਹੇ ਹੋਰ ਸਭ ਭਾਂਡੇ ਲੱਧ ਕੇ ਪਾਹੋਵਾਲ ਦੇ ਕਿਲੇ ਵਿਚ ਪਾ ਲਏ। ਰਾਤ ਨੂੰ ਗੁਰੂ ਸਾਹਿਬ ਨੇ ਦਰਸ਼ਨ ਦਿਤਾ ਹੰਡਾ ਹੰਢਿਆਰੇਏ ਨਿਹੰਗ ਸਿੰਘ ਨੂੰ ਦਰਸ਼ਨ ਦਿਤਾ । ਪਿਛਲੀ ਰਾਤ ਵਿਚ ਇਹ ਆ ਕੇ ਆਖਿਆ–ਸਾਡਾ ਸ਼ਰੀਰ ਬੁਟੇ ਨਾਲ ਲਗਾ ਹੋਇਆ ਹੈ ਕਢ ! ਅਸੀਂ' ਅਲੋਫ ਪੰਥ ਦਾ ਹਥ ਸੀਸ ਨੂੰ ਨਹੀਂ' ਸੀ ਲਵਾਦਾਂ। ਉਥੋ ਕਢ ਕੇ ਸਾਡੇ ਸਸਕਾਰ ਕਰੋ । ਪੰਜ ਸੋ ਨਿਹੰਗ ਦਾ ਜਥਾ ਉਸਦੀ (ਹੰਡਾ ਸਿੰਘ ਦੀ) ਤਾਬਿਆ ਸੀ। ਸਰਕਾਰ ਨੇ ਤਾਬਿਆ ਕੀਤੇ ਸੀ । ਪੰਜ ਨਿਹੰਗ ਸਿੰਘ, ਤਦੋਂ ਉਸ ਨੇ ਦਰਿਆ ਵਿਚ ਲਭਣ ਵਾਸਤੇ ਭੇਜੇ ਦਰਿਆ ਦੇ ਬਹੇਤੇ ਵਿਚ) ।

ਗੁਰਮੁਖ ਸਿੰਘ ਸਾਹਿਬਾਂ ਦਾ ਵੱਡਾ ਭਰਾ ਸੀ। ਉਸ ਦਾ ਸੀਸ ਲੈ ਕੇ ਆ ਗਏ ! ਤਾਂ ਸਿੰਘਾਂ ਨੇ

ਆਖਿਆ ਇਹ ਸਾਹਿਬਾਂ ਦਾ ਸੀਸ ਨਹੀਂ । ਜਲ ਪ੍ਰਵਾਹ ਕਰ ਆਵੋ । ਉਹ ਜਲ ਪ੍ਰਵਾਹ ਕਰਕੇ ਸਾਹਿਬਾਂ ਦਾ ਸੀਸ ਟੋਹਣ ਵੇਰ ਤੁਰ ਪਏ । ਤਾਂ ਸਾਹਿਬਾਂ ਦਾ ਸਰੀਰ ਲਭ ਲੈ ਕੰਢੇ ਉਤੇ ਆ ਰਖਿਆ ।

ਸੋਹੇ ਮਲਾਹ ਦੀ ਬੇੜੀ ਭੰਨ ਕੇ ਕੋਲ ਸਾਹਿਬਾਂ ਦੇ ਚਿਖਾ ਆਦ ਬਨਾਈ । ਤਦੇ ਕੋਈ ਸਿੱਖ ਦੁਰੋਂ ਮਲਾਹ ਟੋਕਣੇ ਆਏ । ਫਿਰ ਸਰਬਤ ਨੇ ਚਲ ਕੇ ਗੁਰੂ ਸਾਹਿਬ ਜੀ ਦਾ ਸਰੀਰ ਚਿਖਾ ਤੇ ਰਖ ਦਿਤਾ ਤੇ ਸੰਤੁ ਬਾਬਾ ਦੀਵਣੇ ਨੇ ਸਾਹਿਬਾਂ ਦਾ ਉਹੋ ਸਸਕਾਰ ਕੀਤਾ ਲੋਕਾਂ ਨੂੰ ਖਬਰ ਹੋ ਗਈ। ਕੋਈ ਗੜਵੇ ਭਰ ਕੇ ਘਿਉ ਦਾ ਲਿਆ ਕੋਈ ਕਸਤੂਰੀਆਂ ਦਾ

ਦਸਤਖਤ ਮਹੰਤ ਭਾਈ ਖੜਕ ਸਿੰਘ ਠੱਠੇ ਵਾਲੇ

ਨੋਟ :- ਬੀਰ ਸਿੰਘ ਦਾ ਅੰਤਮ ਚਲਾਣਾ ੨੭ ਵਸਾਖ ਸੰਮਤ ੧੯੦੧ ਵਿਚ ਸਤਲੁਜ ਦੇ ਕਿਨਾਰੇ ਮੰਗਲਵਾਰ ਨੂੰ- ਮੁੱਠਿਆਂ ਵਾਲੇ ਪਿੰਡ ਹੋਇਆ।

ਕੁਝ ਅੱਖਰ ਲੇਖਕ ਵੱਲੋਂ

"ਗੁਰ ਬਿਲਾਸ ਬੀਰ ਮ੍ਰਿਗੇਸ਼" ਵਿਚੋਂ ਸੰਚਿਤ ਕੀਤੇ ਸੰਖੇਪ ਸਮਾਚਾਰ ਇਸ (ਤੱਤਸਾਰ) ਪੁਸਤਕ ਰਾਂਹੀ ਪਾਠਕਾਂ ਨੂੰ ਜੋੜਕਰ ਗਹੁ ਨਾਲ ਪੜ੍ਹੇ ਹਨ ਤਾਂ ਸਮਝ ਲਿਆ ਹੋਣਾ ਕਿ ਸਿਖੀ ਬਲਦ ਦੇ ਮਨਮੁਖੀਆਂ, ਬੁਰਛਿਆਂ (ਬੁਰੀ ਇੱਛਾ ਰੱਖਣ ਵਾਲਿਆਂ) ਅਲੋਛ ਬੁਧੀ ਸਿੱਖਾਂ ਨੇ ਬਾਬਾ ਬੀਰ ਸਿੰਘ ਜੀ ਸੀ ਮਹਾਨ ਆਤਮਾਂ ਨੂੰ ਇਤਨੀ ਬੇਰਹਿਮੀ ਨਾਲ ਕਿਉਂ ਮਾਰਿਆ ਸੀ ? ਉਹ ਇਸ ਵਾਸਤੇ ਕਿ ਆਪ ਜੀ ਨੇ ਸਰਦਾਰ ਅਤਰ ਸਿੰਘ ਸੈਧਾਵਾਲੀਏ ਨੂੰ (ਜੋ ਲਾਹੌਰ ਦਰਬਾਰ ਦੀ ਡੋਗਰਾ ਗਰਦੀ ਤੋਂ ਡਰਦਾ ਇਹਨਾਂ ਦੀ ਸ਼ਰਨ ਵਿਚ ਆਇਆ ਸੀ) ਸਿੱਖ ਰਾਜ ਦਾ ਹਿਤੈਸ਼ੀ ਤੇ ਸਚਾ ਪੈਰ ਖਾਹ ਜਾਣ ਕੇ ਪਨਾਹ ਦਿਤੀ ਸੀ। ਮਾਨੋਂ ਗੁਰੂ ਵਾਕ ਦੀ ਪਾਲਨਾ ਕਰ ਵਖਾਈ ਸੀ।

"ਜੋ ਸ਼ਰਨ ਆਵੈ ਤਿਸ ਕੰਠ ਲਾਵੈ ਇਹ ਬਿਰਦ ਸਵਾਮੀ ਸੈਵਾ ॥

ਅਤੇ ਗੁਰੂ ਤੇਗ ਬਹਾਦਰ ਜੀ ਦੇ ਇਸ ਫੁਰਮਾਨ ਤਾਂਈ ਆਪਣੇ ਤੇ ਵਰਤਾ ਕੇ ਦਸਿਆ ਹੈ:

"ਬਾਂਹ ਜਿਨਾਂ ਦੀ ਪਕੜੀਏ ਸਿਰ ਦੀਜੈ ਬਾਹੈ ਨ ਛੋੜੀਏ"।

ਉਹਨਾਂ (ਗੁਰੂ ਜੀ ਨੇ) ਕਬਮੀਰੀ ਪੈਂਡਤਾਂ ਨੂੰ ਜੋ ਭਰੋਸਾ ਦਿਤਾ ਸੀ ਪੂਰਾ ਕਰ ਵਖਾਇਆ। ਬਾਬਾ ਬੀਰ ਸਿੰਘ ਉਸੇ ਗੁਰੂ ਤੇਗ ਬਹਾਦਰ ਦੇ ਸੰਤ ਸਰੂਪ ਸਿੱਖ ਸਨ, ਸਰਦਾਰ ਅਤਰ ਸਿੰਘ ਨੂੰ ਦਿਤਾ ਭਰੋਸਾ, ਅੰਤਿਮ ਸਵਾਸਾਂ ਤੀਕ ਨਿਭਾਹ ਕੇ ਵਖਾਇਆ ਹੈ ਆਪ ਦੀ ਤਾਬਿਆਦਾਰੀ ਵਿਚ ਇਸ ਵੇਲੇ ੧੫੦੦੦ ਤੋਂ ਵਧ ਸੂਰਬੀਰ ਸੰਤ ਸਿਪਾਹੀ (ਜੁਝਾਰੂ ਸੰਘੋ) ਮੌਜੂਦ ਸਨ, ਉਹ ਆਗਿਆ ਚਾਹੁੰਦੇ ਹੋ, ਕਿ ਹੁਕਮ ਹੋਵੇ ਤਾਂ ਇਹਨਾਂ ਦੇ ਪੜਛੇ ਉਡਾਈਏ। ਇਕ ਵੀ ਜਿੰਦਾ ਨ ਜਾਣ ਦਈਏ ਪਰ ਇਸ ਸਾਹਿਬ ਦੀ ਸਾ ਦੀ ਨਜ਼ਰ ਵਿਚ ਉਹ ਮਲੀਨ ਬੁਧੀ ਬੁਰਛੇ ਵੀ ਸਿੱਖੀ ਸਰੂਪ ਵਿਚ ਸਨ ਉਹਨਾਂ ਉਤੇ ਹੱਥ ਉਠਾਣ ਦੀ ਜਾਂ ਸ਼ਸ਼ਤਰ ਚਲਾਣ ਦੀ ਆਗਿਆ ਨਹੀਂ ਦਿਤੀ ਤੇ ਦੱਸ ਹਜਾਰ ਤੋਂ ਵੱਧੀਕ ਸਿਖ ਸੂਰਮਿਆਂ ਸਮੇਤ ਹੀ ਸ਼ਸ਼ਤਰ ਚਲਾਣ ਦੀ ਆਗਿਆ ਨਹੀਂ ਦਿਤੀ ਤੇ ਦੱਸ ਹਜਾਰ ਤੋਂ ਵੱਧੀਕ ਸਿਖ ਸੂਰਮਿਆਂ ਸਮੇਤ ਹੀ ਬਹੀਦੀ ਪ੍ਰਾਪਤ ਕੀਤੀ। ਇਹ ਇਕ ਮਹਾਨ ਟਰੈਜਡੀ ਜਾਂ ਮਹਾਨ ਕਾਰਨਾਮਾ ਸੀ ਕਿ ਉਹ ਲੋਕ ਜੋ ਹੀਰਾ ਸਿੰਘ ਭੋਗਰੇ ਦੇ ਵਰਗਲਾਏ ਭਰਮਾਏ ਹੀ ਆਏ ਸਨ ਤੇ ਕਹਿਰ ਕਮਾ ਰਹੇ ਸਨ, ਸਿੱਖੀ ਸ਼ਕਲ ਵਿਚ ਸਨ ਤੇ ਉਹਨਾਂ ਉਤੇ ਹੱਥ ਨਹੀਂ ਨ ਸ਼ਸ਼ਤਰ ਚਲਾਉਣ ਦੀ ਆਗਿਆ ਦਿਤੀ। ਕਿਤਨਾ ਮਹਾਨ ਤਿਆਗ ਤੇ ਕੁਰਬਾਨੀ ਸੀ।

ਪਰ ਰਬ ਦੇ ਘਰ ਦਸਦੇ ਦੇਰ ਹੈ, ਅੰਧੇਰ ਨਹੀਂ। ਜੋ ਸੰਤ ਸਰੂਪ ਬਾਬਾ ਬੀਰ ਸਿੰਘ ਨੂੰ ਸਿੱਖ ਸਰੂਪਤਾ ਉਤੇ ਹੱਥ ਨਹੀਂ ਉਠਾਇਆ ਸੀ, ਤਾਂ ਰੱਬ ਨਿਆਇਕਾਰੀ ਨੇ ਐਸੇ ਦੋਖੀਆਂ ਨੂੰ ਪੂਰਾ-ਪੂਰਾ ਦੰਡ ਦਿਤਾ ਸੀ। ਪਹਿਲੇ ਤਾਂ ਇਹ ਕਿ ਇਸ ਹਤਿਆਰੀ ਸਿੱਖ ਫੌਜ ਦਾ ਨਾਮ ਹੀ ਗੁਰੂ ਮਾਰੀ ਫੌਜ ਪੈ ਗਿਆ ਸੀ, ਕੋਈ ਇਸ ਵਿਚ ਭਤਤੀ ਨਹੀਂ ਹੋ ਰਿਹਾ ਸੀ ਤੇ ਜੋ ਦੇਖੀ ਦੁਯਟ ਮੁੜੇ ਸਨ, ਉਹ ਬਾਕੀ ਦੇ ਰਾਜ

ਪਿਓਰੀ ਲੱਗਣ ਦੀਆਂ ਲਾਹਨਤਾਂ ਨ ਸਹਾਰਦੇ ਹੋਇ ਨਾਮਾ ਕਟਾ ਕੇ ਚਲੇ ਗਏ ਸੀ ਤੇ ਪੈਂਡੂ ਬਰਾਦਥਰੀਆਂ ਨੇ ਜੋ ਤਰੁੱਟੀ ਨਾਲ ਉਨ੍ਹਾਂ ਦਾ ਬਾਈਕਾਟ ਕਰ ਦਿਤਾ ਸੀ। ਅੰਤ ਤੀਕ ਜਲਾਲਤ ਦੀ ਜ਼ਿੰਦਗੀ ਬਿਤਾਏ ਰਹੇ ਸੀ।

ਇਧਰ ਬਾਬਾ ਜੀ ਦੀ ਸ਼ਹੀਦੀ ਦੇ ਕਰੀਬਲ ੭ ਮਹੀਨੇ ਮਗਰੋਂ ਜਦੋਂ ਰਾਜਾ ਹੀਰਾ ਸਿੰਘ ਫੌਜ ਨੂੰ ਨਾਲ ਉਨ੍ਹਾਂ ਦਾ ਬਾਈਕਾਟ ਕਰ ਦਿਤਾ ਸੀ। ਅੰਤ ਤੀਕ ਜਲਾਲਤ ਦੀ ਜ਼ਿੰਦਗੀ ਬਿਤਾਏ ਰਹੇ ਸੀ।

ਇਧਰ ਬਾਬਾ ਜੀ ਦੀ ਸ਼ਹੀਦੀ ਦੇ ਕਰੀਬਲ ੭ ਮਹੀਨੇ ਮਗਰੋਂ ਜਦੋਂ ਰਾਜਾ ਹੀਰਾ ਸਿੰਘ ਫੌਜ ਨੂੰ ਨਾਲ ਲੈਕੇ ਸਾਬੀਆਂ (ਲਾਭ ਸਿੰਘ, ਜੱਲਾ ਮਿਸਰ ਸਮੇਤ ਰਾਜਾ ਹੀਰਾ ਸਿੰਘ ਡੋਗਰੇ ਨੂੰ ਜਾ ਘੇਰਿਆ। ਤੁਲਾਇਆ ਤੇ ਮੌਜ ਲਿਆਂਦਾ ਸੀ। ਨਾਲੇ ਹੀ ਇਨ੍ਹਾਂ ਤਿੰਨਾਂ ਦੋਖੀਆਂ ਦੇ ਸਿਰ ਵੱਢ ਕੇ ਲਿਆਏ। ਹੀਰਾ ਸਿੰਘ ਦਾ ਲਾਹੌਰੀ ਦਰਵਾਜੇ, ਲਾਭ ਸਿੰਘ ਦਾ ਮੋਰੀ ਦਰਵਾਜੇ, ਤੇ ਸੋਹਣ ਸਿੰਘ ਦਾ ਸ਼ਹਾਲਮੀ ਦਰਵਾਜੇ ਸਾਹਵੇਂ ਵਿਤੇ ਸੀ ਬਾਅਦ ਵਿਚ ਸਿੱਖਾਂ ਨੇ ਇਹਨਾਂ ਦੇ ਸਿਰ ਹੀਦੀਆਂ ਨਾਲੀਆਂ ਵਿਚ ਸੁੱਟ ਦਿਤੇ ਸੀ।

ਬਾਬਾ ਬੀਰ ਸਿੰਘ ਜੀ ਦੀ ਸ਼ਹੀਦੀ ਦੇ ਪੂਰੇ ੭ ਮਹੀਨੇ ਬਾਅਦ ਸੰਤ ਹਤਿਆਰਿਆਂ ਨੂੰ ਪਾਪ ਦਾ ਫਲ ਮਿਲਿਆ ਜੋ ੯ ਪੋਹ, ਸੰਮਤ ੧੯੦੧ ਨੂੰ ਇਹਨਾਂ ਦੀ ਮੌਤ ਦੋਈ ਤੇ ਗੁਰਵਾਕ ਸੱਤ ਹੋ ਵਰਤਿਆ ਸੀ–

"ਸੰਤ ਕਾ ਦੋਖੀ ਅਧ ਬੀਚ ਤੇ ਟੂਟੈ ॥
ਸੰਤ ਕਾ ਦੋਖੀ ਕਿਤੈ ਕਾਜ ਨ ਪਹੁਚੈ ॥" (ਸੁਖਮਨੀ ਸਾਹਿਬ)

ਅਥਵਾ

"ਸੰਤ ਕੋ ਦੋਖੀ ਕੀ ਜੜ ਕਿਛੁ ਨਾਹਿ ॥
ਆਪਨ ਬੀਜ ਆਪ ਖਾਹਿ ॥"

ਡੋਗਰੇ ਰਾਜਾ ਹੀਰਾ ਸਿੰਘ ਨੇ ਜੋ ਬੀਜ ਬੀਜਿਆ ਸੀ ਉਹਦਾ ਫਲ ਉਹਨੂੰ ਵੀ ਖਾਣਾ ਪਿਆ।

ਉਕਤ ਥੋੜੇ ਅਖਰ ਲਿਖਣ ਦਾ ਮੇਰਾ ਭਾਵ ਇਹ ਸੀ ਕਿ ਸੰਤ ਸਰੂਪ ਬਾਬਾ ਬੀਰ ਸਿੰਘਜੀਨੇ ਦਿਤੇ ਬਲ ਨੂੰ ਕਿਵੇਂ ਪਾਲਿਆ ਹੈ, ਉਹ "ਸੂਰਬੀਰ ਬਚਨ ਕੇ ਬਲੀ" ਸਾਬਤ ਹੋਇ ਅਤੇ ਦੋਖੀਆਂ ਦੁਸ਼ਟਾਂ ਨੂੰ ਹਤਿਆਰਿਆਂ ਨੂੰ ਆਪਣੀ ਕਰਨੀ ਕਰਤੂਤ ਦਾ ਜੋ ਫਲ ਛੇਤੀ ਹੀ ਮਿਲਿਆ ਸੀ। ਉਹਨੂੰ ਵੀ ਪਾਠਕਾਂ ਦੀ ਇਤਿਹਾਸਿਕ ਜਾਣਕਾਰੀ ਵਧਾਣ ਵਾਸਤੇ ਜ਼ਰੂਰ ਲਿਖ ਦਸਿਆ ਜਾਏ। ਹੁਣ ਇਸ ਜਿਕਰ ਨੂੰ ਇਥੇ ਹੀ ਖਤਮ ਕਰਕੇ ਅਗੇ ਬਾਬਾ ਮਹਾਂਰਾਜ ਸਿੰਘ ਬਾਬਤ ਸਮਾਚਾਰ ਲਿਖੇ ਹਨ ਪ੍ਰੇਮ ਨਾਲ ਪੜ੍ਹੀਏ।

ਸੰਤ ਬਾਬਾ ਮਹਾਂਰਾਜ ਸਿੰਘ ਜੀ

ਸ੍ਰੀ-ਮਹਾਂਰਾਜ ਸਿੰਘ ਜੀ ਦਾ ਜਨਮ ਸੰਮਤ ੧੯੩੭ ਵਿਚ ਜਿਲਾ ਲੁਧਿਆਣਾ ਦੇ 'ਹੰਢੋ' ਪਿੰਡ ਵਿਚ ਹੋਇਆ ਸੀ, ਇਹਨਾਂ ਦਾ ਪਹਿਲਾ ਨਾਮ ਨਿਹਾਲ ਸਿੰਘ ਸੀ ਜੈਸਾ ਕਿ ਪੰਡਿਤ ਸ਼ੋਰ ਸਿੰਘ ਦੀ ਲਿਖਤ ਮੁਤਾਬਕ ਪਿਛੇ ਵੀ ਦਸਿਆ ਹੈ। ਸੁਰਤਸੰਭਾਲੇ ਤੋਂ ਹੀ ਕੰਮਲ ਸੁਭਾਓ ਦੇ ਅਤੇ ਸੰਤ ਸੇਵੀ ਸਨ। ਪਿੰਡ ਦੇ ਗੁਰਦੁਆਰੇ ਵਿਚ ਕੋਈ ਵੀ ਸੰਤ ਸਾਧੂ ਵਿਦਵਾਨ ਆਏ ਵੇਲੇ ਕਥਾ ਕੀਰਤਨ ਹੋਵੇ ਤਾਂ ਪਰੇਮ ਨਾਲ

Scanned with CamScanner

ਸੈਂਤ ਸੈਂਗ ਕਰਦੇ ਤੇ ਸੁਣਦੇ ਸਨ। ਠੱਕਰੀ ਵਾਲੇ ਪਿੰਡ ਦੇ ਸੰਤ ਬਾਬਾ ਤੋਤਾ ਸਿੰਘ ਪਾਸੋਂ ਅੰਮ੍ਰਿਤ ਛੱਕਿਆ ਤੇ ਉਸ ਵੇਲੇ ਆਪ ਦਾ ਨਾਮ ਟਹਿਲ ਸਿੰਘ ਰਖਿਆ ਗਿਆ ਸੀ।

ਨੌਰੰਗਾਬਾਦ ਦੇ ਸਮੁੰਦਰ ਸਿੰਘ ਨੇ ਇਹਨਾਂ ਨੂੰ ਸੰਤ ਮੋਵੀ ਸੁਭਾਉ ਵਾਲਾ ਜਾਣਕੇ ਬਾਬਾ ਬੀਰ ਸਿੰਘ ਜੀ ਪਾਸ ਲਿਆਂਦਾ ਤੇ ਉਹਨਾਂ ਵੀ ਇਹਨਾਂ ਦੇ ਅਸਤਕ ਲੇਖਾਂ-ਅਥਵਾ ਸੰਤ ਸੋਵੀ ਸੁਭਾਉ ਵਾਲਾ ਲੂਣ ਕੇ ਆਦਰ ਦਿਤਾ ਤੇ ਲੰਗਰ ਦੀ ਸੇਵਾਦਾਰ ਮੰਡਲੀ ਵਿਚ ਸ਼ਮਾਲ ਕਰ ਲਿਆ ਸੀ।

ਗਰੰਥ ਬੀਰ ਮ੍ਰਿਗੋਸ਼ ਵਿਚ ਪੈਂਤ ਸ਼ੋਰ ਸ਼ਿੰਘ ਲਿਖਦੇ ਹਨ ਕਿ ਬਾਬਾ ਬੀਰ ਸਿੰਘ ਜੀ ਦੇ ਕਈ ਲੰਗਰ ਵਿਚ ੨੦ ਹਜਾਰ ਤੋਂ ਵਧੀਕ ਵੀ ਚੋਜਾਨਾ ਪ੍ਰਸਾਦਿ ਛਕਿਆ ਕਰਦੇ ਸਤ ਸੋ ਮਨ ਆਟਾ ਅਤੇ ਕਈ ਦੋ ਢਾਈ ਸੋ ਮਣ ਖਰਚ ਹੁੰਦੀਆਂ ਸਨ। ਬਾਬਾ ਬੀਰ ਸਿੰਘ ਜਥ ਤੀਕ ਸਰੀਰ ਵਿਚ ਰਹੇ, ਇਹਨਾਂ ਦੀ ਲੰਗਰ ਦੀ ਨਿਸ਼ਕਾਮ ਤੇ ਨਿਰਮਾਨ ਸੇਵਾ ਨੂੰ ਦੇਖਦੇ ਰਹੇ ਸੀ ਤਦੇ ਹੋਰ ਕਈ ਚੋਲਿਆਂ, ਸ਼ੈਵਰ ਦੇ ਹੁੰਦਿਆਂ ਵੀ ਓਹ ਨੂੰ ਇਹਨਾਂ ਨੂੰ ਬੁਲਾ ਕੇ ਆਪਣੀ ਨੈਣ ਜੋਤ ਨੂੰ ਇਹਨਾਂ ਦੀ ਨੈਣ ਜੋਤ ਵਿਚ ਮਿਲਾ ਕੇ ਅਸੀਸਾਂ ਦੇ ਕੇ ਹੀ ਵਾਹਿਗੁਰੂ ਦੀ ਗੋਦ ਵਿਚ ਜਾ ਬਰਾਜੇ ਸਨ।

ਮਹਾਂਰਾਜ ਸ਼ਿੰਘ (ਟੋਹਲ ਸ਼ਿੰਘ ਨਾਮ ਵੇਲੇ) ਲੰਗਰ ਦੀ ਸੇਵਾ ਕਰਦੇ ਹਰ ਕਿਸੇ ਜੁਰਮਿੰਘ ਨੂੰ ਪ੍ਰੇਮ ਨਾਲ ਬੁਲਾਂਦੇ-ਆਓ ਬੈਠੋ, ਮਹਾਂਰਾਜ ਜੀ ਪ੍ਰਸਾਦਿ ਛਕੋਇ। ਇਸ ਮਿੱਠ ਬੋਲੜੇ ਸੁਭਾਉ ਕਾਰਣ ਕਰਕੇ ਇਹਨਾਂ ਦਾ ਨਾਮ ਹੀ ਬਾਬਾ ਜੀ ਨੇ ਮਹਾਂਰਾਜ ਸਿੰਘ ਰਖਿਆ ਤੇ ਫਿਰ ਇਹੀ ਨਾਮ ਨਾਲ ਅਬਹੁਰ ਹੋਏ।

ਬਾਬਾ ਬੀਰ ਸਿੰਘ ਦੀ ਬਹੀਦੀ ਮਗਰੋਂ ਕਰੀਬਨ ਇਕ ਸਾਲ ਇਹ ਨੌਰੰਗਾਬਾਦ ਹੋਰੇ ਫਿਰ ਰਹੇ ਤੇ ਸੇਵਾ ਨਿਭਾਉਂਦੇ ਰਹੇ। ਸਤਿਸੰਗ ਦਾ ਪ੍ਰਵਾਹ ਅਤੇ ਅੰਮ੍ਰਿਤ ਪ੍ਰਚਾਰ ਜਾਰੀ ਕੀਤਾ ਰਖਿਆ। ਫਿਰ ਭੋਰੇ ਦਾ ਪ੍ਰਬੰਧ ਬਾਬਾ ਖੁਦਾ ਸਿੰਘ ਦੇ ਹਵਾਲੇ ਕੀਤਾ ਤੇ ਆਪ ਜੀ ਮੁਠਿਆਂ ਵਾਲੇ ਜਾ ਕੇ ਉਥੇ ਬਾਬਾ ਬੀਰ ਸਿੰਘ ਦਾ ਯਾਦਗਾਰੀ ਬਹੀਦੀ ਅਬਥਾਨ ਬਣਵਾਇਆ। ਫਿਰ ਸ੍ਰੀ ਅੰਮ੍ਰਿਤਸਰ ਆ ਕੇ, ਬਹੁਤ ਵੱਡਾ ਸਲਾਨਾ ਸਮਾਗਮ ਕੀਤਾ ਜਿਸ ਵਿਚ ਹਜਾਰਾਂ ਹਿੰਦੂ, ਮੁਸਲਮਾਨ ਅਤੇ ਸਿੰਘ ਸੰਗਤਾਂ ਨੇ ਵੱਧ ਚੜਕੇ ਇਹਨਾਂ ਦਾ ਆਦਰ ਕੀਤਾ।

ਮਹਾਂਰਾਜ ਸ਼ਿੰਘ ਜੀਨੇ ਸ੍ਰੀ ਅੰਮ੍ਰਿਤਸਰ ਸਰੋਵਰ ਦੀਆਂ ਚੋਹਾਂ ਬਾਹੀਆਂ ਵਿਚ ਸੰਤ ਬੀਰ ਸਿੰਘ ਦੇ ਅੰਗੀਠੇ ਦੀ ਥਿਭੂਤੀ (ਜੋ ਲਿਆਂਦੀ ਸੀ) ਪਾਈ ਤੇ ਪੰਜ ਘੋੜੇ ਹਰੀ ਮੰਦਰ ਸਾਹਿਬ, ਪੰਜ ਘੋੜੇ ਸ੍ਰੀ ਅਕਾਲ ਤਖਤ ਸਾਹਿਬ ਭੇਟ ਕਰਕੇ ੧੨੫) ਰੁਪੈ ਦਾ ਕੜਾਹ ਪ੍ਰਸਾਦਿ ਚੜਾਇਆ। ਫਿਰ ਇਸੇ ਤਰ੍ਹਾਂ ਥਿਭੂਤੀ ਨੌਰੰਗਾਬਾਦ ਰਤੋ ਕੀ ਗਗੋਬੂਆ ਠੱਟਾ ਟਿਬਾ (ਜਿਲਾ ਕਪੂਰਥਲਾ) ਵਿਚ ਸਤਿਕਾਰ ਵਜੋਂ ਰਖਕੇ ਯਾਦਗਾਰੀ ਦਮਦਮੇ ਅਸਥਾਨ ਬਨਵਾਏ, ਸੋ ਆਪ ਦੇ ਪੰਜਾਬ ਭਰ ਵਿਚ ੩੬੦ ਅਸਥਾਨਾਂ ਵਿਚੋਂ ਉਕਤ ੪ ਅਸਥਾਨ ਬਹੁਤ ਪ੍ਰਸਿਧ ਹਨ ਤੇ ਸਤਿਕਾਰੇ ਜਾਂਦੇ ਹਨ।

ਨੋਟ : ਦਾਸ ਲੇਖਕ ਨੇ ਰਾਜਾ ਜੋਗੀ ਪੁਸਤਕ ਦੀ ਰੀਸਰਚ ਵੇਲੇ ਇਸ ਪਿੰਡ ਠੱਟੇ ਟਿਬੇ ਵਾਲੇ ਦਮਦਮਾ ਸਾਹਿਬ ਦੇ ਦਰਸ਼ਨ ਪਹਿਲੀ ਵੇਰ ਕੀਤੇ ਸੀ ਫਿਰ ਇਕ ਵੇਰ ੨੭ ਵਸਾਖ ਨੂੰ ਉਹਨਾਂ ਦੇ ਬਹੀਦੀ ਜੋੜ ਮੇਲੇ ਪਰ ਵੀ ਸ਼ਾਮਲ ਹੋਇਆ ਤੇ ਬਹੁਤ ਭਾਰੀ ਜੋੜ ਮੇਲਾ ਹੁੰਦਾ ਹਿਠਾ ਸੀ।

ਸ੍ਰੀ ਅੰਮ੍ਰਿਤਸਰ ਵਿਚ ਜਦੋਂ ਬਾਬਾ ਬੀਰ ਸਿੰਘ ਦੀ ਯਾਦ ਵਿਚ ਮਹਾਂਰਾਜ ਸਿੰਘ ਵਲੋਂ ਭਾਰੀ ਸਭ ਭੈਭੀਤਾ ਕੀਤੇ ਜਾਣ ਵੇਲੇ ਇਹਨਾਂ ਪ੍ਰਬਾਏ ਹਜਾਰਾਂ ਲੋਕਾਂ ਦੀ ਅਥਾਹ ਸ਼ਰਧਾ ਪਿਆਰ ਨੂੰ ਅਨੁਭਵ ਕਰ ਕੇ ਅੰਗਰੇਜ ਹਾਕਮਾਂ ਨੂੰ ਜੋ ਪੰਜਾਬ ਉਤੇ ਕਬਜਾ ਅਤੇ (ਛੋਟੇ ਮਹਾਰਾਜਾ ਦਲੀਪ ਸਿੰਘ ਦੇ ਸਰਪ੍ਰਸਤ ਬਣ ਬੈਠੇ ਸਨ) ਮਹਾਰਾਜ ਸ਼ਿੰਘ ਦੀ ਮਹਾਨਤਾ ਨੂੰ ਸਹਿ ਨ ਸਕੇ ਤੇ ਸ਼ੱਕ ਦੀ ਨਜਰ ਨਾਲ ਵੇਖਣ ਲੱਗੇ ਸਨ। ਫਿਰ ਫੜੇ ਫਿਰ ਪਿਛੋਂ ਇਹਨਾਂ ਦੇ ਮਗਰ ਸੀ' ਆਈ. ਡੀ. ਭੇਜ ਦਿਤੀ। ਉਹ ਟੋਜਾਨਾਂ ਇਹਨਾਂ ਦੀਆਂ ਰਿਪੋਰਟਾਂ ਭੇਜਦੇ ਰਹੇ।

ਸਭਰਾਵਾਂ ਦੀ ੧੦ ਫਰਵਰੀ ਸੰਨ ੧੮੪੬ ਵਿਚ ਸਿੱਖਾਂ ਤੇ ਅੰਗਰੇਜਾਂ ਦੀ ਆਖਰੀ ਜੰਗ ਸੀ ਜਿਸ ਵਿਚ ਸ਼ਾਮ ਸਿੰਘ ਅਟਾਰੀ ਵਾਲੇ ਮਾਰੇ ਗਏ ਸਨ, ਲਾਲ ਸ਼ਿੰਘ, ਤੇਜਾ ਸਿੰਘ ਤੇ ਪਹਾੜਾ ਸਿੰਘ ਦੀ ਗਦਾਰੀ ਕਾਰਨ ਸਿੱਖਾਂ ਦੀ ਹਾਰ ਤੇ ਅੰਗ੍ਰੇਜਾਂ ਦੀ ਜਿੱਤ ਮੰਨੀ ਗਈ ਸੀ,ਪਰਜਿੱਤ ਅੰਗ੍ਰੇਜ਼ਾਂ ਦੀ ਬਰਾਦਰੀ ਵਿਖਾਏ ਗਦਾਰੀ ਕਾਰਨ ਸਿੱਖਾਂ ਦੀ ਹਾਰ ਤੇ ਅੰਗ੍ਰੇਜਾਂ ਦੀ ਜਿੱਤ ਮੰਨੀ ਗਈ ਸੀ,ਪਰਜਿੱਤ ਅੰਗ੍ਰੇਜ਼ਾਂ ਦੀ ਬਰਾਦਰੀ ਵਿਖਾਏ ਗਏ ਸਨ। ਪਰ ਸਿੱਖ ਰਾਜ ਨਹੀਂ ਬਲਕਿ ਗਦਾਰ ਸਿੱਖਾਂ (ਪਹਾੜਾ ਸ਼ਿੰਘ ਆਦਿਕਾਂ) ਦੀ ਗਦਾਰੀ ਕਰਕੇ ਮੰਨੀ ਗਈ ਸੀ। ਫਲ ਸਰੂਪ ਪੰਜਾਬ ਪਰ ਅੰਗਰੇਜਾਂ ਦਾ ਪੂਰਾ ਕਬਜ਼ਾ ਹੋ ਗਿਆ ਤੇ ਇਹਨਾਂ ਨੇ ਰਾਣੀ ਜਿੰਦਾਂ ਨੂੰ ਕੈਦ ਕਰ ਲਿਆ ਸੀ। ਇਕ ਜਾਹਲੀ ਮੁਕਦਮਾ ਬਣਾ ਕੇ ਬਾਬਾ ਸੰਤ ਮਹਾਂਰਾਜ ਸ਼ਿੰਘ ਨੂੰ ਗ੍ਰਿਫਤਾਰੀ ਦੇ ਵਾਰੰਟ ਜਾਰੀ ਕਰਵਾ ਦਿੱਤੇ ਸਨ। ਦੂਖਨ ਇਹ ਲਾਇਆ ਕਿ ਮਹਾਂਰਾਜ ਸ਼ਿੰਘ, ਰੇਜੀਡੈਂਟ ਲਾਰੰਸ ਸਾਹਿਬ ਨੂੰ ਕਤਲ ਕਰਨਾ ਚਾਹੁੰਦਾ ਹੈ ਤੇ ਇਸ ਦੀ ਮਹਾਰਾਣੀ ਜਿੰਦਾਂ ਨਾਲ ਰਵਿ ਤੁਪ ਰਹੀ ਹੈ ਕਿ ਉਹ ਇਹਨਾਂ ਦੇ ਵਤਨ ਕਰਨਾਂ

ਨਿਹੰਗ ਆਪ ਨੂੰ ਮਾਰਨਾ ਚਾਹੁੰਦੇ ਤੇ ਸਾਜ਼ਸ਼ਾਂ ਕਰਦੇ ਰਹਿੰਦੇ ਹਨ ਤਦ ਅੰਗਰੇਜ਼ਾਂ ਨੇ ਰੰਜੀਤ ਸਿੰਘ ਨਿਹੰਗੇ ਨੂੰ ਸ੍ਰੀ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰਕੇ ਫਾਂਸੀ ਲਾ ਦਿਤਾ ਅਤੇ ਬਾਬਾ ਜੀ ਖਬਰ ਪਾ ਕੇ ਲਾਹੌਰ ਨੂੰ ਤੁਰ ਪਏ ਤੇ ਤਲਾਬ ਉਤੇ ਹੀ ਫੇਰ ਲੋਪ ਹੋ ਗਏ ਸੀ।

ਬਹੁਤ ਸਿੱਖਾਂ ਵਿਚ ਇਹ ਗਲ ਵੀ ਫੈਲ ਚੁਕੀ ਸੀ ਕਿ ਬਾਬਾ ਬੀਰ ਸਿੰਘ ਨੇ ਪ੍ਰਵੇਸ਼ੀ ਕਰਾਮਾਤ ਨਹੀਂ ਵਖਾਈ ਉਹ ਸ਼ਕਤੀ ਵਾਨ ਸਨ। ਆਪਣੀ ਸਾਰੀ ਸ਼ਕਤੀ ਉਨ੍ਹਾਂ ਅਖੀਰ ਵੇਲੇ ਮਹਾਂਰਾਜ ਸਿੰਘ ਨੂੰ ਬਖਸ਼ੀ ਤੇ ਉਹ ਉਸ ਸ਼ਕਤੀ ਦੇ ਬਲ ਕਰਕੇ ਲੋਪ ਹੋ ਜਾਂਦੇ ਹਨ। ਕੁਝ ਦਿਨਾਂ ਪੀਛੇ ਸਾਥੀਆਂ (ਸ: ਚੇਤ ਸਿੰਘ, ਜੀਵਨ ਸਿੰਘ ਤੇ ਬੁਧ ਸਿੰਘ) ਨੂੰ ਅੰਗਰੇਜ਼ਾਂ ਨੇ ਫੜ ਲਿਆ ਅਤੇ ਕਾਲੇ ਪਾਣੀ ਭੇਜ ਦਿਤਾ ਕਿ ਇਹ ਪ੍ਰਚਾਰ ਕਰਦੇ ਰਹਿੰਦੇ ਸਨ ਜੋ ਅੰਗਰੇਜ਼ਾਂ ਦਾ ਰਾਜ ਨਹੀਂ ਰਹਿਣਾ, ਸਮਾਂ ਪਾ ਕੇ ਫੇਰ ਖਾਲਸੇ ਦਾ ਰਾਜ ਹੋਣਾ ਹੈ।

ਰਾਣੀ ਜਿੰਦਾਂ ਨੂੰ ਤਾਂ ੧੯ ਅਗਸਤ ਸੰਨ ੧੭੪੭ ਵਿਚ ਕੈਦ ਕਰਕੇ ਅੰਗਰੇਜ਼ਾਂ ਨੇ ਬੇਪੁਰੇ ਨੇੜੇ ਨੌਲੂ ਵਿਚ ਭਿਜਵਾ ਦਿਤਾ ਸੀ ਤੇ ਲਾਹੌਰ ਨੇੜੇ ਤੋਂ ਲੋਪ ਹੋ ਕੇ ਬਾਬਾ ਮਹਾਂਰਾਜ ਸਿੰਘ ਜਿਸ ਵੇਲੇ ਬੇਪੁਰੇ ਤੇ ਗੁਜਰਾਂਵਾਲੇ ਦੇ ਬਾਰ ਇਲਾਕੇ ਵਿਚ ਫਿਰ ਰਹੇ ਸਨ ਤਾਂ ਆਪ ਦੇ ਵਰਨ ਨੂੰ ਪਹਿਲੇ ਇਕ ਹਜਾਰ ਫਿਰ ਦਸ ਹਜਾਰ ਇਨਾਮ ਰਖਿਆ ਅਤੇ ਆਪਣੇ ਇਕ ਕੈਪਤਨ(ਕਾਕਸ ਨਾਮੀ)ਨੂੰ ਬਾਬਾ ਜੀ ਦੇ ਵਾਲ ਭੇਜਿਆ। ਜਿਸ ਨੇ ਜੰਡਿਆਲਾ (ਸ਼ੇਖੂਪੁਰਾ) ਵਿਚ ਸਾਰਾ ਸਾਮਾਨ ਛੱਡ ਕੇ ਹੋਰ ਇਕ ਪਲਟਨ ੬੦੦ ਗੋਰੇ ਸਿਪਾਹੀਆਂ ਨੂੰ ਨਾਲ ਲੈ ਕੇ ਬਾਬਾ ਜੀ ਦੀ ਭਾਲ ਵਿਚ ਮਗਰੋਂ ਮਗਰ ਹੋ ਤੁਰਿਆ ਪਰ ਬਾਬਾ ਜੀ ਤੇ ਚੇਤੰਨ ਸਨ ਉਹ ਖਾਨਗਾਹ ਡੋਗਰਾ ਤੋਂ ਨਿਕਲਕੇ ਬੇਰ ਕੋਟ ਨੂੰ ਤੇ ਇਓਂ ਸਹੀ ਸੁੰਞ ਮਘਿਆਣੇ ਪੁਜ ਗਏ। ਇਥੋਂ ਦੀ ਸ਼ਰਧਾਲੂ ਸਿੱਖ ਸੰਗਤ (ਜੋ ਬਹੁਤ ਕਰਕੇ ਸਹਿਜਧਾਰੀ ਅਤੇ ਥੋੜੇ ਕੇਸਾਧਾਰੀ ਸਨ) ਨੇ ੨੫੦੦ ਹਜਾਰ ਨਕਦੀ ਰੁਪੈ ਅਤੇ ਹੋਰ ਬਹੁਤ ਕੁਝ ਬਸਤਰ ਸ਼ਸਤਰ ਆਦਿਕ ਭੇਟ ਕੀਤਾ, ਅਸੀਸਾਂ ਦੇ ਪਾਤਰ ਬਣੇ।

ਝੰਗ ਮਘਿਆਣੇ ਦੇ ਅਲਾਕੇ ਤੋਂ ਨਿਕਲ ਕੇ ਆਪ ਮੁਲਤਾਨ ਵੱਲ ਨੂੰ ਹੋ ਤੁਰੇ, ਤਦ ਪਿਛਾ ਕਰਦੇ ਕਾਕਸ(ਕੈਪਟਨ) ਨੇ ਉਹਨਾਂ ਨੂੰ ਕਮਾਲੀਏ ਪਾਸ ਘੇਰਨ ਦੀ ਕੋਸ਼ਿਸ਼ ਕੀਤੀ ਪਰ ਉਹ ਸੁਖਾਵੇਂ ਅੰਗੂ ਨੂੰ ਨਿਕਲ ਗਏ ਸਨ। ਮੁਲਤਾਨ ਪੁਜ ਕੇ ਉਹਨਾਂ ਦੀਵਾਨ ਮੂਲ ਰਾਜ ਨਾਲ ਮੁਲਾਕਾਤ ਵੀ ਕੀਤੀ ਕਿਉਂਕਿ ਉਹ ਵੀ ਅੰਗਰੇਜ਼ਾਂ ਦੇ ਖਿਲਾਫ ਹੋ ਚੁਕਾ ਸੀ ਤੇ ਉਹਨਾਂ ਨਾਲ ਲੜਦਾ ਰਹਿੰਦਾ ਸੀ।

ਅੰਗ੍ਰੇਜ਼ਾਂ ਨੇ ਮਹਾਂਰਾਣੀ ਜਿੰਦਾ ਨੂੰ ਕੈਦ ਕਰ ਕੇ ਪਹਿਲੇ ਜਦੋਂ ਸ਼ੇਖੂਪੁਰ ਨੇੜਲ ਵਿਚ ਭਿਜਵਾ ਦਿਤਾ ਉਸ ਵੇਲੇ ਤੋਂ ਹੀ ਮਹਾਂਰਾਜ ਸਿੰਘ ਜੀ ਦੀ ਇਹ ਖਾਹਸ਼ ਅਤੇ ਕੋਸ਼ਿਸ਼ ਰਹੀ ਸੀ ਕਿ ਛੇਤੀ ਮਹਾਰਾਣੀ ਦਲੀਪ ਸਿੰਘ ਨੂੰ ਜਿਵੇਂ ਕਿਵੇਂ ਅੰਗਰੇਜ਼ਾਂ ਦੇ ਕਬਜ਼ੇ ਵਿਚੋਂ ਕਢ ਕੇ ਸਿਖ ਦੇਸ਼ਾਂ ਤੇ ਹੋਰ ਪੰਜਾਬ ਦੀਆਂ ਸਿਖ ਸੰਗਤਾਂ ਨੂੰ ਅੰਗਰੇਜ਼ਾਂ ਵਿਰੁਧ ਲੜਾ ਕੇ ਪੰਜਾਬ ਨੂੰ ਆਜ਼ਾਦ ਕਰਾਇਆ ਜਾਏ। ਪਰ ਆਪਣੀ ਇਹ ਆਸ ਪੂਰੀ ਨਾ ਹੋਈ। ਸਗੋਂ ਅੰਗਰੇਜ਼ ਤਾਂ ਛੋਟੇ ਮਹਾਰਾਜਾ ਨੂੰ ਪੰਜਾਬ ਤੋਂ ਬਾਹਰ ਲਿਜਾ ਕੇ ਫਿਰ ਲੰਡਨ ਲਿਜਾਣਾ ਚਾਹੁੰਦੇ ਸੀ। ਅੰਗਰੇਜ਼ਾਂ ਨੇ (ਲਾਰਡ ਡਲਹੌਜੀ ਨੇ) ਆਪਣੇ ਸਕਤਰ ਰਾਹੀਂ, ਉਸ ਵੇਲੇ ਦੇ ਲਾਹੌਰ ਦਰਬਾਰ ਦੇ ਮੁਖੀਆਂ ਰਾਜਾ ਤੇਜਾ ਸਿੰਘ, ਦੀਵਾਨ ਦੀਨਾ ਨਾਥ ਸ਼ੇਖ ਈਮਾਮ ਦੀਨ ਤੇ ਭਾਈ ਧਿਆਨ ਸਿੰਘ ਨਾਲ ਗੱਲਬਾਤ ਕਰ ਕੇ ਚੁਜੇ ਦਿਨ ੨੯ ਮਾਰਚ ੧੮੪੯ ਨੂੰ ਲਾਹੌਰ ਵਿਚ ਦਰਬਾਰ ਕਰ ਕੇ ਛੋਟੇ ਮਹਾਰਾਜਾ ਦਲੀਪ ਸਿੰਘ (ਨਾਬਾਲਗ) ਤੋਂ ਇਕ ਲਿਖਤ ਪਰ ਦਸਤਖਤ ਕਰਵਾਏ ਗਏ ਸੀ ਉਸ ਲਿਖਤ ਦੀ ਕੁਝ ਕਾਪੀ ਇਹ ਹੈ।

ਪੰਜਾਬ ਬਰਤਾਨਵੀ ਰਾਜ ਵਿਚ ਸ਼ਾਮਲ ਕੀਤਾ ਜਾਂਦਾ ਹੈ, ਮਹਾਂਰਾਜਾ ਦਲੀਪ ਸਿੰਘ ਤੇ ਉਸਦੇ ਵਾਰਸਾਂ ਨੂੰ ਪੰਜਾਬ ਦੇ ਸਾਰੇ ਅਧਿਕਾਰ ਛਡ ਦਿਤੇ ਹਨ। ਲਾਹੌਰ ਦਰਬਾਰ ਦੇ ਧਨ ਸੰਪਤੀ ਪੁਰ

ਬਾਬਾ ਬੀਰ ਸਿੰਘ ਜੀ ਬਾਬਤ ਅਸੀਂ ਪਿਛੇ ਵੀ ਦਸਿਆ ਹੈ ਕਿ ਉਹ ਤਾਂ ਆਪਨੂੰ ਆਪ ਨੂੰ ਦਸੇ ਸਤਿਗੁਰਾਂ ਨੂੰ ਇਕੋ ਜੋਤ ਤੇ ਉਨ੍ਹਾਂ ਦੇ ਜਾਂ ਨਬੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੰਨਦੇ ਸਨ। ਪਰ ਲੋਕ ਦੀਆਂ ਭਾਵਨਾਵਾਂ ਤੇ ਅਥਾਹ ਸ਼ਰਧਾ ਵਸ ਇਨ੍ਹਾਂ ਦੇ ਪਰਉਪਕਾਰਾਂ ਤੋਂ ਕੀਤੇ ਕਾਰਨਾਮਿਆਂ ਕਰਕੇ ਬਹੁਤੇ ਲੋਕੀਂ ਆਪ ਨੂੰ ਗੁਰੂ ਬੀਰ ਸਿੰਘ ਦੇ ਨਾਮ ਨਾਲ ਸਤਿਕਾਰਦੇ ਤੇ ਕਹੇ ਮਹਾਰਾਜ ਸਿੰਘ ਜੀ ਨੂੰ ਵੀ ਉਸੇ ਭਾਵਨਾ ਨਾਲ ਗੁਰੂ ਰੂਪ ਹੀ ਸਮਝਦੇ ਤੇ ਸਤਿਕਾਰਦੇ ਸਨ। ਜਿਸਤੇ ਉਨ੍ਹਾਂ ਦੇ ਦਰਸ਼ਨ ਨੂੰ ਦਿਨ ਭਰ ਲੋਕੀਂ ਜੋਹਲ ਦੇ ਅਗੇ ਪਿਛੇ ਹੀ ਘੁੰਮਦੇ ਰਹਿੰਦੇ ਤੇ ਨਿਮਸਕਾਰ ਕਰਦੇ ਰਹਿੰਦੇ ਸਨ।

ਬਾਬਾ ਮਹਾਰਾਜ ਸਿੰਘ ਉਤੇ ਹਿੰਦੂ ਸਿਖਾਂ ਅਤੇ ਮੁਸਲਮਾਨਾਂ ਦੀ ਇਤਨੀ ਸ਼ਰਧਾ ਭਗਤੀ ਤੇ ਪਿਆਰ ਨੂੰ ਵੇਖਕੇ ਅੰਗਰੇਜ਼ਾਂ ਪਾਸੋਂ ਸਹਾਰਨਾ ਮੁਸ਼ਕਿਲ ਸੀ। ਇਹੀ ਵਜ੍ਹਾ ਸੀ ਕਿ ਬਾਬਾ ਜੀ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਥੋੜੇ ਦਿਨ ਕਰੜੇ ਪਹਿਰੇ ਅੰਦਰ ਜਲੰਧਰ ਜੇਹਲ ਵਿਚ ਰਖਿਆ ਤੇ ਫਿਰ ਪੰਜਾਬ ਤੋਂ ਬਾਹਰ ਭੇਜ ਦਿਤਾ ਸੀ।

ਪੰਡਤ ਸ਼ੇਰ ਸਿੰਘ ਨੇ ਸ੍ਰੀ ਬੀਰ ਮ੍ਰਿਗੇਂਦਰ ਦੇ ਸਵਾ ੧੫੯੭ ਪਰ ਐਸਾ ਲਿਖਿਆ ਹੈ, ਕਿ ਅੰਗਰੇਜ਼ਾਂ ਨੇ ਸੰਮਤ ੧੯੦੫ ਬਿਕ੍ਰਮੀ (ਸੰਨ ੧੮੪੮) ਵਿਚ ਬਾਬਾ ਜੀ ਨੂੰ ਕੈਦ ਕਰਕੇ ਕਾਲੇ ਪਾਣੀ ਭੇਜ ਦਿਤਾ। ਉਥੇ ਹੀ ਉਨ੍ਹਾਂ ਦਾ ਦਿਹਾਂਤ ਹੋਇਆ ਅਤੇ ਸਮਾਧ ਬਣੀ ਹੋਈ ਹੈ।

ਬਾਬਾ ਮਹਾਰਾਜ ਸਿੰਘ ਜੀ ਨੂੰ ਜਲੰਭਰ ਦੇ ਜਿਸ ਡਿਪਟੀ ਕਮਿਸ਼ਨਰ (ਮਿਸਟਰ ਵੈਨਸਟਾਰਡ ਨੂੰ) ਗ੍ਰਿਫਤਾਰ ਕੀਤਾ ਸੀ ਉਸ ਨੇ ਬਾਦ ਵਿਚ ਅਪਨੀ ਚਿੱਠੀ ਰਾਹੀਂ ਮਿਸਟਰ ਮੈਕਲੋਡ ਕਮਿਸ਼ਨਰ ਮੁਲਤਾਨ ਨੂੰ ਇਉਂ ਲਿਖਿਆ ਸੀ..... .. (ਇਹ ਦਸਣਾ ਜ਼ਰੂਰੀ ਹੈ) ਤੋ ਇਹ ਸੋਚਣਾ ਕਾਫੀ ਹੱਦ ਤੀਕ ਦਰੁਸਤ ਹੈ ਕਿ ਮਹਾਰਾਜ ਸਿੰਘ ਦੇ ਤਿਨ ਹਫਤੇ ਦੁਆਬੇ ਵਿਚ ਠਹਿਰਨ ਦੇ ਨਾਲ ਜੋਹੜੀ ਗੜਬੜ ਹੋਈ ਹੈ, ਅਥੇ ਵਿਚ ਇਸ ਤੋਂ ਵਧੀਕ ਹੋ ਸਕਦੀ ਸੀ। ਅਗੇ ਚਲ ਕੇ ਉਹ ਬਾਬਾ ਮਹਾਰਾਜ ਸਿੰਘ ਦੇ ਸ਼ੁਭ ਅਚਰਨ ਬਾਰੇ ਲਿਖਦਾ ਹੈ :–

''ਭਾਈ ਮਹਾਰਾਜ ਸਿੰਘ ਕੋਈ ਸਾਧਾਰਨ ਪੁਰਖ ਨਹੀਂ ਹਨ, ਉਹ ਆਪਨੇ ਦੇਸ਼ ਵਾਸੀਆਂ ਵਿਚ ਉਤਨਾ ਹੀ ਸਤਿਕਾਰੇ ਜਾਂਦੇ ਹਨ, ਜਿਤਨਾ ਕਿ ਈਸਾਈ ਈਸਾ ਮਸੀਹ ਨੂੰ ਸਤਿਕਾਰਦੇ ਹਨ, ਹਜ਼ਾਰਾਂ ਲੋਕਾਂ ਨੇ ਉਨ੍ਹਾਂ ਦੀਆਂ ਕਾਰਾਮਾਤਾਂ ਵੇਖੀਆਂ ਹਨ ਉਹ ਨਿਰਸੰਦੇਹ ਇਹ ਮੰਨਦੇ ਹਨ ਕਿ ਉਨ੍ਹਾਂ ਨੇ ਪੁਰਾਤਨ ਪੈਗੰਬਰਾਂ ਵਾਂਗ ਕੰਮ ਕੀਤਾ ਹੈ''

ਇਸ ਤੋਂ ਉਪੰਤ ਮਿਸਟਰ ਮੈਕਲੋਟ ਨੇ ਆਪਣੀ ੧੧ ਅਕਤੂਬਰ ੧੮੫੦ ਦੀ ਰਿਪੋਰਟ ਵਿਚ ਬਾਬਾ ਮਹਾਰਾਜ ਸਿੰਘ ਬਾਬਤ ਐਸਾ ਲਿਖਿਆ :–

ਮੈਨੂੰ ਨਿਸ਼ਚਿਤ ਤੌਰ ਤੇ ਮਲੂਮ ਹੁੰਦਾ ਹੈ, ਕਿ ਭਾਈ ਮਹਾਰਾਜ ਸਿੰਘ ਸਤਿਕਾਰ ਯੋਗ ਤੇ ਮਾਣਮੱਤੇ ਪੁਰਖ ਹਨ, ਉਨ੍ਹਾਂ ਨੇ ਬਹੁਤ ਸਿਆਣਪ ਤੇ ਸਵੈ ਭਰੋਸਾ ਪ੍ਰਗਟ ਕੀਤਾ ਹੈ। ਉਹ ਆਪਣੇ ਦੇ ਪੁਰਖ ਹਨ, ਉਨ੍ਹਾਂ ਨੇ ਬਹੁਤ ਸਿਆਣਪ ਤੇ ਸਵੈ ਭਰੋਸਾ ਪ੍ਰਗਟ ਕੀਤਾ ਹੈ। ਉਹ ਆਪਣੇ ਅੰਦਰ ਸੰਤੁਸ਼ਟੇ ਤੇ ਸਵੈ ਭਰੋਸੇ ਦੇ ਗੁਣ ਰਖਦੇ ਸਨ। ਉਨ੍ਹਾਂ ਦੇ ਅਨੁਯਾਈ ਮੰਨਦੇ ਹਨ ਬਹੁਤ ਸ਼ਾਂਤ-ਚਿੱਤ ਰਹਿਣ ਵਾਲੇ ਸੀ। ਉਨ੍ਹਾਂ ਦੇ ਜੋ ਵਿਚਾਰ ਸਨ ਉਨ੍ਹਾਂ ਦਾ ਇਲਮ ਉਨ੍ਹਾਂ ਨੂੰ ਹੀ ਸੀ। ਉਨ੍ਹਾਂ ਵਿਚ ਇਕ ਖਾਸ ਗੁਣ ਇਹ ਸੀ ਕਿ ਉਹ ਆਪਣੇ ਇਰਾਦਿਆਂ ਨੂੰ ਦੂਜਿਆਂ ਪਾਸੋਂ ਗਰਜ਼ ਸਰਦੇ ਸਨ, ਕਿਸੇ ਵਾਪਰਨ ਵਾਲੀ ਘਟਨਾ ਦਾ ਉਨ੍ਹਾਂ ਨੇ ਪਹਿਲੇ ਹੀ ਗਿਆਨ ਹੋ ਜਾਂਦਾ ਸੀ। ਜਿਹੜਾ ਕਿ ਇਕ ਮਹਾਂਪੁਰਖ ਵਿਚ ਹੋਣਾ ਜ਼ਰੂਰੀ ਹੈ। ਇਨ੍ਹਾਂ ਸਾਰੀਆਂ ਗੱਲਾਂ ਦਾ ਸਾਨੂੰ ਉਨ੍ਹਾਂ ਦੀ ਹਿਸਟਰੀ ਤੋਂ ਪਤਾ ਲਗਦਾ ਹੈ।''

ਉਕਤ ਸਰਕਾਰੀ ਅਫਸਰਾਂ ਦੀਆਂ ਚਿੱਠੀਆਂ ਅਤੇ ਜਲੰਧਰ ਜੇਲ੍ਹ ਦੇ ਅਗੇ ਪਹਿਰਾ ਦਿੰਦੇ ਸੂਬਾਈ ਸਿਖ ਸਿਪਾਹੀਆਂ ਵਲੋਂ ਬਾਬਾ ਜੀ ਦੇ ਆਏ ਵੇਲੇ ਨਿਮਸ਼ਕਾਰ ਕਰਨੀ ਅਤੇ ਹਿੰਦੂ ਸਿਖਾਂ ਵਲੋਂ ਦਿਨ ਭਰ ਜੇਲ ਦੇ ਅੰਦਰ ਪਿਛੇ ਬਾਬਾ ਜੀ ਦੇ ਸਤਿਕਾਰ ਵਿਚ ਪਰਕਰਮਾ ਕਰਨੀਆਂ ਦੇ ਸਮਾਚਾਰ ਪੜ੍ਹ ਕੇ ਪਾਠਕਾਂ ਨੂੰ ਅਨੁਭਵ ਕੀਤਾ ਦੇਣਾ ਹੈ, ਕਿ ਬਾਬਾ ਬੀਰ ਸਿੰਘ ਜੀ ਵਲੋਂ ਇਨ੍ਹਾਂ ਵਿਚ ਆਤਮ ਜੋਤ ਸ਼ਕਤੀ ਸਮਰਪਣ ਦਾ ਜਿਹੜਾ ਪ੍ਰਭਾਵ ਲੋਕਾਂ ਤੇ ਪੈ ਰਿਹਾ ਸੀ। ਇਹੀ ਵਜ੍ਹਾ ਸੀ ਕਿ ਭਾਈ ਮਹਾਰਾਜ ਸਿੰਘ ਨੂੰ ਹੋਰ ਵਧੇਰੇ ਪੰਜਾਬ ਵਿਚ ਰਖਣ ਨੂੰ ਤਿਆਰ ਨਹੀਂ ਸਨ ਤੇ ਜਲੰਧਰ ਤੋਂ ਇਨ੍ਹਾਂ ਨੂੰ ਹੋਰਾ ਕੈਪਨੀ ਦੀ ਨਿਗਰਾਨੀ ਵਿਚ ਜਲੰਧਰ ਤੋਂ ਲਿਜਾ ਕੇ ਪਹਿਲੇ ਅਲਾਹਾਬਾਦ ਕਿਲ੍ਹੇ ਵਿਚ ਬੰਦ ਕੀਤਾ ਰਖਿਆ, ਫਿਰ ਇਥੋਂ ਕਲਕਤੇ ਲਿਜਾ ਕੇ ਫੋਰਟ ਵਿਲੀਅਮ ਕਿਲ੍ਹੇ ਵਿਚ ਰਖਿਆ ਗਿਆ ਸੀ।

ਅਖੀਰ ਵਿਚ ਗਵਰਨਰ ਜਨਰਲ ਦੇ ੨੩ ਮਾਰਚ ੧੮੫੦ ਦੇ ਹੁਕਮ ਅਨੁਸਾਰ ਬਾਬਾ ਮਹਾਰਾਜ ਸਿੰਘ ਨੂੰ ਕਲਕਤੇ ਤੋਂ ਸਮੁੰਦਰੀ ਜਹਾਜ਼ ਰਾਹੀਂ ਸਿੰਘਾਪੁਰ ਲਿਜਾ ਕੇ ਬਾਹਰਲੇ ਦਰਵਾਜੇ ਦੇ ਉਪਰ ਵਾਲੇ ਕਮਰੇ ਵਿਚ ਨਜ਼ਰਬੰਦ ਕੀਤਾ ਗਿਆ। ਤੇ ਉਥੇ ਦੇ ਇੰਚਾਰਜ ਨੂੰ (ਨਗਰਾਨੀ ਰਖਣ ਵਾਲੇ) ਨੂੰ ਗਵਰਨਰ ਜਨਰਲ ਹਿੰਦ ਦੇ ਸਕਤਰ ਵਲੋਂ ਐਸਾ ਲਿਖ ਭੇਜਿਆ ਗਿਆ।

''ਮੈਨੂੰ ਇਤਲਾਹ ਦੇਣ ਦੀ ਆਗਿਆ ਹੋਈ ਹੈ ਕਿ ਭਾਈ ਮਹਾਰਾਜ ਸਿੰਘ ਦੀ ਨਿਗਰਾਨੀ ਅੰਗ੍ਰੇਜ ਸਰਕਾਰ ਲਈ ਖਾਸ ਮਥਾਨ ਰਖਦੀ ਹੈ, ਇਸ ਲਈ ਇਹ ਅਤਿ ਜ਼ਰੂਰੀ ਹੈ ਕਿ ਉਹਨੂੰ ਨੇੜਿਉਂ ਤੜੇ ਜਾਣ ਵਾਲੀ ਥਾਂ ਤੇ ਪ੍ਰਬੰਧ ਹੋਠਾਂ ਰਖਿਆ ਜਾਵੇ। ਪਰ ਇਹ ਯਾਦ ਰਹੇ ਕਿ ਉਹ ਭਾਹੀ ਕੈਦੀ ਹੈ ਉਸ ਨਾਲ ਕੋਈ ਗੈਰ ਵਾਜਬੀ ਵਰਤਾਉ ਨਾ ਹੋਵੇ।''

ਗਵਰਨਰ ਦੇ ਸਕੱਤਰ ਵਲੋਂ ਲਿਖੇ ਦਾ ਕੋਈ ਬਹੁਤਾ ਅਸਰ ਨ ਹੋਇਆ ਤੇ ਐਸੀ ਥਾਂ ਦੇ ਅਗੇ-ਪਿਛੇ ਵੈਦ ਉਸਾਰ ਦਿਤੀ ਗਈ ਕਿ ਨ ਇਹ ਕਿਸੇ ਨੂੰ ਵੇਖਣ ਤੋ ਨ ਇਨ੍ਹਾਂ ਨੂੰ ਕੋਈ ਵੇਖ ਸਕੇ। ਕਈ ਸਾਲ ਬਾਬਾ ਮਹਾਰਾਜ ਸਿੰਘ ਜੀ ਨੂੰ ਤੇ ਇਨ੍ਹਾਂ ਦੇ ਨਾਲ ਲਿਜਾਏ, ਸੇਵਕ ਖੜਕ ਸਿੰਘ ਨਾਮੀ ਨੂੰ ਇਸ ਕਾਲ-ਕੋਠੜੀ ਵਿਚ ਬੰਦ ਰਖਿਆ ਗਿਆ ਸੀ।

ਇਧਰ ਪੰਜਾਬ ਵਿਚ ਅਤੇ ਆਪ ਦੇ ਡੇਰੇ ਨੇੜੇਗਾਬਾਦ ਦੇ ਸੇਵਕਾਂ ਨੂੰ ਕੋਈ ਪਤਾ ਨਹੀਂ ਸੀ ਕਿ ਮੰਤ ਭਾਈ ਮਹਾਰਾਜ ਸਿੰਘ ਨੂੰ ਕਿਥੇ ਲਿਜਾਇਆ ਗਿਆ ਤੇ ਕਿਥੇ ਰਖਿਆ ਹੈ ਤੇ ਕਿਸ ਹਾਲਤ ਵਿਚ ਹੈ। ਪਰ ਇਥੇ ਸਿੰਘਪੁਰ ਦੇ ਇਸ ਚੁਬਾਰੇ ਵਿਚ ਬਿਨਾਂ ਹਵਾਖੋਰੀ ਦੇ ਕਈ ਸਾਲ ਰਹਿਣ ਕਰਕੇ ਬਾਬਾ ਜੀ ਦੀ ਸਰਬ ਸਾਂਝੀ ਰਹੀ ਤੇ ਮੂੰਹ ਵਿਚ ਕੋਸਰ ਹੋ ਜਾਣ ਕਰ ਕੇ ਸਿਵਾਏ ਨਿੰਬੂ ਤੇ ਲੂਣ ਵਾਲੇ ਪਾਣੀ ਦੇ ਕਿਸੇ ਚੀਜ਼ ਨੂੰ ਖਾਣ ਪੀਣਾ ਬੰਦ ਹੋ ਗਿਆ ਸੀ, ਉਸ ਵੇਲੇ ਉਹ ਸਮਾਂ ਵੀ ਆਗਿਆ ਕਿ ਇਸ ਪਿੰਜਰੇ (ਸਰੀਰ ਵਿਚ) ਬੰਦ ਸ਼ੇਰ ਦੀ ਆਤਮਾ ਨੇ ਜਰ–ਜਰੀ ਹੋ ਚੁਕੇ ਸਰੀਰ ਤੋਂ ਅਪਨੇ ਆਪ ਨੂੰ ਵੱਖ ਕਰ ਲਿਆ।

ਇਹ ਦਿਨ ੫ ਜੁਲਾਈ ਸੰਨ ੧੮੫੬ (ਮੁਤਾਬਕ ਸੰਮਤ ਬਿਕ੍ਰਮੀ ੧੯੧੩) ਹਾੜ ਮਹੀਨੇ

ਪ੍ਰਲੋਕ ਗਮਨ ਕਰ ਗਏ । ਆਪ ਜੀ ਨੇ ਗੁਰੂ ਵਾਕਾਂ ਅਨੁਸਾਰ ਸੈਤ ਸਿਪਾਹੀ ਅਥਵਾ ਸੂਰ-ਬੀਰਤਾ ਦੇ ਸਬੂਤ ਦੇ ਕੇ ਅੰਗਰੇਜ ਹਾਕਮਾਂ ਨੂੰ ਵੀ ਦੰਗ ਕਰ ਦਿਤਾ ਸੀ ਕਿਸਾ ਕਿ ਗੁਰੂ ਫੁਰਮਾਨ ਹੈ:

ਸੰਤ ਨ ਛੋਡੈ ਸੰਤਈ ਜੋ ਕੋਟਿਕ ਮਿਲਹਿ ਅਸੰਤ ॥
ਮਲਿਆਗਰ ਭੁਯੰਗਮ ਬੇਸ੍ਟਓ ਸੀਤਲਤਾ ਨ ਤਜੰਤ ॥ ( )

ਭਾਵ ਪੂਰੇ ਸੰਤ ਅਪਣੀ ਸੰਤਤਾਈ ਨੂੰ ਨਹੀਂ ਛਡਦੇ ਭਾਵੇਂ ਕਰੋੜਾਂ ਅਸੰਤ (ਦੁਸ਼ਟ ਲੋਕ) ਉਨ੍ਹਾਂ ਨੂੰ ਤਸੀਹੇ ਦਿੰਦੇ ਰਹਿਣ, ਜੈਸਾ ਕਿ ਚੰਦਨ ਦਾ ਬ੍ਰਿਛ ਅਨੇਕ ਸਪਾਂ ਕਰਕੇ ਢਕਿਆ ਹੁੰਦਾ, ਪਰ ਉਹ ਆਪਣੀ ਸੀਤਲਤਾਈ ਨਹੀਂ ਛਡਦਾ ਐਸੇ ਹੀ ਸੰਤ ਬਾਬਾ ਬੀਰ ਸਿੰਘ ਜੀ ਨੇ ਅਨੇਕਾਂ ਤਸੀਹੇ ਸਹਾਰੇ ਪਰ ਉਹ ਆਪਣੇ ਅਟੂਲ ਤੋਂ ਟਲੇ ਨਹੀਂ ਸਨ ਤੇ ਦ੍ਰਿੜਤਾ ਨਾਲ ਪਾਲਨ ਕਰਦੇ ਗੁਰਾਂ ਦੇ ਚਰਨਾਂ ਵਿਚ ਜਾ ਬਿਰਾਜੇ ਸਨ।

ਐਸੇ ਹੀ ਸਿੰਘਾਪੁਰ ਜੇਹਲ ਵਿਚ ਭਰੇ ਹੋਇਆਂ ਨੂੰ ਇਕ ਵੇਰ ਜਿਹਲ ਦੇ ਕਮਾਂਡਰ ਨੇ ਕਿਹਾ: ਜੇਕਰ ਤੁਸੀਂ ਲਿਖ ਦਿਓ ਕਿ ਅਸੀਂ ਅਪਣੇ ਤੇਈ ਵਿਚ ਅਰਾਮ ਨਾਲ ਰਹਾਂਗੇ, ਧਰਮ ਪ੍ਰਚਾਰ ਕਰਾਂਗੇ, ਸਰਕਾਰ ਅੰਗਰੇਜ਼ੀ ਦੇ ਕੰਮਾਂ ਵਿਚ ਕੋਈ ਦਖਲ ਨਹੀਂ ਦਿਆਂਗੇ, ਤਦ ਰਿਹਾ ਕੀਤੇ ਜਾ ਸਕਦੇ ਹੋ।

ਨੋਟ : (ਗਿਆਨੀ ਪ੍ਰਤਾਪ ਸਿੰਘ ਦੀ ਪੁਸਤਕ ਸਫਾ ੧੯੦ ਵਿਚੋਂ ਧੰਨਵਾਦ ਸਹਿਤ)

ਪਰ ਬਾਬਾ ਜੀ ਨੇ ਇਹ ਗੱਲ ਨਹੀਂ ਮੰਨੀ ਤੇ ਜੇਲ੍ਹਰ ਅਫਸਰ ਨੈ ਹੈਰਾਨ ਹੋ ਕੇ ਆਪਣੀ ਰਪੋਟ ਵਿਚ ਗਵਰਨਰ (ਲਾਰਡ ਡਲਹੌਜੀ) ਨੂੰ ਲਿਖਿਆ ਕਿ ਭਾਈ ਮਹਾਂਰਾਜ ਸਿੰਘ ਦਾ ਵਤੀਰਾ ਬਹੁਤ ਅਡ ਹੈ ਪਰ ਖੜਕ ਸਿੰਘ (ਬਾਬਾ ਜੀ ਦੇ ਸੇਵਕ) ਨੈ ਮੇਰੀ ਬੇਇਜ਼ਤੀ ਕੀਤੀ ਹੈ ਜਿਸ ਕਰਕੇ ਜੇਹਲ ਦੇ ਕਰਮਚਾਰੀ ਮੈਨੂੰ ਹਾਸੀ ਕਰਦੇ ਹਨ ।

ਸੰਤ ਬਾਬਾ ਮਹਾਂਰਾਜ ਸਿੰਘ ਜੀ ਨੇ ਇਕ ਸੰਤ ਸਿਪਾਹੀ ਦਾ ਸਬੂਤ ਦੇ ਕੇ ਅਪਣੀ (ਬਾਬਾ ਬੀਰ ਸਿੰਘ ਵਲੋਂ) ਪ੍ਰਾਪਤੀ ਕੀਤੀ ਜਾਨਬੀਨੀ ਦੀ ਲਾਜ ਰਖ ਦਖਾਈ ਹੈ। ਅੰਗਰੇਜੀ ਸਰਕਾਰ ਵਲੋਂ ਨਾ-ਬਾਲਗ ਮਹਾਂਰਾਜਾ ਦਲੀਪ ਸਿੰਘ ਨਾਲ ਕੀਤੀ ਬੇ-ਇਨਸਾਫੀ, ਇਸ ਦੀ ਮਾਤ ਮਹਾਰਾਣੀ ਜਿੰਦ ਨੂੰ ਦੇਸ ਕਰਨਾ ਤੇ ਪੰਜਾਬ ਉਤੇ ਪੂਰੀ ਤਰ੍ਹਾਂ ਕਾਬਜ ਹੋ ਜਾਣਾ ਨੂੰ ਦੇਖ ਕੇ ਸੰਤ ਮਹਾਰਾਜ ਸਿੰਘ ਜੀ ਸਹਾਰ ਸਕੇ ਤੇ ਉਨ੍ਹਾਂ ਨੈ ਸਿਪਾਹੀ ਰੂਪ ਵਿਚ ਸਿਖ ਸੰਗਤਾਂ ਨੂੰ ਜਗਾਣਾ ਸ਼ੁਰੂ ਕੀਤਾ ਸੀ ਤਾ ਕੇ ਜਬੈਦ ਕਰਕੇ ਅੰਗਰੇਜੀ ਸਰਕਾਰ ਦਾ ਮੁਜ਼ ਡਟਵਾਂ ਮੁਕਾਬਲਾ ਕਰਕੇ ਲਾਹੌਰ ਦਰਬਾਰ ਨੂੰ ਅਜ਼ਾਦ ਕਰਾਇਆ ਜਾਵੇ । ਪਰ ਚੁਗਲਖੋਰਾਂ ਨੈ ਚੁਗਲੀ ਕਰ ਕੇ ਬਾਬਾ ਜੀ ਨੂੰ ਜਿਲਾ ਜਲੰਧਰ ਦੀ ਆਦਮ ਪੁਰ ਝਿੜੀ ਵਿਚੋਂ ਗਿਰਫਤਾਰ ਕਰਾ ਦਿਤਾ ਸੀ, ਆਪ ਦੀ ਖਾਹਸ਼ ਪੂਰੀ ਨਾ ਹੋ ਸਕੀ ਤੇ ਆਪ ਨੂੰ ਗ੍ਰਿਫਤਾਰ ਕਰਕੇ ਪੰਜਾਬ ਤੋਂ ਬਾਹਰ ਸਿੰਘਾਪੁਰ ਲਿਜਾ ਕੇ ਬੰਦ ਕੀਤਾ ਸੀ ਜਿਥੇ ਸਬਰ ਸੰਤੋਖ ਵਿਚ ਸਭ ਕੁਝ ਸਹਿਆ ਅਤੇ ਅੰਤਲੇ ਖਹਿ ਕੇ ਸਰੀਰ ਨੂੰ ਤਿਆਗ ਦਿਤਾ ਸੀ ।

ਪਾਠਕਾਂ ਨੈ ਦੇਖ ਲਿਆ ਕਿ ਇਹ ਸ਼ਹੀਦੀ (ਸਿਖ ਇਤਿਹਾਸ ਵਿਚ) ਇਕ ਅਦੁਤੀ ਸ਼ਹੀਦੀ ਸੀ । ਫਿਰ ਆਪਣੇ ਵਾਸਤੇ ਨਹੀਂ ਕਿ ਰਾਜ ਕਰਨਾ ਜਾਂ ਕੋਈ ਪ੍ਰਤਭਾ ਪ੍ਰਾਪਤਿ ਕਰਨੀ ਹੈ ਬਲਕਿ ਸਿਖ ਪੰਥ ਦੀ ਗਿਰਾਵਟ ਨੂੰ ਅਪਣੀ ਸਰੀਰਕ ਕੁਰਬਾਨੀ ਦੇ ਕੇ ਮੁੜ ਸੁਚੇਤ ਕਰਨਾ ਤੇ ਅਪਨੇ ਹੱਕ ਨੂੰ ਹਾਸਲ ਕਰਨ ਵਾਸਤੇ ਜਥੇਬੰਦ ਕਰਨਾ ਸੀ ਪਰ ਜਿਵੇਂ ਪਹਾੜਾ ਸਿੰਘ ਦੀ ਗਦਾਰੀ ਨੈ ਜਿਤੀਆਂ ਹੋਈਆਂ ਸਿਖ ਫੌਜਾ ਨੂੰ ਹਾਰੀਆਂ ਦਸਕੇ ਅੰਗਰੇਜਾਂ ਨੂੰ ਜਿਤਾ ਦਿਤਾ ਸੀ ਤਿਵੇਂ ਇਕ ਗੱਦਾਰ ਨਗਰ ਢੋਦਾਂ ਵੱਲੋਂ ਕੁਰਾਹੇ

ਪੁਲਿਸ ਭਾਰਨ) ਦੇ ਰਤਨ ਸਿੰਘ ਸੁਨਿਆਰੇ ਨੈ ਅੰਗਰੇਜ਼ਾਂ ਪਾਸ ਮੁਖਬਰੀ ਕਰਕੇ ਬਾਬਾ ਜੀ ਨੂੰ ਆਦਮਪੁਰ ਦੀ ਝਿੜੀ ਵਿਚੋਂ ਫੜਾਇਆ । ਪਰ ਗਿਆਨੀ ਨਾਹਰ ਸਿੰਘ ਵਲੋਂ ਖੋਜ ਪੜਤਾਲ ਕੀਤੀ ਰਪੋਟ ਦੀ ਡੂਮਿਕਾ ਵਿਚ ਇਹ ਲਿਖਿਆ ਕਿ ਇਕ ਮੁਸਲਮਾਨ ਨੈ ਮੁਖਬਰੀ ਕਰਕੇ ਫੜਾਇਆ ਸੀ ।

ਸਫਾ ੧੨੯ ਪਰ ਲਿਖਿਆ ਕਿ ਇਕ ਮੁਸਲਮਾਨ ਨੈ ਮੁਖਬਰੀ ਕਰਕੇ ਫੜਾਇਆ ਸੀ ।

ਨੋਟ: ਗਿਆਨੀ ਪ੍ਰਤਾਪ ਸਿੰਘ ਲਿਖਤੀ ਪੁਸਤਕ ਬਾਬਾ ਬੀਰ ਸਿੰਘ ਸਫਾ ੧੫੯ ਤੋਂ ਧੰਨਵਾਦ ਸਹਿਤ ।

ਜਿਵੇਂ ਵੀ ਹੋਇਆ ਜਿਸ ਨੈ ਫੜਾਇਆ ਸੀ ਉਸ ਨੈ ਅਪਨੀ ਸ਼ੁਆਰਥ ਪੂਰਤੀ ਲਈ ਐਸਾ ਅਕਿਰਤਘਣ ਕੀਤਾ ਤੇ ਇਕ ਮਹਾਨ ਦੇਸ਼ ਭਗਤ ਨੂੰ ਕਈ ਸਾਲ ਦੀ ਨਜ਼ਰਬੰਦੀ (ਕੈਦ ਕੰਠੜੀ) ਵਿਚ ਹੀ ਅਨੇਕ ਤਸੀਹੇ ਸਹਾਰਦੇ ਹੋਇਆਂ ਬਿਮਾਰੀ ਦੀ ਹਾਲਤ ਵਿਚ ਸਰੀਰ ਤਿਆਗ ਕੇ ਗੁਰਪੁਰੀ ਸਿਧਾਰਨਾ ਪਿਆ ਸੀ, ਤੇ ਸਿੰਘਾਪੁਰ ਜੇਹਲ ਕਮਾਂਡਰ ਦੀ ਇਹ ਇਕ ਬਦਨੀਤੀ ਦੀ ਮਿਸਾਲ ਸੀ ਕਿ ਪੰਜਾਬ ਦੇ ਸਾਹਲਕ ਹਾਕਮ (ਗਵਰਨਰ ਜਨਰਲ) ਵਲੋਂ ਇਹ ਲਿਖ ਭੇਜਿਆ ਗਿਆ ਕਿ ਭਾਈ ਮਹਾਰਾਜ ਸਿੰਘ ਕਾਬੂ ਆਵਸੀ ਨਹੀਂ ਇਹ ਸ਼ਾਹੀ ਕੈਦੀ ਹੈ ਇਸ ਵਾਸਤੇ ਇਸ ਨਾਲ ਕੋਈ ਨਾਵਾਜ਼ਬ ਵਤੀਰਾ ਨਾ ਵਰਤਿਆ ਜਾਵੇ, ਪਰ ਸਿੰਘਾਪੁਰ ਦੇ ਜੇਹਲਰ ਨੈ ਕੋਈ ਪ੍ਰਵਾਹ ਨਾ ਕਰਕੇ ਐਸੀ ਹਾਲਤ ਵਿਚ ਐਸੇ ਕਮਰੇ ਵਿਚ ਨਜ਼ਰਬੰਦ ਰਖਿਆ ਜਿਥੇ ਸਿਰਫ ਦੋਸ਼ਨਦਾਨਾਂ ਦੀ ਥੋੜ੍ਹੀ ਦੇਖਨੀ ਤੋਂ ਬਿਨਾਂ ਹੋਰ ਕੋਈ ਧੁਪ ਛਾਂਵ ਨਹੀਂ ਸੀ ਪਤਾ ਲਗਦੀ, ਤੇ ਅਪਨੇ ਟੱਬ ਦੇ ਭਾਣੇ ਵਿਚ ਸਵਾਸ ਸਵਾਸ ਸਿਮਰਨ ਕਰਦੇ ਹੋਇਆਂ ਅਪਨੇ ਸਰੀਰ ਦੀ ਅਯੂਤੀ ਦੇ ਕੇ ਵਿਖਾ ਦਿਤਾ ਕਿ ਸਿਖ ਸਦੂਪ ਵਿਚ ਹੁੰਦੀਆਂ ਸਿਖ ਸੈਤ ਨੂੰ ਵੀ ਲੋੜ ਵੇਲੇ ਪੈਥਕ ਰਾਜ ਲਈ ਕਿਵੇਂ ਸੈਤ ਸਿਪਾਹੀ ਬਣ ਕੇ ਜੂਝਨ ਤੋਂ ਮੂੰਹ ਨਹੀਂ ਮੋੜਨਾ ਚਾਹੀਏ ।

ਸ੍ਰੀ ਸੈਤ ਬਾਬਾ ਮਹਾਂਰਾਜ ਸਿੰਘ ਦੀ ਇਸ ਮੰਖੇ ਜੀਵਨੀ ਦੀ ਪਾਠਕਾਂ ਪ੍ਰਥਾਏ ਦੇਤੀ ਇਤਿਹਾਸਕ ਲੜੀ ਕਰਾਕੇ ਗੁਰੂ ਮਹਾਰਾਜ 'ਦੀ ਅਪਾਰ ਕ੍ਰਿਪਾ ਦਵਾਰਾ ਇਸ ਤਤਸਾਰ ਗ੍ਰੰਥ ਬੀਰ ਮ੍ਰਿਗੇਸ਼' ਨੂੰ ਛਿਥੇ ਹੀ ਸਮਾਪਤ ਕਰਦੇ ਹੋਇਆਂ ਪਾਠਕਾਂ ਪਾਸੋਂ ਸਨਿਮਰ ਖਿਮਾਂ ਦਾ ਜਾਚਕ ਹਾਂ ਕਿ ਕਿਸੇ ਇਤਿਹਾਸਕ ਤੁਟੀ ਨੂੰ ਕਿ ਅਸੀਂ ਪੰਥ ਬੋਰ ਸਿੰਘ ਦੀ ਲਿਖਤ ਰਾਹੀਂ ਤੇ ਇਕ ਲਿਖੀ ਮਿਲੀ ਪੋਥੀ ਰਾਹੀਂ ਦਰਸਾਇਆ ਹੈ) ਦੂਰ ਕਰਕੇ ਦਾਸ ਨੂੰ ਖਿਮਾਂ ਕਰਨੀ ਕਿਉਂਕਿ ਇਹ ਬਹੁਤ ਵਡਾ ਕਾਰਜ ਸੀ ਜੋ ਮੇਰੀ ਬਲ-ਬੁੱਧੀ ਤੇ ਅਤੇ ਬਾਹਰ ਸੀ ਤੇ ਜਿਵੇਂ ਤਿਵੇਂ ਕਰਕੇ ਗੁਰੂ ਕਿਰਪਾ ਦਾ ਪਾਤਰ ਹੋ ਕੇ ਤੋੜ ਚੜਾਇਆ ਹੈ। ਇਸ ਤੋਂ ਅਗੇ ਹੁਣ ਸ੍ਰੀ ਬਾਬਾ ਸਾਹਿਬਾਨਾਂ ਦੀ ਵੰਸ਼ਕ (ਪਿੰਢੀ) ਅਤੇ ਨਾਦੀ ਸ੍ਰੰਪ੍ਰਦਾਇਕ ਲੜੀ ਦਰਸਾ ਕੇ ਇਸ ਤੰਤਸਾਰ ਗ੍ਰੰਥ ਨੂੰ ਸਮਾਪਤ ਕਰਨਾ ਹੈ ।

ਸ੍ਰੀ ਗੁਰੂ ਨਾਨਕ ਸਾਹਿਬ ਦੀ ਅਗੇ ਚਲੀ ਬੇਦੀ ਬੰਸ ਵਿਚੋਂ ਗਿਆਰਵੀ ਪੀੜ੍ਹੀ ਦੇ

ਸ੍ਰੀ ਬਾਬਾ ਸਾਹਿਬ ਸਿੰਘ ਜੀ ਉਨਾਂ ਸਾਹਿਬ ਵਾਲੇ (ਜਿਨ੍ਹਾਂ ਦੀ ਅਦੁਤੀ ਜੀਵਨ ਕਥਾ ਨੂੰ ਇਸ ਪੁਸਤਕ ਦੇ ਅਠੋਰ ਵਿਚ ਪਾਠਕਾਂ ਨੈ ਪੜ੍ਹਿਆ ਹੈ) ਮਹਾਨ ਇਤਿਹਾਸਕ ਹਸਤੀ ਸਨ । ਆਪ ਜੀ ਨੈ ਸੁਰਤ ਸੰਭਾਲੇ ਵੇਲੇ ਸ੍ਰੀ ਅਨੰਦਪੁਰ ਜਾ ਕੇ ਤਖਤ ਸ੍ਰੀ ਕੇਸਗੜ੍ਹ ਅਸਥਾਨ ਪਰ ਪੂਰਨ ਮਰਯਾਦਾ ਅਨੁਸਾਰ ਪੰਜ ਪਿਆਰਿਆਂ ਤੋਂ ਅੰਮ੍ਰਿਤ ਪਾਨ ਕੀਤਾ ਸੀ, ਉਪ੍ਰੰਤ ਆਪਣੇ ਸ਼ੁਭ ਕਾਰਨਾਮਿਆਂ ਕਾਰਨ ਰਾਜ ਗੁਰੂ ਦੀ ਪਦਵੀ ਪ੍ਰਾਪਤ ਹੋ ਕੇ ਸਿਖ ਰਾਜ ਦੀ ਥਿਰਥੀ ਵਾਸਤੇ ਅਨੇਕ ਵਾਰ ਮਹਾਰਾਜਾ ਰਣਜੀਤ ਸਿੰਘ ਦੇ ਸਹਾਇਕ ਬਣੇ ।

Scanned with CamScanner

ਤਿਵੇਂ ਹੀ ਧਰਮ ਪ੍ਰਚਾਰ ਵਿਚ ਆਪ ਜੀ ਨੇ ਲਖਾਂ ਕੋਸਾ ਧਾਰੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ, ਆਪਦਾ ਪੁਣ ਸੀ ਪੰਜ ਸਿੰਘਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਪ੍ਰਚਾਰ ਛਡਦੇ, ਤੇ ਸਹਿਜ-ਧਾਰੀਆਂ ਨੂੰ ਨਾਮ ਮੰਤ੍ਰ ਉਪਦੇਸ਼ ਸੁਣਾਇਆ ਕਰਦੇ, ਸਿਖ ਰਹਿਤ ਮਰਿਆਦਾ 'ਚ ਪ੍ਰਪੱਕ ਕਰਾਇਆ ਕਰਦੇ ਤੇ ਉਸ ਸਮੇਂ ਦੇ ਸੰਤ ਗੁਰਮੁਖ ਪਿਆਰਿਆਂ ਨੂੰ ਵੀ ਇਸ ਕਾਰੇ ਲਾਏ ਰਖਿਆ ਸੀ। ਜਿਨ੍ਹਾਂ ਅਨੇਕ ਮਹਾਂਪੁਰਖਾਂ ਵਿਚੋਂ ਸੰਤ ਬਾਬਾ ਭਾਗ ਸਿੰਘ ਜੀ ਜੋ ਪਹਿਲੇ ਉਦਾਸੀ ਭੇਖਧਾਰਨੀ ਸੰਤ ਸਨ। ਇਨ੍ਹਾਂ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਤੇ ਪੂਰਨ ਰਹਿਤਵਾਨ ਸਿੰਘ ਸਜਾਇਆ ਸੀ। ਇਹ ਸਾਰੇ ਹਾਲ ਅਸੀਂ ਰਾਜਾ ਜੋਗੀ ਪੁਸਤਕ ਵਿਚ ਵਿਸਥਾਰ ਨਾਲ ਲਿਖੇ ਹਨ ਤੇ ਇਸ ਪੁਸਤਕ ਵਿਚ ਵਧੁਤ ਥੋੜਾ ਕੁਝ ਦਰਸਾਇਆ ਹੈ। ਇਹ ਸੰਤ ਕੁਲੀ ਪਹਾੜ ਵਾਲੀ ਰਾਵਲਪਿੰਡੀ ਦੇ ਨੇੜੇ ਦੇ ਵਸਨੀਕ ਸਨ ਤੇ ਅਪਣੀ ਸ਼ੁਭ ਕਰਨੀ ਕਰਕੇ ਬੰਧੁਤ ਪ੍ਰਸਿਧ ਹੋ ਚੁਕੇ ਸਨ।

ਫੇਰ ਉਕਤ ਬਾਬਾ ਬੀਰ ਸਿੰਘ ਜੀ ਜੋ ਪਹਿਲੇ ਸਿਖ ਰਜਮਿੰਟ ਵਿਚ ਨੌਕਰ ਸਨ, ਪਰੰਤੂ ਤੋਂ ਫੁਟੀ ਲੈਕੇ ਘਰ ਨੂੰ ਗਗੋਬੂਏ ਜਾ ਰਹੇ ਸਨ ਬਾਬਾ ਬੀਰ ਸਿੰਘਜੀ ਨੇ ਸੰਤ ਭਾਗ ਸਿੰਘ ਦੀ ਕਥੀ ਲੋਕਾਂ ਤੋਂ ਅਧਿਕ ਸੁਣੀ ਹੋਈ ਸੀ, ਰਸਤੇ ਵਿਚ ਹੀ ਅਟਕੇ ਤੇ ਕੁਦੀ ਜਾ ਕੇ ਸੰਤ ਭਾਗ ਸਿੰਘ ਦੇ ਦਰਸ਼ਨ ਕੀਤੇ ਪਰ ਇਨ੍ਹਾਂ ਅਗੇ ਹੀ ਵਿਕ ਗਏ ਸਨ। ਬਹੁਤ ਚਿਰ ਇਨ੍ਹਾਂ ਦੀ ਸੇਵਾ ਵਿਚ ਰਹਿ ਕੇ ਸੰਤ ਭਾਗ ਸਿੰਘ ਜੀ ਦੀ ਕਿਰਪਾ ਦੇ ਪਾਤਰ ਬਣੇ, ਫਿਰ ਇਨ੍ਹਾਂ (ਸੰਤ ਭਾਗ ਸਿੰਘ ਜੀ ਨੇ) ਬੀਰ ਸਿੰਘ ਜੀ ਨੂੰ ਉੱਚ ਅਧਿਕਾਰੀ ਸਮਝ ਕੇ ਬਾਬਾ ਸਾਹਿਬ ਸਿੰਘ ਜੀ ਬੇਦੀ ਦੀ ਚਰਨ ਸ਼ਰਨ ਵਿਚ ਊਨੇ ਭੇਜਿਆ।

ਊਨੇ ਸਾਹਿਬ ਆ ਕੇ ਸਿਪਾਹੀ ਬੀਰ ਸਿੰਘ ਨੇ ਬਾਬਾ ਸਾਹਿਬ ਸਿੰਘ ਜੀ ਦੀ ਅਤੁਟ ਸੇਵਾ (ਅਨਿੰਨ ਭਾਵਨਾ ਨਾਲ) ਕਰਕੇ ਬਹੁਤ ਰੀਝਾਇਆ ਕਿ ਆਖਰੀ ਸਮੇਂ ਪਰ ਸ੍ਰੀ ਬਾਬਾ ਸਾਹਿਬ ਸਿੰਘ ਜੀ ਨੇ ਇਨ੍ਹਾਂ ਨੂੰ ਵੀ ਐਸਾ ਹੀ ਅਪਨਾਇਆ ਤੇ ਬਖਸ਼ੀਸ਼ਾਂ ਨਾਲ ਭਰਪੂਰ ਕਰਕੇ ਜਿਵੇਂ ਅਪਨੇ ਅਸਥਾਨ ਨੌਰੰਗਾਬਾਦ ਜਾ ਕੇ ਲੰਗਰ ਚਲਾਵਨ ਤੇ ਨਾਮ ਜਪਨ ਜਪਾਨ ਨੂੰ ਭੇਜਿਆ ਸੀ ਉਹ ਅਸੀਂ ਪਿਛੇ ਦੀ ਸਿਖ ਦਸਿਆ ਹੈ ਤੇ ਥੋੜੇ ਅਖਰ ਪੰਡਤ ਸ਼ੋਰ ਸਿੰਘ ਵਲੋਂ ਗ੍ਰੰਥ ਬੀਰ ਮ੍ਰਿਗੇਸ਼ ਦੇ ਸਫਾ ੧੦੮੧ ਉਤੋਂ ਵੇਰ ਲਿਖਦੇ ਹਾਂ :

"ਬੀਰ ਹਰੀ ਹੋ ਪ੍ਰਾਨ ਪਿਆਰੇ ॥ ਸਿਖ ਸਖਾ ਬਹੁ ਤੈ ਨੈ ਤਾਰੇ ॥
ਮੈਂ ਸਰਬਸ ਸਭੀ ਤੋਹੀ ਦੀਨਾ ॥ ਜਾਹੁ ਅਮ੍ਰਿਤ ਪਰਹੁ ਸਦ ਲੀਨਾ ॥
ਅਮ ਦਰਸ਼ਨ ਕੋ ਜੋ ਨਰ ਚਾਹੈ ॥ ਤੋਰੋ ਦਰਸ ਕਹੈ ਸੁਖ ਪਾਹੈ ॥
ਤੂੰ ਬਹੁਤ ਗੁਰ ਕੋ ਸੁਖਦਾਈ ॥ ਸਿਖ ਸੰਗਤ ਬਹੁ ਲਿਹੁ ਤਰਾਈ ॥
ਮੈਂ ਅਬ ਤੁਮਰੋ ਹੁਇ ਸੁਧਾਰਾ ॥ ਯਾਹੀ ਨਿਰਖ ਜਗ ਉਤਰੋ ਪਾਰਾ ॥"

ਇਸ ਬਖਸ਼ਸ਼ ਨੂੰ ਪਾ ਕੇ ਬਾਬਾ ਬੀਰ ਸਿੰਘ ਜੀ ਨੇ ਜੋ ਘਾਲਣਾ ਘਾਲੀ ਅਤੇ ਅੰਤਮ ਸਵਾਸਾਂ ਤੀਕ ਸੁਫਲਾ ਕਰ ਵਖਾਇਆ ਹੈ ਪਿਛਲੇ ਪੈਨਿਆਂ ਵਿਚ ਪਾਠਕਾਂ ਨੇ ਪੜ੍ਹਿਆ ਹੈ। ਜਿਸ ਤੋਂ ਸ੍ਰੀ ਬਾਬਾ ਸਾਹਿਬ ਸਿੰਘ ਜੀ ਤੋਂ ਵਰੋਸਾਏ ਬੇ-ਅੰਤ ਗੁਰਸਿਖਾਂ ਸਾਧੂ ਸੰਤਾਂ ਤੇ ਸ਼ਰਧਾਲੂਆਂ ਵਿਚੋਂ ਸਰਬ ਉਤਮ ਜਾਣ ਕੇ ਬਾਬਾ ਸਾਹਿਬ ਸਿੰਘ ਨੇ ਜੋ ਅਪਣੀ ਅਮਿਤ ਸ਼ਕਤੀ ਸੌਂਪਨ ਕਰ ਕੇ ਸੰਤ ਪੁਰੀ ਭੇਜਿਆ ਜੀ ਜਿਸ ਤੇ ਇਨ੍ਹਾਂ ਨੂੰ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਦੀ ਨਾਵੀ ਸੰਪ੍ਰਦਾਇਕ ਲੜੀ ਦੀ ਪ੍ਰਮੁੱਖ ਵਿਅਕਤੀ ਹੀ ਸਮਝਿਆ ਤੇ ਲਿਖਿਆ ਹੈ।

ਪਾਠਕਾਂ ਨੇ ਇਹ ਪੜ੍ਹਿਆ ਤੇ ਅਨੁਭਵ ਕੀਤਾ ਹੋਣਾ ਹੈ, ਕਿ ਜਿਵੇਂ ਬਾਬਾ ਸਾਹਿਬ ਸਿੰਘ ਬੇਦੀ ਜੀ

ਨੂੰ ਅੰਤਮ ਬਖਸ਼ਸ਼ਾਂ ਬਾਬਾ ਬੀਰ ਸਿੰਘ ਤੇ ਕੀਤੀਆਂ ਸਨ ਤਿਵੇਂ ਹੀ ਆਪਨੇ ਅੰਤ ਸਮੇਂ ਬੀਰ ਸਿੰਘ ਜੀ ਨੇ ਅਪਣੀ ਸੰਤ ਕਲਾ ਸ਼ਕਤ ਤੇ ਸੰਪ੍ਰਦਾਇਕ ਲੜੀ ਕਾਇਮ ਰਖਣ ਲਈ ਸੰਤ ਭਾਈ ਮਹਾਰਾਜ ਸਿੰਘ ਉਤੇ ਬਖਸ਼ਸ਼ ਕੀਤੀ ਸੀ, ਅਗੇ ਇਨ੍ਹਾਂ ਵਲੋਂ (ਸੰਤ ਭਾਈ) ਮਹਾਰਾਜ ਸਿੰਘ ਤੋਂ ਵਰੋਸਾਏ ਵੀ ਬਹੁਤ ਪ੍ਰੇਮੀ ਅਤੇ ਵਧਾਲੂ ਸੇਵਕ ਸਨ ਜਿਨ੍ਹਾਂ ਤੋਂ ਕੁਝ ਦੇ ਪ੍ਰਸਿਧ ਨਾਮ ਇਹ ਹਨ

੧. ਛੋਟੇ ਭਾਈ ਵੀਰ ਸਿੰਘ (ਸਰਨਾਮੀ ਬਾਬਾ ਬੀਰ ਸਿੰਘ ਦੇ)
੨. ਸੰਤ ਬਾਬਾ ਟੇਕ ਸਿੰਘ ਜੀ
੩. ਸੰਤ ਮਤਾਬ ਸਿੰਘ ਜੀ
੪. ਸੰਤ ਮੋਹਰ ਸਿੰਘ ਜੀ
੫. ਬਾਬਾ ਪਤਾਸਾ ਸਿੰਘ (ਗੁਜਰਾਂਵਾਲੀਏ) ਬਹੁਤ ਪ੍ਰਸਿਧ ਮਹਾਤਮਾ ਸਨ।
੬. ਬਾਬਾ ਰਾਮ ਸਿੰਘ ਜੀ ਵਿਰਕਤ ਸਨ।

ਉਕਤ ਪਹਿਲੇ ਸੇਵਕ (ਬਾਬਾ ਬੀਰ ਸਿੰਘ ਜੀ ਦੇ) ਮਹਾਂਰਾਜ ਸਿੰਘ ਜੀ ਤੋਂ ਵਰੋਸਾਏ ਇਹੋ ਮਹਾਂਰਾਜ ਬਾਬਾ ਰਾਮ ਸਿੰਘ ਵਿਰਕਟ ਜਿਨ੍ਹਾਂ ਤੋਂ ਕਿਰਤਾਰਥ ਹੋਇ (ਹੋਤੀ ਮਰਦਾਨ) ਵਾਲੇ ਸੰਤ ਬਾਬਾ ਗਜ਼ ਸਿੰਘ ਜੀ ਸਨ। ਜਿਨ੍ਹਾਂ ਦਾ ਜਨਮ ਹੀ ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਵਰਦਾਨ ਨਾਲ ਹੋਇਆ ਸੀ, ਇਹ ਜ਼ਿਕਰ ਨਿਰਮਲਾ ਇਤਿਹਾਸ ਵਿਚ ਹਿੱਸਾ ਪਹਿਲੇ ਵਿਚ ਇਉਂ ਲਿਖਿਆ ਹੈ।

ਅਪਨੇ ਸਮੇਂ ਪੋਠੋਹਾਰ ਵੈਰੀ ਵੇਲੇ ਬਾਬਾ ਸਾਹਿਬ ਸਿੰਘ ਜੀ ਬੇਦੀ- 'ਕਲਰ' ਤੋਂ ੬ ਕੋਹਾਂ ਦੀ ਦੂਰੀ ਤੇ ਕਾਲੀਆਂ (ਤਸੀਲ ਕੁਜਰਖਾਨ) ਜਦੋਂ ਗਏ ਸਨ ਤਾਂ ਇਦੋ ਇਕੋ ਪ੍ਰੇਮੀ ਗੁਰਸਿਖ ਭਾ: ਲਿਪਾ ਸਿੰਘ ਨੂੰ ਬਹੁਤ ਸੇਵਾ ਕੀਤੀ ਤੇ ਰੀਝਾਇਆ ਸੀ। ਇਸ ਦੇ ਘਰ ਪੁਤਰ ਦੀ ਬੁਤ ਦੇਖ ਕੇ ਮਹਾਂਰਾਜ ਬਾਬਾ ਜੀ ਨੇ ਫੁਰਮਾਇਆ– ਕਿਰਪਾ ਸਿੰਘ ਚਿੰਤਾ ਨ ਕਰੀਂ, ਤੈਦੇ ਉਤੇ ਸਤਿਗੁਰ ਕਿਰਪਾ ਕਰੇਗਾ ਤੇ ਐਸਾ ਪੁਤਰ ਆਇਆ ਜੋ ਦੁਜਿਆਂ ਦੀਆਂ ਦੁੜਾਂ ਨੂੰ ਪੂਰੀਆਂ ਕਰੇਗਾ। ਜੋ ਠੀਕ ਐਸਾ ਹੀ ਹੋਇਆ ਤੇ ਸਮਾ ਪਾ ਕੇ ਸਾਡੇ ਦੇ ਅੰਦਰ ਹੀ ਇਸ ਦੇ ਘਰ (ਕਰਮ ਸਿੰਘ) ਪੁਤਰ ਦਾ ਜਨਮ ਹੋਇਆ ਸੀ, ਜੋ ਸ਼ੁਭ ਕਰਮਾਂ ਦਾ ਭੰਡਾਰ, ਸੰਤ ਕਰਮ ਸਿੰਘ (ਹੋਤੀ ਮਰਦਾਨ ਵਾਲੇ) ਆਪਣੇ ਸਮੇਂ ਹੋ ਬੀਤੇ ਪਰ ਆਤਮਾ ਕਰਕੇ ਅਮਰ ਹਨ। ਤੇ ਅਮਰ ਹੀ ਰਹਿਣਗੇ।

ਇਨ੍ਹਾਂ ਉਕਤ ਸੰਤ ਬਾਬਾ ਕਰਮ ਸਿੰਘ ਦੇ ਪ੍ਰਸਿੱਧ ਤੇ ਜਾਨਸ਼ੀਨ ਚੇਲੇ ਸੰਤ ਆਇਆ ਸਿੰਘ ਜੀ ਨਾਮ ਵਾਲੇ ਤੇ ਸੇਵਾ ਸਿਮਰਨ ਤੇ ਪੂੰਜ ਸਨ। ਦਾਸ ਲੇਖਕ ਨੇ ੧੨ ਸਾਲ ਦੀ ਉਮਰ ਵਿਚ ਅਪਨੇ ਪਿਤਾ ਭਾਈ ਮੰਗਲ ਸਿੰਘ ਜੀ ਨਾਲ ਹੋਤੀ ਮਰਦਾਨ ਜਾਕੇ ਦਰਸ਼ਨ ਕੀਤੇ, ਅਤੇ ਆਪ ਦੇ ਸ਼ੁਭ ਦੱਰਸ਼ਨ ਪ੍ਰਾਪਤ ਕੀਤੇ ਹਨ। ਇਨ੍ਹਾਂ ਹੀ ਸੰਤ ਆਇਆ ਸਿੰਘ ਜੀ ਦੇ ਸੇਵਕ ਸੰਤ ਹਰੀ ਸਿੰਘ ਕਹਾਰਪੁਰੀਏ ਅਤੇ ਸੰਤ ਸਰਮਾ ਸਿੰਘ ਹਰਖੋਵਾਲ ਵੀ ਸਨ। ਜਿਨ੍ਹਾਂ ਨੇ ਕਈ ਗੁਰਦਵਾਰਿਆਂ ਦੀ ਨਵੀਂ ਉਸਾਰੀ ਦੀ ਮਹਾਨ ਸੇਵਾ ਕਰਕੇ ਪ੍ਰਸਿਧਤਾ ਪ੍ਰਾਪਤ ਕੀਤੀ ਹੈ।

ਬਾਬਾ ਕਰਮ ਸਿੰਘ ਜੀ ਦੀ ਸੰਪ੍ਰਦਾਇਕ ਲੜੀ ਦੇ ਹੋਰ ਕਈ ਬਾਂਹੀ ਡੇਰੇ ਅਸਥਾਨ (ਗੁਰਦਵਾਰੇ) ਹੋ ਗਏ ਹਨ। ਜਿਵੇਂ ਸੰਤ ਰੋਸ਼ਨ ਸਿੰਘ ਜੀ ਵਲੋਂ ਮਖਸੂਦਪੁਰ (ਜ਼ਿਲ੍ਹਾ ਕਪੂਰਥਲਾ ਵਿਚ) ਅਤੇ ਗੁਰਪੁਰ ਵਾਸੀ ਸੰਤ ਕਲੁਤਾਰ ਸਿੰਘ ਵਲੋਂ ਸਥਾਪਤ ਗੁਰਦਵਾਰਾ ਬਾਬਾ ਕਰਮ ਸਿੰਘ, (ਗੋਤਾ ਕਾਲੋਨੀ ਜਮਨਾ ਪਾਰ ਦਿੱਲੀ ਵਿਚ) ਬਹੁਤ ਪ੍ਰਸਿਧ ਅਸਥਾਨ ਹੈ ਜੋ ਅਜ ਕਲ ਸੰਤ ਗੁਰਦੀਪ ਸਿੰਘ ਦੀ ਸੇਵਾ ਸੰਭਾਲ ਰਿਹਾ ਹੈ।

Scanned with CamScanner

ਉਕਤ ਸੰਤ ਬਾਬਾ ਕਰਮ ਸਿੰਘ ਜੀ (ਹੋਤੀ ਮਰਦਾਨ ਵਾਲਿਆਂ) ਦੇ ਦੂਜੇ ਚਰਨ ਸੇਵਕ ਸੰਤ ਅਤਰ ਸਿੰਘ ਸਾਹਿਬ ਰੋਜ਼ ਸਾਹਿਬ ਜਿਲਾ ਲੁਧਿਆਣਾ ਦੇ ਹੋਇ ਹਨ। ਜਿਨ੍ਹਾਂ ਤੋਂ ਵਰੋਸਾਏ ਇਸ ਆਸ਼ਰਮ ਦੇ ਪ੍ਰਸਿਧ ਮਹਾਤਮਾਂ ਸੰਤ ਈਸਰ ਸਿੰਘ ਰਾੜਾ ਸਾਹਿਬ ਵਾਲੇ ਅਤੇ ਦੂਜੇ ਸਾਥੀ ਸੰਤ ਕਿਸ਼ਨ ਸਿੰਘ ਜੀ ਹਨ। ਜਿਨ੍ਹਾਂ ਨੇ ਦੂਰਾਹਾ ਮੰਡੀ ਦੀ ਨੈਹਰ ਦੇ ਕਿਨਾਰੇ ਕੁਝ ਕੋਠਾਂ ਤੇ ਕਰਮਸਰ ਨਾਮ ਦਾ ਪ੍ਰਸਿਧ ਗੁਰਦੁਆਰਾ ਅਤੇ ਡੇਰਾ ਬਣਾਇਆ ਹੋਇਆ ਸੀ। ਅਤੁਟ ਲੰਗਰ ਚਲਾਇਆ ਅਤੇ ਕਰਮਸਰ ਨਾਮ ਦਾ ਪ੍ਰਸਿਧ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਨਾਲ ਲਖਾਂ ਨੂੰ ਰਹਿਤ-ਵਾਨ ਸਿੰਘ ਸਜਾਇਆ ਹੈ। ਸੰਤ ਈਸ਼ਰ ਸਿੰਘ ਜੀ ਵੀ ਤਾਂ ਥੋਹੜੇ ਸਾਲ ਹੋਇ ਸਿਖ ਸੰਗਤਾਂ ਦੀ ਪ੍ਰੇਮ ਖਿਚ ਵਿਚ ਖਿਚੇ ਲੰਡਨ ਗਏ ਸੀ। ਸੰਤ ਈਸ਼ਰ ਸਿੰਘ ਜੀ ਚਲਾਣਾਂ ਹੋਇਆ ਤਾਂ ਮ੍ਰਿਤਕ ਸਰੀਰ ਦਾ ਭਾਰਤ ਲਿਆ ਕੇ ਸਤਲੁਜ ਦਰਿਆ ਵਿਚਵਿਡੋਰ ਸਾਹਿਬ ਟੋਕੇ ਜਲ ਪ੍ਰਵਾਹ ਹੋਇਆ ਸੀ।

ਇਸ ਉਕਤ ਕਰਮ ਸਰ ਨਾਮ ਦੇ ਰਾੜਾ ਸਾਹਿਬ ਦੇ ਗੁਰਦੁਆਰੇ ਵਿਚ ਸੰਤ ਈਸਰ ਸਿੰਘ ਸਾਹਿਬ ਦੀ ਕੀਰਤਨ ਧੁੰਨੀ ਅਤੇ ਰਸੀਲੀ ਸ਼ਬਦ ਵਿਆਖਿਆ ਤਾਂ ਹੁਣ ਉਹਨਾਂ ਦੇ ਟੋਪ ਲੋਕਾਣਾਂ ਤੋਂ ਹੀ ਸੁਣੀ ਜਾ ਸਕਦੀ ਹੈ। ਤਦ ਵੀ ਉਹਨਾਂ ਦੇ ਪਰਮ ਪ੍ਰੀਤਵਾਨ ਸਾਥੀ ਜਵੈਦਾਰ ਮਹਿੰਦਰ ਸਿੰਘ ਜੀ ਨੈ ਤਿਵੈਂ ਹੀ ਅੰਮ੍ਰਿਤ ਪ੍ਰਚਾਰ ਅਤੇ ਕੀਰਤਨ ਪ੍ਰਣਾਲੀ ਨਿਯਮ ਨੂੰ ਨਿਭਾਂਹਦੇ ਸਿਖ ਸੰਗਤਾਂ ਦਾ ਮਨ ਮੋਹਿਆ ਹੈ।

ਸਚ ਹੀ 'ਕੀਰਤਨ ਨਿਰਮੋਲਿਕ ਹੀਰਾ', ਹੈ ਫਿਰ 'ਜਿਸਨੋ ਬਖਸਿ ਲੈਹਿ ਮੇਰੇ ਪਿਆਰੇ ਜੋ ਸਭ ਤੇਰਾ ਗਾਵੈ ।' ਇਸ 'ਤਤਸਾਰ ਗ੍ਰੰਥ' ਵਿਚ ਬਾਬਾ ਬੀਰ ਸਿੰਘ ਜੀ ਤੋਂ ਸੰਤ ਮਹਾਰਾਜ ਸਿੰਘ ਜੀ ਤੀਕ ਅਤੇ ਅਗੇ ਦੀ ਚਲਦੀ ਸੰਪ੍ਰਦਾਇਕ ਲੜੀ-ਸੰਤ ਈਸ਼ਰ ਸਿੰਘ ਰਾੜਾ ਸਾਹਿਬ ਵਾਲਿਆਂ ਤੀਕ ਵਧਾ ਕੇ ਇਸ ਵਾਸਤੇ ਦਸੀ ਹੈ ਕਿ ਸੁਹਿਰਦ ਪਾਠਕਾਂ ਪ੍ਰਤੀ ਉਕਤ-ਪੰਚ ਪ੍ਰਵਾਨ ਖਾਲਸਾ ਤੋਂ ਹੁਣ ਤੀਕ ਦੇ ਸੰਤਾਂ ਗੁਰਮੁਖ ਪਿਆਰਿਆਂ ਤੋਂ ਜਾਣੂ ਕਰਵਾਇਆ ਜਾਏ।

ਸੰਤ ਈਸ਼ਰ ਸਿੰਘ ਰਾੜਾ ਸਾਹਿਬ ਵਾਲੇ ਜਿਵੇ ਉਹ ਨਾਮ ਬਾਣੀ ਅਤੇ ਕੀਰਤਨ ਦੇ ਰਸੀਏ ਸਨ ਉਹ ਸਿਖ ਇਤਿਹਾਸ ਅਤੇ ਆਪਣੀ ਸੰਪਰਦਾਏ ਦੇ ਵੀ ਅਨਿਨਯ ਭਗਤ ਸਨ। ਇਸ ਤਤਸਾਰ ਦੇ ਲੇਖਕ ਨੂੰ ਪਤਾ ਹੈ ਕਿ ਉਹਨਾਂ ਦੀ ਬਹੁਤ ਖਾਹਸ਼ ਰਹੀ ਹੈ ਜੋ ਆਪ ਦੇ ਪੂਜਿਯ ਸ੍ਰੀ ਬਾਬਾ ਸਾਹਿਬ ਸਿੰਘ ਵੈਦੀ ਜੀ ਤੋਂ ਲੈ ਕੇ ਬਾਬਾ ਬੀਰ ਸਿੰਘ ਜੀ ਤੋਂ ਚਲਦੀ-ਅਗੇ ਦੀ ਲੜੀ, ਸੰਤ ਸੰਪਰਦਾਏ ਦਾ ਹੁਣ ਤੀਕ ਦਾ ਇਤਿਹਾਸ ਲਿਖਾਇਆ ਜਾਏ ਪਰ ਉਨ੍ਹਾਂ ਦੇ ਹੁੰਦਿਆਂ ਤੀਕ ਇਹ ਸ਼ੁਭ ਕਾਰਜ ਛੋਹਿਆ ਹੀ ਨਹੀਂ ਗਇਆ ਸੀ,ਤਦ ਉਨ੍ਹਾਂ ਦੇ ਪਰਮ ਪ੍ਰੇਮੀ ਤੇ ਡੇਰਾ ਕੁਰਮਸਰ ਰਾੜੇ ਸਾਹਿਬ ਦੇ ਸ਼ੁਭ ਚਿੰਤਕ ਸਰਦਾਰ ਗੁਰਦੇਵ ਸਿੰਘ ਲਲਤੋਂ ਵਾਲਿਆ ਨੇ ਮੈਨੂੰ ਇਕ ਵੇਰ ਲੁਧਿਆਣੇ ਵਿਚ ਅਚਾਨਕ ਮਿਲੇ ਵੇਲੇ ਦਸਿਆ– ਕਿ ਲੰਡਨ ਜਾਣ ਤੋਂ ਪਹਿਲੇ ਦਿਲੀ ਵਿਚ ਸੰਤ ਜੀ ਨੇ ਮੇਰੇ ਪੁਤ੍ਰੀ ਖਿਆਲ ਜ਼ਾਹਿਰ ਕੀਤਾ ਸੀ ਕਿ ਗਿਆਨੀ ਈਸ਼ਰ ਸਿੰਘ ਨਾਰਾ ਨੂੰ ੧ ਲੱਖ ਰੁਪਿਆ ਦੇਣ ਦਾ ਵਿਚਾਰ ਹੈ ਕਿ ਉਹ ਸਾਡੇ ਵਡਿਆਂ ਤੋਂ ਹੁਣ ਤੀਕ ਦੀ ਸੰਤ ਸੰਪ੍ਰਦਾਇ ਦਾ ਇਤਿਹਾਸ ਲਿਖ ਕੇ ਛਪਵਾਉਣ,ਪਰ ਉਹ ਉਧਰ ਹੀ ਰਹੇ, ਤੇ ਲੰਡਨ ਤੋਂ ਜੀਂਦੇ ਵਾਪਸ ਆ ਹੀ ਨਹੀਂ ਸਕੇ ਸੀ। ਐਸਾ ਸੁਣਦੇ ਸਾਰ ਉਨ੍ਹਾਂ ਦੇ ਪ੍ਰੇਮ ਵਿਚ ਮੇਰਾ ਸਿਰ ਝੁਕ ਗਿਆ ਤੇ ਅੱਖਾਂ ਵਿਚ ਅਥਰੂ ਭਰ ਆਏ ਸਨ।

ਸਰਦਾਰ ਗੁਰਦੇਵ ਸਿੰਘ ਲਲਤੋਂ ਗੁਰੂ ਕਿਰਪਾ ਨਾਲ ਇਸ ਵੇਲੇ ਠੀਕ ਮੌਜੂਦ ਹਨ, ਉਹ ਜਾਣਦੇ

ਸਨ ਕਿ ਸੰਤ ਈਸ਼ਰ ਸਿੰਘ ਜੀ– ਇਸ ਲੇਖਕ- (ਗਿਆਨੀ ਈਸ਼ਰ ਸਿੰਘ ਨਾਰਾ) ਨੂੰ ਗੁਰੂ ਕਾ ਲੇਖਕ ਸਮਝਦੇ ਤੇ ਸਤਿਕਾਰਦੇ ਰਹੇ ਸਨ, ਜਿਸ ਤੇ ਮੇਰੇ ਮਨ ਵਿਚ ਹੁਣ ਕਿਸੇ ਲੋਭ ਲਾਲਚ ਵਸ ਨਹੀਂ–ਬਲਿਡੇ ਸੰਤ ਜੀ ਦੀ ਸੇਵਾ ਕਰਨ ਦਾ ਚਾਉ ਚੁਰੂ ਧੋਵਾ ਹੋ ਗਿਆ ਸੀ। ਪਰ ਜਿਥੇ ਇਹ ਕੰਮ ਬਹੁਤ ਮੁਸ਼ਕਲ ਹੁੰਦਾ ਸੀ, ਉਮਰ ਵੀ ਬਹੁਤ ਵਡੇਰੀ ਦੀ ਕਮਜੋਰੀ ਕਾਰਨ ਸੋਚਾਂ ਸੋਚਦੇ ਹੀ ਸਮਾਂ ਬੀਤਦਾ ਗਿਆ ਬੀ, ਇਕਦਮ ਸੰਤ ਜੀ ਦਾ ਸੁਰਗਵਾਸ ਹੋ ਗਿਆ ਸੀ। ਅਜੇ ਵੀ ਮੈਨੂੰ ਇਹ ਸੋਚ ਕੇ ਦੁਖ ਹੁੰਦਾ ਹੈ ਕਿ ਸੰਤ ਈਸ਼ਰ ਸਿੰਘ ਦੇ ਬੁਧ ਸੰਕਲਪ ਉਪਜੇ ਨੂੰ ਅਕਾਲ ਪੁਰਖ ਨੈ ਸੁਰਜੀਤ ਕਰਾਣਾਂ ਹੀ ਸੀ, ਉਹ ਕਿਸ ਮਹਾਨ ਆਤਮਾ ਸੰਤ ਕਰਤਾਰ ਸਿੰਘ ਟੱਟੇ ਟਿਬੇ ਵਾਲਿਆਂ (ਜੋ ਅਨੇਕ ਇਤਿਹਾਸਕ ਗੁਰਦਵਾਰਿਆਂ ਦੇ ਨਿਰਮਾਣ ਕਰਾਉਣ ਮਗਰੂੰ ਹੁਣ ਸੀ ਗੋਇੰਦਵਾਲ ਗੁਰਦਵਾਰਾ ਸਾਹਿਬ ਦੀ ਸੇਵਾ ਵਿਚ ਮਗਨ ਹਨ) ਦੇ ਮਨ ਵਿਚ ਇਹੋ ਖਾਹਸ਼ ਉਪਜਾਈ ਤੇ ਉਨ੍ਹਾਂ ਦੀ ਪ੍ਰੇਰ ਦੇ ਉਤਰ ਵਿਚ ਕਿਸੇ ਦਸਿਆ ਕਿ ਇਹ ਕੰਮ ਗਿਆਨੀ ਈਸ਼ਰ ਸਿੰਘ ਨਾਰਾ ਤੋਂ ਹੀ ਹੋ ਸਕਦਾ ਹੈ ਜੋ ਕਿ "ਗੁਰ ਬਿਲਾਸ ਬੀਰ ਮ੍ਰਿਗੇਸ਼" ਦੀ ਸੰਤ ਭਾਖਾ ਨੂੰ ਉਹੀ ਰੂਪ ਵਿਚ ਛਪਵਾ ਚੁਕੇ ਹਨ, ਉਹ ਹੀ ਇਸ ਕਾਰਜ ਨੂੰ ਪ੍ਰੇਮ ਨਾਲ ਲਿਖ ਸਕਣਗੇ। ਬਾਦਿਦ ਚੀਫ ਖਾਲਸਾ ਦੀਵਾਨਦੇ ਵਿਦਵਾਨਾਂ ਨੈ ਉਨ੍ਹਾਂ ਨੂੰ ਐਸਾ ਕਾਰਜ ਕਰਨ ਲਈ ਕਹਿਣਾ ਸੀ।

ਸ੍ਰੀ ਮਾਨ ਸੰਤ ਕਰਤਾਰ ਸਿੰਘ ਵੀ ਮੈਨੂੰ ਪਹਿਲੇ ਤੋਂ ਜਾਣਦੇ ਸਨ ਪਰ ਐਸੀ ਸਰੋਤ ਸੁਣ ਕੇ ਉਹ ਝਟ ਆਏ ਤੇ ਇਓਂ ਹੋਰ ਹਜੂਰੀ ਰਾਗੀ ਭਾ: ਅਵਤਾਰ ਸਿੰਘ ਗੁਰ ਚਰਨ ਸਿੰਘ ਜੀ ਠੱਟੇ ਵਾਲਿਆਂ ਨੂੰ ਨਾਲ ਲੈ ਕੇ ਮੇਰੇ ਘਰ ਪਧਾਰੇ, ਪਰ ਮੈਂ ਘਰ ਵਿਚ ਮੌਜੂਦ ਨਹੀਂ ਸੀ ਤੇ ਉਹ ਕੁਝ ਟੁਪਏ ਉਤਸ਼ਾਹ ਵਧਾਣ ਨੂੰ ਦੇ (ਜਿਸ ਮਤਲਬ ਨੂੰ ਆਏ ਸਨ) ਵਿਚਾਰ ਦਸ ਕੇ ਚਲੇ ਗਏ ਸਨ, ਘਰ ਆਏ ਵੇਲੇ ਜਦੋਂ ਮੈਨੂੰ ਪਤਾ ਲਗਿਆ ਤਾਂ ਮੈਂ ਨੈ ਆਪਣੇ ਨੂੰ ਇਕ ਐਸੇ ਪ੍ਰੇਮ ਬੰਧਨ ਵਿਚ ਬਝ ਗਿਆ ਹੀ ਸਮਝਿਆ, ਪਰ ਇਸ ਸ਼ੁਭ-ਕਰਮ ਵਾਸਤੇ ਅਜੇ ਮਨ ਨੂੰ ਮਨਾ ਨਹੀਂ ਸਕਿਆ ਸੀ ਕਿ ਕਾਰਜ ਬਹੁਤ ਔਖਾ ਸੀ, ਕਿਉਂਕਿ ੧੯੦੦ਸਵੇ ਦੇ ਕੀਤੇ ਮ੍ਰਿਗੇਸ਼ ਗੁਰੂ ਬਿਲਾਸ ਨੂੰ ਪੜ੍ਹਨਾ, ਫਿਰ ਲੁੜੀਦੇ ਫੁਟ ਨੋਟ ਲਿਖਣੇ ਉਹ ਸੰਭਾਲਣੇ ਅਤੇ ਫਿਰ ਤਤੀਕ ਵਾਰ ਕਈ ਲਿਖਤ ਫਿਰ ਪੱਕੀ ਲਿਖਤ ਨੂੰ ਦੁਬਾਰਾ ਸੋਧਣਾ ਅਤੇ ਛਪਵਾਉਣ ਬਾਬਤ ਵੀ ਕੀ-ਕੀ ਵਿਚਲਤ ਕਰਣੇ ਹੋਣਗੇ। ਸੋਚਾਂ ਵਿਚ ਹੀ ਸਮਾਂ ਕਾਫੀ ਲੰਘਗਿਆ ਸੀ।

ਅਜੇ ਇਨ੍ਹਾਂ ਸੋਚਾਂ ਵਿਚਾਰਾਂ ਵਿਚ ਹੀ ਮੁਰਤ ਗਭੂੰਦ ਸੀ ਕਿ ਗੁਰੂ ਅਕਾਲ ਪੁਰਖ ਦੀ ਸਾਜੀ-ਨਿਰਾਲੀ ਇਕ ਹੋਰ ਦੇਵੀ- ਜੋ ਸਵਰਗੀ ਸਰਦਾਰ ਮੈਗਲ ਸਿੰਘ ਮਾਨ (ਸਾਬਕਾ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ) ਦੀ ਸਪੁਤਰੀ, ਅਤੇ ਸੰਧਾਵਾਲੀਏ ਖਾਨਦਾਨ ਦੀ ਐਸ ਬੈਸ ਦੇ ਸਵਰਗੀ ਮੈਂਬਰ ਸਰਦਾਰ ਹਰਚਿੰਦਰ ਸਿੰਘ ਸਾਹਿਬ ਦੀ ਧਰਮ ਪਤਨੀ (ਸੰਤ ਆਤਮਾਂ ਸਰਦਾਰਨੀ ਭਜਨ ਕੌਰ) ਜੋ ਇਹ ਨੀਂ ਮੈਨੂੰ ਜਾਣਦੇ ਸਨ, ਕਿ ਮੇਰੀਆਂ ਕਈ ਪੁਸਤਕਾਂ ਪੜ੍ਹੀਆਂ ਸਨ, ਮਿਲਨ ਵੇਲੇ ਇਨ੍ਹਾਂ ਨੈ ਵੀ ਮੈਨੂੰ ਬੜੀ ਤਰਜੀਹ ਨਾਲ ਤੇ ਸਹਾਇਕ ਹੋਣ ਦਾ ਭਰੋਸਾ ਦਿਤਾ ਤੇ ਇਸ ਉਕਤ ਇਤਿਹਾਸ ਨੂੰ ਲਿਖਣ ਦੀ ਪ੍ਰੇਰਨਾ ਕੀਤੀ ਜਦ ਮੈਂ ਉਨ੍ਹਾਂ ਤੋਂ ਰਿਹਾਨਹੀਂ ਗਿਆ ਸੀ,ਗੁਰੂ ਭਰੋਸੇ ਅਰਦਾਸਾਂ ਸੋਧ ਕੇ ਇਸ ਕਾਰਜ ਨੂੰ ਸ਼ੁਰੂ ਕਰ ਲਿਆ ਹੈ, ਤੇ ਜਿਉਂ-ਹੀ ਸਮਝਿਆ ਹੈ ਕਿ ਸੰਤਾਂ ਮਹਾਂਪੁਰਖਾਂ ਦਾ ਕਾਰਜ ਸੀ– ਤੇ ਉਸ ਕਰਨਹਾਰ ਕਰਤਾਰ ਨੈ ਮੈਨੂੰ ਕਾਰਜ ਲਈ ਚੁਣ ਲਿਆ ਹੈ, ਮੈਨੂੰ ਬੱਲ ਬੁਧੀ ਬਖਸ਼ ਕੇ ਆਪੇ ਤੋੜ ਚੜਾਇਆ ਤੇ "ਪਿੰਗਲ ਪਰਬਤ ਪਾਰ ਪਰੇ ਖਲ ਕਰੇ ਕੀਤਾ", ਵਾਲੀ ਪੂਰੱਖ ਕਲਾ ਸ਼ਕਤੀ ਵਰਤਾਈ ਹੈ। ਫਿਰ ਲਿਖਣ ਦੀ ਨਿਰਵਿਘਨਤਾ ਉਪ੍ਰੰਤ, ਇਸ ਕਰਤਾਰ ਸਿੰਘ ਸਾਹਿਬ ਅਤੇ ਉਕਤ ਸਰਦਾਰਨੀ (ਭਜਨ ਕੌਰ) ਸੰਧਾਵਾਲੀ ਜੀ ਦੀ ਖੁਲ੍ਹੇ ਦਿਲ ਨਾਲ ਦਿਤੀ ਸਹੈਤਾ ਨਾਲ ਹੀ ਛਪਕੇ ਇਹ ਪੁਸਤਕ (ਤਤਸਾਰ ਗ੍ਰੰਥ) ਦੇ ਰੂਪ ਵਿਚ ਪਾਠਕਾਂ ਹੱਥ

Scanned with CamScanner

ਆਈ ਹੈ, ਇਹ ਲਿਖਤ ੨੬ ਮਾਰਚ ਸੰਨ ੧੯੮੬, ਸੰਮਤ ਬਿਕ੍ਰਮੀ ੨੦੪੨ ਚੇਤ ਮਹੀਨੇ ਹੋਲੇ ਮਹੱਲੇ ਦਿਨ ਪੂਰਨਮਾਸ਼ੀ ਬ੍ਰਹਸਪਤਵਾਰ ਨੂੰ ਸੰਪੂਰਨ ਹੁੰਦੀ ਹੈ ਚਾਹੇ ਵਿਚ ਵਿਚਾਲੇ ਫੇਰ ਵੀ ਕਈ ਥਾਂ ਦੀ ਸੁਧਾਈ ਕਾਫ਼ੀ ਲਗਭਗ ਸਵਾ ਸਾਲ ਦੀ ਮੇਹਨਤ ਜੋ ਪਹੁਚ ਦੀ ਦੇਖਾ ਦਿਖਾਈ ਮਗਰੋਂ ਹੁਣ ਸੰਨ ੧੯੯੭ ਦੇ ਸ਼ੁਰੂ ਮਹੀਨੇ ਪ੍ਰੈਸ ਨੇ ਪ੍ਰਿੰਟਿਗ ਮੁਕਾਈ ਹੈ। ਸ੍ਰੀ ਅਕਾਲ ਪੁਰਖ ਦਾ ਧੰਨਵਾਦ ਤੇ ਭੋਰ ਸ਼ੁਕਰ ਹੈ ਕਿ ਜਿਸ ਨੇ ਸਾਨੂੰ ਬਿਰਦ ਨੂੰ ਪਾਲਿਆ, ਪਿਤਾ ਕੋ ਕਾਰਜ ਨੂੰ ਤੋੜ ਚੜਾਇਆ ਹੈ। ਨਿੰਦੀ ਸਨਿਮਰ ਅਰਦਾਸ ਹੈ ਕਿ ਜਿਸ ਨੇ ਆਪਣੇ ਜਿਨਾਂ ਸ਼ੁਭ ਆਤਮਾਵਾਂ ਨੇ ਇਸ ਸ਼ੁਭ ਕਾਰਜ ਦੇ ਕਰਨ ਨੂੰ ਪ੍ਰੇਰਨਾ ਕੀਤੀ, ਚਿਤੇ ਭਰੋਸੇ ਨੂੰ ਪੂਰੇ ਕਿ ਪਾਲਿਆ ਤੇ ਹੌਸਲਾ ਵਧਾਇਆ ਹੈ। ਗੁਰੂ ਪਾਤਸ਼ਾਹ ਆਪ ਹੀ ਉਨ੍ਹਾਂ ਦੀ ਇਸ ਸੇਵਾ ਨੂੰ ਸੁਫਲਾਏ ਅਤੇ ਦਾਸ ਲੇਖਕ ਦੀ ਕਿਸੇ ਸਹਿਜੇ ਦੀ ਭੁੱਲ ਚੁੱਕ ਨੂੰ ਬਖਸ਼ ਕੇ ਅਖੀਰ ਦਮ ਤੀਕ ਸ਼ੁਭ ਕਾਰੇ ਲਾਏ ਰਖੇ ਤੇ ਸੁਖਾਲੀ ਸਵਾਸੀ ਨਾਮ ਜਪਾ ਕੇ ਜੀਵਨ ਸੁਫਲਾ ਕਰਾਏ, ਅੰਤ ਸਹਾਈ ਹੋਵੇ (ਸੰਪੂਰਨ)

ਅੰਤਮ ਬੇਨਤੀ

ਇਸ "ਤਤ ਸਾਰ ਗ੍ਰੰਥ" ਦੇ ਸ਼ੁਰੂ ਵਿਚ ਤਤਕਰੇ ਮਗਰੋਂ ਇਹ ਦਸਿਆ ਸੀ ਕਿ ੧੯੦੦ ਸਵੇ ਤੋਂ ਵਧੀਕ ਦਾ ਇਹ "ਬੀਰ ਮ੍ਰਿਗੇਸ ਗੁਰਬਿਲਾਸ" ਕਿਉਂ ਪ੍ਰਚਲਤ ਨਹੀਂ ਹੋਇਆ। ਹਾਲਾਂ ਕਿ ੧੫੦ ਸਾਲ ਤੋਂ ਪਹਿਲੇ ਦੇ ਧਾਰਮਕ ਸਮਾਜਕ ਤੇ ਰਾਜਨੀਤਕ ਸਮਾਚਾਰ ਅੱਖੀਂ ਵੇਖੇ ਤੇ ਸੁਣੇ ਇਸ ਦੇ ਲੇਖਕ ਨੇ ਬੜੀ ਮਿਹਨਤ ਨਾਲ ਇਕਤ੍ਰ ਕੀਤੇ ਤੇ ਲਿਖੇ ਸਨ। ਕੁਝ ਉੱਤਰ ਅਸੀਂ ਪਿਛੇ ਦਿਤੇ ਹਨ, ਪਰ ਨਾਲ ਇਹ ਵੀ ਦਸਿਆ ਹੈ ਕਿ ਸ੍ਰੀ ਬਾਬਾ ਬੀਰ ਸਿੰਘ ਜੀ ਦੀ ਰਸਨਾ ਤੋਂ ਬ੍ਰਹਮ ਗਿਆਨ ਦੀ ਅਵਸਥਾ ਵਿਚ ਕੁਝ ਐਸੇ ਬਚਨ ਵੀ ਉਚਾਰਨ ਕੀਤੇ–ਪਿਛੇ ਸਫਾ ੨੧੮ ਤੋਂ ੨੨੧ ਤੀਕ ਪਾਠਕਾਂ ਨੇ ਪੜ੍ਹੇ ਜ਼ਰੂਰ ਜੋ ਸਾਧਾਰਨ ਪਾਠਕਾਂ ਪ੍ਰਤੀ ਮੰਸੇ ਉਪਜਾਊ ਹਨ। ਤੇ ਉਹ ਉੱਤਰ ਅਸੀਂ ਅਖੀਰ ਵਿਚ ਵੇਦੇ ਹਨ–ਲਿਖਿਆ ਸੀ ਇਸ ਵਾਸਤੇ ਉਹ ਮੰਸੇ ਉਪਜਾਊ ਬਚਨ ਤੇ ਉੱਤਰ ਪਿਆਰ ਨਾਲ ਪੜ੍ਹੀਏ।

ਬਾਬਾ ਬੀਰ ਸਿੰਘ ਜੀ ਨੂੰ ਉਸ ਵਕਤ ਦੇ ਉਨ੍ਹਾਂ ਦੇ ਸ਼ਰਧਾਲੂ ਬਚਨ ਸੇਵਕਾਂ ਨੇ ਜਿਵੇ ਗੁਰੂ ਵਿਸ਼ੇਸ਼ਣ ਨਾਲ ਯਾਦ ਕੀਤਾ ਹੈ – ਉਥੇ ਉਨ੍ਹਾਂ ਨੂੰ "ਸੱਚੇ ਪਾਤਸ਼ਾਹ" ਅਤੇ ਗੁਰੂ ਪਾਤਸ਼ਾਹ ਵਿਸ਼ੇਸ਼ ਨਾਲ ਵੀ ਬੁਲਾਂਦੇ ਅਤੇ ਯਾਦ ਕਰਦੇ ਰਹੇ ਸਨ। ਜੋ ਸਿੰਘ ਸਭਾ ਦੇ ਉਸ ਵਕਤ ਦੇ ਸੰਭਾਲਕਾਂ ਨੂੰ ਇਹ ਵੀ ਪਸੰਦ ਨਹੀਂ ਸੀ, ਤੇ ਇਨ੍ਹਾਂ ਨਾਲ ਸਹਿਮਤ ਸਿੱਖਾਂ ਨੂੰ ਵੀ ਚੰਗਾ ਨਹੀਂ ਭਾਸਿਆ ਸੀ ਤੇ ਇਸ ਗੁਰ ਬਿਲਾਸ ਵਿਚੋਂ ਹੋਰ ਵੱਡ ਮੁੱਲੀ ਇਤਿਹਾਸਕ ਸਮਗ੍ਰੀ ਵੀ ਪੰਥ ਦੇ ਸਾਹਮਣੇ ਨਹੀਂ ਆ ਸਕੀ। ਹਾਲਾਂ ਕਿ ਇਹ ਅੱਤ ਪਿਆਰ ਵਿਚ ਉਨ੍ਹਾਂ ਦੇ ਸ਼ਰਧਾਲੂਆਂ ਨੇ ਵਰਤਿਆ ਟੋਨਾ ਹੈ ਤੇ ਗੁਰੂ ਆਸ਼ੇ ਮੁਤਾਬਕ ਵੀ ਬਾਬਾ ਬੀਰ ਸਿੰਘ ਪ੍ਰਥਾਇ ਢੁਕਦਾ ਵਿਸ਼ੇਸ਼ਣ ਹੈ, ਗੁਰੂ ਤੁਲਮਾਨ ਹੈ।

"ਜਿਸ ਨੂੰ ਬਖਸ਼ੇ ਸਿਫਤ ਸਾਲਾਹ – ਨਾਨਕ ਪਾਤਸ਼ਾਹੀ ਪਾਤਸ਼ਾਹ" ਹਜ਼ੂਰ ਸ੍ਰੀ ਬਾਬਾ ਸਾਹਿਬ ਸਿੰਘ ਬੇਦੀ ਅਤੇ ਇਨ੍ਹਾਂ ਤੋਂ ਵਦੇਸਾਇ ਉਕਤ ਬਾਬਾ ਬੀਰ ਸਿੰਘ, ਦੱਥ ਦੀ ਸਿਫਤ ਸਲਾਹ ਵਿਚ ਰੰਗੇ ਪਏ ਅਤੇ ਇਕ ਰੂਪ ਹੋ ਚੁਕੇ ਸਨ। ਉਹ ਬ੍ਰਹਮ ਗਿਆਨੀ ਸਨ ਤੇ ਬ੍ਰਹਮ ਗਿਆਨੀ ਨੂੰ ਪਰਮੇਸਰ ਰੂਪ ਹੀ ਮੰਨਿਆ ਹੈ। ਗੁਰੂ ਅਰਜਨ ਸਾਹਿਬ ਦਾ ਫੁਰਮਾਨ ਹੈ।

"ਬ੍ਰਹਮ ਗਿਆਨੀ ਕਉ ਦੋਜਹਿ ਮਹੋਸੁਰ ॥ ਨਾਨਕ ਬ੍ਰਹਮ ਗਿਆਨੀ ਆਪ ਪਰਮੇਸਰੰ"

ਸ੍ਰੀ ਗੁਰੂ ਸਾਹਿਬ ਨੇ ਐਸੇ ਬ੍ਰਹਮ ਗਿਆਨੀ ਦੇ ਲੱਛਨ ਵੀ ਦੱਸੇ ਹਨ ਇਕ ਇਹ ਵੀ ਹੈ :

"ਬ੍ਰਹਮ ਗਿਆਨੀ ਕੈ ਧੀਰਜੁ ਏਕ ॥ ਜਿਉ ਬਸਧਾ ਕੋਊ ਦੇਉ ਕੋਊ ਚੰਦਨ ਲੇਪ (੨੭੨)

ਭਾਵ – ਬ੍ਰਹਮ ਗਿਆਨੀ, ਧੀਰਜਵਾਨ ਇਕ ਸਮਾਨ ਹੁੰਦਾ ਹੈ। ਜਿਵੇਂ ਧਰਤੀ ਨੂੰ ਕੋਈ ਦੇਵੇ ਅਥਵਾ ਚੰਦਨ ਦਾ ਚੌਕਾ ਲੇਪ ਕਰੇ। ਉਹ ਇਕ ਸਮਾਨ ਰਹਿੰਦੀ ਹੈ। ਬ੍ਰਹਮ ਗਿਆਨੀ ਆਪ ਨਿਰੰਕਾਰ ਦੀ ਕਿਰਪਾ ਦੀ ਮੂਰਤ ਹੁੰਦਾ ਹੈ। ਪਿਛਲੇ ਸਫਿਆਂ ਪਰ ਪਾਠਕਾਂ ਨੇ ਪੜ੍ਹਿਆ ਹੈ ਕਿ ਬਾਬਾ ਬੀਰ ਸਿੰਘ ਦਾ ਤੋਪ ਦੇ ਗੋਲੇ ਨਾਲ ਢੱਡਾ ਉਡ ਗਿਆ ਤੇ ਦੋ ਇੰਚ ਮਾਸ ਗੋਡੇ ਤੋਂ ਹੇਠਾਂ ਲਮਕ ਰਿਹਾ ਸੀ – ਸਾਰਾ ਸਰੀਰ ਬੰਦੂਕ ਨਾਲ ਛੱਲਾਂ ਉਡ ਗਿਆ ਤੇ ਲਹੂ ਲੁਹਾਣ ਹੋਇਆ ਪਿਆ ਸੀ ਤੇ ਪਲੰਘ ਪਰ ਬੈਠਿਆਂ ਦਾ ਮੂੰਹ ਨਾਲ ਲਹੂ ਨਾਲ ੧੭ ਗੋਲੀਆਂ ਸੁਟ ਰਹੇ ਸਨ ਪਰ ਉਹ ਅਡੋਲ ਸਨ ਤੇ ਇਕ ਗੁਰਸਿੱਖ ਚੌਰ ਬਰਦਾਰ ਜੋਧ ਸਿੰਘ ਨੂੰ ਬ੍ਰਿਧ ਚੁਲੀਆਂ ਸੁਟ ਰਹੇ ਸਨ ਪਰ ਉਹ ਅਡੋਲ ਸਨ ਤੇ ਇਕ ਗੁਰਸਿੱਖ ਚੌਰ ਬਰਦਾਰ ਜੋਧ ਸਿੰਘ ਨੂੰ ਪੁਛਿਆ – ਜੀ ਸਚੋ ਪਾਤਿਸ਼ਾਹ ! ਆਪ ਨੂੰ ਪੀੜ ਹੁੰਦੀ ਹੋਵੇਗੀ – ਤਾਂ ਬਾਬਾ ਜੀ ਨੇ ਉਸ ਦੇ ਕੱਸ ਕੇ ਮੱਥੇ ਮਾਰੀ ਤੇ ਆਖਿਆ – ਕਿਉਂ ਸਾਲਿਆ ਮੈਂ ਦੇਹ ਹਾਂ। (ਫਿਰ ਕਿਹਾ) ਉਏ ਸਾਲਿਆ ਮੈਂ ਦੇਹ ਹਾਂ ਜਿੰਮਾ ਦੀਵਾ ਕੀਤਾ ਹੈ, ਭਾਵ – ਮੈਂ ਦੇਹ ਨਹੀਂ ਹਾਂ – ਫੁਰਮਾਇਆ ਨੇ :

ਤਾਂ ਹੁਣ ਪਾਠਕ ਵਿਚਾਰਨ ਕਿ ਉਹ ਬਾਕੀ ਹੁਣ ਕੀ ਹਨ ? ਉਰਦੂ ਦੇ ਇਕ ਪ੍ਰਸਿਧ ਸ਼ਾਇਰ ਨਿਆਜ਼ ਨੇ ਦਸਿਆ ਹੈ – "ਨੀਸਤੀ ਹਸਤੀ ਹੈ ਯਾਰੋ ਔਰ ਹਸਤੀ ਕੁਛ ਨਹੀਂ

ਬੇਖੁਦੀ ਮਸਤੀ ਹੈ ਯਾਰੋ ਔਰ ਮਸਤੀ ਕੁਛ ਨਹੀਂ
ਖੌਦਗੀ ਔਰ ਹਕ ਪ੍ਰਸਤੀ ਕੁਛ ਨਾ ਹੋਨਾ ਹੈ ਨਿਆਜ਼
ਕੁਛ ਨ ਹੋਨੇ ਕੇ ਸਿਵਾ ਔਰ ਹੱਕ ਪ੍ਰਸਤੀ ਕੁਛ ਨਹੀਂ ਹੈ।"

ਐਸੀ ਬੇਖੁਦੀ ਵਿਚ ਮਸਤ ਅਨਲ ਹੱਕ ਨੂੰ ਸੂਲੀ ਤੇ ਚੜ੍ਹਾਇਆ ਗਿਆ ਕਿ ਉਹ ਕਿਉਂ ਅਪਨੇ ਨੂੰ ਅਨਲ ਹੱਕ ਦੱਸ ਰਿਹਾ ਹੈ ? ਪਰ ਉਹ ਅਨਲ ਹੱਕ (ਹੱਥ ਰੂਪ ਹੋ ਟੁਕਾ) ਅਪਨੇ ਨੂੰ ਸ੍ਰੀਰ ਨਹੀਂ ਸਮਝ ਰਿਹਾ ਸੀ – ਸੂਲੀ ਚੜ੍ਹਾ ਦਿਤਾ ਗਿਆ ਸੀ ਪਰ ਅਨਲ ਹੱਕ ਹੀ ਬੋਲਦਾ ਰਿਹਾ ਸੀ।

ਗੁਰੂ ਅਰਜਨ ਦੇਵ ਨੂੰ ਭੱਤੀ ਲੋਹ ਪਰ ਬਿਠਾਇਆ ਗਿਆ, ਉਤੋਂ ਭੱਤੀ ਦੇਤ ਅਤੇ ਹੇਠਾਂ ਤੋਂ ਤੱਤੀ ਲੋਹ ਨੂੰ ਵਧੇਰੇ ਤਪਾਇਆ ਜਾਂਦਾ ਸੀ–ਪਰ "ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥ ਨਾਨਕ ਮਾਂਗੈ" ॥ ਇਹੋ ਉਚਾਰਨ ਕਰਦੇ ਰਹੇ ਸੀ। ਆਪ ਦੀ ਇਸ ਬ੍ਰਹਮ ਗਿਆਨ ਦੀ ਅਵਸਥਾ ਵਿਚ ਵਕ਼ਤ ਰਹੀ ਗੁਰੂ ਅਰਜਨ ਜੋਤ ਨੂੰ ਜਦੋਂ ਗੁਰ ਗੱਦੀ ਪਰ ਬੈਠੇ ਦੇਖ ਕੇ 'ਮਥਰਾ ਭਟ' ਨੇ ਜੋ ਅਨੁਭਵ ਕੀਤਾ ਸੀ ਬੇਦੀ ਨਾਲ ਕਿਹਾ ਸੀ :

"ਭਨਿ ਮਥੁਰਾ ਕਛੁ ਭੇਦ ਨਹੀ ਗੁਰੂ ਅਰਜੁਨੁ ਪਰਤਖ ਹਰਿ –" ਜੋ ਸਮਾਂ ਆਏ ਪਰ ਪ੍ਰਤੱਖ ਹੀ ਵੇਖ ਦਸਿਆ ਸੀ – ਕਿ ਜਿਵੇਂ ਪਹਾੜਾਂ ਦੇ ਜੰਗਲਾਂ ਨੂੰ ਅੱਗ ਲਗੇ ਨਾਲ ਰੱਥ ਅਡੋਲ ਹੈ ਤਿਵੇਂ 'ਪਰਤਖ ਹਰ' ਗੁਰੂ ਅਰਜਨ ਦੇਵ ਨੇ ਵੀ ਪਰਤਾਏ ਦਸਿਆ ਸੀ ਉਹ ਅਡੋਲ ਹੀ ਰਹੇ ਸੀ।

ਕਬੀਰ ਸਾਹਿਬ ਪਹਿਲੇ ਕਬੀਰ ਜੁਲਾਹੇ ਹੀ ਸਨ, ਪਰ ਅੰਤਮ ਉਹ "ਬ੍ਰਹਮ ਗਿਆਨ" ਦੀ ਅਵਸਥਾ ਵਾਹਦੇ ਵੇਲੇ ਰਹਿ ਨ ਸਕੇ ਸੀ – ਫੁਰਮਾਇਆ ਨੇ :

"ਅਬ ਤਉ ਜਾਇ ਚਢੇ ਸਿੰਘਾਸਨਿ, ਮਿਲ ਹੈ ਸਾਰੰਗ ਪਾਨੀ ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥ (੬੬੬)

ਭਗਤ ਰਵਿਦਾਸ ਵੀ ਐਸੀ ਅਵਸਥਾ ਵਿਚ ਹੀ ਬੋਲੇ ਸਨ –

"ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ। ਕਨਕ ਕਟਕ ਜਲ ਤਰੰਗ ਜੈਸਾ ॥

Scanned with CamScanner

ਸ੍ਰੀ ਕ੍ਰਿਸਨ ਭਗਵਾਨ ਵੀ ਬ੍ਰਹਮ ਸਰੂਪ ਤੇ ਬ੍ਰਹਮ ਅਵਸਥਾ ਵਿਚ ਲੁਕਮਾਇਆ ਸੀ - ਹੇ ਅਰਜਨ ! ਸਰਬ ਕੁਝ ਮੈਂ ਹੀ ਹਾਂ ਇਹ ਜਗਤ ਪਸਾਰਾ ਮੇਰਾ ਹੀ ਰੂਪ ਹੈ-"ਇਹ ਕੋਈ ਹਉਮੈ ਵਾਲੀ ਗੱਲ ਨਹੀਂ ਸੀ।"

ਗੁਰੂ ਅਰਜਨ ਸਾਹਿਬ ਕਿਤਨੇ ਨਿਰਮਾਨਤਾ ਦੇ ਸਰੂਪ ਸਨ, ਪਰ ਸਹਜਡਿਗੀ ਸਲੋਕਾਂ ਵਿਚ ਬਹੁਤ ਉਚੇਰੀ ਅਤੇ ਬ੍ਰਹਮ ਗਿਆਨ ਦੀ ਅਵਸਥਾ ਵਿਚ ਐਸਾ ਹੀ ਵਰਮਾਇਆ ਹੈ :

"ਸਰਬ ਸੋਲ ਮਮੰ ਸੀਲੰ ਸਰਬ ਪਾਵਨ ਮਮ ਪਾਵਨਹਿ ॥
ਸਰਬ ਕਰਤਬ ਮਮੰ ਕਰਤਾ ਨਾਨਕ ਲੇਖ ਛੋਪ ਨ ਲਿਪਤੇ ॥" (੧੩੫੭)

ਭਾਵ – ਸਰਬ ਸੀਤਲ ਰੂਪ ਜੋ ਹੈ ਮੇਰੀ ਸੀਤਲਤਾ ਉਸੇ ਵੀ ਹੈ – ਜੋ ਸਰਬ ਤਰ੍ਹਾਂ ਤੋਂ ਸ਼ੁਧ ਪਵਿਤ੍ਰ ਹੈ। ਉਹੋ ਹੀ ਮੈਨੂੰ ਪਵਿਤ੍ਰ ਕਰਤਾ ਹੈ ਜਿਸ ਤੋਂ ਮੈਂ ਵੀ .ਸਰਬ ਪਾਵਨ ਰੂਪ ਹਾਂ –

ਉਹੀ ਸਰਬ ਕਰਤਬ ਦਾ ਕਰਤਾ ਮੇਰਾ ਵੀ ਕਰਤਾ ਹੈ ਜਿਸ ਤੋਂ ਪਾਪ ਦਾ ਲੇਪ ਛੋਪ ਮੈਨੂੰ ਨਹੀਂ ਹੈ। ਤਾਂ ਨਿਸਚਾ ਕਰਨਾ ਚਾਹੀਏ ਕਿ ਜੇਕਰ ਜਲ ਦਾ ਭਰਿਆ ਘੜਾ ਸਮੁੰਦਰ ਵਿਚ ਰਖਿਆ ਜਾਏ ਤਾਂ ਘੜੇ ਦਾ ਜਲ ਵੀ ਸਮੁੰਦਰ ਦੇ ਜਲ ਨਾਲ ਇਕੋ ਰੂਪ ਹੋ ਜਾਏਗਾ, ਘੜੇ ਦੀ ਉਪਾਧੀ ਵੀ (ਸਮੁੰਦਰ ਜਲ ਨਾਲ ਇਕੋ ਰੂਪ ਹੋਏ ਵੇਲੇ) ਬਿਅਰਥ ਜਾਪੇਗੀ। ਐਸੇ ਹੀ ਬ੍ਰਹਮ ਵਿਚ ਲੀਨ ਬ੍ਰਹਮ ਗਿਆਨੀ ਪੁਰਖ ਕਦੇ ਵਿਚ ਦ੍ਰਿਦਿਆਂ ਵੀ ਅਪਨੈ ਨੂੰ ਸਰੀਰ ਨਹੀਂ ਮੰਨਦੇ ਹਨ। ਜਦੋਂ ਨਾਮ ਸਿਮ੍ਰਨ ਬ੍ਰਹਮ ਗਿਆਨੀ ਪੁਰਖ ਅਰੋਚ ਦਾ ਉਨ੍ਹਾਂ ਨੂੰ ਸਤ੍ਰੁਰ ਚਤ੍ਰ ਜਾਂਦਾ ਅਤੇ ਆਪਣੀ ਆਤਮ ਜੋਤ ਨੂੰ ਉਹ ਪਰਮ ਜੋਤ ਵਿਚ ਅਭੇਦ ਦੇਖੀ ਸਮਝਦੇ ਹਨ ਤਾਂ ਉਹਨਾਂ ਨੂੰ ਐਸਾ ਕਹਿਣ ਵਿਚ ਕੋਈ ਪਾਪ ਦੋਸ਼ ਨਹੀਂ ਹੁੰਦਾ ਕਿ ਅਪਨੈ ਨੂੰ ਪਰਮੇਸਰ ਰੂਪ ਹੀ ਗੁਰੂ ਨਾਨਕ ਰੂਪ ਹੋ ਚੁਕਾ ਮੰਨਦੇ ਹਨ।

ਬਾਬਾ ਬੀਰ ਸਿੰਘ ਸਖਤ ਜ਼ਖਮੀ ਹੋਏ ਢੋਕੜੀ ਮਾਰ ਕੇ ਬੈਠੇ ਸਨ ਲਤ ਉਡੀ ਹੋਈ ਸੀ ਆਪ ਦਾ ਮੁਖ ਪਹਾੜ ਵਲ ਤੇ ਪਿੱਠ ਦੱਖਣ ਵਲ ਸੀ ਤਾਂ ਇਕ ਸਿਖ ਜੋ ਪਿਛਾਡੀ ਖਲੋਤਾ ਸੀ - ਹਥ ਜੋੜ ਕੇ ਉੱਚੀ ਆਵਾਜ਼ ਵਿਚ ਕਿਹਾ – "ਸਚੇ ਪਾਤਸ਼ਾਹ ਮੇਰੀ ਅਰਜ਼ ਸੁਣੋ – ਉਸ ਸਿਖ ਨੇ ਫੇਰ ਕਿਹਾ ਮੇਰੀ ਅਰਜ਼ ਸੁਣੋ – ਸਚੇ ਪਾਤਸ਼ਾਹ ਮੇਰੀ ਅਰਜ਼ ਸੁਣੋ ! ਫਿਰ ਤਿੰਨ ਚਾਰ ਸਿੱਖਾਂ ਨੇ ਅਰਦ ਕੀਤੀ - (ਭਾਈ ਮੋਹਰ ਸਿੰਘ ਕਹਿੰਦਾ) ਤਦ ਸਾਹਿਬਾਂ ਨੇ ਸਣੇ ਲਤ ਉਡੀ ਹੋਈ ਉਭਰ ਕੇ ਢੋਕੜੀ ਦੇ ਲੋ ਉਸ ਤਰਫ ਮੁਖ ਕਰ ਲਿਆ ਤੇ ਕਿਹਾ – ਸੁਣਾਓ ਭਾਈ ਸਿੱਖਾ ਤੁੰ ਕੀ ਕਹਿਣਾ ਹੈ – ਅਸੀਂ ਵੇਤੰਨ ਹਾਂ ਕਹੋ। ਤਾਂ ਉਸ ਸਿੱਖ ਆਖਿਆ – ਸਚੇ ਪਾਤਸ਼ਾਹ ਆਹ ਕੀ ਹੋਇਆ – ਮੈਨੂੰ ਨਿਸਚਾ ਹੈ – ਸ੍ਰੀ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਗੁਰੂ ਬੀਰ ਸਿੰਘ ਹੋਏ ਹੈਨ – ਖਾਲਸਾ ਪੰਥ ਪ੍ਰਗਟ ਕਰਨਗੇ ਇਹ ਕੀ ਬਾਤ ਹੋਈ ਹੈ? ਇਹਦੇ ਉੱਤਰ ਵਿਚ ਗੁਰੂ ਜੀ (ਬਾਬਾ ਬੀਰ ਸਿੰਘ ਨੇ ਕਿਹਾ – ਸੁਣ ਉਏ ਸਿੱਖਾ "ਮੈਂ ਸਨਕ ਵੇਲੇ ਦਾ ਜਾਮਨ ਸੀ ਉਸ ਵਕਤ ਨਰਕ ਵਿਚੋਂ ਕਢੇ ਸੀ ਹੁਣ ਫਿਰ ਕੁੰਭੀ ਨਰਕ ਵਿਚ ਪਾਏ ਚਲਿਆ ਹਾਂ–ਤਿੰਨ ਵਾਰੀ ਹਿੱਕ ਨੂੰ ਹੱਥ ਮਾਰਿਆ – ਤੂੰ ਮੇਰੇ ਨਾਲ ਬੇਅਦਬੀ ਕੀਤੀ ਹੈ – ਜਿਓਂ ਮੈਂ ਕਢੇ ਸੀ ਪਾਏ ਚਲਿਆ ਹਾਂ।

ਨੋਟ :- ਇਹ ਜ਼ਿਕਰ ੨੧੨ ਸਫੇ ਤੋਂ ਅਗੇ ੨੧੯ ਸਫੇ ਉਤੇ ਪਾਠਕ ਫੇਰ ਪੜ੍ਹਨ, ਕਿ ਉਹ ਇਹ ਵੀ ਕਹਿੰਦੇ ਰਹੇ ਕਿ ਅਸੀਂ ਸਭ ਤਰ੍ਹਾਂ ਸੁਖੀ ਹਾਂ ਇਕ ਅਨਿ ਨਹੀਂ ਮਿਲਦਾ, ਤਦੋਂ ਅਸੀਂ ਨਿਰੰਵਾਰ ਅਗੇ ਅਰਜ਼ ਕੀਤੀ ਤਾਂ ਹੁਕਮ ਹੋਇਆ ਮੇਰੀ ਜੋਤ ਮਾਤ ਲੋਕ ਵਿਚ ਗੁਰੂ ਨਾਨਕ ਦੇਵ ਜੀ ਦਾ ਰੂਪ (ਨਿਰੰਕਾਰ ਜੀ ਕਿਹਾ) ਮੈਂ ਹੀ ਧਾਰਨ ਕੀਤਾ ਹੈ। ਜਿਥੇ ਜਿਥੇ ਸਿੱਖਾਂ ਨੂੰ ਸਨਮ ਦਿਤਾ ਉਹੋ ਉਹੋ ਜਾ ਕੇ

ਸਭ ਸਿੱਖਾਂ ਨੂੰ ਸਨਮ ਦਿਤਾ ਹੈ। ਜਿਨ੍ਹਾਂ ਜਿਨ੍ਹਾਂ ਨੇ ਮੇਰਾ ਹੁਕਮ ਮੰਨਿਆ, ਸੇਵਾ ਕੀਤੀ – ਗੁਰੂ ਅਰਜਨ ਦੇਵ, ਗੁਰੂ ਅਮਰ ਦਾਸ, ਗੁਰੂ ਰਾਮ ਦਾਸ ਜੀ ਇਹ ਸਾਰੇ ਹੀ ਮੈਂ ਹੀ ਰੂਪ ਹੋਣਗੇ। ਮੈਂ ਗੁਰੂ ਅੰਗਦ ਦੇਵ, ਗੁਰੂ ਅਮਰ ਦਾਸ, ਗੁਰੂ ਰਾਮ ਦਾਸ ਜੀ ਹਰੀ ਰਾਏ ਜੀ, ਗੁਰੂ ਹਰੀ ਕ੍ਰਿਸ਼ਨ ਜੀ, ਮੈਂ ਗੁਰੂ ਤੇਗ ਬਹਾਦਰ ਸਾਹਿਬ ਦੇਵ, ਮੈਂ ਗੁਰੂ ਹਰਿ ਗੋਬਿੰਦ, ਸ੍ਰੀ ਹਰੀ ਰਾਏ ਜੀ, ਗੁਰੂ ਹਰੀ ਕ੍ਰਿਸ਼ਨ ਜੀ, ਮੈਂ ਗੁਰੂ ਤੇਗ ਬਹਾਦਰ ਸਾਹਿਬ ਦੇਵ, ਮੈਂ ਗੁਰੂ ਹਰਿ ਗੋਬਿੰਦ ਸਿੰਘ (ਨਿਰੰਵਾਰ ਨੇ ਕਿਹਾ ਜੀ) ਇਹ ਸਾਰੇ ਮੈਂ ਹੀ ਰੂਪ ਧਾਰੇ ਹੈਂ। ਇਨ੍ਹਾਂ ਤੋਂ ਬਿਨਾ ਹੋਰ ਜਿਤਨੇ ਸਿੱਖ ਸਾਮਾ ਧਾਰਿਆ ਸੀ ਜਾਮਨੀ ਤਾਰਨ ਵਾਸਤੇ – ਸੋ ਜਿਓਂ ਕਢੇ ਸੀ ਉਵੇ ਪਾਇ ਆਇਆ ਹੈ ਸੋ ਇਹ ਸਾਮਾ ਧਾਰਿਆ ਸੀ ਜਾਮਨੀ ਤਾਰਨ ਵਾਸਤੇ – ਸੋ ਜਿਓਂ ਕਢੇ ਸੀ ਉਵੇ ਪਾਇ ਚਲਿਆ ਹਾਂ। ਜਾਮਨ ਹਾਂ ਜਾਮਨੀ ਤਾਰ ਚਲਿਆ ਹਾਂ।

ਹੁਣ ਪਾਠਕਾਂ ਨੂੰ ਸਮਝ ਲਿਆ ਹੋਣਾਂ ਕਿ ਉਹ ਬ੍ਰਹਮ ਗਿਆਨ ਦੀ ਅਵਸਥਾ 'ਚ ਵੀ ਬੋਲੇ ਹਨ। ਜਦ ਕਿ ਦੂਰ ਵਾਲਾਂ ਅਨੁਸਾਰ ਬ੍ਰਹਮ ਗਿਆਨ ਦਾ ਸਬੂਤ ਦਿੱਤਾ ਹੈ ਪਰ ਉਹ ਸਿੱਖ ਰੂਪ ਵਿਚ ਵੀ ਐਸੀ ਹੀ ਸਥਾਵੇ ਸਨ–ਸਾਰੇ ਗੁਰੂ ਨਿਰਕਾਰ ਦਾ ਰੂਪ ਦੇਖਿ ਸਨ ਤੇ ਅਸੀਂ ਉਨ੍ਹਾਂ ਤੋਂ ਆਗਿਆ ਲੈ ਕੇ ਹੀ ਸ੍ਰਿਸ਼ਟੀ ਰਚਨਾ ਪਾਰਨ ਕੀਤਾ ਹੈ। ਕਿਤਨਾ ਅਸਚਰਜ ਹੈ।

ਇਹੋ ਜਿਹੇ ਪ੍ਰੇਮੀ ਗੁਰੂ ਸਿਖਾਂ ਦੇ ਬਚਨ, ਜੋ ਬਾਬਾ ਬੀਰ ਸਿੰਘ ਨੂੰ "ਸੱਚਾ ਪਾਤਸ਼ਾਹ" ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਨਿਸ਼ਚੇ ਕਰ ਰਹੇ ਸਨ। ਇਹੋ ਸੱਸੇ ਉਪਜਾਊ ਬਚਨ ਸਨ ਤੇ ਇਨਾਂ ਲਫਜ਼ਾਂ ਦੀ ਜਿਸ ਪੁਸਤਕ ਵਿਚ ਇਤਨੀ ਵਰਤੋਂ ਕੀਤੀ ਗਈ ਹੋਵੇ ਉਸ ਸਮੇਂ ਦੇ ਕੱਟੜ ਖਿਆਲੀਏ ਸਿਖਾਂ ਨੇ ਨਾ ਪੜ੍ਹਣਾ ਪਸੰਦ ਕੀਤਾ ਤੇ ਨਾ ਹੀ ਪ੍ਰਚਾਰਿਆ ਗਿਆ। ਕਿ ਇਹ ਗੁਰੂ ਨੰਮ ਦਾ ਪ੍ਰਚਾਰ ਹੈ ਪਰ ਗੁਰੂ ਮਹਾਰਾਜ ਦਾ ਸ੍ਰੀ ਸੁਖਮਨੀ ਸਾਹਿਬ ਵਿਚ ਹੈ ਐਸਾ ਫੁਰਮਾਨ ਹੈ–

"ਬ੍ਰਹਮ ਗਿਆਨੀ ਕੀ ਮਿਤ ਕਉਨ ਬਖਾਨੈ ॥ ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ"

ਭਾਵ ਹੇ ਮਿਤ੍ਰ ! ਜੋ ਆਤਮ ਰਸੀਏ ਨਹੀਂ ਸਨ, ਸਿਰਫ "ਖਾਲੀ ਅਸੀਂ ਚੰਗੇਗੇਆ" ਹੋਣਾ ਹੀ ਸਿੱਖੀ ਦੀ ਪ੍ਰਾਪਤੀ ਮਾਖਦੇ ਸਨ–ਉਹ ਜਾਣਦੇ ਕਿ ਬਾਬਾ ਬੀਰ ਸਿੰਘ ਤੇ ਮਹਾਰਾਜ ਸਿੰਘ ਜੈਸੀਆਂ ਕਰਣੀਆਂ ਕਰ ਕੇ ਉਹ ਪਦਵੀ ਨੂੰ ਪ੍ਰਾਪਤ ਕਰਨਾ ਹੈ, ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ ਹੈ–

ਆਤਮ ਰਸ ਜੋ ਜਾਨ ਈ, ਸੋ ਹੈ ਖਾਲਸਾ ਦੇਵ
ਪੁਭ ਮੈਂ ਮੋ ਮੈਂ -ਤਾਸ ਮੈਂ ਰੰਚਿਕ ਨਾਹੀ ਭੇਵ।

ਦੇਵ ਸੁਰੰਧ ਖਾ ਕੇ ਕਿਹਾ–ਯਾਂ ਮੈਂ ਫੇਚ ਨ ਮਿਥਿਆ ਭਾਖੀ, ਪਾਰ ਬ੍ਰਹਮ ਗੁਰੂ ਨਾਨਕ ਸਾਖੀ

ਤਾਂ ਤੇ ਪਾਠਕਾਂ ਨੂੰ ਸੱਸੇ ਰਚਿਤ ਹੋ ਕੇ ਮੰਨਣਾ ਚਾਹੀਏ ਕਿ ਉਸ ਵਕਤ ਦੇ ਪ੍ਰੇਮੀ ਗੁਰੂ ਸਿੱਖਾਂ ਨੇ ਜਿਨ੍ਹਾਂ ਹਸਤੀਆਂ ਨੂੰ (ਬਾਬਾ ਸਾਹਿਬ ਸਿੰਘ ਜੀ ਬੇਦੀ ਅਤੇ ਬਾਬਾ ਬੀਰ ਸਿੰਘ ਜੀ ਨੂੰ) ਗੁਰੂ ਹੁਕਮਾਂ ਮੁਤਾਬਕ ਜੀਵਨ ਜੀਂਦੇ ਦੇਖਿਆ ਸੀ ਤਦੋ ਇਨ੍ਹਾਂ ਨੂੰ ਪਾਤਸ਼ਾਹ ਅਤੇ ਗੁਰੂ ਸਚੇ ਪਾਤਸ਼ਾਹ ਵਿਛੋਵਣ ਕਾਲ ਸਤਿਕਾਰਿਆਂ ਸੀ ਉਨ੍ਹਾਂ ਦੀ ਸ਼ਰਧਾ ਭਾਵਨਾ ਹੀ ਉਨ੍ਹਾਂ ਪ੍ਰਬਾਵੇ ਐਸੀ ਸੀ-ਕਿ ਉਹ ਇਨ੍ਹਾਂ 'ਗੁਰੂ ਵਾਕ' ਦੇ ਪੂਰਾ ਅਤੇ ਮੰਨਣ ਵਾਲੇ ਸਨ।

"ਗੁਰੂ ਸਿਖ ਸਿਖ ਗੁਰੂ ਹੈ ਏਕੋ ਗੁਰ ਉਪਦੇਸ ਚਲਾਏ
ਰਾਮ ਨਾਮ ਮੰਤ੍ਰ ਹਿਰਦੈ ਵੈਵੇ ਨਾਨਕ ਮਿਲਨ ਸਭਾਏ (੪੪੪)

ਦੇਵ ਕਿਹਾ–ਜਿ ਸਤਿਗੁਰ ਸੇਵੈ ਆਪਣਾ ਤਿਸ ਨੂੰ ਪੂਜੈ ਸਭ ਕੋਇ
ਸਭਨਾ ਉਪਾਵਾਂ ਸਿਰਿ ਉਪਾਉ ਹੈ ਹਰਿਨਾਮ ਪ੍ਰਾਪਤ ਹੋਇ ॥ (੫੧੧)

Scanned with CamScanner

ਤਾਂ ਤੇ ਪਰਉਪਕਾਰੀ ਪੁਰਖਾਂ ਨੂੰ ਜਨਮ ਮਰਨ ਵਿਚ ਨਹੀਂ ਮੰਨਿਆ ਜਾਂਦਾ। ਉਹ 'ਜਨਮ ਮਰਨ ਦੋਹੂੰ ਮੈਂ ਨਾਹੀ ਜਨ ਪਰਉਪਕਾਰੀ ਆਏ" ਹੁੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੂੰ ਅਜਿਹੇ ਨਾਟਕ ੧੪ਵੇਂ ਅਧਿਆਇ ਵਿਚ ਦੱਸਿਆ ਹੈ ਮੈਂਨੇ ਕਈ ਜਨਮ ਹੋਏ ਥੇ-ਪਹਿਲਾ ਸਰੂਪ ਜਿਸ ਵਿਚ ਸੀ ਤੇ ਜੋ ਹੁਣ ਹੈ ਤੇ ਅਗੋਂ ਵੀ ਹੋਣਾ ਹੈ-ਉਹ ਹੀ ਜਾਣਦੇ ਸਨ, ਬਾਬਾ ਬੀਰ ਸਿੰਘ ਨੂੰ ਪਿਛਲਾ ਜਨਮ ਜਨਮ ਜਨਮ ਦਾ ਦੱਸਿਆ ਹੈ। ਉਹੀ ਜਾਣਦੇ ਹੋਣਗੇ ਅਸੀਂ ਤਾਂ ਲੇਖਕ ਵੀ ਹੈਸੀਅਤ ਵਿਚ ਤੇ ਪਾਠਕ ''ਗੁਰ ਬਿਲਾਸ ਬੀਰ ਪ੍ਰਿਥੀਸ ਵਿਚ ਅਤੇ 'ਲਿਖਤੀ ਮਿਲੀ ਪੋਥੀ ਵਿਚ ਲਿਖਿਆ ਪੜਿਆ ਹੈ, ਮੈਂਨੂੰ ਸ਼ਬਦਾਂ ਵਿਚ ਮੈਂ ਨੇ ਇਸ ਤਤਸਾਰ ਗ੍ਰੰਥ'' ਵਿਚ ਪੇਸ਼ ਕੀਤਾ ਹੈ ਜੋ ਸਚਾਈ ਭਰਪੂਰ ਹੈ ਤੇ ਮੰਨਣ ਯੋਗ ਹੈ ਕਿਉਂਕਿ ਗੁਰ ਆਸ਼ੇ ਅਨੁਸਾਰ ਹੀ ਲਿਖਿਆ ਹੈ ਅਤੇ ਮੈਸਾ ਫੁਰਮਾਨ ਵੀ ਹੈ :

ਗੁਰ ਮੁਖ ਸਚੇ ਸਬੁ ਲਿਖਹਿ ਵੀਚਾਰ ॥
ਸੋ ਜਨ ਸਚੇ ਪਾਵਹਿ ਮੋਖ ਦਵਾਰ ॥
ਸਚ ਕਾਗਦ ਕਲਮ ਮਸਵਾਣੀ ਸਚ ਲਿਖ ਸਚ ਸਮਾਵਣਿਆ ॥ (੧੨੭)

ਦ੍ਰਿੜਤਾ ਪਾਠਕਾਂ ਨੇ ਇਸ ਤਤਸਾਰ ਗ੍ਰੰਥ ਨੂੰ ਪੜ੍ਹਣ ਮਗਰੋਂ ਅਨਭਵ ਕੀਤਾ ਹੋਣਾ ਹੈ ਕਿ ਇਸ ਵਿਚ ਪੰਥ ਪ੍ਰਵਾਨ, ਸੰਤ ਖਾਲਸਾ, ਅਥਵਾ ਸੰਤ ਸਿਪਾਹੀਆਂ ਦਾ ਇਹ ਕਿਤਨਾ ਵੱਡਮੁਲਾ ਅਤੇ ਯਥਾਰਥ ਰਾਜਨੀਤਕ ਸਮਾਚਾਰਾਂ ਦਾ ਸੰਗ੍ਰਿਹ ਹੈ ਜੋ ਪੂਰੀ ਇਕ ਸਦੀ ਤੋਂ ਅਣਗੌਲਿਆ ਅਤੇ ਉਹਲੇ ਪਿਆ ਇਤਿਹਾਸ ਹੈ। ਜਿਸ ਨੂੰ ਆਪਣੀ ਜ਼ਿੰਦਗੀ ਵਿਚ ਸੰਤ ਈਸ਼ਰ ਸਿੰਘ ਜੀ ਰਾਜੇ ਸ਼ਾਹਿਬ ਵਾਲਿਆਂ ਨੇ ਕਿਤੇ ਪੜ੍ਹਿਆ ਤਾਂ ਅਪਣੇ ਵਡਿਆਂ ਦੀ ਸੰਪ੍ਰਦਾਇਕ ਰਚਨਾ ਸਮਝ ਕੇ ਇਸ ਨੂੰ ਨਵੇਂ ਰੂਪ ਵਿਚ ਲਿਖਣ ਦੀ ਥਾਂ ਦਾ ਹੀ ਉਨ੍ਹਾਂ ਨੇ ਮੇਰੇ ਨਾਲ ਜਿਕਰ ਵੀ ਕੀਤਾ ਸੀ ਪਰ ਉਹ ਤਾਂ ਇਸ ਸ਼ੁਭ ਸੰਕਲਪ ਨੂੰ ਦਿਲ ਹੀ ਦਿਲ ਵਿਚ ਲੈ ਕੇ ਗੁਰਪੁਰੀ ਜਾ ਬਿਰਾਜੇ ਸਨ ਜ਼ਰੂਰੀ ਹੈ ਕਿ ਉਹਨਾਂ ਦੀ ਆਤਮਾ ਵੀ ਹੁਣ ਪ੍ਰਸੰਨ ਹੋਵੇਗੀ।

ਆਸ ਹੈ ਕਿ ਗੁਰੂ ਪ੍ਰਮੇਸ਼ਰ ਦੇ ਪ੍ਰੀਤਵਾਨ, ਭਰਧਾਵਾਨ ਤੇ ਇਤਿਹਾਸਕ ਰੁਚੀਵਾਨਾਂ ਨੂੰ ਮੇਰੀ ਇਹ ਲਿਖਿਤ ਪ੍ਰਵਾਨ ਹੋਵੇ, ਤਾਂ ਆਪਣੇ ਸ਼ੁਭ ਵਿਚਾਰਾਂ ਦੁਆਰਾ ਜਦੋਂ ਤੀਕ ਮੇਰਾ ਸਰੀਰ ਹੈ ਆਪਣੇ ਹਥੀਂ ਲਿਖ ਕੇ ਮੇਰਾ ਹੌਸਲਾ ਵਧਾਉਂਦੇ ਅਤੇ ਧੰਨਵਾਦੀ ਬਨਾਂਦੇ ਰਹਿਣਗੇ।

ਪ੍ਰੇਮੀ ਪਾਠਕਾਂ ਪਾਸੋਂ ਭੁਲ ਚੁਕ ਵੀ ਖਿਮਾਂ ਦਾ ਜਾਚਕ ਹਾਂਕਿਉਂਕਿ ਸੰਤ ਮਹਿਮਾਂ ਭੰਮੱਤ ਹੈ ਅਤੇ ਕਹਿਣੀ ਕਠਨ ਸੀ-ਗੁਰੂ ਅਰਜਨ ਸਾਹਿਬ ਫੁਰਮਾਂਦੇ ਹਨ। ਗੁਰੂ ਜੀ ਤੋਂ ਇਹੋ ਦਾਨ ਮੰਗਦਾ ਹਾਂ-

ਨਾਨਕ ਦਾਸੁ ਇਹੈ ਸੁਖ ਮਾਂਗੈ ਮੋਕਉ ਕਰ ਸੰਤਨ ਕੀ ਧੁਰੇ ॥

ਮਹਲਾ ੫ ''ਸੰਤਨ ਕੀ ਮਹਿਮਾਂ ਕਥਨ ਵਖਾਨਉ
ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ ॥
ਪਾਰਬ੍ਰਹਮ ਮੋਹਿ ਕਿਰਪਾ ਕੀਜੈ
ਧੂਰ ਸੰਤਨ ਕੀ ਨਾਨਕ ਦੀਜੈ ॥ (੧੮੧)

ਈਸਵੀ-ਸੰਨ ੧੯੮੭, ਸੰਮਤ ੨੦੪੪
ਸੰਮਤ ਨਾਨਕਸ਼ਾਹੀ ੫੧੮
ਸੰਮਤ ਖਾਲਸਾ ੨੯੯-ਹਾੜ ਮਹੀਨਾ

ਲੇਖਕ : ਗਿਆਨੀ ਈਸ਼ਰ ਸਿੰਘ ਨਾਰਾ
੧੧/੩੨੮੭, ਦਿਲੀ ਗੇਟ ਬਾਜ਼ਾਰ,
ਨਵੀਂ ਦਿਲੀ-੨

ਲੇਖਕ ਤੇ ਪ੍ਰਕਾਸ਼ਕ



ਗਿਆਨੀ ਈਸ਼ਰ ਸਿੰਘ ਨਾਰਾ
੧੧/੩੨੮੭, ਦਿਲੀ ਗੇਟ ਬਾਜ਼ਾਰ, ਨਵੀਂ ਦਿਲੀ-੨

Scanned with CamScanner